# ਕ੍ਰਿਸ਼ਨ ਪ੍ਰਤਾਪ

# ਹਾਜ਼ਰ ਹੋ...

## Krishan Partap
## HAAZAR HO...



Krishan Partap

www.PunjabiLibrary.com

ਕ੍ਰਿਸ਼ਨ ਪ੍ਰਤਾਪ

# ਹਾਜ਼ਰ ਹੋ...

ਕ੍ਰਿਸ਼ਨ ਪ੍ਰਤਾਪ

ਪ੍ਰਕਾਸ਼ਕ
**Adbi Parwaaz Parkashan**

*Punjabi Novel*

*Krishan Partap Haazar Ho...*

*by*

*Krishan Partap*

*# 404, A-1, W-2, Jujhar Nagar,*

*Moga-142001. Pb-India*

*Ph. : 01636 238678*

*Mobile : 094174 37682*

*E-mail : kpchugawan@gmail.com*

ਰੁਪਏ:240, ਪੌਂਡ:10

ਡਾਲਰ:20 ਯੂਰੋ: 15

*Ist Edition : 2016*

*Copies : 1100*

© Author

ISBN : 978-85404-04-7

**Published by :**

**Adbi Parwaaz Parkashan**

Mansa (Punjab) -151505

Mob. 98158-45405, 95016-94798

Email:- adbiparwaaz@gmail.com

*Printed at: Asia Visions*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਕੁਸ਼ਾਸਨ ਤੇ ਭ੍ਰਿਸ਼ਟਾਚਾਰ
ਦੇ ਪੁੜਾਂ ਵਿੱਚ ਪਿਸਦੇ
ਅਤੇ
ਜ਼ੁਲਮ ਦੇ ਵਿਰੁੱਧ
ਲੜ ਰਹੇ ਹਰ
ਸੰਘਰਸ਼ਸ਼ੀਲ
ਯੋਧੇ ਦੇ
ਨਾਂ

## ਤਿਕੋਨ ਵਿੱਚ ਘਿਰੇ ਮਨੁੱਖ ਦੀ ਹੋਣੀ

# ਕ੍ਰਿਸ਼ਨ ਪ੍ਰਤਾਪ ਹਾਜ਼ਰ ਹੋ...

*ਕ੍ਰਿਸ਼ਨ ਪ੍ਰਤਾਪ ਦੀ ਨਾਵਲੀ ਕ੍ਰਿਤ 'ਕ੍ਰਿਸ਼ਨ ਪ੍ਰਤਾਪ ਹਾਜ਼ਰ ਹੋ... ' ਪੜ੍ਹਦਿਆਂ ਭਾਰਤੀ ਸਿਵਲ ਪ੍ਰਸ਼ਾਸਨ, ਪੁਲੀਸ ਪ੍ਰਸ਼ਾਸਨ ਅਤੇ ਨਿਆਂ ਪ੍ਰਣਾਲੀ ਦੀ ਅੰਦਰਲੀ ਝਲਕ ਪੂਰੀ ਤਰ੍ਹਾਂ ਵਿਖਾਈ ਦਿੰਦੀ ਹੈ।ਨਾਵਲ ਵਿੱਚ ਇਹਨਾਂ ਤਿੰਨਾਂ ਪ੍ਰਣਾਲੀਆਂ ਦੀ ਇੱਕ ਤਿਕੋਨ ਬਣਦੀ ਹੈ ਅਤੇ ਇਸ ਤਿਕੋਨ ਵਿੱਚ ਘਿਰੇ ਇੱਕ ਆਮ ਆਦਮੀ ਦੀ ਛਟਪਟਾਹਟ ਦੀ ਪੀੜ ਦਾ ਅਹਿਸਾਸ ਹੁੰਦਾ ਹੈ।ਬੇਸ਼ੱਕ ਇਹ ਨਾਵਲੀ ਕ੍ਰਿਤ ਹੱਡੀਂ ਹੰਢਾਈ ਪੀੜ ਅਤੇ ਉਸ ਦੀ ਮਹਿਸੂਸੀਆਤ ਦਾ ਹੀ ਵਰਨਣ ਪੇਸ਼ ਕੀਤਾ ਗਿਆ ਹੈ ਪਰ ਕੇਵਲ ਇਸ ਨਾਵਲ ਵਿਚਲਾ ਨਾਇਕ ਹੀ ਨਹੀਂ ਸਗੋਂ ਸਾਡੇ ਭਾਰਤੀ ਸਮਾਜ ਦਾ ਹਰੇਕ ਆਦਮੀ ਹੀ, ਜਿਹੜਾ ਜਦੋਂ ਇਸ ਘੁੰਮਣਘੇਰੀ ਵਿੱਚ ਫਸ ਜਾਂਦਾ ਹੈ ਜਾਂ ਫਸਾਅ ਲਿਆ ਜਾਂਦਾ ਹੈ, ਅਜਿਹੀ ਪੀੜ ਹੰਢਾਉਂਦਾ ਹੈ, ਜਿਹੋ ਜਿਹੀ ਇਸ ਨਾਵਲ ਦਾ ਨਾਇਕ, ਮੈਂ ਪਾਤਰ ਵਜੋਂ ਹੰਢਾਅ ਰਿਹਾ ਹੈ।ਇਹ ਇਕੱਲੇ ਪੰਜਾਬ ਜਾਂ ਭਾਰਤ ਦੀ ਹੋਣੀ ਨਹੀਂ, ਏਸ਼ੀਆਂ ਦੇ ਬਹੁਤ ਸਾਰੇ ਮੁਲਕਾਂ ਦਾ ਢਾਂਚਾ ਹੂ ਬ ਹੂ ਇਸ ਤਰ੍ਹਾਂ ਦਾ ਹੀ ਹੈ, ਜਿਸ ਤਰ੍ਹਾਂ ਦਾ ਇਸ ਨਾਵਲ ਵਿੱਚ ਚਿਤਰਿਆ ਗਿਆ ਹੈ।*

*'ਕ੍ਰਿਸ਼ਨ ਪ੍ਰਤਾਪ ਹਾਜ਼ਰ ਹੋ...' ਵਿੱਚ ਦੋ ਧਿਰਾਂ ਦੀ ਆਪਸੀ ਸਿੱਧੀ ਟੱਕਰ ਹੈ।ਇੱਕ ਸਰਕਾਰੀ ਤੰਤਰ ਦੀ ਸ਼ਹਿ ਪ੍ਰਾਪਤ ਸ਼ੋਸ਼ਨਕਾਰੀ ਧਿਰ ਹੈ ਅਤੇ ਦੂਜੀ ਸ਼ੋਸ਼ਤ ਧਿਰ ਹੈ, ਜਿਸ ਦੇ ਨਾਲ ਲੋਕ ਧਰਮ ਨੂੰ ਪ੍ਰਣਾਈਆਂ ਜਥੇਬੰਦੀਆਂ ਇੱਕਜੁੱਟ ਹੋ ਕੇ ਖੜ੍ਹੀਆਂ ਹੋਈਆਂ ਹਨ ਅਤੇ ਅਖੀਰ ਤੱਕ ਪੂਰੀ ਮੁਸਤੈਦੀ ਨਾਲ ਸਾਥ ਦਿੰਦੀਆਂ ਹਨ।ਹਨੇਰੇ ਅਤੇ ਚਾਨਣ ਦਾ ਝਗੜਾ ਹੈ, ਅਸਲ ਲੜਾਈ ਝੂਠ ਅਤੇ ਸੱਚ ਵਿਚਲੇ ਨਿਤਾਰੇ ਦੀ ਹੈ।*

*ਇਸ ਨਾਵਲ ਵਿਚਲੇ ਕਬਜ਼ਾਕਾਰੀ ਧਾਰਨਾ ਦੇ ਖਲਨਾਇਕ ਪਾਤਰ ਆਪਣੀ ਬਦਮਾਸ਼ੀ ਅਤੇ ਧੌਂਸ ਦੇਣ ਵਾਲੀ ਮਾਨਸਿਕਤਾ ਅਤੇ ਸਰਕਾਰੀ ਤੰਤਰ ਦੀ ਸ਼ਹਿ ਦੇ ਸਿਰ 'ਤੇ ਨਾਇਕ ਦੇ ਮੁੱਲ ਖ਼ਰੀਦੇ ਮਕਾਨ ਦੀ ਰਜਿਸਟਰੀ ਵਿਚਲੀ ਪੈਮਾਇਸ਼ ਅਨੁਸਾਰ ਉਸ ਨੂੰ ਆਪਣੇ ਮਕਾਨ ਵਾਲੀ ਪੂਰੀ ਜਗ੍ਹਾ 'ਤੇ ਕਾਬਜ਼ ਨਹੀਂ ਹੋਣ ਦੇਣਾ ਚਾਹੁੰਦੇ ਜਦੋਂ ਕਿ ਉਹਨਾਂ 'ਚੋਂ ਇੱਕ ਨੇ ਆਪ ਸਰਕਾਰੀ ਗਲੀ ਉੱਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਦੂਜਾ ਸਰਕਾਰੀ ਗੱਡੀ ਦੀ ਵਰਤੋਂ ਨਿੱਜੀ ਹਿੱਤਾਂ ਵਾਸਤੇ ਕਰਦਾ ਹੈ।ਹੋਰ ਤਾਂ ਹੋਰ ਇਸ ਮਾਮਲੇ ਵਿੱਚ ਪੁਲੀਸ ਵੀ ਠੀਕ ਧਿਰ ਦੀ ਸਹਾਇਤਾ ਜਾਂ ਨਿਆਂ ਕਰਨ ਦੀ ਥਾਂ ਮੂਲੋਂ ਹੀ ਗ਼ਲਤ ਧਿਰ ਦੀ ਮੱਦਦ ਠੋਕ ਵਜਾਅ ਕੇ ਕਰਦੀ ਹੈ ਜਦੋਂ ਕਿ ਪੁਲੀਸ ਅਧਿਕਾਰੀਆਂ ਨੂੰ ਸਬੂਤਾਂ ਅਤੇ ਸਥਿੱਤੀ ਅਨੁਸਾਰ ਭਲੀ ਭਾਂਤ ਪਤਾ ਹੈ ਕਿ ਮਕਾਨ ਦਾ ਖ਼ਰੀਦਦਾਰ ਠੀਕ ਹੈ ਤੇ ਦੂਜੀ ਧਿਰ ਬਿਲਕੁੱਲ ਗ਼ਲਤ ਹੈ।ਉਹ ਲੋਕ ਸੇਵਕ ਹੋਣ ਦੀ ਥਾਂ ਹੈਂਕੜਬਾਜ਼ੀ ਵਿਖਾਉਂਦੇ ਹੋਏ ਪੱਖ-ਪੂਰਕ ਹੋਣ ਦਾ ਮੁਜ਼ਾਹਰਾ ਕਰਦੇ ਹਨ।ਇਸ ਨਾਵਲ ਵਿੱਚ ਪੁਲੀਸ ਦੀ ਕਾਰਜਸ਼ੈਲੀ ਦੇ ਅੰਦਰਲੇ ਕੋਹਜ ਨੂੰ ਪੂਰੀ ਤਰ੍ਹਾਂ ਰੂਪਮਾਨ ਕੀਤਾ ਹੋਇਆ ਹੈ ਕਿ ਕਿਵੇਂ ਇਹ ਮਹਿਕਮਾ*

ਆਪਣੇ ਛੋਟੇ ਅਤੇ ਅਸੂਲੀ ਤੌਰ 'ਤੇ ਗ਼ਲਤ ਮੁਲਾਜ਼ਮ ਦੀ ਨਿੱਕੇ ਤੋਂ ਲੈ ਕੇ ਵੱਡੇ ਅਧਿਕਾਰੀ ਤੱਕ, ਗ਼ਲਤ ਢੰਗ ਵਰਤ ਕੇ ਵੀ ਮੱਦਦ ਕਰਦਾ ਹੈ। ਇਸ ਵਿੱਚੋਂ ਪੁਲੀਸ ਦਾ ਸਮੁੱਚਾ ਵਿਹਾਰ ਤੇ ਕਿਰਦਾਰ ਦ੍ਰਿਸ਼ਟੀਗੋਚਰ ਹੁੰਦਾ ਹੈ।

ਨਾਵਲ ਦਾ ਪਾਠ ਕਰਦਿਆਂ ਭ੍ਰਿਸ਼ਟਾਚਾਰ, ਨੈਤਿਕ ਕਦਰਾਂ ਕੀਮਤਾਂ ਦੀ ਹਾਨੀ, ਠੱਗ ਮਾਨਸਿਕਤਾ, ਲੁੱਟ-ਖਸੁੱਟ, ਭਾਈ ਭਤੀਜਾਵਾਦ ਆਦਿ ਦੇ ਕਰੂਰ ਅਤੇ ਭਰਪੂਰ ਦਰਸ਼ਨ ਹੁੰਦੇ ਹਨ। ਪਰ ਸੰਤੋਸ਼ ਦੇਣ ਵਾਲੀ ਗੱਲ ਇਹ ਹੈ ਕਿ ਸੱਚੀ ਧਿਰ ਹਾਰ ਨਹੀਂ ਮੰਨਦੀ। ਉਹ ਲੜਾਈ ਜਾਰੀ ਰੱਖਦੀ ਹੈ ਬੇਸ਼ੱਕ ਉਸ ਨੂੰ ਬਹੁਤ ਹੀ ਮਾਨਸਿਕ ਤਸੀਹਾ ਭੋਗਣਾ ਪੈਂਦਾ ਹੈ ਅਤੇ ਆਰਥਿਕ ਨੁਕਸਾਨ ਦੇ ਨਾਲ ਨਾਲ ਵਕਤ ਦੀ ਬਰਬਾਦੀ ਵੀ ਸਹਿਣੀ ਪੈਂਦੀ ਹੈ। ਇੱਕ ਵੇਲ਼ੇ ਤਾਂ ਦੁਖੀ ਹੋਏ ਨਾਇਕ ਦੀ ਮਾਨਸਿਕਤਾ ਇੱਥੋਂ ਤੱਕ ਵਿਗੜ ਜਾਂਦੀ ਹੈ ਕਿ ਉਹ ਆਤਮ-ਹੱਤਿਆ ਕਰਨ ਬਾਰੇ ਵੀ ਸੋਚਣ ਲੱਗ ਪੈਂਦਾ ਹੈ। ਲੋਕ ਪੱਖੀ ਸ਼ਕਤੀ, ਜਥੇਬੰਦਕ ਤੌਰ 'ਤੇ ਸ਼ੋਸ਼ਤ ਧਿਰ ਦਾ ਡਟ ਕੇ ਸਾਥ ਦਿੰਦੀ ਹੈ। ਇਹ ਸ਼ਕਤੀ ਭ੍ਰਿਸ਼ਟ ਅਧਿਕਾਰੀਆਂ ਨਾਲ ਸਿੱਧੇ ਤੌਰ 'ਤੇ ਖਾੜਕੂ ਟੱਕਰ ਲੈਂਦੀ ਹੈ ਅਤੇ ਅਧਿਕਾਰੀਆਂ ਨੂੰ ਇਸ ਮਾਮਲੇ ਦੇ ਸਬੰਧ ਵਿੱਚ ਮਿਲਣ ਵੇਲੇ, ਗੱਲਬਾਤ ਦੌਰਾਨ ਮੂੰਹ 'ਤੇ ਖਰੀਆਂ ਖਰੀਆਂ ਸੁਣਾਉਂਦੀ ਹੈ। ਇਹ ਧਿਰ ਨਾਇਕ ਨੂੰ ਉਸ ਦੇ ਰਹਿਮੋ ਕਰਮ 'ਤੇ ਇਕੱਲਾ ਨਹੀਂ ਛੱਡਦੀ ਸਗੋਂ ਉਸ ਦਾ ਹਰੇਕ ਥਾਂ 'ਤੇ ਪੂਰਾ ਗੱਜਵੱਜ ਕੇ ਸਾਥ ਦਿੰਦੀ ਹੈ। ਇਸ ਧਿਰ ਦਾ ਸਾਥ ਨਾਇਕ ਨੂੰ ਬਲ ਪ੍ਰਦਾਨ ਕਰਦਾ ਹੈ।

ਜੇ ਕਰ ਇਸ ਇਕਹਿਰੀ ਜਿਹੀ ਬੁਣਤਰ ਵਾਲੀ ਕਹਾਣੀ ਨੂੰ ਵੱਡੇ ਚੌਖਟੇ ਵਿੱਚ ਰੱਖ ਕੇ ਵੇਖਿਆ ਜਾਵੇ ਤਾਂ ਸਮੁੱਚੀ ਸ਼ੋਸ਼ਤ ਧਿਰ ਵਾਸਤੇ ਇਹ ਇੱਕ ਬਹੁਤ ਹੀ ਵੱਡਾ ਸੁਨੇਹਾ ਸਿਰਜਦੀ ਹੈ। ਇਸ 'ਚੋਂ ਜ਼ਾਲਮ ਅਤੇ ਭ੍ਰਿਸ਼ਟ ਅਧਿਕਾਰੀਆਂ ਵਿਰੁੱਧ ਆਵਾਜ਼ ਉਠਾਉਣ ਦੀ ਚੇਤਨਾ ਅਤੇ ਪ੍ਰੇਰਨਾ ਮਿਲਦੀ ਹੈ ਅਤੇ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਭ੍ਰਿਸ਼ਟ ਅਧਿਕਾਰੀਆਂ ਦੀਆਂ ਜੜ੍ਹਾਂ ਬਹੁਤੀਆਂ ਡੂੰਘੀਆਂ ਨਹੀਂ ਹੁੰਦੀਆਂ ਸਗੋਂ ਇਹ ਤਾਂ ਠੀਕਰੇ 'ਚ ਹੀ ਲੱਗੀਆਂ ਹੋਈਆਂ ਹੁੰਦੀਆਂ ਹਨ। ਲੋਕ ਸ਼ਕਤੀ ਜਦੋਂ ਚਾਹੇ ਇਹਨਾਂ ਨੂੰ ਪੁੱਟ ਕੇ ਪਰ੍ਹੇ ਵਗ੍ਹਾਹ ਮਾਰ ਸਕਦੀ ਹੈ। ਇਸ ਵਿੱਚ ਚਿੱਟੇ ਚਾਨਣ ਵਰਗੀ ਧਾਰਨਾ ਨੂੰ ਹੋਰ ਬਲ ਮਿਲਦਾ ਹੈ ਕਿ ਬੇਸ਼ੱਕ ਪ੍ਰਸਥਿੱਤੀਆਂ ਕਿੰਨ੍ਹੀਆਂ ਵੀ ਬਦਤਰ ਹੋ ਜਾਣ, ਜਿੱਤ ਹਮੇਸ਼ਾਂ ਸੱਚ ਦੀ ਹੁੰਦੀ ਹੈ।

ਇਸ ਤੋਂ ਅੱਗੇ ਸਿਵਲ ਪ੍ਰਸ਼ਾਸ਼ਨ ਅਤੇ ਅਦਾਲਤਾਂ ਵਿੱਚ ਜ਼ਲਾਲਤ ਦਾ ਅਹਿਸਾਸ ਕਰਵਾਉਣ ਦਾ ਸਪਸ਼ਟ ਤੌਰ 'ਤੇ ਭਰਪੂਰ ਵਰਨਣ ਮਿਲਦਾ ਹੈ ਕਿ ਜਿਹੜਾ ਮਸਲਾ ਪੰਚਾਇਤੀ ਤੌਰ 'ਤੇ ਚੁਟਕੀ ਮਾਰ ਕੇ ਹੱਲ ਕੀਤਾ ਜਾ ਸਕਦਾ ਹੈ ਉਸ ਨੂੰ ਸਿਵਲ ਪ੍ਰਸ਼ਾਸ਼ਨ ਜਾਂ ਅਦਾਲਤ ਵੱਲੋਂ ਕਾਨੂੰਨੀ ਚੱਕਰ ਵਿੱਚ ਉਲਝਾਅ ਕੇ, ਉਸ ਨੂੰ ਹੱਲ ਕਰਨ ਦੀ ਥਾਂ ਸਗੋਂ ਪੇਚੀਦਾ ਬਣਾ ਦਿੱਤਾ ਜਾਂਦਾ ਹੈ। ਇਕ ਮਾਮੂਲੀ ਮਾਮਲੇ ਦੇ ਚੱਕਰ ਵਿੱਚ ਆਦਮੀ ਸਾਲਾਂ ਬੱਧੀ ਅਦਾਲਤਾਂ ਦੇ ਗੇੜੇ ਕੱਢਦਾ ਰਹਿੰਦਾ ਹੈ। ਇਸ ਨਾਵਲ ਦੇ ਘਟਨਾਕ੍ਰਮ ਵਿੱਚੋਂ ਵਕੀਲ ਭਾਈਚਾਰੇ ਦੀ ਸੌੜੀ ਮਾਨਸਿਕਤਾ ਵੀ ਜ਼ਾਹਰ ਹੁੰਦੀ ਹੈ ਕਿ ਉਹ ਗਿਣੀ ਮਿਥੀ ਸੋਚ ਅਤੇ ਲੁਕਵੀਂ ਵਿਧੀ ਅਨੁਸਾਰ ਛੇਤੀ ਕੀਤੇ ਕਿਸੇ ਮੁਕੱਦਮੇ ਨੂੰ ਹੱਲ ਨਹੀਂ ਹੋਣ ਦੇਣਾ ਚਾਹੁੰਦੇ। ਉਹਨਾਂ ਦੀ ਸਮੂਹਿਕ

*ਸੋਚ ਹੈ ਕਿ ਜੇ ਕਰ ਮੁਕੱਦਮੇ ਪਹਿਲੇ ਹੱਲੇ ਹੀ ਹੱਲ ਹੋ ਗਏ ਤਾਂ ਉਹਨਾਂ ਦੀ ਦਾਲ ਰੋਟੀ ਕਿਵੇਂ ਚੱਲੇਗੀ ?*

*ਪਰ ਇਸ ਨਾਵਲ ਵਿੱਚ 'ਕੋਈ ਹਰਾ ਬੂਟ ਰਹੀਓ ਰੀ' ਵਾਲੀ ਮਿਸਾਲ ਵੀ ਬੜੇ ਪ੍ਰਬਲ ਰੂਪ 'ਚ ਮਿਲਦੀ ਹੈ। ਇਸ ਕਹਾਣੀ ਵਿਚਲਾ ਇੱਕ ਪਾਤਰ, ਪੁਲੀਸ ਪ੍ਰਸ਼ਾਸ਼ਨ ਦਾ ਅਹਿਮ ਅੰਗ ਹੁੰਦਾ ਹੋਇਆ ਵੀ ਬਹੁਤ ਹੀ ਦਿਆਨਤਦਾਰ ਇਨਸਾਨ ਹੈ। ਉਸ ਨੂੰ ਮਾਮਲੇ ਦੀ ਸਚਾਈ ਬਾਰੇ ਪੂਰੀ ਤਰ੍ਹਾਂ ਪਤਾ ਹੈ। ਉਹ ਇਸ ਸ਼ੋਸ਼ਤ ਪਰਿਵਾਰ ਬਾਰੇ ਵੀ ਨਿੱਜੀ ਤੌਰ 'ਤੇ ਸਾਰੀ ਜਾਣਕਾਰੀ ਇਕੱਠੀ ਕਰ ਲੈਂਦਾ ਹੈ। ਉਹ ਪੁਲੀਸ ਮਹਿਕਮੇ ਦੀਆਂ ਅੰਦਰਲੀਆਂ ਘੁਣਤਰਾਂ ਤੇ ਕੀਤੀਆਂ ਜਾਣ ਵਾਲੀਆਂ ਹੁੱਜਤਾਂ ਬਾਰੇ ਵੀ ਚੰਗੀ ਤਰ੍ਹਾਂ ਜਾਣਦਾ ਹੈ। ਉਹ ਸ਼ੋਸ਼ਤ ਧਿਰ ਦਾ ਸਿੱਧਾ ਸਾਥ ਦੇਣਾ ਚਾਹੁੰਦਾ ਹੈ ਪਰ ਉਹ ਮਹਿਕਮੇ ਵਿੱਚ ਹੋਣ ਕਰ ਕੇ ਮਜਬੂਰ ਹੈ। ਬੇਸ਼ੱਕ ਉਹ ਇੱਕ ਧਿਰ ਬਣ ਕੇ ਸ਼ੋਸ਼ਤ ਧਿਰ ਦਾ ਸਿੱਧਾ ਸਾਥ ਨਹੀਂ ਦੇ ਸਕਦਾ ਪਰ ਇਸ ਮਹਿਕਮੇ ਵਿਚਲੀ ਕਾਰਜ ਪ੍ਰਣਾਲੀ ਨੂੰ ਰੱਜ ਕੇ ਕੋਸਦਾ ਹੈ ਅਤੇ ਲੁਕਵੇਂ ਢੰਗ ਨਾਲ ਅੰਦਰਲੀਆਂ ਗੱਲਾਂ ਦੀ ਜਾਣਕਾਰੀ ਅਤੇ ਬੜੇ ਹੀ ਕੰਮ ਆਉਣ ਵਾਲੇ ਸਬੂਤ ਵੀ ਇਸ ਧਿਰ ਨੂੰ ਮੁਹੱਈਆ ਕਰਦਾ ਰਹਿੰਦਾ ਹੈ। ਇਸੇ ਤਰ੍ਹਾਂ ਕਾਮਰੇਡ ਵਕੀਲ ਵੀ ਵਕੀਲ ਬਣ ਕੇ ਮੁਕੱਦਮਾ ਲੜਨ ਦੀ ਥਾਂ ਬੰਦਾ ਬਣ ਕੇ ਲੜਾਈ ਜਾਰੀ ਜਾਰੀ ਰੱਖਦਾ ਹੈ। ਅਜਿਹੇ ਚੰਗੇ ਬੰਦਿਆਂ ਅਤੇ ਲੋਕ ਸ਼ਕਤੀ ਦੇ ਬਲ ਅੱਗੇ ਝੂਠ ਹਾਰਦਾ ਹੈ ਅਤੇ ਸਚਾਈ ਦੀ ਜਿੱਤ ਹੁੰਦੀ ਹੈ।*

*ਜਿਹੜਾ ਵਿਸ਼ਾ ਕ੍ਰਿਸ਼ਨ ਪ੍ਰਤਾਪ ਨੇ ਆਪਣੇ ਨਾਵਲ ਵਿੱਚ ਛੋਹਿਆ ਹੈ, ਬੇਸ਼ੱਕ ਇਸ ਉੱਪਰ ਲਿਖਿਆ ਤਾਂ ਗਿਆ ਹੈ ਪਰ ਬਹੁਤਾ ਨਹੀਂ ਲਿਖਿਆ ਗਿਆ। ਲੇਖਕ ਨੇ ਇਸ ਨਾਵਲ ਵਿਚਲੀ ਕਹਾਣੀ ਨੂੰ ਇੱਕ ਵੱਖਰੇ ਕੋਨ ਤੋਂ ਪੇਸ਼ ਕੀਤਾ ਹੈ। ਇਸ ਮਾਮਲੇ ਵਿੱਚ ਨਿੱਜੀ ਸ਼ਮੂਲੀਅਤ ਹੋਣ ਕਰ ਕੇ ਇਸ ਨੇ ਸਿਵਲ ਅਤੇ ਪੁਲੀਸ ਪ੍ਰਸ਼ਾਸ਼ਨ ਅਤੇ ਅਦਾਲਤ ਵਿਚਲੇ ਢਾਂਚੇ ਦਾ ਖੂਬਸੂਰਤੀ ਨਾਲ ਬਿਆਨ ਕੀਤਾ ਹੈ। ਬੇਸ਼ੱਕ ਕ੍ਰਿਸ਼ਨ ਪ੍ਰਤਾਪ ਅਜੇ ਨਵਾਂ ਲੇਖਕ ਹੈ ਪਰ ਉਸ ਦੀ ਕਹਾਣੀ ਦਾ ਕਥਾਨਕ, ਗੋਂਦ, ਭਾਸ਼ਾ, ਵਾਰਤਾਲਾਪ ਅਤੇ ਸ਼ੈਲੀ ਨੂੰ ਵੇਖ ਕੇ ਉਸ ਵਿੱਚੋਂ ਪ੍ਰੌੜ ਲੇਖਕ ਹੋਣ ਦੀ ਝਲਕ ਵਿਖਾਈ ਦਿੰਦੀ ਹੈ। ਪੂਰੇ ਸੰਘਰਸ਼ 'ਚੋਂ ਲੰਘਦਿਆਂ, ਸਮੱਸਿਆਵਾਂ ਨਾਲ ਦੋ ਚਾਰ ਹੁੰਦਿਆਂ ਤੇ ਆਖਰ ਜਿੱਤ ਪ੍ਰਾਪਤ ਕਰ ਕੇ ਇਸ ਨਾਵਲ ਦਾ ਨਾਇਕ ਪਾਓਲੋ ਕੋਲਹੋ ਦੇ ਨਾਵਲ 'ਸੁਪਨਸਾਜ਼' ਦੇ ਨਾਇਕ ਵਰਗਾ ਹੋ ਨਿੱਬੜਦਾ ਹੈ। ਕ੍ਰਿਸ਼ਨ ਪ੍ਰਤਾਪ ਇੱਕ ਸਫ਼ਲ ਕ੍ਰਿਤ ਦੇਣ ਵਾਸਤੇ ਮੁਬਾਰਕ ਦਾ ਹੱਕਦਾਰ ਹੈ। ਪੰਜਾਬੀ ਸਾਹਿਤ ਜਗਤ ਵਿੱਚ ਮੈਂ ਇਸ ਨਾਵਲ ਨੂੰ ਜੀ ਆਇਆਂ ਆਖਦਾ ਹਾਂ ਅਤੇ ਉਸ ਤੋਂ ਹੋਰ ਚੰਗੇਰੀਆਂ, ਵਡੇਰੀਆਂ ਤੇ ਮੁੱਲਵਾਨ ਕ੍ਰਿਤਾਂ ਦੀ ਉਮੀਦ ਕਰਦਾ ਹਾਂ।*

**ਅਮਰ 'ਸੂਫ਼ੀ'**

# ਏ-1, ਜੁਝਾਰ ਨਗਰ, ਮੋਗਾ-142001.

ਸੰਪਰਕ : 098555 43660.

ਪਹਿਲੀ ਜਨਵਰੀ 2016

# ਇੱਕ

ਅਜੇ ਕੱਲ੍ਹ-ਪਰਸੋਂ ਦੀ ਹੀ ਤਾਂ ਗੱਲ ਹੈ ਜਦ ਅਸੀਂ ਪਿੰਡ ਛੱਡ ਕੇ ਸ਼ਹਿਰ ਆ ਡੇਰਾ ਲਾਇਆ ਸੀ। ਪਿੰਡ ਦਾ ਵੱਡਾ ਸਾਰਾ ਘਰ ਛੱਡ ਕੇ ਜਦ ਸ਼ਹਿਰ ਵਿਚਲੇ ਪੰਜ ਕੁ ਮਰਲੇ ਦੇ ਦੋ ਛੱਤੇ ਮਕਾਨ ਵਿੱਚ ਆਏ ਸਾਂ ਤਾਂ ਇਹ ਛੋਟਾ ਜਿਹਾ ਮਕਾਨ ਵੀ ਬੜਾ ਵੱਡਾ ਅਤੇ ਖੁੱਲ੍ਹਾ-ਖੁੱਲ੍ਹਾ ਲੱਗਦਾ ਸੀ। ਸ਼ਾਇਦ ਪਿੰਡ ਛੱਡ ਦੇਣ ਦੇ ਹੇਰਵੇ ਕਰਕੇ ਹੀ ਇਹ ਘਰ ਖਾਲੀ-ਖਾਲੀ ਤੇ ਸੁੰਨਾ-ਮ-ਸੁੰਨਾ ਵੀ ਲੱਗਣ ਪੈਂਦਾ ਸੀ।

ਜੇ ਵੇਲ਼ਾ ਚੰਗਾ ਹੋਵੇ ਤਾਂ ਇਹ ਏਨੀ ਛੇਤੀ ਬੀਤ ਜਾਂਦਾ ਹੈ ਕਿ ਪਤਾ ਹੀ ਨਹੀਂ ਲੱਗਦਾ। ਮੇਰੇ ਦੋਵੇਂ ਭਰਾਵਾਂ ਦੇ ਵਿਆਹ ਤੋਂ ਬਾਅਦ ਬੱਚੇ ਵੀ ਹੋ ਗਏ ਸਨ। ਉਸ ਪਿੱਛੋਂ ਮੇਰੀ ਵਾਰੀ ਵੀ ਛੇਤੀ ਹੀ ਆ ਗਈ ਤੇ ਮੈਨੂੰ ਵੀ ਵਿਆਹ ਵਾਲੀ ਨੱਥ ਪੈ ਗਈ। ਹੁਣ ਪਰਿਵਾਰ ਤੇ ਘਰ ਵਿੱਚ ਕਾਫ਼ੀ ਚਹਿਲ-ਪਹਿਲ ਰਹਿਣ ਲੱਗ ਪਈ ਸੀ।

ਹੌਲ਼ੀ-ਹੌਲ਼ੀ ਸਾਨੂੰ ਆਪਣਾ ਇਹ ਘਰ ਭੀੜਾ-ਭੀੜਾ ਜਿਹਾ ਲੱਗਣ ਲੱਗ ਪਿਆ ਤਾਂ ਅਸੀਂ ਤਿੰਨਾਂ ਭਰਾਵਾਂ ਨੇ ਸੋਚ ਵਿਚਾਰ ਕੀਤੀ ਕਿ ਕਿਉਂ ਨਾ ਕੋਈ ਵੱਡਾ ਮਕਾਨ ਖ਼ਰੀਦ ਲਿਆ ਜਾਵੇ। ਫਿਰ ਇੱਕ ਸਲਾਹ ਬਣਦੀ ਕਿ ਜੇ ਆਪਣੇ ਵਿੱਚੋਂ ਕੋਈ ਇੱਕ ਜਣਾ ਵੱਖਰਾ ਮਕਾਨ ਬਣਾਅ ਲਵੇ ਤਾਂ ਸਮੱਸਿਆ ਹੱਲ ਹੋ ਸਕਦੀ ਹੈ। ਪਰ ਕੋਈ ਵੀ ਇਸ ਜੱਦੀ ਵਰਗੇ ਘਰ ਨੂੰ ਛੱਡਣ ਲਈ ਤਿਆਰ ਨਹੀਂ ਸੀ।

ਸਿਆਣੇ ਆਖਦੇ ਨੇ ਕਿ ਜਿੱਥੇ ਚਾਰ ਭਾਂਡੇ ਹੋਣਗੇ ਤਾਂ ਉਹ ਖੜਕਣਗੇ ਵੀ ਜ਼ਰੂਰ। ਘਰ ਵਿੱਚ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਤਣਾਅ ਹੋਣਾ ਸ਼ੁਰੂ ਹੋ ਗਿਆ ਸੀ ਪਰ ਇਹ ਤਣਾਅ ਗਲੀ ਤੱਕ ਨਹੀਂ ਸੀ ਆਇਆ। ਸਾਰੇ ਜਣੇ ਹੀ ਪੜ੍ਹੇ ਲਿਖੇ ਸਨ ਅਤੇ ਸਮਝ ਵੀ ਗਏ ਸਨ ਕਿ 'ਭਾਂਡੇ ਖੜਕਣ' ਦੀ ਸਮੱਸਿਆ ਦਾ ਮੂਲ ਕਾਰਨ ਇੱਕ ਛੋਟੇ ਜਿਹੇ ਘਰ ਵਿੱਚ ਲੋੜ ਨਾਲੋਂ ਵੱਧ ਰਹਿੰਦੇ ਜੀਅ ਹੀ ਹਨ।

ਕੁਝ ਕੁ ਮਹੀਨਿਆਂ 'ਚ ਹੀ ਮੇਰੇ ਵੱਡੇ ਭਰਾ ਯਾਦਵਿੰਦਰ ਅਤੇ ਫਿਰ ਵਿਚਕਾਰਲੇ ਕੰਵਲਦੀਪ ਨੇ ਜਗ੍ਹਾ ਮੁੱਲ ਖਰੀਦ ਕੇ ਆਪਣਾ-ਆਪਣਾ ਘਰ ਉਸਾਰ ਲਿਆ। ਸਾਨੂੰ ਤਿੰਨਾਂ ਭਰਾਵਾਂ ਨੂੰ ਸਭ ਤੋਂ ਵੱਧ ਖੁਸ਼ੀ ਇਸ ਗੱਲ ਦੀ ਸੀ ਕਿ ਅਸੀਂ ਆਪਸ ਵਿੱਚ ਖੜਕਦੇ ਭਾਂਡਿਆਂ ਨੂੰ ਟੁੱਟਣ ਦੇਣਾ ਤਾਂ ਦੂਰ ਦੀ ਗੱਲ ਉਹਨਾਂ ਨੂੰ ਚਿੱਬ ਵੀ ਨਹੀਂ ਸੀ ਪੈਣ ਦਿੱਤਾ। ਮੈਨੂੰ ਅਜੇ ਵੀ ਪੂਰੀ ਤਰ੍ਹਾਂ ਯਾਦ ਹੈ ਕਿ ਜਦ ਮੇਰੇ ਦੋਵੇਂ ਭਰਾ ਸਾਨੂੰ ਛੱਡ, ਆਪੋ-ਆਪਣੇ ਮਕਾਨਾਂ ਵਿੱਚ ਜਾਣ ਲੱਗੇ ਸਨ ਤਾਂ ਅਸੀਂ ਇੱਕ ਦੂਜੇ ਦੇ ਗਲ ਲੱਗ ਕੇ ਕਿੰਨਾ ਹੀ ਚਿਰ ਰੋਂਦੇ

ਰਹੇ ਸਾਂ। ਇਹਨਾਂ ਯਾਦਾਂ ਬਾਰੇ ਸੋਚ ਕੇ ਅੱਜ ਵੀ ਮੈਂ ਕਈ ਵਾਰ ਜ਼ਿਆਦਾ ਏਨਾ ਪ੍ਰੇਸ਼ਾਨ ਹੋ ਜਾਂਦਾ ਹਾਂ ਕਿ ਅਸੀਂ ਤਿੰਨ ਭਰਾ ਤਾਂ ਇੱਕ ਦੂਜੇ ਤੋਂ ਕੁਝ ਕੁ ਮੀਟਰ ਹੀ ਦੂਰੀ 'ਤੇ ਬਸੇਰਾ ਕਰਨ ਲਈ ਗਏ ਤਾਂ ਸਾਡਾ ਏਨਾ ਬੁਰਾ ਹਾਲ ਹੋ ਗਿਆ ਸੀ ਪਰ ਭਾਰਤ ਦੀ ਵੰਡ ਵੇਲ਼ੇ, ਆਮ ਲੋਕਾਂ ਨੇ ਆਪਣੀ ਮਾਂ-ਭੂਮੀ ਅਤੇ ਆਪਣਿਆਂ ਨੂੰ ਛੱਡਣ ਦਾ ਦਰਦ ਕਿਵੇਂ ਹੰਢਾਇਆ ਹੋਵੇਗਾ ? ਉਹਨਾਂ ਦੇ ਮਨ ਦੀ ਹਾਲਤ ਕੀ ਹੋਵੇਗੀ ?

ਆਪਣੇ ਭਰਾਵਾਂ ਨੂੰ ਆਪਣੇ ਮਕਾਨ ਬਣਾਉਂਦੇ ਵਕਤ ਕਦੇ ਮਿਸਤਰੀਆਂ-ਮਜ਼ਦੂਰਾਂ ਦੇ ਮਗਰ, ਕਦੇ ਰੇਤ ਦੀ ਟਰਾਲੀ ਵਾਲਿਆਂ ਦੇ ਪਿੱਛੇ, ਕਦੇ ਸੀਮਿੰਟ ਵਾਲਿਆਂ ਦੇ, ਕਦੇ ਪੱਥਰ ਵਾਲਿਆਂ ਦੇ ਮਗਰ ਭੱਜਦੇ ਵੇਖ ਕੇ ਮੇਰੇ ਮਨ ਵਿੱਚ ਇੱਕ ਡਰ ਬੈਠ ਗਿਆ ਸੀ। ਇਹ ਡਰ ਇਹ ਸੀ ਕਿ ਇਹ ਦੋਵੇਂ ਤਾਂ ਸਕੂਲ ਸਮੇਂ ਤੋਂ ਬਾਅਦ ਵਿਹਲੇ ਹੁੰਦੇ ਸਨ ਇਸ ਲਈ ਹੀ ਇਹਨਾਂ ਨੇ ਏਨੀ ਭੱਜ ਦੌੜ ਕਰ ਲਈ ਹੈ ਪਰ ਮੇਰਾ ਖਹਿੜਾ ਤਾਂ ਕਿਤਾਬਾਂ ਤੋਂ ਇਲਾਵਾ ਵੱਖ-ਵੱਖ ਸਾਹਿਤ-ਸਭਾਵਾਂ ਦੇ ਸਮਾਗਮ ਹੀ ਨਹੀਂ ਛੱਡਦੇ ਹਨ। ਇਸ ਲਈ ਮੇਰੇ ਵਰਗੇ ਆਦਮੀ ਲਈ ਆਪਣਾ ਮਕਾਨ ਆਪ ਬਣਾਉਣਾ ਅਸੰਭਵ ਕੰਮ ਹੀ ਹੈ।

ਹੁਣ ਜਦ ਮੇਰੇ ਦੋਵੇਂ ਭਰਾ ਆਪਣੇ-ਆਪਣੇ ਘਰਾਂ ਵਿੱਚ ਵਸੇ ਹੋਏ ਸਨ ਤਾਂ ਮੈਨੂੰ ਵੀ ਲੱਗਣ ਲੱਗ ਪਿਆ ਕਿ ਮੇਰਾ ਵੀ ਆਪਣਾ ਘਰ ਹੋਣਾ ਚਾਹੀਦਾ ਹੈ। ਬੱਸ, ਮੇਰੀ ਇੱਕੋ ਹੀ ਕਮਜ਼ੋਰੀ ਮੇਰਾ ਰਾਹ ਰੋਕ ਰਹੀ ਸੀ ਕਿ ਜਾਂ ਤਾਂ ਮੈਂ ਪੜ੍ਹਨਾ-ਲਿਖਣਾ ਛੱਡ ਕੇ ਮਕਾਨ ਬਣਾਉਣ ਲੱਗ ਜਾਵਾਂ ਜਾਂ ਫਿਰ ਕੋਈ ਬਣਿਆ ਬਣਾਇਆ ਮਕਾਨ ਹੀ ਖਰੀਦ ਲਵਾਂ।

ਮੇਰੇ ਮਨ ਨੂੰ ਦੂਜੀ ਯੋਜਨਾ ਬਹੁਤੀ ਹੀ ਭਾਅ ਗਈ ਸੀ। ਮੈਂ ਬਣਿਆ ਬਣਾਇਆ ਮਕਾਨ ਲੱਭਣਾ ਸ਼ੁਰੂ ਕਰ ਦਿੱਤਾ। ਕੁਝ ਕੁ ਦਿਨਾਂ 'ਚ ਹੀ ਮੈਨੂੰ ਆਪਣੇ ਦੋਵਾਂ ਭਰਾਵਾਂ ਦੇ ਘਰਾਂ ਦੇ ਬਿਲਕੁਲ ਵਿਚਕਾਰ ਵਾਲੀ ਗਲੀ ਵਿੱਚ ਇੱਕ ਦੁ-ਸੜਕੇ ਵਿਕਾਊ ਮਕਾਨ ਦੀ ਦੱਸ ਪੈ ਗਈ। ਭਾਵੇਂ ਕਿ ਇਸ ਦਾ ਰਕਬਾ ਮੇਰੇ ਦੁਆਰਾ ਸੋਚੇ ਗਏ ਆਦਰਸ਼ ਮਕਾਨ ਤੋਂ ਕੁਝ ਕੁ ਘੱਟ ਸੀ ਪਰ ਇਸ ਮਕਾਨ ਦੇ ਦੁ-ਸੜਕਾ ਹੋਣ ਕਾਰਨ ਮੈਨੂੰ ਥੋੜ੍ਹਾ ਜਿਹਾ ਸਮਝੌਤਾ ਕਰਨਾ ਪੈ ਗਿਆ ਸੀ। ਪ੍ਰਾਪਰਟੀ ਡੀਲਰ ਨੇ ਕਈ ਦਿਨ ਗੱਲ ਚੱਲਦੀ ਰੱਖੀ। ਸਾਨੂੰ ਇਹ ਮਕਾਨ ਕੁਝ ਮਹਿੰਗਾ ਲੱਗ ਰਿਹਾ ਸੀ ਪਰ ਵੇਚਣ ਵਾਲਿਆਂ ਨੂੰ ਇਹ ਅਜੇ ਵੀ ਸਸਤਾ ਹੀ ਭਾਸ ਰਿਹਾ ਸੀ।

ਹੁਣ ਮੇਰੀ ਅਗਲੀ ਸਮੱਸਿਆ ਇਹ ਸੀ ਕਿ ਮੇਰੇ ਭਰਾਵਾਂ ਨੇ ਤਾਂ ਮਕਾਨ ਬਣਾਉਣ ਲਈ ਵੱਖ-ਵੱਖ ਬੈਂਕਾਂ ਤੋਂ ਕਰਜ਼ਾ ਲੈ ਲਿਆ ਸੀ ਤੇ ਉਹਨਾਂ ਨੇ ਉਹ ਕਰਜ਼ਾ ਹੌਲ਼ੀ-ਹੌਲ਼ੀ ਕਿਸ਼ਤਾਂ ਵਿੱਚ ਲਾਹੁਣਾ ਸੀ ਪਰ ਮੈਨੂੰ ਆਪਣਾ ਮਕਾਨ ਖ਼੍ਰੀਦਣ ਲਈ ਸਾਰੀ ਦੀ ਸਾਰੀ ਰਕਮ ਇੱਕੋ ਵਾਰ ਹੀ ਇਕੱਠੀ ਕਰ ਕੇ

ਮਾਲਕ ਨੂੰ ਦੇਣੀ ਪੈਣੀ ਸੀ। ਮੇਰੇ ਕੋਲ ਬਣਦੀ ਰਕਮ ਦਾ ਸਿਰਫ਼ ਇੱਕ ਚੁਥਾਈ ਹਿੱਸਾ ਹੀ ਨਕਦੀ ਦੇ ਰੂਪ ਵਿੱਚ ਮੌਜੂਦ ਸੀ। ਬਾਕੀ ਸਾਰੇ ਦਾ ਸਾਰਾ ਤਾਂ ਮੈਨੂੰ ਆਪਣੇ ਰਿਸ਼ਤੇਦਾਰਾਂ ਜਾਂ ਫਿਰ ਦੋਸਤਾਂ ਮਿੱਤਰਾਂ ਕੋਲੋਂ ਹੀ ਫੜਣਾ ਪੈਣਾ ਸੀ। ਮੁੱਖ ਸਮੱਸਿਆ ਉਧਾਰ ਫੜਣ ਦੀ ਨਹੀਂ ਸਗੋਂ ਉਸ ਨੂੰ ਵੇਲ਼ੇ ਸਿਰ ਮੋੜਣ ਦੀ ਸੀ।

ਪਤਾ ਨਹੀਂ ਇਹ ਮੇਰੀ ਖੁਸ਼-ਕਿਸਮਤੀ ਸੀ ਜਾਂ ਫਿਰ ਮੇਰਾ ਵਿਹਾਰ ਸੀ ਕਿ ਮੈਂ ਜਿਸ ਕਿਸੇ ਨੂੰ ਵੀ ਆਪਣਾ ਸਵਾਲ ਪਾਇਆ ਤਾਂ ਉਸ ਨੇ ਮੈਨੂੰ ਜਵਾਬ ਨਾ ਦਿੱਤਾ। ਸਗੋਂ ਜਦ ਮੈਂ ਅਗਲੇ ਨੂੰ ਟੁਣਕਾਉਣ ਲਈ ਆਖ ਦਿੰਦਾ ਸਾਂ ਕਿ ਜੇ ਮੈਂ ਮਿਥੇ ਵੇਲ਼ੇ 'ਤੇ ਪੈਸੇ ਨਾ ਮੋੜ ਸਕਿਆ ਜਾਂ ਫਿਰ ਮੁੱਕਰ ਗਿਆ ਤਾਂ ਤੁਸੀਂ ਕੀਹਦੀ ਮਾਂ ਨੂੰ ਮਾਸੀ ਆਖੋਗੇ ? ਉਹਨਾਂ 'ਚੋਂ ਬਹੁਤਿਆਂ ਦਾ ਇਹ ਉੱਤਰ ਹੀ ਹੁੰਦਾ ਸੀ, "ਯਾਰ, ਤੂੰ ਸਾਡੇ ਦੁਖਦੇ ਵੇਲ਼ੇ ਏਨਾ ਜ਼ਿਆਦਾ ਕੰਮ ਅਇਆ ਏਂ ਕਿ ਜੇ ਤੂੰ ਏਨੇ ਕੁ ਪੈਸੇ ਲੈ ਕੇ ਮੁੱਕਰ ਵੀ ਜਾਵੇਂਗਾ ਤਾਂ ਸਾਨੂੰ ਭੋਰਾ ਭਰ ਵੀ ਅਫ਼ਸੋਸ ਨ੍ਹੀਂ ਹੋਣਾ। ਸਗੋਂ ਦਿਲ ਤੋਂ ਬੋਝ ਹੀ ਲੱਥੇਗਾ ਕਿ ਅਸੀਂ ਤੇਰੇ ਕਿਸੇ ਕੰਮ ਤਾਂ ਆ ਸਕੇ ਹਾਂ।"

ਪਹਿਲਾਂ ਤਾਂ ਮੈਨੂੰ ਇਹ ਗੱਲਾਂ ਕੁਝ ਚਿਕਨੀਆਂ ਚੋਪੜੀਆਂ ਜਿਹੀਆਂ ਹੀ ਲੱਗਦੀਆਂ ਰਹੀਆਂ ਸਨ ਪਰ ਜਦ ਰਜਿਸਟਰੀ ਕਰਵਾਉਣ ਦਾ ਮਿਥਿਆ ਦਿਨ ਆਉਣ ਤੋਂ ਦੋ ਦਿਨ ਪਹਿਲਾਂ ਹੀ ਸਾਡੇ ਘਰ ਸੌਦੇ ਲਈ ਮਿਥੀ ਗਈ ਰਕਮ ਤੋਂ ਵੀ ਵੱਧ ਪੈਸੇ ਜਮ੍ਹਾਂ ਹੋ ਗਏ ਤਾਂ ਮੈਨੂੰ ਪੂਰੀ ਤਰ੍ਹਾਂ ਸਮਝ ਆ ਗਈ ਕਿ ਜੇ ਅਸੀਂ ਬਿਨਾਂ ਕਿਸੇ ਸੁਆਰਥ ਤੋਂ ਲੋਕ ਸੇਵਾ ਕਰਦੇ ਹਾਂ ਤਾਂ ਲੋੜ ਵੇਲ਼ੇ ਲੋਕ ਵੀ ਤੁਹਾਡੇ ਬੜਾ ਕੰਮ ਆਉਂਦੇ ਹਨ। ਪੈਸੇ ਦੇਣ ਆਏ ਕਈ ਬੰਦਿਆਂ ਤੋਂ ਤਾਂ ਮੈਂ ਅਤੇ ਮੇਰੇ ਪਿਤਾ ਜੀ ਨੇ ਉਹਨਾਂ ਨੂੰ ਤਕਲੀਫ਼ ਦੇਣ ਦੀ ਮੁਆਫ਼ੀ ਮੰਗ ਕੇ ਨਿਮਰਤਾ ਨਾਲ ਕਿਹਾ ਕਿ ਜੇਕਰ ਕਿਸੇ ਬੁਰੇ ਸਮੇਂ ਵਿੱਚ ਅਸੀਂ ਕਿਸੇ ਨੂੰ ਦਿੱਤੇ ਗਏ ਸਮੇਂ 'ਤੇ ਪੈਸੇ ਮੋੜਣ ਵਿੱਚ ਅਸਮਰੱਥ ਹੋਏ ਤਾਂ ਉਹਨਾਂ ਤੋਂ ਕੁਝ ਕੁ ਸਮੇਂ ਲਈ ਮਦਦ ਜ਼ਰੂਰ ਲੈ ਲਵਾਂਗੇ।

ਆਪਣੇ ਇੱਕ ਹੀ ਬੋਲ 'ਤੇ ਲੋੜ ਤੋਂ ਵੱਧ ਧਨ ਇਕੱਠਾ ਹੋ ਜਾਣਾ ਮੈਨੂੰ ਇੱਕ ਬਹੁਤ ਹੀ ਵੱਡੀ ਪ੍ਰਾਪਤੀ ਲੱਗ ਰਹੀ ਸੀ। ਇੱਕ ਸਾਧਾਰਨ ਜਿਹੇ ਬੰਦੇ ਦੁਆਰਾ ਕਿਸੇ ਲੋੜਵੰਦ ਰੋਗੀ ਨੂੰ ਆਪਣਾ ਕੁਝ ਕੁ ਖ਼ੂਨ ਦੇ ਦੇਣ ਜਾਂ ਫਿਰ ਚਾਰ ਬੂਟੇ ਲਵਾਅ ਦੇਣ ਦਾ ਲੋਕ ਏਨਾ ਜ਼ਿਆਦਾ ਸਤਿਕਾਰ ਕਰਦੇ ਹਨ, ਇਹ ਮੈਨੂੰ ਉਹਨਾਂ ਦਿਨਾਂ ਵਿੱਚ ਹੀ ਸਮਝ ਆਇਆ ਸੀ। ਮੈਨੂੰ ਮਾਨਸਿਕ ਤਸੱਲੀ ਇਹ ਸੀ ਕਿ ਮੈਂ ਅਜਿਹੇ ਕਾਰਜ ਪੈਸੇ ਇਕੱਠੇ ਕਰਨ ਲਈ ਨਹੀਂ ਕੀਤੇ ਸਨ ਸਗੋਂ ਆਪਣੀ ਨੈਤਿਕ ਜ਼ੁੰਮੇਵਾਰੀ ਨੂੰ ਸਮਝਦਿਆਂ ਹੀ ਕੀਤੇ ਸਨ ਪਰ ਲੋਕ ਇਹਨਾਂ ਕਾਰਜਾਂ ਨੂੰ ਵੇਖ-ਪਰਖ ਰਹੇ ਸਨ। ਇਸ ਲਈ ਉਹ ਸਭ

ਮੇਰਾ ਘਰ ਦਾ ਸੁਪਨਾ ਪੂਰਾ ਕਰਨ ਲਈ ਆਪਣੇ ਵਿੱਤ ਮੁਤਾਬਕ ਮੇਰੀ ਮਾਇਕ ਮੱਦਦ ਕਰਨ ਲਈ ਮੇਰੇ ਮੋਢੇ ਨਾਲ ਮੋਢਾ ਜੋੜ ਕੇ ਆ ਖੜ੍ਹ ਗਏ ਸਨ।

## ਦੋ

ਮਿਥੇ ਦਿਨ 'ਤੇ ਰਜਿਸਟਰੀ ਕਰਾਉਣ ਦੀ ਪ੍ਰਕ੍ਰਿਆ ਵੀ ਸ਼ੁਰੂ ਹੋ ਗਈ। ਘਰ ਵੇਚਣ ਵਾਲੀਆਂ ਤਿੰਨ ਔਰਤਾਂ ਹੀ ਸਨ; ਇੱਕ ਮਾਂ ਅਤੇ ਦੋ ਧੀਆਂ। ਰਜਿਸਟਰੀ ਹੋਣ ਤੋਂ ਪਹਿਲਾਂ ਹੀ ਉਹਨਾਂ ਨੇ ਮੇਰੀਆਂ ਮਿੰਨਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਸਾਡੇ ਤੋਂ ਅਜੇ ਰਿਹਾਇਸ਼ ਦਾ ਪ੍ਰਬੰਧ ਨਹੀਂ ਹੋ ਸਕਿਆ ਹੈ, ਇਸ ਲਈ ਕਬਜ਼ਾ ਛੱਡਣ ਲਈ ਦਸ-ਪੰਦਰਾਂ ਦਿਨ ਦਾ ਸਮਾਂ ਦੇ ਦਿੱਤਾ ਜਾਵੇ।

ਦੋਵਾਂ ਜੀਆਂ ਦੀ ਕੁੱਲ ਤਨਖਾਹ ਦਾ ਪੰਦਰਾਂ ਗੁਣਾਂ ਤੋਂ ਵੱਧ ਪੈਸਾ ਉਧਾਰਾ ਮਿਲ ਜਾਣ ਕਰਕੇ ਮੈਂ ਤਿੜਿਆਈ ਵਿੱਚ ਆਇਆ ਫੜ੍ਹ ਮਾਰ ਬੈਠਾ ਸਾਂ, "ਅੰਟੀ ਜੀ, ਤੁਸੀਂ ਫ਼ਿਕਰ ਨਾ ਕਰੋ, ਪੰਦਰਾਂ ਦਿਨ ਤਾਂ ਕੀ, ਤੁਸੀਂ ਮਹੀਨਾ ਚਾਹੇ ਦੋ ਮਹੀਨੇ ਬੈਠੇ ਰਹੋ। ਐਵੇਂ ਤੰਗ ਨਾ ਹੋਇਓ, ਅਰਾਮ ਨਾਲ ਮਕਾਨ ਲੱਭੋ।"

ਮੇਰੀ ਇਸ ਦਰਿਆ-ਦਿਲ਼ੀ ਦਾ ਜਦ ਮੇਰੇ ਨਾਲ ਰਜਿਸਟਰੀ ਕਰਵਾਉਣ ਆਏ ਮੇਰੇ ਘਰਦਿਆਂ ਨੂੰ ਪਤਾ ਲੱਗਾ ਤਾਂ ਉਹ ਮੇਰੇ ਨਾਲ ਗੁੱਸੇ ਹੋਣ ਲੱਗ ਪਏ ਕਿ ਤੂੰ ਸਾਡੇ ਤੋਂ ਬਿਨਾਂ ਪੁੱਛੇ ਇਹ ਕਿਹੜੀ ਜ਼ੁਬਾਨ ਕਰ ਬੈਠਾ ਏਂ।

ਅੰਦਰੋਂ ਤਾਂ ਮੈਂ ਵੀ ਡਰ ਗਿਆ ਸਾਂ ਪਰ ਮੈਂ ਆਪਣਾ ਪੱਖ ਮਜ਼ਬੂਤ ਕਰਨ ਲਈ ਐਵੇਂ ਹੀ ਆਖੀ ਜਾ ਰਿਹਾ ਸਾਂ, "ਆਏਂ ਨ੍ਹੀਂ ਕੋਈ ਕਿਸੇ ਨਾਲ ਧੋਖਾ ਕਰਦਾ ਹੁੰਦਾ, ਤੁਸੀਂ ਆਪ ਹੀ ਦੱਸੋ, ਆਪਾਂ ਅੱਜ ਤੱਕ ਜ਼ੁਬਾਨ ਦਾ ਖੱਟਿਆ ਹੀ ਖਾ ਰਹੇ ਆਂ, ਨਹੀਂ ਤਾਂ ਮੇਰੇ ਪੱਲੇ ਕੀ ਸੀ ਜਿਹੜਾ ਇਸ ਮਕਾਨ ਨੂੰ ਖ੍ਰੀਦਣ ਲਈ ਏਨੇ ਪੈਸੇ ਤੇ ਉਹ ਵੀ ਉਧਾਰੇ 'ਕੱਠੇ ਕਰ ਲੈਂਦਾ। ਏਨੀਆਂ ਤਾਂ ਠੀਕਰੀਆਂ ਵੀ 'ਕੱਠੀਆਂ ਕਰਨੀਆਂ ਔਖੀਆਂ ਹੁੰਦੀਆਂ ਨੇ।" ਮੇਰੀ ਇਹ ਝੂਠੀ ਜਿਹੀ ਦਲੀਲ ਸੁਣ ਕੇ ਮੇਰੇ ਘਰ ਦੇ ਤਾਂ ਚੁੱਪ ਕਰ ਗਏ ਸਨ ਪਰ ਮੈਨੂੰ ਆਪਣੀ ਦਿੱਤੀ ਹੋਈ ਇਸ ਜ਼ੁਬਾਨ 'ਤੇ ਝੋਰਾ ਵੀ ਲੱਗਣ ਲੱਗ ਪਿਆ ਸੀ।

ਘਰਦਿਆਂ ਦਾ ਤਜ਼ਰਬਾ ਅਤੇ ਮੇਰਾ ਇਹ ਡਰ ਉਸ ਵਕਤ ਸੱਚਾ ਸਾਬਿਤ ਹੋਇਆ ਜਦ ਮੇਰਾ ਇੱਕ ਰਿਸ਼ਤੇਦਾਰ ਆਪਣੇ ਪਰਿਵਾਰ ਸਮੇਤ

ਮੇਰੇ ਨਵੇਂ ਲਏ ਮਕਾਨ ਨੂੰ ਵੇਖਣ ਲਈ ਆ ਗਿਆ ਸੀ। ਗੱਲਾਂ ਕਰਦੇ-ਕਰਦੇ ਅਸੀਂ ਸਾਰੇ ਜਣੇ ਆਪਣੇ ਨਵੇਂ ਘਰ ਪੁੱਜ ਗਏ। ਅਸੀਂ ਬਾਹਰੋਂ ਦਰਵਾਜ਼ਾ ਖੜਕਾਉਂਦੇ ਰਹੇ ਪਰ ਕੋਈ ਵੀ ਬੂਹਾ ਖੋਲ੍ਹ ਹੀ ਨਹੀਂ ਸੀ ਰਿਹਾ। ਸੱਤ-ਅੱਠ ਮਿੰਟ ਬਾਅਦ ਬੂਹਾ ਖੁੱਲ੍ਹਿਆ ਤਾਂ ਅਸੀਂ ਅੰਦਰ ਵੜ ਸਕੇ। ਅੰਦਰ ਵੜਦਿਆਂ ਹੀ ਘਰ ਦੀ ਹਾਲਤ ਵੇਖ ਕੇ ਮੇਰੇ ਤਾਂ ਔਸਾਨ ਹੀ ਮਾਰੇ ਗਏ। ਜਿਹੜਾ ਘਰ ਕਦੀ ਸ਼ੀਸ਼ੇ ਵਾਂਗ ਲਿਸ਼ਕਿਆ-ਪੁਸ਼ਕਿਆ ਰਹਿੰਦਾ ਸੀ, ਉਸ ਵਿੱਚ ਅੰਤਾਂ ਦਾ ਗੰਦ ਅਤੇ ਖਿਲਾਰਾ ਪਿਆ ਹੋਇਆ ਸੀ।

ਖ਼ੈਰ, ਇਹ ਤਾਂ ਕੋਈ ਵੱਡੀ ਗੱਲ ਨਹੀਂ ਸੀ ਕਿ ਵੇਚਣ ਵਾਲਿਆਂ ਦਾ ਇਸ ਘਰ ਨਾਲੋਂ ਮੋਹ ਟੁੱਟ ਚੁੱਕਾ ਸੀ, ਇਸ ਲਈ ਹੀ ਉਹ ਇਸ ਦੀ ਸਫ਼ਾਈ ਨਹੀਂ ਕਰਦੇ ਸਨ ਪਰ ਜਿਹੜੀ ਗੱਲ ਜੱਗੋਂ ਤੇਰ੍ਹਵੀਂ ਹੋਈ ਹੋਈ ਸੀ ਕਿ ਉਹਨਾਂ ਨੇ ਵਿਹੜੇ ਵਿਚਲਾ ਵਾਸ਼-ਬੇਸਨ, ਥਾਂ ਪੁਰ ਥਾਂ ਲੱਗੀਆਂ ਹੋਈਆਂ ਸਾਰੀਆਂ ਟੂਟੀਆਂ, ਦਰਵਾਜ਼ਿਆਂ ਨੂੰ ਲੱਗਦੇ ਜਿੰਦਰੇ ਤੱਕ ਵੀ ਪੁੱਟ ਲਏ ਸਨ।

ਇਹ ਤਾਂ ਸਾਨੂੰ ਉਹਨਾਂ ਦੇ ਕਬਜ਼ਾ ਛੱਡਣ ਤੋਂ ਬਾਅਦ ਪਤਾ ਲੱਗਾ ਕਿ ਉਹ ਤਾਂ ਕੱਪੜੇ ਸੁੱਕਣੇ ਪਾਉਣ ਵਾਲੀਆਂ ਤਾਰਾਂ ਅਤੇ ਲੋਹੇ ਦੀਆਂ ਪੱਤੀਆਂ ਤਕ ਵੀ ਪੁੱਟ ਕੇ ਲੈ ਗਈਆਂ ਸਨ। ਇਸ ਬਾਰੇ ਸਾਨੂੰ ਕਿਸੇ ਨੇ ਦੱਸਿਆ ਨਹੀਂ ਸਗੋਂ ਕੰਧਾਂ ਉੱਤੇ ਇਹਨਾਂ ਦੇ ਨਿਸ਼ਾਨ ਅਤੇ ਮੋਰੀਆਂ ਜੱਲ੍ਹਿਆਂ ਵਾਲੇ ਬਾਗ਼ ਵਿੱਚ ਚੱਲੀਆਂ ਹੋਈਆਂ ਗੋਲੀਆਂ ਦੇ ਨਿਸ਼ਾਨਾਂ ਵਾਂਙ, ਸਾਹਮਣੇ ਗਵਾਹੀ ਭਰ ਰਹੀਆਂ ਸਨ।

ਇਹ ਮੇਰਾ ਪਹਿਲਾ ਸਬਕ ਸੀ ਕਿ ਜਦ ਤੁਸੀਂ ਕਿਸੇ ਨੂੰ ਅਪਣੀ ਜ਼ਿੰਦਗੀ ਭਰ ਦੀ ਕਮਾਈ ਨਕਦ ਰੂਪ ਵਿੱਚ ਫੜਾਅ ਦਿੰਦੇ ਹੋ ਤਾਂ ਉਸ ’ਤੇ ਕਦੇ ਵੀ ਯਕੀਨ ਨਾ ਕਰੋ। ਜੇ ਉਸ ਦਿਨ ਮੇਰਾ ‘ਆਪਣੇ’ ਉਸ ਘਰ ਗੇੜਾ ਨਾ ਵੱਜਦਾ ਅਤੇ ਮੈਂ ਪ੍ਰਾਪਰਟੀ ਡੀਲਰ ਨੂੰ ਸਖ਼ਤ ਉਲਾਂਭਾ ਨਾ ਦੇ ਦਿੱਤਾ ਹੁੰਦਾ ਤਾਂ ਸ਼ਾਇਦ ਉਹਨਾਂ ਨੇ ਕਬਜ਼ੇ ਕੁੰਡਿਆਂ ਦੇ ਨਾਲ-ਨਾਲ ਟੁੱਟੇ ਜਿਹੇ ਦਰਵਾਜ਼ੇ ਵੀ ਪੁੱਟ ਕੇ ਲੈ ਜਾਣੇ ਸਨ।

ਬੜੀ ਹੀ ਲੰਬੀ ਉਡੀਕ ਬਾਅਦ ਉਹ ਦਿਨ ਵੀ ਆ ਹੀ ਗਿਆ ਜਿਸ ਦਿਨ ਉਹਨਾਂ ਨੇ ਮਕਾਨ ਦਾ ਕਬਜ਼ਾ ਛੱਡਣਾ ਸੀ। ਮੇਰੇ ਲਈ ਤਾਂ ਇਸ ਦਿਨ ਦੀ ਉਡੀਕ ਈਦ ਦੀ ਉਡੀਕ ਤੋਂ ਵੀ ਵੱਧ ਲੰਬੀ ਹੋ ਚੁੱਕੀ ਸੀ। ਕਿਉਂਕਿ ‘ਦਸ-ਪੰਦਰਾਂ ਦਿਨ ਹੋਰ, ਬੱਸ, ਪੰਜ-ਦਸ ਦਿਨ ਹੋਰ’ ਕਰਦਿਆਂ ਉਹਨਾਂ ਨੇ ਮਿਥੇ ਦਿਨ ਤੋਂ ਵੀ ਤਿੰਨ ਮਹੀਨੇ ਹੋਰ ਉੱਪਰ ਦੀ ਲੰਘਾਅ ਦਿੱਤੇ ਸਨ। ਸਾਡੇ ਰਿਸ਼ਤੇਦਾਰ ਤਾਂ ਕੀ, ਸਭ ਮੁਹੱਲੇ ਵਾਲੇ ਵੀ ਹੈਰਾਨ ਸਨ ਕਿ ਇਹ ਕਿਹੋ ਜਿਹੇ ਬੰਦੇ ਹਨ ਜੋ ਅਜਿਹੀਆਂ ਔਰਤਾਂ ’ਤੇ ਵਿਸ਼ਵਾਸ ਕੀਤੀ ਬੈਠੇ ਹਨ ਜਿਨ੍ਹਾਂ ਨੂੰ

ਕੋਈ ਸੇਰ ਆਟਾ ਵੀ ਉਧਾਰਾ ਨਹੀਂ ਦਿੰਦਾ। ਇਹ ਲੱਖਾਂ ਦਾ ਮਕਾਨ ਉਹਨਾਂ ਦੇ ਹਵਾਲੇ ਛੱਡੀ ਬੈਠੇ ਹਨ। ਇਹੀ ਕਾਰਨ ਸੀ ਜਦ ਲੰਬੇ ਸਮੇਂ ਬਾਅਦ ਉਹ ਮਕਾਨ ਵਿਹਲਾ ਕਰ ਕੇ ਗਈਆਂ ਤਾਂ ਸਾਡੇ ਇੱਕ ਗੁਆਂਢੀ ਨੇ ਮੈਨੂੰ ਆਖਿਆ ਸੀ, "ਮਾਸਟਰ ਜੀ ! ਕੱਢ ਹੀ ਦਿੱਤੀ ਛੱਪੜ ਵਿੱਚੋਂ ਮੱਝ।"

"ਕੋਈ ਗੱਲ ਨਹੀਂ ਅੰਕਲ ਜੀ, ਜੇ ਵਿਚਾਰੀਆਂ ਚਾਰ ਦਿਨ ਰਹਿ ਗਈਆਂ ਤਾਂ ਆਪਣਾ ਕੀ ਲੈ ਗਈਆਂ ਨੇ ? ਕੀ ਫ਼ਰਕ ਪੈਂਦਾ ਹੈ, ਪਹਿਲਾਂ ਵੀ ਤਾਂ ਉਹੀ ਰਹਿੰਦੀਆਂ ਰਹੀਆਂ ਨੇ।" ਮੈਂ ਉਸ ਦੀ ਘਰੋੜਵੀਂ ਤੇ ਟਿੱਚਰੀ ਗੱਲ ਦੀ ਥਾਂ ਗੰਭੀਰਤਾ ਨਾਲ ਮੋੜਾ ਦਿੱਤਾ।

## ਤਿੰਨ

ਇਹ ਮਕਾਨ ਮੁਰੰਮਤ ਭਾਲਦਾ ਸੀ ਪਰ ਅਸੀਂ ਇਸ ਮਕਾਨ ਨੂੰ ਕਾਫ਼ੀ ਦੇਰ ਛੇੜਿਆ ਤੱਕ ਹੀ ਨਾ। ਕਿਉਂਕਿ ਅਜੇ ਮੈਂ ਬਹੁਤ ਸਾਰਾ ਉਧਾਰ ਲਿਆ ਹੋਇਆ ਨਾਵਾਂ ਮੋੜਨਾ ਸੀ। ਇਸ ਲਈ ਮੈਂ ਹੋਰ ਕਰਜ਼ਾ ਨਹੀਂ ਚੁੱਕ ਸਕਦਾ ਸਾਂ। ਇਸ ਘਰ ਵਿੱਚ ਸ਼ਾਂਤੀ ਬਹੁਤ ਸੀ ਅਤੇ ਮੈਨੂੰ ਨਵੇਂ ਮਕਾਨ ਦਾ ਚਾਅ ਵੀ ਸੀ, ਇਸ ਲਈ ਤਕਰੀਬਨ ਤਿੰਨ ਚਾਰ ਮਹੀਨੇ ਮੈਂ ਇਸ ਵਿੱਚ ਲਿਖਣ ਪੜ੍ਹਣ ਦਾ ਕੰਮ ਹੀ ਕਰਦਾ ਰਿਹਾ। ਦੋ-ਤਿੰਨ ਵਾਰ ਭਰਵਾਂ ਮੀਂਹ ਪਿਆ ਤਾਂ ਲੱਗਣ ਲੱਗਾ ਕਿ ਮਕਾਨ ਉੱਤੇ ਮਿਸਤਰੀ ਦਾ ਹੱਥ ਫਿਰਨਾ ਅਤਿ ਜ਼ਰੂਰੀ ਹੈ ਅਤੇ ਜੇ ਇੱਕ ਦੋ ਮੀਂਹ ਹੋਰ ਪੈ ਗਏ ਤਾਂ ਕੋਈ ਨੁਕਸਾਨ ਵੀ ਹੋ ਸਕਦਾ ਹੈ।

ਪਹਿਲੀ ਜੂਨ ਤੋਂ ਸ਼ੁਰੂ ਹੋਣ ਵਾਲੀਆਂ ਗਰਮੀ ਦੀਆਂ ਛੁੱਟੀਆਂ ਦੇ ਹਿਸਾਬ ਨਾਲ, ਮੈਂ 28 ਮਈ ਨੂੰ ਰਾਜ ਮਿਸਤਰੀ ਕੰਮ 'ਤੇ ਲਗਾਅ ਦਿੱਤੇ। ਉਹਨਾਂ ਨੇ ਮਕਾਨ ਦੀ ਟੁੱਟ ਭੱਜ ਦਾ ਅੰਦਰੋਂ ਬਾਹਰੋਂ ਟੀਪ-ਟਪੱਲਾ ਕਰ ਦਿੱਤਾ। ਹੁਣ ਸਾਡੀ ਸਲਾਹ ਹੋਈ ਕਿ ਮਕਾਨ ਦੇ ਨਾਲ ਲੱਗਵੀਂ, ਬਾਹਰ ਪਈ ਸਾਡੀ ਜਗ੍ਹਾ, ਜਿੱਥੇ ਕਿ ਦਰੱਖਤ ਅਤੇ ਸਬਜ਼ੀਆਂ ਬੀਜੀਆਂ ਹੋਈਆਂ ਸਨ, ਨੂੰ ਵੀ ਕੰਧ ਕਰ ਕੇ ਵਿੱਚ ਹੀ ਰਲ਼ਾਅ ਲਿਆ ਜਾਵੇ। ਇਸ ਤਰ੍ਹਾਂ ਹੋਣ ਨਾਲ ਗਲੀ ਵਿੱਚ ਮੀਂਹ ਦਾ ਪਾਣੀ ਭਰ ਕੇ ਨੀਂਹ ਵਿੱਚ ਜਾਣ ਦਾ ਰੇੜਕਾ ਮੁੱਕ ਜਾਣਾ ਸੀ ਤੇ ਮਕਾਨ ਦੀ ਮਿਆਦ ਵਿੱਚ ਵਾਧਾ ਹੋ ਜਾਣ ਦੇ ਨਾਲ ਨਾਲ ਇਸ ਨੇ ਸੁਰੱਖਿਅਤ ਵੀ ਹੋ ਜਾਣਾ ਸੀ।

ਮੈਂ ਮਿਸਤਰੀ ਨਾਲ ਹੱਸਣ ਲੱਗ ਪਿਆ, "ਵੇਖ ਲੈ ਸੁਰਜੀਤ ਸਿੰਆਂ, ਮਿਸਤਰੀ ਘਰੇ ਵਾੜਣੇ ਤਾਂ ਸੌਖੇ ਹੁੰਦੇ ਆ ਪਰ ਕੱਢਣੇ ਬੜੇ ਔਖੇ ਆ, ਤੂੰ ਆਹ ਕੰਧ ਵਾਲਾ ਜੂੜ ਵੀ ਵੱਢ ਹੀ ਦੇ, ਨਾਲ ਲੱਗਵਾਂ।"

"ਮਾਸਟਰ ਜੀ, ਇੱਕ ਘਰੇ ਮਿਸਤਰੀ ਖੁਰਲੀ ਬਣਾਉਣ ਲਈ ਗਿਆ ਸੀ, ਕੰਮ ਵਧਦਾ ਹੀ ਗਿਆ ਤੇ ਉਹ ਤਿੰਨ ਕਮਰੇ ਪਾ ਕੇ ਹਟਿਆ ਸੀ। ਘਰ ਵਾਲਿਆਂ ਨੇ ਅੱਕ ਕੇ ਉਹਨੂੰ ਹਟਾਅ ਦਿੱਤਾ ਤੇ ਦੋ ਰੋਸ਼ਨਦਾਨਾਂ ਦੀਆਂ ਧਾਰਾਂ ਲੱਗਣ ਵਾਲੀਆਂ ਰਹਿ ਗਈਆਂ ਜਿਹੜੀਆਂ ਕਦੇ ਵੀ ਨਾ ਲੱਗੀਆਂ। ਹੁਣ ਤੁਸੀਂ ਵੀ ਕਰਵਾਅ ਹੀ ਲਓ ਜਿਹੜਾ ਕੰਮ ਕਰਵਾਉਣਾ ਏ।" ਮਿਸਤਰੀ ਨੇ ਹਾਸੇ ਹਾਸੇ ਵਿੱਚ ਆਪਣਾ ਤਜ਼ਰਬਾ ਦੱਸਿਆ।

ਅਗਲੇ ਦਿਨ ਹੀ ਮੈਂ ਇੱਟਾਂ ਵਾਸਤੇ ਕਹਿ ਦਿੱਤਾ ਅਤੇ ਮਜ਼ਦੂਰਾਂ ਨੇ ਨੀਂਹ ਕੱਢਣੀ ਸ਼ੁਰੂ ਕਰ ਦਿੱਤੀ। ਅਜੇ ਨੀਂਹ ਅੱਧਾ ਪੌਣਾ ਫੁੱਟ ਹੀ ਪੁੱਟੀ ਹੋਵੇਗੀ ਕਿ ਗੁਆਂਢੀਆਂ ਦਾ ਮੁੰਡਾ ਆ ਗਿਆ। ਇਹ ਮੁੰਡਾ ਮੇਰਾ ਹਾਣੀ ਹੀ ਹੈ ਤੇ ਸਾਡੇ ਸ਼ਹਿਰ ਆਉਣ ਵੇਲ਼ੇ ਤੋਂ ਹੀ ਮੇਰਾ ਜਾਣੂੰ ਰਿਹਾ ਸੀ। ਸਾਡੀ ਦੁੱਖ-ਸੁੱਖ ਦੀ ਥੋੜ੍ਹੀ ਬਹੁਤੀ ਸਾਂਝ ਵੀ ਸੀ। ਉਹ ਆਉਂਦਾ ਹੀ ਰੁੱਖੀ ਜਿਹੀ ਆਵਾਜ਼ ਵਿੱਚ ਬੋਲਿਆ, "ਮਾਸਟਰ, ਆਹ ਕੀ ਕਰੀ ਜਾਂਦੇ ਓ ?"

"ਯਾਰ, ਇੱਧਰ ਮੀਂਹ ਦਾ ਸਾਰਾ ਪਾਣੀ 'ਕੱਠਾ ਹੋ ਕੇ ਨੀਂਹ ਵਿੱਚ ਵੜਦਾ ਸੀ, ਅਸੀਂ ਸੋਚਿਆ ਹੁਣ ਘਰ ਦੀ ਸਬਜ਼ੀ-ਭਾਜੀ ਦਾ ਮੋਹ ਤਿਆਗ ਦੇਈਏ ਤੇ ਕੰਧ ਕਰ ਕੇ ਸਾਰੇ ਥਾਂ ਉੱਤੇ ਫਰਸ਼ ਲਾ ਦੇਈਏ।" ਮੈਂ ਸਧਾਰਨ ਜਿਹਾ ਉੱਤਰ ਦਿੱਤਾ।

"ਇਹ ਕੰਧ ਤਾਂ ਨ੍ਹੀਂ ਹੋ ਸਕਦੀ। ਇਹ ਤਾਂ ਗਲੀ ਦੀ ਜਗ੍ਹਾ ਏ।" ਉਹ ਗੁੱਸੇ ਨਾਲ ਬੋਲਿਆ।

"ਓਏ ਨਹੀਂ ਭਰਾਵਾ, ਇਹ ਤਾਂ ਸਾਡੀ ਜਗ੍ਹਾ ਏ। ਪਿਛਲੇ ਮਾਲਕ ਸਾਨੂੰ ਰਜਿਸਟਰੀ ਕਰਵਾਅ ਕੇ ਗਏ ਆ।" ਮੈਂ ਕੁਝ ਸਕਤੇ ਜਿਹੇ ਵਿੱਚ ਆ ਗਿਆ ਸਾਂ।

"ਨਹੀਂ, ਨਹੀਂ, ਇਹ ਨ੍ਹੀਂ ਹੋ ਸਕਦਾ। ਕੰਮ ਰੋਕੋ ਪਹਿਲਾਂ। ਗੱਲ ਕਰਨੀ ਆ।" ਆਖਦਾ ਹੋਇਆ ਉਹ ਆਪਣੇ ਘਰ ਵੱਲ ਨੂੰ ਤੁਰ ਗਿਆ ।

ਦੋ ਕੁ ਮਿੰਟ ਵਿੱਚ ਹੀ ਉਹ ਆਪਣੀ ਮਾਂ ਤੇ ਪਿਓ ਨੂੰ ਨਾਲ ਲੈ ਕੇ ਮੁੜ ਆਇਆ ਤੇ ਉਹ ਵੀ ਆਉਂਦੇ ਸਾਰ ਮੇਰੇ ਗਲ ਹੀ ਪੈ ਗਏ। ਮਜ਼ਦੂਰ ਵੀ ਕੁਝ ਸਹਿਮ ਗਏ ਸਨ। ਉਹਨਾਂ ਨੇ ਆਪਣਾ ਕੰਮ ਤਾਂ ਜਾਰੀ ਰੱਖਿਆ ਪਰ ਰਫ਼ਤਾਰ ਘਟਾਅ ਦਿੱਤੀ ਸੀ। ਉਹਨਾਂ ਦਾ ਸਾਰਾ ਧਿਆਨ ਸਾਡੀ ਹੋ ਰਹੀ ਜ਼ਿਦ-ਜ਼ਿਦਾਈ ਵੱਲ ਹੀ ਹੋ ਗਿਆ ਸੀ। ਅੰਤ, ਮੈਂ ਆਪਣੇ ਪਿਤਾ ਜੀ ਨੂੰ ਫ਼ੋਨ ਕੀਤਾ ਕਿ ਇੱਥੇ ਤਾਂ ਰੌਲ਼ਾ ਪੈ ਗਿਆ ਹੈ। ਉਹ ਮਕਾਨ ਦੀ ਰਜਿਸਟਰੀ ਲੈ ਕੇ ਆਉਣ।

ਰੌਲ਼ੇ ਦਾ ਨਾਮ ਸੁਣ ਕੇ ਜਿਵੇਂ ਉਹਨਾਂ ਦੇ ਸਿਰ 'ਤੇ ਆਸਮਾਨ ਹੀ ਟੁੱਟ ਪਿਆ ਹੋਵੇ। ਉਹ ਝੱਟ ਦੇਣੇ ਹੀ ਰਜਿਸਟਰੀ ਦੀ ਕਾਪੀ ਲੈ ਕੇ ਆ ਗਏ। ਇਧਰ

ਰੌਲ਼ਾ-ਰੱਪਾ ਸੁਣ ਕੇ ਆਂਢੀ-ਗੁਆਂਢੀ ਤੇ ਕੁਝ ਤਮਾਸ਼-ਬੀਨ ਵੀ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਵਾਹਵਾ ਸਾਰਾ ਇਕੱਠ ਹੋ ਗਿਆ ਸੀ।

ਜਦ ਰਜਿਸਟਰੀ ਦੀ ਲਿਖਤੀ ਮਿਣਤੀ ਅਨੁਸਾਰ ਉਹਨਾਂ ਦੋਵਾਂ ਪਿਓ-ਪੁੱਤਾਂ ਨੇ ਆਪਣੇ ਹੱਥਾਂ ਨਾਲ ਫੀਤਾ ਫੜ ਕੇ ਮਿਣਤੀ ਕੀਤੀ ਤਾਂ ਇਹ ਬਿਲਕੁਲ ਸਹੀ ਨਿਕਲੀ। ਉੱਥੇ ਖੜੋਤੇ ਹੋਏ ਲੋਕ ਵੀ ਉਸ ਫੀਤੇ ਨੂੰ ਗਹੁ ਨਾਲ ਤੱਕ ਰਹੇ ਸਨ। ਏਨੇ ਵਿੱਚ ਇੱਕ ਉੱਚਾ ਲੰਮਾ ਨੌਜਵਾਨ, ਸਿਰ ਉੱਤੇ ਪਰਨਾ ਬੰਨ੍ਹੀਂ, ਮੁੱਛਾਂ ਚਾੜ੍ਹਦਾ ਹੋਇਆ ਮੌਕੇ 'ਤੇ ਆ ਗਿਆ ਅਤੇ ਰੌਲ਼ੇ ਦਾ ਕਾਰਨ ਪੁੱਛਣ ਲੱਗ ਪਿਆ। ਮੈਂ ਤਾਂ ਉਸਨੂੰ ਕਦੇ ਵੀ ਵੇਖਿਆ ਨਹੀਂ ਸੀ ਪਰ ਉਸ ਦੇ ਆਉਣ ਨਾਲ ਪੈਂਦਾ ਰੌਲ਼ਾ ਕੁਝ ਸ਼ਾਂਤ ਹੋ ਗਿਆ। ਉਹ ਤਿੰਨੇ ਜਣੇ ਇਸ ਬਿਨ-ਬੁਲਾਏ ਅਤੇ ਆਪੂੰ ਬਣੇ ਸਰਪੰਚ ਨੂੰ ਹੀ ਆਪਣਾ ਪੱਖ ਦੱਸਣ ਲੱਗ ਪਏ। ਗੱਲਾਂ-ਗੱਲਾਂ ਵਿਚ ਉਸ ਨੇ ਮੈਨੂੰ ਦੱਸ ਦਿੱਤਾ ਕਿ ਉਹ ਪੁਲਿਸ ਵਿਭਾਗ ਵਿੱਚ ਹੌਲਦਾਰ ਹੈ ਤੇ ਹੁਣ ਤਾਇਨਾਤ ਵੀ ਐਸ.ਐਸ.ਪੀ. ਦਫ਼ਤਰ ਵਿੱਚ ਹੀ ਹੈ। ਜਦ ਮੈਂ ਉਸ ਨੂੰ ਆਪਣੇ ਸਰਕਾਰੀ ਮੁਲਾਜ਼ਮ ਹੋਣ ਬਾਰੇ ਦੱਸਿਆ ਤਾਂ ਆਖਣ ਲੱਗਾ, "ਮੈਂ ਜਾਣਦਾ ਆਂ ਤੈਨੂੰ, ਚੰਗੀ ਤਰ੍ਹਾਂ। ਅਹੁ ਵੇਖ, ਅਹਿ ਤਾਂ ਸਾਡਾ ਘਰ ਏ।"

ਮੈਨੂੰ ਮਹਿਸੂਸ ਹੋਇਆ ਕਿ ਇਹ ਬੰਦਾ ਹੰਢਿਆ ਵਰਤਿਆ ਲਗਦਾ ਹੈ। ਇਸ ਲਈ ਇਹ ਸਾਰੇ ਕਾਗਜ਼-ਪੱਤਰ ਵੇਖ ਕੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦੇਵੇਗਾ। ਉਸ ਨੇ ਵੀ ਮਿਸਤਰੀ ਤੋਂ ਫੀਤਾ ਫੜਿਆ ਤੇ ਫਿਰ ਮਿਣਤੀ ਕਰਨ ਲੱਗ ਪਿਆ। ਜਦ ਸਾਰੀ ਮਿਣਤੀ ਇਸ ਵਾਰ ਵੀ ਸਹੀ ਨਿਕਲੀ ਤਾਂ ਆਖਣ ਲੱਗਾ, "ਇਹੋ ਜਿਹੀਆਂ ਰਜਿਸਟਰੀਆਂ ਤਾਂ ਜਿੰਨੀਆਂ ਮਰਜ਼ੀ ਕਰਵਾਅ ਲੋ। ਇਹ ਤਾਂ ਜਾਅਲੀ ਰਜਿਸਟਰੀ ਆ।"

"ਵੀਰੇ, ਇਹਦਾ ਤਾਂ ਇੰਤਕਾਲ ਵੀ ਹੋਇਆ ਹੋਇਆ ਏ।" ਮੈਂ ਆਪਣੇ ਵੱਲੋਂ ਸਫ਼ਾਈ ਦਿੱਤੀ।

"ਤੈਨੂੰ ਦੱਸਿਆ ਨਾ, ਇਹੋ ਜਿਹੇ ਕਾਗਜ਼ ਤਾਂ ਮੈਂ ਆਹ ਮਲਕਾ ਚੌਂਕ ਦੇ ਬਣਵਾਅ ਦਿੰਦਾ ਹਾਂ, ਚੱਲ ਮੇਰੇ ਨਾਲ। ਤੂੰ, ਆਹ ਕਾਗਜ਼ ਬਣਵਾਅ ਲਏ ਆ ਤਾਂ ਇਹਦਾ ਮਤਲਬ ਇਹ ਤਾਂ ਨ੍ਹੀਂ ਕਿ ਅਸੀਂ ਤੈਨੂੰ ਗਲੀ ਉੱਤੇ ਈ ਕਬਜ਼ਾ ਕਰਨ ਦੇ ਦਈਏ।" ਉਹ ਰੋਅਬ ਨਾਲ ਪੁਲਸੀਆ ਅੰਦਾਜ਼ ਵਿੱਚ ਬੋਲਿਆ।

"ਬਾਈ ਜੀ, ਆਹ ਵੇਖੋ, ਗਲੀ ਵੀ ਵੀਹ ਫੁੱਟ ਲਿਖੀ ਹੋਈ ਏ ਰਜਿਸਟਰੀ ਵਿੱਚ ਤਾਂ ਇਹ ਸਪੱਸ਼ਟ ਬਚੀ ਜਾਂਦੀ ਏ।" ਮੇਰੇ ਪਿਤਾ ਜੀ ਨੇ ਆਪਣੇ ਤੋਂ ਲਗਭਗ ਅੱਧੀ ਉਮਰ ਦੇ ਬੰਦੇ ਨੂੰ 'ਜੀ' ਆਖਦਿਆਂ ਕਿਹਾ।

"ਥੋਨੂੰ ਦੱਸਿਆ ਤਾਂ ਹੈ ਕਿ ਇਹੋ ਜਿਹੇ ਕਾਗਜ਼ ਤਾਂ ਬਥੇਰੇ ਰੁਲਦੇ ਫਿਰਦੇ ਨੇ ਥਾਣਿਆਂ ਵਿੱਚ। ਇਹ ਤਾਂ ਸਾਰਾ ਕੁਝ ਨਕਲੀ ਐ। ਤੁਸੀਂ ਆਪਣਾ ਕੰਮ

ਰੋਕੋ।" ਉਹ ਏਨਾ ਉੱਚੀ ਬੋਲਿਆ ਕਿ ਲਗਭਗ ਸਾਰੇ ਮੁਹੱਲੇ ਨੂੰ ਹੀ ਸੁਣ ਗਿਆ ਹੋਵੇਗਾ।

ਹੁਣ ਭੀੜ ਪਹਿਲਾਂ ਨਾਲੋਂ ਵੀ ਵਧ ਚੁੱਕੀ ਸੀ।ਮੇਰਾ ਉਹ ਜਾਣੂੰ ਤੇ ਉਸ ਦਾ ਪਿਓ ਉਸ ਪੁਲਸੀਏ ਦੀ ਸ਼ਹਿ 'ਤੇ ਹੋਰ ਵੀ ਹੌਸਲੇ ਵਿੱਚ ਹੋ ਗਏ।ਉਹ ਸਿਰਫ਼ ਇਹ ਹੀ ਬੋਲੀ ਜਾ ਰਹੇ ਸਨ, "ਅਸੀਂ ਨ੍ਹੀਂ ਗਲੀ ਦੇ ਉੱਤੇ ਕਬਜ਼ਾ ਹੋਣ ਦੇਣਾ।ਅਸੀਂ ਨ੍ਹੀਂ ਕਿਸੇ ਨੂੰ ਗਲੀ ਵਲਣ ਦੇਣੀ।"

ਏਨੇ ਨੂੰ ਮੇਰੇ ਜਾਣੂੰ ਦੀ ਮਾਂ ਬੜੀ ਹੀ ਮੋਮੋ-ਠਗਣੀ ਜਿਹੀ ਬਣ ਕੇ ਆਖਣ ਲੱਗੀ, "ਪੁੱਤ, ਇਸ ਥਾਂ ਨੂੰ ਵੇਖ, ਸਾਰੇ ਮੁਹੱਲੇ ਵਾਲੇ ਕਿਵੇਂ ਵਰਤਦੇ ਆ।ਕਿਸੇ ਦੇ ਕੋਈ ਵਿਆਹ ਸ਼ਾਦੀ ਹੋਵੇਗੀ ਅਗਲਾ ਟੈਂਟ ਲਾ ਲਵੇਗਾ।ਤੂੰ ਜ਼ਿਦ ਨਾ ਕਰ, ਮੇਰਾ ਪੁੱਤ।"

"ਆਂਟੀ ਟੈਂਟ ਮੇਰੇ ਥਾਂ ਵਿੱਚ ਈ ਲਾਉਣਾ ਏ ? ਹੋਰ ਥਾਂ ਨ੍ਹੀਂ ਦਿਸਦੀ, ਓਥੇ ਲਵਾਅ ਲਓ ਤੁਸੀਂ।ਹੋਰ ਥਾਂਵਾਂ ਤੇ ਟੈਂਟ ਨ੍ਹੀਂ ਲੱਗਦਾ ਕਿਤੇ।ਇਹੀ ਜਗ੍ਹਾ ਲੱਭੀ ਏ ਟੈਂਟ ਲਾਉਣ ਨੂੰ।" ਮੈਂ ਹਰਖ ਨਾਲ ਆਖਿਆ।

"ਜਾਹ, ਅਸੀਂ ਨ੍ਹੀਂ ਵਲਣ ਦੇਣੀ ਤੈਨੂੰ ਇਹ ਜਗ੍ਹਾ।ਭਾਵੇਂ --ਤੱਕ ਜ਼ੋਰ ਲਾ ਲੈ।" ਉਹ ਏਨਾ ਜ਼ਿਆਦਾ ਭੜਕ ਕੇ ਬੋਲੀ ਕਿ ਮੈਂ ਸੋਚ ਵੀ ਨਹੀਂ ਸਕਦਾ ਸਾਂ ਕਿ ਮੇਰੀ ਮਾਂ ਦੀ ਉਮਰ ਦੀ ਕੋਈ ਔਰਤ ਇਸ ਤਰ੍ਹਾਂ ਦੀ ਭਾਸ਼ਾ ਵੀ ਵਰਤ ਸਕਦੀ ਹੈ।ਉਸਦਾ ਆਪਣਾ ਸਕਾ ਪੁੱਤ ਅਤੇ ਘਰ ਵਾਲਾ ਸਾਹਮਣੇ ਖੜ੍ਹਾ ਹੋਣ ਦੇ ਬਾਵਜੂਦ ਵੀ ਉਹ ਗੁੰਡਿਆਂ ਵਾਲੀ ਭੱਦੀ ਸ਼ਬਦਾਵਲੀ ਬੇਝਿਜਕ ਹੋ ਕੇ ਬੋਲਣ ਲੱਗ ਪਈ ਸੀ।ਉਸ ਦੁਆਰਾ ਲੱਕ ਉੱਤੇ ਹੱਥ ਰੱਖ ਕੇ ਰੋਅਬ ਨਾਲ ਬੋਲਣ ਕਾਰਨ ਮੈਂ ਇੱਕ ਤਰ੍ਹਾਂ ਠਠੰਬਰ ਹੀ ਗਿਆ ਸਾਂ।

ਮੇਰੇ ਜਾਣੂੰ ਦੇ ਪਿਓ ਨੇ ਇੱਕ ਹੋਰ ਹੀ ਛੁਰਲੀ ਛੱਡ ਦਿੱਤੀ, "ਇਹ ਜਗ੍ਹਾ ਤਾਂ ਅਸੀਂ ਪੁਰਾਣੇ ਮਾਲਕਾਂ ਤੋਂ ਛੁਡਵਾਈ ਸੀ।"

"ਪੁਰਾਣਾ ਮਾਲਕ ਤਾਂ ਆਹ ਵੇਖ ਰਜਿਸਟਰੀ ਕਰਵਾਅ ਕੇ ਗਿਆ ਏ।ਆਹ ਵੇਖ ਉਹ ਬੈਠਾ।ਨਾਲੇ ਸਾਰੀ ਗਿਣਤੀ-ਮਿਣਤੀ ਵੀ ਲਿਖੀ ਹੋਈ ਏ।ਜੇ ਉਹਨੇ ਗਲੀ ਲਈ ਥਾਂ ਛੱਡੀ ਸੀ ਤਾਂ ਉਹ ਰਜਿਸਟਰੀ ਵਿੱਚ ਕਿਉਂ ਲਿਖਵਾਅ ਕੇ ਗਿਆ ?" ਮੈਂ ਰਜਿਸਟਰੀ ਦੀ ਫ਼ੋਟੋ ਕਾਪੀ ਵਿੱਚ ਉਸ ਡਾਕਟਰ ਦੀ ਫ਼ੋਟੋ ਵਿਖਾਉਂਦਿਆਂ ਸਵਾਲ ਕੀਤਾ।

ਜਿਵੇਂ ਆਪਣੀ ਗਲੀ ਵਿੱਚ ਕੁੱਤਾ ਵੀ ਸ਼ੇਰ ਹੁੰਦਾ ਹੈ ਉਵੇਂ ਉਹ ਆਪਣੇ ਜ਼ਿਆਦਾ ਗਿਣਤੀ 'ਚ ਹੋਣ ਕਾਰਨ ਅਤੇ ਬੇਥਵਾ ਬੋਲੀ ਜਾਣ ਕਰ ਕੇ ਸਾਡੇ ਦੋਵਾਂ 'ਤੇ ਹਾਵੀ ਹੋ ਗਏ ਸਨ ਤੇ ਆਪਣੀ ਇਸ ਅਣਸੱਦੀ ਪੰਚਾਇਤ ਵਿੱਚ ਸਾਨੂੰ ਹੀ ਝੂਠਾ ਕਰੀ ਜਾ ਰਹੇ ਸਨ।ਉਹਨਾਂ ਨੂੰ ਲੱਗ ਰਿਹਾ ਸੀ ਕਿ ਇਹ ਇਸ ਗਲੀ ਵਿੱਚ ਨਵੇਂ ਆਏ ਹਨ ਤੇ ਇਹਨਾਂ ਦੇ ਨਾਲ ਕਿਸੇ ਨੇ ਖੜ੍ਹਨਾ ਵੀ

ਨਹੀਂ ਹੈ। ਇਸ ਲਈ ਸੱਚ ਨੂੰ ਜਾਣਦੇ ਹੋਣ ਦੇ ਬਾਵਜੂਦ ਵੀ ਉਹ ਘੋਗਲ ਕੰਨੇ ਹੀ ਬਣ ਗਏ ਸਨ।

"ਥਾਂ ਤਾਂ ਇਹਨਾਂ ਦਾ ਈ ਏ ਤੇ ਇਹਨਾਂ ਦਾ ਹੀ ਰਹਿਣਾ ਏ।" ਵਾਲੀਆਂ ਆਵਾਜ਼ਾਂ ਹੁਣ ਘਟ ਗਈਆਂ ਸਨ ਅਤੇ ਪੁਲਿਸ ਵਾਲੇ ਅਤੇ ਮੇਰੇ ਉਸ ਜਾਣੂੰ ਦੀਆਂ ਤਲਖ਼ ਅਵਾਜ਼ਾਂ ਕੁਝ ਜ਼ਿਆਦਾ ਹੀ ਗੂੰਜਣ ਲੱਗ ਪਈਆਂ ਸਨ। ਸ਼ਾਇਦ ਕੁਝ ਕੁ ਸਚਾਈ ਨਾਲ ਖੜ੍ਹੇ ਹੋਏ ਬੰਦੇ ਵੀ ਡਰ ਗਏ ਸਨ। ਇਸ ਲਈ ਉਹਨਾਂ ਨੇ 'ਥਾਂ ਤਾਂ ਇਹਨਾਂ ਦਾ ਹੀ ਏ' ਵਾਲੀ ਗੱਲ ਵੀ ਕਹਿਣੀ ਬੰਦ ਕਰ ਦਿੱਤੀ ਸੀ।

ਮੈਨੂੰ ਅਜੇ ਤੱਕ ਵੀ ਸਮਝ ਨਹੀਂ ਲੱਗ ਰਹੀ ਕਿ ਅੱਤਵਾਦ ਦੇ ਕਾਲ਼ੇ ਦੌਰ ਵਿੱਚ ਇਕੱਲੇ ਹੀ ਕਈ-ਕਈ ਹਥਿਆਰਬੰਦ ਅੱਤਵਾਦੀਆਂ ਦਾ ਮੁਕਾਬਲਾ ਕਰਨ ਵਾਲੇ ਮੇਰੇ ਪਿਤਾ ਜੀ ਨੇ ਪਤਾ ਨਹੀਂ ਮੈਨੂੰ ਕਿਵੇਂ ਇਹ ਹੁਕਮ ਚਾੜ੍ਹ ਦਿੱਤਾ ਸੀ, "ਪੁੱਤ, ਬੰਦ ਕਰਵਾਅ ਦੇ ਨਿਉਂ, ਆਪਾਂ ਲੜਾਈ ਨ੍ਹੀਂ ਕਰਨੀ। ਜੇ ਮੁਹੱਲੇ ਵਾਲੇ ਕਹਿੰਦੇ ਆ ਤਾਂ ਆਪਾਂ ਇਹ ਜਗ੍ਹਾ ਗਲੀ ਨੂੰ ਛੱਡ ਦਿੱਤੀ। ਆਪਾਂ ਨ੍ਹੀਂ ਲੜਾਈ ਕਰਨੀ। ਆਪਾਂ ਇਹਨਾਂ ਵਿੱਚ ਹੀ ਰਹਿਣਾ ਏ। ਬੱਸ, ਕੰਮ ਬੰਦ ਕਰਵਾਅ ਦੇ।"

ਮੈਨੂੰ ਦੁਚਿੱਤੀ ਵਿੱਚ ਪਏ ਹੋਏ ਨੂੰ ਵੇਖ ਕੇ ਉਹਨਾਂ ਆਪਣਾ ਹੁਕਮ ਇੱਕ ਵਾਰ ਫਿਰ ਦੁਹਰਾਅ ਦਿੱਤਾ, "ਮਿਸਤਰੀ, ਨਿਉਂ ਬੰਦ ਕਰਵਾਅ ਦੇ। ਥਾਂ ਨੂੰ ਪੱਧਰ ਕਰ ਦੇ।" ਪਿਤਾ ਜੀ ਵੱਲੋਂ ਇਹ ਹੁਕਮ ਇਸ ਤਰ੍ਹਾਂ ਦੇ ਅੰਦਾਜ਼ ਵਿੱਚ ਕੀਤਾ ਗਿਆ ਸੀ ਕਿ ਮਜ਼ਦੂਰ ਤਾਂ ਕੀ ਮੈਂ ਵੀ ਇਸ ਹੁਕਮੀ ਫ਼ੈਸਲੇ ਦਾ ਵਿਰੋਧ ਨਾ ਕਰ ਸਕਿਆ। ਮਜ਼ਦੂਰ ਤਾਂ ਜਿਵੇਂ ਤਿਆਰ ਹੀ ਖੜ੍ਹੇ ਸਨ, ਮੇਰੇ ਕੁਝ ਸੋਚਣ ਜਾਂ ਆਖਣ ਤੋਂ ਪਹਿਲਾਂ ਹੀ ਉਹਨਾਂ ਨੇ ਕਹੀਆਂ ਲੈ ਕੇ ਪੁੱਟੀ ਹੋਈ ਨੀਂਹ ਨੂੰ ਮਿੱਟੀ ਨਾਲ ਭਰਨਾ ਸ਼ੁਰੂ ਕਰ ਦਿੱਤਾ।

ਆਪਣੇ ਲਈ ਕੁਝ ਹਫ਼ਤਿਆਂ ਤੱਕ ਗੱਲਾਂ ਅਤੇ ਚਸਕਿਆਂ ਦਾ ਮਸਾਲਾ ਲੈ ਕੇ ਤਮਾਸ਼ਬੀਨ ਤਾਂ ਆਪੋ-ਆਪਣੇ ਰਾਹ ਪੈ ਗਏ ਸਨ ਪਰ ਉਹ ਪੁਲਸੀਆ, ਮੇਰਾ ਜਾਣੂੰ, ਤੇ ਉਸ ਦੇ ਮਾਂ ਤੇ ਪਿਓ ਇਸ ਤਰ੍ਹਾਂ ਹੰਕਾਰੇ ਹੋਏ ਖੜ੍ਹੇ ਰਹੇ ਕਿ ਜੇ ਉਹਨਾਂ ਨੂੰ ਕਿਸੇ ਨੇ ਹੱਥ ਵੀ ਲਾ ਦਿੱਤਾ ਤਾਂ ਉਹ ਕੋਬਰੇ ਸੱਪ ਤੋਂ ਵੀ ਵੱਧ ਜ਼ਹਿਰ ਨਾਲ ਸਾਨੂੰ ਡੰਗ ਹੀ ਨਹੀਂ ਸਗੋਂ ਪਾੜ-ਖਿਲਾਰ ਹੀ ਦੇਣਗੇ।

ਮੇਰੇ ਦਿਮਾਗ਼ ਵਿੱਚ ਇੱਕ ਚੜ੍ਹ ਤੇ ਇੱਕ ਉੱਤਰ ਰਹੀ ਸੀ ਪਰ ਪਿਤਾ ਜੀ ਦੇ ਫ਼ੈਸਲੇ ਦਾ ਨਾ ਤਾਂ ਮੈਂ ਵਿਰੋਧ ਕਰ ਸਕਦਾ ਸਾਂ ਤੇ ਨਾ ਹੀ ਉਹਨਾਂ ਦੇ ਅੱਗੇ ਬੋਲ ਸਕਦਾ ਸਾਂ। ਮੈਂ ਕੌੜਾ ਘੁੱਟ ਭਰ ਕੇ ਰਹਿ ਗਿਆ ਸਾਂ।

ਮੇਰੇ ਮਨ ਵਿੱਚ ਵੀ ਆਪਣੇ ਨਵੇਂ ਬਣੇ ਦੁਸ਼ਮਣਾਂ ਦੇ ਪ੍ਰਤੀ ਏਨੀ ਦਇਆ ਪਤਾ ਨਹੀਂ ਕਿੱਥੋਂ ਆ ਗਈ ਕਿ ਮੈ ਆਪਣੇ ਉਸ ਪੁਰਾਣੇ ਜਾਣੂੰ ਨੂੰ ਜੱਫੀ ਪਾ

ਕੇ ਕਹਿੰਦਿਆਂ ਪੁੱਛਿਆ, "ਵੀਰ, ਤੇਰਾ ਮੇਰੀ ਨੀਂਹ ਭਰਵਾਉਣ ਲਈ ਬੜਾ ਹੀ ਧੰਨਵਾਦ। ਤੂੰ ਮਕਾਨ ਵਿੱਚ ਆਈ ਅਹੁ ਤ੍ਰੇੜ ਤਾਂ ਵੇਖ ਹੀ ਰਿਹਾ ਏਂ। ਜੇ ਹੁਕਮ ਹੋਵੇ ਤਾਂ ਕੰਧ ਦੇ ਨਾਲ ਨਾਲ ਢਾਲ਼ੂ ਫ਼ਰਸ਼ ਲਵਾਅ ਦੇਵਾਂ ਤਾਂ ਕਿ ਪਾਣੀ ਨੀਂਹ 'ਚ ਨਾ ਵੜ ਸਕੇ।"

ਜੱਫੀ ਸਿਰਫ਼ ਮੈਂ ਹੀ ਪਾਈ ਸੀ। ਉਹ ਇਸ ਤਰ੍ਹਾਂ ਖੜ੍ਹਾ ਰਿਹਾ ਜਿਵੇਂ ਕਿ ਪੱਥਰ ਦਾ ਬਣਿਆ ਹੋਇਆ ਹੋਵੇ। ਕੁਝ ਪਲ ਸੋਚਣ ਤੋਂ ਬਾਅਦ ਹੁਕਮ ਦੇਣ ਵਾਂਙ ਆਖਣ ਲੱਗਾ, "ਇਹ ਤਾਂ ਬਣਾਅ ਲਵੋ। ਪਰ ਕੰਧ ਨ੍ਹੀਂ ਅਸੀਂ ਕੱਢਣ ਦੇਣੀ। ਐਵੇਂ ਚੌਥੇ ਮੁਹੱਲੇ 'ਚੋਂ ਆ ਕੇ ਰੋਅਬ ਨ੍ਹੀਂ ਜਮਾਉਣ ਦੇਣਾ, ਕਿਸੇ ਨੂੰ ਅਸੀਂ। ਇੱਥੇ ਤਾਂ ਉਹ ਹੀ ਹੋਵੇਗਾ ਜੋ ਸਾਡੀ ਮਰਜ਼ੀ ਹੋਵੇਗੀ।"

"ਐਵੇਂ ਈ ਆ ਜਾਂਦੇ ਆ ਮੂੰਹ ਚੁੱਕ ਕੇ ਤੇ ਮਨ ਮਰਜ਼ੀਆਂ ਕਰਨ ਲੱਗ ਜਾਂਦੇ ਆ, ਜਿਵੇਂ ਕੋਈ ਕਾਨੂੰਨ ਹੀ ਨਾ ਹੋਵੇ। ਓ ਮੁੰਡਿਆ ! ਬੰਦਾ ਬਣ ਕੇ ਰਹੀਂ ਜੇ ਏਥੇ ਰਹਿਣੈਂ ਤਾਂ।" ਉਹ ਆਪੂੰ ਬਣਿਆ ਸਰਪੰਚ ਪੁਲਸੀਆ ਸਾਨੂੰ ਦੋਵਾਂ ਜਣਿਆਂ ਨੂੰ ਸੰਬੋਧਨ ਕਰ ਕੇ ਅਜੇ ਵੀ ਬੋਲੀ ਜਾ ਰਿਹਾ ਸੀ।

"ਨੀਂਹ ਤਾਂ ਬੰਦ ਕਰਵਾਅ ਤੀ ਹੁਣ ਢਾਲ ਬਣਵਾਅ ਲਈਏ ਕਿ ਡਿੱਗ ਲੈਣ ਦੇਈਏ ਏਸ ਮਕਾਨ ਨੂੰ ?" ਮੈਂ ਉਸ ਪੁਲਸੀਏ ਨੂੰ ਗੁੱਸੇ ਅਤੇ ਨਿਹੋਰੇ ਨਾਲ ਪੁੱਛਿਆ।

"ਰੈਂਪ ਤਾਂ ਜੀਅ ਸਦਕੇ ਬਣਾਓ ਪਰ ਮੈਂ ਕੰਧ ਨ੍ਹੀਂ ਕੱਢਣ ਦੇਣੀ।" ਉਹ ਇਸ ਤਰ੍ਹਾਂ ਹੁਕਮ ਤੇ ਰੋਅਬ ਨਾਲ ਆਖ ਕੇ ਗਿਆ ਕਿ ਮੈਂ ਕੀ ਸਾਰੇ ਮਜ਼ਦੂਰ ਵੀ ਡਰ ਗਏ ਸਨ।

ਘੰਟੇ ਕੁ ਦੇ ਇਸ ਘਟਨਾਕ੍ਰਮ ਨੇ ਮੈਨੂੰ ਤਾਂ ਧੁਰ ਅੰਦਰ ਤੱਕ ਹਿਲਾਅ ਕੇ ਰੱਖ ਦਿੱਤਾ ਸੀ। ਸੱਚਾ-ਸੁੱਚਾ ਹੁੰਦਾ ਹੋਇਆ ਵੀ ਮੈਂ ਝੂਠਾ ਪੈ ਗਿਆ ਸਾਂ। ਮਜ਼ਦੂਰੀ ਕਰਨ ਆਈਆਂ ਦੋ ਔਰਤਾਂ ਨੇ ਮੇਰੇ ਮਨ ਦੀ ਹਾਲਤ ਪੜ੍ਹ ਲਈ ਸੀ। ਇੱਕ ਨੇ ਮੈਨੂੰ ਬਹੁਤ ਹੀ ਪਿਆਰ ਨਾਲ ਆਖਿਆ, "ਪੁੱਤ, ਹੈ ਤਾਂ ਮੈਂ ਅਨਪੜ੍ਹ ਪਰ ਮੈਂ ਇਹੋ ਜਿਹੇ ਮਸਲੇ ਬਥੇਰੇ ਵੇਖੇ ਨੇ। ਇਹ ਜਗ੍ਹਾ ਤੇਰੀ ਹੀ ਏ। ਕੋਈ ਨਾ, ਫ਼ਿਕਰ ਨਾ ਕਰ, ਇਹ ਕਿਹੜਾ ਚੁੱਕ ਕੇ ਲੈ ਜਾਣਗੇ ਜਾਂ ਵ਼ਲ ਲੈਣਗੇ। ਤੈਨੂੰ ਤਾਂ, ਤਾਂ ਦੁੱਖ ਹੋਵੇ ਜੇ ਇਹ ਤੇਰੀ ਜਗ੍ਹਾ ਵ਼ਲਦੇ ਹੋਣ। ਇਹਨਾਂ ਚੋਂ ਕਿਹੜਾ ਕਿਸੇ ਦੀ ਜਗ੍ਹਾ ਦੇ ਨਾਲ ਲੱਗਦੀ ਏ ਇਹ ਜਗ੍ਹਾ। ਐਵੇਂ ਭੌਂਕਦੇ ਆ ਕੁੱਤੇ। ਔਹ ਪੁਲਸੀਏ ਦੇ ਸਿਰ 'ਤੇ ਹੀ ਸ਼ੇਰ ਬਣਗੇ ਸੀ ਸਾਰੇ। ਇਹ ਥਾਣੇ ਵਿੱਚ ਲੋਕਾਂ ਨੂੰ ਵੀ ਇਹੋ ਜਿਹਾ ਅਨਸਾਫ ਹੀ ਦਿੰਦਾ ਹੋਊ।"

ਉਸ ਦੇ ਬੋਲਾਂ ਵਿੱਚ ਏਨਾ ਪਿਆਰ ਤੇ ਅਪਣੱਤ ਸੀ ਕਿ ਮੈਨੂੰ ਇਸ ਤਰ੍ਹਾਂ ਮਹਿਸੂਸ ਹੋਣ ਲੱਗ ਪਿਆ ਸੀ ਜਿਵੇਂ ਮੇਰੀ ਮਾਂ ਹੀ ਮੈਨੂੰ ਹੌਸਲਾ ਦੇ ਰਹੀ ਹੋਵੇ।

ਇੰਨੇ ਨੂੰ ਇੱਟਾਂ ਵਾਲੀ ਟਰਾਲੀ ਵੀ ਆ ਗਈ। ਮੈਂ ਤੇ ਮਿਸਤਰੀ ਇੱਕ ਦੂਜੇ ਵੱਲ ਝਾਕੇ ਤੇ ਬਿਨ ਬੋਲੇ ਹੀ ਸਮਝ ਵੀ ਗਏ ਕਿ ਹੁਣ ਇਹਨਾਂ ਦੀ ਲੋੜ ਤਾਂ ਹੈ ਨਹੀਂ ਸੀ ਪਰ ਆਰਡਰ ਕੀਤਾ ਹੋਇਆ ਸੀ, ਲੁਹਾਉਣੀਆਂ ਹੀ ਪੈਣੀਆਂ ਸਨ। ਮਿਸਤਰੀ ਨੇ ਦੱਸਿਆ ਕਿ ਰੈਂਪ ਲਈ ਤਾਂ ਸਿਰਫ਼ ਸੌ ਕੁ ਇੱਟ ਹੀ ਚਾਹੀਦੀ ਏ। ਅਸੀਂ ਸੌ ਕੁ ਇੱਟ ਲੁਹਾਅ ਕੇ ਬਾਕੀ ਦੀਆਂ ਇੱਟਾਂ ਆਪਣੇ ਪੁਰਾਣੇ ਘਰ ਦੇ ਅੱਗੇ ਹੀ ਸੁਟਵਾਅ ਲਈਆਂ।

ਇਸ ਘਟਨਾ ਬਾਰੇ ਅਸੀਂ ਕਿਸੇ ਨੂੰ ਕੁਝ ਵੀ ਨਹੀਂ ਦੱਸਿਆ ਸੀ ਪਰ ਜਦ ਮੇਰਾ ਵੱਡਾ ਭਰਾ ਯਾਦਵਿੰਦਰ ਢਾਈ ਕੁ ਵਜੇ ਸਕੂਲੋਂ ਘਰ ਆਇਆ ਤਾਂ ਉਹ ਸਾਨੂੰ ਇੱਟਾਂ ਦੂਜੇ ਘਰ ਸੁਟਵਾਉਣ ਬਾਰੇ ਪੁੱਛਣ ਲੱਗ ਪਿਆ। ਮੈਂ ਹੌਲ਼ੀ-ਹੌਲ਼ੀ ਉਸ ਨੂੰ ਦੋ ਕੁ ਘੰਟੇ ਪਹਿਲਾਂ ਵਾਪਰੀ ਸਾਰੀ ਕਹਾਣੀ ਦੱਸ ਦਿੱਤੀ। ਸਾਰੀ ਗੱਲ ਸੁਣਦੇ ਸਾਰ ਹੀ ਉਸ ਦਾ ਖ਼ੂਨ ਉਬਾਲੇ ਮਾਰਨ ਲੱਗ ਪਿਆ ਤੇ ਆਖਣ ਲੱਗਾ, "ਰੌਲ਼ਾ ਪੈਣ ਵੇਲੇ ਫ਼ੋਨ ਕਿਉਂ ਨ੍ਹੀਂ ਕੀਤਾ ? ਅਸੀਂ ਦੋਵਾਂ ਜਣਿਆਂ ਨੇ ਪੰਜਾਂ ਮਿੰਟਾਂ ਵਿੱਚ ਹੀ ਆ ਜਾਣਾ ਸੀ। ਫੇਰ ਪੁੱਛਣਾ ਸੀ ਇਹਨਾਂ ਵੱਡੇ ਨਾਢੂ ਖ਼ਾਨਾਂ ਨੂੰ।"

ਮੇਰੇ ਦੋਵੇਂ ਭਰਾ ਸਾਡੇ ਸ਼ਹਿਰ ਦੇ ਸਕੂਲਾਂ ਵਿੱਚ ਹੀ ਨੌਕਰੀ ਕਰਦੇ ਹਨ ਤੇ ਉਹਨਾਂ ਦੇ ਘਰ ਅਤੇ ਸਕੂਲ ਵਿਚਲੀ ਦੂਰੀ ਡੇਢ ਕਿਲੋਮੀਟਰ ਦੇ ਲਗਭਗ ਹੀ ਹੈ। ਹੁਣ ਕੀਤਾ ਵੀ ਕੀ ਜਾ ਸਕਦਾ ਸੀ ? ਮੇਰੇ ਪਿਤਾ ਜੀ ਨੇ ਤਾਂ ਹੁਕਮ ਸੁਣਾਅ ਦਿੱਤਾ ਸੀ ਜਿਹੜਾ ਕਿ ਬਦਲਿਆ ਵੀ ਨਹੀਂ ਸੀ ਜਾ ਸਕਦਾ। ਦੂਜਾ ਭਰਾ ਕੰਵਲਦੀਪ ਵੀ ਆਣ ਕੇ ਇਹੋ ਕੁਝ ਹੀ ਆਖਣ ਲੱਗ ਪਿਆ। ਉਹ ਦੋਵੇਂ ਮੇਰੇ ਨਾਲ ਬਹੁਤ ਹੀ ਗੁੱਸੇ ਹੋ ਰਹੇ ਸਨ। ਸ਼ਾਇਦ ਮੇਰੇ ਪਿਤਾ ਜੀ ਨੇ ਵੀ ਪਹਿਲਾਂ ਹੀ ਇਹ ਅੰਦਾਜ਼ਾ ਲਾ ਲਿਆ ਸੀ ਕਿ ਜੇ ਉਹ ਦੋਵੇਂ ਵੀ ਮੌਕੇ 'ਤੇ ਆ ਗਏ ਤਾਂ ਕਹਾਣੀ ਬਹੁਤੀ ਖ਼ਰਾਬ ਹੋ ਸਕਦੀ ਹੈ। ਸ਼ਾਇਦ ਇਸ ਲਈ ਹੀ ਉਹਨਾਂ ਨੇ ਲੜਾਈ ਨਾ ਵਧਾਉਣ ਦਾ ਫ਼ੈਸਲਾ ਕਰ ਲਿਆ ਸੀ।

ਸ਼ਾਮ ਦੇ ਸਾਢੇ ਕੁ ਚਾਰ ਵੱਜ ਗਏ ਸਨ। ਮਜ਼ਦੂਰਾਂ ਨੇ ਪੁੱਟੀ ਹੋਈ ਨੀਂਹ ਵਾਲੀ ਜਗ੍ਹਾ ਦੀ ਇੱਕ ਪਾਸੇ ਤੋਂ ਦੁਰਮਟ ਨਾਲ ਕੁਟਾਈ ਕਰ ਦਿੱਤੀ ਸੀ। ਰੈਂਪ ਬਣਾਉਣ ਲਈ ਸੀਮੈਂਟ ਵੀ ਰਲਾਅ ਕੇ ਤਿਆਰ ਕਰ ਲਿਆ ਗਿਆ ਸੀ। ਮਿਸਤਰੀ ਨੇ ਰੈਂਪ ਬਣਾਉਣ ਲਈ ਇੱਟਾਂ ਚਿਣ ਦਿੱਤੀਆਂ ਸਨ। ਉਸ ਨੇ ਇੱਕ ਪਾਸੇ ਤੋਂ ਰੈਂਪ ਬਣਾਉਣਾ ਸ਼ੁਰੂ ਕਰ ਦਿੱਤਾ।

ਮੇਰੇ ਨਵੇਂ ਨਵੇਂ ਬਣੇ ਵੈਰੀ ਦਾ ਪਿਓ ਫਿਰ ਘਰ ਤੋਂ ਬਾਹਰ ਆ ਗਿਆ ਅਤੇ ਅੱਧ ਬਣੇ ਰੈਂਪ ਵੱਲ ਵੇਖ ਕੇ ਅੱਗ ਬਬੂਲਾ ਹੋ ਉੱਠਿਆ, "ਤੂੰ, ਆਹ ਇੱਟਾਂ ਕਾਹਤੋਂ ਲਾਈਐਂ ? ਮੈਂ ਤੈਨੂੰ ਦੁਪਹਿਰੇ ਵੀ ਰੋਕ ਕੇ ਗਿਆ ਸੀ। ਤੂੰ ਹਟਦਾ ਈ ਨ੍ਹੀਂ, ਓਏ। ਬੰਦ ਕਰਵਾਅ ਕੰਮ।" ਉਹ ਗੁੱਸੇ ਵਿੱਚ ਭੁੜਕਿਆ।

"ਸਰਦਾਰ ਜੀ, ਇੱਟਾਂ ਤੋਂ ਬਿਨਾਂ ਸੀਮੈਂਟ ਕਿਵੇਂ ਖੜ੍ਹੇਗਾ ? ਚਾਲੀ ਫੁੱਟ ਦੀ ਲਾਮ ਆ।" ਮਿਸਤਰੀ ਨੇ ਉਸ ਨੂੰ ਸਮਝਾਉਣ ਦਾ ਜਤਨ ਕੀਤਾ।ਇਹ ਪਹਿਲਾ ਮੌਕਾ ਸੀ ਜਦ ਮਿਸਤਰੀ ਸਾਡੇ ਝਗੜੇ ਵਿੱਚ ਬੋਲਿਆ ਸੀ।

"ਤੂੰ ਬੰਦੇ ਦਾ ਪੁੱਤ ਬਣ ਕੇ ਕੰਮ ਬੰਦ ਕਰਵਾਅ ਦੇ।ਨਹੀਂ ਏਥੇ ਹੋਰ ਈ ਕਹਾਣੀ ਬਣ ਜਾਣੀ ਏ।" ਹੁਣ ਉਹ ਮੇਰੇ ਵੱਲ ਅਹੁਲਿਆ।

"ਅੰਕਲ, ਤੂੰ ਹੀ ਖੜ੍ਹਾਅ ਕੇ ਵਿਖਾਅ ਸੀਮੈਂਟ, ਇੱਟਾਂ ਤੋਂ ਬਗੈਰ।ਇਹ ਤਾਂ ਰੁੜ੍ਹ ਜਾਵੇਗਾ।ਨਾਲੇ, ਔਹ ਤੇਰੇ ਦਰਵਾਜ਼ੇ ਵਾਲਾ ਰੈਂਪ ਵੀ ਤਾਂ ਇੱਟਾਂ ਲਾ ਕੇ ਈ ਬਣਾਇਆ ਹੋਇਐ।" ਮੈਂ ਉਸ ਨੂੰ ਪਹਿਲੀ ਵਾਰ 'ਤੂੰ' ਆਖ ਕੇ ਸੰਬੋਧਨ ਕੀਤਾ ਸੀ।ਲੋਕ ਵੀ ਜਿਵੇਂ ਏਨੀ ਗਰਮੀ ਦੇ ਬਾਵਜੂਦ ਸੁੱਤੇ ਹੀ ਨਹੀਂ ਸਨ।ਸਾਡਾ ਮਾੜਾ ਜਿਹਾ ਰੌਲ਼ਾ ਸੁਣ ਕੇ ਝੱਟ ਦੇਣੇ ਬਾਹਰ ਆ ਗਏ ਸਨ।ਏਨੇ ਵਿੱਚ ਹੀ ਮੇਰਾ ਵਿਚਕਾਰਲਾ ਭਰਾ ਕੰਵਲਦੀਪ ਜੋ ਕਿ ਦੁੱਧ ਲੈਣ ਚੱਲਿਆ ਸੀ ਵੀ ਮੌਕੇ 'ਤੇ ਆ ਗਿਆ।ਰਾਮ ਰੌਲ਼ੇ ਵਿੱਚ ਜਦ ਉਸ ਨੂੰ ਰੈਂਪ ਵੀ ਨਾ ਬਣਾਉਣ ਦੇਣ ਬਾਰੇ ਪਤਾ ਲੱਗਾ ਤਾਂ ਉਹ ਸਾਰੀ ਗੱਲ ਸੁਣ ਕੇ ਗੁੱਸੇ ਵਿੱਚ ਆ ਗਿਆ।

"ਓਏ ਅੰਕਲਾ, ਤੇਰੀ ਇੱਜ਼ਤ ਕਰਦੇ ਸੀ ਪਰ ਹੁਣ ਨ੍ਹੀਂ ਹੋਣੀ ਸਾਥੋਂ।ਤੂੰ ਤਾਹੇਂ ਤਾਂਹ ਵਧਦਾ ਜਾਂਦਾ ਏ।ਦੁਪਹਿਰੇ ਵੀ ਜੁਆਕ ਨੂੰ ਕੱਲ੍ਹਾ ਵੇਖ ਕੇ ਦਬਾਅ ਲਿਆ।ਰੈਂਪ ਤਾਂ ਬਣੂੰਗਾ ਹੀ ਬਣੂੰਗਾ।ਆਜੋ ਜੀਹਨੇ ਰੋਕਣਾ ਏ।ਚੱਲ ਮਿਸਤਰੀ, ਪਾ ਮਸਾਲਾ, ਮੈਂ ਵੇਖਦਾਂ ਕਿਹੜਾ ਆਉਂਦਾ ਏ, ਸਾਡੇ ਥਾਂ ਵਿੱਚ।" ਕੰਵਲਦੀਪ ਨੇ ਮਿਸਤਰੀ ਨੂੰ ਇਸ਼ਾਰਾ ਕੀਤਾ ਤੇ ਆਪ ਕੰਧ ਦੇ ਨਾਲ ਖੜ੍ਹ ਗਿਆ, ਜਿੱਥੇ ਮਸਾਲਾ ਪਾਉਣਾ ਸੀ।

ਹੁਣ ਇਕੱਠ ਵਿੱਚ ਪੁਲਸੀਏ ਸਰਪੰਚ ਦੇ ਨਾਲ-ਨਾਲ ਇੱਕ ਹੋਰ ਪੁਲਿਸ ਵਾਲਾ ਵੀ ਆ ਚੁੱਕਾ ਸੀ।ਮੇਰੇ ਜਾਣੂੰ ਦਾ ਪਿਓ ਉਹਨਾਂ ਦੀ ਆਮਦ ਨਾਲ ਹੋਰ ਹੌਸਲੇ ਵਿੱਚ ਆ ਗਿਆ ਸੀ ਤੇ ਸਾਡੇ ਦਰਵਾਜ਼ੇ ਵੱਲ ਨੂੰ ਵਧਦਾ ਹੋਇਆ ਬੋਲਿਆ, "ਮੈਂ ਪੱਟੂੰ ਇੱਟਾਂ।"

ਅਜੇ ਉਸਨੇ ਇੱਟ ਨੂੰ ਹੱਥ ਲਾਇਆ ਹੀ ਸੀ ਕਿ ਕੰਵਲਦੀਪ ਨੇ ਉਸ ਦੀ ਗਿੱਚੀ ਵਿੱਚ ਕਰਾਰਾ ਜਿਹਾ ਘਸੁੰਨ ਜੜ ਦਿੱਤਾ ਤੇ ਉਹ ਤਿੰਨ-ਚਾਰ ਲੋਟਣੀਆਂ ਖਾ ਗਿਆ।ਪਰ ਉਹ ਫਿਰ ਜਲਦੀ ਨਾਲ ਉੱਠਿਆ ਅਤੇ ਮਿਸਤਰੀ ਦਾ ਰੱਖਿਆ ਹੋਇਆ ਗਜ਼ ਚੁੱਕ ਕੇ ਉਸ ਉੱਤੇ ਵਾਰ ਕਰਨ ਨੂੰ ਪਿਆ।ਸ਼ਾਇਦ ਪਹਿਲੇ ਹੀ ਘਸੁੰਨ ਨੇ ਉਸ ਨੂੰ ਏਨਾ ਜ਼ਿਆਦਾ ਨਿਢਾਲ ਕਰ ਦਿੱਤਾ ਸੀ ਕਿ ਉਸ ਕੋਲੋਂ ਗਜ਼ ਚੰਗੀ ਤਰ੍ਹਾਂ ਫੜਿਆ ਹੀ ਨਹੀਂ ਸੀ ਗਿਆ।ਮੈਂ ਉਸ ਦਾ ਗਜ਼ ਖੋਹ ਲਿਆ ਅਤੇ ਪੰਜ-ਸੱਤ ਹੂਰੇ ਉਸ ਦੇ ਬੂਥੇ 'ਤੇ ਜੜ ਦਿੱਤੇ।ਉਹ ਥੱਲੇ ਡਿੱਗ ਪਿਆ ਤੇ ਉੱਥੇ ਤਾਜ਼ੀ ਪੁੱਟੀ ਹੋਈ ਮਿੱਟੀ ਵਿੱਚ ਉਸ ਦਾ ਮੂੰਹ ਧਸ

ਗਿਆ ਸੀ। ਉਸ ਦਾ ਚਿਹਰਾ ਮਿੱਟੀ ਨਾਲ ਲਿੱਬੜ ਜਾਣ ਕਾਰਨ ਉਸ ਦੀ ਸ਼ਕਲ ਬੇ-ਪਛਾਣ ਹੋ ਗਈ। ਏਨੇ 'ਚ ਹੀ ਕਾਫ਼ੀ ਰੌਲ਼ਾ ਰੱਪਾ ਪੈ ਗਿਆ। ਦੋਹਾਂ ਪਾਸਿਆਂ ਤੋਂ ਮਾਂ ਭੈਣ ਦੀਆਂ ਗਾਲ੍ਹਾਂ ਦੀ ਵਾਛੜ ਹੋਣ ਲੱਗ ਪਈ। ਉਸ ਦੀ ਮੋਮੋ-ਠਗਣੀ ਘਰਵਾਲੀ ਆਪਣੇ ਪਤੀ ਦੀ ਲਿੱਬੜੀ-ਤਿੱਬੜੀ ਹਾਲਤ ਵੇਖ ਕੇ ਦੁਹਾਈਆਂ ਪਾਉਣ ਲੱਗ ਪਈ, "ਹਾਏ ਵੇ, ਮਾਰਤਾ ਵੇ, ਮੇਰੇ ਘਰ ਵਾਲੇ ਨੂੰ। ਕੋਈ ਬਚਾਅ ਲੋ ਵੇ। ਜ਼ਾਲਮਾਂ ਨੇ ਕੀ ਕਰ ਦਿੱਤਾ ਵੇ।"

"ਵੜ ਸਹੀ ਸਾਡੇ ਥਾਂ ਵਿੱਚ, ਤੈਨੂੰ ਦੇਈਏ ਦੱਖੂ ਦਾਣਾ। ਆ ਕੁੱਤਿਆ ਸਾਲਿਆ, ਤੇਰੀ ਦੇਈਏ----।" ਕੰਵਲਦੀਪ ਉੱਚੀ-ਉੱਚੀ ਬੋਲੀ ਜਾ ਰਿਹਾ ਸੀ।

ਤਿੰਨ ਚਾਰ ਮਿੰਟ ਵਿੱਚ ਹੀ ਉਸ ਦੀ ਵਾਹਵਾ ਗਿੱਦੜ-ਕੁੱਟ ਹੋ ਗਈ। ਕੁਝ ਬੰਦਿਆਂ ਨੇ ਸਾਨੂੰ ਫੜ ਲਿਆ ਤੇ ਉਸ ਦਾ ਬਚਾਅ ਕਰ ਲਿਆ। ਉਹ ਆਪਣੇ ਖਿੱਲਰੇ ਹੋਏ ਵਾਲਾਂ ਦਾ ਜੂੜਾ ਕਰਦਾ ਤੇ ਗਲ ਵਿੱਚ ਪਏ ਹੋਏ ਪਰਨੇ ਨੂੰ ਸਾਂਭਦਾ ਹੋਇਆ ਅਜੇ ਵੀ ਨੱਕ ਵਿੱਚੋਂ ਠੂੰਹੇਂ ਸੁੱਟ ਰਿਹਾ ਸੀ, "ਕਰਦਾ ਆਂ ਗੱਲ, ਪੁੱਤ ਮੈਂ। ਛੱਡਣਾ ਤਾਂ ਮੈਂ ਵੀ ਨ੍ਹੀਂ ਵੇਖ ਲਿਓ। ਤੁਸੀਂ ਜਾਣਦੇ ਨਹੀਂ, ਕੀਹਦੇ ਨਾਲ ਪੰਗਾ ਲਿਆ ਏ।" ਉਸ ਨੂੰ ਉਮੀਦ ਹੀ ਨਹੀਂ ਸੀ ਕਿ ਉਸ ਦੀ ਇੰਝ ਛਿਤਰੌਲ ਵੀ ਹੋ ਸਕਦੀ ਹੈ। ਉਹ ਸ਼ਰਮ ਜਿਹੀ ਮੰਨਦਾ ਹੋਇਆ ਪਰ੍ਹਾਂ ਜਾ, ਖੜ੍ਹ ਕੇ ਬੋਲਦਾ ਰਿਹਾ।

ਹੈਰਾਨੀ ਵਾਲੀ ਗੱਲ ਇਹ ਸੀ ਕਿ ਦੁਪਹਿਰ ਵੇਲ਼ੇ ਸਰਪੰਚ ਬਣਿਆ ਪੁਲਸੀਆ ਤੇ ਹੁਣ ਉਸਦਾ ਨਵਾਂ ਆਇਆ ਯਾਰ, ਉਸ ਨੂੰ ਛੁਡਵਾਉਣ ਲਈ ਵੀ ਅੱਗੇ ਨਹੀਂ ਸਨ ਆਏ। 'ਪੈਂਦੀਆਂ 'ਚ ਕੋਈ ਨ੍ਹੀਂ ਖੜ੍ਹਦਾ' ਵਾਲੀ ਕਹਾਵਤ ਸੱਚੀ ਹੋ ਰਹੀ ਸੀ ਜਾਂ ਫਿਰ ਉਹ ਦੋਵੇਂ ਪੁਲਸੀਏ ਜਾਣਦੇ ਸਨ ਕਿ ਕਿਸੇ ਦੇ ਥਾਂ ਵਿੱਚ ਜਾ ਕੇ ਪੰਗਾ ਲੈਣ ਨਾਲ ਉਹ ਕਾਨੂੰਨੀ ਤੌਰ 'ਤੇ ਗ਼ਲਤ ਸਾਬਿਤ ਹੋ ਸਕਦੇ ਸਨ। ਉਹ ਦੋਵੇਂ ਗਲੀ ਦੀ ਪਰਲੀ ਨੁੱਕਰ 'ਤੇ ਭੀੜ ਵਿੱਚ ਖੜ੍ਹ ਕੇ ਉਸ ਦੀ ਮੁਰੰਮਤ ਹੁੰਦੀ ਹੀ ਵੇਖਦੇ ਰਹੇ ਸਨ।

"ਕੋਈ ਨ੍ਹੀਂ ਲਿਆਉਂਦੇ ਆਂ ਪੁਲਿਸ ਤੇ ਕਰਵਾਉਂਦੇ ਆਂ ਥੋਡੀ ਵੀ ਛਿੱਤਰ-ਪ੍ਰੇਡ।" ਹੁਣ ਸਰਪੰਚ ਪੁਲਸੀਆ ਉੱਚੀ ਦੇਣੇ ਗਰਜਿਆ।

"ਜਾਹ, ਲੈ ਆ ਜੀਹਨੂੰ ਲਿਆਉਣੈ। ਦਰਖਾਸਤ ਤਾਂ ਮੈਂ ਦੇਣੀ ਆ ਥੋਡੇ 'ਤੇ। ਸਵੇਰ ਦੇ ਧੱਕਾ ਈ ਕਰੀ ਜਾਂਦੇ ਓ।" ਮੈਂ ਉਸ ਨੂੰ ਮੋੜਵਾਂ ਜਵਾਬ ਦਿੱਤਾ।

ਸਰਪੰਚ ਪੁਲਸੀਏ ਨੇ ਪਾਸੇ ਜਿਹੇ ਹੋ ਕੇ ਦੋ ਤਿੰਨ ਫ਼ੋਨ ਘੁਮਾਏ ਤੇ ਦਸ ਕੁ ਮਿੰਟਾਂ ਵਿੱਚ ਹੀ ਪੁਲਿਸ ਦੀ ਭਰੀ ਹੋਈ ਗੱਡੀ ਹੂਟਰ ਮਾਰਦੀ ਹੋਈ ਸਾਡੇ ਦਰਵਾਜ਼ੇ ਅੱਗੇ ਆਣ ਕੇ ਖੜ੍ਹ ਗਈ। ਲੋਕ ਫਿਰ ਇਕੱਠੇ ਹੋ ਗਏ ਸਨ। ਗੱਡੀ

ਵਿੱਚੋਂ ਉੱਤਰਦਾ ਥਾਣੇਦਾਰ ਸਭ ਤੋਂ ਪਹਿਲਾਂ ਮੂਹਰੇ ਖੜ੍ਹੇ ਸਰਪੰਚ ਪੁਲਸੀਏ ਨੂੰ ਮਿਲਿਆ ਤੇ ਬੋਲਿਆ, "ਓ ਯਾਰ, ਆਹ ਗਲੀਆਂ ਜਿਹੀਆਂ 'ਚ ਆ ਕੇ ਭੁੱਲ ਹੀ ਜਾਈਦਾ ਤੇਰਾ ਘਰ। ਤਾਂ ਹੀ ਲੇਟ ਹੋ ਗਏ।"

ਪੁਲਿਸ ਦੀ ਏਨੀ ਹੁਸ਼ਿਆਰੀ ਮੈਂ ਜ਼ਿੰਦਗੀ ਵਿੱਚ ਪਹਿਲੀ ਵਾਰ ਵੇਖੀ ਸੀ ਤੇ ਇਸ ਹੁਸ਼ਿਆਰੀ ਨੂੰ ਵੀ ਥਾਣੇਦਾਰ 'ਲੇਟ ਹੋ ਗਏ' ਆਖ ਰਿਹਾ ਸੀ।

"ਕੀ ਰੌਲ਼ਾ ਪੈ ਗਿਆ, ਦੱਸ ਮੈਨੂੰ।" ਉਸ ਨੇ ਆਉਂਦੇ ਹੀ ਕੰਮ ਦੀ ਗੱਲ ਸ਼ੁਰੂ ਕੀਤੀ।

"ਆਹ ਵੇਖੋ ਜੀ, ਗਲੀ ਦੇ ਉੱਤੇ ਕਬਜ਼ਾ ਕਰੀ ਜਾਂਦੇ ਨੇ। ਨਾਲੇ ਗੁੰਡਾਗਰਦੀ ਕਰਦੇ ਆ।" ਸਰਪੰਚ ਪੁਲਸੀਏ ਨੇ ਮੋਰਚਾ ਸੰਭਾਲਦੇ ਹੋਏ ਆਖਿਆ।

"ਕੋਈ ਗਲੀ 'ਤੇ ਕਬਜ਼ਾ ਨਹੀਂ ਜੀ, ਆਹ ਵੇਖੋ ਮੇਰੇ ਕੋਲ ਰਜਿਸਟਰੀ ਆ। ਪਹਿਲਾਂ ਧੱਕੇ ਨਾਲ ਸਾਡੀ ਨੀਂਹ ਬੰਦ ਕਰਵਾਅ ਗਏ ਤੇ ਹੁਣ ਸਾਨੂੰ ਰੈਂਪ ਵੀ ਨ੍ਹੀਂ ਬਣਾਉਣ ਦਿੰਦੇ। ਗੁੰਡਾਗਰਦੀ ਤਾਂ ਇਹ ਕਰੀ ਜਾਂਦੇ ਆ ਸਾਡੇ ਨਾਲ।" ਮੈਂ ਥਾਣੇਦਾਰ ਵੱਲ ਵਧਦੇ ਹੋਏ ਉਸ ਦੀ ਗੱਲ ਦਾ ਜਵਾਬ ਦਿੱਤਾ।

ਥਾਣੇਦਾਰ ਨੇ ਰਜਿਸਟਰੀ ਦੀ ਕਾਪੀ ਹੱਥ ਵਿੱਚ ਫੜ ਲਈ ਅਤੇ ਫਿਰ ਮਿਸਤਰੀ ਤੋਂ ਫੀਤਾ ਮੰਗਿਆ ਤੇ ਫਿਰ ਗੁੱਸੇ ਵਿੱਚ ਸਿਪਾਹੀਆਂ ਨੂੰ ਹੁਕਮ ਸੁਣਾਇਆ, "ਜਾਓ ਓਏ, ਮਿਣੋ।"

ਏਨੇ ਵਿੱਚ ਹੀ ਮੇਰੇ ਜਾਣੂੰ ਦਾ ਪਿਓ ਹੁਣ ਪਰਨਾ ਚੰਗੀ ਤਰ੍ਹਾਂ ਬੰਨ੍ਹ ਕੇ ਆ ਗਿਆ, "ਰਜਿਸਟਰੀ ਤਾਂ ਜੀ ਜਾਅਲੀ ਚੁੱਕੀ ਫਿਰਦੇ ਆ, ਜੀ। ਸਾਨੂੰ ਤੀਹ ਸਾਲ ਹੋ ਗੇ ਏਥੇ ਰਹਿੰਦਿਆਂ ਨੂੰ, ਅੱਗੇ ਤਾਂ ਕਿਸੇ ਨੇ ਕੰਧ ਨ੍ਹੀਂ ਕੀਤੀ। ਇਹ ਕੱਲ੍ਹ ਦੇ ਆਏ ਸਾਡੇ 'ਤੇ ਰੋਅਬ ਪਾਈ ਜਾਂਦੇ ਆ।"

"ਰੋਅਬ ਤੂੰ ਪਾਉਂਦੈ ਕਿ ਅਸੀਂ ? ਸਾਡੀ ਜਗ੍ਹਾ ਵਿੱਚ ਆ ਕੇ ਸਾਨੂੰ ਈ ਧਮਕੀਆਂ ਦੇਈ ਜਾਨੈ। ਕਦੇ ਇੱਟਾਂ ਪੁੱਟਣ ਲੱਗ ਜਾਂਦੈ। ਹੋਰ ਅਸੀਂ ਤੈਨੂੰ ਫੁੱਲ ਪਾਈਏ ?" ਕੰਵਲਦੀਪ ਉਸ ਨੂੰ ਟੁੱਟ ਕੇ ਪਿਆ। ਉਹ ਇੱਕਦਮ ਤਾਂ ਠਠੰਬਰ ਹੀ ਗਿਆ ਸ਼ਾਇਦ ਉਸ ਨੂੰ ਅਜੇ ਪੰਦਰਾਂ ਕੁ ਮਿੰਟ ਪਹਿਲਾਂ ਹੀ ਹੋਈ ਛਿੱਤਰ-ਪ੍ਰੇਡ ਯਾਦ ਆ ਗਈ ਸੀ।

"ਚੁੱਪ ਕਰ ਜੋ, ਨਹੀਂ ਮੈਂ ਸਭ ਨੂੰ ਅੰਦਰ ਡੱਕ ਦੂੰ। ਜਦੋਂ ਮੈਂ ਆ ਗਿਆਂ ਤਾਂ ਤੁਸੀਂ ਨ੍ਹੀਂ ਬੋਲਣਾ। ਜੀਹਨੂੰ ਪੁੱਛੂੰ ਉਹ ਹੀ ਜਵਾਬ ਦੇਵੇ।" ਥਾਣੇਦਾਰ ਉੱਚੀ ਆਵਾਜ਼ ਵਿੱਚ ਬੋਲਿਆ ਤਾਂ ਸਭ ਚੁੱਪ ਕਰ ਗਏ।

ਸਿਪਾਹੀ ਫੀਤਾ ਫੜ ਕੇ ਨਿਸ਼ਾਨੀ ਲਾ ਰਹੇ ਸਨ ਕਿ ਜਗ੍ਹਾ ਕਿੱਥੋਂ ਕੁ ਤੱਕ ਬਣਦੀ ਹੈ। ਉਹਨਾਂ ਨੂੰ ਵੇਖ ਕੇ ਸਰਪੰਚ ਪੁਲਸੀਏ ਨੇ ਥਾਣੇਦਾਰ ਦੇ ਕੰਨ ਵਿੱਚ ਕੁਝ ਆਖਿਆ। ਜਦ ਸਿਪਾਹੀ ਨੇ ਰਜਿਸਟਰੀ ਮੁਤਾਬਕ ਬਣਦੀ ਜਗ੍ਹਾ ਉੱਤੇ ਇੱਟ ਰੱਖ ਦਿੱਤੀ ਤਾਂ ਮੈਂ ਆਖਿਆ, "ਜੀ ਆਹ ਵੇਖੋ, ਸਾਡਾ ਥਾਂ ਏਥੋਂ ਤੱਕ

ਆਉਂਦਾ ਏ ਤੇ ਬਾਕੀ ਗਲੀ ਵੀ ਮਿਣ ਲੋ ਵੀਹ ਫੁੱਟ ਤੋਂ ਵੱਧ ਹੀ ਬਚੀ ਜਾਂਦੀ ਐ।"

"ਆਹ ਕਾਗਜ਼ ਜਿਹਾ ਚੁੱਕ ਕੇ ਤਾਂ ਤੂੰ ਕੱਲ੍ਹ ਨੂੰ ਸਾਡੇ ਥਾਣੇ 'ਤੇ ਆ ਕੇ ਕਬਜ਼ਾ ਕਰਨ ਨੂੰ ਫਿਰੇਂਗਾ। ਇਹ ਕਾਗਜ਼ ਕੂਗਜ਼ ਤਾਂ ਐਵੇਂ ਹੀ ਹੁੰਦੇ ਆ।" ਥਾਣੇਦਾਰ ਆਪਣੇ ਪੁਲਸੀਆ ਅੰਦਾਜ਼ ਵਿੱਚ ਗਰਜਿਆ।

"ਮੈਂ ਕਿਹੜਾ ਘਰੇ ਤਿਆਰ ਕੀਤੇ ਨੇ। ਆਹ ਤਹਿਸੀਲਦਾਰ ਨੇ ਕੀਤੀ ਆ ਰਜਿਸਟਰੀ। ਜੇ ਗ਼ਲਤ ਲੱਗਦੀ ਤਾਂ ਕੋਈ ਵੀ ਜਾਂਚ ਕਰਵਾਅ ਲਓ। ਮੈਂ ਤਿਆਰ ਹਾਂ।" ਮੈਂ ਥਾਣੇਦਾਰ ਨੂੰ ਸੰਬੋਧਤ ਹੋ ਕੇ ਆਖਿਆ।

ਜਦ ਥਾਣੇਦਾਰ ਨੂੰ ਪਤਾ ਲੱਗ ਗਿਆ ਕਿ ਕਾਗਜ਼ਾਂ ਮੁਤਾਬਕ ਅਸੀਂ ਸਹੀ ਹਾਂ ਤਾਂ ਉਹ ਰੋਅਬ ਨਾਲ ਬੋਲਿਆ, "ਲੜਿਆ ਕੌਣ-ਕੌਣ ਸੀ ?"

ਫਿਰ ਕੁਝ ਦੇਰ ਚੁੱਪ ਜਿਹਾ ਕਰਕੇ ਆਖਣ ਲੱਗਾ, "ਲੈ ਕੇ ਚੱਲੋ ਇਹਨਾਂ ਨੂੰ ਥਾਣੇ। ਓਥੇ ਲੈਂਦੇ ਆਂ ਇਹਨਾਂ ਦੇ ਝੱਗੇ ਦਾ ਨਾਪ।"

"ਜਨਾਬ, ਅਹੁ ਬੰਦਾ ਧੱਕੇ ਨਾਲ ਸਾਡੀਆਂ ਇੱਟਾਂ ਪੁੱਟ ਰਿਹਾ ਸੀ। ਅਸੀਂ ਇਹਨੂੰ ਰੋਕਿਆ ਤਾਂ ਸਾਡੇ ਗਲ ਪੈ ਗਿਆ ਤੇ ਅਸੀਂ ਇਹਦੇ ਲਾ ਦਿੱਤੀਆਂ।" ਮੈਂ ਅਪਣੇ ਜਾਣੂੰ ਦੇ ਪਿਓ ਵੱਲ ਇਸ਼ਾਰਾ ਕਰਦਿਆਂ ਆਖਿਆ। ਉਹ ਮੇਰੀ ਗੱਲ ਸੁਣ ਕੇ ਘਬਰਾਅ ਗਿਆ ਤੇ ਫਿਰ ਮੂੰਹ ਜਿਹਾ ਭਰਦਾ ਹੋਇਆ ਆਖਣ ਲੱਗਾ, "ਥਾਣੇਦਾਰ ਸਾਹਬ, ਜੇ ਆਂਢ ਗੁਆਂਢ ਵਾਲੇ ਨਾ ਛਡਾਉਂਦੇ ਤਾਂ ਇਹਨਾਂ ਨੇ ਤਾਂ ਮੈਨੂੰ ਮਾਰ ਹੀ ਦੇਣਾ ਸੀ ।"

"ਜੇ ਸਾਡੇ ਘਰੇ ਆ ਕੇ ਗੁੰਡਾ-ਗਰਦੀ ਕਰੇਂਗਾ ਤਾਂ ਅਸੀਂ ਤੈਨੂੰ ਹਾਰ ਪਾਵਾਂਗੇ। ਵੜੀਂ ਸਹੀ ਸਾਡੇ ਥਾਂ ਵਿੱਚ ਤੈਨੂੰ ਦੇਵਾਂਗੇ ਦੱਖੂ-ਦਾਣਾ।" ਕੰਵਲਦੀਪ ਅਜੇ ਵੀ ਉਸ ਨੂੰ ਝਈਆਂ ਲੈ ਕੇ ਪੈ ਰਿਹਾ ਸੀ।

ਭੀੜ ਵਿੱਚੋਂ ਵੀ ਕਈ ਜਣੇ ਬੋਲਣ ਲੱਗ ਪਏ, "ਭਾਈ, ਜੇ ਅਗਲੇ ਨਾਲ ਧੱਕਾ ਕਰੂ ਤਾਂ ਅਗਲੇ ਨੇ ਕਿਹੜਾ ਘੱਟ ਕਰਨੀ ਆ। ਉਹ ਵੀ ਦੋ ਰੋਟੀਆਂ ਖਾਂਦੇ ਈ ਆ।"

ਵਿੱਚੋਂ ਹੀ ਇੱਕ ਬੰਦਾ ਹੌਲ਼ੀ ਕੁ ਦੇਣੇ ਆਖੀ ਜਾਵੇ, "ਆਪ ਸਾਰੀ ਗਲੀ ਨਜਾਇਜ਼ ਹੀ ਰੋਕੀ ਬੈਠਾ ਏ। ਇਹਨਾਂ ਦੇ ਸਹੀ ਥਾਂ 'ਤੇ ਵੀ ਰੌਲ਼ਾ ਪਾਈ ਜਾਂਦੈ। ਕੰਜਰ ਨਾ ਹੋਵੇ, ਕਿਸੇ ਥਾਂ ਦਾ।" ਉਹ ਏਨਾ ਕੁ ਹੌਲ਼ੀ ਬੋਲਿਆ ਕਿ ਇਹ ਸਿਰਫ਼ ਮੈਨੂੰ ਹੀ ਸੁਣ ਸਕੇ। ਮੈਂ ਸਮਝ ਗਿਆ ਸਾਂ ਕਿ ਇਹ ਬੰਦਾ ਜ਼ਰੂਰ ਹੀ ਮੈਨੂੰ ਕੋਈ ਰਾਜ਼ ਦੀ ਗੱਲ ਦੱਸਣਾ ਚਾਹੁੰਦਾ ਹੈ ਪਰ ਡਰ ਵੀ ਰਿਹਾ ਹੈ। ਮੈਂ ਉਸ ਦਾ ਚਿਹਰਾ ਧਿਆਨ ਨਾਲ ਵੇਖਿਆ ਤਾਂ ਮੈਂ ਸਮਝ ਗਿਆ ਕਿ ਇਹ ਮੁਹੱਲੇ ਦਾ ਹੀ ਇੱਕ ਵਸਨੀਕ ਸੀ। ਮੈਂ ਉਸ ਦੀ ਪਹਿਚਾਣ ਰੱਖੀ ਤਾਂ ਕਿ ਇਸ ਚੱਕਰ ਤੋਂ ਵਿਹਲਾ ਹੋ ਕੇ ਉਸ ਤੋਂ ਸਾਰੀ ਭੇਦ ਵਾਲੀ ਗੱਲ ਪੁੱਛ

ਸਕਾਂ। ਪਰ ਮੈਨੂੰ ਇਹ ਗੱਲ ਜ਼ਰੂਰ ਸਮਝ ਆ ਗਈ ਸੀ ਕਿ ਮੇਰੇ ਜਾਣੂੰ ਦੇ ਘਰ ਕੋਲੋਂ ਜਿਹੜੀ ਗਲੀ ਸਿਰਫ਼ ਚੌਦਾਂ ਫੁੱਟ ਹੀ ਬਚ ਰਹੀ ਹੈ ਉਸ ਵਿੱਚ ਕੋਈ ਨਾ ਕੋਈ ਘਾਲਾ-ਮਾਲਾ ਜ਼ਰੂਰ ਹੈ।

ਭੀੜ ਦੇ ਵਿੱਚੋਂ ਹੀ ਇਹ ਆਵਾਜ਼ਾਂ ਵੀ ਆਉਣੀਆਂ ਸ਼ੁਰੂ ਹੋ ਗਈਆਂ ਸਨ, "ਜਦ ਗਲੀ ਚੱਲੀ ਜਾਂਦੀ ਆ, ਚੱਲੀ ਜਾਣ ਦੇਣ। ਐਵੇਂ ਕਿਉਂ ਕਲੇਸ਼ ਪਾਈ ਜਾਂਦੇ ਆ।"

ਥਾਣੇਦਾਰ ਨੂੰ ਜਦ ਲੱਗਣ ਲੱਗਾ ਕਿ ਭੀੜ ਵਿੱਚ ਆਪ-ਮੁਹਾਰੇ ਹੀ ਗੱਲਾਂ ਹੋਣ ਲੱਗ ਪਈਆਂ ਹਨ ਅਤੇ ਉਸ ਦੀ ਅਹਿਮੀਅਤ ਘਟ ਰਹੀ ਹੈ ਤਾਂ ਉਹ ਸਿਪਾਹੀਆਂ ਨੂੰ ਸੰਬੋਧਤ ਹੁੰਦਾ ਬੋਲਿਆ, "ਬਿਠਾਅ ਓਏ ਇਹਨਾਂ ਨੂੰ ਗੱਡੀ 'ਚ, ਲੈ ਚੱਲ ਥਾਣੇ। ਓਥੇ ਕਰਦੇ ਆਂ ਗੱਲ।"

"ਚਲੋ ਜੀ, ਤੁਸੀਂ ਪਹੁੰਚੋ ਅਸੀਂ ਆ ਜਾਂਦੇ ਆਂ। ਅਸੀਂ ਵੀ ਸਰਕਾਰੀ ਮੁਲਾਜ਼ਮ ਹੀ ਆਂ। ਨਾਲੇ ਅਸੀਂ ਕਿਹੜਾ ਕਤਲ ਕਰਤਾ। ਘਰੋਂ ਸਾਰੇ ਕਾਗਜ਼ ਚੁੱਕ ਕੇ ਪੰਜਾਂ ਮਿੰਟਾਂ ਵਿੱਚ ਹਾਜ਼ਰ ਹੋ ਜਾਂਦੇ ਆਂ।" ਮੈਂ ਥਾਣੇਦਾਰ ਨੂੰ ਆਖਿਆ।

"ਪਹਿਲਾਂ ਇਹਨਾਂ ਦਾ ਕੰਮ ਰੁਕਵਾਓ ਜੀ, ਹੋਰ ਨਾ ਵਾਪਸ ਆਉਂਦਿਆਂ ਨੂੰ ਗਲੀ ਮੱਲ ਕੇ ਬੈਠ ਜਾਣ।" ਸਰਪੰਚ ਪੁਲਸੀਆ ਭੁੜਕਿਆ।

"ਓਏ ਮਿਸਤਰੀ ! ਜੇ ਹੁਣ ਤੂੰ ਮਾੜਾ ਜਿਹਾ ਵੀ ਮਸਾਲਾ ਲਾਇਆ ਤਾਂ, ਤੇਰੇ ਕੁੱਟ ਵਾਧੂ ਦੀ ਪੈ ਜਾਣੀ ਏ। ਚੁੱਕ ਲੈ ਆਵਦਾ ਛਿੱਛ-ਪੱਤ ਜਿਹਾ ਤੇ ਡੰਡੀ ਪੈ ਜਾ। ਇਹਨਾਂ ਨੂੰ ਤਾਂ ਖੁਆਉਂਦਾ ਆਂ, ਹਵਾਲਾਤ ਦੀਆਂ ਰੋਟੀਆਂ। ਵੇਖੀਂ ਕਿਤੇ, ਤੈਨੂੰ ਵੀ ਨਾ ਖਾਣੀਆਂ ਪੈ ਜਾਣ।" ਥਾਣੇਦਾਰ ਨੇ ਮਿਸਤਰੀ ਨੂੰ ਤਾੜਨਾ ਕੀਤੀ।

"ਕੰਮ ਤਾਂ ਬੰਦ ਹੀ ਪਿਆ ਜੀ। ਦੁਪਹਿਰ ਦਾ ਕੁਝ ਕਰਨ ਹੀ ਨ੍ਹੀਂ ਦਿੱਤਾ ਇਹਨਾਂ ਨੇ।" ਮਿਸਤਰੀ ਡਰਦਾ ਹੋਇਆ ਬੋਲਿਆ।

"ਆਜੋ ਹੁਣੇ ਈ ਥਾਣੇ।" ਆਖਦਾ ਹੋਇਆ ਥਾਣੇਦਾਰ ਗੱਡੀ ਵਿੱਚ ਬੈਠ ਗਿਆ। ਗੱਡੀ ਹੂਟਰ ਮਾਰਦੀ ਹੋਈ ਸਾਡੀਆਂ ਅੱਖਾਂ ਤੋਂ ਉਹਲੇ ਹੋ ਚੁੱਕੀ ਸੀ।

ਕਾਹਲ਼ੀ-ਕਾਹਲ਼ੀ ਵਿੱਚ ਮੈਂ ਤੇ ਕੰਵਲਦੀਪ ਨੇ ਸਲਾਹ ਕੀਤੀ ਕਿ ਸਾਰੇ ਦਸਤਾਵੇਜ਼ ਘਰੋਂ ਲੈ ਕੇ ਹੀ ਜਾਇਆ ਜਾਵੇ। ਅਸੀਂ ਉਸੇ ਵੇਲ਼ੇ ਹੀ ਘਰ ਪੁੱਜ ਗਏ ਤੇ ਛੇਤੀ-ਛੇਤੀ ਸਾਰੇ ਕਾਗਜ਼-ਪੱਤਰ ਚੁੱਕ ਲਏ। ਮੇਰੀ ਮਾਂ, ਪਤਨੀ ਤੇ ਬੇਟੀਆਂ ਫ਼ਿਕਰਮੰਦ ਹੋ ਗਈਆਂ ਕਿ ਇਹਨਾਂ ਨੂੰ ਇਹ ਕੀ ਭਾਜੜ ਪੈ ਗਈ ਹੈ। ਅਸੀਂ ਜਲਦੀ ਨਾਲ ਸਿਰਫ਼ ਏਨਾ ਕੁ ਹੀ ਦੱਸ ਸਕੇ ਸਾਂ, "ਸਾਨੂੰ ਥਾਣੇ ਬੁਲਾਇਆ ਹੈ ਤੇ ਜੇ ਘੰਟੇ ਕੁ ਤੱਕ ਨਾ ਮੁੜੇ ਤਾਂ ਫ਼ੋਨ ਕਰ ਲਿਆ ਜੇ, ਜੇ ਫ਼ੋਨ

ਵੀ ਨਾ ਮਿਲੇ ਤਾਂ ਆਪਣੇ ਸਭ ਜਾਣ-ਪਛਾਣ ਵਾਲੇ ਬੰਦਿਆਂ ਨੂੰ ਫ਼ੋਨ ਕਰ ਦਿਓ। ਸ਼ਾਇਦ ਅੱਜ ਦੀ ਰਾਤ ਸਾਨੂੰ ਜੇਲ੍ਹ 'ਚ ਹੀ ਰੱਖਣਗੇ।"

ਘਬਰਾਹਟ ਵਿੱਚ ਮੈਂ ਤਾਂ ਉਹਨਾਂ ਨੂੰ ਏਥੋਂ ਤੱਕ ਵੀ ਤਿਆਰ ਕਰ ਦਿੱਤਾ ਕਿ ਜੇ ਸਾਨੂੰ ਰਾਤ ਨੌਂ ਕੁ ਵਜੇ ਤੱਕ ਨਾ ਛੱਡਿਆ ਗਿਆ ਤਾਂ ਥਾਣੇ ਦੇ ਅੱਗੇ ਆ ਕੇ ਪਿੱਟ-ਸਿਆਪਾ ਵੀ ਕਰ ਦਿਓ। ਔਰਤਾਂ ਤੋਂ ਇਹ ਪੁਲਿਸ ਵਾਲੇ ਬੜਾ ਚਲਦੇ ਹੁੰਦੇ ਨੇ।

ਇੱਕੋ ਦਮ ਰੌਲਾ ਏਨਾ ਜ਼ਿਆਦਾ ਵਧਣ ਦਾ ਅੰਦਾਜ਼ਾ ਸ਼ਾਇਦ ਕਿਸੇ ਨੂੰ ਵੀ ਨਹੀ ਸੀ। ਸਾਨੂੰ ਸਾਰੇ ਟੱਬਰ ਨੂੰ ਘਬਰਾਏ ਹੋਏ ਵੇਖ ਕੇ ਮੇਰੀ ਤਿੰਨ ਕੁ ਸਾਲ ਦੀ ਛੋਟੀ ਬੇਟੀ ਨੂੰ ਪਤਾ ਨਹੀਂ ਕੀ ਹੋ ਗਿਆ ਸੀ ਕਿ ਉਹ ਉੱਚੀ-ਉੱਚੀ ਰੋਣ ਲੱਗ ਪਈ। ਉਸ ਦੀ ਵੇਖਾ-ਵੇਖੀ ਵੱਡੀ ਨੇ ਵੀ ਧਾਹਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਅਸੀਂ ਉਹਨਾਂ ਨੂੰ ਝੂਠਾ ਜਿਹਾ ਦਿਲਾਸਾ ਦਿੱਤਾ, "ਪੁੱਤ, ਆਉਂਦੇ ਆਂ ਥੋੜ੍ਹੇ ਜਿਹੇ ਚਿਰ ਵਿੱਚ ਹੀ" ਅਤੇ ਘਰੋਂ ਮੋਟਰ-ਸਾਈਕਲ 'ਤੇ ਥਾਣੇ ਵੱਲ ਨੂੰ ਤੁਰ ਪਏ। ਰਾਹ ਵਿੱਚ ਮੇਰੇ ਮਗਰ ਬੈਠੇ ਕੰਵਲਦੀਪ ਨੇ ਕੁਝ ਜਾਣਕਾਰਾਂ ਨੂੰ ਫ਼ੋਨ ਕਰ ਕੇ ਸਾਰੀ ਗੱਲ ਸੰਖੇਪ ਵਿੱਚ ਦੱਸ ਦਿੱਤੀ ਅਤੇ ਥਾਣੇ ਪੁੱਜਣ ਲਈ ਵੀ ਆਖ ਦਿੱਤਾ ਤਾਂ ਕਿ ਪੁਲਿਸ ਵਾਲੇ ਸਾਨੂੰ ਇਕੱਲੇ ਹੀ ਨਾ ਸਮਝ ਲੈਣ। ਉਹ ਅਗਲਾ ਨੰਬਰ ਮਿਲਾਉਣ ਲੱਗਾ ਵਿੱਚ ਦੀ ਮੈਨੂੰ ਵੀ ਆਖ ਜਾਂਦਾ, "ਥਾਣੇ ਵਿੱਚ ਬੰਦੇ ਸੱਦੇ ਚੰਗੇ ਹੁੰਦੇ ਆ, ਕੱਲੇ-ਕਹਿਰੇ ਦੇ ਤਾਂ ਇਹ ਪੈਰ ਹੀ ਨ੍ਹੀਂ ਲੱਗਣ ਦਿੰਦੇ ਹੁੰਦੇ।"

ਥਾਣੇ ਪਹੁੰਚਦੇ ਸਾਰ, ਉਹੀ ਥਾਣੇਦਾਰ ਦਰਵਾਜ਼ੇ ਵਿੱਚ ਖੜ੍ਹਾ ਕੁਝ ਬੰਦਿਆਂ ਨਾਲ ਗੱਲਾਂ ਕਰ ਰਿਹਾ ਸੀ। ਉਹ ਸਾਨੂੰ ਵੇਖ ਕੇ ਉਹਨਾਂ ਨਾਲ ਗੱਲਾਂ ਕਰਨੀਆਂ ਬੰਦ ਕਰਕੇ ਸਾਡੇ ਕੋਲ ਆ ਗਿਆ। ਉਸ ਨੇ ਮੇਰੀ ਬਾਂਹ ਫੜ ਲਈ ਤੇ ਇੱਕ ਕਮਰੇ ਵੱਲ ਲੈ ਗਿਆ। ਕੰਵਲਦੀਪ ਵੀ ਸਾਡੇ ਮਗਰ ਹੀ ਆ ਗਿਆ। ਕਮਰੇ ਵਿੱਚ ਇੱਕ ਹੋਰ ਥਾਣੇਦਾਰ ਬੈਠਾ ਕੁਝ ਲਿਖੀ ਜਾ ਰਿਹਾ ਸੀ। ਉਹ ਉਸਨੂੰ ਸੰਬੋਧਤ ਹੁੰਦਾ ਹੋਇਆ ਬੋਲਿਆ, "ਆਹ, ਤੇਰੇ ਇਲਾਕੇ ਚੋਂ ਫੜ ਕੇ ਲਿਆਇਆਂ ਦੋ ਮੁਜ਼ਰਮ, ਗਲੀ 'ਤੇ ਕਬਜ਼ਾ ਕਰੀ ਜਾਂਦੇ ਸੀ। ਬਿਆਨ ਲੈ ਇਹਨਾਂ ਦੇ ਤੇ ਅੰਦਰ ਕਰ ਇਹਨਾਂ ਨੂੰ। ਇਹਨਾਂ 'ਤੇ ਕਰ ਪਰਚੇ, ਸਵੇਰ ਦਾ ਮੁਹੱਲੇ ਵਿੱਚ ਹੋ ਹੱਲਾ ਮਚਾਈ ਜਾਂਦੇ ਆ। ਬਾਹਲਾ ਚਾਂਬਲੇ ਫਿਰਦੇ ਨੇ, ਵੱਡੇ ਗੁੰਡੇ। ਪੁੱਛ-ਗਿੱਛ ਚੰਗੀ ਤਰ੍ਹਾਂ ਕਰ ਲਵੀਂ ਇਹਨਾਂ ਦੀ।" ਫਿਰ ਉਹ ਸਾਨੂੰ ਹਵਾਲਾਤ ਵੱਲ ਲੈ ਗਿਆ। ਸਾਡਾ ਸਾਰਾ ਸਮਾਨ ਤੇ ਮੋਬਾਈਲ ਇੱਕ ਲਿਫ਼ਾਫ਼ੇ ਵਿੱਚ ਪਾ ਕੇ ਹਵਾਲਾਤ ਦਾ ਦਰਵਾਜ਼ਾ ਖੋਲ੍ਹਦਾ ਹੋਇਆ ਆਖਣ ਲੱਗਾ, "ਬੈਠੋ ਅੰਦਰ, ਆਹ ਸਮਾਨ ਮੈਂ ਜਮ੍ਹਾਂ ਕਰਵਾਅ ਦਿੰਦਾ ਆਂ। ਜਦ ਜ਼ਮਾਨਤ ਹੋ ਗਈ, ਮੇਰੇ ਕੋਲੋਂ ਲੈ ਜਾਇਓ।" ਉਸ ਨੇ ਏਨੇ ਰੋਅਬ ਨਾਲ ਆਖਿਆ ਕਿ

ਅੰਦਰੋਂ ਤਾਂ ਮੈਂ ਸੱਚੀਂ ਹੀ ਡਰ ਗਿਆ ਸੀ ਕਿ ਹੁਣ ਕੁੱਟਮਾਰ ਹੋਵੇਗੀ। ਉਹ ਹਵਾਲਾਤ ਨੂੰ ਕੁੰਡਾ ਹੀ ਲਾ ਕੇ ਗਿਆ ਸੀ, ਜਿੰਦਰਾ ਪਤਾ ਨਹੀਂ ਕਿਉਂ ਨਹੀਂ ਲਾਇਆ ਸੀ।

ਵੀਹ ਕੁ ਮਿੰਟ ਬਾਅਦ ਇੱਕ ਸਿਪਾਹੀ ਆਇਆ ਤੇ ਹਵਾਲਾਤ ਦਾ ਕੁੰਡਾ ਖੋਲ੍ਹਦਾ ਬੋਲਿਆ, “ਆ ਜੋ ਬਈ, ਸਾਹਬ ਨੇ ਬੁਲਾਇਐ।”

ਅਸੀਂ ਚੁੱਪਚਾਪ ਉਸ ਦੇ ਮਗਰ ਤੁਰ ਪਏ। ਥਾਣੇਦਾਰ ਨੇ ਬੜੇ ਹੀ ਰੋਅਬ ਨਾਲ ਪੁੱਛ-ਗਿੱਛ ਸ਼ੁਰੂ ਕਰ ਦਿੱਤੀ। ਜਦ ਉਸ ਨੂੰ ਪਤਾ ਲੱਗ ਗਿਆ ਕਿ ਮੈਂ ਸਰਕਾਰੀ ਅਧਿਆਪਕ ਤੇ ਮੇਰਾ ਵੱਡਾ ਭਰਾ ਸਰਕਾਰੀ ਲੈਕਚਰਾਰ ਹੈ ਤਾਂ ਉਸ ਦੀ ਸੁਰ ਕੁਝ ਨਰਮ ਪੈ ਗਈ। ਮੈਂ ਉਸ ਨੂੰ ਦਿਨ ਭਰ ਦੀ ਸਾਰੀ ਕਹਾਣੀ ਬਿਆਨ ਕਰ ਦਿੱਤੀ ਕਿ ਕਿਸ ਤਰ੍ਹਾਂ ਸਾਡੇ ਨਾਲ ਧੱਕਾ ਹੋ ਰਿਹਾ ਹੈ। ਘੰਟਾ-ਡੇਢ ਘੰਟਾ ਉਹ ਸਾਨੂੰ ਸਵਾਲ ਦਰ ਸਵਾਲ ਕਰਦਾ ਗਿਆ ਤੇ ਅਸੀਂ ਉਸ ਦੇ ਉੱਤਰ ਦਿੰਦੇ ਗਏ। ਉਹ ਸਾਨੂੰ ਕਿਸੇ ਵੀ ਗੱਲ ਵਿੱਚ ਫਸਾਅ ਨਾ ਸਕਿਆ, ਜਿਸ ਦਾ ਕਿ ਉਸ ਨੇ ਸ਼ੁਰੂ ਵਿੱਚ ਦਾਅਵਾ ਕੀਤਾ ਕਿ ਤੁਸੀਂ ਮੇਰੇ ਸਵਾਲਾਂ ਵਿੱਚ ਹੀ ਉਲਝ ਕੇ ਝੂਠੇ ਸਾਬਿਤ ਹੋ ਜਾਣਾ ਹੈ। ਏਨੇ ਨੂੰ ਸਾਡੇ ਰਿਸ਼ਤੇਦਾਰ ਅਤੇ ਦੋਸਤ ਵੀ ਥਾਣੇ ਪੁੱਜ ਚੁੱਕੇ ਸਨ। ਹੁਣ ਤਾਂ ਉਸ ਥਾਣੇਦਾਰ ਨੂੰ ਫ਼ੋਨ ਵੀ ਆਉਣੇ ਸ਼ੁਰੂ ਹੋ ਗਏ ਸਨ। ਉਹ ਸਾਡੇ ਨਾਲੋਂ ਗੱਲਬਾਤ ਬੰਦ ਕਰਕੇ ਆਖਣ ਲੱਗ ਜਾਂਦਾ, “ਬੱਸ ਜੀ, ਪੁੱਛਗਿੱਛ ਜਾਰੀ ਹੈ। ਓਦੂੰ ਬਾਅਦ ਇਹਨਾਂ ਨੂੰ ਛੱਡ ਦੇਵਾਂਗੇ।”

ਅਸਲ ਵਿੱਚ ਮੇਰੀ ਪਤਨੀ ਤੇ ਮਾਂ ਨੇ ਥਾਣੇ ਦਾ ਨਾਮ ਸੁਣ ਕੇ ਹੀ ਮੇਰੇ ਦੁਆਰਾ ਦੱਸੇ ਗਏ ਸਾਰੇ ਨੰਬਰਾਂ ’ਤੇ ਫ਼ੋਨ ਕਰ ਦਿੱਤੇ ਸਨ ਤੇ ਹੁਣ ਉਹ ਥਾਣੇ ਤੱਕ ਆਪੋ-ਆਪਣੀ ਪਹੁੰਚ ਕਰ ਰਹੇ ਸਨ। ਯਾਦਵਿੰਦਰ ਦੁਆਰਾ ਵੱਖ-ਵੱਖ ਬੰਦਿਆਂ ਨਾਲ ਕੀਤੇ ਗਏ ਸੰਪਰਕਾਂ ਕਾਰਨ ਵੀ ਥਾਣੇ ਵਿੱਚ ਫ਼ੋਨ ’ਤੇ ਫ਼ੋਨ ਖੜਕਣ ਲੱਗ ਪਏ ਸਨ।

ਅੰਤ, ਅੱਕ ਕੇ ਉਹ ਸਾਨੂੰ ਟੁੱਟ ਕੇ ਪੈ ਗਿਆ, “ਜਾਓ, ਚਲੇ ਜਾਓ ਘਰ, ਮੈਂ ਸਾਹਬ ਨੂੰ ਮਿਲਣੈ। ਮੈਂ ਮੌਕਾ ਵੇਖਣ ਕੱਲ੍ਹ ਨੂੰ ਚਾਰ ਕੁ ਵਜੇ ਆਵਾਂਗਾ। ਆਵਦਾ ਸਮਾਨ ਲੈ ਜਿਓ, ਮੁਣਸ਼ੀ ਕੋਲੋਂ।”

ਜਦ ਅਸੀਂ ਥਾਣੇ ਤੋਂ ਬਾਹਰ ਆਏ ਤਾਂ ਬਾਹਰ ਘੁੱਪ ਹਨੇਰਾ ਹੋ ਚੁੱਕਾ ਸੀ। ਜਦ ਅਸੀਂ ਗਲੀ ਵਿੱਚ ਪੁੱਜੇ ਤਾਂ ਲੋਕ ਅਜੇ ਵੀ ਟੋਲੀਆਂ ਬਣਾਅ ਕੇ ਦਿਨ ਭਰ ਦੀਆਂ ਗੱਲਾਂ ਚਸਕੇ ਲੈ ਲੈ ਕੇ ਕਰ ਰਹੇ ਸਨ। ਸਾਨੂੰ ਦੋਵਾਂ ਨੂੰ ਪਹਿਚਾਣ ਕੇ ਇੱਕ ਟੋਲੀ ਤਾਂ ਬਿਲਕੁਲ ਹੀ ਚੁੱਪ-ਚਾਪ ਹੋ ਗਈ ਤੇ ਹੌਲ਼ੀ-ਹੌਲ਼ੀ ਉਹ ਖਿਸਕਣ ਵੀ ਲੱਗ ਪਏ। ਸ਼ਾਇਦ ਉਹ ਸੋਚਦੇ ਸਨ ‘ਇਹ ਤਾਂ ਆ ਵੀ ਗਏ’।

ਕੁਝ ਦੇਰ 'ਚ ਹੀ ਅਸੀਂ ਆਪਣੇ ਘਰ ਵਿੱਚ ਆ ਗਏ। ਸਾਨੂੰ ਘਰ ਸਹੀ-ਸਲਾਮਤ ਪੁੱਜੇ ਵੇਖ ਕੇ ਘਰਦਿਆਂ ਦੇ ਸਾਹ ਵਿੱਚ ਸਾਹ ਆ ਗਿਆ। ਉਹ ਸਾਡੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ।

ਸਾਡੀ ਸਾਰੀ ਰਾਮ ਕਹਾਣੀ ਸੁਣ ਕੇ ਮੇਰੀ ਮਾਂ ਸਾਨੂੰ ਦੱਸਣ ਲੱਗ ਪਈ, "ਥੋਡੇ ਥਾਣੇ ਜਾਣ ਤੋਂ ਪਿੱਛੋਂ ਅਸੀਂ ਝਗੜੇ ਵਾਲੀ ਥਾਂ 'ਤੇ ਗਈਆਂ ਸੀ। ਦੋਵੇਂ ਪੁਲਸੀਏ ਤਾਂ ਜ਼ਿਆਦਾ ਹੀ ਹੰਕਾਰੇ ਫਿਰਦੇ ਨੇ। ਸਾਨੂੰ ਸੁਣਾਅ-ਸੁਣਾਅ ਕੇ ਆਖਦੇ ਸੀ ਕਿ ਹੁਣ ਪਤਾ ਲੱਗੂ ਜਦੋਂ ਕੇਸ ਪੈਣਗੇ। ਬੜਾ ਮੱਛਰੇ ਫਿਰਦੇ ਸੀ। ਫਿਰ ਮੈਂ ਵੀ ਉਹਨਾਂ ਸੁਣਾਅ ਹੀ ਦਿੱਤੀਆਂ ਕਿ ਕੀ ਕੇਸ ਪੈ ਜੂਗਾ ? ਉਹਨਾਂ ਨੇ ਕੋਈ ਕਤਲ ਕਰਤਾ। ਆਵਦੀ ਥਾਂ ਵਿੱਚ ਮਸਾਲਾ ਵੀ ਨ੍ਹੀਂ ਪਾਉਣ ਦਿੰਦੇ। ਹੰਕਾਰੇ ਤਾਂ ਤੁਸੀਂ ਫਿਰਦੇ ਓ।"

ਮਾਂ ਨੇ ਪੂਰੇ ਜੋਸ਼ ਵਿੱਚ ਆ ਕੇ ਸਾਰੀ ਹੋਈ ਬੀਤੀ ਦੱਸ ਦਿੱਤੀ।

ਕੁਝ ਦੇਰ ਰੁਕ, ਫਿਰ ਮਾਯੂਸ ਜਿਹੀ ਹੋ ਕੇ ਦੱਸਣ ਲੱਗੀ, "ਜਦ ਮੈਂ ਉਸ ਨੂੰ ਆਪਣੇ---ਰਿਸ਼ਤੇਦਾਰ ਦੇ ਡੀ.ਜੀ.ਪੀ. ਹੋਣ ਬਾਰੇ ਦੱਸਿਆ ਤਾਂ ਉਹ ਜ਼ਿਆਦਾ ਹੀ ਪਾਡੀ ਵਿੱਚ ਆ ਗਏ ਤੇ ਇੱਕ ਤਾਂ ਆਪਣੇ ਹੱਥਾਂ ਨੂੰ ਮਰੋੜ ਕੇ ਆਖਣ ਲੱਗਾ। ਇਹੋ ਜਿਹੇ ਡੀ.ਜੀ.ਪੀਆਂ ਦੀ ਤਾਂ ਅਸੀਂ ਆਏਂ ਘੰਡੀ ਮਰੋੜ ਦਿੰਦੇ ਹੁੰਦੇ ਆਂ। ਪੁੱਤ ! ਉਹ ਜ਼ਿਆਦਾ ਹੀ ਆਫ਼ਰੇ ਫਿਰਦੇ ਆ।" ਕਹਿੰਦਿਆਂ ਮਾਂ ਨੇ ਵੀ ਹੱਥ ਉਵੇਂ ਹੀ ਮਰੋੜ ਕੇ ਵਿਖਾਅ ਦਿੱਤੇ ਸਨ।

"ਕੋਈ ਨ੍ਹੀਂ, ਮਾਂ ਕੁਝ ਨ੍ਹੀਂ ਹੁੰਦਾ। ਜੇ ਆਪਣੇ ਵਿੱਚ ਮਾੜਾ ਮੋਟਾ ਵੀ ਕਸੂਰ ਹੁੰਦਾ ਤਾਂ ਪੁਲਿਸ ਵਾਲਿਆਂ ਨੇ ਸਾਨੂੰ ਛੱਡਣਾ ਨ੍ਹੀਂ ਸੀ, ਸਗੋਂ ਕੱਲ੍ਹ ਨੂੰ ਅਦਾਲਤ ਵਿੱਚ ਲਿਜਾਅ ਕੇ ਸਾਡਾ ਚਲਾਣ ਵੀ ਪੇਸ਼ ਕਰ ਦੇਣਾ ਸੀ।" ਮੇਰੇ ਭਰਾ ਨੇ ਮਾਂ ਨੂੰ ਹੌਸਲਾ ਦੇਣ ਦੇ ਅੰਦਾਜ਼ ਵਿੱਚ ਆਖਿਆ ਤਾਂ ਸਭ ਨੂੰ ਉਸ ਦੀ ਇਹ ਗੱਲ ਜਚ ਗਈ ਸੀ।

ਇਹਨਾਂ ਦੋ-ਤਿੰਨ ਘੰਟਿਆਂ ਵਿੱਚ ਮੇਰੇ ਪਿਤਾ ਜੀ ਨੇ ਉਹਨਾਂ ਦੋਵਾਂ ਪੁਲਿਸ ਵਾਲਿਆਂ ਅਤੇ ਮੇਰੇ ਉਸ ਜਾਣੂੰ ਦੇ ਪਿਓ ਦੇ ਬਾਰੇ ਕਾਫ਼ੀ ਸਾਰੀ ਜਾਣਕਾਰੀ ਇਕੱਠੀ ਕਰ ਲਈ ਸੀ।

ਸਰਪੰਚ ਪੁਲਸੀਏ ਦਾ ਨਾਂ ਜਪਨਾਮ ਸਿੰਘ ਸੀ ਤੇ ਉਸ ਦਾ ਘਰੇ ਵੀ ਆਪਣੀ ਘਰ ਵਾਲੀ ਨਾਲ ਕਾਫ਼ੀ ਚਿਰ ਤੋਂ ਝਗੜਾ ਚੱਲ ਰਿਹਾ ਸੀ। ਦੂਸਰਾ ਪੁਲਿਸ ਵਾਲਾ ਪੁਲਿਸ ਦੀ ਬੱਸ ਦਾ ਡਰਾਈਵਰ ਸੀ। ਉਸ ਦਾ ਨਾਮ ਮਲਕੀਤ ਸਿੰਘ ਸੀ ਤੇ ਉਹ ਸ਼ਹਿਰ ਦੇ ਨੇੜੇ ਦੇ ਹੀ ਇੱਕ ਪੁਲਿਸ ਸਕੂਲ ਵਿੱਚ ਪੁਲਿਸ ਵਾਲਿਆਂ ਦੇ ਬੱਚਿਆਂ ਨੂੰ ਢੋਂਹਦਾ ਸੀ। ਉਸ ਨੂੰ ਸਾਡੀ ਕੰਧ ਜਾਂ ਰੈਂਪ ਬਣਨ ਦਾ ਦੁੱਖ ਇਹ ਸੀ ਕਿ ਉਸ ਦੀ ਭੈਣ ਦਾ ਘਰ, ਰੈਂਪ ਵਾਲੇ ਪਾਸੇ ਸਾਡੇ ਘਰ ਦੇ ਬਿਲਕੁਲ ਹੀ ਸਾਹਮਣੇ ਸੀ। ਉਹ ਉੱਥੇ ਆਪਣੀ ਬੱਚੇ ਢੋਣ ਵਾਲੀ ਸਰਕਾਰੀ

ਬੱਸ ਖੜ੍ਹਾਉਂਦਾ ਸੀ। ਉਸ ਨੂੰ ਖ਼ਤਰਾ ਸੀ ਕਿ ਕੰਧ ਨਿਕਲਣ ਜਾਂ ਰੈਂਪ ਬਣਾਉਣ ਕਾਰਨ ਉਸਨੂੰ ਬੱਸ ਮੋੜਣ ਵਿੱਚ ਤਕਲੀਫ਼ ਆਉਣੀ ਸੀ। ਤੀਜਾ, ਮੇਰੇ ਜਾਣੂੰ ਦਾ ਪਿਓ ਗੁਰਨੇਕ ਸਿੰਘ ਸ਼ਹਿਰ ਦੇ ਇੱਕ ਮਸ਼ਹੂਰ ਕਾਰਖ਼ਾਨੇ ਵਿੱਚੋਂ ਸੇਵਾ-ਮੁਕਤ ਹੋਇਆ ਮੁਲਾਜ਼ਮ ਸੀ ਤੇ ਉਸ ਨੇ ਧੱਕੇ ਨਾਲ ਹੀ ਗਲੀ ਉੱਤੇ ਕਬਜ਼ਾ ਕੀਤਾ ਹੋਇਆ ਸੀ। ਇਸ ਦਾ ਇੱਕ ਮੁੰਡਾ ਬਦਮਾਸ਼ ਕਿਸਮ ਦਾ ਸੀ ਤੇ ਲੜਾਈ ਮੁੱਲ ਲਈ ਰੱਖਦਾ ਸੀ। ਇੱਕ ਵਾਰ ਇੱਕ ਅੱਕੇ ਹੋਏ ਕੁੜੀ ਵਾਲਿਆਂ ਨੇ ਛੇੜ-ਛਾੜ ਤੋਂ ਤੰਗ ਆ ਕੇ ਉਸ ਦਾ ਗਲੀ ਵਿੱਚ ਉਹਨਾਂ ਦੇ ਘਰ ਦੇ ਸਾਹਮਣੇ ਹੀ ਉਹ ਕੁਟਾਪਾ ਕੀਤਾ ਸੀ ਕਿ ਉਸ ਦੀ ਗਿੱਦੜ-ਕੁੱਟ ਸਾਰੇ ਮੁਹੱਲੇ ਵਿੱਚ ਹੀ ਮਸ਼ਹੂਰ ਹੋ ਗਈ ਸੀ। ਅੱਕ ਕੇ, ਗੁਰਨੇਕ ਸਿੰਘ ਨੇ ਉਸ ਨੂੰ ਕਿਸੇ ਬਾਹਰਲੇ ਮੁਲਕ ਵਿੱਚ ਭੇਜ ਦਿੱਤਾ ਸੀ।

## ਚਾਰ

ਅਗਲੇ ਦਿਨ ਅਸੀਂ ਮਿਸਤਰੀ ਦਾ ਕੰਮ ਰੋਕ ਦਿੱਤਾ ਤੇ ਇੱਕ ਮਜ਼ਦੂਰ ਲਗਾ ਦਿੱਤਾ ਕਿ ਉਹ ਬਾਹਰ ਪਈ ਰੇਤਾ ਨੂੰ ਅੰਦਰ ਸੁੱਟ ਦੇਵੇ। ਉਹਨਾਂ ਦਿਨਾਂ ਵਿੱਚ ਰੇਤਾ ਸੋਨੇ ਦੇ ਭਾਅ ਮਿਲਣੀ ਵੀ ਔਖੀ ਹੋਈ ਪਈ ਸੀ। ਹੁਣ ਲੜਾਈ ਪੈਣ ਕਾਰਨ ਉਹਨਾਂ ਪੁਲਸੀਆਂ ਨੇ ਜਾਣ ਬੁੱਝ ਕੇ ਬੱਸ ਤੇ ਹੋਰ ਵਾਹਨ ਰੇਤਾ ਦੇ ਉੱਤੋਂ ਦੀ ਲੰਘਾਉਣੇ ਸਨ। ਬੋਲ ਬੁਲਾਰਾ ਅਤੇ ਨੁਕਸਾਨ ਵੀ ਹੋਣਾ ਸੀ।

ਚਾਰ ਵਜੇ ਥਾਣੇਦਾਰ ਨੇ ਮੌਕਾ ਵੇਖਣ ਆਉਣਾ ਸੀ। ਅਸੀਂ ਸਾਰੇ ਜਣੇ ਆਪੋ-ਆਪਣੇ ਸਕੂਲ ਚਲੇ ਗਏ। ਮੇਰਾ ਸਕੂਲ ਦਿਲ ਨਾ ਲੱਗਾ ਤੇ ਮੈਂ ਅੱਧੀ ਛੁੱਟੀ ਲੈ ਕੇ ਘਰ ਵਾਪਸ ਆ ਗਿਆ। ਆਉਂਦਾ ਆਉਂਦਾ ਮੈਂ ਆਪਣੇ ਉਸ ਘਰ ਗੇੜਾ ਕੱਢ ਆਇਆ। ਮਜ਼ਦੂਰ ਰੇਤਾ ਅੰਦਰ ਸੁੱਟ ਰਿਹਾ ਸੀ ਅਤੇ ਸਭ ਕੁਝ ਸ਼ਾਂਤ ਸੀ।

ਦੁਪਹਿਰੇ ਢਾਈ ਕੁ ਵਜੇ ਮੈਂ ਮਜ਼ਦੂਰ ਨੂੰ ਚਾਹ ਦੇਣ ਲਈ ਗਿਆ ਤਾਂ ਉਹ ਡੌਰ-ਭੌਰਾ ਜਿਹਾ ਖੜ੍ਹਾ ਸੀ ਤੇ ਮੈਨੂੰ ਵੇਖਦੇ ਸਾਰ ਹੀ ਬੋਲਿਆ, "ਮੈਂ ਤੁਹਾਨੂੰ ਹੀ ਸੱਦਣ ਚੱਲਿਆ ਸੀ।"

"ਕਿਉਂ ? ਕੀ ਗੱਲ ?" ਮੈਂ ਹੈਰਾਨੀ ਨਾਲ ਪੁੱਛਿਆ।

"ਦੋ-ਤਿੰਨ ਬੰਦੇ ਆਏ ਸੀ ਚਿੱਟੀ ਕਾਰ ਵਿੱਚ। ਆਉਂਦੇ ਹੀ ਉਹਨਾਂ ਨੇ ਸਾਰੀਆਂ ਇੱਟਾਂ ਵਗਾਹ ਕੇ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਨਾਲੇ ਧਮਕੀਆਂ ਦੇ ਰਹੇ ਸੀ ਕਿ ਜੇ ਕਿਸੇ ਨੇ ਇੱਥੇ ਰੋੜਾ ਵੀ ਲਾਇਆ ਤਾਂ ਉਹ ਸਿੱਧੇ ਕਰ ਕੇ ਰੱਖ ਦੇਣਗੇ।" ਨਾਲ ਹੀ ਉਹ ਮੈਨੂੰ ਪੁੱਟੀਆਂ ਹੋਈਆਂ ਇੱਟਾਂ ਤੇ ਭੰਨੀ ਹੋਈ

ਖਿੜਕੀ ਦੀ ਜਾਲੀ ਵਿਖਾਉਣ ਲੱਗ ਪਿਆ। ਫਿਰ ਬੋਲਿਆ, "ਉਹ ਇਹ ਵੀ ਆਖ ਰਹੇ ਸੀ ਕਿ ਅਸੀਂ ਕਿਹੜਾ ਜੈਨ ਨੂੰ ਵੋਟਾਂ ਨ੍ਹੀਂ ਪਾਈਆਂ। ਟ੍ਰੈਕਟਰ ਨਾਲ ਵਾਹ ਦਿਆਂਗੇ। ਆਵੇ ਤਾਂ ਸਹੀ ਕੋਈ ਸਾਹਮਣੇ। ਮੈਨੂੰ ਵੀ ਆਨੇ ਜਿਹੇ ਕੱਢਦੇ ਸੀ। ਮੈਂ ਆਖ 'ਤਾ, ਮੈਂ ਤਾਂ ਮਜ਼ਦੂਰ ਆਂ, ਜਾ ਕੇ ਮਾਲਕ ਨਾਲ ਗੱਲ ਕਰੋ। ਉਹ ਫਿਰ ਲਲਕਾਰੇ ਮਾਰਨ ਲੱਗ ਪਏ।" ਮਜ਼ਦੂਰ ਮੈਨੂੰ ਇੱਕੋ ਸਾਹ ਸਾਰਾ ਕੁਝ ਦੱਸ ਗਿਆ।

"ਚਲ, ਜੇ ਹੁਣ ਕੋਈ ਆਇਆ ਨਾ ਆਖ ਦੇਵੀਂ ਕਿ ਆਹ ਨਾਲ ਦੀ ਗਲੀ ਵਿੱਚ ਹੀ ਘਰ ਆ ਪਤੰਦਰਾਂ ਦਾ। ਜੇ ਹਿੰਮਤ ਹੈ ਤਾਂ ਉੱਥੇ ਜਾ ਕੇ ਗੱਲ ਕਰ ਲਓ। ਪਿੱਠ ਪਿੱਛੇ ਨ੍ਹੀਂ, ਸਾਹਮਣੇ ਹੋ ਕੇ ਟੱਕਰੋ।" ਮੈਂ ਮਜ਼ਦੂਰ ਨੂੰ ਇਸ ਅੰਦਾਜ਼ ਵਿੱਚ ਕਿਹਾ ਕਿ ਕਿਤੇ ਉਹ ਡਰਦਾ ਮਾਰਿਆ ਕੰਮ ਛੱਡ ਕੇ ਭੱਜ ਹੀ ਨਾ ਜਾਵੇ ਤੇ ਉਸਦਾ ਹੌਸਲਾ ਵੀ ਬਣਿਆ ਰਹੇ।

ਮੈਂ ਤੁਰੰਤ ਹੀ ਘਰ ਨੂੰ ਮੁੜ ਪਿਆ ਤੇ ਫ਼ੋਨ 'ਤੇ ਸਾਰੀ ਗੱਲ ਆਪਣੇ ਭਰਾਵਾਂ ਨੂੰ ਦੱਸ ਦਿੱਤੀ। ਸਾਰੇ ਜਣੇ ਇਕੱਠੇ ਹੋ ਗਏ ਤੇ ਸਭ ਨੇ ਮਜ਼ਦੂਰ ਤੋਂ ਸਾਰਾ ਕੁਝ ਫਿਰ ਵਿਸਥਾਰ ਨਾਲ ਪੁੱਛਿਆ। ਸਾਰੇ ਜਣੇ ਇਸ ਗੁੰਡਾਗਰਦੀ ਦੀ ਕਾਰਵਾਈ 'ਤੇ ਬਹੁਤ ਹੀ ਜ਼ਿਆਦਾ ਭੜਕ ਉੱਠੇ ਸਨ। ਇਹ 'ਇਕ ਤਾਂ ਚੋਰੀ ਉੱਤੋਂ ਸੀਨਾ ਜ਼ੋਰੀ' ਵਾਲੀ ਗੱਲ ਸੀ। ਹੁਣ ਫ਼ੈਸਲਾ ਹੋ ਗਿਆ ਕਿ ਇਸ ਗੁੰਡਾ-ਗਰਦੀ ਅਤੇ ਕੱਲ੍ਹ ਵਾਲੇ ਹੋਏ ਧੱਕੇ ਦੇ ਖ਼ਿਲਾਫ਼ ਡਟ ਕੇ ਲੜਿਆ ਜਾਵੇ। ਸਲਾਹ ਬਣੀ ਕਿ ਇਹਨਾਂ ਸਭ ਦੇ ਖ਼ਿਲਾਫ਼ ਸਿੱਧੇ ਤੌਰ 'ਤੇ ਸ਼ਿਕਾਇਤ ਕੀਤੀ ਜਾਵੇ ਨਹੀਂ ਤਾਂ ਇਹ ਤਾਂ ਇਹਨਾਂ ਨੇ ਆਪਾਂ ਨੂੰ ਆਪਣੇ ਘਰੇ ਵੀ ਨ੍ਹੀਂ ਵੜਣ ਦੇਣਾ।

ਅਸੀਂ ਫਿਰ ਥਾਣੇ ਪੁੱਜ ਗਏ ਤੇ ਸਬੰਧਤ ਥਾਣੇਦਾਰ ਨੂੰ ਸਾਰੀ ਗੱਲ ਦੱਸ ਦਿੱਤੀ। ਉਹ ਤਾਂ ਜਿਵੇਂ ਉਹਨਾਂ ਦਾ ਪੂਰਾ ਸਿਖਾਅ ਰੱਖਿਆ ਹੋਵੇ। ਉਹ ਕਿਸੇ ਗੱਲ 'ਤੇ ਹੀ ਨਾ ਆਵੇ। ਜਦ ਸਾਨੂੰ ਮਹਿਸੂਸ ਹੋਣ ਲੱਗਾ ਕਿ ਇਸ ਥਾਣੇਦਾਰ ਨੂੰ ਜਪਨਾਮ ਨੇ ਪੱਟੀ ਪੜ੍ਹਾਅ ਦਿੱਤੀ ਹੈ ਤਾਂ ਅਸੀਂ ਫ਼ੈਸਲਾ ਕੀਤਾ ਕਿ ਐਸ.ਐਸ.ਪੀ. ਨੂੰ ਮਿਲ ਕੇ ਸਾਰਾ ਕੁਝ ਦੱਸਿਆ ਜਾਵੇ।

ਅਸੀਂ ਉੱਥੋਂ ਥੋੜ੍ਹੀ ਦੂਰ ਹੀ ਸਥਿਤ ਐਸ.ਐਸ.ਪੀ. ਦਫ਼ਤਰ ਪੁੱਜ ਗਏ। ਕੁਦਰਤੀ ਸਾਹਬ ਵੀ ਆਪਣੇ ਦਫ਼ਤਰ ਵਿੱਚ ਬੈਠਾ ਹੋਇਆ ਸੀ। ਅਸੀਂ ਪਰਚੀ ਭੇਜੀ ਤੇ ਕੁਝ ਕੁ ਮਿੰਟਾਂ ਵਿੱਚ ਹੀ ਸਾਨੂੰ ਆਵਾਜ਼ ਪੈ ਗਈ। ਅੰਦਰ ਜਾ ਕੇ ਅਸੀਂ ਸਾਰੀ ਰਾਮ-ਕਹਾਣੀ ਐਸ.ਐਸ.ਪੀ. ਨੂੰ ਸੁਣਾਅ ਦਿੱਤੀ। ਇਸ ਮਾਮਲੇ ਵਿੱਚ ਆਪਣੇ ਦਫ਼ਤਰ ਦੇ ਇੱਕ ਕਰਮਚਾਰੀ ਦੀ ਸ਼ਮੂਲੀਅਤ ਅਤੇ ਉਸ ਦੀ ਕਰਤੂਤ ਬਾਰੇ ਸੁਣ ਕੇ ਇੱਕ ਵਾਰ ਤਾਂ ਉਸ ਦੇ ਮੱਥੇ 'ਤੇ ਤਿਉੜੀਆਂ ਉੱਭਰ ਆਈਆਂ ਸਨ। ਫਿਰ ਉਸਨੇ ਸਾਨੂੰ ਲਿਖਤੀ ਰੂਪ ਵਿੱਚ ਸਾਰਾ ਕੁਝ

ਦੇਣ ਲਈ ਆਖਿਆ ਤੇ ਪੂਰਾ ਵਿਸ਼ਵਾਸ ਦੁਆਇਆ ਕਿ ਸਾਨੂੰ ਪੂਰਾ ਇਨਸਾਫ਼ ਮਿਲੇਗਾ। ਅਸੀਂ ਸਾਰਾ ਕੁਝ ਲਿਖ ਕੇ ਦੇ ਦਿੱਤਾ ਤੇ ਉਸ ਨੇ ਸਾਡੀ ਅਰਜ਼ੀ ਡੀ.ਐਸ.ਪੀ. ਸਿਟੀ ਨੂੰ ਮਾਰਕ ਕਰ ਦਿੱਤੀ ਅਤੇ ਨਾਲ ਹੀ ਸਲਾਹ ਦਿੱਤੀ ਕਿ ਉਸ ਨੂੰ ਜਾ ਕੇ ਮਿਲ ਵੀ ਲਿਆ ਜਾਵੇ।

ਡੀ.ਐਸ.ਪੀ. ਦਾ ਦਫ਼ਤਰ ਵੀ ਨੇੜੇ ਦੀ ਇੱਕ ਇਮਾਰਤ ਵਿੱਚ ਹੀ ਹੈ। ਸਾਡੇ ਪਹੁੰਚਣ ਤੋਂ ਪਹਿਲਾਂ ਹੀ ਉਸ ਕੋਲ ਅਰਜ਼ੀ ਪੁੱਜ ਚੁੱਕੀ ਸੀ। ਸਾਨੂੰ ਬੁਲਾਅ ਕੇ ਉਸ ਨੇ ਸਾਰੀ ਕਹਾਣੀ ਪੁੱਛੀ। ਉਸ ਨੇ ਇੱਕ ਇੰਸਪੈਕਟਰ ਨੂੰ ਸੱਦ ਲਿਆ ਤੇ ਉਸ ਦੀ ਡਿਊਟੀ ਲਾ ਦਿੱਤੀ ਕਿ ਉਹ ਮੌਕੇ ’ਤੇ ਜਾਵੇ ਤੇ ਸਾਰੀ ਰਿਪੋਰਟ ਦੇਵੇ। ਉਸ ਇੰਸਪੈਕਟਰ ਨੇ ਉਸ ਸ਼ਾਮ ਨੂੰ ਹੀ ਛੇ ਵਜੇ ਆਉਣ ਦਾ ਵਾਅਦਾ ਕੀਤਾ ਤੇ ਸਾਨੂੰ ਆਪਣਾ ਮੋਬਾਈਲ ਫ਼ੋਨ ਨੰਬਰ ਵੀ ਦੇ ਦਿੱਤਾ ਤਾਂ ਕਿ ਕਿਸੇ ਵੀ ਅਣ-ਸੁਖਾਵੀਂ ਘਟਨਾ ਦੀ ਜਾਣਕਾਰੀ ਉਸ ਨੂੰ ਤੁਰੰਤ ਦੇ ਦਿੱਤੀ ਜਾ ਸਕੇ।

ਹੁਣ ਤੱਕ ਸਾਡੇ ਕਈ ਰਿਸ਼ਤੇਦਾਰਾਂ ਅਤੇ ਦੋਸਤਾਂ-ਮਿੱਤਰਾਂ ਨੂੰ ਇਸ ਝਗੜੇ ਬਾਰੇ ਜਾਣਕਾਰੀ ਮਿਲ ਚੁੱਕੀ ਸੀ। ਸਭ ਦੀ ਸਲਾਹ ਸੀ ਕਿ ਜਦ ਵੀ ਪੁਲਿਸ ਵਾਲਿਆਂ ਨੂੰ ਮਿਲਣਾ ਹੋਵੇ ਇਕੱਠ ਬੰਨ੍ਹ ਕੇ ਮਿਲਿਆ ਜਾਵੇ। ਅਸੀਂ ਸਭ ਨੂੰ ਸੂਚਿਤ ਕਰ ਦਿੱਤਾ ਕਿ ਸ਼ਾਮ ਨੂੰ ਛੇ ਕੁ ਵਜੇ ਜ਼ਰੂਰ ਪੁੱਜਣ। ਮਿਥੇ ਸਮੇਂ ’ਤੇ ਬਹੁਤੇ ਤਾਂ ਪੁੱਜ ਗਏ ਪਰ ਕੁਝ ਆਪਣੇ ਤਜ਼ਰਬੇ ਦੇ ਮੁਤਾਬਿਕ ਦੇਰੀ ਨਾਲ ਆਏ। ਪਹਿਲਾ ਡੇਢ ਕੁ ਘੰਟਾ ਤਾਂ ਇਸ ਝਗੜੇ ਬਾਰੇ ਗੱਲਾਂ ਕਰਦਿਆਂ ਹੀ ਲੰਘ ਗਿਆ। ਫਿਰ ਚਿੰਤਾ ਹੋਈ ਕਿ ਇੰਸਪੈਕਟਰ ਨੂੰ ਪੁੱਛ ਹੀ ਲਿਆ ਜਾਵੇ ਕਿ ਉਸ ਨੇ ਆਉਣਾ ਵੀ ਹੈ ਕਿ ਨਹੀਂ। ਜਦ ਮੈਂ ਫ਼ੋਨ ਕੀਤਾ ਤਾਂ ਆਖਣ ਲੱਗਾ, “ਅਸੀਂ ਕਿਤੇ ਛਾਪਾ ਮਾਰਿਆ ਹੋਇਆ ਹੈ, ਅੱਧੇ ਕੁ ਘੰਟੇ ਵਿੱਚ ਆਵਾਂਗਾ।”

ਅੱਧਾ ਘੰਟਾ ਕੀ ਪੂਰਾ ਘੰਟਾ ਵੀ ਲੰਘ ਗਿਆ। ਮੈਂ ਫਿਰ ਫ਼ੋਨ ਕੀਤਾ ਤਾਂ ਅੱਗੋਂ ਜਵਾਬ ਮਿਲਿਆ, “ਸਾਹਬ ਰੇਡ ’ਤੇ ਨੇ, ਬਿਜ਼ੀ ਹਨ।”

ਰਾਤ ਦੇ ਨੌਂ ਵੱਜ ਚੁੱਕੇ ਸਨ। ਸਭ ਨੇ ਆਪੋ-ਆਪਣੇ ਘਰ ਵੀ ਜਾਣਾ ਸੀ। ਇਸ ਲਈ ਫ਼ੈਸਲਾ ਹੋਇਆ ਕਿ ਅਗਲੇ ਦਿਨ ਹੀ ਇੰਸਪੈਕਟਰ ਨੂੰ ਮਿਲਿਆ ਜਾਵੇ। ਅਸੀਂ ਘਰ ਨੂੰ ਜਿੰਦਰਾ ਲਾ ਕੇ ਆਪਣੇ ਘਰ ਆ ਗਏ ਤੇ ਬਾਕੀ ਜਣੇ ਆਪੋ-ਆਪਣੇ ਘਰੀਂ ਚਲੇ ਗਏ।

ਸਾਨੂੰ ਘਰੇ ਪੁੱਜਿਆਂ ਨੂੰ ਅਜੇ ਦਸ ਕੁ ਮਿੰਟ ਹੀ ਹੋਏ ਸਨ ਕਿ ਮੇਰੇ ਪਿਤਾ ਜੀ ਨੂੰ ਫ਼ੋਨ ਆ ਗਿਆ ਕਿ ਪੁਲਿਸ ਵਾਲੇ ਤਾਂ ਆਏ ਹੋਏ ਨੇ ਤੇ ਗਲੀ ਵਿੱਚ ਤਾਂ ਇਕੱਠ ਹੀ ਬੜਾ ਹੋਇਆ ਪਿਆ ਹੈ। ਅਸੀਂ ਫ਼ਟਾਫ਼ਟ ਦੋਵਾਂ ਭਰਾਵਾਂ ਤੇ ਨੇੜਲੇ ਸਾਥੀਆਂ ਨੂੰ ਫ਼ੋਨ ਘੁਮਾਏ ਤੇ ਆਪ ਉਸ ਘਰ ਵੱਲ ਨੂੰ ਸਕੂਟਰ, ਮੋਟਰ

ਸਾਈਕਲਾਂ ’ਤੇ ਹੋ ਤੁਰੇ। ਸਾਡੇ ਪਹੁੰਚਣ ਵੇਲੇ ਪੁਲਿਸ ਦੀ ਜਿਪਸੀ ਤੁਰ ਪਈ ਸੀ ਤੇ ਲੋਕ ਟੋਲਿਆਂ ਦੇ ਰੂਪ ਵਿੱਚ ਖੜ੍ਹੇ ਸਨ ਪਰ ਸਾਨੂੰ ਆਉਂਦੇ ਵੇਖ ਕੇ ਉੱਥੋਂ ਟਲ ਗਏ। ਹੁਣ ਸਿਰਫ਼ ਉਹ ਤਿੰਨ ਜਣੇ ਅਤੇ ਉਹਨਾਂ ਦੇ ਟੱਬਰ ਦੇ ਜੀਅ ਹੀ ਖੜ੍ਹੇ ਰਹਿ ਗਏ ਸਨ। ਸਾਨੂੰ ਕਿਸੇ ਵੀ ਗੱਲ ਦਾ ਪਤਾ ਨਾ ਲੱਗ ਸਕਿਆ ਪਰ ਉਹਨਾਂ ਦੀ ਸ਼ਰੀਰਕ ਭਾਸ਼ਾ ਜੇਤੂ ਅੰਦਾਜ਼ ਵਾਲੀ ਸੀ।

ਅਗਲੇ ਦਿਨ ਸਾਨੂੰ ਪਤਾ ਲੱਗਾ ਕਿ ਇੰਸਪੈਕਟਰ ਨੇੜੇ ਹੀ ਕਿਸੇ ਘਰ ਵਿੱਚ ਬੈਠਾ ਸੀ। ਉੱਥੇ ਉਸ ਦੀ ਖ਼ੂਬ ਸੇਵਾ ਕੀਤੀ ਜਾ ਰਹੀ ਸੀ। ਘੜੀ ਹੋਈ ਯੋਜਨਾ ਮੁਤਾਬਕ ਜਦ ਅਸੀਂ ਅੱਕ ਕੇ ਮੌਕਾ ਵਾਰਦਾਤ ਤੋਂ ਵਾਪਸ ਆ ਜਾਣਾ ਸੀ ਤੇ ਉਸ ਨੇ ਉਸੇ ਵਕਤ ਹੀ ਤੁਰ ਪੈਣਾ ਸੀ ਤੇ ਆਪਣੀ ਤਰਫ਼ੋਂ ਮੌਕਾ ਵੇਖਣ ਵਾਲੀ ਕਾਰਵਾਈ ਕਰਕੇ ਸਾਹਬ ਦੀਆਂ ਅੱਖਾਂ ਪੂੰਝ ਦੇਣੀਆਂ ਸਨ।

ਸਵੇਰੇ ਅਸੀਂ ਇਸਪੈਕਟਰ ਨੂੰ ਮਿਲਣ ਲਈ ਗਏ ਤਾਂ ਉਹ ਬੋਲਿਆ, “ਤੁਸੀਂ ਤਾਂ ਆਏ ਹੀ ਨਹੀਂ। ਮੈਂ ਮੌਕੇ ’ਤੇ ਉਡੀਕਦਾ ਰਿਹਾ।”

ਮੈਂ ਆਖਿਆ, “ਸਰ, ਤੁਹਾਡੇ ਕੋਲ ਮੇਰਾ ਨੰਬਰ ਤਾਂ ਸੀ, ਤੁਸੀਂ ਇੱਕ ਮਿੰਟ ਵੀ ਪਹਿਲਾਂ ਦੱਸ ਦਿੰਦੇ ਤਾਂ ਅਸੀਂ ਹਾਜ਼ਰ ਹੋ ਜਾਣਾ ਸੀ।”

“ਕਾਕਾ ! ਜੇ ਕਰ ਅਸੀਂ ਇੰਝ ਹੀ ਫ਼ੋਨ ਕਰਨ ਲੱਗ ਜਾਈਏ ਤਾਂ ਅਸੀਂ ਸਾਂਭ ਲਿਆ ਸਾਰਾ ਸ਼ਹਿਰ। ਸੌ ਥਾਂ ’ਤੇ ਰੇਡ ਕਰਨੀ ਹੁੰਦੀ ਆ। ਜੇ ਅਸੀਂ ਦੱਸ-ਦੱਸ ਕੇ ਇਲਾਕਿਆਂ ਵਿੱਚ ਜਾਣ ਲੱਗ ਪਏ ਤਾਂ ਸਾਡੇ ਤਾਂ ਮੁਜ਼ਰਮ ਹੀ ਭੱਜ ਜਾਣਗੇ। ਇਹ ਤਾਂ ਪਿਆਸੇ ਨੂੰ ਈ ਖੂਹ ਕੋਲ ਆਉਣਾ ਪੈਂਦੈ।” ਉਸ ਦੇ ਰਾਤ ਦੇ ਖਾਧੇ ਹੋਏ ਕੁੱਕੜ ਨੇ ਬਾਂਗ ਦਿੱਤੀ।

ਮੇਰਾ ਇੱਕ ਜੀਅ ਤਾਂ ਕਰ ਰਿਹਾ ਸੀ ਕਿ ਇਹਨੂੰ ਆਖਾਂ, ‘ਓਏ ਹਰਾਮਜ਼ਾਦਿਆ ! ਸਾਨੂੰ ਕਿਉਂ ਮੂਰਖ ਬਣਾਈ ਜਾਂਦੈਂ ? ਸਾਰੇ ਮੁਹੱਲੇ ਨੂੰ ਪਤਾ ਹੈ ਕਿ ਤੂੰ ਬੈਠਾ ਤਾਂ ਇਸੇ ਮੁਹੱਲੇ ਦੀ ਤਿੰਨ ਨੰਬਰ ਗਲੀ ਵਿੱਚ, ਇੱਕ ਹੌਲਦਾਰ ਦੇ ਘਰ ਸੀ ਤੇ ਜਪਨਾਮ ਦੀ ਭੇਜੀ ਦਾਰੂ ਤੇ ਮੀਟ ਛਕ ਰਿਹਾ ਸੀ।’ ਜੇ ਉਸ ਦੇ ਕੋਲ ਵਰਦੀ ਵਾਲੀ ਤਾਕਤ ਨਾ ਹੁੰਦੀ ਤਾਂ ਸ਼ਾਇਦ ਮੈਂ ਉਸ ਨੂੰ ਸਿੱਧੀਆਂ ਲਾਅਣਤਾਂ ਪਾਉਣੀਆਂ ਸਨ ਪਰ ਮਜਬੂਰੀ ਵੱਸ ਮੈਂ ਉਵੇਂ ਹੀ ਲੁਕੇ-ਛਿਪੇ ਢੰਗ ਨਾਲ ਪਾਈਆਂ ਜਿਵੇਂ ਉਸ ਨੇ ਘਟਨਾ ਸਥਾਨ ਦਾ ਦੌਰਾ ਲੁਕ-ਛਿਪ ਕੇ ਕੀਤਾ ਸੀ।

ਜਦ ਸਾਨੂੰ ਲੱਗਾ ਕਿ ਇੰਸਪੈਕਟਰ ਵੀ ਵਿਕਿਆ ਹੋਇਆ ਹੀ ਹੈ ਤਾਂ ਫਿਰ ਅਗਲੇ ਦਿਨ ਹੀ ਅਸੀਂ ਡੀ.ਐਸ.ਪੀ. ਦੇ ਪੇਸ਼ ਹੋ ਗਏ। ਉਸ ਨੇ ਸਾਨੂੰ ਹੌਸਲਾ ਰੱਖਣ ਦਾ ਧਰਵਾਸਾ ਦਿੱਤਾ ਤੇ ਆਖਿਆ ਕਿ ਉਹ ਸਮਾਂ ਕੱਢ ਕੇ ਜ਼ਰੂਰ ਆਵੇਗਾ ਤੇ ਆਉਣ ਤੋਂ ਪਹਿਲਾਂ ਸਾਨੂੰ ਸੂਚਿਤ ਵੀ ਜ਼ਰੂਰ ਕਰੇਗਾ।

ਸਾਡਾ ਕੰਮ ਪੂਰੀ ਤਰ੍ਹਾਂ ਰੁਕਿਆ ਪਿਆ ਸੀ ਤੇ ਮੁਹੱਲੇ ਵਿੱਚ ਤਰ੍ਹਾਂ-ਤਰ੍ਹਾਂ

ਦੀਆਂ ਗੱਲਾਂ ਚੱਲ ਰਹੀਆਂ ਸਨ। ਇਹ ਸਭ ਗੱਲਾਂ ਸਾਨੂੰ ਉਸੇ ਵੇਲ਼ੇ ਤਾਂ ਪਤਾ ਨਾ ਲੱਗਦੀਆਂ ਪਰ ਕੁਝ ਕੁ ਸਮਾਂ ਪਾ ਕੇ ਸਾਰੀ ਜਾਣਕਾਰੀ ਮਿਲ ਹੀ ਜਾਂਦੀ ਸੀ। ਹੁਣ ਬਹੁਤੇ ਲੋਕਾਂ ਦਾ ਇਹ ਵਿਚਾਰ ਸੀ ਕਿ ਜਦ ਗੁਰਨੇਕ ਆਪ ਗਲੀ ਦੀ ਜਗ੍ਹਾ ਨੱਪੀ ਬੈਠਾ ਹੈ ਤਾਂ ਉਸ ਨੂੰ ਨੈਤਿਕ ਤੌਰ 'ਤੇ, ਹੋਰ ਕਿਸੇ ਨੂੰ ਆਪਣੀ ਬਣਦੀ ਜਗ੍ਹਾ ਰੋਕਣ ਅਤੇ ਰੌਲ਼ਾ ਪਾਉਣ ਦਾ ਕੋਈ ਵੀ ਅਧਿਕਾਰ ਨਹੀਂ ਬਣਦਾ। ਕੁਝ ਕੁ ਦੇ ਵਿਚਾਰ ਸਨ ਕਿ ਜਦ ਇਹ ਜਗ੍ਹਾ ਪਿਛਲੇ ਪੱਚੀ-ਤੀਹ ਸਾਲਾਂ ਤੋਂ ਕਿਸੇ ਵੀ ਮਾਲਕ ਨੇ ਵ਼ਲੀ ਹੀ ਨਹੀਂ ਤਾਂ ਇਹਨਾਂ ਨੂੰ ਕੀ ਆਫ਼ਤ ਆ ਗਈ ਸੀ ਮੁਹੱਲੇ ਨਾਲ ਪੰਗਾ ਲੈਣ ਦੀ। ਕਈ ਜਪਨਾਮ ਨੂੰ ਸ਼ਰ੍ਹੇਆਮ ਗਾਲ੍ਹਾਂ ਕੱਢ ਰਹੇ ਸਨ ਕਿ ਉਹ ਧਾਰਮਿਕ ਚਿੰਨ੍ਹ ਪਾ ਕੇ ਵੀ ਝੂਠਿਆਂ ਦਾ ਸਾਥ ਦੇ ਰਿਹਾ ਹੈ। ਜਾਇਜ਼ ਕੰਮ ਨੂੰ ਕਰਵਾਉਣ ਖ਼ਾਤਿਰ ਸਹੀ ਬੰਦਿਆਂ ਦੀ ਮਦਦ ਤਾਂ ਕੀ ਕਰਨੀ ਸੀ, ਸਗੋਂ ਵਿੱਚ ਪੈ ਕੇ ਸੌਦਾ ਹੀ ਕਰਵਾਉਣ ਲੱਗ ਪਿਆ ਹੈ। ਪਤਾ ਲੱਗਾ ਕਿ ਗੁਰਨੇਕ ਹੁਰੀਂ ਜਪਨਾਮ ਨੂੰ ਇਸ ਮਾਮਲੇ ਵਿੱਚ ਨਾ ਪਾਉਂਦੇ ਤਾਂ ਇਹ ਪੁਲਸੀਏ ਤਾਂ ਬਹੁਤੇ ਪੈਸਿਆਂ ਦੀ ਮਾਰ ਨਹੀਂ ਸਨ ਪਰ ਜਪਨਾਮ ਨੇ ਇੰਸਪੈਕਟਰ ਨੂੰ ਪਾਰਟੀ ਕਰਨ ਦੇ ਨਾਂ 'ਤੇ ਦਾਰੂ ਅਤੇ ਮੀਟ 'ਤੇ ਹੀ ਕਾਫ਼ੀ ਰੁਪਈਏ ਖਰਚਾਅ ਦਿੱਤੇ ਸਨ।

ਜਦ ਦੋ ਤਿੰਨ ਦਿਨ ਡੀ.ਐਸ.ਪੀ. ਨਾ ਆਇਆ ਤਾਂ ਸਾਨੂੰ ਲੱਗਣ ਲੱਗ ਪਿਆ ਕਿ ਦਾਲ ਵਿੱਚ ਕੁਝ ਕਾਲ਼ਾ ਨਹੀਂ ਸਗੋਂ ਸਾਰੀ ਦਾਲ ਹੀ ਕਾਲ਼ੀ ਹੈ।

ਇਸ ਦਾ ਵੀ ਇੱਕ ਕਾਰਨ ਸੀ। ਵਿਚਕਾਰਲੇ ਦਿਨਾਂ ਵਿੱਚ ਜਦ ਉਸਾਰੀ ਦਾ ਸਾਰਾ ਕੰਮ ਬੰਦ ਸੀ। ਇੱਕ ਰਾਤ ਨੂੰ ਕੁਝ ਅਣ-ਪਛਾਤੇ ਬੰਦੇ ਆਏ ਤੇ ਸਾਡੇ ਉਸ ਸੁੰਨੇ ਪਏ ਘਰ ਉੱਤੇ ਰੋੜੇ ਅਤੇ ਤਲਵਾਰਾਂ ਚਲਾਉਣ ਲੱਗ ਪਏ ਸਨ। ਪਤਾ ਨਹੀਂ, ਉਸ ਕਿਸ ਨਸ਼ੇ ਵਿੱਚ ਗੁੱਟ ਸਨ ਕਿ ਖਾਲੀ ਪਏ ਮਕਾਨ ਨੂੰ ਹੀ ਗਾਲ੍ਹਾਂ ਕੱਢ ਕੇ ਸਬਕ ਸਿਖਾਉਣ ਦੀਆਂ ਧਮਕੀਆਂ ਦਿੰਦੇ ਰਹੇ ਸਨ। ਬਾਹਰ ਲੱਗਦੀ ਖਿੜਕੀ ਉਹਨਾਂ ਨੇ ਬੁਰੀ ਤਰ੍ਹਾਂ ਭੰਨ ਦਿੱਤੀ ਸੀ ਤੇ ਸਾਡੀ ਗ਼ੈਰ ਹਾਜ਼ਰੀ ਵਿੱਚ ਹੀ ਆਪਣੀ ਬਹਾਦਰੀ ਵਿਖਾਅ ਕੇ ਰਫ਼ੂ ਚੱਕਰ ਹੋ ਗਏ ਸਨ।

ਇਸ ਗੱਲ ਦਾ ਪਤਾ ਸਾਨੂੰ ਸਵੇਰ ਵੇਲ਼ੇ ਲੋਕਾਂ ਦੇ ਫ਼ੋਨ ਆਉਣ 'ਤੇ ਹੀ ਲੱਗਾ ਸੀ। ਸਾਨੂੰ ਹੈਰਾਨੀ ਹੋ ਰਹੀ ਸੀ ਕਿ ਸਾਡੇ ਤਿੰਨ ਦੁਸ਼ਮਣ ਤਾਂ ਅੱਖਾਂ ਦੇ ਸਾਹਮਣੇ ਹੀ ਹਨ ਤੇ ਉਹ ਵਾਰ ਵੀ ਸਾਹਮਣੇ ਤੋਂ ਹੀ ਕਰ ਰਹੇ ਹਨ ਅਤੇ ਇਹ ਚੌਥਾ ਕਿਹੜਾ ਜੰਮ ਪਿਆ ਹੈ ? ਜਿਹੜਾ ਸਾਡੀ ਗ਼ੈਰ-ਮੌਜੂਦਗੀ ਵਿੱਚ ਹੀ ਕਦੇ ਇੱਟਾਂ ਪੁੱਟਣ ਲੱਗ ਜਾਂਦਾ ਹੈ, ਕਦੇ ਧਮਕੀਆਂ ਦਿੰਦਾ ਹੈ ਤੇ ਕਦੇ ਕੰਧਾਂ ਤੇ ਬਾਰੀਆਂ ਨਾਲ ਹੀ ਟੱਕਰਾਂ ਮਾਰ ਕੇ ਚਲਾ ਜਾਂਦਾ ਹੈ। ਫਿਰ ਸਾਨੂੰ ਸ਼ੱਕ ਹੋਈ ਕਿ ਇਹ ਸਾਰਾ ਕੁਝ ਇਹ ਤਿੱਕੜੀ ਹੀ ਕਰਵਾਅ ਰਹੀ ਹੈ ਤੇ

ਵਰਤ ਵੀ ਸਾਹਮਣੇ ਵਾਲੇ ਘਰ ਵਿੱਚ ਰਹਿ ਰਹੇ ਪ੍ਰਵਾਸੀ ਮਜ਼ਦੂਰਾਂ ਨੂੰ ਹੀ ਰਹੀ ਹੈ, ਜਿੰਨਾਂ ਦੀ ਕੋਈ ਵੀ ਪਹਿਚਾਣ ਨਹੀਂ ਸੀ। ਇਹ ਮਜ਼ਦੂਰ ਰਹਿੰਦੇ ਵੀ ਮਲਕੀਤ ਦੀ ਭੈਣ ਦੇ ਘਰ ਵਿੱਚ ਹੀ ਸਨ। ਇਨ੍ਹਾਂ ਪ੍ਰਵਾਸੀਆਂ ਬਾਰੇ ਕਿਸੇ ਨੂੰ ਕੋਈ ਵੀ ਜਾਣਕਾਰੀ ਨਹੀਂ ਸੀ ਤੇ ਉਹਨਾਂ ਦੀ ਵਫ਼ਾਦਾਰੀ ਵੀ ਮਲਕੀਤ ਨਾਲ ਹੀ ਸੀ।

ਅਸੀਂ ਆਪਣੇ ਸਾਹਮਣੇ ਘਰ ਉੱਤੇ ਨਿਗ੍ਹਾ ਰੱਖਣੀ ਸ਼ੁਰੂ ਕਰ ਦਿੱਤੀ। ਪਹਿਲੇ ਦਿਨ ਮੈਂ ਲੁਕ ਕੇ ਉਹਨਾਂ ਦੀ ਵੀਡੀਓ ਬਣਾਈ। ਜਦ ਮੈਂ ਇਸ ਵੀਡੀਓ ਨੂੰ ਕੰਪਿਊਟਰ 'ਤੇ ਚਲਾਅ ਕੇ ਵੇਖਿਆ ਤਾਂ ਮੇਰੀਆਂ ਵਾਛਾਂ ਖਿੜ੍ਹ ਗਈਆਂ। ਮੈਂ ਆਪਣੀ ਇਸ ਚੋਰੀ ਬਣਾਈ ਫ਼ਿਲਮ ਵਿੱਚ ਤੱਕਿਆ ਕਿ ਇੱਕ ਮੋਟਰ-ਸਾਈਕਲ ਉੱਤੇ ਚਾਰ ਜਣੇ ਸਵਾਰ ਹੋ ਕੇ ਮਲਕੀਤ ਦੀ ਭੈਣ ਦੇ ਘਰੋਂ ਬਾਹਰ ਨਿਕਲ ਰਹੇ ਸਨ ਤੇ ਉਹ ਲੁੱਡੀਆਂ ਪਾ ਕੇ ਆਪਣੇ ਜਾਣ ਦੇ ਇਸ਼ਾਰੇ ਕਰ ਰਹੇ ਸਨ।

ਮੇਰੇ ਲਈ ਇਹ ਕਲਿੱਪ ਬੜਾ ਹੀ ਕੀਮਤੀ ਸੀ ਕਿਉਂਕਿ ਮੈਂ ਆਪਣੇ ਘਰ ਉੱਤੇ ਵਾਰ-ਵਾਰ ਹਮਲਾ ਕਰਨ ਵਾਲੇ ਦੋਸ਼ੀਆਂ ਨੂੰ ਫੜਣ ਦੇ ਨੇੜੇ ਤੇੜੇ ਹੀ ਸਾਂ। ਪੁਲਿਸ ਵਾਲੇ ਤਾਂ ਤਿੰਨ ਬੰਦਿਆਂ ਨੂੰ ਇੱਕ ਮੋਟਰ ਸਾਈਕਲ ਉੱਤੇ ਬੈਠੇ ਵੇਖ ਕੇ ਔਖੇ ਭਾਰੇ ਹੋਣ ਲੱਗ ਪੈਂਦੇ ਹਨ ਪਰ ਇਹ ਤਾਂ ਫਿਰ ਵੀ ਚਾਰ ਜਣੇ ਜਾ ਰਹੇ ਸਨ ਤੇ ਉਹ ਵੀ ਇੱਕ ਪੁਲਿਸ ਵਾਲੇ ਦੇ ਹੀ ਘਰ ਵਿੱਚੋਂ। ਮੈਨੂੰ ਪੂਰਾ ਯਕੀਨ ਹੋ ਗਿਆ ਕਿ ਸਾਨੂੰ ਡਰਾਉਣ-ਧਮਕਾਉਣ ਲਈ ਇਹਨਾਂ ਮਜ਼ਦੂਰਾਂ ਨੂੰ ਵਰਤਿਆ ਜਾ ਰਿਹਾ ਹੈ। ਹੋਰ ਕੋਈ ਬਾਹਰਲੇ ਬੰਦੇ ਨਹੀਂ ਹਨ।

ਮੈਂ ਝੱਟ ਦੇਣੇ ਇਸ ਦੀ ਇੱਕ ਸੀ.ਡੀ. ਬਣਵਾਅ ਲਈ ਅਤੇ ਨਿਸ਼ਾਨਦੇਹੀ ਵਜੋਂ ਆਪਣੇ ਬਣਦੇ ਥਾਂ ਦੀ ਹੱਦ ਉੱਤੇ ਕਲੀ ਪਾ ਕੇ ਤਸਵੀਰਾਂ ਵੀ ਖਿੱਚ ਲਈਆਂ ਤਾਂ ਕਿ ਡੀ.ਐਸ.ਪੀ. ਨੂੰ ਵਿਖਾਅ ਸਕਾਂ। ਅਸੀਂ ਪੂਰੇ ਘਟਨਾਕ੍ਰਮ ਦੀ ਲਿਖਤੀ ਸ਼ਿਕਾਇਤ, ਸੀ.ਡੀ. ਅਤੇ ਤਸਵੀਰਾਂ ਦੀ ਇੱਕ ਫਾਈਲ ਤਿਆਰ ਕਰ ਲਈ।

ਜਦ ਡੀ.ਐਸ.ਪੀ. ਦੇ ਆਉਣ ਦੀ ਪੂਰੀ ਝਾਕ ਹੀ ਮੁੱਕ ਗਈ ਤਾਂ ਚੌਥੇ ਦਿਨ ਮੈਂ ਤੇ ਯਾਦਵਿੰਦਰ ਆਪ ਹੀ ਫਾਈਲ ਚੁੱਕ ਕੇ ਉਸ ਦੇ ਦਫ਼ਤਰ ਜਾ ਪੁੱਜੇ। ਅਸੀਂ ਆਪਣੀ ਪਰਚੀ ਅੰਦਰ ਭੇਜ ਦਿੱਤੀ। ਸਾਡੇ ਤੋਂ ਬਾਅਦ ਵਿੱਚ ਆਉਣ ਵਾਲੇ, ਆ ਕੇ ਡੀ.ਐਸ.ਪੀ. ਨੂੰ ਮਿਲ ਕੇ, ਵਾਪਿਸ ਜਾ ਰਹੇ ਸਨ। ਇਹ ਪਹਿਲਾ ਮੌਕਾ ਸੀ ਕਿ ਸਾਨੂੰ ਸਭ ਤੋਂ ਅੰਤ ਵਿੱਚ ਬੁਲਾਇਆ ਗਿਆ ਸੀ।

ਮੈਂ ਤੇ ਯਾਦਵਿੰਦਰ ਨੇ ਸਾਰੀ ਕਹਾਣੀ ਫਿਰ ਤੋਂ ਦੱਸਣ ਦੇ ਨਾਲ-ਨਾਲ ਬਣਾਈ ਹੋਈ ਫਾਈਲ ਉਸ ਡੀ.ਐਸ.ਪੀ. ਨੂੰ ਸੌਂਪ ਦਿੱਤੀ।

"ਸ਼ਿਕਾਇਤਾਂ ਤਾਂ ਕਰੀ ਜਾਂਦੇ ਓ, ਮੌਕੇ 'ਤੇ ਪਹੁੰਚਦੇ ਈ ਨ੍ਹੀਂ। ਪੁਲਿਸ ਕੋਈ ਵਿਹਲੀ ਥੋੜੀ ਏ, ਜੋ ਤੁਹਾਡੀ ਹੀ ਉਡੀਕ ਕਰੀ ਜਾਵੇ।" ਉਹ ਸਾਨੂੰ ਟੁੱਟ ਕੇ ਪੈ ਗਿਆ।

ਜਦ ਅਸੀਂ ਸਾਰੀ ਕਹਾਣੀ ਫਿਰ ਤੋਂ ਦੱਸਣ ਲੱਗ ਪਏ ਤਾਂ ਉਸ ਨੇ ਅਣਸੁਣੀ ਹੀ ਕਰ ਦਿੱਤੀ ਤੇ ਘੰਟੀ ਵਜਾਅ ਕੇ ਅਰਦਲੀ ਨੂੰ ਅਗਲੇ ਮਿਲਣ ਵਾਲਿਆਂ ਨੂੰ ਆਉਣ ਲਈ ਆਖ ਦਿੱਤਾ। ਸਾਡੇ ਲਈ ਇਹ ਬੜੀ ਹੀ ਵੱਡੀ ਨਮੋਸ਼ੀ ਵਾਲੀ ਗੱਲ ਸੀ ਤੇ ਅਸੀਂ ਬੇਵੱਸ ਜਿਹੇ ਹੋ ਕੇ ਦਫ਼ਤਰ ਤੋਂ ਬਾਹਰ ਆ ਗਏ।

"ਮੈਨੂੰ ਤਾਂ ਇਹ ਵੀ ਵਿਕਿਆ ਹੋਇਆ ਹੀ ਲੱਗਦੈ।" ਮੈਂ ਆਪਣਾ ਅੰਦਰ ਦਾ ਡਰ ਜ਼ਾਹਿਰ ਕਰਦੇ ਹੋਏ ਆਪਣੇ ਭਰਾ ਨੂੰ ਅਖਿਆ।

"ਇਹ ਸਾਰਾ ਉਸ ਜਪਨਾਮ ਦਾ ਹੀ ਕਾਰਾ ਏ। ਇਹਨਾਂ ਨੂੰ ਦਫ਼ਤਰ ਤੱਕ ਸੌ ਕੰਮ ਪੈਂਦੇ ਰਹਿੰਦੇ ਨੇ। ਸਿਰਫ਼ ਇਸੇ ਕਰਕੇ ਹੀ ਉਸ ਦੀ ਬੋਲੀ ਬੋਲ ਰਿਹੈ।" ਯਾਦਵਿੰਦਰ ਨੇ ਆਪਣੇ ਤਜ਼ਰਬੇ ਮੁਤਾਬਿਕ ਉੱਤਰ ਦਿੱਤਾ।

ਸਾਨੂੰ ਕੁਝ ਵੀ ਸੁੱਝ ਨਹੀਂ ਸੀ ਰਿਹਾ ਤੇ ਅਸੀਂ ਨਿਢਾਲ ਜਿਹੇ ਹੋ ਕੇ ਉਸ ਦਫ਼ਤਰ ਦੇ ਬਾਹਰ ਪਈਆਂ ਕੁਰਸੀਆਂ ਉੱਤੇ ਆਣ ਕੇ ਢੇਰੀ ਹੋ ਗਏ ਤੇ ਅਗਲਾ ਕਦਮ ਪੁੱਟਣ ਦੀ ਸਲਾਹ ਕਰਨ ਲੱਗ ਪਏ। ਏਨੇ ਵਿੱਚ ਹੀ ਇੱਕ ਪੁਲਸੀਆ ਸਾਡੇ ਕੋਲ ਆ ਗਿਆ ਤੇ ਪੁੱਛਣ ਲੱਗਾ, "ਤੁਸੀਂ ਉਸ ਕੰਧ ਦੇ ਚੱਕਰ ਵਿੱਚ ਹੀ ਸਾਹਬ ਨੂੰ ਮਿਲਣ ਆਏ ਸੀ ਨਾ।"

ਸਾਡੀ ਹਾਂ ਸੁਣ ਕੇ ਉਹ ਉੱਧੜ ਹੀ ਪਿਆ, "ਇਹ ਤਾਂ ਸਾਰੇ ਇੱਕਮਿੱਕ ਹੀ ਹਨ। ਇਹਨਾਂ ਤੋਂ ਇਨਸਾਫ਼ ਦੀ ਆਸ ਨਾ ਰੱਖਿਓ। ਜਾਂ ਤਾਂ ਇਹਨਾਂ 'ਤੇ ਜਨਤਕ ਦਬਾਅ ਪਾਓ। ਜੇ ਵੱਸ ਨਾ ਹੀ ਚੱਲੇ ਤਾਂ ਇੱਕ ਸੌ ਕਿਆਸੀ ਨੰਬਰ 'ਤੇ ਫ਼ੋਨ ਕਰ ਦਿਓ। ਉਹਦੇ ਤੋਂ ਬੜਾ ਚਲਦਾ ਏ ਸਾਡਾ ਮਹਿਕਮਾ।"

ਸਾਨੂੰ ਜ਼ਰਾ ਕੁ ਸ਼ੱਕ ਵੀ ਹੋਈ ਕਿ ਇਹ ਪੁਲਸੀਆ ਸਾਡੀ ਮਦਦ ਕਰਨ ਲਈ ਏਨਾ ਤਤਪਰ ਕਿਉਂ ਹੈ ? ਸਾਨੂੰ ਲੱਗਾ ਕਿ ਸ਼ਾਇਦ ਉਹ ਸਾਨੂੰ ਜਾਣਬੁੱਝ ਕੇ ਗ਼ਲਤ ਸਲਾਹ ਹੀ ਦੇ ਰਿਹਾ ਹੈ ਤਾਂ ਜੋ ਸਾਡਾ ਕੇਸ ਅਸਲ ਮਕਸਦ ਤੋਂ ਭਟਕ ਜਾਵੇ। ਸਾਨੂੰ ਹੈਰਾਨੀ ਵੀ ਹੋ ਰਹੀ ਸੀ ਕਿ ਉਹ ਸਾਡੀ ਮੱਦਦ ਲਈ ਬਿਨ-ਬੁਲਾਏ ਹੀ ਅੱਗੇ ਕਿਉਂ ਆ ਗਿਆ ਹੈ ? ਫਿਰ ਵੀ ਅਸੀਂ ਉਸ ਨਾਲ ਗੱਲਬਾਤ ਜਾਰੀ ਰੱਖੀ।

ਜਦ ਉਸ ਨੂੰ ਲੱਗਣ ਲੱਗ ਪਿਆ ਕਿ ਅਸੀਂ ਉਸ ਦੀਆਂ ਗੱਲਾਂ 'ਤੇ ਧਿਜ ਗਏ ਹਾਂ ਤਾਂ ਆਖਣ ਲੱਗਾ, "ਉਂਝ ਏਨਾ ਖਲਜਗਣ ਕਰਨਾ ਆਮ ਬੰਦੇ ਲਈ ਹੁੰਦਾ ਬੜਾ ਔਖੈ। ਮੁਲਾਜ਼ਮ ਲਈ ਤਾਂ ਉਸ ਤੋਂ ਵੀ ਔਖਾ ਹੁੰਦਾ ਹੈ। ਤੁਸੀਂ ਐਵੇਂ ਚੱਕਰਾਂ ਵਿੱਚ ਨਾ ਪਓ। ਸਾਹਬ ਨੂੰ ਦੋ-ਤਿੰਨ ਥਹੀਆਂ ਵਿਖਾਅ

ਦਿਓ। ਫੇਰ ਵੇਖਿਓ, ਇਹਨੇ ਕੰਧ ਆਪ ਹੀ ਕਢਵਾਉਣ ਤੁਰ ਪੈਣਾ। ਉਂਝ ਸਾਹਬ ਕਿਸੇ ਅਣਜਾਣ ਬੰਦੇ ਕੋਲੋਂ ਪੈਸੇ ਸਿੱਧੇ ਨਹੀਂ ਲੈਂਦਾ। ਜੇ ਤੁਸੀਂ ਆਖੋਂ ਤਾਂ ਮੈਂ ਗੱਲ ਕਰ ਕੇ ਵੇਖ ਲਵਾਂਗਾ। ਸ਼ਾਇਦ ਥੋਡਾ ਭਲਾ ਮੇਰੇ ਹੱਥੋਂ ਹੋਣਾ ਹੀ ਲਿਖਿਆ ਹੋਵੇ।" ਉਸ ਨੇ ਆਪਣਾ ਲੰਬਾ ਸਾਰਾ ਭਾਸ਼ਣ ਦਿੱਤਾ।

ਅਸੀਂ ਸਮਝ ਗਏ ਕਿ ਇਹ ਪੁਲਸੀਆ ਇੱਕ ਦਲਾਲ ਹੀ ਹੈ। ਉਹ ਨਹੀਂ ਜਾਣਦਾ ਸੀ ਕਿ ਕਾਮਰੇਡਾਂ ਦੇ ਖ਼ੂਨ ਵਿੱਚ ਵੱਢੀ ਲੈ ਜਾਂ ਦੇ ਕੇ ਕੰਮ ਕਰਵਾਉਣ ਦਾ ਭੋਰਾ ਮਾਸਾ ਵੀ ਮਾਦਾ ਹੁੰਦਾ ਹੀ ਨਹੀਂ ਹੈ। ਉਹ ਆਪਣੇ ਹੱਕ ਲੜ ਕੇ ਲੈਣ ਜਾਣਦੇ ਹਨ। ਪਰ ਅਸੀਂ ਉਸ ਨੂੰ ਉਧੇੜਨ ਲਈ ਸਵਾਲ-ਦਰ-ਸਵਾਲ ਕਰਦੇ ਹੀ ਗਏ।

"ਤੇਰੇ ਆਖੇ ਤੋਂ ਮੰਨ ਜੂ ਗਾ ਸਾਹਬ ?" ਮੈਂ ਪੁੱਛਿਆ।

"ਸਾਹਬ ਨੇ ਮੇਰੇ ਵਰਗੇ ਸਪ੍ਹਾਟੇ ਦੇ ਆਖੇ ਥੋੜ੍ਹਾ ਮੰਨਣਾ। ਉਹ ਤਾਂ 'ਗਾਂਧੀ' ਦੇ ਆਖੇ ਮੰਨਦਾ ਹੁੰਦਾ ਏ।"

"ਫਿਰ ਥੋਡੇ ਪੁਲਿਸ-ਵਾਲਿਆਂ ਦਾ ਕੀ ਬਣੂੰ ? ਜਿਹੜੇ ਇਸ ਮਾਮਲੇ ਵਿੱਚ ਸ਼ਾਮਿਲ ਹਨ ?" ਯਾਦਵਿੰਦਰ ਨੇ ਪੋਲਾ ਜਿਹਾ ਮੂੰਹ ਬਣਾਅ ਕੇ ਆਖਿਆ।

"ਉਹ ਤਾਂ ਮੁਰਗ਼ੀ ਫਸਾਅ ਕੇ ਦੇਣ ਵਾਲੇ ਹਨ। ਉਹਨਾਂ ਆਪਣਾ ਕੰਮ ਕਰ ਦਿੱਤਾ ਹੈ ਤੇ ਉਹਨਾਂ ਨੂੰ ਆਪਣਾ ਹਿੱਸਾ ਮਿਲ ਜਾਣਾ ਹੈ।" ਆਪਣੀ ਛਿਦਰੀ ਜਿਹੀ ਦਾੜ੍ਹੀ ਨੂੰ ਖੁਰਕਦਾ ਹੋਇਆ ਸਪ੍ਹਾਟਾ ਬੋਲਿਆ।

ਮੈਨੂੰ ਆਪਣੇ-ਆਪ ਨੂੰ ਪੁਲਿਸ ਵਾਲਿਆਂ ਦੀ ਇੱਕ 'ਮੁਰਗ਼ੀ' ਤਸੱਵਰ ਕਰ ਕੇ ਕਚਿਆਣ ਜਿਹੀ ਆਈ ਤੇ ਮੈਂ ਉਸ ਨੂੰ ਗੁੱਸੇ ਨਾਲ ਪੁੱਛਿਆ, "ਜੇ ਭਲਾ, ਮੁਰਗ਼ੀ ਨਾ ਫਸੇ ਤਾਂ, ਫਿਰ ?"

"ਤਾਂ ਸਾਡਾ ਇਹ ਮਹਿਕਮਾ ਮੁਰਗ਼ੀ ਨੂੰ ਏਨਾ ਭਜਾਉਂਦਾ ਹੈ ਕਿ ਉਹ ਬੇਹਾਲ ਹੋ ਕੇ, ਹਫ਼ ਕੇ ਡਿੱਗ ਪੈਂਦੀ ਹੈ ਤੇ ਆਪ ਹੀ ਕਸਾਈ ਨੂੰ 'ਵਾਜ਼ਾਂ ਮਾਰਨ ਲੱਗ ਪੈਂਦੀ ਹੈ ਕਿ ਇਸ ਭੱਜ-ਨੱਠ ਦੇ ਖਲਜ਼ਗਣ ਨਾਲੋਂ ਤਾਂ ਮੈਨੂੰ ਇੱਕ ਵਾਰ ਮਾਰ ਹੀ ਦੇ। ਮੈਂ ਕਿਸੇ ਦੀ ਥਾਲੀ ਦਾ ਸ਼ਿੰਗਾਰ ਅਤੇ ਮੂੰਹ ਦਾ ਸਵਾਦ ਤਾਂ ਬਣ ਜਾਵਾਂ।" ਉਹ ਨਿਝੱਕ ਹੋ ਕੇ ਆਪਣੇ ਮਹਿਕਮੇ ਦੀ ਖ਼ਸਲਤ ਬਾਰੇ ਦੱਸਣ ਲੱਗ ਪਿਆ।

ਉਹ ਸਾਨੂੰ ਇਹ ਸਭ ਗੱਲਾਂ ਇਸ ਹਿਸਾਬ ਨਾਲ ਦੱਸ ਰਿਹਾ ਸੀ ਕਿ ਸਾਨੂੰ ਸਮਝ ਹੀ ਨਹੀਂ ਸੀ ਆ ਰਹੀ ਕਿ ਉਹ ਸਾਨੂੰ ਡਰਾਉਣ ਲੱਗਾ ਹੋਇਆ ਹੈ ਜਾਂ ਫਿਰ ਤਰੀਕਾ ਸਮਝਾਅ ਰਿਹਾ ਹੈ। ਅਸੀਂ ਉਸ ਨੂੰ ਫਿਰ ਮਿਲਣ ਦਾ ਵਾਅਦਾ ਕਰਕੇ ਉਸ ਦਫ਼ਤਰ ਤੋਂ ਬਾਹਰ ਆ ਗਏ।

ਅਸੀਂ ਦੋਵਾਂ ਭਰਾਵਾਂ ਨੇ ਸਲਾਹ ਕਰ ਲਈ ਕਿ ਪੁਲਿਸ ਵਾਲਿਆਂ ਦੀ

'ਮੁਰਗ਼ੀ' ਬਣਨ ਨਾਲੋਂ ਤਾਂ ਇੱਕ ਬਾਜ਼ ਬਣ ਕੇ ਇਹਨਾਂ ਨਾਲ ਯੁੱਧ ਕਰਨਾ ਹੀ ਠੀਕ ਹੈ।

ਰੌਲ਼ੇ ਵਾਲੀ ਇਹ ਗੱਲ ਤਕਰੀਬਨ ਸਾਡੇ ਸਭ ਦੋਸਤਾਂ ਮਿੱਤਰਾਂ ਨੂੰ ਪਤਾ ਲੱਗ ਗਈ ਸੀ ਤੇ ਕਈ ਜਥੇਬੰਦੀਆਂ ਦੇ ਆਗੂਆਂ ਨੇ ਗੁਪਤ ਰੂਪ ਵਿੱਚ ਸੱਚ ਝੂਠ ਦਾ ਨਿਤਾਰਾ ਕਰ ਲਿਆ ਸੀ ਅਤੇ ਸਾਨੂੰ ਹਰ ਸੰਭਵ ਮੱਦਦ ਦੇਣ ਦਾ ਭਰੋਸਾ ਵੀ ਦੇ ਦਿੱਤਾ ਸੀ।ਅਗਲੇ ਦਿਨ ਅਸੀਂ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਦੇ ਇੱਕ ਵੱਡੇ ਵਫ਼ਦ ਨਾਲ ਉਸ ਡੀ.ਐਸ.ਪੀ. ਨੂੰ ਮਿਲਣ ਦਾ ਫ਼ੈਸਲਾ ਕਰ ਲਿਆ ਤਾਂ ਕਿ ਉਸ 'ਤੇ ਕੁਝ ਜਨਤਕ ਦਬਾਅ ਪੈ ਸਕੇ।

ਅਸੀਂ ਸਾਰਾ ਟੱਬਰ ਤਾਂ ਪਹਿਲਾਂ ਹੀ ਸਚਾਈ ਦੀ ਜਿੱਤ ਦੀ ਉਡੀਕ ਕਰ ਰਹੇ ਸਾਂ ਤੇ ਸਵੇਰੇ ਦਸ ਕੁ ਵਜੇ ਹੀ ਦਫ਼ਤਰ ਦੇ ਅੱਗੇ ਜਾ ਡੇਰੇ ਲਾਏ।ਡੀ.ਐਸ.ਪੀ. ਆਪਣੇ ਮਿਥੇ ਸਮੇਂ ਮੁਤਾਬਿਕ ਦਫ਼ਤਰ ਵਿੱਚ ਬੈਠ ਚੁੱਕਾ ਸੀ।ਅਸੀਂ ਸਾਰੀਆਂ ਜਥੇਬੰਦੀਆਂ ਅਤੇ ਉਹਨਾਂ ਦੇ ਨੁਮਾਇੰਦਿਆਂ ਦੇ ਨਾਮ ਦੀ ਸੂਚੀ ਲਿਖ ਕੇ ਉਸ ਦੇ ਅਰਦਲੀ ਨੂੰ ਫੜਾਅ ਦਿੱਤੀ।ਘੰਟਾ ਬੀਤ-ਦੋ ਘੰਟੇ ਬੀਤ-ਤਿੰਨ ਘੰਟੇ ਵੀ ਬੀਤ ਗਏ ਸਨ ਪਰ ਸਾਡੇ ਵਫ਼ਦ ਨੂੰ ਮਿਲਣ ਦਾ ਸੱਦਾ ਨਾ ਆਇਆ।ਡੀ.ਐਸ.ਪੀ. ਦਫ਼ਤਰ ਵਿੱਚ ਬੈਠਾ ਤਾਂ ਸੀ ਪਰ ਵਿੱਚੋਂ ਹੀ ਉੱਠ ਕੇ ਚਲਾ ਜਾਂਦਾ ਸੀ।ਜਦ ਅਸੀਂ ਅਰਦਲੀ ਨੂੰ ਪੁੱਛਦੇ ਤਾਂ ਉਹ ਆਖ ਦਿੰਦਾ ਸੀ, "ਸਾਹਬ ਅਰਾਮ ਕਰ ਰਹੇ ਹਨ, ਘੰਟਾ ਕੁ ਬਾਅਦ ਵਿੱਚ ਮਿਲਣਗੇ।"

ਤਪਦੀ ਦੁਪਹਿਰ ਦੇ ਵਿੱਚ ਮੈਂ ਤੇ ਮੇਰੇ ਦੋਵੇਂ ਭਰਾ ਇਕੱਠੇ ਹੋਏ ਸਾਥੀਆਂ ਨੂੰ ਕਦੇ ਠੰਢਾ ਪਿਆਉਂਦੇ, ਕਦੇ ਸ਼ਿਕੰਜਵੀ ਲਿਆ ਕੇ ਦਿੰਦੇ ਤਾਂ ਕਿ ਕੋਈ ਉੱਠ ਕੇ ਚਲਾ ਨਾ ਜਾਵੇ ਅਤੇ ਸਾਡਾ ਇਕੱਠ ਘੱਟ ਨਾ ਜਾਪਣ ਲੱਗ ਜਾਵੇ।ਇੱਕ ਗੱਲ ਸਾਰੇ ਹੀ ਸੰਘਰਸ਼ਸ਼ੀਲ ਸਾਥੀਆਂ ਦੀ ਸਾਂਝੀ ਰਹੀ ਕਿ ਕੋਈ ਵੀ ਉਸ ਅਧਿਕਾਰੀ ਦੇ ਇਸ ਵਰਤਾਰੇ ਤੋਂ ਅੱਕਿਆ ਜਾਂ ਥੱਕਿਆ ਨਹੀਂ ਸੀ ਤੇ ਜਿੰਨੀ ਜ਼ਿਆਦਾ ਦੇਰ ਹੋ ਰਹੀ ਸੀ ਉਹ ਉਨਾ ਹੀ ਜ਼ਿਆਦਾ ਜ਼ੋਸ਼ ਵਿੱਚ ਆ ਰਹੇ ਸਨ।ਆਪਸੀ ਗੱਲਬਾਤ ਵਿੱਚ ਉਹ ਸਾਰੇ ਡੀ.ਐਸ.ਪੀ. ਦੇ ਇਸ ਮਾੜੇ ਵਿਹਾਰ ਦੀ ਨਿੰਦਾ ਵੀ ਕਰ ਰਹੇ ਸਨ।

ਜਦ ਉਸ ਦਫ਼ਤਰ ਵਾਲਿਆਂ ਨੂੰ ਪੱਕਾ ਯਕੀਨ ਹੋ ਗਿਆ ਕਿ ਇਹ ਤਾਂ ਉੱਠਣ ਵਾਲੇ ਹੀ ਨਹੀਂ ਹਨ ਤਾਂ ਤਿੰਨ ਕੁ ਵਜੇ ਦੇ ਕਰੀਬ ਅਰਦਲੀ ਨੇ ਸਾਨੂੰ ਆ ਕੇ ਆਖਿਆ, "ਸਾਹਬ ਸਭ ਤੋਂ ਪਹਿਲਾਂ ਤੁਹਾਨੂੰ ਹੀ ਮਿਲਣਗੇ। ਬਸ, ਪੰਦਰਾਂ ਕੁ ਮਿੰਟ ਲੱਗਦੇ ਨੇ।"

ਸਾਡੇ ਨਾਲੋਂ ਅਗੇਤਾ ਤਾਂ ਸਵੇਰ ਦਾ ਵੀ ਕੋਈ ਵੀ ਨਹੀਂ ਸੀ ਪਰ ਸ਼ਾਇਦ ਅਫ਼ਸਰਸ਼ਾਹੀ ਦੁਆਰਾ ਕਿਸੇ ਨੂੰ ਖੱਜਲ-ਖੁਆਰ ਕਰਨ ਦਾ ਇਹ ਵੀ ਇੱਕ

ਅਨੋਖਾ ਤਰੀਕਾ ਸੀ ਜੋ ਕਿ ਮੈਂ ਕਿਤਾਬਾਂ ਵਿੱਚ ਤਾਂ ਪੜ੍ਹਿਆ ਸੀ ਪਰ ਹੰਢਾਇਆ ਉਸ ਦਿਨ ਸੀ।

ਕੁਝ ਦੇਰ ਬਾਅਦ ਸਾਨੂੰ ਸੱਦਾ ਆ ਗਿਆ ਤੇ ਅਸੀਂ ਅੰਦਰ ਚਲੇ ਗਏ।

"ਤੁਸੀਂ ਕੰਧ ਵਾਲੇ ਮਸਲੇ ਵਿੱਚ ਹੀ ਆਏ ਹੋ ਨਾ ?" ਡੀ.ਐਸ.ਪੀ. ਨੇ ਰੋਅਬ ਨਾਲ ਪੁੱਛਿਆ।

"ਹਾਂ ਜੀ।" ਸਾਰਿਆਂ ਨੇ ਇੱਕਮੁੱਠ ਜਵਾਬ ਦਿੱਤਾ।

"ਮੈਂ ਇੰਸਪੈਕਟਰ ਕੋਲੋਂ ਸਾਰੀ ਰਿਪੋਰਟ ਲੈ ਲਈ ਹੈ। ਇਹ ਬੰਦੇ ਹੀ ਗ਼ਲਤ ਨੇ। ਗਲੀ ਉੱਤੇ ਕਬਜ਼ਾ ਕਰਨ ਨੂੰ ਫਿਰਦੇ ਆ। ਲੋਕਾਂ ਨੇ ਤਾਂ ਰੌਲ਼ਾ ਪਾਉਣਾ ਹੀ ਹੋਇਆ।" ਡੀ.ਐਸ.ਪੀ. ਨੇ ਮੇਰੇ ਵੱਲ ਇਸ਼ਾਰਾ ਕਰਦੇ ਹੋਏ ਆਖਿਆ।

"ਗਲੀ ਤੇ ਕਬਜ਼ਾ ਨ੍ਹੀਂ ਸਰ, ਮੈਂ ਤਾਂ ਰਜਿਸਟਰੀ ਮੁਤਾਬਕ ਹੀ ਕੰਧ ਕਰ ਰਿਹਾ ਸੀ। ਥੋਡੇ ਮੁਲਾਜ਼ਮ ਨੇ ਧੱਕੇ ਨਾਲ ਨੀਂਹ ਬੰਦ ਕਰਵਾਅ ਦਿੱਤੀ ਤੇ ਫੇਰ ਰੈਂਪ ਵੀ ਨ੍ਹੀਂ ਬਣਾਉਣ ਦਿੱਤਾ ਤੇ ਹੁਣ ਤਾਂ ਅਣ-ਪਛਾਤਿਆਂ ਨੇ ਢਾਹ-ਢੁਹਾਈ ਵੀ ਕਰ ਦਿੱਤੀ ਐ। ਸਾਨੂੰ ਖ਼ਤਰਾ ਬਣਿਆ ਹੋਇਐ। ਉਹ ਸਾਨੂੰ ਨੁਕਸਾਨ ਵੀ ਪਹੁੰਚਾਅ ਸਕਦੇ ਨੇ।" ਮੈਂ ਤਪੇ ਹੋਏ ਨੇ ਸਾਰੀ ਗੱਲ ਇੱਕੋ ਸਾਹ ਹੀ ਦੁਹਰਾਅ ਦਿੱਤੀ।

"ਤੁਸੀਂ ਮੁਲਾਜ਼ਮ ਬੰਦੇ ਹੋ, ਕਿਉਂ ਪੰਗੇ ਵਿੱਚ ਪੈਂਦੇ ਹੋ। ਐਵੇਂ ਕੋਈ ਕੇਸ ਦਰਜ ਹੋ ਗਿਆ ਤਾਂ ਜ਼ਮਾਨਤਾਂ ਕਰਵਾਉਂਦੇ ਕਚਿਹਰੀਆਂ 'ਚ ਧੱਕੇ ਖਾਂਦੇ ਫਿਰੋਗੇ।" ਡੀ.ਐਸ.ਪੀ. ਨੇ ਸਾਨੂੰ ਡਰਾਉਣਾ ਚਾਹਿਆ।

"ਜੇ ਮੁਲਾਜ਼ਮ ਹਨ ਤਾਂ ਜਨਾਬ ਤੁਸੀਂ ਉਹਨਾਂ ਦੇ ਹੱਕਾਂ ਦੀ ਰਾਖੀ ਕਰੋ। ਮੁਲਾਜ਼ਮ ਹੋਣ ਦਾ ਇਹ ਮਤਲਬ ਤਾਂ ਨ੍ਹੀਂ ਹੁੰਦਾ ਕਿ ਹਰ ਕੋਈ ਉਸ ਨੂੰ ਢਾਹੁਣ ਨੂੰ ਹੀ ਤੁਰਿਆ ਫਿਰੇ। ਇਹ ਕਿਹੜਾ ਕਾਨੂੰਨ ਹੈ ਕਿ ਤੁਸੀਂ ਆਮ ਬੰਦੇ ਨੂੰ ਕੇਸਾਂ ਦਾ ਡਰਾਵਾ ਦੇ ਕੇ ਹੀ ਉਸ ਦੇ ਬਣਦੇ ਹੱਕਾਂ ਤੋਂ ਵਾਂਝੇ ਕਰੀ ਜਾਓ।" ਛਿੰਦਰ ਸਿੰਘ ਬੋਲਿਆ। ਉਹ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦਾ ਪ੍ਰਧਾਨ ਹੋਣ ਕਰਕੇ ਪੁਲਿਸ ਵਾਲਿਆਂ ਦੀਆਂ ਇਹ ਲੂੰਬੜ-ਚਾਲਾਂ ਚੰਗੀ ਤਰ੍ਹਾਂ ਸਮਝਦਾ ਸੀ।

"ਮੈਂ ਤਾਂ ਸਿਰਫ਼ ਸੱਤ ਇਕਵੰਜਾ ਹੀ ਕਰ ਸਕਦਾ ਹਾਂ। ਉਹ ਕਰ ਦਿੰਦਾ ਹਾਂ।" ਡੀ.ਐਸ.ਪੀ. ਤ੍ਰਭਕ ਗਿਆ ਸੀ ਤੇ ਉਹ ਆਪਣਾ ਬਚਾਅ ਕਰਨ ਦੇ ਅੰਦਾਜ਼ ਵਿੱਚ ਬੋਲਿਆ।

"ਤੁਹਾਡੇ ਮੁਲਾਜ਼ਮ ਬੇ-ਲਗਾਮ ਹੋਏ ਫਿਰਦੇ ਨੇ ਤੇ ਤੁਸੀਂ ਉਹਨਾਂ ਨੂੰ ਸੁਧਾਰਨਾ ਤਾਂ ਕੀ ਐ, ਉਲਟਾ ਸ਼ਹਿ ਦੇਈ ਜਾ ਰਹੇ ਹੋ।" ਬਿਜਲੀ ਬੋਰਡ ਵਾਲਾ ਹੀਰਾ ਸਿੰਘ ਉੱਚੀ ਦੇਣੇ ਕੜਕਿਆ।

"ਸਾਡੇ ਮੁਲਾਜ਼ਮ ਬੇ-ਲਗਾਮ ਨਹੀਂ ਹੋਏ। ਉਹ ਤਾਂ ਲੋਕਾਂ ਦੀ ਗੱਲ ਕਰਦੇ ਆ। ਜੇ ਲੋਕ ਨਹੀਂ ਚਾਹੁੰਦੇ ਤਾਂ ਇਹ ਨਾ ਵਲਣ ਉਸ ਜਗ੍ਹਾ ਨੂੰ।" ਡੀ.ਐਸ.ਪੀ. ਨੇ ਫਿਰ ਆਪਣੇ ਮੁਲਾਜ਼ਮਾਂ ਦਾ ਪੱਖ ਪੂਰਿਆ।

"ਸਰ, ਕੱਲ੍ਹ ਨੂੰ ਲੋਕ ਤਾਂ ਚਾਹੁਣਗੇ ਕਿ ਮੈਂ ਘਰ ਵੀ ਢਾਹ ਦਿਆਂ ਕਿ ਉਹਨਾਂ ਨੇ ਉੱਥੇ ਕਾਰਾਂ ਖੜ੍ਹਾਉਣੀਆਂ ਨੇ, ਤਾਂ ਕੀ ਤੁਸੀਂ ਸਾਡਾ ਘਰ ਵੀ ਢੁਆ ਦਿਓਗੇ ?" ਮੈਂ ਡੀ.ਐਸ.ਪੀ. ਨੂੰ ਆਖਿਆ।

"ਯਾਰ, ਮੈਂ ਘਰ ਦੀ ਗੱਲ ਨ੍ਹੀਂ ਕਰਦਾ। ਤੂੰ ਗਲੀ ਨੂੰ ਕਿਉਂ ਨਜਾਇਜ਼ ਤੌਰ 'ਤੇ ਵਲਣ ਨੂੰ ਤੁਲਿਆ ਹੋਇਆ ਏਂ ?" ਡੀ.ਐਸ.ਪੀ. ਮੈਨੂੰ ਆਖਣ ਲੱਗਾ।

"ਜਨਾਬ ! ਗੱਲ ਮੁਕਾਓ, ਆਹ ਬੈਠੇ ਆ ਤਿੰਨੇ ਮੁੰਡੇ। ਮੇਰਾ ਵਾਅਦਾ ਐ ਥੋਡੇ ਨਾਲ, ਜੇ ਇਹ ਗਲੀ ਵਲ ਰਹੇ ਆ ਤਾਂ ਤੁਸੀਂ ਇਹਨਾਂ 'ਤੇ ਕੇਸ ਦਰਜ ਕਰੋ। ਨਾ ਅਸੀਂ ਆਵਾਂਗੇ ਤੇ ਨਾ ਹੀ ਇਹ ਜ਼ਮਾਨਤਾਂ ਕਰਵਾਉਣਗੇ। ਜੇ ਇਹ ਝੂਠੇ ਆ ਤਾਂ ਇਹਨਾਂ 'ਤੇ ਪਰਚਾ ਦਰਜ ਕਰ ਦਿਓ ਤੇ ਹੁਣੇ ਹੀ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਓ, ਤੇ ਜੇ ਤੁਹਾਡੇ ਮੁਲਾਜ਼ਮ ਝੂਠੇ ਨੇ, ਤਾਂ ਉਹਨਾਂ 'ਤੇ ਕੇਸ ਦਰਜ ਕਰੋ।" ਛਿੰਦਰ ਸਿੰਘ ਨੇ ਕੁਰਸੀ ਤੋਂ ਉੱਠਦੇ ਹੋਏ, ਸਖ਼ਤ ਬੋਲੀਂ, ਆਪਣਾ ਫ਼ੈਸਲਾ ਸੁਣਾਅ ਦਿੱਤਾ।

ਉਸ ਦੇ ਨਾਲ ਹੀ ਸਾਰਾ ਵਫ਼ਦ ਉੱਠ ਖਲੋਤਾ।

"ਬਿਲਕੁਲ ਸਹੀ ਗੱਲ ਆ। ਗੱਲ ਤਾਂ ਲਾਉਂਦਾ ਨਹੀਂ ਕਿਸੇ ਪਾਸੇ। ਸਭ ਮਿਲੀ-ਭੁਗਤ ਆ ਇਹਨਾਂ ਦੀ।" ਆਦਿਕ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਸਾਰੇ ਜਣੇ ਹੀ ਤਲਖ਼ੀ ਦੇ ਮਾਰੇ ਕੁਝ ਨਾ ਕੁਝ ਬੋਲ ਰਹੇ ਸਨ।

ਡੀ.ਐਸ.ਪੀ. ਥੋੜ੍ਹਾ ਜਿਹਾ ਠਠੰਬਰ ਗਿਆ ਤੇ ਉਸਨੇ ਹੱਥ ਦੇ ਇਸ਼ਾਰੇ ਨਾਲ ਸਭ ਨੂੰ ਰੁਕਣ ਦਾ ਇਸ਼ਾਰਾ ਕੀਤਾ ਤੇ ਬੋਲਿਆ, "ਚਲੋ, ਮੈਂ ਮੌਕਾ ਵੇਖਾਂਗਾ। ਕੱਲ੍ਹ ਸ਼ਾਮ ਨੂੰ ਸੱਤ ਵਜੇ ਦਾ ਪ੍ਰੋਗ੍ਰਾਮ ਰੱਖ ਲਓ।"

"ਠੀਕ ਹੈ, ਅਸੀਂ ਸੱਤ ਵਜੇ ਉੱਥੇ ਹੋਵਾਂਗੇ।" ਆਖ ਕੇ ਅਸੀਂ ਬਾਹਰ ਆ ਗਏ। ਸਭ ਦੀ ਰਾਇ ਇਹ ਹੀ ਸੀ ਕਿ ਇਹ ਸਾਰੇ ਰਲ਼ੇ ਹੋਏ ਨੇ ਤੇ ਇਹਨੇ ਵੀ ਕੁਝ ਨਹੀਂ ਕਰਨਾ। ਇਹ ਤਾਂ ਆਪਣੇ ਮੁਲਾਜ਼ਮਾਂ ਨੂੰ ਬਚਾਉਣ ਨੂੰ ਹੀ ਫਿਰਦਾ ਹੈ। ਹੋਰ ਕੋਈ ਵੀ ਕਾਰਵਾਈ ਇਸ ਨੇ ਨਹੀਂ ਕਰਨੀ।

# ਪੰਜ

ਅਗ਼ਲੀ ਸ਼ਾਮ ਨੂੰ ਗਲੀ ਵਿੱਚ ਫਿਰ ਚਹਿਲ-ਪਹਿਲ ਹੋ ਗਈ ਸੀ। ਜਪਨਾਮ ਤੇ ਮਲਕੀਤ ਨੇ ਗਲੀ ਵਿੱਚ ਪਾਣੀ ਛਿੜਕ ਕੇ ਚੰਗੀ ਤਰ੍ਹਾਂ ਝਾੜੂ ਲਗਵਾਅ ਦਿੱਤਾ ਸੀ। ਸਾਹਬ ਵਾਸਤੇ ਕੁਰਸੀਆਂ ਵੀ ਸਜਾਅ ਕੇ ਰੱਖ ਦਿੱਤੀਆਂ ਸਨ। ਉਹ ਆਪਣੇ ਪੱਖ ਦੇ ਵੱਧ ਤੋਂ ਵੱਧ ਬੰਦਿਆਂ ਨੂੰ ਸੱਦੀ ਜਾ ਰਹੇ ਸਨ। ਸੱਦੇ ਗਏ ਬੰਦਿਆਂ ਨੂੰ ਠੰਢਾ ਵੀ ਪਿਲਾਇਆ ਜਾ ਰਿਹਾ ਸੀ। ਅਸੀਂ ਸਾਰੇ ਜਣੇ ਆਪਣੇ ਉਸ ਘਰ ਦੇ ਅੰਦਰ ਹੀ ਬੈਠੇ ਸਾਂ ਤੇ ਸਾਨੂੰ ਖਿੜਕੀ ਵਿੱਚ ਦੀ ਬਾਹਰ ਦਾ ਸਾਰਾ ਨਜ਼ਾਰਾ ਨਜ਼ਰੀਂ ਆ ਰਿਹਾ ਸੀ। ਮੈਂ ਤਾਂ ਬਹੁਤੇ ਬੰਦਿਆਂ ਨੂੰ ਜਾਣਦਾ ਨਹੀਂ ਸੀ ਪਰ ਮੇਰੇ ਪਿਤਾ ਜੀ ਵੱਖ-ਵੱਖ ਚਿਹਰੇ ਵੇਖ ਕੇ ਅੰਦਾਜ਼ਾ ਲਾ ਰਹੇ ਸਨ ਕਿ ਉਹਨਾਂ ਵਿੱਚੋਂ ਕਿਹੜਾ ਬੰਦਾ ਸਾਡੇ ਵਿਰੋਧ ਵਿੱਚ ਆਣ ਕੇ ਖੜ੍ਹ ਰਿਹਾ ਹੈ। ਗੁਰਨੇਕ ਤੇ ਉਸ ਦਾ ਮੁੰਡਾ ਆਏ ਹੋਏ ਮਹਿਮਾਨਾਂ ਦੀ ਖ਼ੂਬ ਸੇਵਾ ਕਰ ਰਹੇ ਸਨ।

ਸਾਡੀ ਘਬਰਾਹਟ ਵਧਦੀ ਜਾ ਰਹੀ ਸੀ। ਮੈਨੂੰ ਏਨਾ ਕੁ ਪਤਾ ਸੀ ਕਿ ਸਾਡੇ ਬੰਦੇ ਤਾਂ ਭਾਵੇਂ ਗਿਣਤੀ ਵਿੱਚ ਕੁਝ ਘੱਟ ਸਨ ਪਰ ਸਾਰੇ ਹੀ ਸਿਰੜੀ ਸਨ। ਇਹਨਾਂ ਵਿੱਚੋਂ ਕੋਈ ਵੀ ਭੱਜਣ ਵਾਲਾ ਨਹੀਂ ਸੀ, ਕਿਉਂਕਿ ਸਭ ਨੇ ਆਪਣੀ ਜ਼ਿੰਦਗੀ ਵਿੱਚ ਸਰਕਾਰਾਂ ਅਤੇ ਅਧਿਕਾਰੀਆਂ ਵਿਰੁੱਧ ਕਈ ਕਈ ਘੋਲ ਲੜ ਕੇ ਮਾਣਮੱਤੀਆਂ ਜਿੱਤਾਂ ਵੀ ਹਾਸਿਲ ਕੀਤੀਆਂ ਹੋਈਆਂ ਸਨ।

ਡੀ.ਐਸ.ਪੀ. ਦੇ ਆਉਣ ਤੋਂ ਪਹਿਲਾਂ ਇੱਕ ਜਿਪਸੀ ਵਿੱਚ ਇੱਕ ਥਾਣੇਦਾਰ ਅਤੇ ਪੰਜ-ਛੇ ਸਿਪਾਹੀ ਆ ਗਏ। ਤਿੰਨ ਚਾਰ ਮੁੰਡੇ ਠੰਢੇ ਵਾਲੀਆਂ ਟ੍ਰੇਆਂ ਅਤੇ ਬਿਸਕੁਟਾਂ ਨਾਲ ਭਰੀਆਂ ਸਲੀਕੇ ਨਾਲ ਸਜਾਈਆਂ ਹੋਈਆਂ ਪਲੇਟਾਂ ਲੈ ਕੇ ਉਹਨਾਂ ਦੇ ਸਾਹਮਣੇ ਆ ਖੜ੍ਹੇ ਸਨ। ਪੁਲਿਸ ਵਾਲੇ ਆਪਣੀ ਹੋ ਰਹੀ ਸੇਵਾ ਦਾ ਖ਼ੂਬ ਆਨੰਦ ਉਠਾਅ ਰਹੇ ਸਨ। ਖਾਣ-ਪੀਣ ਤੋਂ ਵਿਹਲੇ ਹੋ ਕੇ ਉਹ ਸਾਰੇ ਜਣੇ ਖਿੱਲਰ ਕੇ ਲੋਕਾਂ ਵਿੱਚ ਖੜ੍ਹ ਗਏ ਤੇ ਉਹਨਾਂ ਨਾਲ ਗੱਲਾਂ ਕਰਨ ਲੱਗ ਪਏ। ਸ਼ਾਇਦ ਉਹ ਕਨਸੋਆਂ ਲੈ ਰਹੇ ਸਨ ਕਿ ਲੋਕ ਇਸ ਮਸਲੇ ਬਾਰੇ ਕੀ ਰਾਇ ਰੱਖਦੇ ਹਨ।

ਸਾਢੇ ਸੱਤ ਕੁ ਵਜੇ ਡੀ.ਐਸ.ਪੀ. ਦੀ ਗੱਡੀ ਆਉਂਦੀ ਤਾਂ ਨਾ ਦਿਸੀ ਪਰ ਹੂਟਰ ਦੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ ਜਿਸ ਤੋਂ ਸਾਨੂੰ ਅੰਦਾਜ਼ਾ ਲੱਗ ਗਿਆ ਕਿ ਉਹ ਆ ਰਿਹਾ ਹੈ। ਹੁਣ ਤਾਂ ਹੂਟਰ ਏਨੀ ਜ਼ਿਆਦਾ ਉੱਚੀ ਕਰ ਦਿੱਤਾ ਗਿਆ ਸੀ ਕਿ ਦੂਰ-ਦੂਰ ਤੱਕ ਪਤਾ ਲੱਗ ਰਿਹਾ ਸੀ ਕਿ ਕੋਈ ਵੱਡਾ ਅਧਿਕਾਰੀ ਪਧਾਰ ਰਿਹਾ ਹੈ। ਅਸੀਂ ਵੀ ਸਾਰੇ ਜਣੇ ਤੇਜ਼ ਧੜਕਣਾਂ

ਨਾਲ ਬਾਹਰ ਆ ਗਏ। ਡੀ.ਐਸ.ਪੀ. ਨੇ ਆਉਂਦਿਆਂ ਹੀ ਕਾਲ਼ੀਆਂ ਐਨਕਾਂ ਆਪਣੇ ਸੱਜੇ ਹੱਥ ਨਾਲ ਫ਼ਿਲਮੀ ਸਟਾਈਲ ਨਾਲ ਉਤਾਰੀਆਂ ਅਤੇ ਆਪਣੀ ਪੱਗ ਨੂੰ ਠੀਕ ਕੀਤਾ। ਉਸ ਦੀਆਂ ਨਸ਼ਿਆਈਆਂ ਅੱਖਾਂ ਤੋਂ ਲੱਗ ਰਿਹਾ ਸੀ ਕਿ ਸਾਹਬ ਨੇ ਦਾਰੂ ਦੇ ਤਿੰਨ-ਚਾਰ ਮੋਟੇ ਪੈੱਗ ਚਾੜ੍ਹੇ ਹੋਏ ਹਨ। ਕਾਜੂ ਚੱਬਦਾ ਹੋਇਆ ਉਹ ਸਿੱਧਾ ਹੀ ਕੰਮ ਦੀ ਗੱਲ 'ਤੇ ਆ ਗਿਆ ਤੇ ਰੋਅਬ ਨਾਲ ਬੋਲਿਆ, "ਹਾਂ ਬਈ ਮੁੰਡਿਆ ! ਕੀ ਰੌਲ਼ੈ ਤੁਹਾਡਾ ?"

ਮੈਂ ਰਜਿਸਟਰੀ ਦੀ ਕਾਪੀ ਉਸ ਦੇ ਮੂਹਰੇ ਕਰਦਿਆਂ ਨਿਮਰਤਾ ਨਾਲ ਆਖਿਆ, "ਸਰ ! ਆਹ ਸਾਡੇ ਕਾਗਜ਼ ਨੇ ਤੇ ਇਹਨਾਂ ਦੀ ਮਿਣਤੀ ਮੁਤਾਬਕ ਤੁਸੀਂ ਨਿਸ਼ਾਨੀ ਲਾ ਦਿਓ। ਜਿੱਥੋਂ ਤੱਕ ਸਾਡੀ ਜਗ੍ਹਾ ਬਣਦੀ ਐ, ਉਹ ਦੱਸ ਦਿਓ। ਅਸੀਂ ਵਲ਼ ਲੈਂਦੇ ਹਾਂ।"

ਮੇਰੀ ਰਜਿਸਟਰੀ ਨੂੰ ਹੱਥ ਵਿੱਚ ਫੜ ਕੇ ਉਸ ਨੇ ਸਰਸਰੀ ਜਿਹੀ ਨਿਗ੍ਹਾ ਮਾਰੀ ਤੇ ਫਿਰ ਕਾਗਜ਼ਾਂ ਨੂੰ ਮਰੋੜ ਕੇ ਆਪਣੇ ਹੱਥ ਢਾਕਾਂ ਉੱਤੇ ਟਿਕਾਅ ਲਏ ਤੇ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਰੋਅਬ ਨਾਲ ਬੋਲਿਆ, "ਐਹੋ ਜਿਹੀ ਰਜਿਸਟਰੀ ਤਾਂ ਮੈਂ ਘੰਟਾ ਘਰ ਦੀ ਕਰਵਾਅ ਦਿੰਦਾ ਹਾਂ, ਗੱਲ ਕਰ ਸਹੀ।" ਉਸ ਦੇ ਬੋਲਾਂ ਚੋਂ ਸਕਾਚ ਦੀ ਝਲਕ ਵੱਜ ਰਹੀ ਸੀ।

ਸਾਹਬ ਦੀ ਪਹਿਲੀ ਹੀ ਗੱਲ ਸੁਣ ਕੇ ਹੀ ਵਿਰੋਧੀਆਂ ਦੇ ਚਿਹਰੇ ਖਿੜ ਗਏ। ਉਹਨਾਂ 'ਚੋਂ ਕੁਝ ਕੁ ਗੁੱਝਾ ਜਿਹਾ ਮੁਸਕੁਰਾਅ ਵੀ ਪਏ ਸਨ।

"ਆਏਂ ਤਾਂ ਤੂੰ ਕੱਲ੍ਹ ਨੂੰ ਪੂਰੀ ਗਲੀ ਦੀ ਰਜਿਸਟਰੀ ਬਣਵਾਲੇਂਗਾ ਤੇ ਤੈਨੂੰ ਅਸੀਂ ਵਲ਼ਣ ਦੇ ਦਿਆਂਗੇ ਪੂਰੀ ਗਲੀ। ਆਹ ਸਾਰੇ ਮੁਹੱਲੇ ਵਾਲੇ ਬੈਠੇ ਆ ਜੀ, ਅਸੀਂ ਇਹ ਕੰਧ ਨਹੀਂ ਹੋਣ ਦੇਣੀ।" ਗੁਰਨੇਕ ਪੂਰੇ ਜ਼ੋਸ਼ ਨਾਲ ਬੋਲਿਆ।

"ਸਰ, ਇਹਦਾ ਤਾਂ ਆਪਣਾ ਕੀਤਾ ਹੋਇਆ ਗਲੀ ਦੇ ਉੱਤੇ ਕਬਜ਼ਾ। ਸਾਡੀ ਥਾਂ ਪੂਰੀ ਹੋ ਕੇ ਵੀ ਗਲੀ ਵੀਹ ਫੁੱਟ ਬਚੀ ਜਾਂਦੀ ਐ ਪਰ ਇਹਦੇ ਗੇਟ ਚੋਂ ਘਟ ਕੇ ਚੌਦਾਂ ਫੁੱਟ ਹੀ ਰਹੀ ਜਾਂਦੀ ਐ। ਇਹਨੂੰ ਕਹੋ ਜੀ, ਆਪਣੀ ਰਜਿਸਟਰੀ ਲਿਆਵੇ ਤੇ ਮਿਣਤੀ ਕਰਵਾਵੇ।" ਕੰਵਲਦੀਪ ਨੇ ਗੁਰਨੇਕ ਦੇ ਘਰ ਵੱਲ ਇਸ਼ਾਰਾ ਕਰਦੇ ਹੋਏ ਡੀ.ਐਸ.ਪੀ. ਨੂੰ ਆਖਿਆ।

ਡੀ.ਐਸ.ਪੀ. ਉਸ ਦੇ ਘਰ ਵੱਲ ਗਹੁ ਨਾਲ ਝਾਕਿਆ ਤੇ ਉਸ ਦੀ ਪੁਲਸੀਆ ਅੱਖ ਸਾਰਾ ਕੁਝ ਤਾੜ ਵੀ ਗਈ ਸੀ। ਉਹ ਕੁਝ ਪਲ ਚੁੱਪ ਰਿਹਾ ਤੇ ਕੁਝ ਸੋਚਣ ਲੱਗ ਪਿਆ। ਉਹ ਸਾਰੀ ਗੱਲ ਸਮਝ ਵੀ ਚੁੱਕਾ ਸੀ ਪਰ ਜਾਣ-ਬੁੱਝ ਕੇ ਮੀਸਣਾ ਜਿਹਾ ਬਣਦਾ ਬੋਲਿਆ, "ਇਹ ਮਕਾਨ ਬਣੇ ਨੂੰ ਤਾਂ ਵੀਹ ਪੱਚੀ ਸਾਲ ਹੋ ਗਏ ਲੱਗਦੇ ਨੇ। ਤੁਸੀਂ ਉਹਦੀ ਗੱਲ ਛੱਡੋ, ਇਸ ਦੀ ਕਰੋ।"

"ਜਨਾਬ, ਸਾਡੀ ਗੱਲ ਸੁਣੋ ਜੀ। ਸਾਨੂੰ ਸਭ ਨੂੰ ਇਤਰਾਜ਼ ਹੈ ਜੀ ਇਸ ਦੀ ਕੰਧ ਅਤੇ ਇਸ ਦੇ ਜਾਅਲੀ ਕਾਗਜ਼ਾਂ 'ਤੇ। ਇਸ ਨੂੰ ਰੋਕਿਆ ਜਾਵੇ ਨਹੀਂ ਤਾਂ ਕੋਈ ਵੀ ਅਣ-ਸੁਖਾਵੀਂ ਘਟਨਾ ਵੀ ਹੋ ਸਕਦੀ ਹੈ ਜੀ। ਇਹਨਾਂ ਬੰਦਿਆਂ 'ਤੇ ਦਰਜ ਕਰੋ ਪਰਚਾ ਤੇ ਸਾਨੂੰ ਇਸ ਖਲਜ਼ਗਣ ਤੋਂ ਮੁਕਤੀ ਦਵਾਓ ਜੀ।" ਜਪਨਾਮ ਨੇ ਜੀ ਜੀ ਕਰਦਿਆਂ, ਸਾਡੇ ਵੱਲ ਇਸ਼ਾਰਾ ਕਰਦੇ ਹੋਏ ਆਪਣਾ ਫ਼ੈਸਲਾ ਸੁਣਾਅ ਦਿੱਤਾ ਸੀ।

"ਯਾਰ, ਮੇਰੀ ਇੱਕ ਗੱਲ ਸੁਣ, ਓਦੇਂ ਦੇ ਝਗੜੇ ਤੋਂ ਲੈ ਕੇ ਸਭ ਤੋਂ ਵੱਧ ਬਾਂਦਰ ਟਪੂਸੀਆਂ ਤੂੰ ਹੀ ਮਾਰੀ ਜਾਂਨਾ ਏਂ। ਬਦਮਾਸ਼ੀਆਂ ਕਰਦੈਂ ਤੂੰ, ਨਜ਼ਾਇਜ ਕਬਜ਼ਾ-ਧਾਰੀਆਂ ਦਾ ਸਾਥ ਦਿੰਦੈ ਏਂ ਤੂੰ, ਲੋਕਾਂ ਦੇ ਕੰਮਾਂ ਚੋਂ ਪੈਸੇ ਖਾਨੈਂ ਤੂੰ, ਤੂੰ ਐਸ.ਐਸ.ਪੀ. ਦੇ ਦਫ਼ਤਰ ਹੌਲਦਾਰ ਹੀ ਲੱਗਾ ਏਂ, ਤੇ ਸਮਝੀ ਤੂੰ ਆਪਣੇ ਆਪ ਨੂੰ ਆਈ.ਜੀ. ਜਾਨੈ।" ਯਾਦਵਿੰਦਰ ਗੁੱਸੇ 'ਚ ਜਪਨਾਮ ਨੂੰ ਲਲਕਾਰਦਾ ਹੋਇਆ ਪੈ ਨਿਕਲਿਆ। ਸ਼ਾਇਦ ਕਿਸੇ ਨੂੰ ਵੀ ਉਮੀਦ ਨਹੀਂ ਸੀ ਕਿ ਭਰੀ ਪੰਚਾਇਤ ਵਿੱਚ ਉਸ ਦੀ ਏਨੀ ਜ਼ਿਆਦਾ ਬੇਇੱਜ਼ਤੀ ਹੋ ਜਾਵੇਗੀ। ਇਕੱਠ ਵਿੱਚ ਰੌਲ਼ਾ ਪੈ ਗਿਆ।

ਸਾਡੇ ਲਈ ਹੱਕ ਦੀ ਗੱਲ ਇਹ ਸੀ ਕਿ ਵਿਰੋਧੀ ਧਿਰ ਵੱਲੋਂ ਇਕੱਠੇ ਕੀਤੇ ਬੰਦਿਆਂ ਵਿੱਚੋਂ ਕੋਈ ਵੀ ਕਿਸੇ ਦੇ ਪੱਖ ਜਾਂ ਵਿਰੋਧ ਵਿੱਚ ਨਹੀਂ ਸੀ ਬੋਲਿਆ ਪਰ ਸਾਡੇ ਵਾਲੇ ਪਾਸੇ ਦੇ ਸਾਰੇ ਬੰਦੇ ਹੀ ਸਿਧਾਂਤਕ ਅਤੇ ਬਾ-ਦਲੀਲ ਗੱਲ ਕਰਨ ਵਾਲੇ ਸਨ। ਉਹ ਉਹਨਾਂ ਦੀ ਕਿਸੇ ਵੀ ਗੱਲ ਦਾ ਸਹੀ ਜਵਾਬ ਦੇਣ ਦੇ ਨਾਲ-ਨਾਲ ਅਜਿਹਾ ਕੋਈ ਸਵਾਲ ਵੀ ਕਰ ਦਿੰਦੇ ਸਨ ਕਿ ਅਗਲਾ ਨਿਰੁੱਤਰ ਹੋ ਜਾਂਦਾ ਸੀ।

ਪੈਂਦੇ ਰੌਲ਼ੇ ਰੱਪੇ ਨੂੰ ਇਕੱਠ ਵਿੱਚ ਖੜ੍ਹੇ ਸਿਪਾਹੀ ਧੱਕੇ ਨਾਲ ਚੁੱਪ ਕਰਵਾਉਣ ਲੱਗ ਪਏ। ਤਿੰਨ-ਚਾਰ ਮਿੰਟ ਵਿੱਚ ਫਿਰ ਸ਼ਾਂਤੀ ਹੋ ਗਈ। ਜਪਨਾਮ ਖਰੀਆਂ-ਖਰੀਆਂ ਸੁਣਨ ਤੋਂ ਬਾਅਦ ਅਜੇ ਵੀ ਜ਼ਹਿਰ ਉਗਲ ਰਿਹਾ ਸੀ। ਡੀ.ਐਸ.ਪੀ. ਵੀ ਉਸ ਦੀ ਗੱਲ ਨੂੰ ਧਿਆਨ ਨਾਲ ਸੁਣਦਾ ਸੀ। ਉਹ ਫਿਰ ਬੋਲਿਆ, "ਜਨਾਬ ! ਇਹ ਦੱਸਣ ਕਿ ਇਹਨਾਂ ਨੇ ਇਹ ਜਗ੍ਹਾ ਪਹਿਲਾਂ ਕਿਉਂ ਨਹੀਂ ਵਲ਼ੀ ਤੇ ਨਾ ਹੀ ਇਸ ਤੋਂ ਪਹਿਲਾਂ ਕਿਸੇ ਮਾਲਕ ਨੇ ਵਲ਼ੀ ਐ।"

"ਆਹ ਪਲਾਟ ਪਿਐ। ਕੱਲ੍ਹ ਨੂੰ ਤੂੰ ਆਖੇਂਗਾ ਕਿ ਇੱਥੇ ਤੂੰ ਕੋਠੀ ਪਹਿਲਾਂ ਕਿਉਂ ਨ੍ਹੀਂ ਬਣਾਈ ਜਾਂ ਪਹਿਲੇ ਮਾਲਕ ਨੇ ਕਿਉਂ ਨਹੀਂ ਬਣਾਈ। ਤੂੰ ਢਾਹੁਣ ਲੱਗਜੇਂਗਾ ਫਿਰ ? ਮਾਲਕ ਦੀ ਮਰਜ਼ੀ ਉਹ ਆਪਣੀ ਜਗ੍ਹਾ ਨੂੰ ਜਦੋਂ ਚਾਹੇ ਤੇ ਜਦੋਂ ਮਰਜ਼ੀ ਵਰਤੇ। ਇਸ ਵਿੱਚ ਤੇਰੀ ਇਜ਼ਾਜਤ ਲੈਣ ਦੀ ਤਾਂ ਕੋਈ ਲੋੜ ਨਹੀਂ। ਨਾਲੇ, ਤੈਨੂੰ ਦਿਸਦਾ ਨ੍ਹੀਂ, ਏਥੇ ਇਹਨਾਂ ਦੇ ਦਰਖ਼ਤ ਸਨ ਤੇ

ਸਬਜ਼ੀਆਂ ਵੀ ਬੀਜੀਆਂ ਹੁੰਦੀਆਂ ਸੀ।" ਧਰਮਪਾਲ ਅੰਕਲ ਨੇ ਜਪਨਾਮ ਨੂੰ ਸਿੱਧੀ ਹੀ ਸੁਣਾਅ ਦਿੱਤੀ।

ਹੁਣ ਤਾਂ ਦੋਵਾਂ ਧਿਰਾਂ ਦਾ ਕੋਈ ਵੀ ਬੰਦਾ ਗੱਲ ਮੂੰਹ ਵਿੱਚੋਂ ਮਗਰੋਂ ਕੱਢਦਾ ਸੀ ਤੇ ਦੂਜੀ ਧਿਰ ਉਸ ਦੀ ਕਾਟ ਵਿੱਚ ਆਪੋ-ਆਪਣੀਆਂ ਦਲੀਲਾਂ ਪਹਿਲਾਂ ਦੇਣ ਲੱਗ ਜਾਂਦੀ ਤੇ ਫਿਰ ਰੌਲ਼ਾ ਪੈ ਜਾਂਦਾ।

ਅੱਕ ਕੇ ਡੀ.ਐਸ.ਪੀ. ਜਿਪਸੀ ਵੱਲ ਨੂੰ ਵਧਿਆ ਅਤੇ ਸਾਨੂੰ ਆਖਣ ਲੱਗਾ, "ਮੇਰੀ ਗੱਲ ਸੁਣੋ, ਝਗੜੇ ਵਿੱਚ ਨਾ ਪਓ। ਮੈਨੂੰ ਤੁਸੀਂ ਪੜ੍ਹੇ-ਲਿਖੇ ਤੇ ਸਿਆਣੇ ਬੰਦੇ ਲੱਗਦੇ ਓ। ਇੱਥੇ ਰੈਂਪ ਜਾਂ ਕੰਧ ਦੀ ਗੱਲ ਛੱਡੋ, ਭਿੰਡੀਆਂ-ਤੋਰੀਆਂ ਬੀਜ ਛੱਡਿਆ ਕਰੋ। ਗਲੀ ਖੁੱਲ੍ਹੀ ਚੰਗੀ ਰਹਿੰਦੀ ਆ। ਮੁਹੱਲੇ ਵਾਲਿਆਂ ਦੀ ਇੱਕ ਗੱਲ ਮੰਨ ਲਓ। ਰਾਤ ਨੂੰ ਸੋਚ ਵਿਚਾਰ ਕਰ ਲਿਓ ਤੇ ਸਵੇਰੇ ਦਸ ਕੁ ਵਜੇ ਦਫ਼ਤਰ ਆ ਜਿਓ, ਦੋਵੇਂ ਧਿਰਾਂ। ਤੁਹਾਡਾ ਠੀਕ ਫ਼ੈਸਲਾ ਕਰਵਾਅ ਦਿਆਂਗੇ।"

ਉਸ ਨੇ ਆਪਣੀ ਛੁਰਲੀ ਇਸ ਤਰ੍ਹਾਂ ਛੱਡੀ ਕਿ ਮੁਹੱਲੇ ਵਾਲਿਆਂ ਨੂੰ ਭੜਕਾਅ ਕੇ ਸਾਡੇ ਗਲ ਪੁਆ ਦਿੱਤਾ ਜਾਵੇ ਤੇ ਇੱਥੇ ਕੰਧ ਤਾਂ ਦੂਰ ਦੀ ਗੱਲ ਰੈਂਪ ਵੀ ਨਾ ਬਣ ਸਕੇ। ਉਸ ਦੀ ਜਿਪਸੀ ਹੂਟਰ ਮਾਰਦੀ ਤੁਰ ਗਈ ਤੇ ਲੋਕ ਫਿਰ ਟੋਲੀਆਂ ਬਣਾਅ ਕੇ ਜਾਬ੍ਹਾਂ ਦਾ ਭੇੜ ਕਰਨ ਵਿੱਚ ਜੁਟ ਗਏ।

"ਕਿਵੇਂ ਭੌਂਕਦਾ ਸੀ ਕੁੱਤਾ, ਅਖੇ, ਭਿੰਡੀਆਂ ਤੋਰੀਆਂ ਬੀਜ ਲਿਆ ਕਰੋ। ਵਰਦੀ ਗੁੰਡਾ-ਗਰਦੀਆਂ ਕਰਵਾਉਣ ਨੂੰ ਹੀ ਪਾਈ ਆ, ਕੰਜਰਾ। ਇਨਸਾਫ਼ ਨ੍ਹੀਂ ਕਰ ਸਕਦਾ ਤਾਂ ਲੋਕਾਂ ਨੂੰ ਭੜਕਾਉਂਦਾ ਕਿਉਂ ਐਂ ? ਔਹ ਦਿਸਿਆ ਨ੍ਹੀਂ ਪਤੰਦਰ, ਕਿੰਨੀ ਗਲੀ ਰੋਕੀ ਬੈਠਾ ਕਈ ਸਾਲਾਂ ਤੋਂ। ਕਾਲ਼ੇ ਮੂੰਹ ਵਾਲੇ ਕੁੱਤੇ। ਤਾਹੀਓਂ ਲੋਕੀਂ ਆਖਦੇ ਆ, ਇਹ ਤਾਂ ਮੱਥੇ ਲੱਗੇ ਵੀ ਮਾੜੇ ਹੁੰਦੇ ਆ।" ਸਾਡੇ ਹੱਕ ਵਿੱਚ ਆਈ ਮੁਹੱਲੇ ਦੀ ਇੱਕ ਬਜ਼ੁਰਗ ਔਰਤ ਡੀ.ਐਸ.ਪੀ. ਦੀ ਜਾਂਦੀ ਜਿਪਸੀ ਨੂੰ ਵੇਖ ਕੇ ਅਜੇ ਵੀ ਗਾਲ੍ਹਾਂ ਕੱਢੀ ਜਾ ਰਹੀ ਸੀ।

ਸਾਰੇ ਦੋਸਤਾਂ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਡੀ.ਐਸ.ਪੀ. ਨੇ ਮੌਕਾ ਵੇਖਣ ਆਉਣਾ ਹੈ। ਜਿਹੜੇ ਤਾਂ ਮੌਜੂਦ ਉਹ ਕੱਲ੍ਹ ਆਉਣ ਬਾਰੇ ਆਖ ਕੇ ਚਲੇ ਗਏ ਸਨ ਤੇ ਬਾਕੀ ਫ਼ੋਨ 'ਤੇ ਹੀ ਪਤਾ ਕਰ ਰਹੇ ਸਨ ਕਿ ਮਾਮਲੇ ਦਾ ਕੀ ਬਣਿਆ। ਇੱਕ ਨਜ਼ਦੀਕੀ ਰਿਸ਼ਤੇਦਾਰ ਨੂੰ ਜਦ ਪੁਲਿਸ ਦੀ ਸਾਰੀ ਧੱਕੇਸ਼ਾਹੀ ਬਾਰੇ ਪਤਾ ਲੱਗਾ ਤਾਂ ਆਖਣ ਲੱਗਾ ਕਿ ਮੈਂ ਇੱਕ ਮੰਤਰੀ ਤੋਂ ਤੇਰੀ ਸਿਫ਼ਾਰਿਸ਼ ਕਰਵਾਉਂਦਾ ਹਾਂ। ਘੰਟੇ ਕੁ ਬਾਅਦ ਉਸ ਦਾ ਫਿਰ ਫ਼ੋਨ ਆ ਗਿਆ ਤੇ ਉਸ ਨੇ ਦੱਸਿਆ ਕਿ ਮੰਤਰੀ ਨੂੰ ਜਦ ਇਸ ਧੱਕੇ ਦਾ ਪਤਾ ਲੱਗਾ ਤਾਂ ਉਹਨੇ ਡੀ.ਐਸ.ਪੀ. ਨੂੰ ਬੜਾ ਹੀ ਖਿੱਚਿਆ। ਉਸ ਨੇ

ਪੂਰਾ ਯਕੀਨ ਦੁਆਇਆ ਕਿ ਹੁਣ ਇਹ ਮਸਲਾ ਮੰਤਰੀ ਦੇ ਧਿਆਨ ਵਿੱਚ ਹੈ ਤੇ ਉਸ ਨੇ ਸਾਰੀ ਅਤੇ ਸਹੀ ਜਾਣਕਾਰੀ ਹਾਸਿਲ ਕਰ ਲਈ ਹੈ। ਹੁਣ ਪੁਲਿਸ ਵਾਲੇ ਤੈਨੂੰ ਖ਼ਰਾਬ ਨਹੀਂ ਕਰਨਗੇ। ਉਸ ਮੁਤਾਬਕ ਮੰਤਰੀ ਨੇ ਉਸ ਦੇ ਸਾਹਮਣੇ ਹੀ ਡੀ.ਐਸ.ਪੀ. ਦੀ ਖ਼ੂਬ ਝਾੜ-ਝੰਬ ਵੀ ਮੌਕੇ 'ਤੇ ਹੀ ਕਰ ਦਿੱਤੀ ਹੈ।

ਸਾਡੇ ਲਈ ਇਹ ਹੌਸਲੇ ਵਾਲੀ ਗੱਲ ਸੀ। ਇਹ ਤਾਂ ਸ਼ੁਕਰ ਸੀ ਕਿ ਗਰਮੀਆਂ ਦੀਆਂ ਛੁੱਟੀਆਂ ਚੱਲ ਰਹੀਆਂ ਸਨ ਤੇ ਸਾਰੇ ਦੋਸਤ ਮਿੱਤਰ ਇਕੱਠੇ ਹੋ ਕੇ ਆ ਜਾਂਦੇ ਸਨ। ਨਹੀਂ ਤਾਂ ਨਿੱਤ-ਨਿੱਤ ਛੁੱਟੀਆਂ ਲੈ ਕੇ ਕਿਸ ਨੇ ਮੇਰੇ ਨਾਲ ਤੁਰਨਾ ਸੀ।

ਹੁਣ ਇਹ ਸਲਾਹ ਵੀ ਬਣੀ ਕਿ ਜੇਕਰ ਪੁਲਿਸ ਵਾਲੇ ਅਜੇ ਵੀ ਕਾਰਵਾਈ ਨਹੀਂ ਕਰਨਗੇ ਤਾਂ ਇਸ ਮਸਲੇ ਨੂੰ ਮੀਡੀਆ ਵਿੱਚ ਵੀ ਲਿਆਂਦਾ ਜਾਵੇ ਤੇ ਪੁਲਿਸ ਦੀ ਧੱਕੇਸ਼ਾਹੀ ਖ਼ਿਲਾਫ਼ ਆਵਾਜ਼ ਉਠਾਈ ਜਾਵੇ।

ਉਸ ਦਿਨ ਸ਼ਾਮ ਨੂੰ ਹੀ ਸਾਨੂੰ ਇਹ ਖ਼ਬਰ ਵੀ ਮਿਲ ਗਈ ਕਿ ਸਾਡੇ ਉਸ ਘਰ ਆ ਕੇ ਇੱਟਾਂ ਪੁੱਟਣ ਅਤੇ ਖਿੜਕੀਆਂ ਨੂੰ ਭੰਨ ਜਾਣ ਵਾਲੇ ਬੰਦੇ ਮੁਹੱਲੇ ਦੇ ਹੀ ਇੱਕ ਨਸ਼ੇ ਦੇ ਵਿਉਪਾਰੀ ਪਰਿਵਾਰ ਦੇ ਮੁੰਡੇ ਅਤੇ ਉਹਨਾਂ ਦੇ ਪਾਲ਼ੇ ਹੋਏ ਗੁੰਡੇ ਹੀ ਕਰ ਰਹੇ ਹਨ। ਇਸ ਪਰਿਵਾਰ 'ਤੇ ਕਈ ਵਾਰ ਪੁਲਿਸ ਨੇ ਛਾਪਾ ਵੀ ਮਾਰਿਆ ਸੀ ਪਰ ਇਹਨਾਂ ਦੇ ਸਬੰਧ ਉੱਪਰ ਤੱਕ ਹੋਣ ਕਾਰਨ ਉਹ ਅਜੇ ਵੀ ਸ਼ਰ੍ਹੇਆਮ ਨਸ਼ੇ ਦੀ ਵੇਚ ਵੱਟ ਕਰੀ ਜਾ ਰਹੇ ਹਨ। ਸਾਨੂੰ ਸਭ ਤੋਂ ਵੱਡਾ ਖ਼ਤਰਾ ਇਸ ਪਰਿਵਾਰ ਤੋਂ ਹੀ ਜਾਪਣ ਲੱਗ ਪਿਆ ਸੀ ਕਿਉਂਕਿ ਉਹ ਆਪਣੇ ਪਾਲ਼ੇ ਹੋਏ ਨਸ਼ਈ ਬੰਦਿਆਂ ਤੋਂ ਸਾਨੂੰ ਕੋਈ ਵੀ ਨੁਕਸਾਨ ਪਹੁੰਚਾਅ ਸਕਦਾ ਸੀ। ਸਾਨੂੰ ਇਸ ਗੱਲ ਦੀ ਸਮਝ ਨਹੀਂ ਸੀ ਆ ਰਹੀ ਕਿ ਜਦ ਸਾਡਾ ਉਸ ਪਰਿਵਾਰ ਨਾਲ ਮਾੜਾ-ਮੋਟਾ ਝਗੜਾ ਤਾਂ ਦੂਰ ਦੀ ਗੱਲ, ਕਦੇ ਕੋਈ ਬੋਲ ਬੁਲਾਰਾ ਵੀ ਨਹੀਂ ਸੀ ਹੋਇਆ ਤਾਂ ਉਹ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਿਉਂ ਕਰ ਰਹੇ ਹਨ ? ਲੰਬੇ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਸੀ ਕਿ ਉਹਨਾਂ ਦੀ ਨਸ਼ੇ ਦਾ ਧੰਦਾ ਕਰਨ ਵਿੱਚ ਮਦਦ ਕਰਨ ਕਾਰਨ ਪੁਲਿਸ ਵਾਲੇ ਹੀ ਆਪਣੇ ਵੱਲੋਂ ਕੀਤੇ ਹੋਏ ਅਹਿਸਾਨਾਂ ਦਾ ਬਦਲਾ ਚੁਕਵਾਉਣ ਖ਼ਾਤਰ ਉਹਨਾਂ ਨੂੰ ਇਹ ਸਭ ਕੁਝ ਕਰਨ ਲਈ ਮਜਬੂਰ ਕਰ ਰਹੇ ਹਨ।

ਅਗਲਾ ਦਿਨ ਵੀ ਆ ਗਿਆ। ਮੇਰੇ ਨਾਲ ਆਉਣ ਵਾਲੇ ਲਗਪਗ ਸਾਰੇ ਬੰਦੇ ਡੀ.ਐਸ.ਪੀ. ਦੇ ਦਫ਼ਤਰ ਅੱਗੇ ਪੁੱਜ ਚੁੱਕੇ ਸਨ। ਡੀ.ਐਸ.ਪੀ. ਅਜੇ ਦਫ਼ਤਰ ਵਿੱਚ ਨਹੀਂ ਆਇਆ ਸੀ ਤੇ ਨਾ ਹੀ ਦੂਜੀ ਧਿਰ ਦਾ ਕੋਈ ਵੀ ਬੰਦਾ ਉੱਥੇ ਪਹੁੰਚਿਆ ਸੀ। ਸਾਡੇ ਲਈ ਇਹ ਵੱਡੀ ਚਿੰਤਾ ਦੀ ਗੱਲ ਸੀ। ਬਾਹਰ

ਧੁੱਪ ਵਿੱਚ ਖੜ੍ਹਣਾ ਔਖਾ ਹੋ ਰਿਹਾ ਸੀ। ਅਸੀਂ ਕੰਧ ਦੀ ਛਾਂ ਦਾ ਮਾੜਾ ਮੋਟਾ ਆਸਰਾ ਲੈਂਦੇ ਹੋਏ ਬੈਠੇ ਹੀ ਰਹੇ। ਜਦ ਅੰਦਰ ਜਾ ਕੇ ਅਧਿਕਾਰੀ ਦੇ ਆਉਣ ਬਾਰੇ ਪੁੱਛਦੇ ਤਾਂ ਇੱਕੋ ਹੀ ਜਵਾਬ ਮਿਲਦਾ, "ਬੱਸ, ਆਉਣ ਹੀ ਵਾਲੇ ਨੇ।"

ਸਭ ਨੂੰ ਇਹੋ ਹੀ ਸ਼ੱਕ ਹੋ ਰਹੀ ਸੀ ਕਿ ਜਿਹੜੀ ਦੂਜੀ ਧਿਰ ਵੀ ਨਹੀਂ ਆਈ, ਇਸ ਦਾ ਇੱਕੋ ਇੱਕ ਮਤਲਬ ਹੈ, ਸਾਨੂੰ ਜਾਣਬੁੱਝ ਕੇ ਖ਼ਰਾਬ ਕਰਨਾ।

ਸਵਾ ਕੁ ਇੱਕ ਵਜੇ, ਇੱਕ ਕਾਰ ਦਫ਼ਤਰ ਦੇ ਅੱਗੇ ਆ ਰੁਕੀ। ਜਿਸ ਵਿੱਚੋਂ ਜਪਨਾਮ, ਮਲਕੀਤ, ਗੁਰਨੇਕ ਅਤੇ ਇੱਕ ਹੋਰ ਬਜ਼ੁਰਗ ਉੱਤਰੇ ਅਤੇ ਦਫ਼ਤਰ ਦੇ ਅੰਦਰ ਚਲੇ ਗਏ। ਸਭ ਨੇ ਕੰਨ ਚੁੱਕ ਲਏ ਤੇ ਸਾਨੂੰ ਇੱਕ ਆਸ ਵੀ ਬੱਝ ਗਈ ਕਿ ਡੀ.ਐਸ.ਪੀ. ਜ਼ਰੂਰ ਆਵੇਗਾ। ਉਹੀ ਗੱਲ ਹੋਈ। ਨਾਲ ਦੀ ਨਾਲ ਹੀ ਉਸ ਦੀ ਜਿਪਸੀ ਹੂਟਰ ਮਾਰਦੀ ਹੋਈ ਦਫ਼ਤਰ ਦੇ ਅੱਗੇ ਆ ਕੇ ਰੁਕ ਗਈ ਤੇ ਉਹ ਪੂਰੀ ਆਕੜ ਨਾਲ ਅੰਦਰ ਚਲਾ ਗਿਆ। ਅਸੀਂ ਵੀ ਦਫ਼ਤਰ ਦੇ ਵਰਾਂਡੇ ਵਿੱਚ ਚਲੇ ਗਏ ਤੇ ਬੈਠਣ ਲਈ ਥਾਂ ਘੱਟ ਹੋਣ ਕਾਰਨ ਕਈ ਜਣੇ ਖੜ੍ਹੇ ਹੀ ਰਹੇ। ਘੰਟੇ ਦੇ ਕਰੀਬ ਹੋਰ ਲੰਘ ਗਿਆ ਪਰ ਸਾਨੂੰ ਆਵਾਜ਼ ਨਾ ਵੱਜੀ ਤੇ ਨਾ ਹੀ ਦੂਜੀ ਧਿਰ ਦਾ ਕੋਈ ਬੰਦਾ ਨਜ਼ਰੀਂ ਆਇਆ।

ਅੰਤ ਸਾਨੂੰ ਆਵਾਜ਼ ਪੈ ਹੀ ਗਈ। ਡੀ.ਐਸ.ਪੀ. ਦੇ ਕਮਰੇ ਅੰਦਰ ਵੜਦਿਆਂ ਸਭ ਨੂੰ ਠੰਢਕ ਮਹਿਸੂਸ ਹੋਈ। ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਉਹ ਚਾਰੇ ਜਣੇ ਪਹਿਲਾਂ ਹੀ ਅੰਦਰ ਬੈਠੇ ਸਰਕਾਰੀ ਏ.ਸੀ. ਦੀ ਠੰਢਕ ਮਾਣ ਰਹੇ ਸਨ। ਮੇਰੇ ਮਨ ਨੇ ਕਿਹਾ, 'ਵਾਹ ! ਸਾਡਾ ਢਾਂਚਾ, ਜਿਹੜੇ ਬੰਦੇ ਮੁਜ਼ਰਮ ਨੇ ਉਹਨਾਂ ਨੂੰ ਅਧਿਕਾਰੀ ਕੁਰਸੀਆਂ ਉੱਤੇ ਬਿਠਾਈ ਬੈਠੇ ਹਨ ਅਤੇ ਜਿਨ੍ਹਾਂ ਨੂੰ ਇਨਸਾਫ਼ ਮਿਲਣਾ ਚਾਹੀਦਾ ਸੀ ਉਹ ਸਵੇਰ ਤੋਂ ਧੁੱਪ ਵਿੱਚ ਖੜ੍ਹੇ ਹਨ ਤੇ ਉਹਨਾਂ ਲਈ ਤਾਂ ਇਹਨਾਂ ਕੋਲ ਬੈਠਣ ਦਾ ਵੀ ਪ੍ਰਬੰਧ ਨਹੀਂ ਹੈ।'

"ਵੇਖੋ ਜੀ, ਮੈਂ ਬਹੁਤੀਆਂ ਗੱਲਾਂ ਨ੍ਹੀਂ ਕਰਦਾ ਹੁੰਦਾ। ਮੈਂ ਤਾਂ ਇਹ ਹੀ ਸਿੱਟਾ ਕੱਢਿਆ ਏ ਕਿ ਗਲੀ ਨੂੰ ਚਲਦੀ ਰਹਿਣ ਦਿਓ। ਜਦ ਮੁਹੱਲੇ ਵਾਲੇ ਚਾਹੁੰਦੇ ਨੇ ਤਾਂ ਤੁਸੀਂ ਕੰਧ ਨਾ ਕੱਢੋ। ਜੇ ਤੁਹਾਨੂੰ ਬਹੁਤਾ ਹੀ ਲਾਲਚ ਹੈ ਤਾਂ ਤੁਸੀਂ ਥਾਂ ਮਿਣ ਕੇ ਇਹਨਾਂ ਤੋਂ ਅੱਧੇ ਥਾਂ ਦੇ ਚਲਦੇ ਰੇਟ ਮੁਤਾਬਕ ਪੈਸੇ ਲੈ ਲਵੋ ਤੇ ਅੱਧੀ ਜਗ੍ਹਾ ਗਲੀ ਨੂੰ ਛੱਡ ਦੇਵੋ।" ਅੱਜ ਡੀ.ਐਸ.ਪੀ. ਦੀ ਸੁਰ ਕੁਝ ਕੁ ਨਰਮ ਸੀ।

"ਜਨਾਬ ! ਅਸੀਂ ਤਾਂ ਸਾਰੀ ਹੀ ਛੱਡ ਦਿੱਤੀ ਸੀ, ਛੱਡ ਵੀ ਦੇਵਾਂਗੇ। ਤੁਸੀਂ ਇਹਨਾਂ ਤੋਂ ਉਹ ਬੰਦੇ ਪੇਸ਼ ਕਰਵਾਓ ਜਿਹੜੇ ਸਾਡੀ ਪਿੱਠ ਪਿੱਛੇ ਆ ਕੇ ਢਾਹ-ਢੁਆਈ ਕਰ ਕੇ ਗਏ ਸੀ।" ਮੇਰੇ ਪਿਤਾ ਜੀ ਨੇ ਉਸੇ ਅੰਦਾਜ਼ ਵਿੱਚ ਹੀ ਕਿਹਾ।

“ਵੇਖੋ ਜੀ, ਮੈਂ ਇਸ ਕੇਸ ਵਿੱਚ ਬੜਾ ਹੀ ਖ਼ਰਾਬ ਹੋ ਰਿਹਾ ਹਾਂ। ਪਲੀਜ਼, ਤੁਸੀਂ ਕਿਸੇ ਹੋਰ ਦੀ ਡਿਊਟੀ ਲਗਵਾਅ ਲਓ। ਐਸ.ਐਸ.ਪੀ. ਸਾਹਬ ਦੀ ਮਿੰਨਤ ਮੈਂ ਆਪ ਕਰ ਲਵਾਂਗਾ। ਮੇਰਾ ਖਹਿੜਾ ਛੱਡ ਦੇਵੋ। ਮੇਰਾ ਤਾਂ ਬੈਗ ਬੰਨ੍ਹਿਆ ਹੀ ਪਿਆ ਏ। ਨੌਕਰੀ ਕਰਨੀ ਆ, ਏਥੇ ਨ੍ਹੀਂ ਤਾਂ ਕਿਸੇ ਹੋਰ ਸ਼ਹਿਰ ਵਿੱਚ ਕਰ ਲਵਾਂਗਾ।” ਡੀ.ਐਸ.ਪੀ. ਨੇ ਬਹੁਤ ਹੀ ਆਜ਼ਜ਼ੀ ਨਾਲ ਕਿਹਾ। ਉਹ ਗੁੰਡਾ-ਗ਼ਰਦੀ ਕਰਨ ਵਾਲੇ ਬੰਦਿਆਂ ਨੂੰ ਹੱਥ ਪਾਉਣ ਤੋਂ ਵੀ ਘਬਰਾਅ ਰਿਹਾ ਸੀ।

ਮੈਂ ਸਮਝ ਗਿਆ ਕਿ ਇਹ ਤਾਂ ਮੰਤਰੀ ਦੁਆਰਾ ਰਾਤ ਦੀਆਂ ਦਿੱਤੀਆਂ ਹੋਈਆਂ ਝਿੜਕਾਂ ਦਾ ਹੀ ਅਸਰ ਹੈ। ਫਿਰ ਅੰਦਰੋ-ਅੰਦਰੀ ਹਾਸਾ ਵੀ ਆਇਆ ਕਿ ਮੰਤਰੀ ਦੇ ਡਰ ਕਾਰਨ ਇਹਨੂੰ ਤਾਂ ਰਾਤ ਨੂੰ ਪੀਤੀ ਹੋਈ ਦਾਰੂ ਵੀ ਚੜ੍ਹੀ ਨਹੀਂ ਹੋਣੀ।

ਬਾਹਰ ਆ ਕੇ ਸਭ ਦੀ ਸਲਾਹ ਬਣੀ ਕਿ ਇਹਨੇ ਕੁਝ ਨਹੀਂ ਕਰਨਾ। ਆਪਾਂ ਨੂੰ ਫਿਰ ਐਸ.ਐਸ.ਪੀ. ਨੂੰ ਮਿਲਣਾ ਚਾਹੀਦਾ ਹੈ। ਉਸ ਦੇ ਦਫ਼ਤਰ ਵਿਖੇ ਤਾਇਨਾਤ ਆਪਣੇ ਇੱਕ ਜਾਣੂੰ ਨੂੰ ਫ਼ੋਨ ਕਰਨ ’ਤੇ ਪਤਾ ਲੱਗਾ ਕਿ ਵੱਡਾ ਸਾਹਬ ਦਫ਼ਤਰ ਵਿੱਚ ਹੀ ਹੈ ਤਾਂ ਅਸੀਂ ਉਸ ਦੇ ਦਫ਼ਤਰ ਵੱਲ ਨੂੰ ਹੋ ਤੁਰੇ। ਉੱਥੇ ਸਾਡੀ ਵਾਰੀ ਛੇਤੀ ਹੀ ਆ ਗਈ। ਅਸੀਂ ਸਾਰੀ ਗੱਲ ਐਸ.ਐਸ.ਪੀ. ਨੂੰ ਫਿਰ ਸਮਝਾਈ। ਉਹ ਬੜਾ ਹੀ ਔਖਾ ਭਾਰਾ ਹੋਇਆ, “ਇੱਕ ਹੌਲਦਾਰ ਹੀ ਸਾਰੇ ਮਹਿਕਮੇ ਨੂੰ ਵਾਹਣੀਂ ਪਾਈ ਫਿਰਦੈ ? ਉਹਦੀ ਕੀ ਔਕਾਤ ਹੈ ਕਿ ਉਹ ਇੰਝ ਲੋਕਾਂ ਨੂੰ ਖ਼ਰਾਬ ਕਰੇ ? ਨਾਲੇ ਡੀ.ਐਸ.ਪੀ. ਦੀ ਕੀ ਮਜ਼ਾਲ ਹੈ ਕਿ ਉਹ ਮੇਰੀ ਮਾਰਕ ਕੀਤੀ ਹੋਈ ਅਰਜ਼ੀ ਉੱਤੇ ਕੋਈ ਕਾਰਵਾਈ ਨਾ ਕਰੇ ?” ਅਸੀਂ ਸਾਰੇ ਸ਼ਾਂਤ ਸਾਂ ਕਿ ਚਲੋ, ਘੱਟੋ-ਘੱਟ ਕੋਈ ਤਾਂ ਹੈ, ਜਿਸ ਨੇ ਸਾਡੀ ਗੱਲ ਧਿਆਨ ਨਾਲ ਸੁਣੀ।

“ਮਿਲਾਅ ਓਏ, ਡੀ.ਐਸ.ਪੀ. ਨੂੰ ਫ਼ੋਨ। ਮੈਂ ਹੁਣੇ ਈ ਕਰਦਾ ਆਂ ਗੱਲ।” ਐਸ.ਐਸ.ਪੀ. ਨੇ ਆਪਣੇ ਕੋਲ ਬੈਠੇ ਇੱਕ ਕਰਮਚਾਰੀ ਨੂੰ ਹੁਕਮ ਕੀਤਾ।

ਉਹ ਫ਼ੋਨ ਮਿਲਾਉਂਦਾ ਰਿਹਾ ਤੇ ਕੱਟਦਾ ਰਿਹਾ ਅਤੇ ਵਿੱਚ ਹੀ ਆਖ ਦਿੰਦਾ, “ਸਰ, ਨੰਬਰ ਬਿਜ਼ੀ ਆ ਰਿਹਾ ਹੈ ਜੀ।”

ਇਸੇ ਦੌਰਾਨ ਹੀ ਇੱਕ ਐਸ.ਪੀ. ਰੈਂਕ ਦਾ ਅਧਿਕਾਰੀ ਪੁੱਛ ਕੇ ਅੰਦਰ ਆ ਗਿਆ। ਉਸ ਨੇ ਸਾਹਬ ਨੂੰ ਸਲੂਟ ਮਾਰਿਆ ਤੇ ਬੈਠ ਗਿਆ। ਸਾਹਬ ਆਪ ਹੀ ਸਾਰੀ ਗੱਲ ਉਸ ਨੂੰ ਦੱਸਣ ਲੱਗ ਪਿਆ।

“ਸਰ ! ਜੇ ਤੁਸੀਂ ਹੁਕਮ ਕਰੋ ਤਾਂ ਮੈਂ ਇਹਨਾਂ ਦਾ ਮਸਲਾ ਹੱਲ ਕਰ ਦਿੰਦਾ ਹਾਂ ਜੀ।” ਐਸ.ਪੀ. ਨੇ ਵੱਡੇ ਸਾਹਬ ਤੋਂ ਆਗਿਆ ਮੰਗੀ।

"ਚਲੋ, ਠੀਕ ਏ।ਤੁਸੀਂ ਸੰਭਾਲੋ ਇਸ ਕੇਸ ਨੂੰ।" ਐਸ.ਐਸ.ਪੀ. ਨੇ ਆਗਿਆ ਦੇ ਦਿੱਤੀ।

"ਥੋੜੀ ਕੰਧ ਹੋ ਜਾਵੇਗੀ। ਬੱਸ, ਮੇਰੀ ਇੱਕ ਸ਼ਰਤ ਪੂਰੀ ਕਰ ਦੇਵੋ।" ਐਸ.ਪੀ. ਨੇ ਸਾਨੂੰ ਸੰਬੋਧਤ ਹੁੰਦਿਆਂ ਆਖਿਆ।

"ਕਿਹੜੀ ?" ਸਭ ਦੇ ਮੂੰਹੋਂ ਸੁਭਾਵਿਕ ਹੀ ਨਿਕਲਿਆ।

"ਮੈਨੂੰ ਨਗਰ ਨਿਗਮ ਤੋਂ ਇਹ ਲਿਖਵਾਅ ਕੇ ਲਿਆ ਦਿਓ ਕਿ ਨਿਗਮ ਨੂੰ ਕੰਧ ਕੱਢਣ 'ਤੇ ਕੋਈ ਇਤਰਾਜ਼ ਨਹੀਂ ਹੈ ਤੇ ਤੁਹਾਡੀ ਜਗ੍ਹਾ ਗਲੀ ਵਿੱਚ ਨਹੀਂ ਆਉਂਦੀ।ਬੱਸ ਸਮਝ ਲਓ, ਤੁਹਾਡਾ ਕੰਮ ਹੋ ਗਿਆ।" ਉਸ ਨੇ ਇੰਝ ਚੁਟਕੀ ਮਾਰੀ ਕਿ ਸਾਨੂੰ ਸਭ ਨੂੰ ਆਪਣੀਆਂ ਅੱਖਾਂ ਅੱਗੇ ਨਿਕਲੀ ਹੋਈ ਕੰਧ ਹੀ ਦਿਸਣ ਲੱਗ ਪਈ ਸੀ।

"ਇਹ ਤਾਂ ਲਿਖਵਾਅ ਦਿਆਂਗੇ ਜੀ।" ਆਖਦੇ ਹੋਏ ਅਸੀਂ ਉਸ ਦਾ ਧੰਨਵਾਦ ਕੀਤਾ।

"ਕਾਕਾ ! ਤੂੰ ਮੇਰੇ ਕੋਲ 'ਕੱਲ੍ਹਾ ਹੀ ਆ ਜੀਂ।ਐਵੇਂ ਏਨੇ ਬੰਦਿਆਂ ਨੂੰ ਧੁੱਪ ਵਿੱਚ ਨਾ ਘੜੀਸੀ ਫਿਰੀਂ।" ਉਸ ਨੇ ਮੈਨੂੰ ਪਿਆਰ ਨਾਲ ਆਖਿਆ ਤੇ ਮੈਂ ਹਾਂ ਵਿੱਚ ਸਿਰ ਮਾਰ ਦਿੱਤਾ।

ਹੁਣ ਕਾਫ਼ੀ ਸਮਾਂ ਹੋ ਚੁੱਕਾ ਸੀ।ਸਵੇਰ ਦੇ ਮੇਰੇ ਨਾਲ ਬੱਝੇ ਹੋਏ ਬੰਦਿਆਂ ਨੇ ਆਪਣੇ ਘਰੀਂ ਵੀ ਜਾਣਾ ਸੀ।ਇਸ ਲਈ ਮੈਂ ਸਭ ਦਾ ਧੰਨਵਾਦ ਕੀਤਾ ਤੇ ਅਗਲੇ ਦਿਨ ਨਿਗਮ ਦੇ ਦਫ਼ਤਰ ਜਾ ਕੇ ਖ਼ੁਦ ਹੀ ਲਿਖਵਾਅ ਕੇ ਲੈ ਆਉਣ ਦਾ ਜਿੰਮਾ ਵੀ ਚੁੱਕ ਲਿਆ।ਸਾਰੇ ਖੁਸ਼ ਸਨ ਕਿ ਚਲੋ ਕੋਈ ਰਾਹ ਤਾਂ ਦਿਸਿਆ, ਨਹੀਂ ਤਾਂ ਹੇਠਲੇ ਅਫ਼ਸਰ ਐਵੇਂ ਭਕਾਈ ਹੀ ਮਰਵਾਈ ਜਾ ਰਹੇ ਸਨ।

ਮੇਰੇ ਲਈ ਖੁਸ਼ੀ ਦੀ ਗੱਲ ਇਹ ਵੀ ਸੀ ਕਿ ਨਗਰ ਨਿਗਮ ਦਾ ਕਾਰਜ ਸਾਧਕ ਅਧਿਕਾਰੀ (ਈ.ਓ.) ਮੇਰੇ ਸਾਲ਼ੇ ਦਾ ਸਹਿ-ਕਰਮੀ ਰਹਿ ਚੁੱਕਾ ਸੀ।ਇਸ ਲਈ ਮੈਂ ਆਪਣੇ ਉਸ ਰਿਸ਼ਤੇਦਾਰ ਨੂੰ ਫ਼ੋਨ ਕੀਤਾ ਕਿ ਉਹ ਈ.ਓ. ਨੂੰ ਕਹਿ ਦੇਵੇ ਤਾਂ ਜੋ ਸਬੰਧਤ ਲਿਖਤ ਲੈਣ ਲਈ ਮੈਨੂੰ ਜ਼ਿਆਦਾ ਭੱਜ-ਦੌੜ ਨਾ ਕਰਨੀ ਪਵੇ।ਮੇਰੀ ਪੂਰੀ ਗੱਲ ਸੁਣਨ ਤੋਂ ਬਾਅਦ ਉਸ ਨੇ ਮੈਨੂੰ ਜਵਾਬ ਦੇ ਦਿੱਤਾ ਕਿ ਨਗਰ ਨਿਗਮ ਵਾਲੇ ਕਦੇ ਵੀ ਅਜਿਹਾ ਲਿਖ ਕੇ ਨਹੀਂ ਦਿੰਦੇ ਹੁੰਦੇ।ਉਸ ਦੀ ਇਸ ਗੱਲ ਨੇ ਮੇਰਾ ਦਿਲ ਹੀ ਤੋੜ ਦਿੱਤਾ ਸੀ।ਉਸ ਮੁਤਾਬਕ ਨਗਰ ਨਿਗਮ ਵਾਲੇ ਤਾਂ ਬਣੀਆਂ ਹੋਈਆਂ ਇਮਾਰਤਾਂ ਨੂੰ ਹੀ ਚੈੱਕ ਕਰਦੇ ਹਨ ਕਿ ਉਹ ਨਕਸ਼ੇ ਮੁਤਾਬਿਕ ਬਣੀਆਂ ਹਨ ਜਾਂ ਨਹੀਂ।ਉਹਨਾਂ ਕੋਲ ਕਿਸੇ ਦੀ ਮਾਲਕੀ ਨੂੰ ਦਰਸਾਉਣ ਵਾਲਾ ਕੁਝ ਵੀ ਲਿਖ ਕੇ ਦੇਣ ਦਾ ਅਧਿਕਾਰ ਨਹੀਂ ਹੁੰਦਾ।ਮੈਨੂੰ ਉਸ ਦੀਆਂ ਗੱਲਾਂ ਠੀਕ ਵੀ ਲੱਗੀਆਂ ਕਿਉਂਕਿ

ਆਪਣੇ ਦਫ਼ਤਰ ਦੇ ਸਾਰੇ ਅਦਾਲਤੀ ਕੇਸ ਉਹ ਹੀ ਕੋਰਟਾਂ ਵਿੱਚ ਲੈ ਕੇ ਜਾਂਦਾ ਹੁੰਦਾ ਸੀ। ਖੈਰ, ਮੇਰੇ ਜ਼ਿਆਦਾ ਜ਼ੋਰ ਪਾਉਣ 'ਤੇ ਉਸ ਨੇ ਈ.ਓ. ਨੂੰ ਫ਼ੋਨ ਵੀ ਕਰ ਦਿੱਤਾ ਅਤੇ ਮੈਨੂੰ ਵੀ ਦੱਸ ਦਿੱਤਾ ਕਿ ਮੈਂ ਉਸ ਦਾ ਨਾਮ ਲੈ ਕੇ ਉਸ ਨੂੰ ਕਦੇ ਵੀ ਮਿਲ ਸਕਦਾ ਹਾਂ।

ਅਗਲ਼ੀ ਸਵੇਰ ਮੈਂ ਸਿੱਧਾ ਹੀ ਨਿਗਮ ਦੇ ਦਫ਼ਤਰ ਜਾ ਪਹੁੰਚਿਆ ਅਤੇ ਈ.ਓ. ਨੂੰ ਜਾ ਮਿਲਿਆ। ਉੱਥੇ ਜਾ ਕੇ ਮੈਨੂੰ ਪਤਾ ਲੱਗਾ ਕਿ ਦੂਜੀ ਧਿਰ ਨੇ ਪਹਿਲਾਂ ਹੀ ਮੇਰੇ ਖ਼ਿਲਾਫ਼ ਸਰਕਾਰੀ ਗਲੀ ਰੋਕਣ ਦਾ ਸ਼ਿਕਾਇਤ-ਪੱਤਰ ਦਿੱਤਾ ਹੋਇਆ ਹੈ। ਈ.ਓ. ਨੇ ਆਪਣੇ ਇੱਕ ਇੰਸਪੈਕਟਰ ਨੂੰ ਸੱਦਿਆ ਤੇ ਮੌਕਾ ਵੇਖ ਕੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਕੇ ਆਉਣ ਦਾ ਹੁਕਮ ਦੇ ਦਿੱਤਾ। ਇਸ ਦੇ ਨਾਲ ਹੀ ਉਸ ਨੇ ਮੈਨੂੰ ਜਵਾਬ ਵੀ ਦੇ ਦਿੱਤਾ ਕਿ ਮੈਂ ਜ਼ੁਬਾਨੀ ਤੌਰ 'ਤੇ ਤਾਂ ਐਸ.ਪੀ. ਨੂੰ ਦੱਸ ਦੇਵਾਂਗਾ ਕਿ ਇਸ ਜਗ੍ਹਾ 'ਤੇ ਤੇਰੀ ਮਾਲਕੀ ਹੈ ਪਰ ਮੈਂ ਲਿਖਤੀ ਰੂਪ 'ਚ ਕੁਝ ਵੀ ਨਹੀਂ ਦੇ ਸਕਦਾ। ਉਸ ਦੀ ਦਲੀਲ ਵਿੱਚ ਵਜ਼ਨ ਵੀ ਸੀ ਕਿ ਜੇਕਰ ਕਿਸੇ ਨੇ ਕੇਸ ਕਰ ਦਿੱਤਾ ਤਾਂ ਦਸਤਖਤ ਕਰਨ ਵਾਲੇ ਅਧਿਕਾਰੀ ਨੂੰ ਹੀ ਪੇਸ਼ੀਆਂ ਭੁਗਤਣੀਆਂ ਪੈਂਦੀਆਂ ਹਨ।

ਨਗਰ ਨਿਗਮ ਦਾ ਇੰਸਪੈਕਟਰ ਉਸੇ ਸ਼ਾਮ ਨੂੰ ਹੀ ਆ ਗਿਆ। ਉਸ ਨੇ ਗਲੀ ਦੀ ਅਤੇ ਮੇਰੇ ਘਰ ਦੀ ਮਿਣਤੀ ਕੀਤੀ ਤੇ ਮੌਕੇ 'ਤੇ ਹੀ ਦੋਵਾਂ ਧਿਰਾਂ ਨੂੰ ਦੱਸ ਦਿੱਤਾ ਕਿ ਜੇ ਇਹ ਇਸ ਜਗ੍ਹਾ ਵਿੱਚ ਉਸਾਰੀ ਕਰਨ ਤਾਂ ਨਗਰ ਨਿਗਮ ਨੂੰ ਇਸ ਵਿੱਚ ਕੋਈ ਵੀ ਇਤਰਾਜ਼ ਨਹੀਂ ਹੈ। ਮੇਰੀ ਇੱਕ ਬੇਨਤੀ 'ਤੇ ਉਸ ਨੇ ਗੁਰਨੇਕ ਕੇ ਘਰ ਵੱਲ ਵੀ ਝਾਤ ਪਾਈ। ਉਸ ਦੀ ਪਾਰਖੂ ਨਜ਼ਰ ਓਦੋਂ ਹੀ ਸਮਝ ਗਈ ਤੇ ਉਹ ਝੱਟ ਦੇਣੇ ਬੋਲਿਆ, "ਏਸ ਦਾ ਸ਼ਰ੍ਹੇਆਮ ਨਜਾਇਜ਼ ਕਬਜ਼ਾ ਕੀਤਾ ਹੋਇਐ। ਇਹ ਤਾਂ ਅੰਨ੍ਹੇ ਨੂੰ ਵੀ ਦਿਸੀ ਜਾਂਦੈ।"

ਅਗਲੇ ਦਿਨ ਫਿਰ ਜਾ ਕੇ ਮੈਂ ਈ.ਓ. ਨੂੰ ਮਿਲਿਆ ਤੇ ਸਾਰੀ ਗੱਲ ਦੱਸ ਦਿੱਤੀ। ਮੈਂ ਉਸ ਨੂੰ ਇੱਕ ਬੇਨਤੀ ਵੀ ਕੀਤੀ ਕਿ ਤੁਸੀਂ ਆਪਣੇ ਨਗਰ ਨਿਗਮ ਦੇ ਕਾਗਜ਼ਾਂ ਮੁਤਾਬਿਕ ਗਲੀ ਦੀ ਚੌੜਾਈ ਹੀ ਲਿਖ ਕੇ ਦੇ ਦੇਵੋ। ਸ਼ਾਇਦ ਉਸ ਨੂੰ ਮੇਰੇ 'ਤੇ ਬਹੁਤਾ ਹੀ ਤਰਸ ਆ ਗਿਆ ਸੀ ਤੇ ਬੜੇ ਹੀ ਪਿਆਰ ਨਾਲ ਮੈਨੂੰ ਆਖਣ ਲੱਗਾ, "ਵੇਖ ਪੁੱਤ, ਮੈਂ ਤੇਰੀ ਹਾਲਤ ਚੰਗੀ ਤਰ੍ਹਾਂ ਸਮਝਦਾ ਹਾਂ। ਜਿਸ ਤਰ੍ਹਾਂ ਦਾ ਤੂੰ ਰਾਜ ਦਾ ਰਿਸ਼ਤੇਦਾਰ ਹੈਂ, ਮੈਂ ਵੀ ਤੈਨੂੰ ਉਸ ਤਰ੍ਹਾਂ ਹੀ ਸਮਝਦਾ ਹਾਂ। ਗਲੀਆਂ ਵੀ ਮਾਲ ਵਿਭਾਗ ਦੇ ਰਿਕਾਰਡ ਵਿੱਚ ਹੀ ਦਰਜ ਹੁੰਦੀਆਂ ਹਨ। ਇਹ ਜਿਹੜਾ ਐਸ.ਪੀ. ਐ ਨਾ, ਬੜਾ ਹੀ ਲੀਚੜ ਤੇ ਕੁੱਤਾ ਬੰਦਾ ਏ। ਇਹ ਲਾਅ ਕਾਲਜ ਵਿੱਚ ਮੇਰਾ ਸੀਨੀਅਰ ਹੁੰਦਾ ਸੀ। ਇਹਨੂੰ ਪਤਾ ਸੀ ਕਿ ਨਗਰ ਨਿਗਮ ਵਾਲੇ ਇਹ ਕੁਝ ਲਿਖ ਕੇ ਕਦੇ ਵੀ ਨਹੀਂ ਦੇ ਸਕਦੇ। ਇਸੇ

ਲਈ ਉਹਨੇ ਤੁਹਾਨੂੰ ਟਰਕਾਇਆ ਹੈ। ਤੂੰ ਤਾਂ ਆਪਣਾ ਹੈਂ, ਤਾਂ ਹੀ ਮੈਂ ਤੈਨੂੰ ਸਾਰੀ ਗੱਲ ਦੱਸ ਦਿੱਤੀ ਹੈ। ਇੱਥੇ ਪਤਾ ਨ੍ਹੀਂ ਪੁਲਿਸ ਵਾਲਿਆਂ ਦੇ ਡੰਗੇ ਹੋਏ ਕਿੰਨੇ ਕੁ ਬੰਦੇ ਇਵੇਂ ਹੀ ਭਟਕਦੇ ਫਿਰਦੇ ਨੇ ।"

"ਸਰ! ਵੇਖ ਲਓ ਜੀ, ਮੇਰੇ ਗੁਆਂਢ ਤਾਂ ਪੁਲਿਸ ਵਾਲਿਆਂ ਨੇ ਹੀ ਨਜਾਇਜ਼ ਕਬਜ਼ਾ ਕਰਵਾਇਆ ਹੋਇਐ। ਉਸ ਨੂੰ ਤਾਂ ਕੋਈ ਵੀ ਕੁਝ ਨ੍ਹੀਂ ਆਖਦਾ, ਸਗੋਂ ਉਹ ਸਾਡੇ ਨਾਲ ਗੁੰਡਾ-ਗਰਦੀ ਕਰੀ ਜਾਂਦੇ ਆ।" ਮੇਰੀ ਆਵਾਜ਼ ਰੋਣ-ਹਾਕਿਆਂ ਵਰਗੀ ਹੋ ਗਈ ਸੀ।

"ਪੁੱਤ, ਤੂੰ ਚੱਲ ਘਰੇ। ਮੈਂ ਹੁਣੇ ਤੇਰੇ ਮਗਰ ਹੀ ਆਉਂਦਾਂ, ਵੇਖੀਏ ਤਾਂ ਸਹੀ ਕਿੰਨ੍ਹੀਂ ਕੁ ਜਗ੍ਹਾ ਦੱਬੀ ਬੈਠਾ ਏ ਉਹ ਵੱਡਾ ਨਾਢੂ ਖਾਂ।" ਈ.ਓ. ਪਹਿਲਾਂ ਪਿਆਰ ਤੇ ਮਗਰੋਂ ਤਲਖ਼ੀ ਨਾਲ ਬੋਲਿਆ।

ਅੱਧੇ ਕੁ ਘੰਟੇ ਵਿੱਚ ਹੀ ਈ.ਓ. ਆਪਣੇ ਅਧੀਨ ਕਰਮਚਾਰੀਆਂ ਨੂੰ ਨਾਲ ਲੈ ਕੇ ਮੁਹੱਲੇ ਵਿੱਚ ਪਹੁੰਚ ਗਿਆ। ਗਰਮੀ ਕਾਫ਼ੀ ਜ਼ਿਆਦਾ ਹੋਣ ਕਰਕੇ ਗਲੀਆਂ ਸੁੰਨੀਆਂ ਹੀ ਪਈਆਂ ਸਨ। ਗੁਰਨੇਕ ਦਾ ਘਰ ਵੇਖਦੇ ਸਾਰ ਹੀ ਉਸ ਦੇ ਮੂੰਹੋਂ ਸੁਭਾਵਕ ਹੀ ਨਿਕਲ ਗਿਆ, "ਬੱਲੇ! ਬੱਲੇ! ਬੱਲੇ! ਆਪ ਐਨਾ ਥਾਂ ਨੱਪੀ ਬੈਠੈ ਤੇ ਤੁਹਾਡੇ ਨਾਲ ਰੌਲ਼ਾ ਪਾ ਰੱਖਿਆ। ਇਹ ਤਾਂ ਉਹ ਗੱਲ ਐ, ਲੁੱਚੀ ਘੁੱਗੀ, ਕਾਂ ਬਦਨਾਮ।"

ਉਸ ਨੇ ਆਪ ਹੀ ਗੁਰਨੇਕ ਦਾ ਦਰਵਾਜ਼ਾ ਖੜਕਾਇਆ ਪਰ ਕਿਸੇ ਨੇ ਵੀ ਦਰਵਾਜ਼ਾ ਨਾ ਖੋਲ੍ਹਿਆ। ਤਿੰਨ ਚਾਰ ਮਿੰਟ ਤੱਕ ਜਦ ਦਰਵਾਜ਼ਾ ਨਾ ਖੁੱਲ੍ਹਿਆ ਤਾਂ ਉਹ ਮੇਰੇ ਕੋਲ ਆ ਗਿਆ ਤੇ ਮੈਨੂੰ ਬੁੱਕਲ ਵਿੱਚ ਲੈ ਕੇ ਹਮਦਰਦੀ ਨਾਲ ਬੋਲਿਆ, "ਪੁੱਤ, ਮੈਂ ਪੁਲਿਸ ਵਾਲਿਆਂ ਦੀ ਸਾਰੀ ਕਾਰਸਤਾਨੀ ਸਮਝ ਗਿਆ ਹਾਂ। ਉਹ ਤੈਨੂੰ ਖੱਜਲ ਕਰ ਰਹੇ ਨੇ, ਮੈਂ ਤੇਰਾ ਥਾਂ ਵਲਵਾਅ ਤਾਂ ਨ੍ਹੀਂ ਸਕਦਾ ਪਰ ਆਹ ਜਿਹੜਾ ਨਜਾਇਜ਼ ਵਲ਼ੀ ਬੈਠਾ ਏ ਨਾ, ਇਸ ਦਾ ਢੂਆ ਜ਼ਰੂਰ ਦੇਵਾਂਗਾ। ਬੱਸ, ਮੈਨੂੰ ਇੱਕ ਅਰਜ਼ੀ ਲਿਖ ਕੇ ਦੇ-ਦੇ। ਬਾਕੀ ਮੈਂ ਵੇਖਾਂਗਾ ਇਹਦੇ ਨਾਲ। ਤੂੰ ਚੋਰ ਨੂੰ ਖਾਂਦੇ ਨੂੰ ਨਾ ਵੇਖ, ਪੈਂਦੀਆਂ ਵੇਖੀਂ।"

ਤੇ ਈ.ਓ. ਮੇਰੇ ਨਾਲ ਹੀ ਮੇਰੇ ਘਰ ਆ ਕੇ ਚਾਹ ਪੀ ਕੇ ਚਲਾ ਗਿਆ ਸੀ।

## ਛੇ

ਮੈਂ ਗੁਰਨੇਕ ਦੁਆਰਾ ਕੀਤੇ ਗਏ ਨਜਾਇਜ਼ ਕਬਜ਼ੇ ਦੀ ਲਿਖਤੀ ਸ਼ਿਕਾਇਤ ਨਗਰ ਨਿਗਮ ਨੂੰ ਕਰ ਦਿੱਤੀ। ਹੁਣ ਮੈਂ ਕੁਝ ਹੌਸਲੇ ਵਿੱਚ ਹੋ ਗਿਆ ਸਾਂ। ਅਸੀਂ ਸੋਚਿਆ ਕਿ ਐਸ.ਪੀ. ਨੂੰ ਮਿਲ ਕੇ ਵੀ ਜ਼ਰੂਰ ਦੱਸਣਾ ਚਾਹੀਦਾ ਹੈ। ਉਸ ਦਿਨ ਹੀ ਮੈਂ ਤੇ ਯਾਦਵਿੰਦਰ ਐਸ.ਪੀ. ਨੂੰ ਮਿਲਣ ਲਈ ਚਲੇ ਗਏ। ਪਤਾ ਕੀਤਾ ਤਾਂ ਸਾਹਬ ਬੈਠੇ ਹੋਏ ਹੀ ਸਨ। ਅਸੀਂ ਪਰਚੀ ਭੇਜ ਦਿੱਤੀ। ਸਾਨੂੰ ਬੈਠਿਆਂ ਨੂੰ ਦੋ-ਢਾਈ ਘੰਟੇ ਦੇ ਕਰੀਬ ਹੋ ਚੁੱਕੇ ਸਨ ਸਾਨੂੰ ਆਵਾਜ਼ ਹੀ ਨਹੀਂ ਸੀ ਵੱਜ ਰਹੀ। ਜਦ ਬਾਹਰ ਖੜ੍ਹੇ ਸੰਤਰੀ ਨੂੰ ਪੁੱਛਦੇ ਤਾਂ ਆਖ ਦਿੰਦਾ, "ਭਰਾਵਾ ! ਅਸੀਂ ਤਾਂ ਹੁਕਮ ਦੇ ਭੱਬੂ ਹਾਂ, ਜਦ ਸਾਹਬ ਹੁਕਮ ਕਰਨਗੇ, ਤੁਹਾਨੂੰ ਅੰਦਰ ਭੇਜ ਦੇਵਾਂਗੇ।"

ਅੰਤ, ਅੱਕ ਕੇ ਅਸੀਂ ਸਾਹਬ ਦੇ ਦਫ਼ਤਰ ਦੇ ਨਾਲ ਵਾਲੇ ਕਮਰੇ ਵਿੱਚ ਚਲੇ ਗਏ। ਉੱਥੇ ਬੜੀ ਸੋਹਣੀ ਪੱਗ ਬੰਨੀ ਇੱਕ ਕਰਮਚਾਰੀ ਬੈਠਾ ਫਾਈਲ ਵਿੱਚੋਂ ਕੁਝ ਪੜ੍ਹ ਰਿਹਾ ਸੀ। ਅਸੀਂ ਸੋਚਿਆ ਕਿ ਇਸ ਦੀ ਮਿੰਨਤ ਤਰਲਾ ਕਰਕੇ ਹੀ ਵੇਖ ਲੈਂਦੇ ਹਾਂ, ਸ਼ਾਇਦ ਸਾਨੂੰ ਛੇਤੀ ਮਿਲਵਾਅ ਦੇਵੇ। ਜਦ ਉਸ ਨਾਲ ਗੱਲ ਕੀਤੀ ਤਾਂ ਉਸ ਨੇ ਸ਼ਰਾਰਤੀ ਜਿਹੇ ਲਹਿਜੇ ਵਿੱਚ ਸਾਡੇ ਨਾਲ ਹੋਈ ਬੀਤੀ ਸਾਰੀ ਕਹਾਣੀ ਹੀ ਸਾਨੂੰ ਸੁਣਾਅ ਮਾਰੀ।

ਅਸੀਂ ਦੋਵੇਂ ਭਰਾ ਹੈਰਾਨ ਰਹਿ ਗਏ ਸਾਂ ਕਿ ਇਸ ਨੂੰ ਸਾਡੀ ਸਾਰੀ ਕਹਾਣੀ ਦਾ ਕਿਵੇਂ ਪਤਾ ਲੱਗ ਗਿਆ ਹੈ ? ਪੁੱਛਣ 'ਤੇ ਆਖਣ ਲੱਗਾ, "ਓਏ ਭੋਲਿਓ ! ਤੁਸੀਂ ਕਿਹੜੀ ਦੁਨੀਆ ਵਿੱਚ ਤੁਰੇ ਫਿਰਦੇ ਓ। ਤੁਹਾਡੇ ਭਾਅ ਦਾ ਇਹ ਐ ਕਿ ਤੁਸੀਂ ਸਾਹਬ ਨੂੰ ਮਿਲ ਕੇ ਪੁਲਿਸ ਵਾਲਿਆਂ 'ਤੇ ਕੇਸ ਦਰਜ ਕਰਵਾਅ ਲਓਗੇ। ਯਾਦ ਰੱਖਿਓ, ਇਹ ਤਾਂ ਕਦੇ ਵੀ ਨ੍ਹੀਂ ਹੋ ਸਕਣਾ।"

"ਕਿਉਂ ?" ਸਾਡੇ ਦੋਵਾਂ ਦੇ ਮੂੰਹੋਂ ਸੁਭਾਵਕ ਹੀ ਨਿਕਲਿਆ।

"ਹੈ ਤਾਂ ਮੈਂ ਵੀ ਇਸ ਮਹਿਕਮੇ ਦਾ ਹੀ ਮੁਲਾਜ਼ਮ ਪਰ ਮੇਰੀ ਵੱਢੀ ਰੂਹ ਨਹੀਂ ਕਰਦੀ ਹੁੰਦੀ ਦਫ਼ਤਰ ਆਉਣ ਨੂੰ। ਏਨਾ ਗੰਦ ਤੇ ਭ੍ਰਿਸ਼ਟਾਚਾਰ ਏ ਨਾ ਇੱਥੇ, ਪੁੱਛੋ ਹੀ ਕੁਝ ਨਾ। ਹਰ ਉੱਪਰ ਵਾਲਾ ਅਧਿਕਾਰੀ ਹੇਠਲੇ ਦੇ ਹੱਥਾਂ ਵੱਲ ਵੇਖੀ ਜਾਂਦਾ ਏ ਕਿ ਇਹ ਸ਼ਾਮ ਤੱਕ ਮੈਨੂੰ ਕੀ ਕੁਝ ਕਮਾਅ ਕੇ ਫੜਾਵੇਗਾ।" ਉਸ ਨੇ ਸੁਭਾਵਕ ਜਿਹੇ ਹੀ ਆਖਿਆ ਪਰ ਸਾਡੇ ਕੰਨ ਖੜ੍ਹੇ ਹੋ ਗਏ ਕਿ ਇੱਕ ਹੋਰ ਦਲਾਲ ਦੀਆਂ ਗੱਲਾਂ ਹੀ ਸੁਣ ਲਈਆਂ ਜਾਣ। ਇਸ ਤਰ੍ਹਾਂ ਦਾ ਇੱਕ ਦਲਾਲ ਸਾਨੂੰ ਪਹਿਲਾਂ ਵੀ ਡੀ.ਐਸ.ਪੀ. ਦੇ ਦਫ਼ਤਰ ਵਿਖੇ ਮਿਲ ਚੁੱਕਿਆ ਸੀ।

"ਸਰ, ਅੱਕੇ ਤਾਂ ਅਸੀਂ ਵੀ ਪਏ ਹਾਂ। ਪਰ ਹੁਣ ਸਾਨੂੰ ਸਹੀ ਰਾਹ ਤਾਂ ਦੱਸ ਦਿਓ ? ਸਾਨੂੰ ਦੱਸੋ ਤਾਂ ਸਹੀ ਕਿ ਅਸੀਂ ਕੀਹਦੇ ਪੈਰ ਫੜੀਏ ?" ਮੈਂ ਮੱਧਮ ਜਿਹੀ ਆਵਾਜ਼ ਨਾਲ ਉਸ ਨੂੰ ਪੁੱਛਿਆ।

"ਜੀਹਦੇ ਮਰਜ਼ੀ ਫੜ ਲਓ। ਪਰ ਮੈਂ ਓਹੋ ਜਿਹਾ ਨ੍ਹੀਂ, ਜਿਹੜਾ ਤੁਸੀਂ ਮੈਨੂੰ ਸਮਝੀ ਜਾਂਦੇ ਓ। ਮੈਂ ਤੁਹਾਡੇ ਮਸਲੇ ਦਾ ਹੱਲ ਕਰਵਾਉਣ ਵਾਲਾ ਵਿਚੋਲਾ ਨਹੀਂ ਹਾਂ।" ਉਸ ਨੇ ਸਾਡੀ ਮਾਨਸਿਕਤਾ ਨੂੰ ਸਮਝਦੇ ਹੋਏ ਸਪੱਸ਼ਟ ਹੀ ਕਹਿ ਦਿੱਤਾ।

"ਨਹੀਂ ਸਰ, ਅਸੀਂ ਤੁਹਾਨੂੰ ਓਹੋ ਜਿਹਾ ਨਹੀਂ ਸਮਝ ਰਹੇ ਪਰ ਜਦ ਇੱਕ ਗ਼ਲਤ ਹੌਲਦਾਰ ਦੇ ਵਿਰੁੱਧ ਪੁਲਿਸ ਦੇ ਵੱਡੇ ਅਧਿਕਾਰੀ ਵੀ ਕੁਝ ਸੁਣਨ ਲਈ ਤਿਆਰ ਨਹੀਂ ਹਨ ਤਾਂ ਅਸੀਂ ਜਾਈਏ ਤਾਂ ਫਿਰ ਜਾਈਏ ਕਿੱਥੇ ?" ਯਾਦਵਿੰਦਰ ਨੇ ਗੱਲ ਨੂੰ ਸਾਂਭਦਿਆਂ ਆਖਿਆ।

"ਇਹ ਜਿਹੜੇ ਅਫ਼ਸਰ ਨੇ ਨਾ, ਇਹ ਆਪਣੇ ਤੋਂ ਹੇਠਲੇ ਮੁਲਾਜ਼ਮਾਂ ਵਿੱਚ ਆਪਣੀ ਭੱਲ ਬਣਾਉਂਦੇ ਹੀ ਹੁੰਦੇ ਆ ਕਿ ਲੋਕ ਚਾਹੇ ਜਿੰਨੀਆਂ ਮਰਜ਼ੀ ਸ਼ਿਕਾਇਤਾਂ ਕਰੀ ਜਾਣ, ਅਸੀਂ ਆਪਣੇ ਮੁਲਾਜ਼ਮ ਦਾ ਵਾਲ਼ ਵੀ ਵਿੰਗਾ ਨਹੀਂ ਹੋਣ ਦੇਣਾ। ਜੇ ਆਹ, ਤੁਹਾਡੇ ਕੇਸ ਵਿੱਚ ਹੀ ਇਹਨਾਂ ਦੋਵਾਂ ਮੁਲਾਜ਼ਮਾਂ 'ਤੇ ਕੋਈ ਕਾਰਵਾਈ ਕਰਦੇ ਨੇ ਤਾਂ ਸਾਰੇ ਜ਼ਿਲ੍ਹੇ ਦੇ ਮੁਲਾਜ਼ਮਾਂ ਨੇ ਉਤਲੇ ਅਧਿਕਾਰੀਆਂ ਨੂੰ ਖ਼ਰਾਬ ਕਰਨ ਲੱਗ ਪੈਣਾ ਹੈ ਤੇ 'ਗਾਂਹ ਨੂੰ ਇਹਨਾਂ ਦੀ ਜਿੱਥੇ ਕਿਤੇ ਵੀ ਬਦਲੀ ਹੋਵੇਗੀ, ਇਸ ਦਾ ਲੇਬਲ ਵੀ ਨਾਲ ਹੀ ਚਲਿਆ ਜਾਵੇਗਾ। ਇਹਨਾਂ ਨੇ ਤੁਹਾਡੇ ਤੋਂ ਕੀ ਲੈਣੈ ? ਇਹ ਉਹਨਾਂ ਨੂੰ ਆਪਣੇ ਕੋਲ ਬੁਲਾਅ ਕੇ ਆਖਦੇ ਹੋਣਗੇ, ਵੇਖ ਲੈ ਭਕਾਈ ਮਾਰ ਕੇ ਹਟ 'ਗੇ ਨਾ। ਜਪਨਾਮ ਵਰਗੇ ਮਸਤੇ ਹੋਏ, ਰਿਟਾਇਰ ਹੋਏ ਸਾਹਬਾਂ ਨੂੰ ਵੀ ਤਿੰਨ ਤਿੰਨ ਵਾਰ ਸਲੂਟ ਠੋਕਿਆ ਕਰਨਗੇ।"

ਉਸ ਦੀਆਂ ਗੱਲਾਂ ਨਾਲ ਸਾਡੇ ਤਾਂ ਜਿਵੇਂ ਕਪਾਟ ਹੀ ਖੁੱਲ੍ਹ ਗਏ ਸਨ ਅਤੇ ਸਚਾਈ ਸੁਣ ਕੇ ਮੇਰੇ ਦਿਲ ਨੂੰ ਡੋਬੂ ਵੀ ਪੈ ਰਹੇ ਸਨ। ਉਹ ਬੋਲਦਾ ਹੀ ਗਿਆ, "ਤੁਸੀਂ ਸੋਚਦੇ ਹੋਵੋਗੇ ਕਿ ਡੀ.ਐਸ.ਪੀ. ਡਰ ਗਿਆ ਹੋਣਾ ਏ ਯੂਨੀਅਨਾਂ ਤੋਂ। ਉਹਨੇ ਤਾਂ ਨਾਟਕ ਕੀਤਾ ਸੀ, ਤੁਹਾਨੂੰ ਐਸ.ਐਸ.ਪੀ. ਸਾਹਬ ਕੋਲ ਭੇਜ ਕੇ। ਉਸ ਨੇ ਨਾਲ ਹੀ ਛੋਟੇ ਸਾਹਬ ਨੂੰ ਫ਼ੋਨ ਕਰਤਾ ਸੀ ਕਿ ਸਾਂਭ ਲਿਓ। ਤਾਂ ਹੀ ਓਸ ਦਿਨ ਉਹਦਾ ਫ਼ੋਨ ਨਹੀਂ ਸੀ ਮਿਲਿਆ ਤੇ ਛੋਟਾ ਸਾਹਬ ਵੀ ਬਹਾਨੇ ਨਾਲ ਵੱਡੇ ਸਾਹਬ ਦੇ ਕਮਰੇ ਵਿੱਚ ਪੁੱਜ ਗਿਆ ਸੀ। ਪਹਿਲਾਂ ਤੁਸੀਂ ਡੀ.ਐਸ.ਪੀ. ਦੇ ਦਫ਼ਤਰ ਦੇ ਗੇੜੇ ਕੱਢਦੇ ਰਹੇ ਤੇ ਹੁਣ ਸਾਡੇ ਦਫ਼ਤਰ ਦੇ ਕੱਢਣ ਲੱਗ ਜਾਓਗੇ। ਹਫ਼ਤੇ ਦਸ ਦਿਨ ਨੂੰ ਹਟ ਜਾਓਗੇ ਤੇ ਕਹਾਣੀ ਖ਼ਤਮ।" ਉਸ ਨੇ ਮੇਜ ਉੱਤੇ ਇਸ ਤਰ੍ਹਾਂ ਹੱਥ ਫੇਰਿਆ ਕਿ ਮੈਨੂੰ ਲੱਗਾ ਕਿ

ਸੱਚੀਂ ਹੀ ਕਹਾਣੀ ਖ਼ਤਮ ਹੋ ਗਈ ਹੈ।

"ਆਏਂ ਤਾਂ ਕਿਸੇ ਨੂੰ ਇਨਸਾਫ਼ ਮਿਲਦਾ ਹੀ ਨਹੀਂ ਹੋਣਾ ? ਇੱਥੇ ਕੋਈ ਵੀ ਈਮਾਨਦਾਰ ਨ੍ਹੀਂ ਹੈਗਾ ?" ਮੈਂ ਨਿਰਾਸ਼ ਜਿਹੇ ਹੋਏ ਨੇ ਪੁੱਛਿਆ।

"ਈਮਾਨਦਾਰ ਬੰਦਾ ਤਾਂ ਇਸ ਮਹਿਕਮੇ ਵਿੱਚ ਫਿੱਟ ਹੀ ਨਹੀਂ ਬੈਠਦਾ। ਇੱਥੇ ਤਾਂ ਥਾਣਿਆਂ ਦੀ ਬੋਲੀ ਲੱਗਦੀ ਐ। ਆਹ ਚੌਂਕ ਵਾਲਾ ਥਾਣਾ ਲੈਣ ਲਈ ਇੰਸਪੈਕਟਰ ਮਹੀਨੇ ਦਾ ਪੰਦਰਾਂ ਲੱਖ ਉੱਕੇ ਪੁੱਕੇ ਭਰਦਾ ਏ ਤੇ ਬਾਕੀ ਉਹਦੇ ਆਵਦੇ। ਜਿਸ ਦਿਨ ਉਹ ਰਾਜਨੀਤਿਕ ਬੰਦਿਆਂ ਦੀ ਮੰਨਣੋਂ ਹਟ ਗਿਆ ਜਾਂ ਫਿਰ ਕਿਸੇ ਨੇ ਬੋਲੀ ਵੱਧ ਲਾ ਦਿੱਤੀ ਤਾਂ ਉਹਨੂੰ ਵੀ ਗੁੱਠੇ ਲਾਈਨ ਲਾ ਦੇਣਗੇ। ਇਹ ਸਾਰਾ ਹਿੱਸਾ ਆਹ ਵੱਡੇ ਮਗਰਮੱਛਾਂ ਦੇ ਹੱਥਾਂ ਵਿੱਚ ਦੀ ਹੁੰਦਾ ਹੋਇਆ ਨੇਤਾਵਾਂ ਤੇ ਮੰਤਰੀਆਂ ਤੱਕ ਚਲਾ ਜਾਂਦਾ ਏ। ਹੁਣ ਤੁਸੀਂ ਦੱਸੋ, ਬਈ ਕਿਹੜਾ ਆਪਣੇ ਕਮਾਊ ਪੁੱਤ 'ਤੇ ਕਾਰਵਾਈ ਕਰੇਗਾ। ਤੁਹਾਡੇ ਤੋਂ ਕਿਸੇ ਨੇ ਕੀ ਕੜ੍ਹੀ ਲੈਣੀ ਆ ?" ਉਹ ਸ਼ਰਾਰਤ ਜਿਹੀ ਨਾਲ ਹੱਸਿਆ।

"ਵੀਰ ਜੀ, ਤੁਸੀਂ ਏਨੀਆਂ ਬੇਬਾਕ ਗੱਲਾਂ ਸਾਨੂੰ ਦੱਸੀ ਜਾਂਦੇ ਓ, ਥੋਨੂੰ ਡਰ ਨ੍ਹੀਂ ਲੱਗਦਾ ਕਿ ਭਾਵੇਂ ਸਾਡੇ ਵਰਗਾ ਬੰਦਾ ਜਾ ਕੇ ਚੁਗਲੀ ਕਰ ਦੇਵੇ।" ਯਾਦਵਿੰਦਰ ਨੇ ਬੜੀ ਹੀ ਅਪਣੱਤ ਨਾਲ ਉਸ ਨੂੰ ਪੁੱਛਿਆ।

"ਜਦੋਂ ਕੋਈ ਘਟਨਾ ਘਟਦੀ ਐ ਤਾਂ ਮਿੰਟਾਂ ਸਕਿੰਟਾਂ 'ਚ ਹੀ ਸਬੰਧਤ ਬੰਦਿਆਂ ਦੀ ਸਾਰੀ ਸੀ.ਆਈ.ਡੀ. ਸਾਡੇ ਕੋਲ ਪੁੱਜ ਜਾਂਦੀ ਏ। ਜੇ ਉਹ ਘਟਨਾ ਕਿਸੇ ਪੁਲਿਸ ਵਾਲੇ ਨਾਲ ਹੀ ਸਬੰਧਤ ਹੋਵੇ ਤਾਂ ਇਹ ਕੰਮ ਉਸ ਤੋਂ ਵੀ ਛੇਤੀ ਹੋ ਜਾਂਦੈ। ਆਹ, ਜਪਨਾਮ ਨੂੰ ਸਾਰੇ ਇਹ ਹੀ ਛੇੜਦੇ ਆ ਕਿ ਇਹਦੇ ਮਗਰ ਕਾਮਰੇਡ ਪੈ ਗਏ। ਹੁਣ ਤੁਸੀਂ ਦੱਸੋ ਜਿਹੜੇ ਬੰਦਿਆਂ ਨੂੰ ਸਾਡਾ ਮਹਿਕਮਾ ਪੰਦਰਾਂ-ਵੀਹ ਦਿਨ ਤੋਂ ਰੱਜ ਕੇ ਖ਼ਰਾਬ ਕਰੀ ਆ ਰਿਹਾ ਹੋਵੇ, ਉਹ ਕਿਸੇ ਕੋਲ ਮੇਰੀ ਇਸ ਗੱਲ ਦੀ ਚੁਗਲੀ ਕਰ ਦੇਵੇਗਾ, ਭਲਾ ?" ਉਹ ਆਖਦਾ ਹੋਇਆ ਸਾਡੇ ਚਿਹਰੇ ਵੱਲ ਸਿੱਧਾ ਝਾਕਣ ਲੱਗਾ।

"ਨਹੀਂ ਜੀ, ਕਦੇ ਵੀ ਨ੍ਹੀਂ। ਸਗੋਂ ਕਦਰ ਕਰੇਗਾ, ਜਿਵੇਂ ਜਪਨਾਮ ਵਰਗੇ ਤੁਹਾਡੇ ਸਾਹਬ ਦੀ ਕਰਦੇ ਆ।" ਮੈਂ ਉਸ ਦੀ ਹਾਂ ਵਿੱਚ ਹਾਂ ਮਿਲਾਈ।

"ਤੁਹਾਨੂੰ ਨ੍ਹੀਂ ਪਤਾ, ਪਰ ਇੱਥੇ ਤਾਂ ਅੰਨ੍ਹੇ ਨੂੰ ਬੋਲਾ ਘੜੀਸੀ ਫਿਰਦੈ। ਆਹ ਵੱਡੇ ਅਫ਼ਸਰ ਛੋਟੇ ਕਰਮਚਾਰੀਆਂ ਨੂੰ ਇੰਝ ਹੀ ਕਾਣੇ ਕਰ ਛੱਡਦੇ ਨੇ ਤੇ ਮਗਰੋਂ ਉਹਨਾਂ ਤੋਂ ਗ਼ਲਤ-ਮਲਤ ਕੰਮ ਕਰਵਾਈ ਜਾਂਦੇ ਨੇ।" ਉਸ ਨੇ ਦ੍ਰਿੜਤਾ ਨਾਲ ਆਖਿਆ।

"ਸਾਨੂੰ ਸਾਹਬ ਅੱਜ ਮਿਲੇਗਾ ਕਿ ਨਹੀਂ ?" ਮੈਂ ਫਿਰ ਕੰਮ ਦੀ ਗੱਲ ਵੱਲ ਆਇਆ।

"ਬੈਠਾ ਤਾਂ ਵਿਹਲਾ ਹੀ ਏ, ਹੋਰ ਕਿਹੜਾ ਕੜਛ ਮਾਂਜਦੈ ? ਓਹਨੇ

ਖ਼ਰਾਬ ਕਰਨਾ ਥੋਨੂੰ। ਵੇਖ ਲਿਓ, ਐਨ ਜਾਣ ਲੱਗਾ ਤੁਹਾਨੂੰ ਆਵਾਜ਼ ਮਾਰੇਗਾ। ਮਿਲ ਕੇ ਵੀ ਕਿਹੜਾ ਉਹਨੇ ਕੁਝ ਕਰ ਦੇਣਾ ਏ, ਤੁਹਾਨੂੰ ਟਰਕਾਉਣਾ ਹੀ ਏ। ਵੈਸੇ ਮਿਲਣਾ ਤਾਂ ਤੁਹਾਨੂੰ ਜਵਾਬ ਹੀ ਏ, ਤੁਸੀਂ ਐਵੇਂ ਕਾਹਲ਼ੇ ਪਈ ਜਾਂਦੇ ਓ। ਜਾਓ, ਬਾਹਰ ਬੈਠ ਜਾਓ ਤੇ ਉਡੀਕ ਕਰ ਲਵੋ, ਭਰਾਵੋ।" ਫਿਰ ਸਾਨੂੰ ਰੋਕ ਕੇ ਆਖਣ ਲੱਗਾ, "ਓਏ ਸੱਚ, ਇਹਨਾਂ ਦੀ ਮਿਥੀ ਹੋਈ ਆ ਕਿ ਤੁਸੀਂ ਧੱਕੇ ਨਾਲ ਕੰਧ ਕੱਢਣ ਲੱਗ ਜਾਓ ਤੇ ਇਹਨਾਂ ਨੇ ਕੁਝ ਬੰਦੇ ਤੁਹਾਡੇ ਗਲ ਪੁਆ ਦੇਣੇ ਆ ਤੇ ਕੇਸ ਵੀ ਤੁਹਾਡੇ 'ਤੇ ਹੀ ਦਰਜ ਕਰਵਾਅ ਦੇਣਾ ਏ। ਬਚ ਕੇ ਹੀ ਰਹਿਣਾ।"

"ਆਏਂ ਕਿਹੜਾ ਬੰਦਾ ਮੌਤ ਨੂੰ ਮਾਸੀ ਆਖ ਕੇ ਲੜਨ ਆਊ ?" ਮੈਂ ਜੋਸ਼ ਨਾਲ ਪੁੱਛਿਆ।

"ਓਏ ਭੋਲਿਆ ਪੰਛੀਆ ! ਲੈ ਦੱਸ, ਤੂੰ ਕਿਸੇ ਵੀ ਥਾਣੇ ਚਲਾ ਜਾਹ। ਦਸ ਵੀਹ ਮਸ਼ਕੂਕ ਸਮੈਕੀਏ ਤਾਂ ਫੜੇ ਹੀ ਹੁੰਦੇ ਆ। ਭਲਾ ਦੋ-ਤਿੰਨਾਂ ਨੂੰ ਵੀ ਆਖ ਦਿੱਤਾ ਕਿ ਫਲਾਣੇ ਥਾਂ 'ਤੇ ਜਾ ਕੇ ਗੜਬੜ ਕਰ ਦਿਓ, ਥੋੜੇ ਕੇਸ ਮਾਫ਼ ਅਤੇ ਪੰਦਰਾਂ ਦਿਨਾਂ ਦੀ ਡੋਜ਼ ਫਰੀ, ਤਾਂ ਫਿਰ ਦੱਸ ਭਲਾ, ਕਿਹੜਾ ਮਰਦਾ ਹੋਇਆ ਅਮਲੀ ਤੁਹਾਡੇ ਗਲ ਨਹੀਂ ਪਵੇਗਾ ? ਜੇ ਇਹ ਨਾ ਹੋ ਸਕਿਆ ਤਾਂ ਇੱਕ ਸੌ ਨੌਂ ਦਾ ਕੇਸ ਤਾਂ ਪੱਕਾ ਹੀ ਦਰਜ ਕਰਵਾਅ ਦੇਣਾ ਏ ਤੇਰੇ 'ਤੇ।" ਉਸ ਨੇ ਬੜੀ ਹੀ ਗੰਭੀਰਤਾ ਨਾਲ ਆਖਿਆ।

"ਇਹ ਇੱਕ ਸੌ ਨੌਂ ਕਿਹੜੀ ਧਾਰਾ ਹੁੰਦੀ ਹੈ ?" ਮੈਂ ਜਾਣਕਾਰੀ ਹਿੱਤ ਪੁੱਛਿਆ।

"ਅਵਾਰਾ਼ਗਰਦੀ ਦੀ ਧਾਰਾ। ਸਾਡੇ ਮਹਿਕਮੇ ਕੋਲ ਬਥੇਰੀਆਂ ਗਸ਼ਤੀਆਂ ਤੇ ਦੱਲੇ ਹੁੰਦੇ ਨੇ। ਸਾਡਾ ਵਿਭਾਗ ਕਿਸੇ ਨੂੰ ਵੀ ਆਖ ਕੇ ਕਿਸੇ ਸ਼ਰੀਫ ਬੰਦੇ 'ਤੇ ਇਹ ਧਾਰਾ ਲਗਵਾਅ ਸਕਦਾ ਹੈ।" ਉਸ ਨੇ ਮੈਨੂੰ ਸਮਝਾਉਣ ਦੇ ਤਰੀਕੇ ਨਾਲ ਆਖਿਆ।

"ਫਿਰ ਤਾਂ, ਇਹ ਤਾਂ ਸ਼ਰ੍ਹੇਆਮ ਧੱਕੇਸ਼ਾਹੀ ਆ ਜੀ।" ਮੈਂ ਡਰਦੇ ਹੋਏ ਨੇ ਆਖਿਆ।

"ਭਰਾਵਾ, ਇੱਥੇ ਤਾਂ ਤਕੜੇ ਦਾ ਸੱਤੀਂ ਵੀਹੀਂ ਸੌ ਆ। ਤੈਨੂੰ ਚੋਰ ਨਾਲ ਕੀ, ਤੈਨੂੰ ਸਾਧ ਨਾਲ ਕੀ, ਵਾਲੀ ਗੱਲ ਬਣੀ ਪਈ ਏ। ਤੂੰ ਆਪਣੀ ਨਿਬੇੜ।" ਉਸ ਨੇ ਸਹਿਜ ਨਾਲ ਹੀ ਆਖ ਦਿੱਤਾ ਸੀ।

"ਚੰਗਾ ਸਰ, ਅਸੀਂ ਚੱਲਦੇ ਆਂ। ਉਡੀਕਦੇ ਹਾਂ, ਬਾਹਰ ਬਹਿ ਕੇ ਸਾਹਬ ਦੀ ਆਵਾਜ਼ ਨੂੰ।" ਆਖ ਕੇ ਅਸੀਂ ਉੱਠ ਕੇ ਬਾਹਰ ਆ ਕੇ ਬੈਠ ਗਏ ਪਰ ਉਸ ਬੰਦੇ ਦੀਆਂ ਸੱਚੀਆਂ-ਸੁੱਚੀਆਂ ਗੱਲਾਂ ਨਾਲ ਅਸੀਂ ਅੰਦਰੋਂ ਪੂਰੀ ਤਰ੍ਹਾਂ ਹਿੱਲ ਵੀ ਗਏ ਸਾਂ।

"ਯਾਰ, ਮੈਨੂੰ ਤਾਂ ਇਹ ਡਰਾਉਂਦਾ ਲੱਗਦਾ ਸੀ ਕਿ ਆਪਾਂ ਅੱਕ ਕੇ ਇਸ ਕੇਸ ਦੀ ਪੈਰਵਾਈ ਹੀ ਕਰਨੀ ਛੱਡ ਦੇਈਏ ਕਿ ਇਸ ਵਿੱਚੋਂ ਨਿਕਲਣਾ ਤਾਂ ਕੁਝ ਵੀ ਨਹੀਂ ਹੈ ਜਾਂ ਆਖ ਲੈ ਅਫ਼ਸਰਾਂ ਨੇ ਕੁਝ ਕੱਢਣ ਹੀ ਨਹੀਂ ਦੇਣਾ।" ਮੈਂ ਆਪਣੇ ਮਨ ਦੀ ਸ਼ੰਕਾ ਆਪਣੇ ਭਰਾ ਨਾਲ ਸਾਂਝੀ ਕੀਤੀ।

"ਡਰਾਉਂਦਾ ਨ੍ਹੀਂ ਸੀ, ਰਾਹ ਦੱਸਦਾ ਸੀ ਆਪਾਂ ਨੂੰ। ਜਪਨਾਮ ਹੋਣਾ ਏ ਐਸ.ਪੀ. ਦਾ ਪੱਕਾ ਚਮਚਾ। ਜੇ ਨਾ ਵੀ ਹੋਇਆ ਤਾਂ ਆਪਣੇ ਵਾਲੇ ਕੇਸ ਤੋਂ ਡਰਦਾ ਮਾਰਾ ਹੀ ਬਣ ਗਿਆ ਹੋਵੇਗਾ। ਇਹਦੇ ਨਾਲ, ਉਹਦੀ ਖੜਕਦੀ ਹੋਣੀ ਹੈ। ਇਸੇ ਕਰਕੇ ਇਹ ਜਪਨਾਮ ਨਾਲ ਅੰਦਰੋਂ ਖ਼ਾਰ ਖਾਂਦਾ ਹੋਵੇਗਾ। ਉਂਝ, ਬੰਦਾ ਕੰਮ ਦਾ ਲੱਗਦਾ ਸੀ। ਅੜੇ-ਥੁੜੇ ਆਪਾਂ ਨੂੰ ਵੱਡਾ ਕੰਮ ਦੇ ਸਕਦਾ ਏ, ਵੇਖ ਲਵੀਂ।" ਯਾਦਵਿੰਦਰ ਨੇ ਆਪਣਾ ਲੱਖਣ ਲਾਉਂਦੇ ਹੋਏ ਆਖਿਆ।

ਅੱਧੇ ਕੁ ਘੰਟੇ ਬਾਅਦ ਸਾਨੂੰ ਆਵਾਜ਼ ਵੱਜ ਹੀ ਗਈ। ਅਸੀਂ ਐਸ.ਪੀ. ਨੂੰ ਈ.ਓ. ਦੁਆਰਾ ਲਿਖ ਕੇ ਨਾ ਦੇਣ ਵਾਲੀ ਸਾਰੀ ਗੱਲ ਦੱਸ ਦਿੱਤੀ ਤੇ ਉਸ ਦੇ ਮੂੰਹ ਜ਼ੁਬਾਨੀ ਹੀ ਗਵਾਹੀ ਭਰਨ ਬਾਰੇ ਵੀ ਦੱਸ ਦਿਤਾ। ਐਸ.ਪੀ. ਸਿਰ ਮਾਰਨ ਲੱਗ ਪਿਆ, "ਹੁਣ ਦੱਸੋ, ਮੈਂ ਲਿਖਤ ਤੋਂ ਬਿਨਾਂ ਤੁਹਾਡੀ ਮਦਦ ਕਿਵੇਂ ਕਰ ਸਕਦਾ ਹਾਂ ? ਜੇ ਉਹ ਕੋਹੜਾ ਕੋਈ ਲਿਖਤ ਦੇ ਦਿੰਦਾ ਤਾਂ ਭਾਵੇਂ ਮੈਂ ਖ਼ੁਦ ਚੱਲ ਪੈਂਦਾ।" ਐਸ.ਪੀ. ਨੇ ਸਾਡੇ ਨਾਲ ਹਮਦਰਦੀ ਜਤਾਉਂਦੇ ਹੋਏ ਆਖਿਆ। ਅਸੀਂ ਉਸ ਦੇ ਇਸ ਖਚਰੇਪਣ ਨੂੰ ਸਮਝ ਗਏ ਸਾਂ।

"ਸਰ, ਮਾਲ ਵਿਭਾਗ ਦੁਆਰਾ ਕੀਤੀ ਗਈ ਰਜਿਸਟਰਡ ਡੀਡ ਤੋਂ ਵੱਡੀ ਹੋਰ ਕਿਹੜੀ ਲਿਖਤ ਚਾਹੀਦੀ ਏ ? ਤੁਸੀਂ ਇਸ ਦਸਤਾਵੇਜ਼ ਦੀ ਰੌਸ਼ਨੀ ਵਿੱਚ ਸਾਡਾ ਮਸਲਾ ਹੱਲ ਕਰ ਦਿਓ।" ਯਾਦਵਿੰਦਰ ਨੇ ਉਸ ਦੀ ਗੱਲ ਦਾ ਸੇਧਮਈ ਜਵਾਬ ਦਿੱਤਾ।

"ਕਰ ਤਾਂ ਦਿੰਦੇ ਕਾਕਾ, ਪਰ ਹੁਣ ਰੌਲ਼ਾ ਪੈ ਚੁੱਕਾ ਏ ਨਾ। ਕਈ ਵਾਰ ਐਵੇਂ ਲੰਡੂ ਜਿਹਾ ਪੱਤਰਕਾਰ ਹੁੰਦਾ ਏ ਤੇ ਅਫ਼ਸਰਾਂ ਦੀ ਮਾੜੀ ਜਿਹੀ ਖ਼ਬਰ ਨੂੰ ਸਨਸਨੀਖੇਜ਼ ਬਣਾਅ ਕੇ ਲਵਾਅ ਦਿੰਦਾ ਹੈ ਤੇ ਭਾਜੜ ਸਾਨੂੰ ਪੈ ਜਾਂਦੀ ਏ।" ਉਹ ਆਪਣੇ ਵੱਲੋਂ ਆਪਣੇ ਡਰ ਜਾਣ ਦਾ ਨਾਟਕ ਕਰਨ ਲੱਗਾ।

"ਸਰ, ਰੌਲ਼ਾ ਵੀ ਤਾਂ ਜਪਨਾਮ ਨੇ ਹੀ ਪਾਉਣਾ ਏ। ਉਹਦੀ ਕੀ ਹਸਤੀ ਕਿ ਤੁਹਾਡੇ ਸਾਹਮਣੇ ਚੂੰਅ ਵੀ ਕਰ ਜਾਵੇ।" ਮੈਂ ਵਿੱਚੋਂ ਹੀ ਉਸ ਦੀ ਗੱਲ ਟੋਕ ਦਿੱਤੀ।

"ਨਹੀਂ, ਨਹੀਂ, ਇਹ ਗੱਲਾਂ ਏਨੀਆਂ ਸੌਖੀਆਂ ਨ੍ਹੀਂ ਹੁੰਦੀਆਂ, ਜਿੰਨੀਆਂ ਤੁਸੀਂ ਸਮਝਦੇ ਹੋ। ਛੋਟੇ ਮੁਲਾਜ਼ਮ ਤਾਂ ਸਗੋਂ ਵੱਡੇ ਨੂੰ ਫਸਾਉਂਦੇ ਨੇ, ਤੇ ਮਗਰੋਂ ਮੱਦਦ ਦੇ ਨਾਂ 'ਤੇ ਅਹਿਸਾਨ ਕਰ ਕੇ, ਕਈ ਪੁੱਠੇ ਸਿੱਧੇ ਕੰਮ ਕਰਨ ਲੱਗ ਜਾਂਦੇ ਨੇ।" ਐਸ.ਪੀ. ਨੇ ਨਕਲੀਪਣ ਜਿਹਾ ਵਿਖਾਉਂਦਿਆਂ ਅਖਿਆ। ਫਿਰ

ਉਹ ਉਤਸ਼ਾਹਿਤ ਹੁੰਦਾ ਬੋਲਿਆ, "ਤੁਸੀਂ ਇੰਞ ਕਰੋ, ਤਹਿਸੀਲਦਾਰ ਕੋਲੋਂ ਨਿਸ਼ਾਨਦੇਹੀ ਕਰਵਾਅ ਲਵੋ। ਜਦ ਨਿਸ਼ਾਨਦੇਹੀ ਹੋ ਗਈ ਤਾਂ ਮੈਂ ਆਪ ਜਾ ਕੇ ਕੰਧ ਕਢਵਾਅ ਕੇ ਆਵਾਂਗਾ। ਇਹ ਮੇਰੀ ਜ਼ੁਬਾਨ ਰਹੀ ਤੁਹਾਡੇ ਨਾਲ।"

"ਠੀਕ ਆ ਜੀ, ਇਹ ਵੀ ਕਰਕੇ ਵੇਖ ਲੈਂਦੇ ਆਂ।" ਯਾਦਵਿੰਦਰ ਨੇ ਨਿਰਾਸ਼ਾ ਜਿਹੀ ਨਾਲ ਆਖਿਆ ਤੇ ਅਸੀਂ ਠੰਢੇ-ਠਾਰ ਕਮਰੇ ਵਿੱਚੋਂ ਨਿਕਲ ਕੇ ਫਿਰ ਗਰਮ ਲੂਅ ਵਾਲੀ ਫਿਜ਼ਾ ਵਿੱਚ ਆ ਗਏ ਸਾਂ।

"ਉਹ ਬੰਦਾ ਠੀਕ ਹੀ ਆਖਦਾ ਸੀ ਕਿ ਇਹਨੇ ਆਪਾਂ ਨੂੰ ਖ਼ਰਾਬ ਹੀ ਕਰਨਾ ਏ। ਇਹ ਆਪਾਂ ਨੂੰ ਅਜੇ ਤੱਕ ਵੀ 'ਮੁਰਗ਼ੀ' ਹੀ ਸਮਝੀ ਜਾਂਦੇ ਨੇ। ਤੂੰ ਇੰਞ ਕਰ, ਇਸ ਸਭ ਦੀ ਸ਼ਿਕਾਇਤ ਉੱਪਰ ਤੱਕ ਕਰ ਹੀ ਦੇ। ਆਪੇ ਮਾਰੀ ਦੇ ਮਿਆਂਕਣਗੇ।" ਬਾਹਰ ਆਉਂਦੇ ਹੀ ਭਰਾ ਨੇ ਮੈਨੂੰ ਸਲਾਹ ਦਿੱਤੀ ਜਿਹੜੀ ਕਿ ਮੈਨੂੰ ਵੀ ਜਚ ਗਈ ਸੀ।

0-0-0

ਮੈਂ ਹੁਣ ਤੱਕ ਪੁਲਿਸ ਵਿਭਾਗ ਨੂੰ ਜਿੰਨੀਆਂ ਵੀ ਸ਼ਿਕਾਇਤਾਂ ਕੀਤੀਆਂ ਸਨ ਉਹਨਾਂ ਉੱਪਰ ਕੀਤੀ ਗਈ ਕਾਰਵਾਈ ਦੀ ਵੱਖੋ ਵੱਖਰੀ ਆਰ.ਟੀ.ਆਈ. ਵੀ ਪਾ ਦਿੱਤੀ ਤਾਂ ਕਿ ਪਤਾ ਤਾਂ ਲੱਗ ਸਕੇ ਕਿ ਪੁਲਿਸ ਨੇ ਜਾਂਚ ਪੜਤਾਲ ਕਰ ਕੇ ਕੀ ਸਿੱਟਾ ਕੱਢਿਆ ਹੈ ?

ਇੱਕ ਬੁਝੀ ਜਿਹੀ ਉਮੀਦ ਨਾਲ ਅਸੀਂ ਐਸ.ਪੀ. ਦੁਆਰਾ ਆਖੇ ਗਏ ਨਿਸ਼ਾਨਦੇਹੀ ਕਰਵਾਉਣ ਦੇ ਕਾਗਜ਼ਾਂ ਨੂੰ ਪੂਰਾ ਕਰਨਾ ਵੀ ਸ਼ੁਰੂ ਕਰ ਦਿੱਤਾ। ਫ਼ਰਦ ਕਢਵਾਉਣ ਅਤੇ ਫਾਈਲ ਤਿਆਰ ਕਰਨ ਵਿੱਚ ਤਿੰਨ ਦਿਨ ਲੱਗ ਗਏ। ਜਦ ਸਾਰਾ ਕੁਝ ਤਿਆਰ ਕਰਵਾਅ ਕੇ ਮੈਂ ਕਾਨੂੰਨ-ਗੋ ਕੋਲ ਪੁੱਜਾ ਤਾਂ ਉਸ ਨੇ ਮੇਰੀ ਫਾਈਲ ਵੇਖਦੇ ਸਾਰ ਹੀ ਆਪਣਾ ਫ਼ੈਸਲਾ ਸੁਣਾਅ ਦਿੱਤਾ, "ਕਾਕਾ, ਅਸੀਂ ਕਿੱਲੇ-ਵੱਟ ਦੀ ਹੀ ਨਿਸ਼ਾਨ-ਦੇਹੀ ਕਰ ਸਕਦੇ ਹਾਂ। ਗਲੀਆਂ-ਨਾਲੀਆਂ ਨਾਲ ਸਾਡਾ ਕੋਈ ਵੀ ਸਬੰਧ ਨਹੀਂ ਹੁੰਦਾ।"

ਮੈਂ ਸਮਝ ਗਿਆ ਸਾਂ ਕਿ ਐਸ.ਪੀ. ਨੇ ਦੂਜੀ ਵਾਰ ਸਾਨੂੰ ਬੁੱਧੂ ਬਣਾਅ ਦਿੱਤਾ ਹੈ ਕਿਉਂਕਿ ਉਹ ਅਜਿਹੀਆਂ ਸਭ ਕਾਨੂੰਨੀ ਘੁਣਤਰਾਂ ਜਾਣਦਾ ਹੈ। ਇਸ ਲਈ ਹੀ ਸਾਨੂੰ ਖ਼ਰਾਬ ਕਰਨ 'ਤੇ ਤੁਲਿਆ ਹੋਇਆ ਹੈ। ਫਿਰ ਮੈਨੂੰ ਪੁਲਿਸ ਦੇ ਉਸ ਏਜੰਟ ਵਾਲੀ ਗੱਲ ਵੀ ਯਾਦ ਆਉਣ ਲੱਗ ਜਾਂਦੀ ਸੀ ਕਿ ਜਿਹੜੀ 'ਮੁਰਗ਼ੀ' ਇਹਨਾਂ ਦੇ ਜਾਲ ਵਿੱਚ ਨਹੀਂ ਫਸਦੀ ਉਸ ਨੂੰ ਭਜਾਅ ਭਜਾਅ ਕੇ ਹੰਭਾਅ ਦਿੰਦੇ ਹਨ, ਤੇ ਫਿਰ ਉਸ ਦਾ ਸ਼ਿਕਾਰ ਕਰਦੇ ਹਨ।

ਪੁਲਿਸ ਵਿਭਾਗ ਵਿੱਚ ਆਪਣੀ ਕੋਈ ਵੀ ਸੁਣਵਾਈ ਨਾ ਹੁੰਦੀ ਵੇਖ ਕੇ ਮੈਂ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਸੂਬੇ ਦੇ ਉਪ ਮੁੱਖ ਮੰਤਰੀ ਦੁਆਰਾ ਆਮ ਲੋਕਾਂ ਦੀਆਂ ਸ਼ਿਕਾਇਤਾਂ ਹਿੱਤ ਦਿੱਤੀ ਹੋਈ ਈ-ਮੇਲ ਰਾਹੀਂ ਸਾਰਾ

ਕੁਝ ਲਿਖ ਕੇ ਭੇਜ ਦਿੱਤਾ।

ਉਸੇ ਦਿਨ ਹੀ, ਮੈਂ ਨਾ ਚਾਹੁੰਦੇ ਹੋਏ ਨੇ ਵੀ, 181 ਨੰਬਰ ’ਤੇ ਫ਼ੋਨ ਮਿਲਾਅ ਲਿਆ। ਟੈਲੀਫ਼ੋਨ ਉਪਰੇਟਰ ਨੇ ਮੇਰੀ ਗੱਲ ਬੜੇ ਹੀ ਧਿਆਨ ਨਾਲ ਸੁਣੀ ਅਤੇ ਮੈਨੂੰ ਸਾਰੇ ਸਬੂਤ ਈ-ਮੇਲ ਰਾਹੀਂ ਭੇਜਣ ਲਈ ਆਖ ਦਿੱਤਾ। ਮੈਂ ਤੁਰੰਤ ਹੀ ਸਾਰੇ ਸਬੂਤ ਈ-ਮੇਲ ਰਾਹੀਂ ਭੇਜ ਦਿੱਤੇ।

ਦੋ ਦਿਨ ਬੀਤ ਗਏ ਪਰ ਉਹਨਾਂ ਦਾ ਕੋਈ ਵੀ ਉੱਤਰ ਨਾ ਆਇਆ ਤਾਂ ਮੈਂ ਫਿਰ ਫ਼ੋਨ ਮਿਲਾਅ ਲਿਆ। ਮੇਰੀ ਗੱਲ ਵਿਚਕਾਰ ਹੀ ਸੀ ਕਿ ਫ਼ੋਨ ਕੱਟਿਆ ਗਿਆ। ਮੈਂ ਫਿਰ ਮਿਲਾਇਆ ਤਾਂ ਫਿਰ ਥੋੜ੍ਹੀ ਜਿਹੀ ਗੱਲ ਤੋਂ ਬਾਅਦ ਫਿਰ ਕੱਟਿਆ ਗਿਆ। ਹਰ ਵਾਰ ਫ਼ੋਨ ਕਰਨ ’ਤੇ ਅੱਗੋਂ ਨਵਾਂ ਉਪਰੇਟਰ ਹੀ ਬੋਲਦਾ ਸੀ। ਜਿਸ ਕਰਕੇ ਮੈਨੂੰ ਸਾਰੀ ਰਾਮ ਕਹਾਣੀ ਸ਼ੁਰੂ ਤੋਂ ਦੱਸਣੀ ਪੈ ਜਾਂਦੀ ਸੀ। ਮੈਨੂੰ ਸ਼ੱਕ ਪੈ ਗਈ ਕਿ ਇਹ ਸਾਰਾ ਕੁਝ ਜਾਣ ਬੁੱਝ ਕੇ ਕੀਤਾ ਜਾ ਰਿਹਾ ਹੈ। ਜਦ ਵੀ ਮੈਂ ਪੁਲਿਸ ਵਾਲਿਆਂ ਦੀ ਗੁੰਡਾ-ਗਰਦੀ ਦੀ ਗੱਲ ਕਰਨ ਲੱਗਦਾ ਸਾਂ ਤਾਂ ਉਸੇ ਵੇਲ਼ੇ ਹੀ ਫ਼ੋਨ ਦਾ ਕੱਟਿਆ ਜਾਣਾ ਹੈਰਾਨੀਜਨਕ ਸੀ।

ਅੱਕ ਕੇ, ਇੱਕ ਟੈਲੀਫ਼ੋਨ ਉਪਰੇਟਰ ਨੂੰ ਮੈਂ ਇਸ ਗੱਲ ਦਾ ਸ਼ੁਰੂ ਵਿੱਚ ਹੀ ਉਲਾਂਭਾ ਦੇ ਦਿੱਤਾ ਤਾਂ ਉਸ ਦੇ ਮੂੰਹੋਂ ਸੁਭਾਵਿਕ ਹੀ ਨਿਕਲ ਗਿਆ, “ਸਰ, ਕਈ ਵਾਰ ਏਥੋਂ ਬੰਦੇ ਗੱਲ ਲੀਕ ਕਰਕੇ ਸਬੰਧਤ ਥਾਣੇ ਨੂੰ ਪਹਿਲਾਂ ਹੀ ਸੂਚਿਤ ਕਰ ਦਿੰਦੇ ਹਨ।” ਪਰ ਪੂਰੀ ਸ਼ਿਕਾਇਤ ਉਹ ਵੀ ਨਾ ਸੁਣ ਸਕਿਆ ਕਿਉਂਕਿ ਫ਼ੋਨ ਫਿਰ ਕੱਟਿਆ ਜਾ ਚੁੱਕਾ ਸੀ।

ਮੈਂ ਕਾਫ਼ੀ ਪ੍ਰੇਸ਼ਾਨ ਸਾਂ ਅਤੇ ਹੈਰਾਨ ਵੀ ਕਿ ਇਹ ਵਿਭਾਗ ਏਨਾ ਆਪਸੀ ਸਹਿਚਾਰ ਵਾਲਾ ਹੈ ਕਿ ਸ਼ਾਇਦ ਰਾਜਧਾਨੀ ਵਿੱਚ ਬੈਠੇ ਉਪਰੇਟਰਾਂ ਨੂੰ ਵੀ ਸਾਡੇ ਸ਼ਹਿਰ ਵਿਚਲੇ ਆਪਣੇ ਵਿਭਾਗ ਦੇ ਦੋਸ਼ੀ ਕਰਮਚਾਰੀਆਂ ਦਾ ਫ਼ਿਕਰ ਲੱਗਾ ਹੋਇਆ ਹੈ। ਉਹ ਆਪਣੇ ਵੱਲੋਂ ਜਿੰਨੀ ਹੋ ਸਕਦੀ ਹੈ, ਉਹਨਾਂ ਦੀ ਮਦਦ ਕਰੀ ਜਾ ਰਹੇ ਹਨ, ਚਾਹੇ ਸਬੰਧਤ ਦੋਸ਼ੀ ਇੱਕ ਦਫ਼ਤਰ ਵਿੱਚ ਬੈਠਾ ਹੋਵੇ ਜਾਂ ਥਾਣੇ ਵਿੱਚ। ਮੇਰੇ ਮੂੰਹੋਂ ਸੁਭਾਵਕ ਹੀ ਨਿਕਲਿਆ, “ਵਾਹ ! ਏਕਾ ਹੋਵੇ ਤਾਂ ਇਸ ਮਹਿਕਮੇ ਦੇ ਮੁਲਾਜ਼ਮਾਂ ਵਰਗਾ ਹੀ ਹੋਵੇ।”

ਵਾਰ-ਵਾਰ ਕੰਪਿਊਟਰ ਦੀ ਆਵਾਜ਼ ਸੁਣਦਿਆਂ ਅਗਲੇ ਦਿਨ ਮੈਨੂੰ ਇੱਕ ਜੁਗਤ ਸੁੱਝ ਗਈ ਕਿ ਕਿਉਂ ਨਾ ਐਸ.ਐੱਮ.ਐਸ. ਰਾਹੀਂ ਲਿਖ ਕੇ ਹੀ ਆਪਣੀ ਸ਼ਿਕਾਇਤ ਦਰਜ ਕਰਵਾਅ ਦਿੱਤੀ ਜਾਵੇ। ਮੈਂ ਕਾਫ਼ੀ ਸਮਾਂ ਲਾ ਕੇ ਸੁਨੇਹਾ ਮੋਬਾਈਲ ਵਿੱਚ ਲਿਖਿਆ ਅਤੇ ਭੇਜ ਦਿੱਤਾ।

ਉਸ ਦਿਨ ਦੁਪਹਿਰ ਵੇਲ਼ੇ ਹੀ ਮੈਨੂੰ ਫ਼ੋਨ ਆ ਗਿਆ ਤੇ ਉਪਰੇਟਰ ਕੁੜੀ ਦੱਸਣ ਲੱਗ ਪਈ ਕਿ ਤੁਹਾਡੇ ਦੁਆਰਾ ਕੀਤੀ ਗਈ ਈ-ਮੇਲ ਕਿਸੇ ਗ਼ਲਤੀ

ਕਾਰਨ ਚੈੱਕ ਹੋਣੋਂ ਰਹਿ ਗਈ ਸੀ, ਇਸ ਲਈ ਸ਼ਿਕਾਇਤ ਦਰਜ ਕਰਨ ਵਿੱਚ ਦੇਰੀ ਹੋ ਗਈ ਹੈ ਪਰ ਹੁਣ ਇਹ ਸ਼ਿਕਾਇਤ ਐਸ.ਐਸ.ਪੀ. ਨੂੰ ਮਾਰਕ ਕਰ ਦਿੱਤੀ ਗਈ ਹੈ।

ਮੇਰੇ ਲਈ ਤਸੱਲੀ ਵਾਲੀ ਇੱਕ ਗੱਲ ਇਹ ਵੀ ਸੀ ਕਿ ਉਪ ਮੁੱਖ ਮੰਤਰੀ ਦੀ ਈ-ਮੇਲ ਮੈਨੂੰ ਅਗਲੇ ਦਿਨ ਹੀ ਆ ਗਈ ਸੀ ਕਿ ਤੁਹਾਡੀ ਸ਼ਿਕਾਇਤ ਫਲਾਣੇ ਡੀ.ਆਈ.ਜੀ. ਨੂੰ ਸੌਂਪ ਦਿੱਤੀ ਗਈ ਹੈ ਅਤੇ ਇਸ 'ਤੇ ਛੇਤੀ ਹੀ ਕਾਰਵਾਈ ਹੋਵੇਗੀ।ਮੈਂ ਖੁਸ਼ ਸਾਂ ਕਿ ਚਲੋ, ਸੂਬੇ ਦੇ 'ਛੋਟੇ ਮਾਲਕ' ਨੇ ਮੇਰੀ ਸ਼ਿਕਾਇਤ ਵੱਲ ਕੋਈ ਧਿਆਨ ਤਾਂ ਦਿੱਤਾ ਹੀ ਹੈ।

ਕਾਰਵਾਈ ਦੀ ਉਡੀਕ ਨੂੰ ਤੋੜਦਿਆਂ ਦੋ-ਤਿੰਨ ਦਿਨ ਬਾਅਦ ਇੱਕ ਹਰਕਾਰਾ ਸਾਡੇ ਘਰ ਆਇਆ ਤੇ ਉਸ ਨੇ ਮੈਨੂੰ ਇੱਕ ਚਿੱਠੀ ਸੌਂਪੀ।ਜਿਸ ਵਿੱਚ ਅਗਲੇ ਦਿਨ ਹੀ ਪੜਤਾਲੀਆ ਅਧਿਕਾਰੀ ਅੱਗੇ, ਠੀਕ ਦਸ ਵਜੇ ਪੇਸ਼ ਹੋ ਕੇ ਆਪਣੇ ਸਬੂਤ ਅਤੇ ਗਵਾਹ ਭੁਗਤਾਉਣ ਲਈ ਆਖਿਆ ਗਿਆ ਸੀ।ਅਜਿਹਾ ਨਾ ਹੋਣ ਦੀ ਸੂਰਤ ਵਿੱਚ ਇੱਕ ਤਰਫ਼ਾ ਕਾਰਵਾਈ ਕਰ ਦੇਣ ਦੀ ਚੇਤਾਵਨੀ ਵੀ ਸੀ।ਉਹ ਮੇਰੇ ਕੋਲੋਂ ਰਸੀਦ ਵਜੋਂ ਇੱਕ ਕਾਗਜ਼ ਉੱਤੇ ਦਸਤਖਤ ਕਰਵਾਅ ਕੇ ਚਲਾ ਗਿਆ।

ਅਸੀਂ ਸਾਰੇ ਖੁਸ਼ ਸਾਂ ਕਿ ਕਿਤੇ ਨਾ ਕਿਤੇ ਤਾਂ ਸਾਡੀ ਸੁਣੀ ਹੀ ਜਾਵੇਗੀ।ਅਸੀਂ ਆਪਣੇ ਸਭ ਦੋਸਤਾਂ-ਮਿੱਤਰਾਂ ਅਤੇ ਜਥੇਬੰਦੀਆਂ ਵਾਲਿਆਂ ਨੂੰ ਫ਼ੋਨ ਕਰ ਕੇ ਦੱਸ ਦਿੱਤਾ ਅਤੇ ਉੱਥੇ ਆਉਣ ਦੀ ਬੇਨਤੀ ਵੀ ਕਰ ਦਿੱਤੀ।ਸਭ ਨੇ ਆਉਣ ਵਾਸਤੇ ਹਾਮੀ ਭਰ ਦਿੱਤੀ ਸੀ।

ਅਗਲੇ ਦਿਨ ਸਾਰੇ ਹੀ ਠੀਕ ਵੇਲ਼ੇ 'ਤੇ ਪੁੱਜ ਗਏ ਸਨ।ਦਫ਼ਤਰ ਵਿੱਚ ਸਭ ਤੋਂ ਵੱਧ ਇਕੱਠ ਮੇਰੀ 'ਬਾਰਾਤ' ਦਾ ਹੀ ਸੀ।ਸਾਰੇ ਜਣੇ ਆਪਣੀ ਵਾਰੀ ਆਉਣ 'ਤੇ ਆਪਣਾ ਗੁੱਭ-ਗੁਭਾਟ ਕੱਢਣ ਦੀਆਂ ਜੁਗਤਾਂ ਲੜਾਅ ਰਹੇ ਸਨ।ਪਤਾ ਨਹੀਂ ਇਹ ਵਾਰੀ ਕਿਹੋ ਜਿਹੀ ਸੀ ਕਿ ਆਉਣ ਦਾ ਨਾਂਅ ਹੀ ਨਹੀਂ ਸੀ ਲੈ ਰਹੀ।ਸਾਨੂੰ ਇਹ ਤਾਂ ਪਤਾ ਲੱਗ ਗਿਆ ਸੀ ਕਿ ਸਾਡੇ ਵਾਲੇ ਮਾਮਲੇ ਦੀ ਪੜਤਾਲ ਉਸੇ ਐਸ.ਪੀ. ਨੂੰ ਹੀ ਮਾਰਕ ਕੀਤੀ ਗਈ ਹੈ ਪਰ ਇਹ ਨਹੀਂ ਸੀ ਪਤਾ ਕਿ ਉਹ ਸਾਨੂੰ ਏਨਾ ਜ਼ਿਆਦਾ ਹੀ ਖ਼ਰਾਬ ਕਰੇਗਾ।ਦਸ ਵਜੇ ਦੇ ਬੈਠਿਆਂ ਨੂੰ ਡੇਢ ਵੱਜ ਗਿਆ ਤਾਂ ਹੁਕਮ ਹੋਇਆ ਕਿ ਸਾਹਬ ਦੁਪਹਿਰ ਦੇ ਖਾਣੇ ਤੋਂ ਬਾਅਦ ਮਿਲਣਗੇ।ਅਸੀਂ ਵੀ ਕੰਟੀਨ 'ਤੋਂ ਸਭ ਨੇ ਕੁਝ ਨਾ ਕੁਝ ਖਾਧਾ ਤੇ ਫਿਰ ਐਸ.ਪੀ. ਦੇ ਦਰਵਾਜ਼ੇ ਮੂਹਰੇ ਆ ਕੇ ਡਟ ਗਏ।

"ਇਹ ਅਫ਼ਸਰ ਪਤਾ ਨਹੀਂ ਲੰਚ ਵਿਚ ਕੀ ਖਾਂਦੇ ਨੇ, ਜਿਹੜਾ ਮੁੱਕਦਾ ਈ ਨ੍ਹੀਂ।ਵੇਖ ਆਪਾਂ ਤੀਹ ਬੱਤੀ ਜਣੇ ਦਸ ਮਿੰਟਾਂ ਵਿੱਚ ਹੀ ਪੇਟ ਪੂਜਾ ਕਰ ਕੇ ਆ ਗਏ ਆਂ।" ਸੋਹਣ ਸਿੰਘ ਅੰਕਲ ਨੇ ਐਸ.ਪੀ. ਦੇ ਲੰਚ ਕਰਨ ਅਤੇ

ਕਾਮਰੇਡਾਂ ਦੇ ਖਾਣਾ ਖਾਣ ਵਿੱਚ ਅੰਤਰ ਸ਼ਪੱਸ਼ਟ ਕਰਨ ਹਿੱਤ ਸਭ ਨੂੰ ਸੰਬੋਧਿਤ ਹੁੰਦੇ ਆਖਿਆ।

ਉਸ ਦੀ ਰਮਜ਼ ਸਾਰੇ ਹੀ ਸਮਝ ਗਏ ਅਤੇ ਅਧਿਕਾਰੀਆਂ ਦੀ ਖਸਲਤ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪਏ ਸਨ।

ਇੰਨੇ ਵਿੱਚ ਦੂਜੀ ਧਿਰ ਨੂੰ ਪਤਾ ਲੱਗ ਗਿਆ ਕਿ ਅਸੀਂ ਆਪਣੇ ਮਿਸਤਰੀ ਨੂੰ ਗਵਾਹ ਵਜੋਂ ਪੇਸ਼ ਕਰਨਾ ਹੈ।ਹੋਇਆ ਇੰਝ ਕਿ ਮਿਸਤਰੀ ਨੇ ਇੱਕ ਪੁਲਿਸ ਵਾਲੇ ਦੇ ਘਰ ਦਾ ਕੰਮ ਕੀਤਾ ਸੀ ਅਤੇ ਕੁਦਰਤੀ ਉਹ ਦਫ਼ਤਰ ਵਿੱਚ ਉਸ ਕਰਮਚਾਰੀ ਨੂੰ ਮਿਲ ਪਿਆ ਸੀ।ਉਸ ਪੁਲਸੀਏ ਨੇ ਸੁਭਾਵਕ ਹੀ ਮਿਸਤਰੀ ਨੂੰ ਉੱਥੇ ਫਿਰਦੇ ਹੋਣ ਦਾ ਕਾਰਨ ਪੁੱਛ ਲਿਆ ਸੀ।ਮਿਸਤਰੀ ਨੇ ਸਾਰੀ ਗੱਲ ਸੱਚੋ-ਸੱਚ ਦੱਸ ਦਿੱਤੀ ਸੀ।ਬੱਸ, ਫਿਰ ਕੀ ਸੀ ਮਿਸਤਰੀ ਨੂੰ ਉਸ ਪੁਲਸੀਏ ਦੇ ਫ਼ੋਨ ਆਉਣੇ ਸ਼ੁਰੂ ਹੋ ਗਏ ਤੇ ਉਸ ’ਤੇ ਗਵਾਹੀ ਨਾ ਦੇਣ ਬਾਰੇ ਦਬਾਅ ਵੀ ਵਧਣ ਲੱਗ ਪਿਆ।ਮਿਸਤਰੀ ਸੱਚੀ ਗੱਲ ਆਖਣ ’ਤੇ ਅੜਿਆ ਹੋਇਆ ਸੀ।ਇੱਕ ਵਾਰ ਤਾਂ ਉਹ ਕਾਫ਼ੀ ਪ੍ਰੇਸ਼ਾਨ ਹੋ ਗਿਆ ਤੇ ਪੁਲਿਸ ਨਾਲ ਪੰਗੇ ਦੀ ਗੱਲ ਉਸ ਦੇ ਮਨ ਨੂੰ ਪ੍ਰੇਸ਼ਾਨ ਕਰਨ ਲੱਗ ਪਈ ਸੀ।ਸਾਡੇ ਸਭ ਸਾਥੀਆਂ ਨੂੰ ਵੀ ਪੁਲਿਸ ਵਾਲਿਆਂ ਦੀ ਇਸ ਕਾਰਵਾਈ ਦਾ ਪਤਾ ਲੱਗ ਗਿਆ ਸੀ।ਸਾਰੇ ਹੀ ਉਸ ਨੂੰ ਸਮਝਾਉਣ ਦੇ ਨਾਲ ਨਾਲ ਹੌਸਲਾ ਦੇਣ ਲੱਗ ਪਏ।ਸਾਨੂੰ ਭਾਸਦਾ ਸੀ ਕਿ ਪੁਲਿਸ ਵਾਲੇ ਮਿਸਤਰੀ ’ਤੇ ਦਬਾਅ ਵਧਾਅ ਸਕਦੇ ਹਨ, ਇਸ ਲਈ ਅਸੀਂ ਉਸ ਨੂੰ ਕਿਤੇ ਵੀ ਇਕੱਲਾ ਨਹੀਂ ਜਾਣ ਦਿੱਤਾ ਅਤੇ ਨਾ ਹੀ ਕਿਸੇ ਨੂੰ ਮਿਲਣ ਦਿੱਤਾ।ਕੁਝ ਦੇਰ ਬਾਅਦ ਮਿਸਤਰੀ ਦਾ ਫ਼ੋਨ ਫਿਰ ਵੱਜ ਪਿਆ ਤੇ ਸਕਰੀਨ ਉੱਤੇ ਨੰਬਰ ਪੜ੍ਹ ਕੇ ਉਹ ਬਹੁਤਾ ਹੀ ਪ੍ਰੇਸ਼ਾਨ ਹੋ ਗਿਆ।ਏਨੇ ਨੂੰ ਮੇਰੇ ਚਚੇਰੇ ਭਰਾ ਗੁਰਪਿੰਦਰ ਨੇ ਮਿਸਤਰੀ ਦਾ ਫ਼ੋਨ ਫੜ ਲਿਆ ਤੇ ਕੜਕਵੀਂ ਆਵਾਜ਼ ਵਿੱਚ ਆਖ ਦਿੱਤਾ ਕਿ ਉਹ ਸਾਡੇ ਗਵਾਹ ਨੂੰ ਤੰਗ-ਪ੍ਰੇਸ਼ਾਨ ਕਰਨੋ ਹਟ ਜਾਵੇ ਨਹੀਂ ਤਾਂ ਹੁਣੇ ਹੀ ਮੀਡੀਆ ਵਿੱਚ ਜਲੂਸ ਕੱਢ ਕੇ ਰੱਖ ਦਿੱਤਾ ਜਾਵੇਗਾ।ਉਸ ਤੋਂ ਬਾਅਦ ਫ਼ੋਨ ਨਹੀਂ ਆਇਆ।

ਦਫ਼ਤਰ ਬੰਦ ਹੋਣ ਤੋਂ ਕੁਝ ਦੇਰ ਪਹਿਲਾਂ ਸਾਨੂੰ ਆਵਾਜ਼ ਵੱਜ ਗਈ।

ਸਾਡੇ ਜਾਂਦਿਆਂ ਨੂੰ ਹੀ ਐਸ.ਪੀ. ਮੈਨੂੰ ਟੁੱਟ ਕੇ ਪੈ ਗਿਆ, "ਤੂੰ ਇੱਕ ਸੌ ਕਿਆਸੀ ’ਤੇ ਸ਼ਿਕਾਇਤ ਕੀਤੀ ਏ ਨਾ ? ਭਾਵੇਂ ਤੂੰ ਇੱਕ ਲੱਖ ਇਕਿਆਸੀ ’ਤੇ ਕਰ ਲੈ।ਆਖ਼ਰਕਾਰ ਇਨਕੁਆਇਰੀ ਤਾਂ ਮੈਂ ਹੀ ਕਰਨੀ ਐਂ।ਜਾਹ ਕਰ ਲੈ, ਜੋ ਕਰਨਾ ਏ।ਮੈਂ ਸ਼ਰ੍ਹੇਆਮ ਛੱਡਦਾ ਆਂ ਉਹਨਾਂ ਨੂੰ, ਜਿੰਨ੍ਹਾਂ ਨੂੰ ਤੂੰ ਅਪਰਾਧੀ ਦੱਸਦਾ ਏਂ।" ਉਸ ਦੀ ਇਸ ਗੱਲ ਨਾਲ ਸਾਰੇ ਜਣੇ ਠਠੰਬਰ ਜਿਹੇ ਹੀ ਗਏ ਸਨ ਕਿ ਇਹ ਕੀ ਬਣ ਗਿਆ ਹੈ ?

"ਸਾਡੇ ਸਭ ਦੇ ਬਿਆਨ ਲਿਖੋ। ਜੇ ਸਾਡੇ 'ਚ ਹਿੰਮਤ ਹੋਈ ਤਾਂ ਜਿਹੜਾ ਕੁਝ ਸੱਚ ਹੈ, ਉਹ ਤੁਹਾਡੇ ਤੋਂ ਵੀ ਲਿਖਵਾਅ ਲਵਾਂਗੇ। ਨਹੀਂ ਤਾਂ ਤੁਸੀਂ ਲਿਖਵਾਅ ਲਿਓ।" ਦਰਸ਼ਨ ਸਿੰਘ ਤੂਰ ਨੇ ਗੱਲ ਉਸ ਦੇ ਮੂੰਹ 'ਤੇ ਮਾਰੀ। ਜਮਹੂਰੀ ਅਧਿਕਾਰ ਸਭਾ ਵਿੱਚ ਲੰਬੇ ਸਮੇਂ ਤੋਂ ਕੰਮ ਕਰਦੇ ਰਹੇ ਹੋਣ ਕਾਰਨ ਤੂਰ ਅੰਕਲ ਉਸ ਐਸ.ਪੀ. ਅਹੁਦੇ ਵਾਲੇ ਅਧਿਕਾਰੀ ਨਾਲ ਵੀ ਬਰਾਬਰ ਦੀ ਧਿਰ ਬਣ ਕੇ ਬੋਲੀ ਜਾ ਰਹੇ ਸਨ।

"ਜਾਓ! ਅਹੁ ਮੁਣਸ਼ੀ ਨੂੰ ਬਿਆਨ ਦਰਜ ਕਰਵਾਅ ਦਿਓ, ਜਿਹੜੇ ਕਰਵਾਉਣੇ ਨੇ। ਬਾਕੀ ਮੈਂ ਵੇਖਾਂਗਾ ਤੇ ਤੁਸੀਂ ਮੇਰੀ ਕਲਮ ਵੇਖਿਓ।" ਉਸ ਨੇ ਸਭ ਨੂੰ ਵੰਗਾਰਦਿਆਂ ਆਖਿਆ। ਸਾਰੇ ਜਣੇ ਬਾਹਰ ਆ ਗਏ ਤੇ ਵਿੱਚ ਹੀ ਬੋਲ ਰਹੇ ਸਨ, "ਹੰਕਾਰਿਆ ਬੜਾ ਫਿਰਦੈ। ਇਹਦੇ ਹੱਥ ਨ੍ਹੀਂ ਜੁੜੇ ਅਜੇ ਕਿਸੇ ਨਾਲ। ਵਰਦੀ ਦਾ ਰੋਅਬ ਝਾੜਦੈ। ਇਹ ਤਾਂ ਕੁਝ ਵੀ ਨ੍ਹੀਂ, ਅਸੀਂ ਤਾਂ ਵੱਡੇ-ਵੱਡੇ ਹੰਕਾਰੇ ਹੋਏ ਵੀ ਝੁਕਾਏ ਹੋਏ ਨੇ। ਜਿਹੜੇ ਭੌਂਕਦੇ ਹੁੰਦੇ ਨੇ, ਉਹ ਵੱਢਦੇ ਨ੍ਹੀਂ ਹੁੰਦੇ।" ਅਜਿਹੀਆਂ ਕਈ ਆਵਾਜ਼ਾਂ ਮੇਰੇ ਕੰਨੀਂ ਪੈ ਰਹੀਆਂ ਸਨ ਪਰ ਮੈਨੂੰ ਅਸਲੀਅਤ ਪਤਾ ਸੀ ਕਿ ਇਹ ਬੰਦਾ ਹੀ ਸਭ ਤੋਂ ਖ਼ਤਰਨਾਕ ਹੈ। ਇਸ ਐਸ.ਪੀ. ਦੀ ਘਰ ਵਾਲੀ ਜੱਜ ਲੱਗੀ ਹੋਣ ਕਰਕੇ ਅਤੇ ਆਪ ਵੀ ਵਕਾਲਤ ਕੀਤੀ ਹੋਣ ਕਾਰਨ ਛੇਤੀ ਕੀਤੇ ਕਿਸੇ ਦੀ ਮੰਨੇਗਾ ਨਹੀਂ ਅਤੇ ਆਪਣੀ ਹੀ ਅੜੀ ਪੁਗਾਵੇਗਾ।

ਆਪਣੇ ਬਿਆਨ ਲਿਖਾਉਂਦਿਆਂ ਸਹਿਜ-ਸੁਭਾਅ ਹੀ ਉਹ ਕਿਹੜੀ ਗਾਲ੍ਹ ਸੀ, ਜੋ ਉਹਨਾਂ ਬੰਦਿਆਂ ਨੇ ਉਸ ਐਸ.ਪੀ. ਨੂੰ ਨਹੀਂ ਵਰ੍ਹਾਈ ਸੀ। ਮੈਨੂੰ ਸ਼ੱਕ ਹੀ ਨਹੀਂ, ਪੱਕਾ ਯਕੀਨ ਵੀ ਸੀ ਅਤੇ ਹੈ ਵੀ ਕਿ ਇਸ ਸਭ ਦੀ ਸੀ.ਆਈ.ਡੀ. ਉਸ ਐਸ.ਪੀ. ਕੋਲ ਤੁਰੰਤ ਹੀ ਪੁੱਜ ਗਈ ਸੀ।

ਅਸੀਂ ਆਪਣੇ ਬਿਆਨ ਟਾਈਪ ਕਰਵਾਅ ਕੇ ਦੱਸੇ ਹੋਏ ਕਮਰੇ ਵਿੱਚ ਸਬੰਧਤ ਕਰਮਚਾਰੀ ਨੂੰ ਫੜਾਅ ਦਿੱਤੇ।

ਵਾਪਸ ਮੁੜਦਿਆਂ ਉਹ ਸੋਹਣੀ ਜਿਹੀ ਪੱਗ ਵਾਲਾ ਪੁਲਿਸ ਕਰਮਚਾਰੀ, ਜਿਸ ਨੇ ਮੈਨੂੰ ਪੁਲਿਸ ਵਿਭਾਗ ਦੀਆਂ ਕਈ ਗੁੱਝੀਆਂ ਗੱਲਾਂ ਦੱਸੀਆਂ ਸਨ, ਫਿਰ ਮਿਲ ਪਿਆ।

"ਕਿਉਂ ? ਬਣ ਆਏ ਫੇਰ ਫੁੱਦੂ ? ਝੋਟਿਆਂ ਦੇ ਘਰੋਂ ਲੱਸੀ ਭਾਲੀ ਜਾਂਦੇ ਆ, ਵੱਡੇ ਕਾਮਰੇਡ। ਤੁਹਾਡਾ ਕੁਝ ਨ੍ਹੀਂ ਬਣਨਾ। ਮੈਥੋਂ ਲਿਖਵਾਅ ਕੇ ਲੈ ਲਾ। ਸਾਡਾ ਮਹਿਕਮਾ ਏ ਨਾ, ਕੁੱਤਿਆਂ ਦੇ ਵੀ ਕੁੱਤਿਆਂ ਦਾ ਏ।" ਉਸ ਨੇ ਮੈਨੂੰ ਪਹਿਚਾਣ ਲਿਆ ਸੀ ਤੇ ਉਹ ਇੱਕੋ ਸਾਹ ਬੋਲਦਾ ਹੀ ਗਿਆ।

"ਵੀਰੇ, ਦੱਸ ਅਸੀਂ ਕਰੀਏ ਕੀ ? ਖੱਜਲ ਹੋਏ ਪਏ ਆਂ।" ਮੈਂ ਉਸ ਨੂੰ ਪਰਦੇ ਜਿਹੇ ਨਾਲ ਪੁੱਛਿਆ।

“ਜਿੰਨਾਂ ਚਿਰ ਜਨਤਕ ਲਹਿਰ ਨ੍ਹੀਂ ਬਣਦੀ ਜਾਂ ਫਿਰ ਕੋਈ ਬਹੁਤੀ ਹੀ ਵੱਡੀ ਸਿਫ਼ਾਰਿਸ਼ ਨ੍ਹੀਂ ਪੈਂਦੀ, ਇਹਨਾਂ ਦੇ ਕੰਨ ’ਤੇ ਜੂੰਅ ਨ੍ਹੀਂ ਸਰਕਣੀ।” ਉਸ ਨੇ ਗੰਭੀਰ ਹੁੰਦੇ ਹੋਏ ਆਖਿਆ।

“ਜਨਤਕ ਤਾਂ ਬਣ ਹੀ ਚੱਲਿਆ ਏ ਮਸਲਾ। ਵੇਖ ਲਓ, ਸੱਤ-ਅੱਠ ਯੂਨੀਅਨਾਂ ਵਾਲੇ ਸਵੇਰ ਤੋਂ ਤੁਹਾਡੇ ਸਾਹਬ ਦੀ ਮੁਕਾਣ ਆਏ ਹੋਏ ਨੇ। ਅਸੀਂ ਤਾਂ ਠੋਕ ਕੇ ਬਿਆਨ ਵੀ ਲਿਖਵਾਅ ਦਿੱਤੇ ਹਨ।” ਮੈਂ ਉਸ ਦੀ ਜਾਣਕਾਰੀ ਹਿੱਤ ਦੱਸਿਆ।

“ਬਿਆਨ ਲਿਖਵਾਅ ਕੇ ਖੁਸ਼ ਹੁੰਦਾ ਹੋਵੇਂਗਾ ਕਿ ਮੈਂ ਤਾਂ ਫਸਾਅ ਲਿਆ ਪੁਲਸੀਆਂ ਨੂੰ। ਜਾਹ, ਨਹੀਂ ਮੰਨਦਾ ਤੇਰੇ ਬਿਆਨਾਂ ਨੂੰ ਇੰਨਕੁਆਇਰੀ ਅਫ਼ਸਰ। ਤੂੰ ਦੁੰਬ ਫੜ੍ਹ ਲਈਂ ਉਹਦਾ। ਓਹਨੇ ਫਾਈਲ ਬੰਦ ਕਰ ਦੇਣੀ ਏ। ਜੇ ਦੁਬਾਰਾ-ਦੁਬਾਰਾ ਸ਼ਿਕਾਇਤਾਂ ਕਰੇਂਗਾ ਤਾਂ ਤੇਰੇ ’ਤੇ ਇੱਕ ਸੌ ਬਿਆਸੀ ਲਾ ਕੇ ਤੇਰੇ ਖ਼ਿਲਾਫ਼ ਹੀ ਝੂਠੀਆਂ ਸ਼ਿਕਾਇਤਾਂ ਕਰਨ ਦਾ ਮੁਕੱਦਮਾ ਵੀ ਦਰਜ ਕਰਵਾਅ ਦੇਣਾ ਏ। ਤਿਆਰ ਹੋ ਜਾ ਤੇਰੇ ’ਤੇ ਇਹ ਧਾਰਾ ਲੱਗਣ ਹੀ ਵਾਲੀ ਆ।” ਉਸ ਨੇ ਮੈਨੂੰ ਸੁਚੇਤ ਕਰਦਿਆਂ ਗੰਭੀਰਤਾ ਨਾਲ ਦੱਸਿਆ ਤੇ ਮਿੰਨ੍ਹਾ ਜਿਹਾ ਮੁਸਕਰਾਉਂਦਾ ਹੋਇਆ ਦਫ਼ਤਰ ਦੀਆਂ ਪੌੜੀਆਂ ਚੜ੍ਹ ਗਿਆ।

ਮੈਨੂੰ ਸਚਮੁੱਚ ਹੀ ਜਾਪਣ ਲੱਗ ਪਿਆ ਸੀ ਕਿ ਮੈਂ ਜੱਜ ਦੇ ਸਾਹਮਣੇ ਕਟਹਿਰੇ ਵਿੱਚ ਖੜ੍ਹਾ ਹਾਂ ਤੇ ਜੱਜ ਮੈਨੂੰ ਕਿਸੇ ਸੱਚੇ ਬੰਦੇ ’ਤੇ ਝੂਠਾ ਇਲਜ਼ਾਮ ਲਾਉਣ ਦੇ ਦੋਸ਼ ਵਿੱਚ ਜੇਲ੍ਹ ਭੇਜਣ ਦੇ ਨਾਲ ਨਾਲ ਜ਼ੁਰਮਾਨਾ ਵੀ ਸੁਣਾਅ ਰਿਹਾ ਹੈ।

ਅੱਜ ਮੈਨੂੰ ਸੋਹਣੀ ਪੱਗ ਵਾਲੇ ਉਸ ਪੁਲਸੀਏ ਦੀਆਂ ਪੁਰਾਣੀਆਂ ਸਾਰੀਆਂ ਗੱਲਾਂ ਵੀ ਸਹੀ ਲੱਗਣ ਲੱਗ ਪਈਆਂ ਸਨ, ਪਰ ਹੁਣ ਕੀਤਾ ਵੀ ਕੀ ਜਾ ਸਕਦਾ ਸੀ ? ਇੱਕ ਸਭ ਤੋਂ ਵੱਡੀ ਗੱਲ ਕਿ ਸਾਡੇ ਪੱਲੇ ਢਾਹ-ਢੁਆਈ ਹੋਣ ਦੇ ਤਾਂ ਸਾਰੇ ਸਬੂਤ ਸਨ ਪਰ ਪੁਲਿਸ ਵਿਭਾਗ ਸਾਡੀ ਗੱਲ ਨੂੰ ਕਿਸੇ ਵੀ ਹਾਲਤ ਵਿੱਚ ਮੰਨਣ ਲਈ ਤਿਆਰ ਨਹੀਂ ਸੀ ਕਿ ਇਹ ਗੁੰਡੇ ਉਹਨਾਂ ਪੁਲਿਸ ਵਾਲਿਆਂ ਨੇ ਹੀ ਭੇਜੇ ਸਨ। ਇਸ ਦੇ ਉਲਟ ਜੇ ਕਰ ਸਾਡੇ ਕਿਸੇ ਬੰਦੇ ਨੇ ਮਾੜੀ ਜਿਹੀ ਗ਼ਲਤੀ ਵੀ ਕੀਤੀ ਹੁੰਦੀ ਤਾਂ ਪੁਲਿਸ ਵਾਲਿਆਂ ਨੇ ਸਾਡੀ ਨਾਨੀ ਦੀ ਘੜਾਨੀ ਨੂੰ ਵੀ ਇਸ ਮਾਮਲੇ ਵਿੱਚ ਘੜੀਸ ਲੈਣਾ ਸੀ ਤੇ ਉਸ ਕੋਲੋਂ ਧੱਕੇ ਨਾਲ ਹੀ ਜ਼ੁਰਮ ਕਬੂਲ ਕਰਵਾਅ ਲੈਣਾ ਸੀ।

ਇਸ ਮਿਲਣੀ ਤੋਂ ਬਾਅਦ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਇੱਕ ਬੈਠਕ ਹੋਈ ਤੇ ਪੱਤਰਕਾਰਾਂ ਨੂੰ ਸੱਦ ਕੇ ਪੁਲਿਸ ਦੀ ਧੱਕੇਸ਼ਾਹੀ, ਗੁੰਡਾ-ਅਨਸਰਾਂ ਨੂੰ ਸ਼ਹਿ ਦੇਣ ਅਤੇ ਨਜਾਇਜ਼ ਕਬਜ਼ਾ ਧਾਰਕਾਂ ਦੀ ਮਦਦ ਕਰਨ ਬਾਰੇ ਜਾਣਕਾਰੀ ਦਿੱਤੀ ਗਈ।

# ਸੱਤ

ਅਗਲੇ ਦਿਨੀਂ ਪੰਜਾਬੀ ਅਤੇ ਹਿੰਦੀ ਦੇ ਪ੍ਰਸਿੱਧ ਅਖ਼ਬਾਰਾਂ ਨੇ ਇਸ ਖ਼ਬਰ ਨੂੰ ਪ੍ਰਮੁੱਖਤਾ ਨਾਲ ਛਾਪਿਆ। ਇਸ ਖ਼ਬਰ ਦੇ ਛਪਣ ਨਾਲ ਮੈਨੂੰ ਫਾਇਦਾ ਹੋਣਾ ਸੀ ਜਾਂ ਨੁਕਸਾਨ ਇਹ ਸਵਾਲ ਤਾਂ ਭਵਿੱਖ ਦੀ ਕੁੱਖ ਵਿੱਚ ਸੀ ਪਰ ਸਾਨੂੰ ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਕਿ ਸਾਡੇ ਸਾਰੇ ਟੱਬਰ ਦੀ ਰਹਿੰਦੀ-ਖੂੰਹਦੀ ਸ਼ਾਂਤੀ ਵੀ ਚਲੀ ਗਈ। ਜਿਸ ਕਿਸੇ ਨੂੰ ਇਸ ਘਟਨਾ ਦਾ ਨਹੀਂ ਵੀ ਪਤਾ ਸੀ, ਉਸ ਨੂੰ ਵੀ ਪਤਾ ਲੱਗ ਗਿਆ ਸੀ। ਹਰ ਕੋਈ ਆਪਣੇ ਵੱਲੋਂ ਤਾਂ ਹਮਦਰਦੀ ਜ਼ਾਹਿਰ ਕਰ ਰਿਹਾ ਸੀ ਤੇ ਹਰ ਸੰਭਵ ਮਦਦ ਦੇਣ ਦਾ ਭਰੋਸਾ ਵੀ ਦੇ ਰਿਹਾ ਸੀ। ਖੈਰ, ਹਾਲ-ਚਾਲ ਪੁੱਛਣਾ ਅਤੇ ਹੌਸਲਾ ਦੇਣਾ ਸਭ ਦਾ ਫਰਜ਼ ਹੁੰਦਾ ਹੈ ਤੇ ਲਗਭਗ ਮੇਰੇ ਸਭ ਦੋਸਤਾਂ-ਮਿੱਤਰਾਂ ਨੇ ਇਹ ਫ਼ਰਜ਼ ਬਾ-ਖੂਬੀ ਨਿਭਾਇਆ ਵੀ ਪਰ ਉਸੇ ਕਹਾਣੀ ਨੂੰ ਵਾਰ-ਵਾਰ ਦੁਹਰਾਅ ਕੇ ਮੈਂ ਕੀ ਸਾਰੇ ਘਰ ਦੇ ਵੀ ਅੱਕ ਚੁੱਕੇ ਸਨ।

ਇਸ ਝਗੜੇ ਦਾ ਕੋਈ ਵੀ ਇੱਕ ਪਾਸਾ ਨਹੀਂ ਸੀ ਹੋ ਰਿਹਾ। ਵਿੱਚੋਂ ਹੀ ਕੋਈ ਸਲਾਹ ਦਿੰਦਾ ਕਿ ਜਦ ਤੁਹਾਡੇ ਕੋਲ ਰਜਿਸਟਰੀ ਹੈ ਤਾਂ ਆਪਣੀ ਥਾਂ ਵਲ਼ ਕੇ ਪਾਸੇ ਕਰੋ। ਅਸੀਂ ਸੋਚਦੇ ਕਿ ਇਸ ਗੱਲ ਦਾ ਤਾਂ ਸਾਨੂੰ ਵੀ ਪਤਾ ਹੈ ਪਰ ਹੁਣ ਅੜਿੱਕਾ ਪੁਲਿਸ ਵਾਲੇ ਬਣੇ ਖੜ੍ਹੇ ਹਨ। ਜੇ ਕੋਈ ਸਧਾਰਨ ਬੰਦਾ ਹੁੰਦਾ ਤਾਂ ਉਸ ਨੂੰ ਵੀ ਲੜਾਈ ਦਾ ਖ਼ਤਰਾ ਹੋਣਾ ਸੀ ਤੇ ਸਾਨੂੰ ਵੀ। ਪਰ ਹੁਣ ਸਥਿੱਤੀ ਬੜੀ ਹੀ ਗੰਭੀਰ ਹੋਈ ਪਈ ਸੀ ਕਿਉਂਕਿ ਸਾਹਮਣੀ ਧਿਰ ਨੂੰ ਪੁਲਿਸ ਕੇਸ ਦਰਜ ਹੋਣ ਦਾ ਕੋਈ ਵੀ ਖ਼ਤਰਾ ਨਹੀਂ ਸੀ ਸਗੋਂ ਪੁਲਿਸ ਵਿਭਾਗ ਤਾਂ ਇੱਕ ਹੌਲਦਾਰ ਅਤੇ ਇੱਕ ਡਰਾਈਵਰ ਦੀ ਰਖੇਲ ਬਣ ਚੁੱਕਿਆ ਸੀ। ਉਹਨਾਂ ਨੂੰ ਵੱਡੇ ਅਧਿਕਾਰੀਆਂ ਦੀ ਸ਼ਹਿ ਹੀ ਸੀ ਜੋ ਉਹ ਦੋਵੇਂ ਇਹ ਸਭ ਕੁਝ ਕਰੀ ਜਾ ਰਹੇ ਸਨ, ਨਹੀਂ ਤਾਂ ਜਦੋਂ ਉਹਨਾਂ ਨੂੰ ਸਾਰੀ ਸਚਾਈ ਦਾ ਪਤਾ ਲੱਗ ਗਿਆ ਸੀ ਤਾਂ ਉਹ ਸਾਨੂੰ ਕਿਸੇ ਦੇ ਹੱਥ ਵੀ ਸੁਨੇਹਾ ਭੇਜ ਸਕਦੇ ਸਨ ਕਿ 'ਸਾਨੂੰ ਜਿਹੜਾ ਭੁਲੇਖਾ ਸੀ ਉਹ ਹੁਣ ਦੂਰ ਹੋ ਗਿਆ ਹੈ। ਇਸ ਲਈ ਅਸੀਂ ਤੁਹਾਡੇ ਕੰਮ ਵਿੱਚ ਕੋਈ ਵੀ ਦਖ਼ਲ ਨਹੀਂ ਦੇਵਾਂਗੇ।'

ਇਹ ਦਿਨ ਪਤਾ ਨਹੀਂ ਕਿਹੋ ਜਿਹੇ ਸਨ ਕਿ ਸਭ ਦੀ ਸੁਰਤ ਇਸ ਕੇਸ ਵਿੱਚ ਹੀ ਲੱਗੀ ਰਹਿੰਦੀ ਸੀ। ਮੇਰੀ ਮਾਂ ਦੇ ਜੁਬਾੜੇ ਕਈ ਦਿਨਾਂ ਤੋਂ ਦਰਦ ਕਰ ਰਹੇ ਸਨ। ਉਹ ਵਿਚਾਰੀ ਮੇਰੀ ਭੱਜ-ਦੌੜ ਹੁੰਦੀ ਵੇਖ ਕੇ ਆਪਣਾ ਦਰਦ ਛੁਪਾਅ ਲੈਂਦੀ ਸੀ ਅਤੇ ਕੋਈ ਨਾ ਕੋਈ ਦਰਦ-ਨਿਵਾਰਕ ਗੋਲ਼ੀ ਖਾ ਕੇ ਹੀ ਤੜਪਦੀ ਹੋਈ ਸਾਰੀ ਰਾਤ ਕੱਢ ਲੈਂਦੀ ਸੀ।

ਇੱਕ ਦਿਨ ਮੇਰੀ ਪਤਨੀ ਨੇ ਮੈਨੂੰ ਮਾਂ ਦੀ ਹਾਲਤ ਬਾਰੇ ਦੱਸਿਆ ਤਾਂ ਮੈਨੂੰ ਬਹੁਤ ਜ਼ਿਆਦਾ ਫ਼ਿਕਰ ਹੋਇਆ। ਦੋ ਕੁ ਦਿਨ ਸ਼ਹਿਰ ਦੇ ਚੰਗੇ ਡਾਕਟਰਾਂ ਨੂੰ ਵਿਖਾਇਆ ਤੇ ਫ਼ਰਕ ਨਾ ਪੈਂਦਾ ਵੇਖ ਕੇ ਮੈਂ ਉਸ ਨੂੰ ਫਰੀਦਕੋਟ ਦੰਦਾਂ ਦੇ ਵੱਡੇ ਹਸਪਤਾਲ ਲੈ ਗਿਆ। ਉਹਨਾਂ ਨੇ ਉਪਰੇਸ਼ਨ ਦੀ ਸਲਾਹ ਦਿੱਤੀ। ਅਸੀਂ ਅਗਲੇ ਦਿਨ ਹੀ ਹਸਪਤਾਲ ਜਾ ਦਾਖ਼ਲ ਹੋਏ। ਫਰੀਦਕੋਟ ਨੂੰ ਜਾਂਦੇ ਹੀ ਉਹ ਸਾਰੇ ਦਫ਼ਤਰ ਰਾਹ ਵਿੱਚ ਆਉਂਦੇ ਸਨ, ਜਿਨ੍ਹਾਂ ਵਿੱਚ ਮੈਂ ਰੋਜ਼ ਧੱਕੇ ਖਾਂਦਾ ਫਿਰਦਾ ਰਿਹਾ ਸਾਂ। ਜਦ ਵੀ ਅਸੀਂ ਉਸ ਵੱਡੀ ਇਮਾਰਤ ਦੇ ਕੋਲ ਦੀ ਲੰਘਦੇ ਤਾਂ ਮੈਂ ਆਪਣੀ ਮਾਂ ਨੂੰ ਇਹਨਾਂ ਦਫ਼ਤਰਾਂ ਵਿੱਚ ਬੈਠੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੇ ਸੁਭਾਅ ਅਤੇ ਕੰਮ-ਕਾਜ ਬਾਰੇ ਦੱਸਣ ਲੱਗ ਪੈਂਦਾ। ਮਾਂ ਨੇ ਸੁਭਾਵਿਕ ਹੀ ਆਖਿਆ, "ਪੁੱਤ, ਆਪਣੇ 'ਤੇ ਭੀੜ ਬਣੀ ਤਾਂ ਤੇਰੇ ਨਾਲ ਕਿੰਨੇ ਬੰਦੇ ਆ ਕੇ ਖੜ੍ਹ ਗਏ ਨੇ ਤੇ ਆਪਣੀ ਮੱਦਦ ਵੀ ਕਰੀ ਜਾਂਦੇ ਨੇ। ਇੱਥੇ ਕਿੰਨੇ ਲੋਕ ਆਉਂਦੇ ਹੋਣਗੇ ਜਿਨ੍ਹਾਂ ਨੂੰ ਇਹ ਹਰ ਰੋਜ਼ ਬਿਨਾਂ ਵਜ੍ਹਾ ਤੰਗ ਪ੍ਰੇਸ਼ਾਨ ਕਰਦੇ ਹੋਣਗੇ। ਤੁਸੀਂ ਤਾਂ ਚਲੋ ਪੜ੍ਹੇ ਲਿਖੇ ਹੋ, ਇਹੋ ਜਿਹੇ ਅਫ਼ਸਰ ਮੇਰੇ ਵਰਗੇ ਅਨਪੜ੍ਹਾਂ ਨੂੰ ਕੁਝ ਨ੍ਹੀਂ ਡਾਹ-ਦੁਆਲ ਹੁੰਦੇ ਹੋਣੇ।" ਮਾਂ ਦੇ ਮੂੰਹੋਂ ਏਨੀ ਵੱਡੀ ਗੱਲ ਸੁਣ ਕੇ ਮੈਨੂੰ ਬੜੀ ਹੀ ਹੈਰਾਨੀ ਹੋਈ। ਸੋਚ ਰਿਹਾ ਸਾਂ ਕਿ ਸ਼ਾਇਦ ਇਹ ਸਾਡੇ ਲੋਕਾਂ ਦੀ ਅਨਪੜ੍ਹਤਾ ਅਤੇ ਹੱਕਾਂ ਪ੍ਰਤੀ ਜਾਗਰੂਕਤਾ ਦੀ ਘਾਟ ਹੀ ਹੈ ਕਿ ਸਾਡੇ ਅਧਿਕਾਰੀ ਏਨੇ ਜ਼ਿਆਦਾ ਮੱਛਰੇ ਫਿਰਦੇ ਹਨ। ਫਰੀਦਕੋਟ ਬੈਠੇ ਦਾ ਦਿਮਾਗ਼ ਵੀ ਘਰ ਵਿੱਚ ਹੀ ਘੁੰਮੀ ਜਾ ਰਿਹਾ ਸੀ। ਕਦੇ ਕਦੇ ਮੈਂ ਸੋਚਣ ਲੱਗ ਪੈਂਦਾ ਕਿ ਮੇਰੇ ਪਰਿਵਾਰ 'ਤੇ ਕਿੰਨਾਂ ਮਾੜਾ ਵਕਤ ਆਇਆ ਹੋਇਆ ਹੈ ਕਿ ਮਾਂ ਦੀ ਜ਼ਹਿਮਤ ਅਤੇ ਥਾਂ ਵਾਲਾ ਕੰਜਰ-ਕਲੇਸ਼ ਇੱਕ ਦਮ ਇਕੱਠੇ ਹੀ ਸਿਰ ਪੈ ਗਏ ਹਨ।

ਬੇਸ਼ੱਕ ਮਾੜੇ ਦਿਨ ਚੱਲ ਰਹੇ ਸਨ ਪਰ ਮਾਂ ਦਾ ਉਪਰੇਸ਼ਨ ਸਫ਼ਲ ਹੋ ਜਾਣ ਨਾਲ ਇੱਕ ਆਸ ਜਿਹੀ ਬੱਝ ਗਈ ਸੀ ਕਿ ਜਦ ਏਨੇ ਗੰਭੀਰ ਦਰਦ ਦਾ ਇਲਾਜ਼ ਹੋ ਗਿਆ ਹੈ ਤਾਂ ਦੂਜੇ ਵੱਡੇ ਦਰਦ ਵੀ ਹੁਣ ਆਪਣੇ ਆਪ ਹੀ ਖ਼ਤਮ ਹੋ ਜਾਣਗੇ।

ਹੁਣ ਤਾਂ ਮੇਰੀ ਮਾਨਸਿਕ ਹਾਲਤ ਇਹ ਬਣ ਚੁੱਕੀ ਸੀ ਕਿ ਸਵੇਰੇ ਉੱਠਣ ਵੇਲ਼ੇ ਹੀ ਸੋਚਦਾ ਸਾਂ ਕਿ ਜੇ ਅਖ਼ਬਾਰ ਬੂਹੇ ਵਿੱਚ ਪਏ ਹੋਏ ਤਾਂ ਜਿੱਤ ਪੱਕੀ ਹੈ ਜੇ ਨਹੀਂ ਤਾਂ ਹਾਰ। ਮੇਰੇ ਇਸ ਮਨੋ ਵਹਿਮ ਕਾਰਨ ਕਿਸੇ ਦਿਨ ਤਾਂ ਅਖ਼ਬਾਰ ਸਾਹਮਣੇ ਪਏ ਵੇਖ ਕੇ ਉੱਠਦਿਆਂ ਹੀ ਦਿਲ ਨੂੰ ਧਰਵਾਸ ਹੁੰਦਾ ਕਿ ਇਸ ਲੜਾਈ ਵਿੱਚ ਮੇਰੀ ਹੀ ਜਿੱਤ ਹੋਵੇਗੀ। ਜਿਸ ਦਿਨ ਦਰਵਾਜ਼ਾ ਸੁੰਨਾ ਦਿਸਦਾ ਤਾਂ ਦਿਲ ਨੂੰ ਡੋਬੂ ਪੈਣ ਲੱਗ ਪੈਂਦੇ ਸਨ। ਭਾਵੇਂ ਕਿ ਮੈਂ ਸ਼ੁਰੂ ਤੋਂ ਹੀ ਤਰਕਸ਼ੀਲ ਵਿਚਾਰਾਂ ਦਾ ਧਾਰਨੀ ਰਿਹਾ ਹਾਂ ਪਰ ਮੈਨੂੰ ਇਸ ਤਰ੍ਹਾਂ ਦੀਆਂ

ਸੋਚਾਂ ਨੇ ਪਤਾ ਨਹੀਂ ਕਿਉਂ ਘੇਰ ਲਿਆ ਸੀ। ਇਹ ਗੱਲ ਮੇਰੀ ਸਮਝ ਤੋਂ ਵੀ ਬਾਹਰ ਦੀ ਹੈ। ਸ਼ਾਇਦ ਅਜਿਹੀਆਂ ਹਾਲਤਾਂ ਹੀ ਬੰਦੇ ਨੂੰ ਮਨੋ-ਰੋਗੀ ਬਣਾਅ ਦਿੰਦੀਆਂ ਹਨ। ਮੈਂ ਹਮੇਸ਼ਾਂ ਇਹ ਹੀ ਸੋਚਦਾ ਰਹਿੰਦਾ ਸਾਂ ਕਿ ਪੁਲਿਸ ਵਾਲੇ ਮੈਨੂੰ ਤੰਗ ਪ੍ਰੇਸ਼ਾਨ ਕਰ ਕੇ ਤਬਾਹ ਕਰਨ 'ਤੇ ਤੁਲ਼ੇ ਹੋਏ ਹਨ। ਇਹਨਾਂ ਨਾਲ ਦੋਸਤੀ ਤਾਂ ਮਾੜੀ ਹੀ ਮਾੜੀ ਪਰ ਦੁਸ਼ਮਣੀ ਤਾਂ ਉਸ ਤੋਂ ਵੀ ਕਈ ਗੁਣਾਂ ਮਾੜੀ ਹੁੰਦੀ ਹੈ। ਇਸ ਲਈ ਇਹਨਾਂ ਨੇ ਮੇਰਾ ਕੁਝ ਵੀ ਨਹੀਂ ਛੱਡਣਾ।

ਇਹ ਮਸਲਾ ਨਿੱਬੜ ਹੀ ਨਹੀਂ ਸੀ ਰਿਹਾ। ਮੈਂ ਵਾਰ-ਵਾਰ ਥਾਣਿਆਂ ਅਤੇ ਦਫ਼ਤਰਾਂ ਦੇ ਚੱਕਰ ਕੱਢ ਕੇ ਅੰਦਰੋਂ ਟੁੱਟ ਚੁੱਕਿਆ ਸਾਂ। ਹਰ ਵਾਰ ਕਈ-ਕਈ ਬੰਦਿਆਂ ਨੂੰ ਫ਼ੋਨ ਕਰਕੇ ਨਾਲ ਆਉਣ ਦੀ ਮਿੰਨਤ ਕਰਨੀ ਮੈਨੂੰ ਬੜਾ ਹੀ ਔਖਾ ਲੱਗਣ ਲੱਗ ਪਿਆ ਸੀ। ਭਾਵੇਂ ਕਿ ਅਗਲੇ ਦੇ ਮਨ ਦਾ ਮੈਨੂੰ ਕੁਝ ਵੀ ਗਿਆਨ ਨਹੀਂ ਸੀ ਹੁੰਦਾ ਪਰ ਮੈਨੂੰ ਲੱਗਣ ਲੱਗ ਜਾਂਦਾ ਕਿ ਮੇਰੀ ਵਜ੍ਹਾ ਨਾਲ ਕਈ ਬੰਦੇ ਖ਼ਰਾਬ ਹੋਈ ਜਾ ਰਹੇ ਹਨ। ਫਿਰ ਲੱਗਣ ਲੱਗਦਾ ਕਿ ਇਹ ਸਭ ਕੁਝ ਮੇਰੇ ਕਰਕੇ ਨਹੀਂ ਹੋ ਰਿਹਾ ਹੈ ਇਸ ਦੇ ਅਸਲੀ ਕਸੂਰਵਾਰ ਤਾਂ ਪੁਲਿਸ ਵਿਭਾਗ ਦੇ ਸਭ ਅਧਿਕਾਰੀ ਅਤੇ ਕਰਮਚਾਰੀ ਹੀ ਹਨ। ਮੈਂ ਏਨਾ ਅੱਕ ਗਿਆ ਸਾਂ ਕਿ ਮੈਂ ਆਪਣੇ ਖ਼ੁਦਕੁਸ਼ੀ ਪੱਤਰ ਤੱਕ ਵੀ ਲਿਖ ਕੇ ਰੱਖ ਦਿੱਤੇ ਸਨ। ਹੁਣ ਮੇਰੇ ਮਨ ਨੂੰ ਵਹਿਮ ਸੀ ਕਿ ਮੈਂ ਮਰ ਜਾਵਾਂਗਾ ਜਾਂ ਕਿਸੇ ਗੁੰਡੇ ਦੇ ਹੱਥੋਂ ਮਰਵਾਅ ਦਿੱਤਾ ਜਾਵਾਂਗਾ। ਮੈਨੂੰ ਫ਼ਿਕਰ ਵੀ ਹੋਣ ਲੱਗ ਪੈਂਦਾ ਕਿ ਮੇਰੇ ਤੋਂ ਬਾਅਦ ਮੇਰੀ ਘਰ ਵਾਲੀ, ਬੱਚੀਆਂ ਅਤੇ ਮਾਪਿਆਂ ਦਾ ਕੀ ਬਣੇਗਾ ?

ਇਸ ਦਾ ਇੱਕੋ ਹੀ ਹੱਲ ਨਜ਼ਰੀਂ ਆ ਰਿਹਾ ਸੀ ਕਿ ਮੈਂ ਆਪਣੀਆਂ ਬੇਟੀਆਂ ਨੂੰ ਆਪਣੇ ਤੋਂ ਪਹਿਲਾਂ ਖ਼ਤਮ ਕਰ ਦੇਵਾਂ ਅਤੇ ਫਿਰ ਆਪਣਾ ਜੀਵਨ ਤਿਆਗ ਦੇਵਾਂ। ਮੈਂ ਆਪਣੇ ਖ਼ੁਦਕੁਸ਼ੀ ਨੋਟ ਲਿਖਣ ਵੇਲ਼ੇ ਆਪਣੀ ਪਤਨੀ ਨੂੰ ਦੂਸਰਾ ਵਿਆਹ ਕਰਵਾਉਣ ਦੀ ਸਲਾਹ ਦਿੰਦਾ ਸੀ। ਵੱਖ-ਵੱਖ ਜਥੇਬੰਦੀਆਂ ਅਤੇ ਸੰਘਰਸ਼ਸ਼ੀਲ ਬੰਦਿਆਂ ਨੂੰ ਅਪੀਲ ਕਰਦਾ ਸਾਂ ਕਿ ਮੇਰਾ ਤੇ ਮੇਰੀਆਂ ਬੱਚੀਆਂ ਦਾ ਅੰਤਿਮ ਸਸਕਾਰ ਓਨਾ ਚਿਰ ਨਾ ਹੋਣ ਦੇਣ ਦਿੱਤਾ ਜਾਵੇ ਜਿੰਨਾ ਚਿਰ ਸਬੰਧਤ ਐਸ.ਪੀ., ਡੀ.ਐਸ.ਪੀ., ਇੰਸਪੈਕਟਰ, ਸਬੰਧਤ ਦੋਵੇਂ ਪੁਲਿਸ ਵਾਲੇ ਅਤੇ ਨਜਾਇਜ਼ ਕਬਜ਼ਾ ਕਰੀ ਬੈਠੇ ਬੰਦਿਆਂ 'ਤੇ ਕੇਸ ਦਰਜ ਨਹੀਂ ਹੋ ਜਾਂਦਾ। ਮੈਂ ਆਪਣੇ ਇਸ ਝਗੜੇ ਵਾਲੇ ਮਕਾਨ ਦੀ ਵਸੀਅਤ ਵੀ ਉਹਨਾਂ ਸਭ ਜਥੇਬੰਦੀਆਂ ਦੇ ਦਫ਼ਤਰ ਬਣਾਉਣ ਲਈ ਲਿਖ ਦਿੱਤੀ ਸੀ ਜਿਨ੍ਹਾਂ ਨੇ ਔਖੇ ਵੇਲ਼ੇ ਵਿੱਚ ਸਾਡੀ ਬਾਂਹ ਫੜੀ ਸੀ। ਬੱਸ, ਇੱਕ ਸ਼ਰਤ ਇਹ ਰੱਖੀ ਸੀ ਕਿ ਇਸ ਜਗ੍ਹਾ ਉੱਤੇ ਬਣਨ ਵਾਲੇ ਬਾਥਰੂਮਾਂ ਨੂੰ ਇਸ ਤਰ੍ਹਾਂ ਤਿਆਰ ਕੀਤਾ ਜਾਵੇ ਕਿ ਉਹ ਇਹਨਾਂ ਮੁਜ਼ਰਮਾਂ ਦੇ ਮੂੰਹ ਜਾਪਣ ਤੇ ਹਰ

ਪਿਸ਼ਾਬ ਜਾਂ ਮਲ਼ ਤਿਆਗ ਕਰਨ ਵਾਲਾ ਬੰਦਾ ਇਹਨਾਂ ਦੇ ਮੂੰਹ ਵਿੱਚ ਹੀ ਇਹ ਸਭ ਕੁਝ ਕਰੇ। ਮੈਂ ਇਸ ਸਭ ਬਾਰੇ ਆਪਣੇ ਕਿਸੇ ਵੀ ਪਰਿਵਾਰਿਕ ਮੈਂਬਰ ਨੂੰ ਭਾਫ਼ ਤੱਕ ਨਹੀਂ ਸੀ ਲੱਗਣ ਦਿੱਤੀ। ਸਿਰਫ਼ ਮੇਰੇ ਇੱਕ ਪੱਕੇ ਆੜੀ ਨਵਜੀਤ ਨੂੰ ਹੀ ਆਖ ਰੱਖਿਆ ਸੀ ਕਿ ਜੇਕਰ ਮੇਰੇ 'ਤੇ ਕੋਈ ਵੀ ਆਂਚ ਆ ਗਈ ਤਾਂ ਉਹ ਅਲਮਾਰੀ ਵਿੱਚ ਪਈ ਮੇਰੀ ਡਾਇਰੀ ਨੂੰ ਸੰਘਰਸ਼ਸ਼ੀਲ ਲੋਕਾਂ ਦੇ ਸਾਹਮਣੇ ਜ਼ਰੂਰ ਪੇਸ਼ ਕਰ ਦੇਵੇ। ਭਾਵੇਂ ਕਿ ਮੈਂ ਉਸ ਨੂੰ ਵੀ ਇਹ ਲਿਖਤਾਂ ਪੜ੍ਹਾਈਆਂ ਨਹੀਂ ਸਨ। ਪਰ ਮੇਰੀ ਇਹ ਗੱਲ ਸੁਣ ਕੇ ਉਹ ਬੜਾ ਪ੍ਰੇਸ਼ਾਨ ਹੋ ਗਿਆ ਸੀ। ਉਹ ਮੈਨੂੰ ਵਾਰ-ਵਾਰ ਹੌਸਲਾ ਦਿੰਦਾ ਰਹਿੰਦਾ ਸੀ। ਮੈਂ ਮਹਿਸੂਸ ਕੀਤਾ ਕਿ ਉਹ ਉੱਚ ਅਧਿਕਾਰੀ ਵਜੋਂ ਆਪਣੀ ਵੱਡੀ ਜ਼ੁੰਮੇਵਾਰੀ ਵਾਲੀ ਅਤੇ ਰੁਝੇਵਿਆਂ ਭਰੀ ਨੌਕਰੀ ਹੋਣ ਦੇ ਬਾਵਜੂਦ ਵੀ ਮੇਰੇ ਨਾਲ ਵੱਧ ਤੋਂ ਵੱਧ ਸਮਾਂ ਗੁਜ਼ਾਰਨ ਲੱਗ ਪਿਆ ਸੀ। ਮੈਨੂੰ ਉਸ ਦੀ ਸੰਗਤ ਵੇਲ਼ੇ ਤਾਂ ਪੂਰਾ ਹੌਸਲਾ ਰਹਿੰਦਾ ਸੀ ਪਰ ਬਾਅਦ ਵਿੱਚ ਮੈਂ ਫਿਰ ਨਾਕਾਰਾਤਮਿਕ ਸੋਚਾਂ ਵਿੱਚ ਬੁਰੀ ਤਰ੍ਹਾਂ ਘਿਰ ਜਾਂਦਾ ਸਾਂ।

ਮੈਂ ਆਤਮਹੱਤਿਆ ਕਰਨ ਵਾਲਾ ਆਪਣਾ ਇਹ ਫ਼ੈਸਲਾ ਇਸ ਕਰ ਕੇ ਵੀ ਅੱਗੇ ਪਾਈ ਜਾ ਰਿਹਾ ਸਾਂ ਕਿ ਮੇਰੀ ਮਾਂ ਦਾ ਜਬ੍ਹਾੜੇ ਦਾ ਉਪਰੇਸ਼ਨ ਹੋਣ ਕਰ ਕੇ ਉਸ ਤੋਂ ਮੇਰੀ ਲਾਸ਼ 'ਤੇ ਵੈਣ ਪਾ ਕੇ ਰੋਇਆ ਵੀ ਨਹੀਂ ਜਾਣਾ। ਉਪਰੇਸ਼ਨ ਹੋਣ ਕਾਰਨ ਸੁੱਜਿਆ ਹੋਇਆ ਉਸ ਦਾ ਚਿਹਰਾ ਅਤੇ ਪਿਛਲੇ ਕਈ ਦਿਨਾਂ ਤੋਂ ਅੰਨ ਦਾ ਇੱਕ ਵੀ ਦਾਣਾ ਅੰਦਰ ਨਾ ਲੰਘਾਅ ਸਕਣ ਕਾਰਨ ਮਾਂ ਬਹੁਤ ਕਮਜ਼ੋਰ ਹੋਈ ਪਈ ਸੀ। ਉਸ ਦੀ ਅਜਿਹੀ ਸ਼ਰੀਰਕ ਹਾਲਤ ਵਿੱਚ ਮੈਂ ਉਸ ਨੂੰ ਇਕੱਲਿਆਂ ਰੋਣ ਪਿੱਟਣ ਅਤੇ ਤਿੰਨ ਜੀਆਂ ਦੀ ਮੌਤ ਦਾ ਸਦਮਾ ਦੇਣ ਲਈ ਤਿਆਰ ਨਹੀਂ ਸਾਂ। ਇਹ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਸੀ ਕਿ ਉਹ ਇਸ ਟੁੱਟਣ ਵਾਲੇ ਕਹਿਰ ਕਾਰਨ ਨਾ ਰੋਵੇ। ਕਿਉਂਕਿ ਮੈਂ ਡੇਢ ਕੁ ਸਾਲ ਪਹਿਲਾਂ ਆਪਣੇ ਕੁਝ ਦਿਨਾਂ ਦੇ ਪੁੱਤਰ ਦਾ ਵਿਛੋੜਾ ਝੱਲ ਕੇ ਅਰਧ ਪਾਗ਼ਲਾਂ ਵਾਲੀ ਹਾਲਤ ਵਿੱਚ ਪੁੱਜ ਗਿਆ ਸਾਂ ਤਾਂ ਤਿੰਨ ਜੀਆਂ ਦੇ ਤੁਰ ਜਾਣ ਕਾਰਨ ਮੈਨੂੰ ਉਸ ਦੀ ਭਵਿੱਖ ਵਿੱਚ ਹੋਣ ਵਾਲੀ ਹਾਲਤ ਦਾ ਅੰਦਾਜ਼ਾ ਸਹਿਜੇ ਹੀ ਲੱਗ ਜਾਂਦਾ ਸੀ।

ਮੈਨੂੰ ਇੱਕ ਹੋਰ ਫ਼ਿਕਰ ਵੀ ਸਤਾਅ ਰਿਹਾ ਸੀ ਕਿ ਸਾਰੇ ਪਰਿਵਾਰਕ ਜੀਅ ਤਾਂ ਦਿਨ ਭਰ ਬਾਹਰ ਆਪਣੇ ਕੰਮੀਂ ਧੰਦੀਂ ਰੁੱਝੇ ਰਹਿੰਦੇ ਹਨ ਇਸ ਲਈ ਇਹ ਪੁਲਿਸ ਵਾਲੇ ਮੇਰੇ ਤੋਂ ਬਦਲਾ ਲੈਣ ਜਾਂ ਦਬਾਅ ਪਾਉਣ ਲਈ ਕਿਸੇ ਵੀ ਮੈਂਬਰ ਨਾਲ ਕੁਝ ਵੀ ਕਰਵਾਅ ਸਕਦੇ ਹਨ। ਇਸ ਦੇ ਹੱਲ ਲਈ ਮੈਂ ਜਦ ਵੀ ਕਿਸੇ ਪੁਲੀਸ ਅਧਿਕਾਰੀ ਨੂੰ ਕੋਈ ਸ਼ਿਕਾਇਤ ਲਿਖਦਾ ਤਾਂ ਅੰਤ ਵਿੱਚ ਇਹ ਸਤਰ ਜ਼ਰੂਰ ਪਾਉਣ ਲੱਗ ਪਿਆ ਸਾਂ, 'ਮੈਨੂੰ ਅਤੇ ਮੇਰੇ ਪਰਿਵਾਰਿਕ

ਮੈਂਬਰਾਂ ਨੂੰ ਮੁਕੰਮਲ ਖ਼ਤਰਾ ਬਣਿਆ ਹੋਇਆ ਹੈ ਅਤੇ ਕੁਝ ਪੁਲਿਸ ਮੁਲਾਜ਼ਮਾਂ ਦੀ ਇਸ ਕੇਸ ਵਿੱਚ ਸ਼ਮੂਲੀਅਤ ਹੋਣ ਕਾਰਨ ਗੁੰਡਾ-ਅਨਸਰ ਏਨੇ ਜ਼ਿਆਦਾ ਹੌਸਲੇ ਵਿੱਚ ਹਨ ਕਿ ਉਹ ਮੈਨੂੰ ਅਤੇ ਮੇਰੇ ਪਰਿਵਾਰਕ ਮੈਂਬਰਾਂ ਨੂੰ ਕੋਈ ਵੀ ਜਾਨੀ ਜਾਂ ਮਾਲੀ ਨੁਕਸਾਨ ਪਹੁੰਚਾਅ ਸਕਦੇ ਹਨ। ਇਸ ਸਭ ਦੀ ਜੁੰਮੇਵਾਰੀ ਕੇਵਲ ਤੇ ਕੇਵਲ ਪੁਲਿਸ ਵਿਭਾਗ ਦੀ ਹੀ ਹੋਵੇਗੀ।'

ਵਾਰ-ਵਾਰ ਲਿਖੀ ਜਾਂਦੀ ਇਸ ਸਤਰ ਦਾ ਅਸਰ ਇਹ ਹੋਇਆ ਕਿ ਸਾਡੇ ਉਸ ਘਰ ਅੱਗੇ ਬਿਨਾਂ ਨੰਬਰ-ਪਲੇਟ ਵਾਲੀਆਂ ਗੱਡੀਆਂ ਅਤੇ ਮੋਟਰ ਸਾਈਕਲ ਆਦਿ ਲੰਘਣੇ ਘਟੇ ਹੀ ਨਹੀਂ ਸਗੋਂ ਬੰਦ ਹੀ ਹੋ ਗਏ ਸਨ। ਸਾਨੂੰ ਮਹਿਸੂਸ ਵੀ ਹੋਇਆ ਕਿ ਹੁਣ ਅਸੀਂ ਕੁਝ ਸੁਰੱਖਿਅਤ ਹੋ ਗਏ ਹਾਂ ਤੇ ਜੇ ਸਾਡੇ ਕਿਸੇ ਵੀ ਮੈਂਬਰ 'ਤੇ ਕੋਈ ਹਮਲਾ ਹੁੰਦਾ ਹੈ ਤਾਂ ਇਸ ਦੀ ਜੁੰਮੇਵਾਰੀ ਪੁਲਿਸ ਵਿਭਾਗ ਦੀ ਬਣ ਜਾਵੇਗੀ। ਹੁਣ ਅਸੀਂ ਆਪਣੇ ਉਸ ਘਰ ਵਿੱਚ ਬੇ-ਝਿਜਕ ਗੇੜਾ ਮਾਰਨ ਦੇ ਯੋਗ ਹੋ ਗਏ ਸਾਂ। ਨਹੀਂ ਤਾਂ ਝਗੜੇ ਤੋਂ ਬਾਅਦ ਜਦ ਵੀ ਉਸ ਘਰ ਵਿੱਚ ਕੋਈ ਜਾਂਦਾ ਸੀ, ਉਸ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਸਨ, "ਭੱਜਦਿਆਂ ਨੂੰ ਤਾਂ ਵਾਹਣ ਇੱਕੋ ਜਿਹੇ ਹੀ ਹੁੰਦੇ ਨੇ। ਪੁਲਿਸ ਨਾਲ ਵੈਰ ਪਾ ਕੇ ਕੋਈ ਬਚਿਆ ਅੱਜ ਤੱਕ ? ਜੇ ਏਥੇ ਆਉਂਦੇ ਆ ਤਾਂ ਲੱਤਾਂ ਭੰਨੋਂ ਇਹਨਾਂ ਦੀਆਂ। ਚਾਰ ਮਾਰੋ ਤੇ ਭਜਾਅ ਦਿਓ।" ਆਦਿਕ ਗੱਲਾਂ ਸਾਡੇ ਪਰਿਵਾਰ ਦੇ ਕਿਸੇ ਨਾ ਕਿਸੇ ਜੀਅ ਨੂੰ ਉਸ ਵੇਲ਼ੇ ਸੁਣਨ ਨੂੰ ਮਿਲੀਆਂ ਸਨ ਜਦ ਵੀ ਉਹ ਝਗੜੇ ਤੋਂ ਬਾਅਦ ਉਸ ਘਰ ਗਏ ਸਨ। ਸ਼ਾਇਦ ਇਹ ਗੱਲਾਂ ਉਹਨਾਂ ਦੀ ਆਮ ਗੱਲਬਾਤ ਦੀਆਂ ਹੀ ਹੋਣ ਪਰ ਉਸ ਦਿਨ ਤੋਂ ਬਾਅਦ ਅੱਜ ਤੱਕ ਇਹ ਚਲਨ ਕਾਇਮ ਕਿਉਂ ਨਹੀਂ ਰਿਹਾ ? ਮੇਰੇ 'ਤੇ ਸਦਾ ਇਹ ਸੋਚ ਭਾਰੂ ਰਹਿੰਦੀ।

## ਅੱਠ

ਇੱਕ ਦਿਨ ਮੈਂ ਨਗਰ ਨਿਗਮ ਦੇ ਦਫ਼ਤਰ ਗਿਆ ਤਾਂ ਕਿ ਆਪਣੀ ਪਾਈ ਹੋਈ ਸ਼ਿਕਾਇਤ ਬਾਰੇ ਕੁਝ ਪਤਾ ਕਰ ਸਕਾਂ। ਉੱਥੋਂ ਦੇ ਹਾਲਾਤ ਵੇਖ ਕੇ ਮੇਰੇ ਹੱਥਾਂ ਦੇ ਤੋਤੇ ਹੀ ਉੱਡ ਗਏ। ਸਾਰੇ ਜਣੇ ਹੀ ਈ.ਓ. ਦੀ ਬਦਲੀ ਦੀਆਂ ਗੱਲਾਂ ਕਰੀ ਜਾ ਰਹੇ ਸਨ। ਮੇਰੇ ਲਈ ਇਹ ਸਿਰ 'ਤੇ ਮੁਸੀਬਤ ਵਾਲਾ ਪਹਾੜ ਟੁੱਟਣ ਵਾਲੀ ਗੱਲ ਸੀ।

ਭਰੇ ਜਿਹੇ ਮਨ ਨਾਲ ਮੈਂ ਈ.ਓ. ਦੇ ਦਫ਼ਤਰ ਵਿੱਚ ਵੜ ਗਿਆ। ਉਸ ਨੇ ਮੈਨੂੰ ਤੁਰੰਤ ਹੀ ਪਹਿਚਾਣ ਲਿਆ ਤੇ ਝੱਟ ਦੇਣੇ ਬੋਲਿਆ, "ਕਾਕਾ, ਮੇਰੀ

ਬਦਲੀ ਹੋ ਗਈ ਆ। ਮੈਂ ਇਸ ਨੂੰ ਰੁਕਵਾਉਣ ਦੇ ਚੱਕਰ 'ਚ ਆਂ। ਜੇ ਕਰ ਰੁਕ ਗਈ ਤਾਂ ਸਮਝ ਲੈ, ਉਹ ਮਕਾਨ ਤਾਂ ਢਿਹਾ ਹੀ ਪਿਐ। ਫੇਰ ਤੈਨੂੰ ਗੇੜਾ ਮਾਰਨ ਦੀ ਵੀ ਲੋੜ ਨ੍ਹੀਂ ਪੈਣੀਂ।"

ਮੈਂ ਉਸ ਨਾਲ ਉਸ ਦੀ ਰਾਜਨੀਤਿਕ ਅਧਾਰ ਕਾਰਨ ਹੋਈ ਇਸ ਬਦਲੀ ਬਾਬਤ ਇੱਕ ਦੋ ਹਮਦਰਦੀ ਦੀਆਂ ਗੱਲਾਂ ਕੀਤੀਆਂ। ਭਾਵੇਂ ਕਿ ਉਸ ਵਕਤ ਮੈਨੂੰ ਹੀ ਸਭ ਤੋਂ ਵੱਧ ਤੇ ਉਹ ਵੀ ਉਸ ਦੀ, ਹਮਦਰਦੀ ਤੇ ਸਹਾਇਤਾ ਦੀ ਲੋੜ ਸੀ। ਏਨਾ ਨਿਰਾਸ਼ ਮੈਂ ਕਦੇ ਪੁਲਿਸ ਦੇ ਵੱਖ-ਵੱਖ ਦਫ਼ਤਰਾਂ ਤੇ ਥਾਣਿਆਂ 'ਚੋਂ ਕਈ ਕਈ ਚੱਕਰ ਲਾ ਕੇ ਵੀ ਨਹੀਂ ਸਾਂ ਹੋਇਆ, ਜਿੰਨਾ ਕਿ ਮੈਂ ਨਗਰ ਨਿਗਮ ਵਿੱਚੋਂ ਈ.ਓ. ਦੇ ਬਦਲ ਜਾਣ ਕਾਰਨ ਹੋ ਕੇ ਆਇਆ ਸਾਂ। ਇਸ ਸਾਰੇ ਗੰਦੇ ਢਾਂਚੇ ਵਿੱਚ ਉਹ ਹੀ ਤਾਂ ਇੱਕੋ ਇੱਕ ਚੰਗਾ ਬੰਦਾ ਸੀ ਜਿਸ ਨੇ ਮੇਰੀ ਸਾਰੀ ਅਸਲੀਅਤ ਅਤੇ ਪੁਲਿਸ ਵਾਲਿਆਂ ਦੀਆਂ ਚਲਾਕੀਆਂ ਨੂੰ ਧੁਰ ਅੰਦਰ ਤੋਂ ਸਮਝਿਆ ਤੇ ਮੈਨੂੰ ਅਗਾਹ ਕੀਤਾ ਸੀ। ਇਹ ਹੀ ਤਾਂ ਉਹ ਬੰਦਾ ਸੀ ਜਿਸ ਨੇ ਡਟ ਕੇ ਸੱਚ ਦੇ ਹੱਕ ਵਿੱਚ ਖੜੋਣ ਦੀ ਹਿੰਮਤ ਕੀਤੀ ਸੀ। ਮੇਰੇ ਇਸ ਹਮਦਰਦ ਦੀ ਬਦਲੀ ਹੋ ਜਾਣਾ ਮੈਨੂੰ ਆਪਣੀ ਇੱਕ ਵੱਡੀ ਹਾਰ ਲੱਗ ਰਹੀ ਸੀ।

ਹੁਣ ਤਾਂ ਮੈਂ ਏਨਾ ਜ਼ਿਆਦਾ ਨਿਰਾਸ਼ ਹੋ ਗਿਆ ਸਾਂ ਕਿ ਮੈਨੂੰ ਇੱਥੋਂ ਤੱਕ ਵੀ ਯਾਦ ਨਹੀਂ ਸੀ ਰਹਿੰਦਾ ਕਿ ਅੱਜ ਲੰਘ ਰਿਹਾ ਦਿਨ ਕਿਹੜਾ ਵਾਰ ਹੈ। ਮੈਨੂੰ ਆਪਣੇ ਪਰਿਵਾਰਿਕ ਜੀਆਂ ਦੇ ਨਾਲ ਨਾਲ ਉਹਨਾਂ ਸਭ ਜਥੇਬੰਦੀਆਂ ਦਾ ਸਹਾਰਾ ਸੀ ਜਿਨ੍ਹਾਂ ਦੇ ਆਗੂਆਂ ਨੇ ਆਖ ਦਿੱਤਾ ਸੀ, "ਤੂੰ ਫ਼ਿਕਰ ਨਾ ਕਰ ਇਹ ਲੜਾਈ ਹੁਣ ਸਾਡੀ ਹੈ। ਜਿੱਤ ਵੀ ਸਾਡੀ ਤੇ ਹਾਰ ਵੀ ਸਾਡੀ।" ਇਹਨਾਂ ਗੱਲਾਂ ਨਾਲ ਮੇਰਾ ਧਰਵਾਸ ਤਾਂ ਬੱਝ ਜਾਂਦਾ ਸੀ ਪਰ ਮੈਨੂੰ ਆਪਣੇ ਕਮਜ਼ੋਰ ਪੈਂਦੇ ਜਾ ਰਹੇ ਕਦਮਾਂ ਕਰ ਕੇ ਇਹਨਾਂ ਸੰਘਰਸ਼ਸ਼ੀਲ ਲੋਕਾਂ ਨਾਲ ਬਿਖੜੇ ਪੈਂਡਿਆਂ ਉੱਤੇ ਤੁਰਨਾ ਬੜਾ ਹੀ ਔਖਾ ਲੱਗ ਰਿਹਾ ਸੀ।

ਲਿਖਣ-ਪੜ੍ਹਣ ਦਾ ਕੰਮ, ਜਿਹੜਾ ਕਿ ਮੇਰੇ ਜੀਵਨ ਦਾ ਅਹਿਮ ਹਿੱਸਾ ਰਿਹਾ ਸੀ ਉਹ ਬਿਲਕੁਲ ਹੀ ਛੁੱਟ ਚੁੱਕਾ ਸੀ। ਘਰ ਵਿੱਚ ਤਿੰਨ ਅਖ਼ਬਾਰ ਆਉਂਦੇ ਸਨ ਉਹ ਵੀ ਬਿਨਾਂ ਪੜ੍ਹੇ ਤੋਂ ਹੀ ਰਹਿ ਜਾਂਦੇ ਸਨ। ਛੁੱਟੀਆਂ ਵਿੱਚ ਪੜ੍ਹਣ ਲਈ ਲਿਆਂਦੀਆਂ ਕਿਤਾਬਾਂ ਉੱਤੇ ਵੀ ਏਨੀ ਧੂੜ ਜੰਮ ਚੁੱਕੀ ਸੀ ਕਿ ਉਹਨਾਂ ਨੂੰ ਛੇੜਣ ਨੂੰ ਹੀ ਮਨ ਨਹੀਂ ਕਰ ਰਿਹਾ ਸੀ। ਟੀ.ਵੀ. ਤਾਂ ਦੂਰ ਦੀ ਗੱਲ ਕਿਸੇ ਵੀ ਪਰਿਵਾਰਿਕ ਜੀਅ ਨੇ ਰੇਡੀਓ ਵੱਲ ਵੀ ਮੂੰਹ ਤੱਕ ਨਹੀਂ ਸੀ ਕੀਤਾ। ਸ਼ੁਕਰ ਇਸ ਗੱਲ ਦਾ ਸੀ ਕਿ ਇਹ ਮਹੀਨਾ ਗਰਮੀ ਦਾ ਚੱਲ ਰਿਹਾ ਸੀ ਤੇ ਕੋਈ ਵਿਆਹ ਸ਼ਾਦੀ ਦਾ ਸਮਾਗਮ ਵੀ ਨਹੀਂ ਆਇਆ ਸੀ ਪਰ ਜੇ ਇਹ ਮਹੀਨਾ ਸਰਦੀ ਦਾ ਹੁੰਦਾ ਤੇ ਕੋਈ ਨਾ ਕੋਈ ਸੱਦਾ ਪੱਤਰ ਆਇਆ ਹੀ

ਰਹਿਣਾ ਸੀ ਅਤੇ ਸਾਡਾ ਜਲੂਸ ਨਿਕਲ ਜਾਣਾ ਸੀ। ਸਭ ਨੇ ਮੂੰਹ ਜੋੜ-ਜੋੜ ਕੇ ਗੱਲਾਂ ਕਰਨੀਆਂ ਸਨ। ਹਰ ਕਿਸੇ ਨੇ ਉਸ ਖੁਸ਼ੀ ਦੇ ਮੌਕੇ ਸਾਡਾ ਉਦਾਸਿਆ ਜਿਹਾ ਮੂੰਹ ਬਣਾਅ ਕੇ ਰੱਖਣ ਦਾ ਕਾਰਨ ਪੁੱਛਣਾ ਸੀ ਤੇ ਬਾਅਦ ਵਿੱਚ ਮਖ਼ੌਲ ਵੀ ਉਡਾਉਣਾ ਸੀ।

ਉਹਨਾਂ ਨੇ ਮਜ਼ਾਕ ਤਾਂ ਉਡਾਉਣਾ ਹੀ ਸੀ ਕਿਉਂਕਿ ਇਸ ਔਖੇ ਵੇਲ਼ੇ ਵਿੱਚ ਅਸੀਂ ਆਪਣੇ ਇੱਕ ਸਭ ਤੋਂ ਤਕੜੇ ਰਿਸ਼ਤੇਦਾਰ ਦਾ ਸਹਾਰਾ ਤੱਕਿਆ ਸੀ ਕਿ ਉਹ ਸਾਡੀ ਮਦਦ ਕਰ ਦੇਵੇਗਾ। ਦੋ ਕੁ ਵਾਰ ਉਸ ਕੋਲ ਗਏ ਸਾਂ ਤਾਂ ਉਸ ਨੇ ਆਪਣੇ ਵੱਲੋਂ ਪੂਰੀ ਵਾਹ ਲਾ ਦੇਣ ਦੀ ਹਾਮੀ ਭਰੀ ਸੀ। ਤੀਜੀ ਵਾਰ ਗਏ ਤਾਂ ਉਸਨੇ ਆਪਣੀ ਲੜਕੀ ਦੇ ਵਿਆਹ ਦੀ ਮੂਵੀ ਵਿਖਾਅ ਕੇ ਤੇ ਉੱਥੇ ਆਏ ਵੱਡੇ-ਵੱਡੇ ਬੰਦਿਆਂ ਦੀ ਵਾਹ-ਵਾਹ ਕਰ ਕੇ ਹੀ ਸਾਨੂੰ ਟਰਕਾਅ ਦਿੱਤਾ ਸੀ। ਅਸੀਂ ਦੋਵੇਂ ਭਰਾ ਵਿਆਹ ਦੀ ਮੂਵੀ ਵੇਖੀ ਤਾਂ ਜਾ ਰਹੇ ਸਾਂ ਪਰ ਸਾਡੇ ਦਿਮਾਗ਼ ਅੰਦਰ ਤਾਂ ਹੋਰ ਹੀ ਫ਼ਿਲਮ ਚੱਲੀ ਜਾ ਰਹੀ ਸੀ। ਸਾਡੇ ਮਨਾਂ ਵਿਚਲੀ ਚੱਲ ਰਹੀ ਇਸ ਫ਼ਿਲਮ ਬਾਰੇ ਉਸ ਨੂੰ ਵੀ ਪਤਾ ਸੀ ਪਰ ਜਾਣ ਬੁੱਝ ਕੇ ਅਣਜਾਣ ਜਿਹਾ ਹੀ ਬਣਿਆ ਬੈਠਾ ਰਿਹਾ। ਇੱਕ ਦਿਨ ਫਿਰ ਜਦ ਅਸੀਂ ਉਸ ਕੋਲ ਮਦਦ ਦੀ ਉਮੀਦ ਰੱਖ ਕੇ ਗਏ ਤਾਂ ਉਸ ਨੇ ਅੱਗੋਂ ਇੱਕ ਹੋਰ ਹੀ ਸਵਾਲ ਪਾ ਦਿੱਤਾ ਸੀ, "ਭਾਣਜਾ ! ਕੋਈ ਵੱਡਾ ਸੌਦਾ ਕਰ ਬੈਠਾ ਹਾਂ। ਮੈਨੂੰ ਸੱਤ ਕੁ ਲੱਖ ਰੁਪਈਆ ਚਾਹੀਦੈ। ਦੋ ਕੁ ਮਹੀਨਿਆਂ ਲਈ, ਵਿਆਜ ਪੂਰਾ ਦੇਵਾਂਗਾ।"

"ਮਾਮਾ ਜੀ, ਜੇ ਏਨੇ ਪੈਸੇ ਮੇਰੇ ਕੋਲ ਹੁੰਦੇ ਤਾਂ ਮੈਂ ਉਹ ਪੁਲਸੀਏ ਉਂਝ ਹੀ ਝਟਕਾਅ ਦੇਣੇ ਸੀ ਤੇ ਏਦੂੰ ਥੋੜ੍ਹੇ ਖ਼ਰਚ ਕੇ ਬਰੀ ਵੀ ਹੋ ਜਾਣਾ ਸੀ। ਪੈਸੇ ਹੁੰਦੇ ਤਾਂ ਇਹ ਸਮੱਸਿਆ ਆਉਣੀ ਈ ਨ੍ਹੀਂ ਸੀ।" ਮੈਂ ਆਪਣੀ ਮਜਬੂਰੀ ਦੱਸੀ।

"ਸਾਡੇ ਜੀਜੇ ਕੋਲ ਤਾਂ ਬੜੇ ਨੇ, ਅਜੇ ਪਿਛਲੇ ਸਾਲ ਹੀ ਤਾਂ ਰਿਟਾਇਰ ਹੋਇਐ। ਉਸ ਤੋਂ ਲੈ ਕੇ ਦੇ ਦੇਵੋ। ਦੋ ਮਹੀਨੇ ਦੀ ਤਾਂ ਗੱਲ ਏ ਸਾਰੀ।" ਉਹ ਭੁੱਖ ਵਿਖਾਉਂਦਾ ਬੋਲਿਆ।

"ਤੁਸੀਂ ਆਪ ਹੀ ਗੱਲ ਕਰ ਲਓ, ਜੀਜਾ ਸਾਲਾ। ਸਾਨੂੰ ਵਿੱਚ ਕਾਹਨੂੰ ਲਿਆਉਂਦੇ ਓ, ਮਾਮਾ ਜੀ। ਤੁਸੀਂ ਆਪਣੇ ਭਾਣਜਿਆਂ ਦੀ ਮੱਦਦ ਦੱਸੋ ਕੀ ਕਰ ਸਕਦੇ ਓ ?" ਯਾਦਵਿੰਦਰ ਨੇ ਉਸ ਨੂੰ ਟੋਕਦਿਆਂ ਆਖਿਆ।

"ਇੱਕ ਗ਼ਰੀਬ ਬੰਦਾ ਕੀ ਮਦਦ ਕਰ ਸਕਦਾ ਏ ਜਦ ਉਸ ਦੇ ਭਾਣਜੇ ਹੀ ਨਾ ਆਪਣੇ ਹੋਏ। ਜੀਜੇ ਨੇ ਸਾਡਾ ਕੀ ਹੋਣੈਂ, ਜਿਹੜਾ ਸਾਡੀ ਭੈਣ ਲੈ ਕੇ ਵੀ ਮੁੱਕਰ ਗਿਐ।" ਉਹ ਨਿਹੋਰਾ ਜਿਹਾ ਮਾਰ ਕੇ, ਖ਼ਚਰੀ ਜਿਹੀ ਹਾਸੀ ਹੱਸਦਾ ਹੋਇਆ ਆਖਣ ਲੱਗਾ।

"ਮਾਮਾ ਜੀ, ਉਹ ਜਗ੍ਹਾ ਸਾਡੇ ਖ਼ੂਨ ਪਸੀਨੇ ਦੀ ਕਮਾਈ ਨਾਲ ਖਰੀਦੀ ਹੋਈ ਜਗ੍ਹਾ ਏ, ਥੋਡੇ ਵਾਂਙੂੰ ਟੈਕਸ ਚੋਰੀ ਕਰ ਕਰ ਕੇ ਬਣਾਈ ਹੋਈ ਜਗ੍ਹਾ ਨ੍ਹੀਂ ਹੈਗੀ। ਅੱਜ ਸਾਡੇ ਔਖੇ ਵੇਲ਼ੇ ਵਿੱਚ ਨਹੀਂ ਖੜ੍ਹਨਾ ਨਾ ਖੜ੍ਹੋ ਪਰ ਸਾਡੀ ਲਾਚਾਰੀ ਦਾ ਮਜ਼ਾਕ ਤਾਂ ਨਾ ਉਡਾਓ। ਵੱਡਿਓ ਅਮੀਰੋ ! ਜੇ ਉਹ ਜਗ੍ਹਾ ਸਾਡੀ ਹੱਕ ਹਲਾਲ ਦੀ ਕਮਾਈ ਦੀ ਹੋਈ ਤਾਂ ਮਿਲ ਜਾਵੇਗੀ, ਨਹੀਂ ਤਾਂ ਨਾ ਸਹੀ ਪਰ ਸਾਨੂੰ ਥੋਡਾ ਪਤਾ ਲੱਗ ਗਿਐ, ਮਾਅਮਾ ਜੀ।" ਯਾਦਵਿੰਦਰ ਨੇ ਏਨੀ ਉੱਚੀ ਦੇਣੇ ਆਖਿਆ ਕਿ ਮਾਮੇ ਦੀ ਫੈਕਟਰੀ ਵਿੱਚ ਕੰਮ ਕਰ ਰਹੇ ਸਾਰੇ ਕਰਿੰਦੇ ਆਪਣਾ ਕੰਮ ਛੱਡ ਕੇ ਸਾਡੇ ਵੱਲ ਵੇਖਣ ਲੱਗ ਪਏ ਸਨ।

ਮੇਰੇ ਉਸ ਦੂਰ ਦੇ ਮਾਮੇ ਦੀ ਅਸਲੀਅਤ ਉਸ ਦਿਨ ਸਮਝ ਆ ਗਈ ਸੀ ਜਿਹੜਾ ਕਿ ਆਪਣੀ ਪਹੁੰਚ ਦੀਆਂ ਬੜੀਆਂ ਹੀ ਪਾਡੀਆਂ ਮਾਰਦਾ ਹੁੰਦਾ ਸੀ ਤੇ ਸਾਡੇ 'ਤੇ ਵਖਤ ਪੈਣ ਵੇਲ਼ੇ ਸਾਡੀ ਮੱਦਦ ਕਰਨ ਦੀ ਥਾਂ ਉਲਟਾ ਸਾਡੇ ਕੋਲੋਂ ਹੀ ਆਰਥਿਕ ਮੱਦਦ ਮੰਗਣ ਲੱਗ ਪਿਆ ਸੀ। ਸਾਨੂੰ ਪੱਕੀ ਤਰ੍ਹਾਂ ਪਤਾ ਸੀ ਕਿ ਉਸ ਨੇ ਉਹ ਰਕਮ, ਜਿਹੜੀ ਕਿ ਸਾਡੇ ਕੋਲ ਹੈ ਹੀ ਨਹੀਂ ਸੀ, ਮੋੜਣ ਵੇਲ਼ੇ ਆਖ ਦੇਣਾ ਸੀ ਕਿ ਤੁਹਾਡੇ ਇਸ ਕੰਮ ਵਿੱਚ ਐਨੇ ਰੁਪਈਏ ਲੱਗ ਗਏ ਹਨ ਤੇ ਬਾਕੀ ਆਹ ਫੜੋ।

ਸ਼ਾਇਦ ਉਸ ਨੂੰ ਪਤਾ ਸੀ ਕਿ ਪੈਸੇ ਮੰਗਣ ਨਾਲ ਇਹ ਮੇਰੇ ਕੋਲ ਦੁਬਾਰਾ ਨਹੀਂ ਆਉਣਗੇ। ਅਸੀਂ ਵੀ ਉਸ ਦੀ ਸਾਰੀ ਗੱਲ ਸਮਝ ਚੁੱਕੇ ਸਾਂ ਤੇ ਇਸ ਰਿਸ਼ਤੇ ਨੂੰ ਪੱਕੀ ਤਰ੍ਹਾਂ ਤੋੜ ਦੇਣ ਅਤੇ ਭਵਿੱਖ ਵਿੱਚ ਉਸ ਦੀ ਸ਼ਕਲ ਤੱਕ ਵੀ ਨਾ ਵੇਖਣ ਦੀ ਸਹੁੰ ਖਾ ਕੇ ਮੁੜ ਆਏ ਸਾਂ। ਇੱਕ ਹੋਰ ਵੀ ਸਵਾਲ ਮਨ ਵਿੱਚ ਆ ਰਿਹਾ ਸੀ ਕਿ ਜਦ ਪੁਲਿਸ ਵਾਲੇ ਏਨੀਆਂ ਜਥੇਬੰਦੀਆਂ ਦੀ ਗੱਲ ਨਹੀਂ ਮੰਨ ਰਹੇ ਤਾਂ ਉਹਨਾਂ ਦੇ ਸਾਹਮਣੇ ਇਹ ਸਿਆਸੀ ਆਗੂਆਂ ਦਾ ਚਮਚਾ ਕੀਹਦਾ ਪਾਣੀ-ਹਾਰ ਹੈ। ਖੈਰ, ਮੁਸੀਬਤ ਪਈ ਤੋਂ ਇਸ ਵੱਡੇ ਅਮੀਰ ਤੇ ਕਾਰੋਬਾਰੀ ਰਿਸ਼ਤੇਦਾਰ ਦੇ ਹੀਜ ਪਿਆਜ਼ ਦਾ ਵੀ ਪਤਾ ਲੱਗ ਗਿਆ ਸੀ ਨਹੀਂ ਤਾਂ ਇਹਨੇ ਐਵੇਂ ਫੜ੍ਹਾਂ ਹੀ ਮਾਰੀ ਜਾਣੀਆਂ ਸੀ ਕਿ ਮੇਰੇ ਕੋਲ ਆ ਜਾਂਦੇ ਤਾਂ ਮੈਂ ਚੁਟਕੀ ਵਿੱਚ ਹੀ ਤੁਹਾਡਾ ਕੰਮ ਕਰਵਾਅ ਦੇਣਾ ਸੀ। ਉਸ ਦੇ ਘਰੋਂ ਬਾਹਰ ਆ ਕੇ ਯਾਦਵਿੰਦਰ ਮੈਨੂੰ ਸਮਝਾਉਣ ਲੱਗ ਪਿਆ, "ਭਾਵੇਂ ਮੈਂ ਤੇਰੇ ਤੋਂ ਚਾਰ ਕੁ ਸਾਲ ਹੀ ਵੱਡਾ ਹਾਂ ਪਰ ਐਹੋ ਜਿਹੇ ਮਾਮਿਆਂ ਦੀ ਅਸਲੀਅਤ ਮੈਂ ਤੇਰੇ ਤੋਂ ਜ਼ਿਆਦਾ ਚੰਗੀ ਤਰ੍ਹਾਂ ਸਮਝਦਾ ਹਾਂ। ਐਵੇਂ ਗੇੜੇ ਮਾਰ-ਮਾਰ ਕੇ ਆਪਾਂ ਬੇਵਕੂਫ਼ ਨਾ ਬਣੀਏ, ਤੇ ਕੋਈ ਹੋਰ ਹੱਲ ਸੋਚੀਏ। ਨਾਲੇ ਜਿਹੜਾ ਬੰਦਾ ਚੁਟਕੀ ਮਾਰ ਕੇ ਹੀ ਹਰ ਸਮੱਸਿਆ ਦਾ ਹੱਲ ਕਰਵਾਉਣ ਦਾ ਦਾਅਵਾ ਕਰਦਾ ਹੋਵੇ ਉਹ ਜ਼ਿਆਦਾ ਪਾਏਦਾਰ ਨਹੀਂ ਹੁੰਦਾ। ਫੂਦੂ ਪਟਾਕਾ ਹੀ ਹੁੰਦੈ।"

ਇੱਕ ਰਿਸ਼ਤੇਦਾਰ ਦੇ ਨਾਲ-ਨਾਲ ਮੇਰੇ ਦੋ ਦੋਸਤ ਵੀ ਵਿੱਚੋਂ ਹੀ ਛੱਡ ਕੇ ਭੱਜ ਤੁਰੇ ਸਨ। ਇੱਕ ਤਾਂ ਸਾਡੇ ਸ਼ਹਿਰ ਵਿੱਚ ਆਉਣ ਤੋਂ ਬਾਅਦ ਮੇਰਾ ਨਵਾਂ ਨਵਾਂ ਬਣਿਆ ਸਾਥੀ ਸੀ ਅਤੇ ਦੂਜਾ ਸਾਡੇ ਵਾਂਙ ਹੀ ਪਿੰਡ ਛੱਡ ਕੇ ਸ਼ਹਿਰ ਵਸਿਆ ਇੱਕ ਸੇਵਾ-ਮੁਕਤ ਫਰਮਾਸਿਸਟ ਸੀ। ਜਦ ਅਸੀਂ ਵਾਰ-ਵਾਰ ਇਸ ਮਸਲੇ ਦੇ ਹੱਲ ਲਈ ਵੱਖ-ਵੱਖ ਅਧਿਕਾਰੀਆਂ ਨੂੰ ਮਿਲਦੇ ਸਾਂ ਤਾਂ ਇਹ ਦੋਵੇਂ ਨਾਲ ਹੀ ਹੁੰਦੇ ਸਨ। ਇਸ ਮਸਲੇ ਦਾ ਕੋਈ ਵੀ ਹੱਲ ਨਹੀਂ ਸੀ ਨਿਕਲ ਰਿਹਾ ਤਾਂ ਇਹਨਾਂ ਦੋਵਾਂ ਨੇ ਵਿੱਚ ਪੈ ਕੇ ਦੂਜੀ ਧਿਰ ਨਾਲ ਸਮਝੌਤੇ ਦੀ ਗੱਲ ਚਲਾਈ ਸੀ।

ਮੈਂ ਤਾਂ ਕੀ ਸਾਰੇ ਹੀ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਰਾਜ਼ੀਨਾਮਾ ਜਾਂ ਸਮਝੌਤਾ ਕੋਈ ਬੁਰੀ ਗੱਲ ਨਹੀਂ ਸੀ ਤੇ ਨਾ ਹੀ ਹੁੰਦੀ ਹੈ। ਇਹਨਾਂ ਦੋਵਾਂ ਨੇ ਮਲਕੀਤ ਤੇ ਜਪਨਾਮ ਨਾਲ ਗੱਲ ਤੋਰ ਲਈ ਸੀ। ਉਹ ਥਾਂ ਦਾ ਅੱਧ ਕਰਨ ਲਈ ਆਖ ਰਹੇ ਸਨ। ਇਸ ਸਮਝੌਤੇ ਮੁਤਾਬਕ ਅਸੀਂ ਅੱਧੀ ਜਗ੍ਹਾ ਵਲ ਲੈਣੀ ਸੀ ਤੇ ਅੱਧੀ ਗਲੀ ਵਿੱਚ ਛੱਡ ਦੇਣੀ ਸੀ।

ਕੁਝ ਦਿਨਾਂ ਬਾਅਦ ਹੋਈ ਇੱਕ ਬੈਠਕ ਵਿੱਚ ਉਹਨਾਂ ਦੇ ਇਸ ਸੁਝਾਅ 'ਤੇ ਗ਼ੌਰ ਵੀ ਕੀਤਾ ਗਿਆ। ਸਭ ਦੀ ਰਾਇ ਸੀ ਕਿ ਇਸ ਤੋਂ ਵਧੀਆ ਸਮਝੌਤਾ ਤਾਂ ਡੀ.ਐਸ.ਪੀ. ਹੀ ਕਰਵਾਉਂਦਾ ਸੀ, ਜਿਹੜਾ ਛੱਡ ਦਿੱਤੇ ਜਾਣ ਵਾਲੇ ਅੱਧ ਦੇ ਪੈਸੇ ਦੁਆਉਣ ਲਈ ਤਾਂ ਆਖ ਰਿਹਾ ਸੀ। ਇਹ ਕਿਹੋ ਜਿਹਾ ਸਮਝੌਤਾ ਹੋਇਆ ਕਿ ਸਾਡੀ ਧਿਰ ਸੱਚੀ ਹੁੰਦੀ ਹੋਈ ਵੀ ਆਪਣਾ ਬਣਦਾ ਹੱਕ ਛੱਡ ਦੇਵੇ। ਇਸ ਲਈ ਇਸ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਗਿਆ ਸੀ। ਫਿਰ ਉਹ ਮੈਨੂੰ ਸਮਝਾਉਣ ਲੱਗ ਪਿਆ ਸੀ, "ਕਾਕਾ ਸਿਆਣਾ ਬਣ, ਸਿਆਣੇ ਆਖਦੇ ਨੇ, ਸਾਰਾ ਜਾਂਦਾ ਜੇ ਦਿਸੇ, ਅੱਧਾ ਦੇਈਏ ਵੰਡ ਵਾਲੀ ਗੱਲ ਵਾਂਙੂੰ ਹੁਣ ਤਾਂ ਤੈਨੂੰ ਅੱਧ ਮਿਲਦੈ, ਜੇ ਪੁਲਿਸ ਵਾਲੇ ਅੜ ਗਏ ਤਾਂ ਤੇਰਾ ਵਲ਼ਿਆ ਹੋਇਆ ਵੀ ਢੁਹਾਅ ਕੇ ਛੱਡਣਗੇ। ਸਿਆਣਾ ਬਣ, ਜ਼ਿਦ ਨਾ ਕਰ।"

"ਅੰਕਲ ਜੀ, ਇਹ ਘਰ ਮੈਂ ਆਪਣੇ ਖ਼ੂਨ ਪਸੀਨੇ ਦੀ ਕਮਾਈ ਨਾਲ ਖ਼੍ਰੀਦਿਆ ਹੋਇਆ ਹੈ। ਇਹ ਤਾਂ ਫਿਰ ਚੋਰੀ ਦੇ ਕੱਪੜੇ ਤੇ ਡਾਂਗਾਂ ਦੇ ਗਜ਼ ਵਾਲੀ ਗੱਲ ਹੋ ਗਈ। ਇਹ ਕੋਈ ਸ਼ਾਮਲਾਟ ਥੋੜ੍ਹੀ ਐ, ਜਿਹੜੀ ਮੈਂ ਧੱਕੇ ਨਾਲ ਵਲ਼ਣ ਲੱਗਾ ਹਾਂ ਜਿਹੜਾ ਅੱਧੀ ਛੱਡ ਦੇਵਾਂ। ਮੈਂ ਕਿਉਂ ਛੱਡਾਂ ? ਇਹ ਥਾਂ ਨੋਟਾਂ ਦੀ ਢੇਰੀ ਦੇ ਕੇ ਖਰੀਦੀ ਹੈ। ਮੇਰਾ ਵਾਲ ਵਾਲ ਕਰਜ਼ਾਈ ਹੋਇਆ ਪਿਐ।" ਮੈਂ ਉਸ ਦੀ ਪੇਸ਼ਕਸ਼ ਨੂੰ ਕੋਰੀ ਨਾਂਹ ਕਰ ਦਿੱਤੀ ਸੀ।

ਆਪਣੀ ਗੱਲ ਨਾ ਮੰਨੀ ਜਾਂਦੀ ਵੇਖ ਕੇ ਇੱਕ ਤਾਂ ਜ਼ਿਆਦਾ ਹੀ ਗਰਮੀ ਵਿੱਚ ਆ ਗਿਆ ਸੀ ਤੇ ਅਵਾ-ਤਵਾ ਬੋਲਣ ਲੱਗ ਪਿਆ ਸੀ। ਉਸ ਨੇ

ਆਪਣੇ ਮਨ ਦੀ ਭੜਾਸ ਖੂਬ ਕੱਢੀ। ਸਭ ਨੂੰ ਪਤਾ ਸੀ ਕਿ ਉਸ ਦੇ ਮਨ ਦੀ ਹਾਲਤ ਕੀ ਹੈ ? ਇਸ ਲਈ ਉਸ ਨੂੰ ਕਿਸੇ ਨੇ ਵੀ ਟੋਕਿਆ ਨਹੀਂ ਸੀ। ਜਦ ਉਸ ਨੇ ਵੇਖ ਲਿਆ ਕਿ ਸਾਰੇ ਜਣੇ ਉਸ ਦਾ ਸੁਝਾਅ ਮੰਨਣ ਲਈ ਤਿਆਰ ਨਹੀ ਹਨ ਤਾਂ ਉਹ ਗੁੱਸੇ ਨਾਲ ਦੂਜੇ ਸਾਥੀ ਨੂੰ ਆਪਣੇ ਨਾਲ ਲੈ ਕੇ ਵਿੱਚੋਂ ਹੀ ਚਲਾ ਗਿਆ ਸੀ। ਉਸ ਦੀ ਭਾਸ਼ਾ ਹੀ ਅਜਿਹੀ ਸੀ ਕਿ ਉਹ ਸਾਡੇ ਤੋਂ ਏਨਾ ਦੂਰ ਹੁੰਦਾ ਗਿਆ ਕਿ ਕਿਸੇ ਨੇ ਉਸ ਨੂੰ ਵਾਪਸ ਆਉਣ ਦਾ ਸੱਦਾ ਜਾਂ ਮਨਾਉਣ ਦੀ ਯਤਨ ਵੀ ਨਹੀਂ ਸੀ ਕੀਤਾ। ਸਭ ਇਹ ਹੀ ਚਾਹੁੰਦੇ ਸਨ ਕਿ ਇਸ ਸਰਕਾਰੀ ਹਿਮਾਇਤ ਪ੍ਰਾਪਤ ਧੱਕੇਸ਼ਾਹੀ ਵਿਰੁੱਧ ਡਟ ਕੇ ਲੜਿਆ ਜਾਵੇ। ਪਰ ਉਹ ਆਪਣੀਆਂ ਬੇਥਵੀਆਂ ਮਾਰਦਾ ਰਿਹਾ। ਇਸ ਤੋਂ ਬਾਅਦ ਉਹਨਾਂ ਦੋਵਾਂ ਨੇ ਇਸ ਮਾਮਲੇ ਨਾਲ ਕੋਈ ਵੀ ਲਾਗਾ-ਦੇਗ਼ਾ ਨਾ ਰੱਖਿਆ।

ਮੈਂ ਨਹੀਂ ਚਾਹੁੰਦਾ ਸੀ ਕਿ ਕੋਈ ਬੰਦਾ ਮੇਰਾ ਇਸ ਤਰ੍ਹਾਂ ਸਾਥ ਛੱਡ ਕੇ ਚਲਾ ਜਾਵੇ। ਇੱਕ ਦਿਨ ਜਦ ਅਸੀਂ ਫਿਰ ਇੰਸਪੈਕਟਰ ਨੂੰ ਮਿਲਣਾ ਸੀ ਤਾਂ ਮੈਂ ਉਹਨਾਂ ਦੋਵਾਂ ਨੂੰ ਫ਼ੋਨ ਮਿਲਾਅ ਲਿਆ। ਉਹਨਾਂ ਦੋਵਾਂ ਨੇ ਹੀ ਨਾ ਆਉਣ ਦਾ ਬਹਾਨਾ ਬਣਾਅ ਦਿੱਤਾ ਸੀ। ਉਸ ਦਿਨ ਤੋਂ ਬਾਅਦ ਉਹ ਮੈਨੂੰ ਮਿਲਦੇ ਤਾਂ ਰਹੇ ਪਰ ਸਾਡੇ 'ਚੋਂ ਕਿਸੇ ਨੇ ਵੀ ਇਸ ਮਾਮਲੇ ਦੇ ਸਬੰਧ ਵਿੱਚ ਕੋਈ ਗੱਲ ਨਾ ਛੇੜੀ। ਮੈਂ ਸਮਝ ਗਿਆ ਸਾਂ ਕਿ ਇਹਨਾਂ ਦੇ ਮਨ ਵਿੱਚ ਮੇਰੇ ਪ੍ਰਤੀ ਇਹ ਹੀ ਗੱਲ ਘਰ ਚੁੱਕੀ ਹੈ, 'ਲੜੀ ਚੱਲ ਇਕੱਲਾ, ਜਾਹ, ਅਸੀਂ ਨ੍ਹੀਂ ਸਾਥ ਦਿੰਦੇ। ਤੂੰ ਕਿਹੜਾ ਸਾਡੀ ਗੱਲ ਮੰਨੀਂ ਹੈ।'

ਉਹਨਾਂ ਦੋਵਾਂ ਦੀ ਗੱਲਬਾਤ ਦੇ ਰਉਂ ਤੋਂ ਹੀ ਮੈਂ ਸਮਝ ਗਿਆ ਸਾਂ ਕਿ ਵਧਦੀ ਉਮਰ ਕਾਰਨ ਉਹਨਾਂ ਦੀ ਨੌਜਵਾਨਾਂ ਨਾਲ ਮੀਜ਼ਾ ਨਹੀ ਸੀ ਮਿਲ ਰਹੀ। ਉਹ ਹੋਰ ਤਰ੍ਹਾਂ ਸੋਚਦੇ ਸਨ ਅਤੇ ਅਸੀਂ ਹੋਰ ਤਰ੍ਹਾਂ। ਮੈਂ ਉਹਨਾਂ ਦੀ ਸੁਯੋਗ ਅਗਵਾਈ ਚਾਹੁੰਦਾ ਸੀ ਪਰ ਸਾਡੀ ਸੋਚ ਦੇ ਟਕਰਾਅ ਕਾਰਨ ਉਹ ਕਿਸੇ ਵੀ ਵੇਲ਼ੇ ਸਾਥ ਛੱਡ ਸਕਦੇ ਸਨ। ਉਂਝ ਮੈਂ ਵੀ ਕੱਚੇ-ਪਿੱਲੇ ਸਾਥੀਆਂ ਦਾ ਸਾਥ ਦੀ ਥਾਂ ਠੋਸ ਦਲੀਲਬਾਜ਼ ਅਤੇ ਜੁਝਾਰੂ ਸੰਗੀਆਂ ਦਾ ਸੰਗ ਚਾਹੁੰਦਾ ਸਾਂ। ਇਸ ਲਈ ਮੈਂ ਮਨੋਂ-ਮਨੀਂ ਉਹਨਾਂ ਦਾ ਬੀਤੇ ਵੇਲ਼ੇ ਵਿੱਚ ਮੇਰੇ ਨਾਲ ਖੜ੍ਹਣ ਦਾ ਧੰਨਵਾਦ ਕਰਕੇ, ਉਹਨਾਂ ਦੀ ਲੰਬੀ ਉਮਰ ਦੀ ਕਾਮਨਾ ਕਰ ਕੇ ਹੀ ਆਪਣਾ ਖਹਿੜਾ ਛੁਡਵਾਅ ਲਿਆ ਸੀ। ਮੈਨੂੰ ਪਤਾ ਲਗਦਾ ਰਹਿੰਦਾ ਸੀ ਕਿ ਮੇਰਾ ਪਹਿਲਾ ਸਾਥੀ ਤਾਂ ਕਿਸੇ ਨਾਲ ਵੀ ਇਸ ਵਿਸ਼ੇ ਬਾਰੇ ਕੋਈ ਗੱਲ ਨਹੀਂ ਸੀ ਕਰਦਾ ਪਰ ਦੂਸਰਾ ਮੇਰੇ ਕਈ ਮਿੱਤਰਾਂ ਨੂੰ ਆਖਦਾ ਰਿਹਾ ਸੀ, "ਇਹ ਐਵੇਂ ਜ਼ਿਦ ਕਰੀ ਬੈਠੇ ਆ। ਆਪਣਾ ਨੁਕਸਾਨ ਕਰਵਾਉਣਗੇ। ਇਹ ਜਥੇਬੰਦੀਆਂ ਵਾਲੇ ਸਭ ਭੱਜ ਭੁੱਜ ਜਾਂਦੇ ਹੁੰਦੇ ਆ। ਪੈਂਦੀਆਂ 'ਚ ਅਜਿਹੇ ਮੌਕੇ ਕੋਈ ਨ੍ਹੀਂ ਖੜ੍ਹਦਾ ਹੁੰਦਾ। ਇਹ ਐਵੇਂ ਭਰਮ-ਭੁਲੇਖੇ ਪਾਲੀ ਬੈਠੈ ਐ।"

ਉਸ ਦੁਆਰਾ ਕੀਤੀਆਂ ਜਾਂਦੀਆਂ ਹੋਰ ਵੀ ਕਈ ਗੱਲਾਂ ਸਨ, ਜਿਹੜੀਆਂ ਕਿਵੇਂ ਨਾ ਕਿਵੇਂ ਮੇਰੇ ਤੱਕ ਪੁੱਜ ਜਾਂਦੀਆਂ ਸਨ ਪਰ ਮੈਂ ਇਹਨਾਂ ਨੂੰ ਇੱਕ ਕੰਨ ਵਿੱਚੋਂ ਦੀ ਪਾ ਕੇ ਦੂਜੇ ਵਿੱਚ ਦੀ ਕੱਢ ਦਿੰਦਾ ਸੀ।

ਹੁਣ ਸਭ ਕੱਚੇ ਪਿੱਲੇ ਝੜ ਚੁੱਕੇ ਸਨ ਤੇ ਮੇਰੇ ਨਾਲ ਪੱਕੀ ਧਿਰ ਬਣ ਕੇ ਖੜ੍ਹਣ ਵਾਲੇ ਹੀ ਮੇਰੇ ਪੱਖ ਵਿੱਚ ਰਹਿ ਗਏ ਸਨ। ਇਹਨਾਂ ਬੰਦਿਆਂ ਦੀ ਖ਼ਾਸੀਅਤ ਇਹ ਰਹੀ ਕਿ ਇਹਨਾਂ ਨੇ ਸਾਰਾ ਮਸਲਾ ਹੱਲ ਹੋਣ ਤੱਕ ਪਰਛਾਵੇਂ ਵਾਂਙ ਮੇਰਾ ਸਾਥ ਦੇਣ ਦਾ ਵਾਅਦਾ ਕਰ ਲਿਆ ਸੀ ਜੋ ਉਹ ਆਪਣੀ ਦਿੱਤੀ ਹੋਈ ਜ਼ੁਬਾਨ ਮੁਤਾਬਕ ਨਿਭਾਅ ਵੀ ਰਹੇ ਸਨ।

## ਨੌਂ

ਇਸ ਮਸਲੇ ਬਾਰੇ ਆਏ ਦਿਨ ਅਖ਼ਬਾਰਾਂ ਵਿੱਚ ਖ਼ਬਰਾਂ ਲੱਗਣ ਕਾਰਨ ਪੂਰੇ ਪੁਲਸ ਵਿਭਾਗ ਵਿੱਚ ਕਾਫ਼ੀ ਹਲਚਲ ਮੱਚ ਗਈ ਸੀ। 'ਵੱਡੇ ਸਿਰਾਂ' ਨੇ ਆਪਣੇ ਮੁਲਾਜ਼ਮਾਂ ਨੂੰ ਬਚਾਉਣ ਲਈ ਢੰਗ-ਤਰੀਕੇ ਸੋਚਣੇ ਸ਼ੁਰੂ ਕਰ ਦਿੱਤੇ ਗਏ ਸਨ। ਹੁਣ ਤਾਂ ਮੁਲਾਜ਼ਮ ਅਤੇ ਕਿਸਾਨ ਜਥੇਬੰਦੀਆਂ ਦੇ ਧਰਨਿਆਂ ਵਿੱਚ ਬੋਲਣ ਵਾਲੇ ਬੁਲਾਰੇ ਵੀ ਪੁਲਿਸ ਦੁਆਰਾ ਇਸ ਮਾਮਲੇ ਵਿੱਚ ਕੀਤੀ ਗਈ ਧੱਕੇਸ਼ਾਹੀ ਦਾ ਜ਼ਿਕਰ ਆਮ ਹੀ ਕਰਨ ਲੱਗ ਪਏ ਸਨ। ਉਹ ਸੰਘਰਸ਼ਸ਼ੀਲ ਲੋਕਾਂ ਨੂੰ ਇੱਕ ਨਵੇਂ ਸੰਘਰਸ਼ ਲਈ ਤਿਆਰ ਰਹਿਣ ਲਈ ਆਖ ਰਹੇ ਸਨ। ਇਸ ਸਭ ਕੁਝ ਦੀ ਚਰਚਾ ਅਧਿਆਪਕ ਜਥੇਬੰਦੀਆਂ ਦੀਆਂ ਬੈਠਕਾਂ ਵਿੱਚ ਵੀ ਹੁੰਦੀ ਅਤੇ ਇਹਨਾਂ ਬੈਠਕਾਂ ਦੀਆਂ ਖ਼ਬਰਾਂ ਵਿੱਚ ਇੱਕ ਅਧਿਆਪਕ ਨਾਲ ਪੁਲਿਸ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਦੀ ਪੁਰਜ਼ੋਰ ਨਿੰਦਾ ਵੀ ਕੀਤੀ ਜਾਂਦੀ ਸੀ।

ਸਾਡੇ ਲਈ ਇਹ ਬੜੀ ਹੀ ਤਸੱਲੀ ਵਾਲੀ ਗੱਲ ਸੀ ਕਿ ਲੋਕ ਪੁਲਿਸ ਦੇ ਇਸ ਬੇ-ਇਨਸਾਫ਼ੀ ਭਰੇ ਰਵੱਈਏ ਦੇ ਵਿਰੁੱਧ ਲਾਮਬੰਦ ਹੋ ਰਹੇ ਸਨ।

ਗਰਮੀ ਦੀਆਂ ਛੁੱਟੀਆਂ ਖ਼ਤਮ ਹੋਣ ਵਿੱਚ ਇੱਕ ਦਿਨ ਹੀ ਰਹਿੰਦਾ ਸੀ।

ਨੀਂਦ ਤਾਂ ਸਾਡੇ ਪਰਿਵਾਰ ਵਿੱਚੋਂ ਕਿਸੇ ਦੇ ਵੀ ਅੱਖਾਂ ਦੇ ਨੇੜੇ ਨਹੀਂ ਸੀ ਆਉਂਦੀ। ਉਸ ਰਾਤ ਵੀ ਮੈਂ ਸਾਰੀ ਰਾਤ ਉੱਸਲ-ਵੱਟੇ ਲੈਂਦੇ ਨੇ ਹੀ ਲੰਘਾਈ ਸੀ। ਮੈਂ ਸਵੇਰੇ ਅੱਠ ਕੁ ਵਜੇ ਉੱਠਿਆ ਸਾਂ। ਉੱਠਦੇ ਸਾਰ ਹੀ ਮੈਂ ਅੰਦਾਜ਼ਾ ਲਾ ਰਿਹਾ ਸਾਂ ਕਿ ਸਕੂਲ ਲੱਗਣ ਤੋਂ ਬਾਅਦ ਕਿੰਨੀਆਂ ਕੁ ਛੁੱਟੀਆਂ ਲੈਣੀਆਂ ਪੈ ਸਕਦੀਆਂ ਹਨ ਤੇ ਮੇਰੇ ਨਾਲ ਕਿੰਨੇ ਕੁ ਸਾਥੀ ਰੋਜ਼-ਰੋਜ਼ ਦਫ਼ਤਰਾਂ ਦੇ ਚੱਕਰ ਕੱਢ ਸਕਦੇ ਹਨ ? ਏਨੇ ਨੂੰ ਘੰਟੀ ਵੱਜੀ। ਜਦ ਦਰਵਾਜ਼ਾ ਖੋਲ੍ਹਿਆ ਤਾਂ ਮੇਰੇ

ਸਾਹਮਣੇ ਇੱਕ ਬੰਦਾ ਹੱਥ ਵਿੱਚ ਕੁਝ ਕਾਗਜ਼ ਲਈ ਖੜ੍ਹਾ ਸੀ।

ਪੁੱਛਣ ਤੇ ਪਤਾ ਲੱਗਾ ਕਿ ਉਹ ਅਦਾਲਤ ਦਾ ਹਰਕਾਰਾ ਹੈ ਅਤੇ ਅਦਾਲਤ ਦਾ ਇੱਕ ਨੋਟਿਸ ਲੈ ਕੇ ਆਇਆ ਸੀ। ਉਸ ਨੇ ਮੇਰੇ ਕੋਲੋਂ ਕੇਸ ਦਾ ਸੰਖੇਪ ਪੁੱਛਿਆ ਤਾਂ ਉਹ ਸਾਰੀ ਕਹਾਣੀ ਤੁਰੰਤ ਹੀ ਸਮਝ ਗਿਆ। ਮੇਰੀ ਗੱਲ ਸੁਣ ਕੇ ਆਖਣ ਲੱਗਾ, "ਜੇ ਥੋਡੇ ਕੋਲ ਰਜਿਸਟਰੀ ਹੈ ਤਾਂ ਕੰਨ 'ਚ ਉਂਗਲ ਦੇ ਕੇ ਸੌਂ ਜਾਓ। ਕੁਝ ਨ੍ਹੀਂ ਹੁੰਦਾ। ਇਹੋ ਜਿਹੇ ਕੁੱਤੇ ਐਵੇਂ ਈ ਭੌਂਕਦੇ ਹੁੰਦੇ ਨੇ ਤੇ ਫੇਰ ਆਪੇ ਹੀ ਚੁੱਪ ਕਰ ਜਾਂਦੇ ਹੁੰਦੇ ਆ।"

ਉਹ ਮੇਰੇ ਕੋਲੋਂ ਅਦਾਲਤ ਦਾ ਨੋਟਿਸ ਪ੍ਰਾਪਤ ਕਰਨ ਦੇ ਦਸਤਖਤ ਕਰਵਾਅ ਕੇ ਮੁੜ ਗਿਆ। ਅੰਦਰ ਆ ਕੇ ਮੈਂ ਇਸ ਅਦਾਲਤੀ ਨੋਟਿਸ ਨੂੰ ਚੰਗੀ ਤਰ੍ਹਾਂ ਪੜ੍ਹਣਾ ਸ਼ੁਰੂ ਕਰ ਦਿੱਤਾ। ਅਦਾਲਤੀ ਭਾਸ਼ਾ ਹੋਣ ਕਾਰਨ ਮੈਨੂੰ ਇਸ ਦੀ ਅੱਧੀ-ਪਚੱਧੀ ਹੀ ਸਮਝ ਆਈ ਸੀ ਪਰ ਏਨਾ ਕੁ ਪਤਾ ਜ਼ਰੂਰ ਲੱਗ ਗਿਆ ਸੀ ਕਿ ਗੁਰਨੇਕ ਨੇ ਮੇਰੇ 'ਤੇ ਇਲਜ਼ਾਮ ਲਗਾਇਆ ਹੈ ਕਿ ਮੈਂ ਗਲੀ ਦੀ ਜਗ੍ਹਾ ਉੱਤੇ ਕਬਜ਼ਾ ਕਰਨ ਨੂੰ ਫਿਰਦਾ ਹਾਂ। ਉਸ ਨੇ ਮੈਨੂੰ ਮੋਹਤਬਰ ਬੰਦਿਆਂ ਦੀ ਮੱਦਦ ਨਾਲ ਮੈਨੂੰ ਕਈ ਵਾਰ ਅਜਿਹਾ ਨਾ ਕਰਨ ਲਈ ਸਮਝਾਇਆ ਹੈ ਪਰ ਮੈਂ ਫਿਰ ਵੀ ਅਜਿਹਾ ਕਰਨ 'ਤੇ ਅੜਿਆ ਹੋਇਆ ਹਾਂ। ਅੰਤ ਉਸ ਨੇ ਅਦਾਲਤ ਨੂੰ ਬੇਨਤੀ ਕੀਤੀ ਸੀ ਅਤੇ ਮੇਰਾ ਇਹ ਕੰਮ ਰੁਕਵਾਉਣ ਲਈ ਸਟੇਅ ਦੀ ਮੰਗ ਕੀਤੀ ਹੈ। ਜੱਜ ਨੇ ਵੀ ਮਸਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਮੈਨੂੰ ਨੋਟਿਸ ਜਾਰੀ ਕਰਕੇ ਆਪਣਾ ਪੱਖ ਮਿਥੀ ਤਾਰੀਕ ਤੱਕ ਲਿਖਤੀ ਰੂਪ ਵਿੱਚ ਅਸਾਲਤਨ ਜਾਂ ਵਕਾਲਤਨ ਪੇਸ਼ ਕਰਨ ਦੇ ਲਈ ਆਦੇਸ਼ ਦਿੱਤਾ ਹੋਇਆ ਸੀ।

ਨੋਟਿਸ ਨੂੰ ਪੜ੍ਹਦਿਆਂ ਮੇਰੇ ਮੂੰਹ ਵਿੱਚੋਂ ਸੁਭਾਵਿਕ ਹੀ ਨਿਕਲਿਆ ਸੀ, "ਭੈਣ ਦਾ ਖ਼ਸਮ ! ਨਾਲੇ ਚੋਰ, ਨਾਲੇ ਚਤਰ।"

ਜਦ ਘਰ ਵਿੱਚ ਸਭ ਨੂੰ ਅਦਾਲਤ ਦੇ ਇਸ ਨੋਟਿਸ ਦੇ ਆਉਣ ਦਾ ਪਤਾ ਲੱਗਾ ਤਾਂ ਹਰ ਕੋਈ ਚਿੰਤਾ ਵਿੱਚ ਪੈ ਗਿਆ ਸੀ। ਅਸੀਂ ਆਪਣੇ ਪੱਕੇ ਸਮਰਥਕਾਂ ਨੂੰ ਇਸ ਬਾਰੇ ਦੱਸ ਦਿੱਤਾ ਸੀ। ਹਰ ਇੱਕ ਨੇ ਆਪਣੇ ਵੱਲੋਂ ਆਪਣੀ ਸਮਝ ਮੁਤਾਬਕ ਸਲਾਹ ਦਿੱਤੀ। ਕਿਹੜਾ ਵਕੀਲ ਕੀਤਾ ਜਾਵੇ ਅਤੇ ਇਸ ਮਸਲੇ ਨੂੰ ਕਿੰਝ ਨਜਿੱਠਿਆ ਜਾਵੇ, ਸਭ ਲਈ ਇਹ ਚਿੰਤਾ ਦਾ ਇੱਕ ਨਵਾਂ ਵਿਸ਼ਾ ਬਣ ਗਿਆ ਸੀ।

ਮੇਰੇ ਲਈ ਤਸੱਲੀ ਵਾਲੀ ਗੱਲ ਇਹ ਸੀ ਕਿ ਮੈਂ ਅਦਾਲਤ ਵਿੱਚ ਗੁਰਨੇਕ ਦੁਆਰਾ ਨੱਪੀ ਗਈ ਜਗ੍ਹਾ ਬਾਰੇ ਦੱਸਾਂਗਾ ਅਤੇ ਆਪਣੀ ਰਜਿਸਟਰੀ ਅਤੇ ਸਾਰੇ ਕਾਗਜ਼ ਪੇਸ਼ ਕਰ ਦੇਵਾਂਗਾ। ਪਹਿਲੀ ਹੀ ਪੇਸ਼ੀ ਵਿੱਚ ਮੇਰੇ ਕਾਗਜ਼ੀ-ਪੱਤਰੀ ਸਬੂਤ ਵੇਖ ਕੇ ਜੱਜ ਇਸ ਕੇਸ ਨੂੰ ਖ਼ਾਰਜ ਕਰ ਦੇਵੇਗਾ। ਇਸ ਦੇ ਨਾਲ

ਹੀ ਮੈਂ ਗੁਰਨੇਕ ਦੁਆਰਾ ਕੀਤੇ ਗਏ ਨਜਾਇਜ਼ ਕਬਜ਼ੇ ਨੂੰ ਵੀ ਕਾਨੂੰਨ ਦੇ ਸਾਹਮਣੇ ਲਿਆ ਦੇਵਾਂਗਾ। ਮੈਂ ਸੋਚ ਰਿਹਾ ਸਾਂ ਕਿ ਗੁਰਨੇਕ ਨਾਲ ਤਾਂ ਇੰਝ ਹੋਵੇਗੀ ਕਿ ਕੁੱਕੜ ਖੇਹ ਉਡਾਈ ਆਪਣੇ ਹੀ ਸਿਰ ਪਾਈ। ਮੈਨੂੰ ਭਾਸਣ ਲੱਗਾ ਕਿ ਚੋਰ ਤਾਂ ਆਪ ਹੀ ਪਾੜ ਵਿੱਚ ਫਸ ਗਿਆ ਹੈ ਇਸ ਲਈ ਹੁਣ ਘਬਰਾਉਣ ਦੀ ਕੋਈ ਵੀ ਲੋੜ ਨਹੀਂ ਹੈ।

ਮੇਰੀਆਂ ਇਹਨਾਂ ਸੋਚਾਂ ਤੋਂ ਬੇਖ਼ਬਰ ਯਾਦਵਿੰਦਰ ਡਾਢਾ ਹੀ ਚਿੰਤਾ ਦੇ ਸਮੁੰਦਰ ਵਿੱਚ ਗੋਤੇ ਲਾਈ ਜਾ ਰਿਹਾ ਸੀ। ਉਸ ਨੇ ਮੇਰੇ ਖੁਸ਼ੀ ਦੇ ਭਾਵ ਮੇਰੇ ਚਿਹਰੇ ਤੋਂ ਪੜ੍ਹਦਿਆਂ ਆਖਿਆ, "ਐਵੇਂ ਖੁਸ਼ ਨਾ ਹੋਈ ਜਾਹ। ਇਹ ਮਸਲਾ ਬੜਾ ਗੰਭੀਰ ਹੈ। ਇਸ ਨੂੰ ਡੂੰਘਾਈ ਨਾਲ ਸੋਚ। ਇਹ ਅਦਾਲਤੀ ਕੇਸ ਐ। ਅਦਾਲਤੀ ਕੇਸ ਤਾਂ ਕੁੰਡਲੀਆ ਨਾਗ ਹੁੰਦਾ। ਇਹ ਪਲਟ ਕੇ ਡੰਗ ਵੀ ਮਾਰ ਸਕਦਾ ਹੁੰਦੈ।"

ਮੈਂ ਤਾਂ ਆਪਣੀ ਸਚਾਈ ਕਾਰਨ ਹੀ ਲਾਚੜਿਆ ਫਿਰਦਾ ਸਾਂ ਪਰ ਉਸ ਦੇ ਇਹਨਾਂ ਬੋਲਾਂ ਨੇ ਮੈਨੂੰ ਇਸ ਨਵੀਂ ਜੰਗ ਨੂੰ ਲੜਣ ਲਈ ਨਵੇਂ ਢੰਗ-ਤਰੀਕੇ ਸੋਚਣ ਲਈ ਮਜਬੂਰ ਕਰ ਦਿੱਤਾ ਸੀ। ਹੁਣ ਮੇਰੇ ਲਈ ਵੀ ਇਹ ਚਿੰਤਾ ਦਾ ਵਿਸ਼ਾ ਬਣ ਗਿਆ ਸੀ ਕਿ ਵਿਰੋਧੀਆਂ ਦੇ ਇਸ ਨਵੇਂ ਵਾਰ ਦਾ ਟਾਕਰਾ ਕਰਨ ਲਈ ਪੈਂਤੜਾ ਅਪਣਾਉਣ ਵਾਸਤੇ ਕਿਹੜਾ ਵਕੀਲ ਕੀਤਾ ਜਾਵੇ ?"

ਅੰਤ ਵਿੱਚ ਪਰਿਵਾਰ ਦਾ ਫ਼ੈਸਲਾ ਹੋਇਆ ਕਿ ਅਸ਼ੋਕ ਸ਼ਰਮਾ ਨੂੰ ਹੀ ਵਕੀਲ ਕਰ ਲਿਆ ਜਾਵੇ। ਇਹ 'ਕਾਮਰੇਡਾਂ ਦੇ ਵਕੀਲ' ਵਜੋਂ ਪ੍ਰਸਿੱਧ ਹੈ। ਉਹ ਸਿਧਾਂਤਕ ਤੌਰ 'ਤੇ ਪ੍ਰਤੀਬੱਧ ਵੀ ਹੈ, ਪਰ ਆਪ ਪੱਕਾ ਕਾਮਰੇਡ ਹੋਣ ਕਰਕੇ ਕਿਸੇ ਵੀ ਕਾਮਰੇਡ ਪਰਿਵਾਰ ਦੇ ਮੁਕੱਦਮੇ ਵਿੱਚ ਤਾਂ ਪੂਰੀ ਤਰ੍ਹਾਂ ਜੀਅ ਜਾਨ ਲਾ ਦਿੰਦਾ ਹੈ। ਉਹ ਸਾਡੇ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਦਾ ਵੀ ਸੀ ਅਤੇ ਮੇਰੇ ਕਾਮਰੇਡ ਚਾਚੇ ਦਾ ਪੱਕਾ ਦੋਸਤ ਸੀ। ਚਾਚੇ ਦੇ ਅੱਤਵਾਦੀਆਂ ਦੁਆਰਾ ਕੀਤੇ ਕਤਲ ਤੋਂ ਬਾਅਦ ਖ਼ੁਦ ਹਥਿਆਰ ਚੁੱਕ ਕੇ ਪਰਿਵਾਰ ਦੀ ਮੱਦਦ ਲਈ ਅੱਗੇ ਆਉਂਦਾ ਰਿਹਾ ਸੀ। ਇਸ ਤੋਂ ਵੱਡੀ ਗੱਲ ਇਹ ਕਿ ਚਾਚੇ ਦੇ ਭੋਗ ਵਾਲੀ ਰਾਤ ਨੂੰ ਜਦ ਪਰਿਵਾਰ ਉੱਤੇ ਫਿਰ ਹਮਲੇ ਦਾ ਖ਼ਤਰਾ ਬਣਿਆ ਹੋਇਆ ਸੀ ਤਾਂ ਅਸ਼ੋਕ ਵੀ ਬਾਕੀ ਕਾਮਰੇਡਾਂ ਵਾਂਗ ਸਾਡੇ ਚੁਬਾਰੇ ਉੱਤੇ ਰਾਤ ਭਰ ਜਾਗ ਕੇ ਪਹਿਰਾ ਦੇਣ ਲਈ ਉੱਥੇ ਮੌਜੂਦ ਰਿਹਾ ਸੀ। ਪਰ ਰਾਤ ਨੂੰ ਕਹਾਣੀ ਕੁਝ ਹੋਰ ਹੀ ਬਣ ਗਈ ਸੀ ਅਤੇ ਅੱਤਵਾਦੀਆਂ ਨੇ ਸਾਡੇ ਘਰ ਉੱਤੇ ਹਮਲਾ ਕਰਨ ਦੀ ਬਜਾਇ ਇੱਕ ਹੋਰ ਕਾਮਰੇਡ ਦੇ ਘਰ ਉੱਤੇ ਹਮਲਾ ਕਰ ਕੇ ਛੇ ਬੰਦਿਆਂ ਨੂੰ ਮਾਰ ਦਿੱਤਾ ਸੀ, ਜਿਹੜੀ ਕਿ ਇੱਕ ਬਹੁਤ ਲੰਬੀ, ਹਿਰਦੇਵੇਧਕ ਅਤੇ ਵੱਖਰੀ ਕਹਾਣੀ ਹੈ। ਇਹ ਵਕੀਲ ਵੀ ਉਹਨਾਂ ਮੋਹਰੀ ਬੰਦਿਆਂ ਵਿੱਚੋਂ ਇੱਕ ਸੀ ਜਿਹੜੇ ਵਰ੍ਹਦੀਆਂ ਗੋਲ਼ੀਆਂ ਵਿੱਚ ਉਸ

ਘਰ ਵੱਲ ਨੂੰ ਭੱਜੇ ਸਨ ਅਤੇ ਜਿੰਨ੍ਹਾਂ ਨੇ ਉਸ ਪਰਿਵਾਰ ਦੇ ਮਾਰੇ ਗਏ ਸਭ ਬੰਦਿਆਂ ਦੀਆਂ ਲਾਸ਼ਾਂ ਨੂੰ ਸੰਭਾਲਿਆ ਸੀ।

ਉਸ ਦੇ ਇਹਨਾਂ ਅਹਿਸਾਨਾਂ, ਸਾਫ਼-ਸੁਥਰੇ ਕਿਰਦਾਰ ਵਾਲੇ ਅਕਸ ਅਤੇ ਕਿੱਤੇ ਨਾਲ ਪ੍ਰਤੀਬੱਧਤਾ ਨੂੰ ਵੇਖ ਕੇ ਅਸੀਂ ਆਪਣਾ ਮੁਕੱਦਮਾ ਅਸ਼ੋਕ ਸ਼ਰਮਾ ਨੂੰ ਹੀ ਦੇਣ ਦਾ ਫ਼ੈਸਲਾ ਕਰ ਲਿਆ ਸੀ।

ਭਾਵੇਂ ਉਹ ਦਿਨ ਐਤਵਾਰ ਦਾ ਸੀ ਪਰ ਜਦ ਅਸੀਂ ਉਸ ਨੂੰ ਫ਼ੋਨ ਕਰ ਕੇ ਮਿਲਣ ਲਈ ਆਖਿਆ ਤਾਂ ਉਸ ਨੇ ਸਾਨੂੰ ਦੁਪਹਿਰੇ ਇੱਕ ਵਜੇ ਆਪਣੇ ਚੈਂਬਰ 'ਚ ਆਉਣ ਵਾਸਤੇ ਕਹਿ ਦਿੱਤਾ ਸੀ।

ਮੈਂ, ਮੇਰੇ ਪਿਤਾ ਜੀ ਅਤੇ ਯਾਦਵਿੰਦਰ ਦਿੱਤੇ ਹੋਏ ਸਮੇਂ ਤੋਂ ਦਸ ਪੰਦਰਾਂ ਮਿੰਟ ਪਹਿਲਾਂ ਹੀ ਕਚਹਿਰੀ ਪਹੁੰਚ ਗਏ ਅਤੇ ਉਸ ਦੇ ਚੈਂਬਰ ਦੇ ਬਾਹਰ ਲੱਗੇ ਇੱਕ ਰੁੱਖ ਦੀ ਛਾਂ ਥੱਲੇ ਖੜ੍ਹ ਗਏ। ਮੈਂ ਅਸ਼ੋਕ ਸ਼ਰਮਾ ਨੂੰ ਪਹਿਲਾਂ ਕਦੇ ਵੀ ਨਹੀਂ ਵੇਖਿਆ ਸੀ। ਇਸ ਲਈ ਮੇਰੇ ਮਨ ਵਿੱਚ, ਘਰ ਦੇ ਜੀਆਂ ਤੋਂ ਸੁਣੀਆਂ ਹੋਈਆਂ ਗੱਲਾਂ ਕਰ ਕੇ ਉਸ ਦੀ ਸ਼ਕਲ ਵੇਖਣ ਦੀ ਜਗਿਆਸਾ ਵੀ ਪੈਦਾ ਹੋ ਰਹੀ ਸੀ।

ਪੰਜ ਕੁ ਮਿੰਟਾਂ ਵਿੱਚ ਹੀ ਇੱਕ ਬੰਦਾ ਪੁਰਾਣੇ ਜਿਹੇ ਬਜਾਜ ਸਕੂਟਰ ਉੱਤੇ ਆਇਆ ਅਤੇ ਸਕੂਟਰ ਦਾ ਸਟੈਂਡ ਲਾਉਂਦੇ ਹੋਏ ਸਾਹਿਬ ਸਲਾਮ ਤੋਂ ਬਾਅਦ ਮੇਰੇ ਪਿਤਾ ਨੂੰ ਸੰਬੋਧਤ ਹੁੰਦੇ ਹੋਏ ਬੋਲਿਆ, "ਹੋਰ ਲਖਵੀਰ, ਕੀ ਆਫਤ ਪੈ ਗਈ ? ਜਿਹੜਾ ਸਾਡੇ ਵੱਲ ਨੂੰ ਭੱਜਿਐਂ।"

"ਪੁੱਛ ਨਾ ਭਰਾਵਾ, ਬੜਾ ਦੁਖੀ ਹੋਏ ਪਏ ਆਂ। ਚੱਲ, ਬੈਠ ਕੇ ਦੱਸਦੇ ਆਂ।" ਮੇਰੇ ਪਿਤਾ ਜੀ ਉਸ ਵੱਲ ਨੂੰ ਹੋ ਤੁਰੇ ਤੇ ਅਸੀਂ ਦੋਵੇਂ ਭਰਾ ਵੀ ਬਿਨਾਂ ਕੁਝ ਬੋਲੇ ਉਹਨਾਂ ਦੇ ਮਗਰ ਤੁਰ ਪਏ। ਜਦ ਉਹ ਚੈਂਬਰ ਵਿੱਚ ਜਾ ਕੇ ਵਕੀਲ ਵਾਲੀ ਕੁਰਸੀ ਉੱਤੇ ਬੈਠਾ ਤਾਂ ਮੈਂ ਸਮਝ ਗਿਆ ਕਿ ਇਹ ਹੀ ਅਸ਼ੋਕ ਸ਼ਰਮਾ ਹੈ। ਮੈਨੂੰ ਬੜੀ ਹੀ ਹੈਰਾਨੀ ਹੋਈ ਕਿ ਇੱਕ ਨਾਮਵਰ ਵਕੀਲ ਇਸ ਤਰ੍ਹਾਂ ਸਧਾਰਨ ਜਿਹੇ ਕੱਪੜਿਆਂ ਵਿੱਚ ਅਤੇ ਟੁੱਟੇ ਜਿਹੇ ਸਕੂਟਰ ਉੱਤੇ ਤੁਰਿਆ ਫਿਰਦਾ ਹੈ। ਉਸ ਦੇ ਹੱਥ ਵਿੱਚ ਪੁਰਾਣਾ ਅਤੇ ਵੇਲ਼ਾ ਵਿਹਾਅ ਚੁੱਕਿਆ ਮੋਬਾਈਲ ਵੇਖ ਤਾਂ ਮੈਨੂੰ ਹੋਰ ਵੀ ਜ਼ਿਆਦਾ ਹੈਰਾਨੀ ਹੋਈ। ਮੇਰੇ ਦਿਮਾਗ਼ ਵਿੱਚ ਤਾਂ ਵਕੀਲਾਂ ਦੀ ਇੱਕ ਹੋਰ ਹੀ ਤਸਵੀਰ ਬਣੀ ਹੋਈ ਸੀ ਜਿਸ ਵਿੱਚ ਉਹ ਵੱਡੀਆਂ-ਵੱਡੀਆਂ ਗੱਡੀਆਂ ਉੱਤੇ ਝੂਟੇ ਲੈਂਦੇ, ਮਹਿੰਗੇ ਕੱਪੜੇ, ਮਹਿੰਗੇ ਮੋਬਾਈਲ ਲਈ ਫਿਰਦੇ ਅਤੇ ਰੋਅਬਦਾਰ ਸਖਸ਼ੀਅਤ ਵਾਲੇ ਹੁੰਦੇ ਸਨ।

ਅਗਲੇ ਹੀ ਪਲ਼ ਦਿਮਾਗ਼ ਵਿੱਚ ਆਇਆ ਕਿ ਜਦ ਇਹ ਸਾਰੀ ਦਿਹਾੜੀ ਰਹਿੰਦਾ ਹੀ ਕਾਮਰੇਡਾਂ ਵਿੱਚ ਹੈ ਤਾਂ ਹੀ ਤਾਂ ਇਹ ਵਿਚਾਰਾ 'ਕਾਮਰੇਡਾਂ ਦਾ ਵਕੀਲ' ਵੱਜਦਾ ਹੈ ਅਤੇ ਇਸ ਦੀ ਸ਼ਕਲ ਸੂਰਤ ਅਤੇ

ਰਹਿਣ-ਸਹਿਣ ਵੀ ਤਾਂ ਕਾਮਰੇਡਾਂ ਵਾਲਾ ਹੋਣਾ ਸੁਭਾਵਕ ਹੀ ਹੈ, ਜੈਸੀ ਸੰਗਤ ਵੈਸੀ ਰੰਗਤ। ਫਿਰ ਦਿਮਾਗ਼ ਵਿੱਚ ਆਇਆ ਕਿ ਚਲੋ ਆਪਾਂ ਨੂੰ ਕੀ ? ਆਪਾਂ ਅੰਬ ਚੂਪਣੇ ਕਿ ਦਰਖ਼ਤ ਗਿਣਨੇ ਨੇ। ਜੱਜ ਨੇ ਤਾਂ ਦਲੀਲਾਂ ਸੁਣਨੀਆਂ ਨੇ, ਉਸ ਨੂੰ ਕੀ ? ਕੋਈ ਜਿਵੇਂ ਮਰਜ਼ੀ ਰਹਿੰਦਾ ਹੋਵੇ।

ਅਸੀਂ ਆਪਣੀ ਸਾਰੀ ਰਾਮ ਕਹਾਣੀ ਆਪਣੇ ਵਕੀਲ ਨੂੰ ਸੁਣਾਅ ਦਿੱਤੀ। ਉਸ ਦੇ ਕਹਿਣ ਮੁਤਾਬਕ ਸਾਡਾ ਕੇਸ ਬੜਾ ਹੀ ਮਜ਼ਬੂਤ ਸੀ। ਉਸ ਨੇ ਵਿਚਲੀ ਗੱਲ ਇਹ ਵੀ ਦੱਸੀ ਕਿ ਮਸਲਾ ਪ੍ਰੈਸ ਵਿੱਚ ਆਉਣ ਅਤੇ ਜਥੇਬੰਦੀਆਂ ਦੇ ਹੱਥ ਲੱਗ ਜਾਣ ਕਾਰਨ ਇਹ ਕੇਸ ਪੁਲਿਸ ਵਾਲਿਆਂ ਨੇ ਜਾਣ-ਬੁੱਝ ਕੇ ਹੀ ਕਰਵਾਇਆ ਹੈ। ਹੁਣ ਪੁਲਿਸ ਵਿਭਾਗ ਨੇ ਬਚਾਅ ਦਾ ਇਹ ਰਾਹ ਹੀ ਲੱਭਿਆ ਹੈ ਕਿ ਉਹ ਇਸ ਮਸਲੇ ਨੂੰ ਅਦਾਲਤ ਵਿੱਚ ਭੇਜ ਕੇ ਆਪਣੇ ਆਪ ਨੂੰ ਇਹ ਆਖ ਕੇ ਮੁਕਤ ਕਰ ਲੈਣਗੇ ਕਿ ਇਹ ਮਾਮਲਾ ਅਦਾਲਤ ਵਿੱਚ ਹੈ ਤੇ ਉਹ ਇਸ ਵਿੱਚ ਕੁਝ ਵੀ ਨਹੀਂ ਕਰ ਸਕਦੇ ਹਨ। ਵਕੀਲ ਦੀ ਗੱਲ ਸੁਣ ਕੇ ਮੈਨੂੰ ਐਸ.ਪੀ. ਦੀ ਆਖੀ ਹੋਈ ਗੱਲ ਵੀ ਯਾਦ ਆ ਗਈ, ਉਸ ਨੇ ਇੱਕ ਦਿਨ ਮਿਲਣ ਗਿਆਂ ਸਾਨੂੰ ਕਿਹਾ ਸੀ ਕਿ ਜੇ ਕਰ ਦੂਜੀ ਧਿਰ ਅਦਾਲਤ ਵਿੱਚ ਚਲੀ ਗਈ ਤਾਂ ?

ਵਕੀਲ ਨੇ ਇੱਕ ਹੋਰ ਗੱਲ ਦੱਸੀ, ਉਹ ਇਹ ਕਿ ਇਹ ਕੇਸ ਏਨੀ ਕਾਹਲ਼ੀ ਨਾਲ ਤਿਆਰ ਕਰ ਕੇ ਕਰਨ ਦੀ ਕੀਤੀ ਗਈ ਹੈ ਕਿ ਕੱਲ੍ਹ ਹੀ ਇਹ ਕੇਸ ਅਦਾਲਤ ਵਿੱਚ ਲਾਇਆ ਗਿਆ ਸੀ। ਇਹ ਜ਼ਲਦਬਾਜ਼ੀ ਦਾ ਹੀ ਨਤੀਜ਼ਾ ਹੈ ਕਿ ਅੱਜ ਹੀ, ਉਹ ਵੀ ਐਤਵਾਰ ਵਾਲੇ ਦਿਨ, ਤੁਹਾਨੂੰ ਨੋਟਿਸ ਭੇਜ ਦਿੱਤਾ ਗਿਆ ਹੈ। ਇਹ ਕਾਹਲ਼ ਇਹ ਦਰਸਾਉਂਦੀ ਹੈ ਕਿ ਦੂਜੀ ਧਿਰ ਨੇ ਜ਼ਰੂਰ ਹੀ ਕਿਸੇ ਸਿਫਾਰਿਸ਼ ਨਾਲ ਇਹ ਤੇਜ਼ੀ ਕਰਵਾਈ ਹੈ ਜਾਂ ਫਿਰ ਸਬੰਧਤ ਕਲਰਕ ਤੇ ਹਰਕਾਰੇ ਨੂੰ ਪੈਸੇ ਦੇ ਕੇ ਛੁੱਟੀ ਵਾਲੇ ਦਿਨ ਹੀ ਇਹ ਨੋਟਿਸ ਤੁਹਾਨੂੰ ਭੇਜ ਦਿੱਤਾ ਗਿਆ ਹੈ। ਇਹ ਸਾਰਾ ਕੁਝ ਰਾਤੋ-ਰਾਤ ਹੀ ਹੋਇਆ ਹੈ। ਨਹੀਂ ਤਾਂ ਅਦਾਲਤਾਂ ਦੇ ਨੋਟਿਸ ਜਾਰੀ ਹੁੰਦਿਆਂ ਨੂੰ ਹੀ ਕਈ-ਕਈ ਦਿਨ ਤਾਂ ਕੀ ਕਈ-ਕਈ ਹਫ਼ਤੇ ਵੀ ਲੰਘ ਜਾਂਦੇ ਹਨ।

"ਹੈਂਅ ! ਅਦਾਲਤਾਂ ਵਿੱਚ ਵੀ ਅਜਿਹਾ ਕੁਝ ਚੱਲਦਾ ਹੈ ?" ਮੇਰੇ ਮੂੰਹੋਂ ਸੁਭਾਵਕ ਹੀ ਨਿਕਲਿਆ।

"ਏਥੇ ਤਾਂ ਹੋਰ ਵੀ ਬੜਾ ਕੁਝ ਚੱਲਦੈ, ਪੁੱਤਰਾ। ਤੂੰ ਪਹਿਲੀ ਵਾਰੀ ਆਇਆ ਲੱਗਦੈਂ, ਸਾਡੇ ਕੋਲ।" ਵਕੀਲ ਮੇਰੇ ਵੱਲ ਤਰਸ ਭਰੀ ਨਿਗ੍ਹਾ ਨਾਲ ਝਾਕਦਾ ਹੋਇਆ ਬੋਲਿਆ। ਉਹ ਜ਼ਰਾ ਕੁ ਮੁਸਕੁਰਾਅ ਵੀ ਪਿਆ ਸੀ।

"ਦੋ-ਤਿੰਨ ਵਾਰ ਆਇਆ ਸੀ, ਪਹਿਲਾਂ ਵੀ। ਚਾਚੇ ਦਾ ਮੁੰਡਾ ਹੈ ਨਾ, ਰਮਿੰਦਰ, ਉਹ ਲੱਗਾ ਹੁੰਦਾ ਸੀ ਇਸੇ ਕਚਹਿਰੀ ਵਿੱਚ। ਇੱਕ ਕਹਾਣੀ ਦੀ

ਪਾਤਰ ਉਸਾਰੀ ਕਰਨ ਵਾਸਤੇ ਅਦਾਲਤ ਦਾ ਦ੍ਰਿਸ਼ ਵੇਖਣ ਲਈ ਆਉਂਦਾ ਹੁੰਦਾ ਸੀ ਤਾਂ ਕਿ ਕਹਾਣੀ ਰੁਚੀਪੂਰਨ ਅਤੇ ਅਸਲੀ ਲੱਗੇ।" ਮੈਂ ਵਕੀਲ ਨੂੰ ਦੱਸਿਆ।

"ਅੱਗੇ ਤਾਂ ਪਾਠਕਾਂ ਨੂੰ ਵਿਖਾਉਂਦਾ ਹੁੰਦਾ ਸੀ ਕਚਹਿਰੀ ਦੇ ਨਜ਼ਾਰੇ।ਹੁਣ ਆਪ ਈ ਵੇਖ ਲਵੀਂ ਅਦਾਲਤ ਦਾ ਸਵਾਦ।ਤੇਰਾ ਏਨਾ ਤਜ਼ਰਬਾ ਹੋ ਜਾਣੈ ਕਿ ਭਾਵੇਂ ਸਾਰੀ ਉਮਰ ਬੈਠਾ ਲਿਖੀ ਜਾਈਂ, ਮੈਟਰ ਮੁੱਕਣਾ ਈ ਨ੍ਹੀਂ।" ਵਕੀਲ ਨੇ ਗੰਭੀਰ ਹੁੰਦੇ ਹੋਏ ਆਖਿਆ।

"ਇਹ ਮੁਕੱਦਮਾ ਕਿੰਨਾ ਕੁ ਚਿਰ ਚੱਲ ਸਕਦਾ ਏ ?" ਅਸਲ ਵਿੱਚ ਮੈਂ ਵਕੀਲ ਦੀ ਗੱਲ ਸੁਣ ਕੇ ਡਰ ਗਿਆ ਸਾਂ ਤੇ ਮੈਂ ਸੁਭਾਵਕ ਹੀ ਉਸ ਨੂੰ ਪੁੱਛ ਬੈਠਾ।

"ਵੇਖ, ਇਹ ਤਾਂ ਸਭ ਨੂੰ ਪਤਾ ਲੱਗੀ ਜਾਂਦੈ ਕਿ ਤੂੰ ਸੱਚਾ ਏਂ।ਇਹ ਤਾਂ ਜੱਜ 'ਤੇ ਨਿਰਭਰ ਕਰਦੈ ਕਿ ਉਸ ਦੇ ਮਨ ਵਿੱਚ ਕੀ ਆਉਂਦੀ ਏ ? ਹੋ ਸਕਦੈ ਉਹ ਪਹਿਲੀ ਤਾਰੀਕ 'ਤੇ ਹੀ ਇਸ ਮਾਮਲੇ ਨੂੰ ਖ਼ਾਰਜ ਕਰ ਦੇਵੇ ਤੇ ਹੋ ਸਕਦਾ ਇਹ ਲੰਮਾ ਵੀ ਚੱਲ ਜਾਵੇ।ਇਹਨਾਂ ਦੀਵਾਨੀ ਕੇਸਾਂ ਦਾ ਕੁਝ ਵੀ ਨ੍ਹੀਂ ਪਤਾ ਹੁੰਦਾ।ਦੋ-ਤਿੰਨ ਸਾਲ ਤਾਂ ਮਾਮੂਲੀ ਜਿਹੀ ਗੱਲ ਹੀ ਹੁੰਦੀ ਏ।ਜੇ ਲਮਕ ਜਾਣ ਤਾਂ ਦਸ-ਪੰਦਰਾਂ ਸਾਲ ਵੀ ਲੱਗ ਸਕਦੇ ਨੇ।" ਉਹ ਗੰਭੀਰਤਾ ਵਿਖਾਉਂਦਾ ਹੋਇਆ ਬੋਲਿਆ।ਵਕੀਲ ਦੀ ਗੱਲ ਸੁਣ ਕੇ ਮੈਂ ਤੇ ਯਾਦਵਿੰਦਰ ਇੱਕ-ਦੂਜੇ ਵੱਲ ਝਾਕੇ ਅਤੇ ਬਿਨ ਬੋਲੇ ਹੀ ਸਮਝ ਗਏ ਕਿ 'ਹੁਣ ਤਾਂ ਫਸ ਗਏ ਹਾਂ ਕਚਹਿਰੀਆਂ ਦੇ ਚੱਕਰਾਂ ਵਿੱਚ, ਲੰਮੀ ਲੜਾਈ ਲਈ ਤਿਆਰ ਹੋ ਜਾਈਏ।' ਵਕੀਲ ਨੇ ਅਗਲੇ ਦਿਨ ਸ਼ਾਮ ਨੂੰ ਆਉਣ ਦਾ ਸਮਾਂ ਦਿੱਤਾ ਤਾਂ ਜੋ ਸਾਰੇ ਕੇਸ ਦੀ ਤਿਆਰੀ ਮੁਕੰਮਲ ਕੀਤੀ ਜਾ ਸਕੇ।

ਉਸ ਦਿਨ ਮੈਂ ਡਾਢਾ ਹੀ ਉਦਾਸ ਅਤੇ ਨਿਰਾਸ਼ ਰਿਹਾ ਸਾਂ।ਮੈਨੂੰ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਭਵਿੱਖ ਵਿੱਚ ਮੇਰੇ ਨਾਲ ਕੀ-ਕੀ ਬੀਤਣ ਵਾਲਾ ਹੈ।ਨਾਕਾਰਤਮਕ ਸੋਚਾਂ ਸੋਚ-ਸੋਚ ਕੇ ਮੈਂ ਅਰਧ-ਪਾਗ਼ਲਾਂ ਵਾਲੀ ਹਾਲਤ ਵਿੱਚ ਪੁੱਜ ਚੁੱਕਾ ਸਾਂ।ਥਾਣਿਆਂ-ਕਚਹਿਰੀਆਂ ਸਬੰਧੀ ਪੜ੍ਹੀਆਂ ਕਹਾਣੀਆਂ, ਨਾਵਲ ਅਤੇ ਉਹਨਾਂ ਵਿਚਲੇ ਪਾਤਰ ਮੇਰੇ ਦਿਲ ਦਿਮਾਗ਼ 'ਤੇ ਛਾ ਗਏ ਸਨ।ਖਾਧੀ ਹੋਈ ਰੋਟੀ ਵੀ ਬਾਹਰ ਨੂੰ ਆ ਰਹੀ ਸੀ।ਮਨ ਹੀ ਮਨ ਵਿੱਚ, ਉਹ ਕਿਹੜੀ ਗਾਲ੍ਹ ਸੀ ਕਿ ਜਿਹੜੀ ਮੈਂ ਪੁਲਿਸ ਵਾਲਿਆਂ ਨੂੰ ਨਹੀਂ ਸੀ ਕੱਢੀ।

ਮੇਰੇ ਲੱਖ ਜਤਨ ਕਰਨ ਦੇ ਬਾਵਜੂਦ ਵੀ ਮੈਨੂੰ ਰਾਤ ਨੂੰ ਨੀਂਦ ਨਹੀਂ ਸੀ ਆ ਰਹੀ।ਸਾਰੀ ਰਾਤ ਮੈਂ ਕਦੇ ਕਮਰੇ ਦੇ ਅੰਦਰ ਅਤੇ ਕਦੇ ਬਾਹਰ ਤੁਰਿਆ ਫਿਰਦਾ ਰਿਹਾ।ਮੈਂ ਏਨੀ ਚੋਰੀ-ਚੋਰੀ ਉੱਠਦਾ ਸਾਂ ਕਿ ਕਿਤੇ ਨਾਲ ਪਈ

ਪਤਨੀ ਅਤੇ ਬੱਚਿਆਂ ਦੀ ਨੀਂਦ ਭੰਗ ਨਾ ਹੋ ਜਾਵੇ। ਕਮਰੇ ਦੇ ਅੰਦਰ ਪੈਂਦਾ ਸਾਂ ਤਾਂ ਘਬਰਾਹਟ ਹੁੰਦੀ ਸੀ ਤੇ ਜੇ ਬਾਹਰ ਜਾਂਦਾ ਸਾਂ ਤਾਂ ਪੈਰ ਭਾਰ ਨਹੀਂ ਝੱਲਦੇ ਸਨ। ਹਨੇਰੇ ਵਿੱਚ ਕਿਸੇ ਜਗ੍ਹਾ ਉੱਤੇ ਬੈਠਦਾ ਵੀ ਨਹੀਂ ਸਾਂ ਕਿ ਕਿਤੇ ਕੋਈ ਜ਼ਹਿਰੀਲਾ ਸੱਪ-ਸਲੂੰਗਾ ਹੀ ਨਾ ਲੜ ਜਾਵੇ। ਹਰੇਕ ਸਥਿੱਤੀ ਵਿੱਚ ਮੈਨੂੰ ਡਰ ਹੀ ਡਰ ਨਜ਼ਰੀਂ ਆ ਰਿਹਾ ਸੀ।

ਉਨੀਂਦਰੇ ਵਿੱਚ ਜਦ ਵਿਹੜੇ ਵਿੱਚ ਗੇੜਾ ਕੱਢ ਕੇ ਫਿਰ ਅੰਦਰ ਵੜਿਆ ਤਾਂ ਅਮਿਤਾ ਨੇ ਮੈਨੂੰ ਬੜੇ ਹੀ ਪਿਆਰ ਨਾਲ ਆਖਿਆ, "ਹੁਣ ਪੈ ਵੀ ਜਾਓ। ਕਿੰਨੇ ਕੁ ਚੱਕਰ ਕੱਢੀ ਜਾਓਗੇ। ਕੁਝ ਨ੍ਹੀਂ ਹੁੰਦਾ ਆਪਾਂ ਨੂੰ। ਆਪਾਂ ਕਿਹੜਾ ਝੂਠੇ ਆਂ। ਆਏਂ ਨੀਂਦ ਗੁਆਉਣ ਨਾਲ ਕਿਹੜਾ ਜੱਜ ਨੇ ਛੇਤੀ ਫ਼ੈਸਲਾ ਕਰ ਦੇਣਾ ਏ।"

ਮੇਰੀ ਤਾਂ ਜਿਵੇਂ ਚੋਰੀ ਫੜੀ ਗਈ ਸੀ। ਇਸ ਲਈ ਮੈਂ ਬਿਨਾਂ ਬੋਲੇ ਹੀ ਗੱਦੇ ਉੱਤੇ ਪੈ ਗਿਆ। ਅੱਖਾਂ ਬੰਦ ਕਰ ਕੇ ਸੌਣ ਦਾ ਜਤਨ ਕਰਨ ਲੱਗ ਪਿਆ ਪਰ ਫਿਰ ਵੀ ਮੈਨੂੰ ਥਾਣਾ ਤੇ ਕਚਹਿਰੀ ਹੀ ਦਿਸੀ ਜਾ ਰਹੀ ਸੀ ਤੇ ਜੇ ਅੱਖਾਂ ਖੋਲ੍ਹ ਵੀ ਲੈਂਦਾ ਸਾਂ ਤਾਂ ਵੀ ਉਹੀ ਦ੍ਰਿਸ਼ ਨਜ਼ਰੀਂ ਆਈ ਜਾ ਰਹੇ ਸਨ। ਏਨੀ ਪ੍ਰੇਸ਼ਾਨੀ ਮੈਂ ਪਹਿਲਾਂ ਕਦੇ ਵੀ ਨਹੀਂ ਹੰਢਾਈ ਸੀ। ਅੱਕ ਕੇ ਮੈਂ ਬੈੱਡ ਦੇ ਦਰਾਜ ਵਿੱਚੋਂ ਇੱਕ ਨੀਂਦ ਵਾਲੀ ਗੋਲ਼ੀ ਕੱਢ ਕੇ ਖਾ ਲਈ ਪਰ ਇਸ ਨੇ ਵੀ ਕੋਈ ਅਸਰ ਨਾ ਕੀਤਾ। ਸਵੇਰ ਨੂੰ ਮੈਂ ਜਿਵੇਂ ਪਿਆ ਸੀ, ਉਵੇਂ ਹੀ ਉੱਠ ਖੜੋਤਾ।

ਆਖ਼ਰੀ ਛੁੱਟੀ ਸੀ। ਮੈਂ ਉਨੀਂਦਰੇ ਦਾ ਮਾਰਿਆ ਹੋਇਆ ਸਾਂ ਪਰ ਫਿਰ ਵੀ ਸੋਚ ਲਿਆ ਕਿ ਜਿੰਨੇ ਕੰਮ ਹੋ ਸਕਦੇ ਹਨ, ਉਹ ਨਿਬੇੜ ਹੀ ਲਏ ਜਾਣ। ਮੈਂ ਤਿਆਰ ਹੋ ਕੇ ਨਗਰ ਨਿਗਮ ਦੇ ਦਫ਼ਤਰ ਗਿਆ। ਈ.ਓ. ਦੇ ਬਦਲ ਜਾਣ ਕਾਰਨ ਹੁਣ ਮੇਰਾ ਕੇਸ ਵੀ ਦਬ ਚੁੱਕਾ ਸੀ। ਉੱਥੇ ਅਜੇ ਕਿਸੇ ਵੀ ਨਵੇਂ ਅਧਿਕਾਰੀ ਦੀ ਨਿਯੁਕਤੀ ਨਹੀਂ ਕੀਤੀ ਗਈ ਸੀ। ਇਸ ਕਰਕੇ ਮੇਰੀ ਅਰਜ਼ੀ 'ਤੇ ਕੋਈ ਵੀ ਕਾਰਵਾਈ ਨਹੀਂ ਹੋ ਸਕੀ ਸੀ। ਜਿਸ ਦਫ਼ਤਰ ਦਾ ਸਭ ਤੋਂ ਵੱਡਾ ਅਧਿਕਾਰੀ ਮੈਨੂੰ 'ਪੁੱਤਰ' ਆਖ ਕੇ ਬੁਲਾਉਂਦਾ ਹੁੰਦਾ ਸੀ ਅੱਜ ਉਸ ਦਫ਼ਤਰ ਦਾ ਚਪੜਾਸੀ ਵੀ ਮੈਨੂੰ ਆਖ ਰਿਹਾ ਭਾਸਦਾ ਸੀ, 'ਏਧਰ ਕਿਵੇਂ ਮੂੰਹ ਚੁੱਕੀ ਫਿਰਦਾ ਏਂ ?'

ਆਪਣੀ ਇਹ ਸ਼ਰਮਸਾਰੀ ਮੇਰੇ ਲਈ ਨਿਰਾਸ਼ਾ ਦੀ ਗੱਲ ਤਾਂ ਹੈ ਹੀ ਸੀ ਮੇਰੇ ਲਈ ਇੱਕ ਹੋਰ ਵੱਡੀ ਹਾਰ ਵੀ ਸੀ। ਚੁੱਕੇ ਜਾਣ ਵਾਲੇ ਆਪਣੇ ਇਸ ਫ਼ੈਸਲਾਕੁੰਨ ਪਹਿਲੇ ਕਦਮ 'ਤੇ ਹੀ ਹਾਰ ਜਾਣ ਕਾਰਨ ਮੈਂ ਧੁਰ ਅੰਦਰ ਤੋਂ ਟੁੱਟਣ ਦੇ ਨਾਲ-ਨਾਲ ਮਾਨਸਿਕ ਤੌਰ 'ਤੇ ਝੰਜੋੜਿਆ ਵੀ ਗਿਆ ਸਾਂ।

ਇਸ ਦਿਨ ਹੀ ਅਸੀਂ ਮੁਕੱਦਮੇ ਦੀ ਤਿਆਰੀ ਵਾਸਤੇ ਵਕੀਲ ਕੋਲ ਵੀ

ਜਾਣਾ ਸੀ। ਉਸ ਦੇ ਦੱਸੇ ਹੋਏ ਸਮੇਂ ਤੋਂ ਪਹਿਲਾਂ ਹੀ ਯਾਦਵਿੰਦਰ ਘਰ ਆ ਗਿਆ ਸੀ ਅਤੇ ਮੈਨੂੰ ਵਕੀਲ ਦੇ ਦਿੱਤੇ ਹੋਏ ਸਮੇਂ ਬਾਰੇ ਯਾਦ ਕਰਵਾਉਣ ਲੱਗ ਪਿਆ। ਮੇਰੀ ਹਾਲਤ ਅਜਿਹੀ ਹੋ ਚੁੱਕੀ ਸੀ ਕਿ ਮੈਂ ਚਾਹੁੰਦਾ ਸਾਂ ਕਿ ਮੈਨੂੰ ਕੋਈ ਵੀ ਨਾ ਬੁਲਾਵੇ ਅਤੇ ਨਾ ਹੀ ਮੇਰੇ ਨੇੜੇ ਆਵੇ। ਮੈਂ ਤੁਰੰਤ ਹੀ ਯਾਦਵਿੰਦਰ ਨੂੰ ਜਵਾਬ ਦੇ ਦਿੱਤਾ ਕਿ ਮੈਂ ਨਹੀਂ ਜਾ ਸਕਦਾ। ਸ਼ਾਇਦ ਉਹ ਮੇਰੀ ਮਾਨਸਿਕ ਸਥਿੱਤੀ ਸਮਝ ਗਿਆ ਸੀ ਤੇ ਉਹ ਆਖਣ ਲੱਗਾ, "ਆਪਾਂ ਤਾਂ ਕਾਗਜ਼ ਹੀ ਵਕੀਲ ਨੂੰ ਦੇ ਕੇ ਆ ਜਾਣਾ ਹੈ, ਬਾਕੀ ਉਹ ਆਪੇ ਵੇਖੇਗਾ। ਆਪਾਂ ਤਾਂ ਫੀਸ ਦੇ ਕੇ ਵਿਹਲੇ ਹੋ ਜਾਣਾ ਏ, ਪਰ ਤੇਰਾ ਜਾਣਾ ਤਾਂ ਲਾਜ਼ਮੀ ਏ। ਮੈਂ ਤੇਰੇ ਕੇਸ ਵਿੱਚ ਇਕੱਲਾ ਕੁਝ ਵੀ ਨ੍ਹੀਂ ਕਰ ਸਕਦਾ। ਤੇਰੇ ਦਸਤਖਤ ਵੀ ਤਾਂ ਜ਼ਰੂਰੀ ਨੇ।"

ਮੈਨੂੰ ਉਸ 'ਤੇ ਪਹਿਲਾਂ ਵਾਂਙ ਹੀ ਰੱਬ ਵਰਗਾ ਭਰੋਸਾ ਸੀ ਸ਼ਾਇਦ ਇਸੇ ਕਾਰਨ ਮੈਂ ਕਾਗਜ਼-ਪੱਤਰ ਚੁੱਕ ਕੇ ਵਕੀਲ ਨੂੰ ਮਿਲਣ ਲਈ ਤੁਰ ਪਿਆ। ਮੇਰਾ ਦਿਲ ਟੁੱਟਿਆ ਹੋਇਆ ਸੀ ਤੇ ਇਸ ਮਾਮਲੇ ਤੋਂ ਅੱਕਣ ਦੇ ਨਾਲ-ਨਾਲ ਮੈਂ ਥੱਕ ਵੀ ਚੁੱਕਾ ਸਾਂ। ਵਕੀਲ ਦੁਆਰਾ ਕਾਗਜ਼ ਮੰਗਣ 'ਤੇ ਮੈਂ ਨਾਂਹ ਕਰ ਦਿੱਤੀ ਅਤੇ ਫਿੱਸ ਹੀ ਪਿਆ ਸਾਂ, "ਸਰ, ਮੈਂ ਫ਼ੈਸਲਾ ਕਰ ਲਿਐ ਕਿ ਇਹ ਮੁਕੱਦਮਾ ਨ੍ਹੀਂ ਲੜਣਾ। ਨਾ ਹੀ ਕੋਈ ਜਵਾਬ ਦੇਣਾ ਏ। ਮੈਂ ਤਾਂ ਲਿਖਣ-ਪੜ੍ਹਣ ਵਾਲਾ ਬੰਦਾ ਆਂ। ਮੇਰੇ ਤੋਂ ਨ੍ਹੀਂ ਹੋਣਾ ਇਹ ਸਭ ਕੁਝ। ਮੈਂ ਉਹ ਜਗ੍ਹਾ ਗਲੀ ਨੂੰ ਹੀ ਛੱਡ ਦਿੰਦਾ ਹਾਂ। ਮੈਂ ਇਸ ਖਲਜਗਣ ਵਿੱਚ ਨਹੀਂ ਫਸਣਾ ਚਾਹੁੰਦਾ।" ਮੈਂ ਮਹਿਸੂਸ ਕੀਤਾ ਕਿ ਮੇਰੇ ਬੋਲ ਸੁਣ ਕੇ ਯਾਦਵਿੰਦਰ ਨੂੰ ਬੜਾ ਹੀ ਵੱਡਾ ਧੱਕਾ ਲੱਗਾ ਸੀ। ਉਹ ਮੇਰੇ ਵੱਲ ਬੜੀ ਹੀ ਹੈਰਾਨੀ ਨਾਲ ਝਾਕਿਆ ਸੀ ਪਰ ਬੋਲਿਆ ਕੁਝ ਵੀ ਨਹੀਂ ਸੀ।

"ਇਹੀ ਤਾਂ ਉਹ ਚਾਹੁੰਦੇ ਆ ਕਿ ਤੂੰ ਤੰਗ ਪ੍ਰੇਸ਼ਾਨ ਹੋਵੇਂ, ਤੇ ਉਹ ਜਿੱਤ ਜਾਣ।" ਵਕੀਲ ਨੇ ਦਲੀਲ ਦਿੱਤੀ।

"ਹਾਂ ਜੀ, ਮੈਂ ਪੂਰੀ ਤਰ੍ਹਾਂ ਤੰਗ-ਪ੍ਰੇਸ਼ਾਨ ਹੋ ਚੁੱਕਾ ਹਾਂ, ਇਸ ਤੋਂ ਵੱਧ ਹੋਰ ਕੀ ਹੋਵਾਂਗਾ ? ਮੈਂ ਪੱਕਾ ਫ਼ੈਸਲਾ ਕਰ ਲਿਐ ਕਿ ਮੈਂ ਨ੍ਹੀਂ ਲੜਣਾ ਇਹ ਕੇਸ। ਮੈਂ ਨ੍ਹੀਂ ਹੋਰ ਚੱਕਰਾਂ 'ਚ ਪੈਣਾ ਚਾਹੁੰਦਾ, ਬੱਸ।" ਮੈਂ ਸਪਸ਼ਟ ਕੀਤਾ।

"ਫੇਰ ਤਾਂ ਇਹਨਾਂ ਸਮਾਜ-ਵਿਰੋਧੀ ਅਨਸਰਾਂ ਦੇ ਹੌਸਲੇ ਹੋਰ ਵੀ ਵਧ ਜਾਣੇ ਆ। ਇਹ ਚਾਅ-ਮਚਾਏ ਕਈਆਂ ਨੂੰ ਤੰਗ ਕਰਨਗੇ। ਤੂੰ ਲਿਖਦਾ ਏ ਨਾ, ਕਹਾਣੀਆਂ ? ਕਿਸ ਲਈ ? ਸਮਾਜ ਦੀ ਭਲਾਈ ਵਾਸਤੇ ਹੀ ਨਾ ?" ਅਸ਼ੋਕ ਸ਼ਰਮਾ ਬੋਲਿਆ।

"ਹਾਂ ਜੀ।" ਮੈਂ ਹਾਮੀ ਭਰੀ।

"ਅੱਗੇ ਤੂੰ ਲਿਖ ਕੇ ਸਮਾਜ ਸੁਧਾਰਨ ਦਾ ਜਤਨ ਕਰਦਾ ਸੀ। ਹੁਣ ਕੁਝ

ਕਰ ਕੇ ਸੁਧਾਰ। ਆਪਣੇ ਕੋਲ ਸੱਚ ਐ। ਦੱਸ ਕਿਸੇ ਕਹਾਣੀ ਵਿੱਚ ਝੂਠ ਜਿੱਤਿਐ ਕਦੇ ? ਨਹੀਂ ਨਾ। ਫਿਰ ਅਸਲ ਜ਼ਿੰਦਗੀ 'ਚ ਵੀ ਇਸ ਨੂੰ ਹਾਰਨ ਨ੍ਹੀਂ ਦਿੰਦੇ। ਮੈਂ ਬੈਠਾ ਹਾਂ। ਆਪਣੇ ਸਾਥੀ ਬੈਠੇ ਨੇ, ਸਭ ਤੇਰੇ ਨਾਲ ਆ, ਇਹ ਲੜਾਈ ਤੇਰੇ 'ਕੱਲ੍ਹੇ ਦੀ ਨ੍ਹੀਂ ਕਈ ਜਥੇਬੰਦੀਆਂ ਦੀ ਵੀ ਏ। ਜੇ ਤੂੰ ਹਥਿਆਰ ਸੁੱਟ ਗਿਆ ਤਾਂ ਅੱਗੇ ਤੋਂ ਤੁਹਾਡੇ ਨਾਲ ਕਿਸੇ ਨੇ ਵੀ ਨਹੀਂ ਖੜ੍ਹਨਾ। ਹੁਣ ਇਹ ਮੁੱਦਾ ਜਨਤਕ ਬਣ ਚੁੱਕਾ ਹੈ।" ਵਕੀਲ ਮੇਰੇ ਮੂੰਹ ਵੱਲ ਤੱਕਦਾ ਹੋਇਆ ਇੱਕੋ ਸਾਹੇ ਹੀ ਕਿੰਨਾ ਕੁਝ ਆਖ ਗਿਆ।

ਮੈਨੂੰ ਕੁਝ ਵੀ ਸਮਝ ਨਹੀਂ ਸੀ ਆ ਰਿਹਾ ਕਿ ਕੀ ਕਰਾਂ ਤੇ ਕੀ ਕਹਾਂ ? ਫਿਰ ਮੈਂ ਸੋਚ ਕੇ ਆਖਿਆ, "ਸਰ, ਜੇ ਆਪਾਂ ਅਦਾਲਤ ਵਿੱਚ ਹਾਰ ਗਏ ਤਾਂ ਸਭ ਜਥੇਬੰਦੀਆਂ ਦੀ ਵੀ ਬਦਨਾਮੀ ਹੋਵੇਗੀ ਤੇ ਆਪਣੀ ਵੀ। ਸਾਡੇ ਨਾਲ ਤਾਂ ਆਪਣਿਆਂ ਦੀ ਵੀ ਦੁਸ਼ਮਣੀ ਪੈ ਜਾਣੀ ਏ ਕਿ ਤੁਸੀਂ ਝੂਠੇ ਹੁੰਦੇ ਹੋਏ ਵੀ ਜਥੇਬੰਦੀਆਂ ਨੂੰ ਵਰਤਿਐ।"

"ਚੱਲ, ਤੂੰ ਮੈਨੂੰ ਆਪਣੇ ਸੱਚੇ ਮਨੋਂ ਦੱਸ ਕਿ ਤੂੰ ਪਿਛਲਾ ਮਹੀਨਾ ਭਰ ਜੋ ਕੁਝ ਵੀ ਕੀਤਾ ਹੈ, ਕੀ ਉਹ ਗ਼ਲਤ ਸੀ ਤੇ ਜੋ ਦੂਜੀ ਧਿਰ ਨੇ ਜਾਂ ਪੁਲਿਸ ਨੇ ਕੀਤਾ ਉਹ ਸਹੀ ਸੀ ?" ਵਕੀਲ ਨੇ ਮੈਨੂੰ ਸਵਾਲ ਕੀਤਾ।

"ਮੈਂ ਆਪਣੇ ਵੱਲੋਂ ਸਭ ਕੁਝ ਸਹੀ ਕੀਤਾ ਹੈ, ਪਰ ਫਿਰ ਵੀ ਸਿੱਟਾ ਕੁਝ ਨ੍ਹੀਂ ਨਿਕਲਿਆ।" ਮੈਂ ਹੌਲ਼ੀ ਜਿਹੀ ਜਵਾਬ ਦਿੱਤਾ।

ਮੇਰੇ ਕੁਝ ਹੋਰ ਬੋਲਣ ਤੋਂ ਪਹਿਲਾਂ ਹੀ ਉਹ ਬੋਲ ਪਿਆ, "ਤੇਰਾ ਕਸੂਰ ਪਤਾ ਕੀ ਐ ? ਤੂੰ ਏਸ਼ੀਆ ਮਹਾਂਦੀਪ ਵਿੱਚ ਜੰਮ ਪਿਆ ਏਂ। ਤੇਰੀ ਇਸ ਤੋਂ ਵੀ ਵੱਡੀ ਗ਼ਲਤੀ ਇਹ ਆ ਕਿ ਤੂੰ ਜੰਮ ਵੀ ਇੰਡੀਆ, ਉਹ ਵੀ ਪੰਜਾਬ 'ਚ ਪਿਆ ਏਂ, ਹੋਰ ਤੇਰਾ ਕਸੂਰ ਕੋਈ ਨਹੀਂ। ਤੇਰੀ ਇਸ ਅਣਕੀਤੀ ਗ਼ਲਤੀ ਦਾ ਖਮਿਆਜ਼ਾ ਤੈਨੂੰ ਭੁਗਤਣਾ ਹੀ ਪੈਣਾ ਏ। ਤੈਨੂੰ ਇਨਸਾਫ਼ ਲੈਣ ਲਈ ਲੜਣਾ ਵੀ ਪੈਣਾ ਏ, ਕਤਾਰਾਂ ਵਿੱਚ ਖੜ੍ਹਨਾ ਵੀ ਪੈਣਾ ਏ। ਲੰਮਾ ਸਮਾਂ ਇਨਸਾਫ਼ ਦੀ ਉਡੀਕ ਵੀ ਕਰਨੀ ਪੈਣੀ ਏ। ਜੇ ਇਹ ਨਹੀਂ ਕਰ ਸਕਦਾ ਤਾਂ ਭੀੜ ਨੇ ਤੈਨੂੰ ਆਪਣੇ ਪੈਰਾਂ ਹੇਠ ਲਿਤਾੜ ਕੇ ਅੱਗੇ ਲੰਘਦੀ ਜਾਣਾ ਹੈ।" ਵਕੀਲ ਨੇ ਮੈਨੂੰ ਕਾਵਿਕ ਸ਼ਬਦਾਂ ਵਿੱਚ ਸੰਬੋਧਿਤ ਹੁੰਦਿਆਂ, ਦਲੀਲਾਂ ਦਿੰਦਿਆਂ ਲੰਬਾ ਸਾਰਾ ਭਾਸ਼ਣ ਦੇ ਮਾਰਿਆ ਸੀ।

"ਹਾਂਅ ਜੀ।" ਮੈਂ ਗੱਲ ਚੱਲਦੀ ਰੱਖਣ ਲਈ ਹੁੰਗਾਰਾ ਭਰਿਆ।

"ਆਪਣੇ ਮੁਲਕ ਵਿੱਚ ਥਾਲੀ ਵਿੱਚ ਪਰੋਸ ਕੇ ਇਨਸਾਫ਼ ਨ੍ਹੀਂ ਮਿਲਦਾ। ਇੱਥੇ ਤਾਂ ਵਿਗੜਿਆਂ ਤਿਗੜਿਆਂ ਦੇ ਸਿੰਙ ਚੰਗੀ ਤਰ੍ਹਾਂ ਹੀ ਭੰਨਣੇ ਪੈਂਦੇ ਆ। ਇਹ ਜਿਹੜੇ ਭੂਤਰੇ ਸਾਨ੍ਹ ਆ ਨਾ, ਐਸ.ਪੀ. ਵਰਗੇ, ਜਿਹੜੇ ਤੈਨੂੰ ਚੱਕਰਾਂ ਵਿੱਚ ਪਾਈ ਫਿਰਦੇ ਆ। ਇੱਕ ਦਿਨ ਆਪਣੇ ਹੀ ਕੁਕਰਮਾਂ ਦੇ ਭਾਰ

ਕਾਰਨ ਡਿੱਗ ਪੈਣੇ ਆ।ਹਰ ਚੀਜ਼ ਨੂੰ ਕੁਝ ਸਮਾਂ ਤਾਂ ਲੱਗਦਾ ਹੀ ਹੁੰਦੈ।ਯੂ ਨੋਅ ਬੈਟਰ, ਐਵਰੀ ਥਿੰਗ ਟੇਕਸ ਟਾਈਮ।ਧੀਰਜ ਰੱਖ ਸਭ ਕੁਝ ਠੀਕ ਹੋ ਜਾਵੇਗਾ।ਸਾਰੀ ਗੱਲ ਮੇਰੇ 'ਤੇ ਛੱਡ ਦੇ।" ਵਕੀਲ ਨੇ ਆਪਣੇ ਵੱਲੋਂ ਪੂਰਾ ਹੌਸਲਾ ਦਿੰਦੇ ਹੋਏ ਆਖਿਆ।

ਮੈਂ ਅਣਮੰਨੇ ਜਿਹੇ ਮਨ ਨਾਲ ਸਾਰੇ ਕਾਗਜ਼ ਉਸ ਨੂੰ ਫੜਾਅ ਦਿੱਤੇ।

"ਇੰਝ ਨਾ ਸੋਚੀਂ ਕਿ ਮੈਂ ਆਪਣਾ ਇੱਕ ਕੇਸ ਵਧਾਉਣ ਜਾਂ ਫੀਸ ਲੈਣ ਦੀ ਖ਼ਾਤਰ ਤੈਨੂੰ ਮਜਬੂਰ ਕਰ ਰਿਹਾਂ।ਅਹਿ ਵੇਖ, ਮੇਰੇ ਕੋਲ ਕਿੰਨੇ ਕੇਸਾਂ ਦੀਆਂ ਫਾਈਲਾਂ ਪਈਆਂ ਨੇ।ਇੱਕ ਵਧ ਜਾਂ ਘਟ ਜਾਣ ਨਾਲ ਮੈਨੂੰ ਕੋਈ ਫ਼ਰਕ ਨ੍ਹੀਂ ਪੈਣਾ।ਮੈਂ ਤਾਂ ਉਹੀ ਅਚਾਰ ਨਾਲ ਹੀ ਰੋਟੀ ਖਾਣੀਂ ਏ।ਸਾਡੇ ਕੋਲ ਤਾਂ ਸੈਂਕੜੇ ਕੇਸ ਆਉਂਦੇ ਨੇ।ਪਰ ਤੇਰਾ ਕੇਸ ਪੂਰੇ ਸੱਚ ਅਤੇ ਨਿਰੇ ਝੂਠ ਦੇ ਵਿਚਕਾਰ ਦੀ ਲੜਾਈ ਵਾਲਾ ਹੈ।ਮੇਰਾ ਮਨ ਆਖਦਾ ਏ ਕਿ ਇਹ ਕੇਸ ਲੜਿਆ ਹੀ ਜਾਣਾ ਚਾਹੀਦਾ ਹੈ, ਇਹ ਨਹੀਂ ਕਿ ਇਸ ਕੇਸ ਨੂੰ ਮੈਂ ਹੀ ਲੜਾਂ।ਭਾਵੇਂ ਤੂੰ ਕਿਸੇ ਹੋਰ ਵਕੀਲ ਕੋਲ ਚਲਾ ਜਾ ਪਰ ਇੰਝ ਹਥਿਆਰ ਨਾ ਸੁੱਟ।ਸੱਚ ਨੂੰ ਜਿੱਤ ਲੈਣ ਦੇ।ਤੇ ਸੱਚ ਹਰ ਹਾਲਤ ਵਿੱਚ ਜਿੱਤਣਾ ਵੀ ਚਾਹੀਦਾ ਹੈ।ਆਪਾਂ ਤਾਂ ਮੁੱਢ ਤੋਂ ਹੀ ਹਨੇਰਿਆਂ ਦੇ ਵਿਰੁੱਧ ਲੜਦੇ ਮਰਦੇ ਆਏ ਹਾਂ।ਇਹ ਤਾਂ ਬੜੀ ਹੀ ਨਿੱਕੀ ਜਿਹੀ ਗੱਲ ਹੈ।" ਉਸ ਨੇ ਕਾਗਜ਼ ਮੇਰੇ ਵੱਲ ਵਧਾਉਂਦਿਆਂ ਕਿਹਾ। ਪਰ ਮੈਂ ਕਾਗ਼ਜ਼ ਨਾ ਫੜੇ।

"ਲਓ ਜੀ, ਮੈਂ ਅੱਜ ਆਧੁਨਿਕ ਗੀਤਾ ਸਾਰ ਸੁਣ ਲਿਆ, ਪਰ ਪਾਤਰ ਬਦਲੇ ਹੋਏ ਹਨ।ਕ੍ਰਿਸ਼ਨ ਨਾਮ ਦਾ ਵਿਅਕਤੀ ਹਥਿਆਰ ਸੁੱਟ ਰਿਹੈ ਤੇ ਅਸ਼ੋਕ ਨਾਮ ਦਾ ਆਦਮੀ ਹਥਿਆਰ ਚੁੱਕਣ ਲਈ ਆਖ ਰਿਹੈ।ਇਹ ਕਲਯੁਗ ਵਿੱਚ ਹੀ ਸੰਭਵ ਹੈ।ਇਤਿਹਾਸ ਵਿੱਚ ਕ੍ਰਿਸ਼ਨ ਨੇ ਲੋਕਾਂ ਨੂੰ ਹਥਿਆਰ ਚੁਕਵਾਏ ਸਨ ਤੇ ਅਸ਼ੋਕ ਨੇ ਸੁਟਵਾਏ ਸਨ ਪਰ ਅੱਜ ਉਲਟਾ ਹੀ ਹੋ ਰਿਹੈ।" ਯਾਦਵਿੰਦਰ ਨੇ ਗੱਲ ਨੂੰ ਹਾਸੇ ਵਿੱਚ ਪਾਉਂਦਿਆਂ ਅਤੇ ਆਪਣੀ ਧਾਰਮਿਕ ਚੇਤੰਨਤਾ ਵਿਖਾਉਂਦਿਆਂ ਇਤਿਹਾਸਕ ਹਵਾਲੇ ਨਾਲ ਗੱਲ ਕੀਤੀ।

"ਉਲਟਾ ਤਾਂ ਆਪਾਂ ਵੇਖੀ ਹੀ ਜਾਂਦੇ ਆਂ।ਵਰਦੀ ਵਾਲਿਆਂ ਨੂੰ ਸੱਚ ਦਾ ਸਾਥ ਦੇਣਾ ਚਾਹੀਦਾ ਸੀ ਤੇ ਉਹ ਦੇਈ ਅਪਰਾਧੀਆਂ ਦਾ ਜਾ ਰਹੇ ਹਨ।ਦੁਰ-ਫਿੱਟੇ ਮੂੰਹ, ਇਹੋ ਜਿਹੀ ਪੁਲਿਸ ਦੇ ਤੇ ਇਹਨਾਂ ਦੇ ਅਫ਼ਸਰਾਂ ਦੇ।" ਮੈਂ ਪੂਰੀ ਨਫ਼ਰਤ ਨਾਲ ਆਖਿਆ।ਮੈਂ ਆਪ ਵੀ ਮਹਿਸੂਸ ਕੀਤਾ ਸੀ ਕਿ ਮੇਰੀ ਆਵਾਜ਼ ਕੁਝ ਜ਼ਿਆਦਾ ਹੀ ਉੱਚੀ ਹੋ ਗਈ ਸੀ।

"ਇੱਥੋਂ ਦੀਆਂ ਕੁੱਤੀਆਂ ਚੋਰਾਂ ਨਾਲ ਰਲ਼ੀਆਂ ਹੀ ਨਹੀਂ ਸਗੋਂ ਉਹਨਾਂ ਦੀਆਂ ਤਲ਼ੀਆਂ ਵੀ ਚੱਟਦੀਆਂ ਨੇ ਤੇ ਉਹਨਾਂ ਦੇ ਸੁੱਟੇ ਹੋਏ ਟੁਕੜੇ ਬੋਚਣ ਲਈ ਇੱਕ ਦੂਜੇ ਤੋਂ ਅੱਗੇ ਹੋ-ਹੋ ਅਹੁਲਦੀਆਂ ਨੇ।ਇਹਨਾਂ ਕੁੱਤੀਆਂ ਦੀ

ਚੋਰਾਂ ਨਾਲ ਏਨੀ ਗੂੜ੍ਹੀ ਯਾਰੀ ਪੈ ਚੁੱਕੀ ਹੈ ਕਿ ਇਹ ਆਪ ਹੀ ਚੋਰਾਂ ਨੂੰ ਸੱਦੇ ਦੇਣ ਵਾਸਤੇ ਭੌਂਕਦੀਆਂ ਫਿਰਦੀਆਂ ਹਨ, ਬਈ ਆ ਜਾਓ, ਹੁਣ ਮਾਲਕ ਸੁੱਤੇ ਪਏ ਆ।" ਵਕੀਲ ਨੇ ਇਹ ਕਹਿੰਦਿਆਂ ਮੇਰੀ ਗੱਲ ਦੀ ਹਾਮੀ ਭਰੀ। ਉਸ ਦੇ ਚਿਹਰੇ 'ਤੇ ਕੁਝ ਤਲਖ਼ੀ ਵੀ ਆ ਗਈ ਸੀ।

ਮੈਂ ਨਾ ਚਾਹੁੰਦੇ ਹੋਏ ਵੀ ਵਕੀਲ ਦੀਆਂ ਗੱਲਾਂ ਨਾਲ ਤਕਰੀਬਨ ਸਹਿਮਤ ਹੋ ਗਿਆ ਸਾਂ ਤੇ ਵਕੀਲ ਨੂੰ ਆਪਣੇ ਸਾਰੇ ਕਾਗਜ਼ ਪੱਤਰ ਫੜਾਅ ਕੇ, ਵਕਾਲਤਨਾਮੇ 'ਤੇ ਦਸਤਖ਼ਤ ਕਰ ਕੇ, ਅਸੀਂ ਉੱਥੋਂ ਤੁਰ ਆਏ ਸਾਂ। ਸ਼ਾਮ ਨੂੰ ਘਰ ਆ ਕੇ, ਮੈਂ ਅਗਲੇ ਦਿਨ ਸਕੂਲ ਜਾਣ ਦੀ ਤਿਆਰੀ ਵਿੱਚ ਰੁੱਝ ਗਿਆ।

ਰਾਤ ਨੂੰ ਫਿਰ ਨੀਂਦ ਨਹੀਂ ਸੀ ਆ ਰਹੀ। ਸਾਰੀ ਰਾਤ ਹੀ ਸੋਚਦਾ ਰਿਹਾ ਕਿ ਨੌਕਰੀ ਲੱਗਣ ਤੋਂ ਬਾਅਦ ਤੇਰ੍ਹਾਂ ਸਾਲਾਂ ਵਿੱਚ ਇਹ ਪਹਿਲੀਆਂ ਛੁੱਟੀਆਂ ਸਨ, ਜਿੰਨ੍ਹਾਂ ਵਿੱਚ ਮੈਂ ਕੁਝ ਦਿਨਾਂ ਵਾਸਤੇ ਕਿਧਰੇ ਵੀ ਘੁੰਮਣ ਫਿਰਨ ਨਹੀਂ ਗਿਆ ਸਾਂ ਅਤੇ ਨਾ ਹੀ ਰੱਜ ਕੇ ਕਿਤਾਬਾਂ ਪੜ੍ਹੀਆਂ ਸਨ। 'ਰੱਜ' ਤਾਂ ਦੂਰ ਦਾ ਸ਼ਬਦ ਲੱਗ ਰਿਹਾ ਸੀ, ਕਿਤਾਬ ਨੂੰ ਤਾਂ ਮੈਂ ਹੱਥ ਤੱਕ ਵੀ ਨਹੀਂ ਲਾਇਆ ਸੀ।

ਗਰਮੀ ਦੀਆਂ ਛੁੱਟੀਆਂ ਵਾਲਾ ਇਹ ਮਹੀਨਾ ਕਿਸ ਤਰ੍ਹਾਂ, ਕਈ ਸਾਲਾਂ ਵਰਗਾ ਬਣ ਕੇ ਲੰਘਿਆ ਸੀ, ਇਹ ਮੈਨੂੰ ਹੀ ਪਤਾ ਸੀ। ਸਕੂਲ ਵਿੱਚ ਨਾਲ ਦੇ ਸਾਥੀਆਂ ਨੇ ਵੀ ਮਜ਼ਾਕ ਕਰਨੇ ਤੇ ਚਸਕੇ ਲੈ-ਲੈ ਕੇ ਗੱਲਾਂ ਵੀ ਕਰਨੀਆਂ ਹਨ। ਜੇ ਕਰ ਕੁਝ ਹੱਥ ਪੱਲੇ ਪਿਆ ਹੁੰਦਾ ਤਾਂ ਮੈਂ ਉਹਨਾਂ ਦੀ ਇੱਕ ਵੀ ਨਹੀਂ ਸੀ ਚੱਲਣ ਦੇਣੀ ਪਰ ਹੁਣ ਮੇਰੇ ਹੱਥ 'ਚ ਕੀ ਸੀ ? ਕੁਝ ਵੀ ਨਹੀਂ ? ਨਾ ਤਾਂ ਮੇਰਾ ਕੰਮ ਰੋਕਣ ਵਾਲੇ ਪੁਲਿਸ ਵਾਲਿਆਂ 'ਤੇ ਕੋਈ ਕਾਰਵਾਈ ਹੋਈ ਸੀ ਤੇ ਨਾ ਹੀ ਢਾਹ ਢੁਆਈ ਕਰਨ ਵਾਲਾ ਕੋਈ ਬੰਦਾ ਹੀ ਪੁਲਿਸ ਨੇ ਕਾਬੂ ਕੀਤਾ ਸੀ। ਉੱਤੋਂ ਮੇਰੇ ਸਿਰ 'ਤੇ ਅਦਾਲਤ ਵਾਲਾ ਕੇਸ ਜ਼ਰੂਰ ਪੈ ਗਿਆ ਸੀ। ਉਹ ਰਾਤ ਵੀ ਮੈਂ ਜਾਗ ਕੇ ਹੀ ਲੰਘਾਈ ਸੀ। ਸਵੇਰ ਵੇਲ਼ੇ ਮਸਾਂ ਘੰਟਾ ਕੁ ਅੱਖ ਲੱਗੀ ਸੀ, ਉਦੋਂ ਨੂੰ ਪਤਨੀ ਨੇ ਉਠਾਅ ਦਿੱਤਾ, "ਉੱਠੋ, ਸਕੂਲ ਨ੍ਹੀਂ ਜਾਣਾ ? ਅੱਜ ਪਹਿਲਾ ਦਿਨ ਆ, ਸੁਣਿਐ ਅੱਜ ਛਾਪੇ ਵੀ ਪੈਣੇ ਆ। ਸਪੈਸ਼ਲ ਟੀਮਾਂ ਬਣਾਈਆਂ ਹੋਈਆਂ ਨੇ, ਸਰਕਾਰ ਨੇ।"

"ਜੇ ਕੋਈ ਦੋ ਮਿੰਟ ਲੇਟ ਹੋ ਜੂ ਤਾਂ ਕੀ ਆਫ਼ਤ ਆਉਣੀ ਹੁੰਦੀ ਆ ? ਇਹਨਾਂ ਦੇ ਆਪਣੇ ਅਫ਼ਸਰ ਤਾਂ ਸਾਰਾ ਸਾਰਾ ਦਿਨ ਦਫ਼ਤਰਾਂ ਵਿੱਚ ਨ੍ਹੀਂ ਵੜਦੇ। ਲੋਕ ਖੱਜਲ ਖੁਆਰ ਹੋ ਕੇ ਮੁੜ ਜਾਂਦੇ ਆ। ਇਹ ਨ੍ਹੀਂ ਪਤਾ ਲੱਗਦਾ ਸਰਕਾਰ ਨੂੰ।" ਮੈਂ ਅੱਖਾਂ ਮਲਦੇ ਹੋਏ ਨੇ ਪੂਰੀ ਨਫ਼ਰਤ ਨਾਲ ਆਖਿਆ ਕਿਉਂਕਿ ਮੈਨੂੰ ਪੁਲਿਸ ਦੇ ਦਫ਼ਤਰਾਂ ਵਿੱਚ ਆਪਣੀ ਮਹੀਨਾ ਭਰ ਹੋਈ ਸਾਰੀ

ਦੁਰਗ਼ਤੀ ਸਵੇਰੇ ਸਵੇਰੇ ਹੀ ਯਾਦ ਆ ਗਈ ਸੀ।

"ਛੇਤੀ-ਛੇਤੀ ਤਿਆਰ ਹੋ ਕੇ ਚੱਲੀਏ। ਕੱਲ੍ਹ ਨੂੰ ਅਖ਼ਬਾਰ ਵਿੱਚ ਖ਼ਬਰ ਤਾਂ ਪੱਕੀ ਹੀ ਆਉਣੀ ਏ ਕਿ ਐਨੇ ਲੇਟ-ਲਤੀਫ਼ ਅਧਿਆਪਕ ਕਾਬੂ। ਕਿਤੇ ਇਹਨਾਂ ਵਿੱਚ ਆਪਣਾ ਨਾਂਅ ਵੀ ਨਾ ਆ ਜੇ। ਤੁਸੀਂ ਅਫ਼ਸਰਾਂ ਦੀ ਗੱਲ ਕਰਦੇ ਹੋ, ਉਹਨਾਂ ਨੇ ਤਾਂ ਮਲਾਈ ਖੁਆਉਣੀ ਹੁੰਦੀ ਐ ਸਰਕਾਰਾਂ ਨੂੰ, ਉਹਨਾਂ ਨੂੰ ਕੀ ਆਖਣਾ ਹੁੰਦਾ ਐ। ਤੁਸੀਂ ਆਪਣਾ ਬਚਾਅ ਕਰੋ, ਬੱਸ।" ਅਮਿਤਾ ਨੇ ਆਪਣੀ ਗੱਲ ਕਾਹਲ਼ੀ ਕਾਹਲ਼ੀ ਪੂਰੀ ਕੀਤੀ।

"ਅੱਗੇ ਹੀ ਮਾੜੇ ਦਿਨ ਚੱਲੀ ਜਾਂਦੇ ਆ। ਆਵਦਾ ਵੇਲ਼ੇ ਸਿਰ ਜਾਓ।" ਮੇਰੀ ਮਾਂ ਨੇ ਰੋਟੀ ਤਵੇ ਉੱਤੇ ਪਾਉਂਦੇ ਅਮਿਤਾ ਦੀ ਤੁਕ ਨਾਲ ਤੁਕ ਜੋੜ ਕੇ ਇੱਕ ਪ੍ਰਕਾਰ ਦਾ ਹੁਕਮ ਹੀ ਦੇ ਦਿੱਤਾ ਸੀ। ਸ਼ਾਇਦ ਹੁਣ ਮੇਰੀ ਮਾਂ ਨੂੰ ਵੀ ਪਤਾ ਲੱਗ ਗਿਆ ਸੀ ਕਿ ਸਰਕਾਰਾਂ ਆਪਣੇ ਵੱਲੋਂ ਕੀਤੇ ਜਾ ਰਹੇ ਗ਼ਲਤ ਮਲਤ ਕੰਮਾਂ ਵੱਲੋਂ ਧਿਆਨ ਹਟਾਉਣ ਦੀ ਖ਼ਾਤਰ ਇਹੋ ਜਿਹੇ ਅਡੰਬਰ ਰਚਾਉਂਦੀਆਂ ਰਹਿੰਦੀਆਂ ਹਨ।

## ਦਸ

ਮੈਂ ਸਕੂਲ ਜਾ ਹਾਜ਼ਰੀ ਲਾਉਣ ਲਈ ਦਫ਼ਤਰ ਵਿੱਚ ਵੜਿਆ ਹੀ ਸਾਂ ਕਿ ਕਲਰਕ ਪਰਮਿੰਦਰ ਖਹਿਰਾ ਨੇ ਮੇਰੇ ਚਿਹਰੇ ਵੱਲ ਗਹੁ ਨਾਲ ਵੇਖਿਆ ਤੇ ਉਸ ਦੇ ਮੂੰਹੋਂ ਸੁਭਾਵਕ ਹੀ ਨਿਕਲਿਆ, "ਓਏ! ਵੇਖੋ ਉਏ !! ਸਕੂਲ ਵਿੱਚ ਇਹ ਕੈਦੀ ਕਿੱਥੋਂ ਆ ਗਿਆ ?" ਫਿਰ ਮੇਰੀ ਹਾਲਤ ਵੇਖ ਕੇ ਉੱਚੀ-ਉੱਚੀ ਹੱਸਣ ਲੱਗ ਪਿਆ। ਜਿਹੜਾ ਵੀ ਦਫ਼ਤਰ ਵਿੱਚ ਆਵੇ ਸਭ ਨੂੰ ਹੱਸ-ਹੱਸ ਆਖੀ ਜਾਵੇ, "ਆਜੋ, ਮੈਂ ਤੁਹਾਨੂੰ ਤਿਹਾੜ ਜੇਲ੍ਹ ਵਿੱਚੋਂ ਭੱਜੇ ਹੋਏ ਕੈਦੀ ਨਾਲ ਮਿਲਾਉਂਦਾ ਹਾਂ।"

ਮੈਂ ਮਹੀਨੇ ਦੇ ਬਕਾਇਆ ਪਏ ਹੋਏ ਕੰਮਾਂ ਨੂੰ ਸ਼ੁਰੂ ਕਰਨ ਲਈ ਆਪਣੀ ਅਲਮਾਰੀ ਖੋਲ੍ਹਣ ਹੀ ਲੱਗਾ ਸਾਂ ਤਾਂ ਤਿੰਨ-ਚਾਰ ਸਾਥੀ ਮੇਰੇ ਕੋਲ ਆ ਗਏ ਅਤੇ ਮੇਰੀ ਤਰਸ ਭਰੀ ਹਾਲਤ 'ਤੇ ਅਫ਼ਸੋਸ ਕਰਨ ਲੱਗ ਪਏ। ਮੈਂ ਪ੍ਰਾਰਥਨਾ ਸਭਾ ਵਿੱਚ ਜਾਣ ਤੋਂ ਪਹਿਲਾਂ ਇੱਕ ਵਾਰ ਫਿਰ ਦਫ਼ਤਰ ਵਿੱਚ ਗਿਆ ਅਤੇ ਸ਼ੀਸ਼ੇ ਵਿੱਚ ਆਪਣੀ ਸੂਰਤ ਧਿਆਨ ਨਾਲ ਵੇਖੀ ਤੇ ਨਾਲ ਸਾਹਮਣੀ ਕੰਧ ਉੱਤੇ ਤਿੰਨ-ਚਾਰ ਮਹੀਨੇ ਪਹਿਲਾਂ ਖਿੱਚੀ ਗਈ ਵਿਦਿਆਰਥੀਆਂ ਦੀ ਗਰੁੱਪ ਫ਼ੋਟੋ ਵਿੱਚ ਆਪਣੀ ਤਸਵੀਰ ਨੂੰ ਵੀ ਗਹੁ ਨਾਲ ਵਾਚਿਆ। ਵਾਕਿਆ ਹੀ ਮੇਰੇ ਚਿਹਰੇ 'ਤੇ ਕਾਫ਼ੀ ਸਾਰੀ ਤਬਦੀਲੀ ਆ ਚੁੱਕੀ ਸੀ।

ਮੈਂ ਚੁੱਪ-ਚਾਪ ਜਾ ਕੇ ਪ੍ਰਰਾਥਨਾ ਸਭਾ ਵਿੱਚ ਆਪਣੀ ਜਮਾਤ ਵਾਲੀ ਕਤਾਰ ਦੇ ਅੱਗੇ ਖੜ੍ਹਾ ਹੋ ਗਿਆ। ਸ਼ਬਦ ਅਤੇ ਰਾਸ਼ਟਰੀ ਗੀਤ ਗਾਏ ਜਾ ਚੁੱਕੇ ਸਨ। ਇਸ ਉਪਰੰਤ ਵਿਦਿਆਰਥੀਆਂ ਦੀ ਹਾਜ਼ਰੀ ਲਾ ਕੇ ਮਨੀਟਰ ਗ਼ੈਰ-ਹਾਜ਼ਰ ਵਿਦਿਆਰਥੀਆਂ ਦੇ ਰੋਲ ਨੰਬਰਾਂ ਵਾਲੀ ਪਰਚੀ ਲੈ ਕੇ ਮੈਨੂੰ ਨੋਟ ਕਰਵਾਉਣ ਲਈ ਆ ਗਿਆ। ਜਦ ਮੈਂ ਰਜਿਸਟਰ ਖੋਲ੍ਹ ਕੇ ਹਾਜ਼ਰੀ ਭਰਨ ਲੱਗਾ ਤਾਂ ਮੇਰੇ ਹੱਥ ਬੁਰੀ ਤਰ੍ਹਾਂ ਕੰਬਣ ਲੱਗ ਪਏ। ਪੈੱਨ ਫੜਿਆ ਹੀ ਨਹੀਂ ਸੀ ਜਾ ਰਿਹਾ ਤੇ ਮੈਂ ਰਜਿਸਟਰ ਵੀ ਡਿੱਗਦਾ-ਡਿਗਦਾ ਮਸਾਂ ਹੀ ਸੰਭਾਲਿਆ। ਮਨੀਟਰ ਨੇ ਮੈਨੂੰ ਸੁਭਾਵਕ ਹੀ ਪੁੱਛਿਆ, "ਸਰ, ਕੀ ਗੱਲ ਹੋ ਗਈ ? ਬੀਮਾਰ ਹੋ ? ਠੀਕ ਨਹੀਂ ਲਗਦੇ ??"

"ਹਾਂ ਪੁੱਤ, ਕਈ ਦਿਨ ਹੋ ਗਏ ਬੁਖ਼ਾਰ ਚੜ੍ਹਦੇ ਨੂੰ। ਬੱਸ ਕਮਜ਼ੋਰੀ ਜਿਹੀ ਆ ਗਈ ਐ, ਜ਼ਰਾ ਕੁ। ਆਹ ਲੈ ਰਜਿਸਟਰ, ਚੱਲ ਜਮਾਤ ਵਿੱਚ ਚੱਲ ਕੇ ਹਾਜ਼ਰੀ ਲਾਉਂਦੇ ਆਂ।" ਮੈਂ ਉਸ ਨੂੰ ਰਜਿਸਟਰ ਫੜਾਉਂਦਿਆਂ ਨਾ ਚਾਹੁੰਦਿਆਂ ਹੀ ਝੂਠ ਬੋਲ ਦਿੱਤਾ।

ਪ੍ਰਾਰਥਨਾ ਉਪਰੰਤ ਮੁੜਦੇ ਹੋਏ ਸਾਰੇ ਸਾਥੀ ਅਧਿਆਪਕ ਉੱਚੀ-ਉੱਚੀ ਗੱਲਾਂ ਕਰਦੇ ਹੌਲ਼ੀ-ਹੌਲ਼ੀ ਤੁਰਦੇ ਜਾ ਰਹੇ ਸਨ। ਮਹੀਨੇ ਬਾਅਦ ਮਿਲੇ ਹੋਣ ਕਾਰਨ ਸਭ ਇੱਕ-ਦੂਜੇ ਦਾ ਹਾਲ-ਚਾਲ ਪੁੱਛ ਰਹੇ ਸਨ। ਅੰਤ ਵਿੱਚ ਗੱਲ ਮੇਰੇ ਵਾਲੇ ਮਸਲੇ 'ਤੇ ਆ ਕੇ ਰੁਕ ਗਈ।

ਮੈਨੂੰ ਇਹ ਤਾਂ ਪਤਾ ਲੱਗ ਹੀ ਚੁੱਕਾ ਸੀ ਕਿ ਪੁਲਿਸ ਵਾਲੇ ਕੋਈ ਵੀ ਕਾਰਵਾਈ ਨਹੀਂ ਕਰਨਗੇ ਪਰ ਮੈਂ ਆਪਣੇ ਕੇਸ ਨੂੰ ਸਾਥੀਆਂ ਵਿੱਚ ਮਜ਼ਬੂਤ ਵਿਖਾਉਣ ਲਈ ਦੱਸਿਆ, "ਕੋਈ ਨ੍ਹੀਂ, ਮੇਰੀ ਵੀ ਉੱਪ ਮੁੱਖ-ਮੰਤਰੀ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਹੋਈ ਹੈ। ਹੁਣ ਭੱਜੇ ਫਿਰਦੇ ਨੇ। ਆਪਣਾ ਕੀ ਜਾਂਦਾ ਏ, ਆਪ ਹੀ ਲੈਪ-ਟਾਪ 'ਤੇ ਸ਼ਿਕਾਇਤ ਟਾਈਪ ਕਰ ਕੇ ਈ-ਮੇਲ ਕਰ ਦੇਈਦੀ ਆ, ਤੇ ਅਗਲਿਆਂ ਨੂੰ ਭਾਜੜ ਪੈ ਜਾਂਦੀ ਆ।" ਮੈਂ ਆਪਣੀਆਂ ਉਂਗਲਾਂ ਟਾਈਪ ਕਰਨ ਵਾਲਿਆਂ ਵਾਂਙ ਕਰਦਿਆਂ, ਆਖ ਕੇ ਮੈਂ ਉੱਚੀ-ਉੱਚੀ ਹੱਸਿਆ। ਸਾਰੇ ਜਣੇ ਚੁੱਪ ਹੀ ਰਹੇ ਤੇ ਮੇਰੇ ਨਾਲ ਕੋਈ ਵੀ ਨ੍ਹੀਂ ਸੀ ਹੱਸਿਆ। ਸਗੋਂ ਸਭ ਦੇ ਚਿਹਰੇ ਗੰਭੀਰ ਹੋ ਗਏ ਸਨ। ਮੈਨੂੰ ਸਮਝ ਲੱਗ ਗਈ ਕਿ ਮੇਰੀ ਚੋਰੀ ਫੜੀ ਗਈ ਹੈ। ਭਾਵੇਂ ਕਿ ਇਸ ਕੇਸ ਵਿੱਚ ਉਹਨਾਂ ਦਾ ਕੋਈ ਸਿੱਧਾ ਸਬੰਧ ਨਹੀਂ ਸੀ ਪਰ ਟੈਲੀਫ਼ੋਨ 'ਤੇ ਸਭ ਇੱਕ-ਦੂਜੇ ਤੋਂ ਇਸ ਦੀ ਕਨਸੋਅ ਲੈਂਦੇ ਹੀ ਰਹਿੰਦੇ ਸਨ।

ਜਮਾਤ ਵਿੱਚ ਜਾ ਕੇ ਰਜਿਸਟਰ ਤਾਂ ਮੈਂ ਮੇਜ ਉੱਤੇ ਟਿਕਾਅ ਲਿਆ ਸੀ ਪਰ ਹੱਥ ਵਿਚਲਾ ਪੈੱਨ ਵਾਰ-ਵਾਰ ਥਿੜਕ ਰਿਹਾ ਸੀ। ਮੂਹਰੇ ਬੈਠੇ ਵਿਦਿਆਰਥੀ ਮੇਰੇ ਕੰਬਦੇ ਹੋਏ ਹੱਥਾਂ ਵੱਲ ਬੜੇ ਹੀ ਗਹੁ ਨਾਲ ਵੇਖ ਰਹੇ

ਸਨ।ਜਦ ਮੇਰੇ ਕੋਲੋਂ ਪੈੱਨ ਫੜਿਆ ਹੀ ਨਾ ਗਿਆ ਤਾਂ ਮੈਂ ਮਨੀਟਰ ਕੋਲੋਂ ਹਾਜ਼ਰੀ ਵਾਲੀ ਪਰਚੀ ਫੜ ਕੇ ਰਜਿਸਟਰ ਵਿੱਚ ਹੀ ਰੱਖ ਲਈ।

ਮੈਂ ਇਸ ਜਮਾਤ ਦਾ ਛੇਵੀਂ ਤੋਂ ਹੀ ਇੰਚਾਰਜ ਚਲਿਆ ਆ ਰਿਹਾ ਸਾਂ।ਹੁਣ ਇਸ ਜਮਾਤ ਨਾਲ ਵਾਹ ਪਏ ਨੂੰ ਸੱਤਵਾਂ ਸਾਲ ਜਾ ਰਿਹਾ ਸੀ।ਮੈਂ ਤੇ ਮੇਰੇ ਵਿਦਿਆਰਥੀ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਦੇ ਸਾਂ।ਛੇਵੀਂ ਵਾਲੇ ਭੋਲ਼ੇ-ਭਾਲ਼ੇ ਜਿਹੇ ਸ਼ਿਕਾਇਤਾਂ ਲਾਉਂਦੇ ਬੱਚੇ, ਹੁਣ ਬਾਰ੍ਹਵੀਂ ਜਮਾਤ ਵਿੱਚ ਹੋਏ ਹੋਏ ਗੱਭਰੂ ਹੋ ਚੁੱਕੇ ਸਨ।ਸਕੂਲ ਵਿੱਚ ਲੈਕਚਰਾਰਾਂ ਦੀਆਂ ਬਹੁਤੀਆਂ ਅਸਾਮੀਆਂ ਖ਼ਾਲੀ ਹੋਣ ਕਾਰਨ ਸੈਕੰਡਰੀ ਦੀਆਂ ਜਮਾਤਾਂ ਦੀ ਜ਼ੁੰਮੇਵਾਰੀ ਵੀ ਮਾਸਟਰ ਕੇਡਰ ਦੇ ਅਧਿਆਪਕਾਂ ਨੇ ਹੀ ਚੁੱਕੀ ਹੋਈ ਸੀ।ਜਦ ਮੈਂ ਪੜ੍ਹਣ ਲਈ ਕਿਤਾਬਾਂ ਖੋਲ੍ਹਣ ਲਈ ਆਖਿਆ ਤਾਂ ਜਮਾਤ ਵਿੱਚ ਘੁਸਰ-ਮੁਸਰ ਹੋਣ ਲੱਗ ਪਈ।ਫਿਰ ਸਾਊ ਜਿਹਾ ਲੱਗਣ ਪਰ ਚੰਗੇ ਕੱਦ ਕਾਠ ਵਾਲਾ ਇੱਕ ਜਣਾ ਉੱਠਿਆ ਤੇ ਬੇਝਿਜਕ ਹੋ ਕੇ ਬੋਲਿਆ, "ਸਰ, ਪੜ੍ਹਾਈ ਨੂੰ ਛੱਡੋ ਪਰ੍ਹਾਂ।ਸਾਨੂੰ ਦੱਸੋ, ਤੁਹਾਡੇ ਕੇਸ ਦਾ ਕੀ ਬਣਿਆ ? ਸਾਨੂੰ ਸਭ ਨੂੰ ਪਤਾ ਹੈ ਕਿ ਤੁਹਾਡਾ ਝਗੜਾ ਕਾਫ਼ੀ ਵਧ ਚੁੱਕਾ ਹੈ।ਅਸੀਂ ਸਾਰਾ ਕੁਝ ਪੜ੍ਹਿਆ ਹੋਇਆ ਹੈ, ਅਖ਼ਬਾਰਾਂ 'ਚ।ਜੇ ਸਾਡੀ ਲੋੜ ਆ ਤਾਂ ਦੱਸੋ।ਅਸੀਂ ਉਹਨਾਂ ਵੱਡੇ ਗੁੰਡਿਆਂ ਨੂੰ ਚੁੱਕ ਲਿਆਉਂਦੇ ਆਂ।" ਸਾਰੇ ਜਣੇ ਹੀ ਉਸ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਕੁਝ ਨਾ ਕੁਝ ਬੋਲ ਰਹੇ ਸਨ।

ਸੁਣਦਿਆਂ ਹੀ ਮੇਰਾ ਸੇਰ ਖ਼ੂਨ ਵਧ ਗਿਆ ਸੀ।ਮੈਨੂੰ ਆਪਣੇ ਵਿਦਿਆਰਥੀਆਂ ਦੁਆਰਾ ਮੇਰਾ ਫ਼ਿਕਰ ਕੀਤੇ ਜਾਣ 'ਤੇ ਡਾਢਾ ਮਾਣ ਮਹਿਸੂਸ ਹੋਇਆ।ਮੈਂ ਉਹਨਾਂ ਨੂੰ ਅੱਧ-ਪਚੱਧ ਜਿਹੀ ਗੱਲ ਦੱਸ ਦਿੱਤੀ ਤੇ ਨਾਲ ਹੀ ਆਖਿਆ, "ਮੈਂ ਤੁਹਾਨੂੰ ਪੜ੍ਹਾਉਂਦਾ ਹੁੰਦਾ ਸੀ ਕਿ ਜੇ ਤੁਹਾਡੇ ਨਾਲ ਧੱਕਾ ਹੋਵੇ ਤਾਂ ਪਹਿਲਾਂ ਚੌਕੀ 'ਚ ਜਾਓ, ਜੇ ਉਹ ਗੱਲ ਨਹੀਂ ਸੁਣਦੇ ਤਾਂ ਥਾਣੇ ਜਾਓ, ਐਸ.ਐੱਚ.ਓ. ਕੋਲ।ਜੇ ਉਹ ਵੀ ਨੀਂ ਸੁਣਦਾ ਤਾਂ ਡੀ.ਐਸ.ਪੀ., ਫੇਰ ਐਸ.ਪੀ. ਅਤੇ ਫਿਰ ਐਸ.ਐਸ.ਪੀ. ਤੱਕ ਪਹੁੰਚ ਕਰੋ।ਜੇ ਇੱਥੇ ਵੀ ਨਾ ਸੁਣੀ ਜਾਵੇ ਤਾਂ ਅਦਾਲਤ ਵਿੱਚ ਚਲੇ ਜਾਵੋ, ਪੜ੍ਹਾਇਆ ਸੀ ਨਾ ਤੁਹਾਨੂੰ ?"

"ਹਾਂ ਜੀ।" ਉਹ ਸਾਰੇ ਇਕੱਠੇ ਹੀ ਬੋਲੇ।

"ਉਹ ਸਾਰੀ ਪੜ੍ਹਾਈ ਗ਼ਲਤ ਸੀ।ਐਵੇਂ ਕਿਤੇ ਪੰਗਾ ਨਾ ਲੈ ਲੈਣਾ।ਜੇ ਕਿਤੇ ਇਸ ਰਾਹ ਪੈ ਗਏ ਤਾਂ ਆਹ ਮੇਰੇ ਵਾਂਙੂੰ ਹੱਥ ਕੰਬਣ ਲੱਗ ਪੈਣਗੇ ਤੇ ਮਹੀਨੇ ਕੁ ਬਾਅਦ ਹੀ ਤੁਹਾਡੇ ਘਰਦਿਆਂ ਨੇ ਵੀ ਤੁਹਾਨੂੰ ਪਹਿਚਾਨਣੋਂ ਹਟ ਜਾਣੈ ਕਿ ਸਾਡੇ ਘਰ ਆਹ ਕੈਦੀ ਕਿੱਥੋਂ ਆ ਗਿਆ।" ਇਹ ਕਹਿੰਦੇ, ਮੈਂ ਨਾ ਚਾਹੁੰਦਿਆਂ ਹੋਇਆਂ ਵੀ ਮਾੜਾ ਜਿਹਾ ਮੁਸਕੁਰਾਅ ਪਿਆ ਸਾਂ।

ਇਹ ਗੱਲਾਂ ਦੱਸਣ ਦੇ ਨਾਲ-ਨਾਲ ਮੈਂ ਵਿਦਿਆਰਥੀਆਂ ਦੇ ਚਿਹਰੇ ਵੀ

ਪੜ੍ਹ ਰਿਹਾ ਸਾਂ। ਉਹਨਾਂ ਨੂੰ ਹੈਰਾਨੀ ਹੋ ਰਹੀ ਸੀ ਕਿ ਸਰ ਪਿਛਲੀਆਂ ਜਮਾਤਾਂ ਵਿੱਚ ਤਾਂ ਸਾਨੂੰ ਅਜਿਹੇ ਸਵਾਲਾਂ ਨੂੰ ਬੜੇ ਹੀ ਪਿਆਰ ਨਾਲ ਸਮਝਾਉਂਦੇ ਹੁੰਦੇ ਸੀ ਤੇ ਅੱਜ ਆਪ ਹੀ ਕਰਵਾਈ ਗਈ ਪੜ੍ਹਾਈ ਨੂੰ ਰੱਦ ਕਰੀ ਜਾ ਰਹੇ ਹਨ। ਜਦ ਮੈਨੂੰ ਲੱਗਾ ਕਿ ਉਹ ਮੇਰੀਆਂ ਗੱਲਾਂ ਵਿੱਚ ਰੁਚੀ ਲੈ ਰਹੇ ਹਨ ਤਾਂ ਮੈਂ ਹੋਰ ਵਿਸਥਾਰ ਦਿੱਤਾ, "ਆਪਣੀ ਜ਼ਿੰਦਗੀ ਵਿੱਚ ਕੋਸ਼ਿਸ਼ ਇਹ ਕਰਨੀ ਹੈ ਕਿ ਤੁਹਾਡਾ ਕਿਸੇ ਨਾਲ ਝਗੜਾ ਹੋਵੇ ਹੀ ਨਾ ਪਰ ਜੇ ਕਰ ਮਜਬੂਰੀ ਵੱਸ ਕੋਈ ਲੜਾਈ ਤੁਹਾਡੇ ਗਲ ਪੈ ਵੀ ਜਾਂਦੀ ਹੈ ਤਾਂ ਧੀਰਜ ਅਤੇ ਠਰ੍ਹੰਮੇ ਨਾਲ ਹੀ ਕੋਈ ਕਦਮ ਉਠਾਉਣਾ ਹੈ। ਇੱਕ ਗੱਲ ਪੱਕੀ ਕੰਨ ਵਿੱਚ ਪਾ ਲਓ ਕਿ ਜੇ ਕਰ ਤੁਹਾਡਾ ਝਗੜਾ ਕਿਸੇ ਪੁਲਿਸ ਦੇ ਕਰਮਚਾਰੀ ਨਾਲ ਹੈ ਤਾਂ ਤੁਹਾਡੀ ਸੁਣਵਾਈ ਹੋਣੀ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਹੀ ਹੈ। ਤੁਹਾਨੂੰ ਇਨਸਾਫ਼ ਮਿਲਣ ਦੀ ਬਜਾਇ ਤੁਹਾਡੇ 'ਤੇ ਕੋਈ ਵੀ ਝੂਠਾ ਕੇਸ ਦਰਜ ਕੀਤਾ ਜਾ ਸਕਦਾ ਹੈ। ਇਸ ਲਈ ਕਿਤਾਬੀ ਗਿਆਨ ਵੱਲ ਧਿਆਨ ਨਹੀਂ ਦੇਣਾ, ਜਿਹੜਾ ਕਿ ਮੈਂ ਤੇ ਦੂਜੇ ਅਧਿਆਪਕ ਦਿੰਦੇ ਰਹੇ ਹਾਂ। ਅੱਜ ਵਾਲੀ ਸਿੱਖਿਆ ਪੂਰੀ ਤਰ੍ਹਾਂ ਵਿਵਹਾਰਿਕ ਹੈ ਅਤੇ ਤੁਹਾਡੀ ਜ਼ਿੰਦਗੀ ਵਿੱਚ ਕੰਮ ਆਉਣ ਵਾਲੀ ਹੈ।" ਤੇ ਇਸ ਤਰ੍ਹਾਂ ਦੀਆਂ ਹੋਰ ਵੀ ਕਈ ਗੱਲਾਂ ਮੈਂ ਉਹਨਾਂ ਨੂੰ ਦੱਸਦਾ ਰਿਹਾ। ਵਿਦਿਆਰਥੀ ਮੇਰੀਆਂ ਗੱਲਾਂ ਨੂੰ ਪੂਰੇ ਧਿਆਨ ਨਾਲ ਸੁਣ ਰਹੇ ਸਨ।

ਏਨੀ ਦੇਰ ਵਿੱਚ ਘੰਟੀ ਵੱਜ ਗਈ ਤੇ ਮੈਂ ਜਮਾਤ ਵਿੱਚੋਂ ਬਾਹਰ ਆ ਗਿਆ ਸਾਂ। ਅਗਲੇ ਜਮਾਤ ਕਮਰੇ ਤੱਕ ਜਾਂਦਿਆਂ ਮੈਂ ਸੋਚ ਰਿਹਾ ਸਾਂ ਕਿ ਵਿਦਿਆਰਥੀਆਂ ਨੂੰ ਆਪਣੇ ਅਧਿਆਪਕ ਦਾ ਕਿੰਨਾ ਫ਼ਿਕਰ ਹੁੰਦਾ ਹੈ ਕਿ ਉਹ ਉਸ ਲਈ ਲੜਨ-ਮਰਨ ਲਈ ਵੀ ਤਿਆਰ ਹੋ ਜਾਂਦੇ ਹਨ। ਇਹ ਆਖਣਾ ਤਾਂ ਬਿਲਕੁਲ ਗ਼ਲਤ ਹੈ ਕਿ ਅੱਜ-ਕੱਲ੍ਹ ਦੇ ਵਿਦਿਆਰਥੀ ਆਪਣੇ ਅਧਿਆਪਕਾਂ ਦਾ ਸਤਿਕਾਰ ਨਹੀਂ ਕਰਦੇ।

0-0-0-0

ਇਹਨਾਂ ਦਿਨਾਂ ਵਿੱਚ ਮੈਂ ਆਪਣੇ ਸਾਥੀ ਅਧਿਆਪਕਾਂ, ਖਾਸ ਕਰ ਮਾਦਾ ਸਟਾਫ਼ ਨਾਲ ਗੱਲ ਕਰਨ ਤੋਂ ਖ਼ਾਸਾ ਹੀ ਕਤਰਾਉਣ ਲੱਗ ਪਿਆ ਸਾਂ। ਮੈਨੂੰ ਆਪਣੇ ਆਪ ਨੂੰ ਲਗਦਾ ਸੀ ਕਿ ਮੈਨੂੰ ਬੋਲਣ ਵਿੱਚ ਕੁਝ ਥਥਲਾਹਟ ਹੁੰਦੀ ਸੀ। ਕਈ ਵਾਰ ਗੱਲ ਦਿਮਾਗ਼ ਵਿੱਚ ਤਾਂ ਤੁਰੀ ਫਿਰਦੀ ਹੁੰਦੀ ਸੀ ਪਰ ਜ਼ੁਬਾਨ ਸਾਥ ਨਹੀਂ ਸੀ ਦੇ ਰਹੀ ਹੁੰਦੀ। ਮੈਂ ਚਿੜਚਿੜੇਪਣ ਦਾ ਸ਼ਿਕਾਰ ਵੀ ਹੋ ਗਿਆ ਸਾਂ। ਜਦ ਵੀ ਕੋਈ ਮਾੜਚੂ ਜਿਹਾ ਵਿਦਿਆਰਥੀ ਮੇਰੇ ਕੋਲ ਕਿਸੇ ਤਕੜੇ ਵਿਦਿਆਰਥੀ ਦੁਆਰਾ ਉਸ ਦੀ ਕੀਤੀ ਗਈ ਕੁੱਟਮਾਰ ਜਾਂ ਫਿਰ ਧੱਕੇਸ਼ਾਹੀ ਦੀ ਸ਼ਿਕਾਇਤ ਲੈ ਕੇ ਆਉਂਦਾ ਤਾਂ ਮੇਰੇ ਦਿਮਾਗ਼ ਨੂੰ ਪਤਾ ਨਹੀਂ ਕੀ ਹੋ ਜਾਂਦਾ ਸੀ ਕਿ ਮੈਂ ਉਸ ਤਕੜੇ ਵਿਦਿਆਰਥੀ ਦੀ ਚੰਗੀ ਝਾੜ-ਝੰਬ

ਕਰ ਦਿੰਦਾ ਸਾਂ ਅਤੇ ਕਈ ਵਾਰ ਖੜਕਾਅ ਵੀ ਦਿੰਦਾ ਸਾਂ ਕਿ ਉਸ ਨੂੰ ਨਾਨੀ ਯਾਦ ਆ ਜਾਂਦੀ ਸੀ। ਉਸ ਵਿਦਿਆਰਥੀ ਨੂੰ ਸਜ਼ਾ ਦੇਣ ਵੇਲ਼ੇ 'ਤਕੜਾ ਹੋ ਕੇ ਮਾੜੇ ਨਾਲ ਧੱਕਾ ਕਰਦੈਂ ਓਏ' ਇਹ ਸ਼ਬਦ ਮੇਰੇ ਮੂੰਹੋਂ ਸੁਭਾਵਿਕ ਹੀ ਨਿਕਲ ਜਾਂਦੇ ਸਨ।

ਇਹਨਾਂ ਹੀ ਦਿਨਾਂ ਵਿੱਚ ਦੋ ਘਟਨਾਵਾਂ ਵਾਪਰ ਗਈਆਂ। ਸਾਡੇ ਸਕੂਲ ਦੀਆਂ ਅਧਿਆਪਕਾਵਾਂ ਬੱਸ ਦੇ ਦੇਰੀ ਨਾਲ ਸਕੂਲ ਤੱਕ ਅੱਪੜਣ ਕਾਰਨ ਪ੍ਰੇਸ਼ਾਨ ਸਨ। ਅੱਕ ਕੇ ਉਹਨਾਂ ਨੇ 'ਭੂੰਡੀ' (ਛੋਟਾ ਜਿਹਾ ਟੈਂਪੂ) ਵਾਲੇ ਗ਼ਰੀਬ ਜਿਹੇ ਡਰਾਈਵਰ ਨਾਲ ਮਹੀਨੇ ਦੀ ਪ੍ਰਤੀ ਸਵਾਰੀ ਪੱਕੀ ਗੱਲ ਕਰ ਲਈ। ਦੋ ਦਿਨ ਤਾਂ ਉਸ ਭੂੰਡੀ ਵਿੱਚ ਉਹ ਬੜੇ ਹੀ ਆਰਾਮ ਨਾਲ ਆਈਆਂ ਤੇ ਸ਼ਾਮ ਨੂੰ ਵੇਲ਼ੇ ਸਿਰ ਘਰ ਵੀ ਪੁੱਜਦੀਆਂ ਰਹੀਆਂ। ਤੀਜੇ ਦਿਨ ਮਿੰਨੀ ਬੱਸ ਵਾਲਿਆਂ ਨੇ ਭੂੰਡੀ ਨੂੰ ਰਾਹ ਵਿੱਚ ਹੀ ਰੋਕ ਲਿਆ ਤੇ ਉਸਨੂੰ ਆਪਣੀ ਭੂੰਡੀ ਇਸ ਰੂਟ ਤੋਂ ਬੰਦ ਕਰਨ ਦੀ ਚੇਤਾਵਨੀ ਦੇ ਦਿੱਤੀ, 'ਇਹ ਕੋਈ ਸਰਕਾਰੀ ਅਥਾਰਟੀ ਥੋੜ੍ਹਾ ਹੈਗੇ ਆ ਜਿਹੜੇ ਭੂੰਡੀ ਨੂੰ ਹਟਾਅ ਦੇਣਗੇ' ਵਰਗੀਆਂ ਮੈਡਮਾਂ ਦੀਆਂ ਮਨੋ-ਤਸੱਲੀ ਦੇਣ ਵਾਲੀਆਂ ਗੱਲਾਂ ਸੁਣ ਕੇ ਭੂੰਡੀ ਦਾ ਡਰਾਈਵਰ ਅਗਲੇ ਦਿਨ ਵੀ ਉਹਨਾਂ ਨੂੰ ਆਪਣੀ ਭੂੰਡੀ ਉੱਤੇ ਬਿਠਾਅ ਕੇ ਲੈ ਆਇਆ।

ਸਾਡੇ ਸਕੂਲ ਪਹੁੰਚਦਿਆਂ ਹੀ ਸਕੂਲ ਦੇ ਮੁੱਖ ਦਰਵਾਜ਼ੇ 'ਤੇ ਕਾਫ਼ੀ ਰੌਲ਼ਾ ਪਿਆ ਹੋਇਆ ਸੀ। ਪਤਾ ਕਰਨ ਤੇ ਪਤਾ ਲੱਗਾ ਕਿ ਮਿੰਨੀ ਬੱਸ ਦਾ ਮਾਲਕ ਆਪਣੇ ਗੁੰਡੇ ਲੈ ਕੇ ਭੂੰਡੀ ਦੇ ਡਰਾਈਵਰ ਨੂੰ ਕੁੱਟਣ ਆ ਪਿਆ ਸੀ ਤੇ ਉਹ ਬਚਦਾ ਬਚਾਉਂਦਾ ਸਕੂਲ ਦੇ ਅੰਦਰ ਵੜ ਗਿਆ ਤੇ ਮਿੰਨੀ ਬੱਸ ਦਾ ਮਾਲਕ ਤੇ ਉਸ ਦੇ ਗੁੰਡੇ, ਉਸ ਦੀ ਸਕੂਲ ਦੇ ਅੰਦਰ ਆ ਕੇ ਸ਼ਰ੍ਹੇਆਮ ਕੁੱਟਮਾਰ ਕਰ ਗਏ ਸਨ।

ਉਹ ਵਿਚਾਰਾ ਗ਼ਰੀਬ ਡਰਾਈਵਰ ਕੁੱਟ ਖਾ ਕੇ ਵੀ ਅਧਿਆਪਕਾਵਾਂ ਵੱਲ ਮਦਦ ਦੀ ਆਸ ਨਾਲ ਝਾਕ ਰਿਹਾ ਸੀ। ਹਰ ਕੋਈ ਆਪਣੀ ਸਮਝ ਮੁਤਾਬਕ ਕਾਨੂੰਨੀ ਕਦਮ ਚੁੱਕਣ ਲਈ ਆਖ ਰਿਹਾ ਸੀ। ਸ਼ਾਇਦ ਬੱਸ ਮਾਲਕ ਨੂੰ ਵੀ ਸਰਕਾਰੀ ਜਗ੍ਹਾ ਉੱਤੇ ਜਾ ਕੇ ਗੁੰਡਾ-ਗਰਦੀ ਕਰਨ ਦੀ ਆਪਣੀ ਗ਼ਲਤੀ ਦਾ ਅਹਿਸਾਸ ਹੋ ਚੁੱਕਾ ਸੀ। ਉਸ ਨੇ ਪ੍ਰਿੰਸੀਪਲ ਨਾਲ ਫ਼ੋਨ 'ਤੇ ਗੱਲ ਕਰਕੇ ਆਪਣੀ ਸਥਿੱਤੀ ਸਪਸ਼ਟ ਕਰਨ ਦਾ ਸਮਾਂ ਮੰਗ ਲਿਆ। ਅੱਧੀ ਛੁੱਟੀ ਦੇ ਵੇਲ਼ੇ ਨੂੰ ਉਹ ਪਿੰਡ ਦੇ ਦੋ ਪੰਚਾਇਤ ਮੈਂਬਰਾਂ ਅਤੇ ਤਿੰਨ ਚਾਰ ਮੋਹਤਬਰ ਬੰਦਿਆਂ ਨੂੰ ਲੈ ਕੇ ਆ ਗਿਆ।

ਇਸ ਮੀਟਿੰਗ ਵਿੱਚ ਘੈਂਸ ਘੈਂਸ ਚਲਦੀ ਰਹੀ ਤੇ ਸਾਰੀ ਗੱਲਬਾਤ ਵਿੱਚ ਮਿੰਨੀ ਬੱਸ ਦਾ ਮਾਲਕ ਹੀ ਝੂਠਾ ਸਿੱਧ ਹੋ ਰਿਹਾ ਸੀ। ਸਾਰੇ ਉਸ ਦੀ ਹੀ ਗ਼ਲਤੀ ਕੱਢ ਰਹੇ ਸਨ ਪਰ ਉਹ ਮੰਨਣ ਨੂੰ ਤਿਆਰ ਹੀ ਨਹੀਂ ਸੀ ਹੋ

ਰਿਹਾ। ਮੈਨੂੰ ਪਤਾ ਨਹੀਂ ਕੀ ਹੋ ਗਿਆ ਕਿ ਮੈਂ ਇੱਕਦਮ ਹੀ ਉਹਨਾਂ ਨੂੰ ਪੈ ਨਿਕਲਿਆ, "ਥੋਡੀ ਕੀ ਹਸਤੀ ਆ ਕਿ ਤੁਸੀਂ ਭੂੰਡੀ ਨੂੰ ਬੰਦ ਕਰਵਾਓ। ਇਹ ਟ੍ਰਾਂਸਪੋਰਟ ਮਹਿਕਮਾ ਵੇਖੇ ਕਿ ਉਸ ਨੇ ਭੂੰਡੀ ਚੱਲਣ ਦੇਣੀ ਹੈ ਕਿ ਨਹੀਂ, ਗੁੰਡਾਗਰਦੀ ਕਰਦੇ ਓ, ਗੁੰਡਿਓ। ਇਹ ਭੂੰਡੀ ਤਾਂ ਚੱਲੇਗੀ ਹੀ ਚੱਲੇਗੀ, ਇੱਥੇ।" ਮੈਂ ਲੋਹਾ ਲਾਖਾ ਹੁੰਦਿਆਂ ਉਹਨਾਂ ਦੀ ਗੁੰਡਾ-ਗਰਦੀ ਨੂੰ ਲਲਕਾਰ ਦਿੱਤਾ ਸੀ। ਗੁੱਸੇ ਵਿਚ ਆਏ ਹੋਏ ਨੇ ਮੈਂ ਭੂੰਡੀ ਨੂੰ ਚਲਾਉਣ ਅਤੇ ਉਸ ਦੀ ਗੁੰਡਿਆਂ ਤੋਂ ਰੱਖਿਆ ਕਰਨ ਦੀ ਜੁੰਮੇਵਾਰੀ ਵੀ ਚੁੱਕ ਲਈ ਸੀ।

ਇੱਕ ਮਾਸਟਰ ਦਾ ਅਣ-ਕਿਆਸਿਆ ਇਹ ਰੂਪ ਵੇਖ ਕੇ ਮਿੰਨੀ ਬੱਸ ਦਾ ਮਾਲਕ ਵੀ ਆਪੇ ਤੋਂ ਬਾਹਰ ਹੋ ਗਿਆ ਤੇ ਮੈਨੂੰ ਸਕੂਲ 'ਚੋਂ ਬਾਹਰ ਆ ਕੇ ਵੇਖ ਲੈਣ ਦੀਆਂ ਧਮਕੀਆਂ ਦੇਣ ਲੱਗ ਪਿਆ।

"ਆ ਜਾ ਬਾਹਰ, ਹੁਣੇ ਚੱਲਦਾ ਆਂ। ਜੇ ਅਜੇ ਵੀ ਡਿਊਟੀ ਤੇ ਸਮਝਦਾ ਏਂ ਤਾਂ ਦੋ ਵਜੇ ਤੋਂ ਬਾਅਦ ਜਦੋਂ ਮਰਜ਼ੀ ਆ ਜੀਂ 'ਕੱਲਾ ਹੀ ਹੁੰਨਾਂ ਆਂ।" ਮੈਂ ਵੀ ਅੱਗੋਂ ਉਸ ਨੂੰ ਲਲਕਾਰਿਆ।

ਇਕੱਤਰਤਾ ਖਿੱਲਰ-ਪੁੱਲਰ ਹੀ ਗਈ ਸੀ ਤੇ ਸਾਰੇ ਜਣੇ ਸਾਨੂੰ ਦੋਵਾਂ ਨੂੰ ਸਮਝਾਉਣ-ਬੁਝਾਉਣ ਵਿੱਚ ਹੀ ਲੱਗ ਗਏ ਸਨ।

ਹਾਲਾਤ ਥੋੜ੍ਹੇ ਜਿਹੇ ਸ਼ਾਂਤ ਹੁੰਦਿਆਂ ਹੀ ਪ੍ਰਿੰਸੀਪਲ ਨੇ ਸਾਰਿਆਂ ਨੂੰ ਦੁਬਾਰਾ ਆਪਣੇ ਦਫ਼ਤਰ 'ਚ ਸੱਦ ਲਿਆ ਤੇ ਆਪਣਾ ਫ਼ੈਸਲਾ ਸੁਣਾਅ ਦਿੱਤਾ, "ਮਾਹੌਲ ਨੂੰ ਸ਼ਾਂਤ ਰੱਖਣ ਲਈ ਜ਼ਰੂਰੀ ਹੈ ਕਿ ਇਹ ਭੂੰਡੀ ਨਾ ਚੱਲੇ ਤੇ ਸਭ ਕਰਮਚਾਰੀਆਂ ਨੂੰ ਤਾਕੀਦ ਕੀਤੀ ਜਾਂਦੀ ਹੈ ਕਿ ਉਹ ਇਸ ਭੂੰਡੀ ਦਾ ਉਪਯੋਗ ਨਾ ਕਰਨ। ਇਸ ਹੁਕਮ ਦੀ ਉਲੰਘਣਾ ਦਾ ਮਤਲਬ ਹੋਏਗਾ ਕਿ ਸਬੰਧਤ ਕਰਮਚਾਰੀ ਸਕੂਲ ਮੁਖੀ ਦੇ ਆਦੇਸ਼ ਨੂੰ ਮੰਨਣ ਤੋਂ ਇਨਕਾਰੀ ਹੈ। ਇਸ ਲਈ ਉਹ ਨਿੱਜੀ ਤੌਰ 'ਤੇ ਜੁੰਮੇਵਾਰ ਹੋਵੇਗਾ।" ਇੱਕ ਤਰ੍ਹਾਂ ਨਾਲ ਇਹ ਉਸ ਦਾ ਅੰਤਿਮ ਫ਼ੈਸਲਾ ਸੀ।

ਆਪਣੇ ਪ੍ਰਿੰਸੀਪਲ ਦਾ ਇਹ ਇੱਕ ਪਾਸੜ ਫ਼ੈਸਲਾ ਸੁਣ ਕੇ ਮੈਨੂੰ ਤਾਂ ਸੱਤੀਂ ਕੱਪੜੀਂ ਅੱਗ ਹੀ ਲੱਗ ਗਈ ਸੀ। ਪਰ ਹੁਣ ਕੀਤਾ ਵੀ ਕੀ ਜਾ ਸਕਦਾ ਸੀ। ਸਕੂਲ ਮੁਖੀ ਦੇ ਇਸ ਫ਼ੈਸਲੇ ਨਾਲ ਮੇਰੇ ਦਿਮਾਗ਼ 'ਚ ਇੱਕ ਗੱਲ ਘੁੰਮਣ ਲੱਗ ਪਈ ਸੀ ਕਿ ਜੇ ਕਰ ਇਸੇ ਤਰ੍ਹਾਂ ਦੀ ਸ਼ਾਂਤੀ ਕਾਇਮ ਕਰਨ ਲਈ ਜੱਜ ਨੇ ਮੇਰੇ ਖ਼ਿਲਾਫ਼ ਫ਼ੈਸਲਾ ਦੇ ਦਿੱਤਾ ਤਾਂ ? ਫਿਰ ਕੀ ਹੋਵੇਗਾ ?? ਮੈਂ ਇਸ ਘਟਨਾ ਨੂੰ ਆਪਣੇ ਨਾਲ ਜੋੜ ਕੇ ਵੇਖਣ ਲੱਗ ਪਿਆ ਸਾਂ।

ਸਾਰੀਆਂ ਅਧਿਆਪਕਾਵਾਂ ਦੇ ਘਰਾਂ ਵਿੱਚ ਕਾਰਾਂ ਖੜ੍ਹੀਆਂ ਸਨ। ਇਸ ਲਈ ਅਸੀਂ ਉਹਨਾਂ ਨੂੰ ਜ਼ੋਰ ਪਾਇਆ ਕਿ ਉਹ ਵਾਰੀ ਸਿਰ ਆਪਣੀ-ਆਪਣੀ ਗੱਡੀ ਲੈ ਆਇਆ ਕਰਨ। ਜੇ ਗੱਡੀ ਦਾ ਪ੍ਰਬੰਧ ਨਹੀਂ ਵੀ ਹੁੰਦਾ ਤਾਂ

ਭਾਵੇਂ ਸਾਡੇ ਵਿੱਚੋਂ ਕਿਸੇ ਦੀ ਵੀ ਗੱਡੀ ਰੱਖ ਲੈਣ ਪਰ ਉਸ ਬੱਸ ਉੱਤੇ ਕਦੇ ਨਾ ਚੜ੍ਹਨ। ਉਸ ਵਕਤ ਤਾਂ ਉਹ 'ਹਾਂਅ ਜੀ' 'ਹੂੰਅ ਜੀ' ਕਰਦੀਆਂ ਰਹੀਆਂ ਪਰ ਅਗਲੇ ਦਿਨ ਸਾਨੂੰ ਪਤਾ ਲੱਗਾ ਕਿ ਸਿਰਫ਼ ਦੋ ਜਣੀਆਂ ਹੀ ਆਪਣੀ ਜ਼ੁਬਾਨ 'ਤੇ ਪੱਕੀਆਂ ਰਹੀਆਂ ਸਨ। ਉਹ ਭਾਵੇਂ ਸਾਡੇ ਵੱਲੋਂ ਪੇਸ਼ ਕੀਤੀਆਂ ਗੱਡੀਆਂ ਉੱਤੇ ਨਹੀਂ ਚੜ੍ਹੀਆਂ ਸਨ ਪਰ ਉਹਨਾਂ ਨੇ ਮਿੰਨੀ ਬੱਸ ਬਿਲਕੁਲ ਹੀ ਠੁਕਰਾਅ ਦਿੱਤੀ ਸੀ। ਜਿਹੜੀਆਂ ਉਸ ਦਿਨ ਬੱਸ ਉੱਤੇ ਚੜ੍ਹ ਕੇ ਆ ਗਈਆਂ ਸਨ, ਉਹਨਾਂ ਨੂੰ ਸਭ ਨੇ ਏਨੇ ਤਿੱਖੇ ਸ਼ਬਦਾਂ ਵਿੱਚ ਨਿਹੋਰੇ ਮਾਰੇ ਕਿ ਉਹ ਇਸ ਗੱਲ ਨੂੰ ਕਦੇ ਵੀ ਨਹੀਂ ਭੁੱਲ ਸਕਣਗੀਆਂ।

ਇਹ ਜੰਗ ਤਾਂ ਅਸੀਂ 'ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ' ਹਾਰ ਗਏ ਸਾਂ ਅਤੇ ਮੈਨੂੰ ਇੱਕ ਖ਼ਤਰਾ ਹੋਰ ਵੀ ਮਹਿਸੂਸ ਹੋਣ ਲੱਗ ਪਿਆ ਸੀ ਕਿ ਮਿੰਨੀ ਬੱਸ ਵਾਲੇ ਵੀ ਮੇਰੇ 'ਤੇ ਹਮਲਾ ਕਰ ਜਾਂ ਕਰਵਾਅ ਵੀ ਸਕਦੇ ਹਨ।

ਦੂਸਰੀ ਘਟਨਾ ਵੀ ਸਾਡੇ ਸਕੂਲ ਦੇ ਅੰਦਰ ਹੀ ਵਾਪਰੀ।

ਅਸੀਂ ਸਕੂਲ ਦੀ ਚਾਰ-ਦੀਵਾਰੀ ਅੰਦਰ ਅਤੇ ਖੇਡ ਮੈਦਾਨ ਦੇ ਆਲੇ-ਦੁਆਲੇ ਸੈਂਕੜੇ ਹੀ ਦਰਖਤ ਲਾਏ ਹੋਏ ਸਨ। ਚਾਰ-ਦੀਵਾਰੀ ਅੰਦਰਲੇ ਰੁੱਖ ਤਾਂ ਚੱਲ ਪਏ ਸਨ ਪਰ ਬਾਹਰ ਵਾਲਿਆਂ ਨੂੰ ਪਸ਼ੂ ਚਰ ਜਾਂਦੇ ਸਨ। ਇੱਕ ਇੱਜੜ ਵਾਲੇ ਨੇ ਤਾਂ ਸਕੂਲ ਦੇ ਖੇਡ ਮੈਦਾਨ ਉੱਤੇ ਪੱਕਾ ਹੀ ਕਬਜ਼ਾ ਕਰ ਰੱਖਿਆ ਸੀ। ਅਸੀਂ ਉਸ ਨੂੰ ਕਈ ਸੁਨੇਹੇ ਭੇਜੇ ਕਿ ਉਹ ਆਪਣੀਆਂ ਭੇਡਾਂ ਬੱਕਰੀਆਂ ਨੂੰ ਖੇਡ ਦੇ ਮੈਦਾਨ 'ਚ ਨਾ ਲੈ ਕੇ ਆਇਆ ਕਰੇ। ਪਰ ਉਹ ਆਪਣੇ ਇਸ ਕੰਮ ਤੋਂ ਬਾਜ਼ ਨਾ ਹੀ ਆਇਆ ਤੇ ਹਰ ਰੋਜ਼ ਸਕੂਲ ਸਮੇਂ ਦੌਰਾਨ ਵੀ ਉੱਥੇ ਭੇਡਾਂ-ਬੱਕਰੀਆਂ ਨੂੰ ਚਰਾਉਣ ਵਾਸਤੇ ਲੈ ਆਉਂਦਾ ਸੀ।

ਇੱਕ ਦਿਨ ਅੱਕ ਕੇ ਪ੍ਰਿੰਸੀਪਲ ਨੇ ਸਕੂਲ ਵਿੱਚ ਵੜਦਿਆਂ ਹੀ, ਸਕੂਲ ਲੱਗਣ ਤੋਂ ਪਹਿਲਾਂ ਹੀ ਸਕੂਲ ਆਏ ਵਿਦਿਆਰਥੀਆਂ ਨੂੰ ਬੁਲਾਅ ਕੇ ਭੇਡਾਂ-ਬੱਕਰੀਆਂ ਨੂੰ ਸਕੂਲ ਦੀ ਚਾਰ-ਦੀਵਾਰੀ ਤੋਂ ਬਾਹਰ ਕੱਢਣ ਦਾ ਹੁਕਮ ਦੇ ਦਿੱਤਾ। ਹੁਕਮ ਮਿਲਦੇ ਸਾਰ ਹੀ ਸਾਰੇ ਜਣੇ ਭੇਡਾਂ-ਬੱਕਰੀਆ ਵੱਲ ਭੱਜ ਪਏ ਤੇ ਸਕੂਲ ਪਹੁੰਚਿਆ ਹੋਇਆ ਸਟਾਫ਼ ਵੀ ਉਹਨਾਂ ਦੇ ਮਗਰ ਹੋ ਤੁਰਿਆ। ਬੱਚਿਆਂ ਨੇ ਜਾਂਦੇ ਸਾਰ ਹੀ ਭੇਡਾਂ-ਬੱਕਰੀਆਂ ਨੂੰ ਛਿਛਕਰਦਿਆਂ ਉਹਨਾਂ 'ਤੇ ਡ਼ਲੇ ਵੀ ਚਲਾਉਣੇ ਸ਼ੁਰੂ ਕਰ ਦਿੱਤੇ। ਆਜੜੀ ਨੇ, ਆ ਵੇਖਿਆ ਨਾ ਤਾਅ, ਇੱਕ ਬੱਚੇ ਨੂੰ ਛੱਲੀਆਂ ਵਾਂਗ ਭੰਨ ਸੁੱਟਿਆ। ਮੈਂ ਮੂਹਰੇ ਹੋ ਕੇ ਉਸ ਬੱਚੇ ਨੂੰ ਛੁਡਵਾਇਆ ਤੇ ਆਪ ਉਸ ਦੀ ਸੋਟੀ ਖੋਹ ਉਸ ਦੇ ਪੰਜ ਸੱਤ ਜੜ ਦਿੱਤੀਆਂ ਅਤੇ ਫਿਰ ਸਾਰੀਆਂ ਭੇਡਾਂ-ਬੱਕਰੀਆਂ ਸਕੂਲ ਦੀ ਹੱਦ ਤੋਂ ਬਾਹਰ ਭਜਾਅ ਦਿੱਤੀਆਂ। ਮੱਦਦ ਲਈ ਗਿਆ ਸਾਰਾ ਸਟਾਫ਼ ਅਤੇ ਪ੍ਰਿੰਸੀਪਲ ਚੁੱਪ-ਚਾਪ ਇਹ ਨਜ਼ਾਰਾ ਵੇਖਦੇ ਰਹੇ।

ਕਿਸੇ ਨੇ ਵੀ ਮੇਰਾ ਸਾਥ ਤਾਂ ਕੀ ਦੇਣਾ ਸੀ ਸਗੋਂ ਮੁੜਦਿਆਂ ਮਜ਼ਾਕੀਆ ਲਹਿਜ਼ੇ 'ਚ ਆਖ ਰਹੇ ਸੀ, "ਪੁਲਿਸ ਦਾ ਗੁੱਸਾ ਬੱਕਰੀਆਂ ਵਾਲੇ 'ਤੇ ਲਾਹੁਣ ਲੱਗ ਪਿਐਂ। ਡਿੱਗੀ ਖੋਤੀ ਤੋਂ ਗੁੱਸਾ ਘੁਮਿਆਰ 'ਤੇ। ਬੱਲੇ ਉਏ ਤੇਰੇ, ਵੱਡਿਆ ਯੋਧਿਆ।"

ਭਾਵੇਂ ਕਿ ਉਸ ਦਿਨ ਤੋਂ ਬਾਅਦ ਅੱਜ ਤੱਕ ਬੱਕਰੀਆਂ ਸਾਡੇ ਸਕੂਲ ਦੀ ਹੱਦ ਨਹੀਂ ਟੱਪੀਆਂ ਹਨ ਪਰ ਮੈਨੂੰ ਮੇਰੇ ਸਾਥੀਆਂ ਦੇ ਇਹ ਬੋਲ, 'ਪੁਲਿਸ ਵਾਲਿਆਂ ਦਾ ਗੁੱਸਾ ਬੱਕਰੀਆਂ ਵਾਲੇ 'ਤੇ ਲਾਹੁਣ ਲੱਗ ਪਿਆ' ਬੜੇ ਰੜਕਦੇ ਰਹਿੰਦੇ।

ਇਹਨਾਂ ਮਾੜੇ ਦਿਨਾਂ ਵਿੱਚ ਵਾਪਰੀਆਂ ਇਹ ਦੋਵੇਂ ਘਟਨਾਵਾਂ ਮੈਨੂੰ ਹਮੇਸ਼ਾਂ ਯਾਦ ਰਹਿੰਦੀਆਂ। ਇੱਥੇ ਸੱਚ ਦਾ ਸਾਥ ਦੇਣ ਦਾ ਮਤਲਬ ਇਹ ਹੀ ਨਿਕਲਦਾ ਸੀ ਕਿ ਆਪਣੇ ਆਪ ਨੂੰ ਬੁੱਧੂ ਬਣਾਅ ਲੈਣਾ ਅਤੇ ਸੱਚ ਖ਼ਾਤਰ ਲੜ ਕੇ ਇਕੱਲੇ ਰਹਿ ਜਾਣਾ।

ਹੁਣ ਸਟਾਫ਼ ਵਿੱਚ ਇਹਨਾਂ ਦੋਵਾਂ ਘਟਨਾਵਾਂ ਦੀ ਚਰਚਾ ਮਸਾਲੇ ਲਾ ਲਾ ਕੇ ਹੋਣ ਲੱਗ ਪਈ ਸੀ। ਇੱਕ ਨੇ ਤਾਂ ਮਨੋਵਿਗਿਆਨ ਝਾੜਦਿਆਂ ਇੱਥੋਂ ਤੱਕ ਵੀ ਕਹਿ ਦਿੱਤਾ ਸੀ, "ਜਦ ਵੱਡੇ ਬੰਦਿਆਂ ਕੋਲੋਂ ਇਸ ਨੂੰ ਇਨਸਾਫ਼ ਨਹੀਂ ਮਿਲਿਆ ਤਾਂ ਛੋਟਿਆਂ 'ਤੇ ਦਬਾਅ ਪਾ ਕੇ ਇਨਸਾਫ਼ ਲੈਣ ਲੱਗ ਪਿਐ।"

ਉਹਨਾਂ 'ਚੋਂ ਹੀ ਇੱਕ ਹੋਰ ਬੋਲਿਆ ਸੀ, "ਅੱਧਾ ਪਾਗ਼ਲ ਤਾਂ ਇਹ ਹੋ ਗਿਐ। ਕੁਝ ਕੁ ਦਿਨ ਠਹਿਰ ਜਾਓ, ਅੰਮ੍ਰਿਤਸਰ ਚੱਲਾਂਗੇ। ਨਾਲੇ ਇਹਨੂੰ ਦਾਖ਼ਲ ਕਰਵਾਅ ਆਵਾਂਗੇ, ਨਾਲੇ ਹਰਮੰਦਰ ਸਾਹਿਬ ਮੱਥਾ ਟੇਕ ਆਵਾਂਗੇ, ਨਾਲੇ ਪੁੰਨ, ਨਾਲੇ ਫ਼ਲੀਆਂ। ਪਿਕਨਿਕ ਵੱਖਰੀ।"

ਇਹ ਸਭ ਗੱਲਾਂ ਮੇਰੇ ਕੋਲ ਵੀ ਪੁੱਜ ਰਹੀਆਂ ਸਨ। ਮੇਰੇ ਮਨ ਵਿੱਚ ਆਉਂਦਾ, 'ਇਹਨਾਂ ਨੇ ਤਾਂ ਮਖੌਲ ਉਡਾਉਣੇ ਈ ਆ, ਜਦ ਤੂੰ ਸੌਖੇ ਹਾਲਾਤਾਂ ਵਿੱਚ ਸੀ, ਤੂੰ ਆਪ ਕਿਹੜਾ ਕਿਸੇ ਨਾਲ ਘੱਟ ਗੁਜ਼ਾਰੀ ਸੀ। ਅਗਲਿਆਂ ਦੇ ਜ਼ਖ਼ਮਾਂ 'ਤੇ ਲੂਣ ਹੀ ਨਹੀਂ, ਮਿਰਚਾਂ ਵੀ ਭੁੱਕੀਆਂ ਸਨ। ਭੁਗਤ ਹੁਣ, ਜਿਹੋ ਜਿਹੀਆਂ ਰੀਤਾਂ ਪਾ ਦਿੱਤੀਆਂ, ਉਹੀ ਚੱਲੀ ਆਉਂਦੀਆਂ ਨੇ।'

ਮੈਂ ਪ੍ਰਿੰਸੀਪਲ ਨਾਲ ਥੋੜ੍ਹਾ ਜਿਹਾ ਤੜਿੰਗ ਵੀ ਰਹਿਣ ਲੱਗ ਪਿਆ। ਇਸ ਗੱਲ ਨੂੰ ਉਸ ਨੇ ਮਹਿਸੂਸ ਵੀ ਕਰ ਲਿਆ ਸੀ। ਇੱਕ ਦਿਨ ਉਹ ਮੈਨੂੰ ਆਪਣੇ ਦਫ਼ਤਰ ਵਿੱਚ ਬੁਲਾਅ ਕੇ ਆਖਣ ਲੱਗਾ, "ਵੇਖ ਛੋਟੇ ਵੀਰ, ਮੈਨੂੰ ਵੀ ਪਤਾ ਹੈ ਕਿ ਉਸ ਦਿਨ ਮੈਂ ਇੱਕ ਗ਼ਲਤ ਫ਼ੈਸਲਾ ਸੁਣਾਇਆ ਸੀ, ਪਰ ਇਹ ਸਭ ਮੈਂ ਤੇਰੀ ਭਲਾਈ ਖ਼ਾਤਰ ਹੀ ਕੀਤਾ ਸੀ। ਮੇਰੇ ਤੋਂ ਤੇਰੀ ਇਹ ਹਾਲਤ ਵੇਖੀ ਨ੍ਹੀਂ ਜਾਂਦੀ ਤੇ ਮੈਂ ਨਹੀਂ ਸੀ ਚਾਹੁੰਦਾ ਕਿ ਤੂੰ ਕਿਸੇ ਹੋਰ ਨਵੀਂ ਬਿਪਤਾ ਵਿੱਚ ਪੈ ਜਾਵੇਂ। ਮੈਂ ਤੇਰਾ ਪ੍ਰਿੰਸੀਪਲ ਬਾਅਦ ਵਿੱਚ ਤੇ ਤੇਰਾ ਵੱਡਾ ਭਰਾ ਪਹਿਲਾਂ

ਹਾਂ। ਐਵੇਂ ਮੇਰੇ ਨਾਲ ਨਾਰਾਜ਼ ਜਿਹਾ ਨਾ ਰਿਹਾ ਕਰ। " ਪ੍ਰਿੰਸੀਪਲ ਖੁਸ਼ਵੰਤ ਸਿੰਘ ਨੇ ਮੇਰੇ 'ਤੇ ਆਪਣਾ ਦਾਅਵਾ ਜਤਾਉਂਦਿਆਂ ਕਿਹਾ।

ਉਸ ਦੁਆਰਾ ਬੋਲੇ ਗਏ ਸ਼ਬਦਾਂ ਨਾਲ ਮੇਰੀ ਸਾਰੀ ਨਾਰਾਜ਼ਗੀ ਦੂਰ ਹੋ ਗਈ ਸੀ। ਮੈਨੂੰ ਮਹਿਸੂਸ ਵੀ ਹੋਇਆ ਕਿ ਹਾਸਾ ਠੱਠਾ ਤਾਂ ਵੱਖਰੀ ਗੱਲ ਹੁੰਦੀ ਹੈ ਪਰ ਅੰਦਰੋਂ ਸਾਰੇ ਹੀ ਮੇਰਾ ਫ਼ਿਕਰ ਕਰ ਰਹੇ ਹਨ। ਉਂਝ, ਹਾਕਮ ਸਿੰਘ ਧਾਲੀਵਾਲ ਦਾ ਹਰ ਵੇਲ਼ੇ ਮੇਰੇ ਨਾਲ ਪਰਛਾਵੇਂ ਵਾਂਙ ਰਹਿਣਾ ਅਤੇ ਆਪਣੀ ਸੰਘਰਸ਼ ਭਰੀ ਜ਼ਿੰਦਗੀ ਵਿੱਚੋਂ ਕੋਈ ਨਾ ਕੋਈ ਉਦਾਹਰਣ ਦੇ ਕੇ ਮੈਨੂੰ ਹੌਸਲਾ ਦੇਈ ਰੱਖਣਾ, ਮੈਨੂੰ ਕੁਝ ਕੁ ਚਿਰ ਲਈ ਮਾਨਸਿਕ ਤਸੱਲੀ ਦੇ ਦਿੰਦਾ ਸੀ। ਸਿਰੇ ਦਾ ਮਜ਼ਾਕੀਆ, ਦਲੀਲਬਾਜ਼, ਹੱਸਮੁੱਖ, ਜਥੇਬੰਦੀ ਨਾਲ ਪ੍ਰਤੀਬੱਧ ਅਤੇ ਅਧਿਆਪਨ ਕਿੱਤੇ ਨੂੰ ਸਮਰਪਿਤ ਉਹ ਆਪਣੀ ਸੇਵਾ ਮੁਕਤੀ ਤੋਂ ਬਾਅਦ ਵੀ ਪਿਛਲੇ ਕਈ ਸਾਲਾਂ ਤੋਂ ਇਸੇ ਸਕੂਲ ਵਿੱਚ ਲੈਕਚਰਾਰ ਵਜੋਂ ਬਿਲਕੁਲ ਮੁਫ਼ਤ ਸੇਵਾ ਕਰ ਰਿਹਾ ਹੈ। ਜਿਸ ਕਾਰਨ ਮੈਨੂੰ ਨੈਤਿਕ ਸਹਾਰਾ ਮਿਲਿਆ ਹੋਇਆ ਸੀ।

ਮੈਂ ਆਪਣੇ ਆਪ ਨੂੰ ਸ਼ਾਂਤ ਰੱਖਣ ਦੇ ਕੁਝ ਨਵੇਂ ਤਰੀਕੇ ਵੀ ਅਪਣਾਏ। ਹੁਣ ਮੈਂ ਕਿਸੇ ਦੀ ਵੀ ਗੱਲ ਵਿੱਚ ਜ਼ਿਆਦਾ ਹੁੰਗਾਰਾ ਭਰਨੋਂ ਤਕਰੀਬਨ ਹਟ ਗਿਆ ਸਾਂ। ਜਿਸ ਕਿਸੇ ਮੁੱਦੇ ਉੱਪਰ ਵੀ ਬਹਿਸ ਹੋਣ ਜਾਂ ਰੱਟਾ ਵਧਣ ਦੀ ਭੋਰਾ ਮਾਸਾ ਵੀ ਸੰਭਾਵਨਾ ਲਗਦੀ ਹੁੰਦੀ, ਮੈਂ ਉਸ ਤੋਂ ਦੂਰ ਰਹਿਣ ਲੱਗ ਪਿਆ। ਮੈਂ ਆਪਣੀ ਵਿਹਲੀ ਘੰਟੀ ਅਖ਼ਬਾਰ ਜਾਂ ਪੁਸਤਕਾਲੇ 'ਚੋਂ ਕੋਈ ਰਸਾਲਾ ਪੜ੍ਹ ਕੇ ਲੰਘਾਉਣ ਲੱਗ ਪਿਆ ਸਾਂ। ਬੇਸ਼ੱਕ ਮੇਰੇ ਤੋਂ ਚੱਜ ਨਾਲ ਪੜ੍ਹਿਆ ਤਾਂ ਇੱਕ ਅੱਖਰ ਵੀ ਨਹੀਂ ਸੀ ਜਾਂਦਾ। ਮੈਂ ਮੂਰਤਾਂ ਵੇਖ ਕੇ ਅਤੇ ਵਰਕੇ ਫ਼ਰੋਲ ਕੇ ਅਗ਼ਲੀ ਘੰਟੀ ਲਾਉਣ ਚਲਾ ਜਾਂਦਾ ਸਾਂ।

## ਗਿਆਰਾਂ

ਜਿਸ ਤਾਰੀਕ ਨੂੰ ਜੱਜ ਦੇ ਨੋਟਿਸ ਦਾ ਜਵਾਬ ਦੇਣ ਲਈ ਆਖਿਆ ਗਿਆ ਸੀ ਮੈਂ ਆਪਣਾ ਜਵਾਬ ਪੇਸ਼ ਕਰਨ ਲਈ ਆਪਣੇ ਵਕੀਲ ਦੇ ਨਾਲ ਜਾ ਕੇ ਜੱਜ ਦੀ ਕਚਹਿਰੀ ਹਾਜ਼ਰ ਹੋ ਗਿਆ। ਕਿਸੇ ਹੋਰ ਮੁਕੱਦਮੇ ਦੀ ਬਹਿਸ ਚੱਲ ਰਹੀ ਸੀ ਤੇ ਅਸੀਂ ਕੁਰਸੀਆਂ ਉੱਤੇ ਜਾ ਬੈਠੇ। ਜੱਜ ਇੱਕ ਕੁਆਰੀ ਕੁੜੀ ਸੀ। ਉਮਰ ਵਿੱਚ ਮੇਰੇ ਤੋਂ ਛੇ-ਸੱਤ ਸਾਲ ਛੋਟੀ ਹੋਵੇਗੀ। ਮੈਨੂੰ ਆਪਣੇ ਆਪ 'ਤੇ ਪਹਿਲੀ ਵਾਰ ਗਿਲਾਨੀ ਆਈ ਕਿ ਮੈਂ ਅਜਿਹੀ ਕੋਈ ਪ੍ਰਾਪਤੀ ਕਿਉਂ ਨਹੀਂ ਕਰ ਸਕਿਆ ਕਿ ਮੇਰੇ ਤੋਂ ਵੱਡੀ ਉਮਰ ਦੇ ਬੰਦੇ ਵੀ ਮੇਰੇ ਕੋਲੋਂ

ਇਨਸਾਫ਼ ਦੀ ਉਮੀਦ ਰੱਖਦੇ ਹੋਣ। ਉਸ ਨੂੰ ਵੇਖ ਕੇ ਇੱਕ ਵਾਰ ਆਪਣੀ ਤੀਜੀ ਜਮਾਤ ਵਿੱਚ ਪੜ੍ਹਦੀ ਬੇਟੀ ਅਸੀਸ ਯਾਦ ਆਈ ਕਿ ਕੀ ਉਹ ਵੀ ਇਸ ਤਰ੍ਹਾਂ ਦੀ ਵੱਕਾਰੀ ਸੀਟ ਉੱਤੇ ਪੁੱਜ ਸਕਦੀ ਹੈ ? ਉੱਥੇ ਬੈਠਿਆਂ ਹੀ ਮੈਂ ਮਨ ਹੀ ਮਨ ਵਿੱਚ ਆਪਣੀਆਂ ਬੇਟੀਆਂ ਨੂੰ ਉੱਚ ਵਿੱਦਿਆ ਦਿਵਾਉਣ ਦਾ ਨਿਸ਼ਚਾ ਪਹਿਲਾਂ ਨਾਲੋਂ ਵੀ ਪੱਕਾ ਕਰ ਲਿਆ ਸੀ।

ਸਾਡੀ ਵਾਰੀ ਆਉਣ 'ਤੇ ਜੱਜ ਨੇ ਸਾਡੇ ਮੁਕੱਦਮੇ ਬਾਰੇ ਕੁਝ ਜਾਣਕਾਰੀ ਹਾਸਿਲ ਕਰਨੀ ਚਾਹੀ। ਫਾਈਲ 'ਤੇ ਸਰਸਰੀ ਜਿਹੀ ਨਜ਼ਰ ਮਾਰਦੀ ਹੋਈ ਬੋਲੀ, "ਕ੍ਰਿਸ਼ਨ ਪ੍ਰਤਾਪ ਕੌਣ ਏ ?"

"ਮੈਂ ਆਂ ਜੀ।" ਮੈਂ ਉੱਤਰ ਦਿੱਤਾ।

"ਤੁਹਾਡਾ ਰੌਲ਼ਾ ਕੀ ਹੈ ?" ਜੱਜ ਨੇ ਬੜੇ ਹੀ ਪਿਆਰ ਨਾਲ ਪੁੱਛਿਆ।

ਮੇਰੇ ਬੋਲਣ ਤੋਂ ਪਹਿਲਾਂ ਹੀ ਵਕੀਲ ਬੋਲ ਪਿਆ, "ਕੋਈ ਰੌਲ਼ਾ ਨਹੀਂ, ਸਰ। ਆਹ ਹੈ ਸਾਡੀ ਰਜਿਸਟਰੀ ਤੇ ਆਹ ਹੈ ਇੰਤਕਾਲ ਦੀ ਕਾਪੀ। ਜਗ੍ਹਾ ਸਰਕਾਰੀ ਰਿਕਾਰਡ ਮੁਤਾਬਕ ਮੇਰੇ ਮੁਵੱਕਲ ਦੀ ਹੀ ਹੈ। ਕ੍ਰਿਪਾ ਕਰਕੇ ਇਸ ਨੂੰ ਚੈੱਕ ਕਰ ਲਓ। ਇਹ ਮੁਕੱਦਮਾ ਬੇ-ਬੁਨਿਆਦ ਹੈ ਤੇ ਇਸ ਨੂੰ ਖ਼ਾਰਜ ਕਰ ਦੇਵੋ, ਪਲੀਜ਼।"

"ਇਹ ਦੋਵੇਂ ਗੁਆਂਢੀ ਨੇ ?" ਜੱਜ ਨੇ ਪੁੱਛਿਆ।

"ਨਹੀਂ ਸਰ, ਗੁਰਨੇਕ ਸਿੰਘ ਦਾ ਘਰ ਤਾਂ ਕਾਫ਼ੀ ਦੂਰ ਹੈ।" ਵਕੀਲ ਨੇ ਆਪਣੀ ਫਾਈਲ ਖੋਲ੍ਹੀ ਅਤੇ ਨਕਸ਼ੇ ਉੱਤੇ ਹੱਥ ਰੱਖ ਕੇ ਜੱਜ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, "ਸਰ, ਆਹ ਹੈ ਗੁਰਨੇਕ ਸਿੰਘ ਦਾ ਘਰ, ਆਹ ਹੈ ਸਾਡਾ। ਇਹ ਤਾਂ ਸ਼ਰਾਰਤ ਨਾਲ ਦਰਜ ਕਰਵਾਇਆ ਹੋਇਐ ਮੁਕੱਦਮਾ ਹੈ, ਸਰ, ਤਾਂ ਕਿ ਸਾਨੂੰ ਬਿਨ੍ਹਾਂ ਵਜ੍ਹਾ ਪ੍ਰੇਸ਼ਾਨ ਕੀਤਾ ਜਾ ਸਕੇ।" ਵਕੀਲ ਨੇ ਨਕਸ਼ੇ 'ਤੇ ਉਂਗਲ ਨਾਲ ਇਸ਼ਾਰਾ ਕਰਦਿਆਂ ਤਰਦੀ ਤਰਦੀ ਜਾਣਕਾਰੀ ਦਿੱਤੀ।

ਮੈਂ ਸਭ ਕੁਝ ਉਸੇ ਵਕਤ ਹੀ ਦੱਸਣ ਲਈ ਲੂਰ੍ਹੀਆਂ ਲੈ ਰਿਹਾ ਸਾਂ ਪਰ ਵਕੀਲ ਨੇ ਮੇਰਾ ਹੱਥ ਘੁੱਟ ਦਿੱਤਾ। ਜਿਸ ਦਾ ਮਤਲਬ ਸੀ ਕਿ ਮੈਨੂੰ ਗੱਲ ਕਰ ਲੈਣ ਦੇ, ਤੂੰ ਨਾ ਬੋਲ। ਮੈਂ ਚੁੱਪ ਰਹਿਣ ਵਿੱਚ ਹੀ ਆਪਣੀ ਭਲਾਈ ਸਮਝੀ।

ਜੱਜ ਨੇ ਅਗਲੀ ਤਾਰੀਕ ਦੇ ਦਿੱਤੀ।

ਬਾਹਰ ਆ ਕੇ ਮੈਂ ਵਕੀਲ ਨੂੰ ਆਖਿਆ, "ਤੁਸੀਂ ਜੱਜ ਨੂੰ ਇਹ ਕਿਉਂ ਨਹੀਂ ਦੱਸਿਆ ਕਿ ਗੁਰਨੇਕ ਨੇ ਗਲੀ ਉੱਤੇ ਨਜ਼ਾਇਜ਼ ਕਬਜ਼ਾ ਕੀਤਾ ਹੋਇਐ। ਉਸ ਦਾ ਮਕਾਨ ਕਾਨੂੰਨਨ ਢਹਿਣ ਵਾਲਾ ਹੀ ਹੈ। ਇਸ ਕਰਕੇ ਹੀ ਉਸ ਨੇ ਝੂਠਾ ਮੁਕੱਦਮਾ ਕੀਤਾ ਹੈ। ਪੁਲਿਸ ਦੀ ਦਖਲ-ਅੰਦਾਜ਼ੀ ਤੇ ਧੱਕੇ ਦਾ ਤਾਂ ਨਾਮ ਵੀ ਨਹੀਂ ਲਿਆ ਗਿਆ।"

"ਓਏ ਭੋਲਿਆ! ਇਹ ਅਦਾਲਤ ਐ। ਇੱਥੇ ਉਹ ਹੀ ਗੱਲ ਹੁੰਦੀ ਹੈ

ਜਿਸ ਦਾ ਜ਼ਿਕਰ ਕੇਸ ਵਿੱਚ ਹੋਵੇ।ਜੇ ਤੂੰ ਗੁਰਨੇਕ ਦੀ ਜਗ੍ਹਾ ਦੀ ਗੱਲ ਕਰਨੀ ਹੈ ਤਾਂ ਵੱਖਰਾ ਕੇਸ ਕਰਨਾ ਪੈਣਾ ਹੈ ਤੇ ਜੇ ਤੂੰ ਪੁਲਿਸ ਦੇ ਧੱਕੇ ਵਾਲੀ ਗੱਲ ਇਸ ਅਦਾਲਤ ਵਿੱਚ ਕਰਨੀ ਹੈ, ਤਾਂ ਵੀ ਤੈਨੂੰ ਵੱਖਰਾ ਹੀ ਕੇਸ ਦਰਜ ਕਰਵਾਉਣਾ ਪਵੇਗਾ।ਜਦ ਇਹ ਗੱਲਾਂ ਆਪਣੇ ਕੇਸ ਨਾਲ ਸਬੰਧਤ ਹੀ ਨਹੀਂ ਸਨ ਤਾਂ ਤੂੰ ਹੀ ਦੱਸ, ਮੈਂ ਇਹ ਗੱਲਾਂ ਕਿਵੇਂ ਕਰ ਸਕਦਾ ਸਾਂ ? ਚੱਲ ਤੇਰੇ ਕਹਿਣ ਅਨੁਸਾਰ ਕਰ ਵੀ ਦਿੰਦਾ ਤਾਂ ਜੱਜ ਨੇ ਸੋਚਣਾ ਸੀ ਕਿ ਇਹ ਕਿਹੋ ਜਿਹਾ ਵਕੀਲ ਐ ? ਜਿਸ ਨੂੰ ਕੇਸ ਦੀ ਮੁੱਢਲੀ ਜਾਣਕਾਰੀ ਵੀ ਨ੍ਹੀਂ ਦੇਣੀ ਆਉਂਦੀ। ਉਸਨੇ ਮੈਨੂੰ ਕਾਨੂੰਨੀ ਤੌਰ 'ਤੇ ਅਨਪੜ੍ਹ ਜਿਹਾ ਵਕੀਲ ਸਮਝਣ ਲੱਗ ਜਾਣਾ ਸੀ।ਸਾਡਾ ਤਾਂ ਰੋਜ਼ ਦਾ ਕੰਮ ਆ, ਪੁੱਤਰਾ।ਜੇ ਮੈਂ ਮਾੜੀ ਜਿਹੀ ਗੱਲ ਵੀ ਕੇਸ ਤੋਂ ਪਾਸੇ ਦੀ ਕਰ ਦਿੰਦਾ ਤਾਂ ਜੱਜ ਨੇ ਓਦੋਂ ਹੀ ਸਟੇਅ ਕਰ ਦੇਣਾ ਸੀ ਕਿ ਵਕੀਲ ਅਨਜਾਣ ਹੈ।ਇਸ ਨੂੰ ਕੀ ਪਤਾ ਹੈ ਕਾਨੂੰਨ ਦਾ।" ਉਸ ਨੇ ਆਪਣੇ ਵੱਲੋਂ ਪੂਰਾ ਸਪਸ਼ਟੀਕਰਨ ਦਿੱਤਾ।

"ਸਰ, ਆਪਣੇ ਬੰਦੇ ਗੱਲਾਂ ਤਾਂ ਇਸ ਨਿਜ਼ਾਮ ਨੂੰ ਬਦਲਣ ਦੀਆਂ ਕਰਦੇ ਨੇ।ਤੁਸੀਂ ਵੀ ਕਰਦੇ ਓ।ਮੈਂ ਵੀ ਕਰਦਾਂ।ਆਪਣੀ ਸੋਚ ਵਾਲੇ ਸਾਰੇ ਹੀ ਕਰਦੇ ਨੇ।ਜਦ ਜੱਜਾਂ ਨੂੰ ਪੂਰੀ ਸਚਾਈ ਹੀ ਪਤਾ ਨਹੀਂ ਲੱਗੇਗੀ ਤਾਂ ਉਹ ਇਨਸਾਫ਼ ਕੀ ਸੁਆਹ ਕਰਨਗੇ ? ਤੁਸੀਂ ਤਾਂ ਕਾਮਰੇਡ ਓ।ਤੁਹਾਨੂੰ ਤਾਂ ਜ਼ੋਰ ਸ਼ੋਰ ਨਾਲ ਇਸ ਧੱਕੇਸ਼ਾਹੀ ਦੇ ਖ਼ਿਲਾਫ਼ ਆਵਾਜ਼ ਉਠਾਉਣੀ ਚਾਹੀਦੀ ਸੀ।ਚਲੋ, ਭਾਵੇਂ ਸਟੇਅ ਹੋ ਹੀ ਜਾਂਦਾ ਪਰ ਜੱਜ ਨੂੰ ਅਸਲੀਅਤ ਤਾਂ ਪਤਾ ਲੱਗਣੀ ਚਾਹੀਦੀ ਸੀ।" ਮੈਂ ਆਪਣੇ ਵਕੀਲ ਦੀ ਪਹਿਲੀ ਪੇਸ਼ੀ 'ਤੇ ਉਸ ਦੁਆਰਾ ਪੂਰੀ ਸਚਾਈ ਬਿਆਨ ਨਾ ਕਰ ਸਕਣ 'ਤੇ ਅੰਦਰੋ-ਅੰਦਰੀ ਦੁਖੀ ਹੋਇਆ, ਗੁੱਸੇ ਨਾਲ ਪਰ ਸਹਿਜਮਤੇ ਨਾਲ ਬੋਲਿਆ।

"ਇਹ ਕਾਨੂੰਨੀ ਗੱਲਾਂ ਨੇ ਪੁੱਤਰਾ, ਸਮਝ ਜਾਏਂਗਾ ਹੌਲ਼ੀ-ਹੌਲ਼ੀ।ਬਾਹਰ ਮੈਂ ਪੱਕਾ ਕਾਮਰੇਡ ਆਂ ਤੇ ਲੋਕ ਵੀ ਮੈਨੂੰ ਪੱਕਾ ਕਾਮਰੇਡ ਸਮਝਦੇ ਨੇ ਪਰ ਅਦਾਲਤ ਦੇ ਅੰਦਰ ਜਾ ਕੇ ਮੈਂ ਵਕੀਲ ਹੀ ਹੁੰਦਾ ਆਂ।ਭਾਵੁਕ ਹੋਇਆ ਹੋਇਆ ਮੈਂ ਤਾਂ ਸਾਰੀ ਸਚਾਈ ਬੋਲ ਦਿੰਦਾ, ਕਿਉਂਕਿ ਮੈਂ ਕਾਮਰੇਡ ਹਾਂ ਪਰ ਜੱਜ ਤਾਂ ਨ੍ਹੀਂ ਕਾਮਰੇਡ।ਉਹਨਾਂ ਤਾਂ ਕਾਨੂੰਨ ਮੁਤਾਬਿਕ ਹੀ ਗੱਲ ਕਰਨੀ ਹੁੰਦੀ ਐ।ਇਸ ਲਈ ਸਾਨੂੰ ਵੀ ਏਥੇ ਆ ਕੇ ਕਾਨੂੰਨ ਮੁਤਾਬਕ ਹੀ ਗੱਲ ਕਰਨੀ ਪੈਂਦੀ ਆ, ਵਕੀਲ ਬਣ ਕੇ ਹੀ।" ਮੇਰੇ ਬਰਾਬਰ ਤੁਰਿਆ ਜਾਂਦਾ ਵਕੀਲ ਮੈਨੂੰ ਸਮਝਾਅ ਰਿਹਾ ਸੀ।

"ਅਦਾਲਤ ਅੱਗੇ ਸਚਾਈ ਬੋਲਣ ਲੱਗੇ ਜੇ ਕਰ ਕਾਮਰੇਡ ਹੀ ਘਬਰਾਈ ਜਾਂਦੇ ਆ ਤਾਂ ਨਿਜ਼ਾਮ ਕੀ ਸਵਾਹ ਬਦਲਣਾ ਹੈ ?" ਮੈਂ ਵਕੀਲ ਨੂੰ ਮਿੱਠੀ ਜਿਹੀ ਟਕੋਰ ਕੀਤੀ।

“ਇੱਕ ਜਣਾ ’ਕੱਲਾ ਸਚਾਈ ਦੱਸ ਦੇਵੇਗਾ। ਜੱਜ ਕਾਨੂੰਨ ਮੁਤਾਬਿਕ ਫ਼ੈਸਲਾ ਕਰ ਦੇਵੇਗਾ। ਪੱਕਾ ਏ ਕਿ ਕਰੇਗਾ ਵੀ ਸੱਚ ਦੇ ਉਲਟ। ਦੱਸ, ਇਹੋ ਜਿਹੇ ਥਾਂ ’ਤੇ ਸੱਚ ਬੋਲਿਆ ਕੀ ਕਰੇਗਾ ?” ਵਕੀਲ ਨੇ ਵਕਾਲਤ ਦੇ ਨਜ਼ਰੀਏ ਤੋਂ ਗੱਲ ਕੀਤੀ।

“ਕੁਝ ਵੀ ਹੋਵੇ, ਵਕੀਲ ਨੂੰ ਅਦਾਲਤ ਵਿੱਚ ਪੂਰੀ ਦੀ ਪੂਰੀ ਸਚਾਈ ਪੇਸ਼ ਕਰਨੀ ਹੀ ਚਾਹੀਦੀ ਹੈ। ਭਾਵੇਂ ਫਾਂਸੀ ਹੋ ਜੇ। ਇੰਝ ਕਿੰਨਾ ਕੁ ਜੱਜ ਚਿਰ ਝੂਠੇ ਫ਼ੈਸਲੇ ਦਿੰਦੇ ਰਹਿਣਗੇ। ਉਹ ਵੀ ਤਾਂ ਇਨਸਾਨ ਹੀ ਨੇ। ਕਾਨੂੰਨ ਇਨਸਾਨਾਂ ਲਈ ਬਣਾਇਆ ਗਿਐ ਕਿ ਇਨਸਾਨ ਕਾਨੂੰਨਾਂ ਲਈ ?” ਮੈ ਆਪਣੇ ਵਕੀਲ ’ਤੇ ਖਿਝਦੇ ਹੋਏ ਨੇ ਆਪਣੀ ਦਲੀਲ ਦਿੱਤੀ ।

“ਭਰਾਵਾ, ਇਹਨਾਂ ਅਦਾਲਤਾਂ ਵਿੱਚ ਤਾਂ ਹਰ ਵਕੀਲ ਨੂੰ ਇੰਝ ਹੀ ਬੋਲਣਾ ਪੈਣੇ। ਆਏਂ ਮੈਂ ’ਕੱਲਾ ਹੀ ਸਟੈਂਡ ਲੈ ਕੇ ਆਪਣੇ ਮੁਵੱਕਲ ਦਾ ਢੂਆ ਕਿਵੇਂ ਕੁਟਵਾਅ ਦਿਆਂ ਕਿ ਮੈਂ ਕਾਮਰੇਡ ਵਕੀਲ ਆਂ। ਅਜੇ ਤਾਂ ਕੇਸ ਦਾਖ਼ਲ ਹੀ ਹੋਇਐ, ਜੇ ਤੈਨੂੰ ਇਹ ਲੱਗਦਾ ਹੈ ਕਿ ਮੈਂ ਸਹੀ ਪੱਖ ਪੇਸ਼ ਨਹੀਂ ਕੀਤਾ ਤਾਂ ਤੂੰ ਆਪਣਾ ਵਕੀਲ ਹੀ ਹੋਰ ਕਰ ਲੈ। ” ਮੇਰੀਆਂ ਦਲੀਲਾਂ ਤੋਂ ਉਹ ਏਨਾ ਖਿਝ ਗਿਆ ਸੀ ਕਿ ਉਸ ਨੇ ਮੇਰੇ ਕੇਸ ਵਾਲਾ ਲਿਫ਼ਾਫ਼ਾ ਵੀ ਮੇਰੇ ਹੱਥਾਂ ’ਤੇ ਧਰ ਦਿੱਤਾ ਸੀ।

ਵਕੀਲ ਦੇ ਇਸ ਵਰਤਾਰੇ ਤੋਂ ਮੈਂ ਇੱਕਦਮ ਤ੍ਰਭਕ ਗਿਆ ਸਾਂ ਤੇ ਆਪਣੀ ਕੀਤੀ ਇਸ ਬੇਬਾਕ ਅਤੇ ਦਲੇਰਾਨਾ ਗ਼ਲਤੀ ਦੀ ਮੁਆਫ਼ੀ ਮੰਗ ਕੇ ਉਸ ਤੋਂ ਆਪਣਾ ਖਹਿੜਾ ਛੁਡਵਾਅ ਆਇਆ ਸਾਂ। ਮੈਨੂੰ ਲੱਗਾ ਕਿ ਮੈਂ ਤਾਂ ਪਹਿਲੀ ਵਾਰ ਅਦਾਲਤ ਦਾ ਮੂੰਹ ਵੇਖਿਆ ਹੈ ਤੇ ਇਸ ਦਾ ਤਾਂ ਰੋਜ਼ ਦਾ ਕੰਮ ਹੈ, ਇਸ ਨੂੰ ਜ਼ਿਆਦਾ ਪਤਾ ਹੋਵੇਗਾ। ਇਸ ਲਈ ਮੇਰਾ ਇਸ ਨਾਲ ਇਸ ਵਿਸ਼ੇ ’ਤੇ ਬਹਿਸਬਾਜ਼ੀ ਕਰਨਾ ਬੇਕਾਰ ਹੈ। ਉਂਝ ਵੀ ਆਖਦੇ ਨੇ ਕਿ ਵਕੀਲ, ਵੈਦ ਤੇ ਰਸੋਈਏ ਨਾਲ ਕਦੇ ਵੀ ਨਹੀਂ ਵਿਗਾੜਣੀ ਚਾਹੀਦੀ। ਜੇ ਇਹਨਾਂ ਦੀ ਨਿੱਜੀ ਦੁਸ਼ਮਣੀ ਨਾ ਹੋਵੇ ਤਾਂ ਇਹ ਆਪਣੇ ਮੁਵੱਕਲ, ਰੋਗੀ ਅਤੇ ਮਾਲਕ ਦਾ ਕੁਝ ਵੀ ਨਹੀਂ ਵਿਗਾੜਦੇ ਸਗੋਂ ਫ਼ਾਇਦਾ ਹੀ ਕਰਦੇ ਹੁੰਦੇ ਨੇ। ਇਹ ਵਕੀਲ ਤਾਂ ਸਾਡੇ ਲਈ ਜਾਨ ਤੱਕ ਵਾਰਨ ਲਈ ਤਿਆਰ ਸੀ। ਇਸ ਲਈ ਇਸ ਨੇ ਮੇਰੇ ਵਾਸਤੇ ਕੋਈ ਭਲਾਈ ਦੀ ਗੱਲ ਹੀ ਸੋਚੀ ਹੋਵੇਗੀ। ਇਹ ਸਭ ਸੋਚ ਕੇ ਮੈਂ ਚੁੱਪ ਹੋ ਗਿਆ ਸਾਂ।

0-0-0-0-0

ਮਨੁੱਖੀ ਮਨ ਵੀ ਕਿਹੋ ਜਿਹਾ ਹੁੰਦਾ ਹੈ ਕਿ ਬੁਰੇ ਹਾਲਾਤ ਵਿੱਚ ਇਸ ਦਾ ਕਿਸੇ ’ਤੇ ਵੀ ਯਕੀਨ ਨਹੀਂ ਬੱਝਦਾ। ਵਕੀਲ ਤੋਂ ਤਾਂ ਮੈਂ ਮੁਆਫ਼ੀ ਮੰਗ ਕੇ ਖਹਿੜਾ ਛੁਡਵਾਅ ਲਿਆ ਸੀ ਪਰ ਕਚਹਿਰੀ ਤੋਂ ਘਰ ਵਾਪਸ ਪਰਤਦੇ ਹੋਏ

ਮੇਰੇ ਮਨ 'ਤੇ ਫਿਰ ਪਹਿਲਾਂ ਵਾਲੀਆਂ ਸੋਚਾਂ ਹੀ ਭਾਰੂ ਹੋ ਗਈਆਂ। ਦਿਲ ਅਤੇ ਦਿਮਾਗ਼ ਵਿੱਚ ਇਹ ਹੀ ਆ ਰਿਹਾ ਸੀ ਕਿ ਵਕੀਲ ਨੇ ਜੱਜ ਅੱਗੇ ਪੂਰੀ ਸਚਾਈ ਬਿਆਨ ਕਿਉਂ ਨਹੀਂ ਸੀ ਕੀਤੀ ? ਕਿਤੇ ਇਸ ਨੂੰ ਵੀ ਪੁਲਿਸ ਨੇ ਖਰੀਦ ਜਾਂ ਦਬਕਾਅ ਤਾਂ ਨਹੀਂ ਲਿਆ ? ਫਿਰ ਦੂਜੇ ਪਲ਼ ਹੀ ਖ਼ਿਆਲ ਆਉਂਦਾ ਕਿ ਜੇ ਕਰ ਇਹ ਵਿਕਣ ਵਾਲਾ ਹੁੰਦਾ ਤਾਂ ਅੱਜ ਨੂੰ ਇਹ ਵੀ ਦੂਜੇ ਵਕੀਲਾਂ ਵਾਂਗ ਜ਼ਿੰਦਗੀ ਦੀਆਂ ਸਾਰੇ ਸੁਖ ਸਹੂਲਤਾਂ ਮਾਣਦਾ ਹੁੰਦਾ। ਜਿਹੜਾ ਬੰਦਾ ਉਹਨਾਂ ਕਾਲ਼ੇ ਵੇਲਿਆਂ 'ਚ, ਜਦ ਇਹ ਪਤਾ ਹੀ ਨਹੀਂ ਸੀ ਲੱਗਦਾ ਕਿ ਕੀਹਨੂੰ ਕੌਣ ਮਾਰ ਗਿਐ, ਵਿੱਚ ਨਹੀਂ ਸੀ ਲਿਫਿਆ ਤਾਂ ਅੱਜ ਦੇ ਵਰਦੀ ਵਾਲੇ ਚਹੁੰ ਛਿੱਲੜਾਂ ਦੀ ਮਾਰ ਅੱਤਵਾਦ ਅੱਗੇ ਉਸ ਨੇ ਕੀ ਝੁਕਣਾ ਹੈ।

ਭਾਵੇਂ ਅਸਲੀਅਤ ਕੁਝ ਵੀ ਹੋਵੇ ਪਰ ਮੈਨੂੰ ਆਪਣੇ ਮੁਕੱਦਮੇ ਦੀ ਪੂਰੀ ਸਚਾਈ ਜੱਜ ਨੂੰ ਨਾ ਦੱਸੇ ਜਾਣ ਵਾਲੀ ਗੱਲ ਮੈਨੂੰ ਵਾਰ ਵਾਰ ਕੁਰੇਦ ਰਹੀ ਸੀ।

ਘਰ ਵੜਦਿਆਂ ਹੀ ਸਾਰੇ ਜੀਆਂ ਨੇ ਮੈਨੂੰ ਘੇਰ ਲਿਆ ਅਤੇ ਅਦਾਲਤ ਵਿੱਚ ਹੋਈ ਕਾਰਵਾਈ ਬਾਰੇ ਪੁੱਛਣਾ ਸ਼ੁਰੂ ਕਰ ਦਿੱਤਾ। ਸਭ ਕਾਸੇ ਦਾ ਜਵਾਬ ਦੇਣ ਤੋਂ ਪਹਿਲਾਂ ਮੇਰੇ ਮੂੰਹੋਂ ਇਹੋ ਹੀ ਨਿਕਲਿਆ ਸੀ, "ਆਪਾਂ ਵਕੀਲ ਬਹੁਤ ਹੀ ਮਾੜਾ ਕਰ ਲਿਆ ਏ। ਉਸ ਨੇ ਜੱਜ ਨੂੰ ਸਚਾਈ ਤਾਂ ਦੱਸੀ ਹੀ ਨ੍ਹੀਂ।"

ਘਰਦਿਆਂ ਨੂੰ ਵੀ ਆਸ ਸੀ ਕਿ ਜਦੋਂ ਜੱਜ ਨੂੰ ਸਾਰੀ ਸਚਾਈ ਪਤਾ ਲੱਗੇਗੀ ਤਾਂ ਉਸ ਨੇ ਪਹਿਲੇ ਹੱਲੇ ਹੀ ਕੇਸ ਨੂੰ ਖ਼ਾਰਜ ਕਰ ਦੇਣਾ ਹੈ ਅਤੇ ਆਪਣਾ ਖਹਿੜਾ ਛੁੱਟ ਜਾਣਾ ਹੈ। ਸ਼ਾਇਦ ਇਹ ਸਭ ਕੁਝ ਇਸ ਕਾਰਨ ਹੀ ਹੋਇਆ ਸੀ ਕਿ ਮੈਂ ਸਭ ਨੂੰ ਯਕੀਨ ਦੁਆਇਆ ਹੋਇਆ ਸੀ ਕਿ ਮੈਂ ਪਹਿਲੀ ਹੀ ਤਾਰੀਕ 'ਤੇ ਜੱਜ ਨੂੰ ਸਭ ਕੁਝ ਦੱਸ ਦੇਣਾ ਹੈ। ਮੇਰੀ ਸਚਾਈ ਸੁਣ ਕੇ ਜੱਜ ਨੇ ਸਬੰਧਤ ਪੁਲਿਸ ਕਰਮਚਾਰੀਆਂ 'ਤੇ ਕੇਸ ਦਰਜ ਕਰਨ ਲਈ ਆਖ ਦੇਣਾ ਹੈ ਤੇ ਚੁਟਕੀ ਵਿੱਚ ਹੀ ਕੇਸ ਖ਼ਾਰਜ ਹੋ ਕੇ ਆਪਣਾ ਇਸ ਖ਼ਲਜਗਣ ਤੋਂ ਖਹਿੜਾ ਛੁੱਟ ਜਾਣਾ ਹੈ। ਇਹ ਵਿਸ਼ਵਾਸ਼ ਤਾਂ ਸਭ ਨੂੰ ਹੀ ਸੀ ਕਿ ਜੱਜ ਪੁਲਿਸ ਵਾਲਿਆਂ ਵਾਂਗ ਰਿਸ਼ਵਤਖੋਰ ਤੇ ਬੇਈਮਾਨ ਨਹੀਂ ਹੁੰਦੇ ਤੇ ਨਾ ਹੀ ਕਿਸੇ ਦੀ ਸਿਫ਼ਾਰਿਸ਼ ਮੰਨਦੇ ਹਨ। ਇਸ ਲਈ ਸੱਚ ਦਾ ਨਿਪਟਾਰਾ ਪਹਿਲੀ ਤਾਰੀਕ ਵਿੱਚ ਹੀ ਹੋ ਜਾਣ ਦੀ ਉਮੀਦ ਸਭ ਦੇ ਮਨਾਂ ਵਿੱਚ ਪੱਕਾ ਘਰ ਕਰੀ ਬੈਠੀ ਸੀ।

ਪਹਿਲੀ ਤਾਰੀਕ ਵਿੱਚ ਹੀ ਕੇਸ ਖ਼ਾਰਜ ਨਾ ਹੋਣ ਕਾਰਨ ਮੇਰੇ ਵਾਂਗ ਮੇਰੇ ਘਰ ਦੇ ਵੀ ਪ੍ਰੇਸ਼ਾਨ ਹੋ ਗਏ ਸਨ ਪਰ ਸਭ ਤੋਂ ਵੱਧ ਦਰਦ ਮੇਰੇ ਦਾਦਾ ਜੀ ਨੂੰ ਹੋਇਆ ਸੀ। ਉਹ ਇਸ ਮਸਲੇ ਬਾਰੇ ਸਭ ਤੋਂ ਵੱਧ ਚਿੰਤਤ ਸਨ। ਵਕੀਲ

ਮਾੜਾ ਹੋਣ ਦੀਆਂ ਮੇਰੀਆਂ ਦਲੀਲਾਂ ਸਾਰਿਆਂ ਨੂੰ ਹੀ ਜਚ ਰਹੀਆਂ ਸਨ, ਪਰ ਮੇਰੇ ਪਿਤਾ ਜੀ ਨੂੰ ਆਪਣੇ ਉਸ ਦੋਸਤ 'ਤੇ ਅਟੱਲ ਯਕੀਨ ਸੀ ਤੇ ਸਾਡੀ ਹੋ ਰਹੀ ਚਰਚਾ ਤੋਂ ਖਿਝ ਕੇ ਉਹਨਾਂ ਨੇ ਆਪਣਾ ਫ਼ੈਸਲਾ ਸੁਣਾਅ ਦਿੱਤਾ ਸੀ, "ਆਪਾਂ ਭਾਵੇਂ ਕੇਸ ਹਾਰੀਏ ਜਾਂ ਜਿੱਤੀਏ, ਹੁਣ ਤਾਂ ਇਸ ਕੇਸ ਨੂੰ ਅਸ਼ੋਕ ਹੀ ਲੜੇਗਾ।" ਵੀਟੋ ਪਾਵਰ ਵਰਗਾ ਇਹ ਫ਼ੈਸਲਾ ਬਦਲਣ ਜਾਂ ਇਸ ਦਾ ਵਿਰੋਧ ਕਰਨ ਦੀ ਹਿੰਮਤ ਕਿਸੇ ਵਿੱਚ ਵੀ ਨਹੀਂ ਸੀ। ਇਸ ਲਈ ਨਾ ਚਾਹੁੰਦੇ ਹੋਏ ਵੀ ਉਹ ਵਕੀਲ ਹੀ ਰੱਖਣਾ ਸਾਡੀ ਮਜਬੂਰੀ ਬਣ ਗਈ ਸੀ। ਅਗ਼ਲੀ ਤਾਰੀਕ ਵਿੱਚ ਪੰਦਰਾਂ ਕੁ ਦਿਨ ਦਾ ਸਮਾਂ ਸੀ। ਇਸ ਲਈ ਵਕੀਲ ਨੂੰ ਬਦਲ ਲੈਣ ਵਾਲੇ ਵਿਸ਼ੇ ਦੀ ਚਰਚਾ ਬਾਅਦ ਵਿੱਚ ਵੀ ਪਿਤਾ ਜੀ ਤੋਂ ਚੋਰੀ-ਛਪੋਰੀ ਹੀ ਕੀਤੀ ਜਾਂਦੀ ਰਹੀ।

ਸਾਰੇ ਟੱਬਰ ਨੂੰ ਵਕੀਲ ਦੀਆਂ ਸਚਾਈ ਨੂੰ ਬਿਆਨ ਨਾ ਕਰਨ ਵਾਲੀਆਂ ਗੱਲਾਂ ਉੱਤੇ ਡਾਢਾ ਹੀ ਗੁੱਸਾ ਆਉਂਦਾ ਸੀ।

"ਇੱਕ ਤਾਂ ਸੀ ਕਮਲੀ ਤੇ ਦੂਜੇ ਪੈ ਗਈ ਸਿਵਿਆਂ ਦੇ ਰਾਹ। ਹੁਣ ਤਾਂ ਰੱਬ ਹੀ ਰਾਖਾ।" ਆਖ ਕੇ ਯਾਦਵਿੰਦਰ ਏਨਾ ਜ਼ਿਆਦਾ ਹੱਸਿਆ ਕਿ ਸਾਨੂੰ ਵੀ ਮੁਕੱਦਮੇ ਵਾਲਾ ਮਸਲਾ ਭੁੱਲ ਕੇ ਮੱਲੋ-ਮੱਲੀ ਹਾਸਾ ਆ ਗਿਆ ਸੀ।

ਕਈ ਦਿਨ ਅਸੀਂ ਕਮਲਿਆਂ ਦੇ ਟੋਲੇ ਦੀਆਂ ਗੱਲਾਂ ਹੀ ਕਰਦੇ ਰਹੇ ਕਿ ਉਹਨਾਂ ਦਾ ਕਿਵੇਂ ਕਿਵੇਂ ਪਾਰ-ਉਤਾਰਾ ਹੋਇਆ ਸੀ। ਸਾਡਾ ਵਕੀਲ ਸਾਡੇ ਲਈ ਹਾਸੇ ਦਾ ਇੱਕ ਪਾਤਰ ਬਣ ਚੁੱਕਾ ਸੀ। ਮੈਨੂੰ ਤਾਂ ਇਹ ਹੀ ਤਸੱਲੀ ਸੀ ਕਿ ਭਾਵੇਂ ਵਕੀਲ ਸਾਨੂੰ ਫੌਰੀ ਤੌਰ 'ਤੇ ਕੋਈ ਰਾਹਤ ਨਹੀਂ ਦਿਵਾਅ ਸਕਿਆ ਸੀ ਪਰ ਖ਼ੁਦ ਇੱਕ ਹਾਸੇ ਦਾ ਪਾਤਰ ਬਣ ਕੇ ਸਾਡੇ ਘਰ ਵਿੱਚ ਹਾਸਾ ਲਿਆਉਣ ਦਾ ਕਾਰਕ ਤਾਂ ਬਣ ਹੀ ਗਿਆ ਸੀ।

ਹਾਸੇ ਮਜ਼ਾਕ ਤੋਂ ਪਾਸੇ ਹਟ ਕੇ ਜਦ ਮੈਂ ਗੰਭੀਰਤਾ ਨਾਲ ਸੋਚਦਾ ਤਾਂ ਮੈਨੂੰ ਆਪਣਾ ਵਕੀਲ ਸਹੀ ਬੰਦਾ ਲੱਗਣ ਲੱਗ ਪੈਂਦਾ ਸੀ। ਮਨ ਵਿੱਚ ਆਉਂਦਾ ਕਿ ਜੇ ਉਹ ਸਿਰਫ਼ ਮੈਨੂੰ ਵਿਖਾਉਣ ਲਈ ਹੀ ਜੱਜ ਨਾਲ ਮੁਕੱਦਮੇ ਤੋਂ ਬਾਹਰੀ ਬਹਿਸ ਕਰਨ ਲੱਗ ਜਾਂਦਾ ਤਾਂ ਜੱਜ ਨੇ ਪਹਿਲੇ ਹੱਲੇ ਹੀ ਸਟੇਅ ਦਾ ਹੁਕਮ ਕਰ ਦੇਣਾ ਸੀ। ਜੇ ਉਹ ਕਾਨੂੰਨ ਨੂੰ ਛੱਡ ਕੇ ਆਪਣੀ ਕਾਮਰੇਡੀ ਘੋਟਣ ਲੱਗ ਜਾਂਦਾ ਤਾਂ ਜੱਜ ਨੇ ਉਸ ਨੂੰ ਪਾਗ਼ਲ ਹੀ ਸਮਝਣਾ ਸੀ, ਵਕੀਲ ਨਹੀਂ। ਸਭ ਤੋਂ ਵੱਡੀ ਗੱਲ ਇਹ ਕਿ ਜੇ ਕਰ ਉਹ ਸਾਰੀ ਸਚਾਈ ਇੱਕੋ ਵੇਲ਼ੇ ਹੀ ਦੱਸ ਦਿੰਦਾ ਅਤੇ ਭਵਿੱਖ ਵਿੱਚ ਉਸ ਨੂੰ ਝੂਠ ਦੇ ਆਸਰੇ ਦੀ ਲੋੜ ਵੀ ਪੈ ਜਾਂਦੀ ਤਾਂ ਉਸ ਨੇ ਨਿਰੁੱਤਰ ਹੀ ਹੋ ਜਾਣਾ ਸੀ। ਉਸ ਕੋਲ ਕਹਿਣ ਵਾਸਤੇ ਹੋਰ ਕੁਝ ਵੀ ਨਹੀਂ ਸੀ ਬਚਣਾ।

ਮਨੁੱਖੀ ਮਨ ਕਦੇ ਵੀ ਇੱਕ ਸਾਰ ਨਹੀਂ ਰਹਿੰਦਾ ਹੈ। ਵਕੀਲ ਨੂੰ ਬਦਲ

ਤਾਂ ਨਹੀਂ ਸਾਂ ਸਕਦੇ ਪਰ ਅਸੀਂ ਸਭ ਨੇ ਕਿਸੇ ਹੋਰ ਚੰਗੇ ਵਕੀਲ ਦੀ ਭਾਲ ਵੀ ਸਭ ਨੇ ਜਾਰੀ ਰੱਖੀ ਹੋਈ ਸੀ। ਕੋਈ ਕੁਝ ਆਖਦਾ ਤੇ ਕੋਈ ਕੁਝ। ਮੱਛੀ ਪੱਥਰ ਚੱਟ ਕੇ ਹੀ ਵਾਪਸ ਆਉਂਦੀ ਹੈ। ਘਰਦਿਆਂ ਤੋਂ ਚੋਰੀ ਜਦ ਮੈਂ ਇਸ ਸਬੰਧ ਵਿੱਚ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਅਤੇ ਨਾਮੀ ਵਕੀਲ ਹਰਿੰਦਰ ਸਿੰਘ ਸਿੱਧੂ ਨੂੰ ਮਿਲ ਕੇ ਸਾਰੀ ਰਾਮ ਕਹਾਣੀ ਸੁਣਾਈ ਤਾਂ ਉਸ ਨੇ ਸਾਡੇ ਵਕੀਲ ਦੀ ਇੰਨੀ ਜ਼ਿਆਦਾ ਸਿਫ਼ਤ ਕੀਤੀ ਕਿ ਮੈਨੂੰ ਆਪਣਾ ਵਕੀਲ ਬਦਲ ਲੈਣ ਦੇ ਫ਼ੈਸਲੇ 'ਤੇ ਅੰਦਰੋ ਅੰਦਰੀ ਸ਼ਰਮਸਾਰੀ ਜਿਹੀ ਮਹਿਸੂਸ ਹੋਣ ਲੱਗ ਪਈ ਸੀ। ਕਿਉਂਕਿ ਉਹ ਵਕੀਲ ਵੀ ਲਾਲਚੀ ਨਹੀਂ ਸੀ। ਉਸ ਨੇ ਅਦਾਲਤਾਂ ਦੀਆਂ ਕਈ ਗੱਲਾਂ ਮੇਰੇ ਦਿਮਾਗ਼ ਵਿੱਚ ਬਿਠਾਅ ਦਿੱਤੀਆਂ। ਉਸ ਨੇ ਦੱਸਿਆ ਸੀ ਕਿ ਕੇਸ ਤੋਂ ਬਾਹਰੀ ਇੱਕ ਵੀ ਗੱਲ ਕਰਨੀ ਕਾਨੂੰਨ ਦੀ ਉਲੰਘਣਾ ਹੈ। ਜੱਜ ਭਾਵੇਂ ਸਭ ਕੁਝ ਵੇਖਦਾ ਤੇ ਸਮਝਦਾ ਹੋਵੇ ਪਰ ਉਹ ਕਾਨੂੰਨ ਤੋਂ ਬਾਹਰ ਜਾ ਕੇ ਫ਼ੈਸਲਾ ਨਹੀਂ ਦੇ ਸਕਦਾ। ਸਾਡੇ ਲਈ ਸਾਧਾਰਨ ਜਿਹੀ ਗੱਲ ਕਾਨੂੰਨੀ ਨੁਕਤਿਆਂ ਵਿੱਚ ਬੜੀ ਹੀ ਵਿਸ਼ੇਸ਼ ਹੁੰਦੀ ਹੈ।

ਉਸ ਦੀ ਆਖੀ ਅੰਤਲੀ ਗੱਲ ਮੈਨੂੰ ਬੜੀ ਹੀ ਭਾਅ ਗਈ ਸੀ ਕਿ ਹੇਠਲੀਆਂ ਅਦਾਲਤਾਂ ਦੁਆਰਾ ਦਿੱਤੇ ਗਏ ਫ਼ੈਸਲਿਆਂ ਨੂੰ ਉਤਲੀਆਂ ਅਦਾਲਤਾਂ ਵਿੱਚ ਲਿਜਾਇਆ ਜਾ ਸਕਦਾ ਹੈ ਅਤੇ ਜੇ ਇਹ ਫ਼ੈਸਲੇ ਕਾਨੂੰਨ ਦੀ ਰੌਸ਼ਨੀ ਵਿੱਚ ਨਾ ਕੀਤੇ ਗਏ ਹੋਣ ਤਾਂ ਇਸ ਸਬੰਧੀ ਸਬੰਧਤ ਜੱਜ ਦੀ ਸ਼ਿਕਾਇਤ ਵੀ ਕੀਤੀ ਜਾ ਸਕਦੀ ਹੈ।

ਹੁਣ ਮੈਨੂੰ ਆਪਣਾ ਵਕੀਲ ਠੀਕ ਮਹਿਸੂਸ ਹੋਣ ਲੱਗ ਪਿਆ ਸੀ। ਮੇਰੇ ਮਨ ਵਿੱਚ ਉਸ ਦਾ ਜੋ ਜ਼ਰਾ ਕੁ ਬੁਰਾ ਅਕਸ ਬਣ ਗਿਆ ਸੀ, ਉਹ ਹੁਣ ਸਾਫ਼ ਹੁੰਦਾ ਜਾ ਰਿਹਾ ਸੀ।

## ਬਾਰਾਂ

ਪੁਲਿਸ ਮਹਿਕਮੇ ਦੁਆਰਾ ਜਿੰਨੀਆਂ ਵੀ ਜਾਂਚ-ਪੜਤਾਲਾਂ ਕੀਤੀਆਂ ਗਈਆਂ ਸਨ, ਉਹਨਾਂ ਦੀਆਂ ਰਿਪੋਰਟਾਂ ਹਾਸਲ ਕਰਨ ਲਈ ਮੈਂ ਆਰ.ਟੀ.ਆਈ. ਪਾਈ ਹੋਈ ਸੀ। ਜਦ ਕਿਸੇ ਅਰਜ਼ੀ ਦਾ ਮਿਥਿਆ ਸਮਾਂ ਪੂਰਾ ਹੋ ਜਾਂਦਾ ਤਾਂ ਮੈਂ ਤੁਰੰਤ ਹੀ ਇਸ ਸਬੰਧੀ ਯਾਦ ਪੱਤਰ ਵੀ ਮਹਿਕਮੇ ਨੂੰ ਭੇਜਣ ਲੱਗ ਪਿਆ ਸਾਂ।

ਮੈਨੂੰ ਪੂਰਾ ਯਕੀਨ ਸੀ ਕਿ ਮੇਰੀ 181 ਨੰਬਰ 'ਤੇ ਕੀਤੀ ਹੋਈ ਸ਼ਿਕਾਇਤ ਜ਼ਰੂਰ ਰੰਗ ਲਿਆਵੇਗੀ। ਇਸ ਦੀ ਜਾਂਚ ਹੋ ਚੁੱਕੀ ਸੀ ਪਰ ਮਿਥਿਆ ਸਮਾਂ

ਪੂਰਾ ਨਹੀਂ ਸੀ ਹੋਇਆ। ਜਿਸ ਦਿਨ ਇਸ ਜਾਂਚ ਨੂੰ ਹੋਏ ਪੰਦਰਾਂ ਦਿਨ ਹੋ ਗਏ ਤਾਂ ਮੈਂ ਇਸ ਨੰਬਰ 'ਤੇ ਫ਼ੋਨ ਮਿਲਾਅ ਲਿਆ। ਉਪਰੇਟਰ ਨੇ ਦੱਸਿਆ ਕਿ ਜਾਂਚ ਲਈ ਇੱਕ ਮਹੀਨੇ ਦਾ ਸਮਾਂ ਮਿਥਿਆ ਗਿਆ ਹੈ। ਇਸੇ ਲਈ ਅਜੇ ਕੋਈ ਵੀ ਰਿਪੋਰਟ ਨਹੀਂ ਆਈ ਹੈ, ਉਦੋਂ ਤੱਕ ਉਡੀਕ ਕਰੋ।

"ਇਹ ਕੀ ? ਦੂਜੀਆਂ ਜਾਂਚਾਂ ਲਈ ਪੰਦਰਾਂ ਦਿਨ ਮਿਥੇ ਜਾਂਦੇ ਨੇ ਅਤੇ ਜੇ ਪੁਲਿਸ ਵਾਲਿਆਂ ਦੀ ਸ਼ਿਕਾਇਤ ਹੋਵੇ ਤਾਂ ਮਹੀਨਾ ? ਇਹ ਤਾਂ ਸਰਾਸਰ ਬੇਇਨਸਾਫ਼ੀ ਹੈ।" ਮੈਂ ਅਜੇ ਬੋਲ ਹੀ ਰਿਹਾ ਸਾਂ ਕਿ ਉਪਰੇਟਰ ਦੀ ਆਵਾਜ਼ ਸੁਣੀ, "ਪੁਲਿਸ ਹੈਲਪ ਲਾਈਨ ਇੱਕ ਸੌ ਇਕਿਆਸੀ 'ਤੇ ਫ਼ੋਨ ਕਰਨ ਲਈ ਆਪ ਜੀ ਦਾ ਬਹੁਤ-ਬਹੁਤ ਧੰਨਵਾਦ।" ਇਹਨਾਂ ਸ਼ਬਦਾਂ ਨਾਲ ਹੀ ਫ਼ੋਨ ਕੱਟਿਆ ਜਾ ਚੁੱਕਾ ਸੀ।

"ਭੈਣ ਦੇ ਦੁੱਗ, ਸਾਲੇ ਕੁੱਤੇ। ਆਵਦੇ ਜਵਾਈ ਦੀ ਗੱਲ ਤਾਂ ਸੁਣ ਲਓ, ਪੂਰੀ ਤਰ੍ਹਾਂ।" ਮੈਂ ਗੁੱਸੇ ਵਿੱਚ ਆਇਆ ਕਮਲਿਆਂ ਵਾਂਙ ਬੋਲੀ ਹੀ ਜਾ ਰਿਹਾ ਸਾਂ। ਮੈਨੂੰ ਜਾਂਚ ਦੇ ਪੰਦਰਾਂ ਦਿਨ ਵਧਾਅ ਦੇਣ ਦੀ ਖ਼ਬਰ ਏਨੇ ਝਟਕੇ ਨਾਲ ਲੱਗੀ ਸੀ ਕਿ ਮੈਨੂੰ ਇੱਕ ਹੋਰ ਬੇਇਨਸਾਫ਼ੀ ਬਰਦਾਸ਼ਤ ਕਰਨੀ ਔਖੀ ਹੋ ਰਹੀ ਸੀ।

ਵਕਤ ਲੰਘਦਾ ਜਾ ਰਿਹਾ ਸੀ ਤੇ ਜਿੰਨਾ ਮੈਂ ਆਪਣੇ ਆਪ ਨੂੰ ਸੰਭਾਲਣ ਦਾ ਜਤਨ ਕਰਦਾ ਸਾਂ ਅੰਦਰੋਂ ਓਨਾ ਹੀ ਟੁੱਟਦਾ ਜਾ ਰਿਹਾ ਸਾਂ। ਮਨ ਵਿੱਚ ਆਉਂਦਾ ਕਿ ਇਹ ਕਿਹੋ ਜਿਹੇ ਹੈਲਪ ਲਾਈਨ ਨੰਬਰ ਨੇ, ਜਿੰਨ੍ਹਾਂ ਵਿੱਚ ਪੁਲਿਸ ਵਾਲਿਆਂ ਲਈ ਵੱਖਰੇ ਕਾਨੂੰਨ ਹਨ ਤੇ ਆਮ ਲੋਕਾਂ ਲਈ ਵੱਖਰੇ ? ਇਹ ਕਿਉਂ ਹੈ ? ਇਹ ਸਾਡੇ ਵਾਸਤੇ 'ਹੈਲਪ ਲਾਈਨ' ਹੈ ਕਿ ਪੁਲਿਸ ਵਾਸਤੇ 'ਡਿਫੈਂਸ ਲਾਈਨ' ? ਜੋ ਪੁਲਿਸ ਦੀ ਹੀ ਰੱਖਿਆ ਹੀ ਕਰਦੀ ਹੈ। ਫਿਰ ਮਨ ਵਿੱਚ ਆਉਂਦਾ ਕਿ ਇਨਸਾਫ਼ ਜ਼ਰੂਰ ਮਿਲੇਗਾ। ਪਰ ਫਿਰ ਉਸ ਐਸ.ਪੀ. ਦੇ ਉਹ ਬੋਲ ਯਾਦ ਆ ਜਾਂਦੇ 'ਤੁਸੀਂ ਇੱਕ ਸੌ ਕਿਆਸੀ ਤੇ ਹੀ ਸ਼ਿਕਾਇਤ ਕੀਤੀ ਆ ਨਾ, ਭਾਵੇਂ ਇੱਕ ਲੱਖ ਕਿਆਸੀ 'ਤੇ ਕਰ ਲਵੋ, ਇਨਕੁਆਇਰੀ ਤਾਂ ਮੈਂ ਹੀ ਕਰਨੀ ਆ। ਜਾਓ, ਤੁਸੀਂ ਜੋ ਕੁਝ ਕਰਨਾ ਹੈ, ਕਰ ਲਵੋ।'

ਸ਼ਰੀਕਾਂ ਦੇ ਬੋਲੇ ਹੋਏ ਬੋਲਾਂ ਵਰਗੇ ਐਸ.ਪੀ. ਦੁਆਰਾ ਬੋਲੇ ਗਏ ਇਹ ਸ਼ਬਦ ਜਦੋਂ ਵੀ ਯਾਦ ਆਉਂਦੇ, ਮੇਰੇ ਤਨ-ਮਨ ਨੂੰ ਅੱਗ ਲਾ ਦਿੰਦੇ। ਮਨ ਨੂੰ ਖਿਝ ਚੜ੍ਹਦੀ ਕਿ ਸਾਡੇ ਦੇਸ਼ ਦਾ ਇਹ ਕਿਹੋ-ਜਿਹਾ ਕਾਨੂੰਨ ਹੈ ? ਦੋਸ਼ੀ ਵੀ ਉਹ ਹੀ ਹਨ ਤੇ ਜਾਂਚ ਕਰਨ ਵਾਲੇ ਵੀ ਉਹ ਹੀ। ਜੇ ਸਰਕਾਰ ਸੱਚਮੁੱਚ ਹੀ ਲੋਕਾਂ ਨੂੰ ਇਨਸਾਫ਼ ਦੇਣਾ ਚਾਹੁੰਦੀ ਹੈ ਤਾਂ ਸਭ ਵਿਭਾਗਾਂ ਤੋਂ ਘਟੀਆ ਖਸਲਤ ਵਾਲੇ ਇਸ ਵਿਭਾਗ ਦੇ ਵਿਰੁੱਧ ਹੋਈਆਂ ਸ਼ਿਕਾਇਤਾਂ ਲਈ ਵੱਖਰਾ

ਵਿਭਾਗ, ਜੋ ਕਿ ਇਹਨਾਂ ਦੇ ਉੱਪਰ ਦੀ ਹੋਵੇ, ਕਿਉਂ ਨਹੀਂ ਬਣਾਉਂਦੀ ? ਫਿਰ ਮਨ ਵਿੱਚ ਆਉਂਦਾ ਕਿ ਆਮ ਜਨਤਾ ਤੋਂ ਸਰਕਾਰ ਨੇ ਕੀ ਦਾਣੇ ਲੈਣੇ ਨੇ। ਉਹ ਕਿਉਂ ਫਸਾਵੇ ਆਪਣੇ ਕਮਾਊ ਪੁੱਤਾਂ ਅਤੇ ਉਹਨਾਂ ਦੇ ਕਰਿੰਦਿਆਂ ਨੂੰ ? ਅਜਿਹੀਆਂ ਗੱਲਾਂ ਸਾਰਾ ਦਿਨ ਹੀ ਮੇਰੇ ਜ਼ਹਿਨ ਵਿੱਚ ਘੁੰਮਦੀਆਂ ਰਹਿੰਦੀਆਂ।

ਮੈਂ ਆਮ ਵਾਂਙ ਸਕੂਲ ਜਾਂਦਾ ਸਾਂ ਤੇ ਆ ਜਾਂਦਾ ਸਾਂ। ਆਪਣੇ ਦੋਸਤਾਂ ਦੇ ਦਿੱਤੇ ਹੋਏ ਮਿੱਠੇ ਮਿੱਠੇ ਤਾਅਨੇ-ਮਿਹਣੇ ਵੀ ਸਹਿੰਦਾ ਰਹਿੰਦਾ ਸਾਂ। ਕਈ ਵਾਰ ਮੈਨੂੰ ਖਿਝ ਵੀ ਚੜ੍ਹ ਜਾਂਦੀ ਪਰ ਮੈਂ ਆਪਣੇ ਆਪ 'ਤੇ ਕਾਬੂ ਰੱਖਦਾ। ਇਸ ਵਰਤਾਰੇ ਨੂੰ ਸਹਿਣ ਦੀ ਇੱਕ ਤਰ੍ਹਾਂ ਦੀ ਆਦਤ ਜਿਹੀ ਹੀ ਬਣ ਗਈ ਸੀ। ਪਰ ਘਰ ਦਾ ਸਾਰਾ ਮਾਹੌਲ ਉਦਾਸਿਆ ਪਿਆ ਸੀ। ਹਰ ਕਿਸੇ ਨੂੰ ਇਸ ਮਸਲੇ ਦੀ ਹੀ ਚਿੰਤਾ ਸੀ ਕਿ ਅੱਗੋਂ ਇਸ ਮਾਮਲੇ ਦਾ ਕੀ ਬਣੇਗਾ ? ਘਰ ਵਿੱਚੋਂ ਹਾਸਾ-ਖੇਡਾ ਤਕਰੀਬਨ ਖ਼ਤਮ ਹੋ ਚੁੱਕਾ ਸੀ।

ਬੇਸ਼ੱਕ ਘਰ ਵਿੱਚ ਚੁੱਲ੍ਹਾ ਆਮ ਵਾਂਙ ਤਪਦਾ ਸੀ। ਕਈ ਵਾਰੀ ਮੇਰਾ ਮਨ ਨਾ ਕਰਦਾ, ਮੈਂ ਰੋਟੀ ਖਾਧੇ ਬਿਨਾਂ ਹੀ ਪੈ ਜਾਂਦਾ। ਇੱਕ ਦਿਨ ਅੱਕ ਕੇ ਮੇਰੀ ਮਾਂ ਫੁੱਟ ਹੀ ਪਈ, "ਮੈਂ ਚਾਲ਼ੀ-ਚਾਲ਼ੀ ਜਣਿਆਂ ਦੀ ਰੋਟੀ ਪਕਾਉਂਦੀ ਰਹੀ ਆਂ, ਕਦੇ ਵੀ ਏਨਾ ਆਟਾ ਨਹੀਂ ਸੀ ਬਚਿਆ ਜਿੰਨਾ ਹੁਣ ਪੰਜ ਜਣਿਆਂ ਦੀ ਰੋਟੀ ਪਕਾਉਣ ਬਾਅਦ ਬਚ ਜਾਂਦਾ ਹੈ। ਕੇਸ ਕੂਸ ਤਾਂ ਚੱਲਦੇ ਹੀ ਰਹਿੰਦੇ ਹੁੰਦੇ ਆ। ਇਸ ਦਾ ਇਹ ਮਤਲਬ ਤਾਂ ਨ੍ਹੀਂ ਕਿ ਕਿਸੇ ਨੇ ਚੱਜ ਨਾਲ ਰੋਟੀ ਹੀ ਨ੍ਹੀਂ ਖਾਣੀ।"

"ਜੇ ਇਹ ਮੁਕੱਦਮਾ ਲਾਲ ਬਹਾਦਰ ਸ਼ਾਸ਼ਤਰੀ ਦੇ ਵੇਲ਼ਿਆਂ ਵਿੱਚ ਹੋਇਆ ਹੁੰਦਾ ਤਾਂ ਉਸ ਨੇ ਆਪਣੇ ਸਾਰੇ ਟੱਬਰ ਨੂੰ ਪੱਕੇ ਦੇਸ਼-ਭਗਤਾਂ ਦਾ ਟੱਬਰ ਆਖ ਕੇ ਸਨਮਾਨਿਤ ਕਰ ਦੇਣਾ ਸੀ ਕਿ ਮੇਰੀ ਅੰਨ ਬਚਾਊ ਸਕੀਮ ਕਾਰਨ ਇਹ ਟੱਬਰ ਤਾਂ ਕੁਝ ਖਾਂਦਾ ਹੀ ਨਹੀਂ।" ਅਮਿਤਾ ਨੇ ਟਾਂਚ ਲਾਉਂਦੇ ਹੋਏ ਆਖਿਆ।

"ਆਹੋ, ਫਿਰ ਤਾਂ ਇਹਨਾਂ ਪੁਲਿਸ ਵਲਿਆਂ ਨੂੰ ਪੁੱਠਾ ਲਮਕਾਇਆ ਹੋਣਾ ਸੀ ਕਿ ਧੜੀ ਪੱਕਾ ਅੰਨ ਖਾ ਕੇ ਵੀ ਲੋਕਾਂ ਦਾ ਸੁੱਖ ਚੈਨ ਹੜੱਪੀ ਜਾਂਦੇ ਨੇ। ਇਹਨਾਂ ਨੂੰ ਤਾਂ ਰੱਜ ਹੀ ਨ੍ਹੀਂ ਆਉਂਦਾ। ਕੰਮ ਦੇ ਨਾ ਕਾਜ ਦੇ, ਦੁਸ਼ਮਣ ਅਨਾਜ ਦੇ।" ਮੈਂ ਗੱਲ ਹਾਸੇ ਵਿੱਚ ਪਾਉਂਦਾ ਹੋਇਆ ਬੋਲ ਪਿਆ ਸਾਂ।

"ਇਹ ਸੁੱਖ ਚੈਨ ਖਾਣ ਵਾਲੇ ਹੀ ਨਹੀਂ, ਇਹ ਤਾਂ ਆਦਮ-ਖੋਰ ਨੇ, ਪੱਕੇ ਆਦਮ-ਖ਼ੋਰ। ਰੱਬ ਇਹਨਾਂ ਨੂੰ ਓਥੇ ਲਿਜਾਅ ਕੇ ਸੁੱਟੇਗਾ, ਜਿੱਥੋਂ ਇਹਨਾਂ ਦੀ ਆਵਾਜ਼ ਵੀ ਕਿਸੇ ਨੂੰ ਨ੍ਹੀਂ ਸੁਣਨੀ। ਮੇਰੇ ਪੁੱਤ ਨੂੰ ਐਵੇਂ ਹੀ ਖ਼ਰਾਬ ਕਰੀ ਜਾਂਦੇ ਆ। ਵੇਖ ਕਿੰਨਾ ਲਿੱਸਾ ਹੋ ਗਿਐ। ਪੁੱਤ, ਰੱਜ ਕੇ ਰੋਟੀ ਖਾਇਆ

ਕਰ। ਇਹਨਾਂ ਨੇ ਤਾਂ ਭੌਂਕੀ ਹੀ ਜਾਣਾ ਏ।" ਮੇਰੀ ਮਾਂ ਮੇਰੇ ਮੋਢੇ 'ਤੇ ਹੱਥ ਰੱਖਦਿਆਂ, ਮੇਰੇ ਵੱਲ ਤਰਸ ਭਰੀ ਨਿਗਾਹ ਸੁੱਟਦਿਆਂ, ਪੁਲਿਸ ਵਾਲਿਆਂ ਨੂੰ ਮੰਦਾ ਬੋਲਦੀ, ਮੈਨੂੰ ਸਮਝਾਉਣ ਦੇ ਰਓਂ ਵਿੱਚ ਆਖਣ ਲੱਗੀ।

ਆਖ਼ਰ ਕਈ ਦਿਨਾਂ ਦੀ ਉਡੀਕ ਤੋਂ ਬਾਅਦ ਉਹ ਦਿਨ ਵੀ ਆ ਗਿਆ ਜਿਸ ਦਿਨ ਹੈਲਪ ਲਾਈਨ ਵਾਲੇ ਨੰਬਰ ਦੁਆਰਾ ਮਾਰਕ ਕੀਤੀ ਜਾਂਚ ਦੇ ਦਿਨ ਪੂਰੇ ਹੋਣੇ ਸਨ। ਮੈਂ ਸਾਰਾ ਦਿਨ ਉਡੀਕਦਾ ਰਿਹਾ ਕਿ ਅੱਜ ਹਰ ਹਾਲਤ ਵਿੱਚ ਫ਼ੋਨ ਆਵੇਗਾ। ਮੇਰੀ ਹਾਲਤ ਉਸ ਨਾਲਾਇਕ ਵਿਦਿਆਰਥੀ ਵਰਗੀ ਹੋ ਗਈ ਸੀ ਜਿਸ ਨੂੰ ਪਤਾ ਤਾਂ ਹੁੰਦਾ ਹੈ ਕਿ ਉਸ ਨੇ ਫੇਲ੍ਹ ਹੀ ਹੋਣਾ ਹੈ ਪਰ ਉਹ ਫਿਰ ਵੀ ਨਤੀਜੇ ਦੇ ਦਿਨ ਨੂੰ ਬੜੀ ਬੇਸਬਰੀ ਨਾਲ ਉਡੀਕਦਾ ਹੈ। ਉਸ ਵਿਦਿਆਰਥੀ ਦੀ ਹਾਲਤ ਓਦੋਂ ਹੋਰ ਵੀ ਪਾਣੀਓਂ ਪਤਲੀ ਹੋ ਜਾਂਦੀ ਹੈ ਜਦ ਮਿਥੇ ਦਿਨ 'ਤੇ ਵੀ ਨਤੀਜਾ ਨਹੀਂ ਆਉਂਦਾ। ਉਸ ਦੇ ਮਨ ਵਿੱਚ ਵਿੱਚ ਇੱਕ ਮੱਧਮ ਜਿਹੀ ਆਸ ਹੁੰਦੀ ਹੈ ਕਿ ਸ਼ਾਇਦ ਪਰਚੇ ਵੇਖਣ ਵਾਲੇ ਨੇ ਤਰਸ ਦੇ ਆਧਾਰ 'ਤੇ ਹੀ ਉਸ ਨੂੰ ਪਾਸ ਕਰ ਦਿੱਤਾ ਹੋਵੇ।

ਹੈਲਪ ਲਾਈਨ ਦੁਆਰਾ ਖ਼ੁਦ ਹੀ ਮਿਥੇ ਗਏ ਸਮੇਂ ਤੋਂ ਵੱਧ ਤਿੰਨ ਦਿਨ ਵੀ ਬੀਤ ਚੁੱਕੇ ਸਨ। ਮੈਂ ਮਨ ਹੀ ਮਨ ਫ਼ੈਸਲਾ ਕਰ ਲਿਆ ਸੀ ਕਿ ਉਹਨਾਂ ਨੂੰ ਦੁਬਾਰਾ ਫ਼ੋਨ ਨਹੀਂ ਕਰਨਾ।

ਇੱਕ ਦਿਨ ਸਾਰੀ ਛੁੱਟੀ ਤੋਂ ਬਾਅਦ ਮੈਂ ਆਪਣੇ ਇੱਕ ਸਹਿ-ਕਰਮੀ ਦੀ ਗੱਡੀ ਵਿੱਚ ਬੈਠ ਕੇ ਘਰ ਵੱਲ ਨੂੰ ਆ ਰਿਹਾ ਸਾਂ ਤਾਂ ਰਸਤੇ ਵਿੱਚ ਹੀ ਮੇਰੇ ਮੋਬਾਈਲ ਦੀ ਘੰਟੀ ਵੱਜਣ ਲੱਗ ਪਈ। ਸਕਰੀਨ 'ਤੇ ਨੰਬਰ ਵੇਖ ਕੇ ਮੈਂ ਸਮਝ ਗਿਆ ਕਿ ਫ਼ੋਨ ਨੰਬਰ ਤਾਂ ਪੁਲਸ ਹੈਲਪ ਲਾਈਨ ਵਾਲਿਆਂ ਦਾ ਹੀ ਹੈ। ਮੈਂ ਗੱਡੀ ਵਿੱਚ ਬੈਠੇ ਆਪਣੇ ਸਹਿ-ਕਰਮੀਆਂ ਦੇ ਸਾਹਮਣੇ ਇਹ ਫ਼ੋਨ ਸੁਨਣਾ ਨਹੀਂ ਸਾਂ ਚਾਹੁੰਦਾ ਪਰ ਫਿਰ ਮਨ ਵਿੱਚ ਇੱਕ ਖ਼ਿਆਲ ਆਇਆ ਕਿ ਜੇ ਮੈਂ ਇਹ ਫ਼ੋਨ ਨਾ ਸੁਣਿਆ ਤਾਂ ਉਹਨਾਂ ਨੂੰ ਇੱਕ ਨਵਾਂ ਬਹਾਨਾ ਲੱਭ ਜਾਣਾ ਹੈ ਕਿ ਇਸ ਨੰਬਰ ਵਾਲਾ ਬੰਦਾ ਤਾਂ ਫ਼ੋਨ ਚੁੱਕਦਾ ਹੀ ਨਹੀਂ। ਉਹਨਾਂ ਨੇ ਇਸ ਗੱਲ ਨੂੰ ਹੀ ਮੁੱਦਾ ਬਣਾਅ ਕੇ ਰਿਪੋਰਟ ਕਰ ਦੇਣੀ ਹੈ। ਇਹਨਾਂ ਹਾਂ ਜਾਂ ਨਾਂਹ ਦੀਆਂ ਸੋਚਾਂ ਵਿੱਚ ਪਏ ਨੇ ਮੈਂ ਫ਼ੋਨ 'ਤੇ ਗੱਲ ਕਰਨ ਵਾਲੇ ਬਟਨ ਨੂੰ ਦਬਾਅ ਹੀ ਦਿੱਤਾ।

ਮੇਰਾ ਨਾਮ ਅਤੇ ਪਤਾ ਪੁੱਛਣ ਤੋਂ ਬਾਅਦ ਉਪਰੇਟਰ ਨੇ ਐਸ.ਐਸ.ਪੀ. ਦਫ਼ਤਰ ਵੱਲੋਂ ਪਹੁੰਚੀ ਰਿਪੋਰਟ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ।

"ਜਾਂਚ ਕਰਨ 'ਤੇ ਪਾਇਆ ਗਿਆ ਹੈ ਕਿ ਸ਼ਿਕਾਇਤ ਨਾਲ ਸਬੰਧਤ ਜਗ੍ਹਾ ਗਲੀ ਵਿੱਚ ਵਾਧੇ-ਘਾਟੇ ਦੀ ਛੱਡੀ ਹੋਈ ਹੈ ਅਤੇ ਸ਼ਿਕਾਇਤ ਕਰਤਾ ਕ੍ਰਿਸ਼ਨ ਪ੍ਰਤਾਪ ਗਲੀ ਉੱਤੇ ਨਾਜਾਇਜ਼ ਕਬਜ਼ਾ ਕਰਨਾ ਚਾਹੁੰਦਾ ਹੈ ਜਿਹੜੀ

ਕਿ ਪਿਛਲੇ ਪੱਚੀ-ਤੀਹ ਵਰ੍ਹਿਆਂ ਤੋਂ ਗਲੀ ਵਾਂਙ ਹੀ ਚੱਲ ਰਹੀ ਰਹੀ ਹੈ।ਜਪਨਾਮ ਸਿੰਘ ਅਤੇ ਮਲਕੀਤ ਸਿੰਘ ਨੂੰ ਪੁਲਿਸ ਮੁਲਾਜ਼ਮ ਹੋਣ ਕਰਕੇ ਹੀ ਪਾਰਟੀ ਬਣਾਇਆ ਗਿਆ ਹੈ।ਸ਼ਿਕਾਇਤ ਕਰਤਾ ਕੋਈ ਵੀ ਸਬੂਤ ਪੇਸ਼ ਨਹੀਂ ਕਰ ਸਕਿਆ ਹੈ।ਇਸ ਲਈ ਕੇਸ ਨੂੰ ਦਾਖਲ ਦਫ਼ਤਰ ਕਰਨ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।"

"ਮੈਂ ਸਬੂਤ ਪੇਸ਼ ਕੀਤੇ ਆ ਜੀ, ਸੀ.ਡੀ. ਦਿੱਤੀ ਆ।"

"ਉਹਨਾਂ ਨੇ ਸ਼ਰ੍ਹੇਆਮ ਧੱਕੇਸ਼ਾਹੀ ਕੀਤੀ ਆ ਜੀ।"

"ਗਲੀ ਨ੍ਹੀਂ ਜੀ, ਮੇਰੀ ਰਜਿਸਟਰੀ ਵਿੱਚ ਜਗ੍ਹਾ ਮੇਰੇ ਨਾਮ ਬੋਲਦੀ ਆ।"

"ਮੈਂ ਸਾਰੇ ਸਬੂਤ ਤੇ ਗਵਾਹ ਪੇਸ਼ ਕੀਤੇ ਆ ਜੀ।"

"ਤੁਸੀਂ ਮੇਰਾ ਕੇਸ ਇੰਝ ਕਿਵੇਂ ਦਾਖਲ ਦਫ਼ਤਰ ਕਰ ਦੇਵੋਗੇ ?"

"ਹਾਂ, ਹਾਂ, ਤੁਹਾਡੀ ਆਵਾਜ਼ ਆ ਰਹੀ ਏ।ਤੁਸੀਂ ਮੇਰੀ ਗੱਲ ਵੀ ਸੁਣੋ।"

ਮੇਰੀ ਆਵਾਜ਼ ਗੱਡੀ ਵਿੱਚ ਸਭ ਨੂੰ ਸੁਣ ਰਹੀ ਸੀ ਤੇ ਸਭ ਹੀ ਮੇਰੇ ਦਿੱਤੇ ਜਵਾਬਾਂ ਤੋਂ ਅਗਲੇ ਦੁਆਰਾ ਆਖੀ ਗਈ ਗੱਲ ਦੀ ਸਮਝ ਲੱਗ ਰਹੀ ਸੀ।

ਪਰ ਮੈਨੂੰ ਕੇਵਲ ਇਹ ਗੱਲ ਹੀ ਸੁਣ ਰਹੀ ਸੀ, "ਪੁਲਿਸ ਹੈਲਪ ਲਾਈਨ 'ਤੇ ਫ਼ੋਨ ਕਰਨ ਲਈ ਧੰਨਵਾਦ।"

ਫ਼ੋਨ ਸੁਣਨ ਉਪਰੰਤ ਮੈਂ ਮੂੰਹੋਂ ਚੁੱਪ ਪਰ ਅੰਦਰੋਂ ਪੂਰਾ ਅਸ਼ਾਂਤ ਹੋ ਕੇ ਬੈਠਾ ਹੋਇਆ ਸਾਂ।ਨਾਲ ਬੈਠੇ ਸਾਰਿਆਂ ਨੂੰ ਸਚਾਈ ਦਾ ਪਤਾ ਲੱਗ ਚੁੱਕਾ ਸੀ।ਇਸ ਲਈ ਕਿਸੇ ਨੇ ਵੀ ਇਸ ਵਿਸ਼ੇ 'ਤੇ ਗੱਲ ਕਰਨੀ ਤਾਂ ਦੂਰ, ਕੋਈ ਹੋਰ ਗੱਲ ਵੀ ਨਹੀਂ ਛੇੜੀ ਸੀ।ਛੋਟੇ ਜਿਹੇ ਸਫ਼ਰ ਦੌਰਾਨ ਮੈਨੂੰ ਉਹਨਾਂ ਦੀ ਇਹ ਚੁੱਪ ਮੇਰੇ ਨਾਲ ਅਫ਼ਸੋਸ ਪ੍ਰਗਟ ਕਰਨ ਵਾਲੀ ਹੀ ਲੱਗ ਰਹੀ ਸੀ।

ਘਰ ਪੁੱਜ ਕੇ ਜਦ ਮੈਂ ਸਭ ਨੂੰ ਇਸ ਰਿਪੋਰਟ ਬਾਰੇ ਦੱਸਿਆ ਤਾਂ ਸਾਰੇ ਹੀ ਉਦਾਸ ਅਤੇ ਪ੍ਰੇਸ਼ਾਨ ਹੋ ਗਏ।ਸਾਡਾ ਚਲਾਇਆ ਹੋਇਆ ਇਹ ਤੀਰ ਵੀ ਨਿਸ਼ਾਨੇ 'ਤੇ ਨਹੀਂ ਲੱਗਾ ਸੀ।ਇਨਸਾਫ਼ ਮਿਲਣ ਦਾ ਇਹ ਰਾਹ ਵੀ ਬੰਦ ਹੋ ਚੁੱਕਾ ਸੀ।ਸਭ ਨੂੰ ਚਿੰਤਾ ਸੀ ਕਿ ਜੇ ਇਸੇ ਤਰ੍ਹਾਂ ਝੂਠ ਦੀ ਜਿੱਤ ਹੁੰਦੀ ਰਹੀ ਤਾਂ ਆਪਣੇ ਵਾਜੇ ਤਾਂ ਵੱਜੇ ਹੀ ਸਮਝ ਲਓ।

ਅਗਲੇ ਦਿਨ, ਜਦ ਮੈਂ ਸਕੂਲ ਪੁੱਜਾ ਤਾਂ ਦਫ਼ਤਰ ਵਿੱਚ ਹੁੰਦੀਆਂ ਗੱਲਾਂ ਮੇਰੇ ਕੰਨੀਂ ਪੈਣ ਲੱਗੀਆਂ ਤੇ ਮੈਂ ਜਾਣਬੁੱਝ ਕੇ ਬਾਹਰ ਹੀ ਘੋਗਲਕੰਨਾ ਜਿਹਾ ਬਣ ਕੇ ਖੜ੍ਹੋਅ ਗਿਆ।

"ਤੈਨੂੰ ਆਖਿਆ ਸੀ ਨਾ, ਇਹ ਹੈਲਪ ਹੁਲਪ ਲਾਈਨਾਂ ਐਵੇਂ ਹੀ ਹੁੰਦੀਆਂ ਨੇ।ਮਾਮਲਾ ਠੰਢਾ ਪਾਉਣ ਲਈ।"

“ਮੈਨੂੰ ਤਾਂ ਪਹਿਲਾਂ ਹੀ ਇੱਕ ਪੁਲਸੀਏ ਨੇ ਦੱਸ ’ਤਾ ਸੀ ਕਿ ਤੁਹਾਡੇ ਮਾਸਟਰ ਦਾ ਕੁਝ ਵੀ ਨ੍ਹੀਂ ਵੱਟਿਆ ਜਾਣਾ।”

“ਤੇਰੀ ਗੱਲ ਸੋਲਾਂ ਆਨੇ ਠੀਕ ਨਿਕਲੀ।ਮੈਂ ਤਾਂ ਸਮਝਦਾ ਸੀ ਕਿ ਇਹਨੇ ਫਸਾਅ ਲਏ ਪੁਲਸੀਏ, ਹੁਣ ਨ੍ਹੀਂ ਛੁੱਟਣ ਦਿੰਦਾ।”

“ਓਹਨਾਂ ਦਾ ਨਿੱਤ ਦਾ ਤਜ਼ਰਬੈ, ਤਾਂ ਹੀ ਉਹ ਹਿੱਕ ਠੋਕ ਕੇ ਆਖਦਾ ਸੀ।ਮੈਂ ਦੱਸਿਆ ਤਾਂ ਸੀ ਤੁਹਾਨੂੰ, ਓਦੇਂ ਈ।”

“ਵਿਚਾਰਾ ਬਾਹਲੀਆਂ ਹੀ ਦੁਹਈਆਂ ਪਾਈ ਜਾਵੇ ਫ਼ੋਨ ’ਤੇ।ਅਸੀਂ ਤਾਂ ਆਪਣਾ ਲਤਾ ਮੰਗੇਸ਼ਕਰ ਵਾਲਾ ਗਾਣਾ ਵੀ ਬੰਦ ਕਰ ਦਿੱਤਾ ਸੀ ਪਰ ਮਜ਼ਾ ਆ ਗਿਆ।ਇਹ ਸਬੂਤ ਦੇਈ ਜਾਵੇ ਤੇ ਅਗਲਾ ਨਕਾਰੀ ਜਾਵੇ।”

“ਹਾ ਹਾ.ਹਾ….ਅਅ ਹਾ ਹਾ”

ਇੰਨਾ ਕੁਝ ਸੁਣ ਕੇ, ਅਣਜਾਣ ਜਿਹਾ ਬਣਦਾ ਮੈਂ ਦਫ਼ਤਰ ਵਿੱਚ ਵੜਿਆ ਤਾਂ ਦੋਵੇਂ ਜਣੇ ਚੁੱਪ ਹੋ ਗਏ ਸਨ।ਮੈਂ ਜਾਣ ਬੁੱਝ ਕੇ ਪੁੱਛਿਆ, “ਕੀ ਗੱਲ ਐ, ਸਵੇਰੇ-ਸਵੇਰੇ ਏਨੇ ਖੁਸ਼ ਹੋਏ ਫਿਰਦੇ ਓ ?”

“ਓ ਨਹੀਂ, ਅਸੀਂ ਤਾਂ ਆਪਣੇ ਅਮਨ ਦੀ ਗੱਲ ਕਰਦੇ ਸੀ ਕਿ ਅਜੇ ਵੀ ਛੜਾ ਤੁਰਿਆ ਫਿਰਦੈ।ਸਰਕਾਰੀ ਨੌਕਰੀ ’ਤੇ ਲੱਗ ਕੇ ਵੀ।” ਇੱਕ ਜਣਾ ਬੋਲਿਆ।

“ਉਹ ਘਰਦਿਆਂ ਕੋਲ ਦੁਹਾਈ ਪਾਈ ਜਾਂਦਾ ਕਿ ਮੈਂ ਛੜਾਂ, ਮੈਂ ਛੜਾਂ।ਉਹ ਮੰਨਦੇ ਈ ਨ੍ਹੀਂ, ਆਖੀ ਜਾਂਦੇ ਆ ਛੜੇ ਹੋਣ ਦਾ ਸਬੂਤ ਲਿਆ।ਹਾਹਾ ਹਾਹਾ ਹਾ ਹਾ।” ਉਹਨਾਂ ਆਪਣੇ ਜਾਣੇ ਗੱਲ ਹਾਸੇ ਵਿੱਚ ਪਾ ਕੇ ਟਾਲ ਦਿੱਤੀ ਸੀ।

“ਹਾ ਹਾ ਹਾ ਹਾਅ ਤੁਰਿਆ ਫਿਰਦੈ।ਅਜੇ ਵੀ।” ਆਖ ਕੇ ਉਹ ਦੋਵੇਂ ਜਣੇ ਫਿਰ ਹੱਸਣ ਲੱਗ ਪਏ ਸਨ।ਉਹਨਾਂ ਨੂੰ ਲੱਗਾ ਕਿ ਜਿਵੇਂ ਮੈਨੂੰ ਕੁਝ ਸੁਣਿਆ ਹੀ ਨਹੀਂ ਸੀ।ਪਰ ਮੇਰੀ ਹਿੱਕ ਉੱਤੇ ਸੱਪ ਲੇਟਣ ਲੱਗ ਪਏ ਸਨ ਕਿ ਮੇਰੀ ਇਸ ਹਾਰ ’ਤੇ ਇਹਨਾਂ ਨੇ ਹਮਦਰਦੀ ਤਾਂ ਕੀ ਜਤਾਉਣੀ ਸੀ ਸਗੋਂ ਗੱਲਾਂ ਕਰ ਕਰ ਕੇ ਹੱਸਦੇ ਹਨ।

ਇਹ ਤਾਂ ਮੈਨੂੰ ਪਤਾ ਸੀ ਕਿ ਪਿੱਠ ਪਿੱਛੇ ਤਾਂ ਸਾਰੇ ਹੀ ਹੱਸਦੇ ਹੁੰਦੇ ਹਨ ਪਰ ਮੇਰੇ ਸਬੰਧ ਵਿੱਚ ਹੋ ਰਹੇ ਇਸ ਹਾਸੇ-ਠੱਠੇ ਨੂੰ ਮੈਂ ਆਪਣੇ ਕੰਨੀਂ ਹੀ ਸੁਣ ਲਿਆ ਸੀ ।ਹੁਣ ਮੇਰੇ ਲਈ ਇਹਨਾਂ ਤਾਅਨਿਆਂ ਨੂੰ ਸਹਿਣਾ ਹੋਰ ਵੀ ਮੁਸ਼ਕਿਲ ਹੋਣ ਲੱਗ ਪਿਆ ਸੀ।ਪਰ ਮੈਂ ਦਿਲ ’ਤੇ ਪੱਥਰ ਰੱਖ ਕੇ ਇਸ ਸਥਿੱਤੀ ਦਾ ਟਾਕਰਾ ਕਰ ਰਿਹਾ ਸਾਂ।

0-0-0-0-0

ਮੁਕੱਦਮੇ ਦੀ ਅਗ਼ਲੀ ਤਾਰੀਕ ਆਉਣ ਵਾਲੀ ਸੀ। ਇੱਕ ਸਵੇਰ ਮੈਂ ਆਮ ਵਾਂਙ ਅਖ਼ਬਾਰ ਚੁੱਕਿਆ ਅਤੇ ਸਰਸਰੀ ਜਿਹੀ ਨਿਗ੍ਹਾ ਮਾਰਨੀ ਸ਼ੁਰੂ ਕਰ ਦਿੱਤੀ। ਇੱਕ ਖ਼ਬਰ 'ਤੇ ਮੇਰੀ ਨਜ਼ਰ ਏਨੀ ਜ਼ਿਆਦਾ ਟਿਕ ਗਈ ਕਿ ਮੈਂ ਸਾਰੀ ਖ਼ਬਰ ਪੜ੍ਹ ਕੇ ਹੀ ਸਾਹ ਲਿਆ। ਇਹ ਖ਼ਬਰ ਸਾਡੇ ਜ਼ਿਲ੍ਹੇ ਦੀ ਬਾਰ ਐਸੋਸੀਏਸ਼ਨ ਵੱਲੋਂ ਤਿੰਨ ਜੱਜਾਂ ਦੇ ਵਿਰੁੱਧ ਹੜਤਾਲ ਕਰਨ ਦੇ ਫ਼ੈਸਲੇ ਦੀ ਸੀ। ਪੂਰੀ ਖ਼ਬਰ ਪੜ੍ਹਣ 'ਤੇ ਪਤਾ ਲੱਗਾ ਕਿ ਮੇਰੇ ਕੇਸ ਵਾਲੀ ਉਹ ਕੁਆਰੀ ਜੱਜ ਵੀ ਬਾਰ ਐਸੋਸੀਏਸ਼ਨ ਦੇ ਨਿਸ਼ਾਨੇ 'ਤੇ ਸੀ। ਇਸ ਖ਼ਬਰ ਵਿੱਚ ਇਹਨਾਂ ਜੱਜਾਂ ਦੇ ਕੰਮ-ਕਾਜ ਦੇ ਢੰਗ 'ਤੇ ਕਾਫ਼ੀ ਕਿੰਤੂ-ਪ੍ਰੰਤੂ ਕੀਤਾ ਗਿਆ ਸੀ।

ਆਪਣੀ ਪਹਿਲੀ ਹੀ ਪੇਸ਼ੀ ਵੇਲ਼ੇ ਮੈਨੂੰ ਤਾਂ ਉਹ ਜੱਜ ਬੜੀ ਹੀ ਸਿਆਣੀ ਅਤੇ ਆਪਣੇ ਕੰਮ ਵਿੱਚ ਨਿਪੁੰਨ ਲੱਗੀ ਸੀ। ਫਿਰ ਮਨ ਵਿੱਚ ਆਇਆ ਕਿ ਤੈਨੂੰ ਕੀ ਪਤਾ ਹੈ ਕਿ ਅਦਾਲਤਾਂ ਦਾ ਕੰਮ-ਕਾਜ ਕਿਵੇਂ ਹੁੰਦਾ ਹੈ ? ਹੋ ਸਕਦੈ ਕਿ ਵਾਕਿਆ ਹੀ ਇਹਨਾਂ ਜੱਜਾਂ ਨੂੰ ਅਦਾਲਤੀ ਨਿਯਮਾਂ ਮੁਤਾਬਿਕ ਕੰਮ ਨਾ ਕਰਨਾ ਆਉਂਦਾ ਹੋਵੇ।

ਇੱਕ ਦਿਨ ਮੈਂ ਆਪਣੇ ਕੇਸ ਦੀ ਬਾਬਤ ਵਕੀਲ ਨਾਲ ਸਲਾਹ ਮਸ਼ਵਰਾ ਕਰਨ ਲਈ ਉਸ ਦੇ ਚੈਂਬਰ ਵਿੱਚ ਗਿਆ। ਗੱਲਾਂ ਗੱਲਾਂ ਵਿੱਚ ਹੀ ਮੈਂ ਜੱਜਾਂ ਦੇ ਵਿਰੁੱਧ ਹੋਣ ਵਾਲੀ ਹੜਤਾਲ ਦਾ ਜ਼ਿਕਰ ਵੀ ਛੇੜ ਲਿਆ।

"ਬੱਸ ਯਾਰ, ਪੁੱਛ ਨਾ, ਇਹਨਾਂ ਜੱਜਾਂ ਨੂੰ ਪਤਾ ਹੀ ਨਹੀਂ ਕਿ ਅਦਾਲਤ ਦਾ ਕੰਮ ਕਿਵੇਂ ਕਰਨੈ।" ਵਕੀਲ ਨੇ ਸਰਸਰੀ ਜਿਹੀ ਦੱਸਿਆ।

ਮੈਂ ਇਸ ਹੜਤਾਲ ਦਾ ਅਸਲ ਕਾਰਨ ਪੁੱਛਿਆ ਤਾਂ ਪਤਾ ਲੱਗਾ ਕਿ ਛੁੱਟੀਆਂ ਦੇ ਮਹੀਨੇ ਵਿੱਚ ਇਹਨਾਂ ਤਿੰਨਾਂ ਜੱਜਾਂ ਕੋਲ 109 ਮੁਕੱਦਮੇ ਪਹੁੰਚੇ ਸਨ ਅਤੇ ਇਹਨਾਂ ਚੋਂ ਸਿਰਫ਼ ਇੱਕ ਅਰਜ਼ੀ 'ਤੇ ਹੀ ਸਟੇਅ ਦੇ ਆਰਡਰ ਹੋਏ ਸਨ। ਬਾਕੀ ਦੇ ਕਿਸੇ ਵੀ ਮੁਕੱਦਮੇ ਦਾ ਸਟੇਅ ਨਹੀਂ ਦਿੱਤਾ ਗਿਆ ਸੀ।

"ਫਿਰ ਤਾਂ ਆਪਣੇ ਵਾਲਾ ਮੁਕੱਦਮਾ ਵੀ ਇਹਨਾਂ ਸਟੇਅ ਨਾ ਹੋਣ ਵਾਲੇ 108 ਕੇਸਾਂ ਵਿੱਚ ਹੀ ਸ਼ਾਮਿਲ ਹੋਣੈ ?" ਮੈਂ ਵਕੀਲ ਨੂੰ ਪੁੱਛਿਆ।

"ਹੋਰ, ਉਹਨਾਂ ਨੇ ਤੇਰੇ ਵਿਰੁੱਧ ਪਾਕਿਸਤਾਨ ਦੀ ਅਦਾਲਤ ਵਿੱਚ ਲਾਇਆ ਸੀ ? ਏਥੇ ਹੀ ਲਾਇਆ ਸੀ ਕੇਸ। ਇਹਨਾਂ 'ਚ ਹੀ ਤੇਰਾ ਕੇਸ ਹੈ।" ਵਕੀਲ ਨੇ ਮੈਨੂੰ ਮਜ਼ਾਕ ਦੇ ਅੰਦਾਜ਼ ਵਿੱਚ ਉੱਤਰ ਦਿੱਤਾ।

"ਬਾਕੀਆਂ ਦਾ ਤਾਂ ਮੈਨੂੰ ਪਤਾ ਨਹੀਂ ਪਰ ਆਪਣੇ ਵਾਲੇ ਕੇਸ ਵਿੱਚ ਤਾਂ ਜੱਜ ਬਿਲਕੁਲ ਸਹੀ ਸੀ। ਉਹ ਕਿਸ ਆਧਾਰ 'ਤੇ ਸਟੇਅ ਕਰ ਦਿੰਦੀ। ਅਗਲੇ ਨੇ ਲੰਡੂ ਜਿਹਾ ਨਕਸ਼ਾ ਬਣਵਾਇਆ ਤੇ ਅਰਜ਼ੀ ਦੇ ਦਿੱਤੀ। ਇਸ ਨਾਲ ਸਟੇਅ ਹਾਸਲ ਕਰਨ ਨੂੰ ਫਿਰਦਾ ਸੀ। ਜੱਜ ਸਹੀ ਸੀ। ਜੇ ਉਹ ਸਟੇਅ ਦੇ ਹੀ ਹੁਕਮ ਭੇਜਦੀ ਤਾਂ ਮੈਨੂੰ ਲੱਗਣਾ ਸੀ ਕਿ ਜੱਜ ਵੀ ਪੁਲਿਸ ਵਾਂਙ ਵਿਕੇ ਹੋਏ

ਨੇ।" ਮੈਂ ਆਪਣੀ ਦਲੀਲ ਵਕੀਲ ਅੱਗੇ ਰੱਖੀ।

"ਹਾਂ, ਆਪਣਾ ਕੇਸ ਤਾਂ ਅਲੱਗ ਹੈ।ਬਾਕੀ ਸਾਰੇ ਤਾਂ ਨ੍ਹੀਂ ਇਹੋ ਜਿਹੇ ਹੋਣੇ।" ਵਕੀਲ ਨੇ ਢੈਲ਼ਾ ਜਿਹਾ ਹੋ ਕੇ ਆਖਿਆ।

"ਜੇ ਤੁਹਾਨੂੰ ਲੱਗਦਾ ਸੀ ਕਿ ਸਾਡੇ ਵਾਲਾ ਕੇਸ ਸਹੀ ਸੀ ਤੇ ਉਸ 'ਤੇ ਸਟੇਅ ਨਹੀਂ ਹੀ ਸੀ ਹੋਣਾ ਬਣਦਾ ਤਾਂ ਘੱਟੋ-ਘੱਟ ਤੁਹਾਨੂੰ ਤਾਂ ਮੀਟਿੰਗ ਵਿੱਚ ਇਹ ਗੱਲ ਰੱਖਣੀ ਚਾਹੀਦੀ ਸੀ ਕਿ ਜੱਜ ਨੇ ਸਟੇਅ ਨਾ ਕਰਕੇ ਸਹੀ ਫ਼ੈਸਲਾ ਕੀਤਾ ਹੈ।" ਮੈਨੂੰ ਲੱਗਾ ਕਿ ਵਕੀਲ ਨੂੰ ਮੇਰੀ ਗੱਲ ਜਚ ਗਈ ਸੀ ਤੇ ਉਸ ਦੇ ਚਿਹਰੇ ਤੋਂ ਵੀ ਲੱਗ ਰਿਹਾ ਸੀ ਕਿ ਉਸ ਨੂੰ ਮੇਰੇ ਤੋਂ ਅਜਿਹੇ ਸਵਾਲ ਦੀ ਉਮੀਦ ਨਹੀਂ ਸੀ।ਮੈਂ ਵੀ ਜ਼ਰਾ ਕੁ ਤਾਅ ਵਿੱਚ ਆ ਗਿਆ ਸਾਂ।ਮੈਂ ਨਾਲ ਹੀ ਬੋਲਿਆ, "ਜਿਹੜੇ 108 ਕੇਸ ਸਟੇਅ ਨਹੀਂ ਕੀਤੇ ਗਏ ਕੀ ਉਹਨਾਂ ਦੇ ਕਿਸੇ ਵਕੀਲ ਨੂੰ ਵੀ ਨਹੀਂ ਲੱਗਾ ਕਿ ਜੱਜਾਂ ਨੇ ਸਹੀ ਫ਼ੈਸਲੇ ਕੀਤੇ ਹਨ ? ਕੀ ਉਹਨਾਂ ਨੂੰ ਵੀ ਮਹਿਸੂਸ ਹੋ ਰਿਹਾ ਹੈ ਕਿ ਉਹਨਾਂ ਦੇ ਪੱਖ ਵਾਲੀ ਪਾਰਟੀ ਨੂੰ ਸਟੇਅ ਨਾ ਕਰ ਕੇ ਜੱਜਾਂ ਨੇ ਗ਼ਲਤੀ ਕੀਤੀ ਹੈ।"

ਜੇ ਵਕੀਲ ਮੈਨੂੰ ਇਸ਼ਾਰੇ ਨਾਲ ਚੁੱਪ ਨਾ ਕਰਵਾਉਂਦਾ ਤਾਂ ਮੈਂ ਹੋਰ ਵੀ ਕਿੰਨਾ ਕੁਝ ਹੀ ਬੋਲ ਜਾਣਾ ਸੀ।

"ਵੇਖ, ਜਿਨ੍ਹਾਂ ਦਾ ਮੁਕੱਦਮਾ ਸਟੇਅ ਨਹੀਂ ਹੋਇਆ ਹੋਵੇਗਾ, ਉਹ ਕਿੰਨੇ ਦੁਖੀ ਹੋਏ ਹੋਣਗੇ।ਉਹ ਹੀ ਰੋਏ ਹੋਣੇ ਆ ਆਪਣੇ ਵਕੀਲਾਂ ਕੋਲ ਕਿ ਥੋਡੇ ਪੱਲੇ ਤਾਂ ਕੁਝ ਨਹੀਂ ਹੈਗਾ।ਤਾਂ ਹੀ ਵਕੀਲ ਬਾਰ ਐਸੋਸੀਏਸ਼ਨ ਕੋਲ ਪਿੱਟੇ ਹੋਣੇ ਆ ਕਿ ਜੱਜ ਇਹ ਕੀ ਕਰੀ ਜਾ ਰਹੇ ਨੇ।" ਵਕੀਲ ਨੇ ਆਪਣੀ ਦਲੀਲ ਦਿੱਤੀ।

"ਚਲੋ, ਉਹ ਤਾਂ ਪਿੱਟੇ ਹੀ ਹੋਣਗੇ ਪਰ ਜਿਨ੍ਹਾਂ ਵਕੀਲਾਂ ਦੇ ਸਾਇਲਾਂ ਦੇ ਕੇਸ ਸਟੇਅ ਨਹੀਂ ਹੋਏ, ਕੀ ਉਹ ਵਕੀਲ ਆਪਣੇ ਆਪ ਨੂੰ ਘੁੱਗੂ ਹੀ ਸਮਝਦੇ ਹਨ ਕਿ ਇਹ ਕੇਸ ਤਾਂ ਸਟੇਅ ਹੋਣ ਵਾਲਾ ਸੀ ਪਰ ਹੋਇਆ ਹੀ ਨਹੀਂ।ਉਹ ਨਹੀਂ ਆਪਣੇ ਗਾਹਕ ਨੂੰ ਯਕੀਨ ਦੁਆਉਂਦੇ ਹੋਣਗੇ ਕਿ ਵੇਖ ਲੈ ਮੈਂ ਵਿਰੋਧੀ ਪਾਰਟੀ ਨੂੰ ਸਟੇਅ ਨਹੀਂ ਲੈਣ ਦਿੱਤਾ।" ਮੈਂ ਆਪਣੀ ਦਲੀਲ ਦਿੱਤੀ।

"ਜੱਜਾਂ ਨੂੰ ਕਾਨੂੰਨ ਮੁਤਾਬਿਕ ਹੀ ਫ਼ੈਸਲੇ ਕਰਨੇ ਚਾਹੀਦੇ ਨੇ, ਨਾ ਕਿ ਸੁਣੀਆਂ ਸੁਣਾਈਆਂ ਗੱਲਾਂ 'ਤੇ।ਰੌਲ਼ਾ ਤਾਂ ਬਸ, ਇਹ ਹੀ ਹੈ।" ਵਕੀਲ ਨੇ ਬਚਾਅ ਦੀ ਮੁਦਰਾ ਵਿੱਚ ਆਉਂਦਿਆਂ ਆਖਿਆ।

"ਆਪਣੇ ਕੇਸ ਵਿੱਚ ਵੀ ਤਾਂ ਜੱਜ ਸੁਣੀ-ਸੁਣਾਈ ਗੱਲ 'ਤੇ ਨਹੀਂ ਆਈ ਇਸੇ ਲਈ ਉਸ ਨੇ ਸਟੇਅ ਨਹੀਂ ਕੀਤਾ।ਇਹ ਕੀ ਕਿ ਜੱਜ ਨੂੰ ਲਿਖ ਕੇ ਦੇ ਦੇਵੋ ਕਿ ਇੱਥੇ ਪੱਚੀ ਸਾਲਾਂ ਦੀ ਗਲੀ ਚੱਲਦੀ ਸੀ ਤੇ ਉਸ ਤੋਂ ਸਟੇਅ

ਦੀ ਉਮੀਦ ਭਾਲਣ ਲੱਗ ਪਓ। ਮੈਨੂੰ ਤਾਂ ਜੱਜ ਸਹੀ ਲੱਗ ਰਹੇ ਨੇ ਤੁਹਾਡੇ ਵਕੀਲ ਗ਼ਲਤ ਤੇ ਤੁਸੀਂ ਵੀ ਗ਼ਲਤ। ਜਿੰਨ੍ਹਾਂ ਨੇ ਇਸ ਝੂਠ ਦੇ ਖ਼ਿਲਾਫ਼ ਆਵਾਜ਼ ਨਹੀਂ ਉਠਾਈ।'' ਮੈਂ ਖਿਝ ਕੇ ਬੋਲਿਆ।

''ਵਕੀਲ ਭਾਵੇਂ ਕੋਈ ਵੀ ਹੋਵੇ ਉਹ ਦਿਲੋਂ ਇਹ ਹੀ ਚਾਹੁੰਦਾ ਹੁੰਦਾ ਕਿ ਕੇਸ ਸਟੇਅ ਹੋ ਜਾਵੇ ਤੇ ਕਾਫ਼ੀ ਲੰਮਾ ਸਮਾਂ ਚੱਲੇ ਤਾਂ ਕਿ ਉਸ ਦੀ ਰੋਜ਼ੀ ਰੋਟੀ ਚੱਲਦੀ ਰਹੇ। ਉਸ ਨੂੰ ਕੀ ਕਿਸੇ ਦੇ ਦਿਲ 'ਤੇ ਕੀ ਬੀਤਦੀ ਆ, ਬੀਤੀ ਜਾਵੇ।'' ਕੋਲ ਬੈਠਾ, ਸਾਡੀ ਬਹਿਸ ਨੂੰ ਸੁਣ ਰਿਹਾ, ਪਹਿਰਾਵੇ ਤੋਂ ਸਾਦਾ ਜਿਹਾ ਜਾਪਦਾ ਇੱਕ ਬੰਦਾ ਸਹਿਜ-ਸੁਭਾਅ ਹੀ ਬੋਲਿਆ। ਉਹ ਵੀ ਮੇਰੇ ਵਾਲੇ ਵਕੀਲ ਦਾ ਹੀ ਇੱਕ ਸਾਇਲ ਸੀ। ਪਰ ਉਸ ਦੇ ਬੋਲਾਂ ਤੋਂ ਲੱਗ ਰਿਹਾ ਸੀ ਕਿ ਉਸ ਦਾ ਸਹੀ ਕੇਸ ਸਟੇਅ ਹੋਣ ਕਰਕੇ ਉਹ ਵਕੀਲ ਨਾਲ ਕੁਝ ਨਾਰਾਜ਼ ਸੀ।

''ਯਾਰ, ਤੁਸੀਂ ਅਦਾਲਤਾਂ ਦੇ ਕੰਮ-ਕਾਜ਼ ਨੂੰ ਸਮਝ ਹੀ ਨਹੀਂ ਸਕਦੇ। ਇਹ ਇੱਕ ਵੱਖਰੀ ਹੀ ਦੁਨੀਆ ਹੁੰਦੀ ਆ। ਜਿੱਥੇ ਕਈ ਮਜਬੂਰੀ ਨਾਲ ਆਉਂਦੇ ਨੇ ਤੇ ਕੁਝ ਸ਼ੌਕ ਨਾਲ। ਛੁੱਟਦੇ ਸਾਰੇ ਹੀ ਵਕੀਲਾਂ ਤੇ ਕਾਨੂੰਨ ਦੀ ਮਰਜ਼ੀ ਨਾਲ ਹਨ। ਇਸ ਲਈ ਤੁਹਾਡੇ ਨਾਲ ਮੈਂ ਇਸ ਵਿਸ਼ੇ 'ਤੇ ਬਹਿਸ ਨਹੀਂ ਕਰ ਸਕਦਾ। ਇਹ ਬੜੀਆਂ ਹੀ ਕਾਨੂੰਨੀ ਪੇਚੀਦਗੀ ਵਾਲੀਆਂ ਗੱਲਾਂ ਹੁੰਦੀਆਂ ਨੇ। ਤੁਸੀਂ ਇਹਨਾਂ ਨੂੰ ਨਹੀਂ ਸਮਝ ਸਕਦੇ। ਇਸ ਬਹਿਸ ਵਿੱਚ ਨਾ ਪਓ। ਮੈਨੂੰ ਤਾਂ ਹੈਰਾਨੀ ਹੋ ਰਹੀ ਆ ਕਿ ਤੇਰੇ ਵਰਗਾ ਪੜ੍ਹਿਆ ਲਿਖਿਆ ਬੰਦਾ ਵੀ ਮੈਨੂੰ ਅਜਿਹੇ ਬੇਹੂਦਾ ਸਵਾਲ ਪੁੱਛੀ ਜਾ ਰਿਹਾ ਹੈ।'' ਵਕੀਲ ਨੇ ਇਹ ਸ਼ਬਦ ਇਸ ਹਿਸਾਬ ਨਾਲ ਬੋਲੇ ਕਿ ਲੱਗ ਰਿਹਾ ਸੀ ਕਿ ਇਹ ਬਹਿਸ ਹੁਣ ਬੰਦ ਹੋਣੀ ਚਾਹੀਦੀ ਹੈ ਤੇ ਕੰਮ ਦੀ ਗੱਲ ਕਰਨੀ ਚਾਹੀਦੀ ਹੈ। ਇਸ ਲਈ ਅਸੀਂ ਚੁੱਪ ਹੋ ਗਏ।

ਮੈਂ ਵਕੀਲ ਦੇ ਨਾਰਾਜ਼ ਹੋ ਜਾਣ ਦੇ ਡਰ ਕਾਰਨ ਚੁੱਪ ਤਾਂ ਹੋ ਗਿਆ ਸਾਂ ਪਰ ਮੇਰੇ ਦਿਮਾਗ਼ ਅੰਦਰ ਬੜੇ ਹੀ ਟੇਢੇ ਸਵਾਲ ਖ਼ੌਰੂ ਪਾਈ ਜਾ ਰਹੇ ਸਨ। ਮੈਂ ਤਾਂ ਪਿਛਲੇ ਤੇਰਾਂ ਸਾਲ ਤੋਂ ਇਹ ਹੀ ਪੜ੍ਹਾਉਂਦਾ ਰਿਹਾ ਹਾਂ ਕਿ ਨਿਆਂ-ਪਾਲਿਕਾ ਬੜੀ ਸੁਤੰਤਰ ਹੁੰਦੀ ਹੈ ਅਤੇ ਉਸ ਉੱਪਰ ਕੋਈ ਦਬਾਅ ਨਹੀਂ ਪਾਇਆ ਜਾ ਸਕਦਾ। ਇੱਥੇ ਤਾਂ ਹੜਤਾਲਾਂ ਅਤੇ ਧਰਨਿਆਂ ਦਾ ਦਬਾਅ ਵੀ ਪਾਇਆ ਜਾ ਰਿਹਾ ਹੈ। ਸਭ ਤੋਂ ਵੱਧ ਅਫ਼ਸੋਸ ਦੀ ਗੱਲ ਇਹ ਕਿ ਸਾਡਾ ਕਾਮਰੇਡਾਂ ਦਾ ਵਕੀਲ ਵੀ ਇਸ ਦਬਾਅ ਨੂੰ ਵਧਾਉਣ ਵਿੱਚ ਆਪਣੀ ਭੂਮਿਕਾ ਨਿਭਾਅ ਰਿਹਾ ਸੀ।

ਆਪਣੇ ਜ਼ਰੂਰੀ ਕਾਗਜ਼ ਵਕੀਲ ਨੂੰ ਸੌਂਪ ਕੇ ਮੈਂ ਘਰ ਨੂੰ ਪਰਤ ਰਿਹਾ ਸਾਂ ਤਾਂ ਮੈਨੂੰ ਇਹ ਬਹਿਸ ਫਿਰ ਯਾਦ ਆਉਣ ਲੱਗ ਪਈ ਸੀ। ਦਿਲ ਅਤੇ

ਦਿਮਾਗ਼ 'ਚ ਇਹ ਗੱਲ ਘਰ ਗਈ ਕਿ ਕੀ ਵਕੀਲ ਇਹ ਹੀ ਸਮਝਦੇ ਹਨ ਕਿ ਜੇ ਜੱਜ ਫਟਾਫਟ ਕੇਸ 'ਤੇ ਸਟੇਅ ਦੇ ਦੇਵੇ ਤਾਂ ਉਹ ਸਿਆਣਾ ਹੈ ਤੇ ਜੇ ਉਹ ਨਹੀਂ ਦਿੰਦਾ ਤਾਂ ਅਣਜਾਣ ਅਤੇ ਬੇਵਕੂਫ਼। ਜੱਜਾਂ ਵਿਰੁੱਧ ਸਰਬ-ਸੰਮਤੀ ਨਾਲ ਹੜਤਾਲ ਕਰਨ ਦਾ ਫ਼ੈਸਲਾ ਤਾਂ ਜਾਣੋਂ ਇਸ ਤਰ੍ਹਾਂ ਹੈ ਕਿ ਸਾਰੇ ਵਕੀਲ ਹੀ ਚਾਹੁੰਦੇ ਨੇ ਕਿ ਹਰ ਕੇਸ ਵਿੱਚ ਸਟੇਅ ਹੀ ਹੋਣਾ ਚਾਹੀਦਾ ਹੈ ਚਾਹੇ ਉਹਨਾਂ ਦਾ ਮੁਵੱਕਲ ਸਹੀ ਹੋਵੇ, ਚਾਹੇ ਗ਼ਲਤ। ਇਨਸਾਫ਼ ਦੇ ਰਾਹ-ਦਸੇਰੇ ਇਸ ਫ਼ੈਸਲੇ 'ਤੇ ਇੱਕ-ਜੁੱਟ ਕਿਉਂ ਹਨ ? ਕੀ ਉਹ ਆਪਣੇ ਕਿਸੇ ਮੁਕੱਦਮੇ ਵਿੱਚ ਸਟੇਅ ਨਾ ਮਿਲਣ ਨੂੰ ਸਿਰਫ਼ ਤੀਰ-ਤੁੱਕਾ ਹੀ ਸਮਝ ਰਹੇ ਹਨ ? ਕੀ ਉਹਨਾਂ ਨੂੰ ਆਪਣੇ ਆਪ 'ਤੇ ਵਿਸ਼ਵਾਸ ਨਹੀਂ ਕਿ ਉਹਨਾਂ ਦੀਆਂ ਦਲੀਲਾਂ ਕਾਰਨ ਹੀ ਕੇਸ ਸਟੇਅ ਨਹੀਂ ਹੋਇਆ ਹੈ ? ਕੀ ਉਹ ਸਭ ਵਕੀਲ ਜੱਜਾਂ ਦੀ ਨਾਲਾਇਕੀ ਨੂੰ ਹੀ ਆਪਣੀ ਜਿੱਤ ਸਮਝ ਰਹੇ ਹਨ ਅਤੇ ਹੁਣ ਰੌਲ਼ਾ ਪਾ ਰਹੇ ਹਨ ਕਿ ਉਹ ਤਾਂ ਨਾ-ਲਾਇਕ ਸਨ ਪਰ ਜੱਜ ਤਾਂ ਸਮਝਦਾਰ ਸਨ, ਉਹ ਤਾਂ ਸਹੀ ਫ਼ੈਸਲੇ ਕਰਦੇ ?

ਬੇਸ਼ੱਕ ਇਹ 'ਕਾਨੂੰਨੀ' ਗੱਲਾਂ ਸਨ ਪਰ ਮੇਰੀ ਸਮਝ ਤੋਂ ਬਾਹਰ ਦੀਆਂ ਵੀ ਨਹੀਂ ਸਨ। ਕਈ ਕੁਝ ਸੋਚ ਕੇ ਮੈਂ ਚੁੱਪ ਹੀ ਕਰ ਗਿਆ। ਉਂਝ ਚੁੱਪ ਰਹਿਣ ਵਿੱਚ ਹੀ ਫ਼ਾਇਦਾ ਸੀ। ਮੇਰੇ ਸਚਾਈ ਵਾਲੇ ਰੌਲ਼ੇ ਨੂੰ ਕੀਹਨੇ ਸੁਣਨਾ ਸੀ ? ਪਹਿਲਾਂ ਪੁਲਿਸ ਨੇ ਕਿਹੜਾ ਮੇਰੀ ਸਚਾਈ ਨੂੰ ਸੁਣਿਆ ਸੀ। ਮੇਰੀ ਹੈਸੀਅਤ ਵੀ ਕੀ ਸੀ ? ਵਿਰੋਧੀਆਂ ਵੱਲੋਂ ਮੇਰੇ 'ਤੇ ਕੀਤੇ ਮੁਕੱਦਮੇ ਅਨੁਸਾਰ ਕਾਨੂੰਨ ਦੀਆਂ ਨਜ਼ਰਾਂ ਵਿੱਚ ਤਾਂ ਮੈਂ ਇੱਕ ਅਪਰਾਧੀ ਸਾਂ ਜਿਹੜਾ ਕਿ ਧੱਕੇ ਨਾਲ ਗ਼ਲੀ ਉੱਤੇ ਕਬਜ਼ਾ ਕਰਨਾ ਚਾਹੁੰਦਾ ਹੈ ਅਤੇ ਨਜ਼ਾਇਜ ਕਬਜ਼ਾਧਾਰੀ ਗੁਰਨੇਕ ਠੀਕ ਸੀ, ਜਿਸ ਨੇ ਸਹੀ ਸਮੇਂ 'ਤੇ ਅਦਾਲਤ ਨੂੰ ਇਹ ਜਾਣਕਾਰੀ ਦੇ ਦਿੱਤੀ ਸੀ ਕਿ ਜੇਕਰ ਇਸ ਮਸਲੇ 'ਤੇ ਜਲਦੀ ਕਾਰਵਾਈ ਨਾ ਕੀਤੀ ਗਈ ਤਾਂ ਮੈਂ ਗਲੀ ਦੀ ਸਰਕਾਰੀ ਜਗ੍ਹਾ ਉੱਤੇ ਕਾਬਜ਼ ਹੋ ਸਕਦਾ ਹਾਂ। ਉਸ ਨੇ ਚਿਤਾਵਨੀ ਵੀ ਦਿੱਤੀ ਸੀ ਕਿ ਮੇਰੇ ਇਸ ਕਾਰਜ ਨਾਲ ਇਸ ਦਾ ਨੁਕਸਾਨ ਸਾਰੇ ਸਮਾਜ ਨੂੰ ਹੀ ਉਠਾਉਣਾ ਪੈ ਸਕਦਾ ਹੈ। ਮਨ ਹੀ ਮਨ ਵਿੱਚ ਮੈਂ ਉਸ ਅਜਿਹੇ 'ਸਮਾਜ-ਸੇਵੀ' ਗੁਰਨੇਕ ਨੂੰ ਘ੍ਰਿਣਾ ਭਰੀ ਲਾਹਣਤ ਵੀ ਦਿੱਤੀ।

ਮੇਰਾ ਦਿਮਾਗ਼ ਏਨਾ ਪ੍ਰੇਸ਼ਾਨ ਸੀ ਕਿ ਇਹ ਕਿਹੋ ਜਿਹੇ ਵਕੀਲ ਹਨ ਜਿਹੜੇ ਆਪਣੀਆਂ ਸਾਮੀਆਂ ਦੇ ਹੱਕ ਵਿੱਚ ਆਏ ਫ਼ੈਸਲਿਆਂ 'ਤੇ ਵੀ ਕਿੰਤੂ-ਪ੍ਰੰਤੂ ਕਰੀ ਜਾ ਰਹੇ ਨੇ। ਫਿਰ ਮਨ ਵਿੱਚ ਆਉਣ ਲੱਗਦੀ ਕਿ ਕਿਤੇ ਸਾਡੇ ਵਕੀਲ ਨੂੰ ਵੀ ਪਹਿਲੀ ਪੇਸ਼ੀ 'ਤੇ ਕੇਸ ਸਟੇਅ ਨਾ ਹੋਣ ਦਾ ਅਫ਼ਸੋਸ ਤਾਂ ਜ਼ਰੂਰ ਹੋਇਆ ਹੋਵੇਗਾ। ਫਿਰ ਮਨ ਵਿੱਚ ਆਇਆ ਕਿ ਉਹ ਅਜਿਹਾ ਨਹੀਂ ਕਰ ਸਕਦਾ ਉਹ ਤਾਂ ਪੱਕਾ ਕਾਮਰੇਡ ਹੈ। ਮਨ ਅਜੇ ਹੌਸਲੇ ਵਿੱਚ ਹੁੰਦਾ

ਹੀ ਨਹੀਂ ਸੀ ਕਿ ਫਿਰ ਖ਼ਿਆਲ ਆਉਣੇ ਸ਼ੁਰੂ ਹੋ ਜਾਂਦੇ ਕਿ ਕਾਮਰੇਡ ਹੋਣ ਦਾ ਮਤਲਬ ਇਹ ਤਾਂ ਨਹੀਂ ਕਿ ਉਸ ਨੇ ਆਪਣੇ ਬੱਚਿਆਂ ਦਾ ਪੇਟ ਨਹੀਂ ਪਾਲਣਾ। ਇਹ ਕੇਸ ਹੀ ਤਾਂ ਉਸ ਦੀ ਰੋਜ਼ੀ ਰੋਟੀ ਨੇ। ਫਿਰ ਮਨ 'ਤੇ ਖ਼ਿਆਲ ਭਾਰੂ ਹੋਣ ਲੱਗ ਜਾਂਦੇ ਕਿ ਜੇ ਇਹ ਕਾਮਰੇਡ ਸੀ ਤਾਂ ਇਸ ਨੂੰ ਘੱਟੋ-ਘੱਟ ਮੇਰੇ ਵਾਲੇ ਕੇਸ ਦੀ ਉਦਾਹਰਨ ਲੈ ਕੇ ਬਾਰ ਦੇ ਇਸ ਫ਼ੈਸਲੇ ਵਿਰੁੱਧ ਡਟ ਜਾਣਾ ਚਾਹੀਦਾ ਸੀ। ਜਦ ਅਜਿਹਾ ਕੁਝ ਵੀ ਨਹੀਂ ਸੀ ਹੋ ਸਕਿਆ ਤਾਂ ਮਨ 'ਚ ਇੱਕ ਡਰ ਬੈਠ ਗਿਆ ਕਿ ਕਿਤੇ ਅਸੀਂ ਹੀ ਝੂਠੇ ਅਤੇ ਗ਼ਲਤ ਤਾਂ ਨਹੀਂ ਹਾਂ ਕਿ ਜਿਹੜਾ ਸਾਡੇ ਵਕੀਲ ਨੇ ਆਪਣੇ ਆਪ ਨੂੰ ਹੀ ਗ਼ਲਤ ਮੰਨ ਲਿਆ ਹੈ ਤੇ ਜੱਜਾਂ ਦੇ ਵਿਰੁੱਧ ਭੁਗਤ ਰਿਹਾ ਹੈ।

ਫਿਰ ਮਨ ਨੂੰ ਇੱਕ ਝੂਠਾ ਜਿਹਾ ਧਰਵਾਸਾ ਵੀ ਹੋਣ ਲੱਗਦਾ ਕਿ ਸਾਡਾ ਵਕੀਲ ਹੜਤਾਲ ਵਿੱਚ ਸ਼ਾਮਿਲ ਹੋ ਕੇ ਲੋਕਾਂ ਨੂੰ ਜਾਗਰੂਕ ਕਰਨਾ ਚਾਹੁੰਦਾ ਸੀ। ਇਸ ਨਿਜ਼ਾਮ ਤੋਂ ਲੋਕਾਂ ਦਾ ਮੋਹ ਜਿੰਨਾ ਜਲਦੀ ਭਟਕੇਗਾ, ਉਹ ਓਨਾ ਹੀ ਜਲਦੀ ਜਥੇਬੰਦ ਹੋ ਕੇ ਗ਼ਲਤ ਨੀਤੀਆਂ ਦੇ ਵਿਰੁੱਧ ਆਵਾਜ਼ ਬੁਲੰਦ ਕਰਨਗੇ। ਸ਼ਾਇਦ ਉਹ ਇਸੇ ਕਰ ਕੇ ਹੀ ਬਾਰ ਦੇ ਇਸ ਫ਼ੈਸਲੇ ਦੇ ਹੱਕ ਵਿੱਚ ਖਲੋਅ ਗਿਆ ਹੈ।

ਇਹ ਸਭ ਮੇਰੇ ਅੰਦਾਜ਼ੇ ਹੀ ਸਨ ਜਾਂ ਫਿਰ ਪਿਛਲੇ ਕਈ ਦਿਨਾਂ ਤੋਂ ਪ੍ਰਸ਼ਾਸ਼ਨ ਦੁਆਰਾ ਮੈਨੂੰ ਤੰਗ ਪ੍ਰੇਸ਼ਾਨ ਕੀਤੇ ਜਾਣ ਦਾ ਨਤੀਜਾ ਕਿ ਮੈਂ ਅਜਿਹੀਆਂ ਸਭ ਗੱਲਾਂ ਸੋਚਦਾ ਰਹਿੰਦਾ ਸਾਂ ਅਤੇ ਆਪ ਹੀ ਉਲਟੇ-ਸਿੱਧੇ ਨਤੀਜਿਆਂ 'ਤੇ ਪੁੱਜ ਜਾਂਦਾ ਸਾਂ।

## ਤੇਰਾਂ

ਇਹਨਾਂ ਦਿਨਾਂ ਵਿੱਚ ਮੈਂ ਕਿਤਾਬਾਂ ਪੜ੍ਹਣੀਆਂ ਤਾਂ ਦੂਰ ਦੀ ਗੱਲ ਅਖ਼ਬਾਰਾਂ ਉੱਤੇ ਵੀ ਸਰਸਰੀ ਜਿਹੀ ਨਿਗ੍ਹਾ ਮਾਰ ਕੇ ਹੀ ਛੱਡ ਦਿੰਦਾ ਸਾਂ। ਸ਼ਾਇਦ ਇਹਨਾਂ ਦਿਨਾਂ ਵਿੱਚ ਹੀ ਮੇਰੇ ਦਿਲ ਅਤੇ ਦਿਮਾਗ਼ ਨੂੰ ਤਸੱਲੀ ਦਿਵਾਉਣ ਵਾਲੀਆਂ ਉਹ ਸਾਰੀਆਂ ਖ਼ਬਰਾਂ ਪ੍ਰਕਾਸ਼ਤ ਹੋਣੀਆਂ ਸਨ ਜਿਹੜੀਆਂ ਕਿ ਮੈਂ ਵਧਾਈਆਂ ਦੇ ਫ਼ੋਨ ਤੋਂ ਬਾਅਦ ਹੀ ਪੜ੍ਹੀਆਂ ਸਨ।

ਪਹਿਲੀ ਖ਼ਬਰ ਮੇਰੇ ਮਾਮਲੇ ਨਾਲ ਸਬੰਧਤ ਪੁਲੀਸ ਇੰਸਪੈਕਟਰ ਦੇ ਮੁਅੱਤਲ ਹੋਣ ਦੀ ਸੀ। ਮੇਰੇ ਇੱਕ ਦੋਸਤ ਨੇ ਬੜੇ ਹੀ ਚਾਅ ਨਾਲ ਮੋਬਾਈਲ ਫ਼ੋਨ 'ਤੇ ਇਹ ਖ਼ਬਰ ਸੁਣਾਈ ਸੀ ਪਰ ਮੈਂ ਅਖ਼ਬਾਰ ਧਿਆਨ ਨਾਲ ਨਾ ਪੜ੍ਹਿਆ ਹੋਣ ਕਾਰਨ ਉਸ ਤੋਂ ਸਬੰਧਤ ਅਖ਼ਬਾਰ ਦਾ ਪੰਨਾ ਨੰਬਰ ਹੀ

ਪੁੱਛਿਆ ਸੀ।ਜਦ ਮੈਂ ਇੰਸਪੈਕਟਰ ਦੀ ਮੁਅੱਤਲੀ ਸਬੰਧੀ ਖ਼ਬਰ ਪੜ੍ਹੀ ਤਾਂ ਮੇਰੇ ਪੈਰ ਧਰਤੀ ਉੱਤੇ ਨਹੀਂ ਲੱਗ ਰਹੇ ਸਨ।ਭਾਵੇਂ ਕਿ ਇਸ ਮੁਅੱਤਲੀ ਦਾ ਮੇਰੇ ਕੇਸ ਨਾਲ ਕੋਈ ਵੀ ਸਬੰਧ ਨਹੀਂ ਸੀ ਪਰ ਮੈਨੂੰ ਇਹ ਹੀ ਖੁਸ਼ੀ ਹੋ ਰਹੀ ਸੀ ਕਿ ਇਸ ਗੰਦੇ ਬੰਦੇ ਨੇ ਸਾਡੇ ਨਾਲ ਬੜੀ ਹੀ ਮਾੜੀ ਕੀਤੀ ਸੀ।ਕੁਦਰਤ ਨੇ ਦੇਰ-ਸਵੇਰ ਉਸ ਦਾ ਫ਼ਲ ਤਾਂ ਉਸ ਨੂੰ ਦੇਣਾ ਹੀ ਸੀ।ਇਹ ਇੰਸਪੈਕਟਰ ਆਪਣੇ ਮੁਲਾਜ਼ਮਾਂ ਨੂੰ ਬਚਾਉਣ ਦੀ ਖ਼ਾਤਿਰ ਹੀ ਸਾਨੂੰ ਖ਼ਰਾਬ ਕਰ ਰਿਹਾ ਸੀ ਤੇ ਹੁਣ ਜਦ ਖ਼ੁਦ ਖੱਜਲ ਖ਼ਰਾਬ ਹੋਵੇਗਾ ਤੇ ਖ਼ੁਦ ਉਸ ਮਾਨਸਿਕ ਪੀੜ ਵਿੱਚੋਂ ਲੰਘੇਗਾ ਤਾਂ ਉਸ ਨੂੰ ਆਪਣੀਆਂ ਕੀਤੀਆਂ ਹੋਈਆਂ ਸਾਰੀਆਂ ਵਧੀਕੀਆਂ ਵੀ ਯਾਦ ਆਉਣਗੀਆਂ ਅਤੇ ਮਹਿਸੂਸ ਵੀ ਹੋਵੇਗਾ।ਸਾਡੇ ਘਰ ਦੇ ਨਾਲ ਵਾਲੀ ਗਲੀ ਵਿੱਚ ਬੈਠ ਕੇ ਪੀਤੀ ਹੋਈ ਦਾਰੂ ਤੇ ਖਾਧੇ ਹੋਏ ਮੁਰਗ਼ੇ ਉਸ ਦੀ ਪਿੱਠ ਵਿੱਚੋਂ ਬਾਂਗਾਂ ਦੇਣਗੇ ਤਾਂ ਉਸਨੂੰ ਮੇਰੇ ਨਾਲ ਕੀਤੀ ਹੋਈ ਨਜਾਇਜ਼ ਵਧੀਕੀ ਵੀ ਜ਼ਰੂਰ ਚੇਤੇ ਆਵੇਗੀ।

ਉਸ ਇੰਸਪੈਕਟਰ ਦਾ ਬਾਅਦ ਵਿੱਚ ਕੀ ਬਣੇਗਾ ਮੈਨੂੰ ਇਹ ਫ਼ਿਕਰ ਨਹੀਂ ਸੀ।ਮੈਨੂੰ ਤਾਂ ਸਿਰਫ਼ ਇਹ ਹੀ ਹੌਸਲਾ ਸੀ ਕਿ ਮੇਰੇ ਨਾਲ ਧੱਕਾ ਕਰਨ ਵਾਲੇ ਇੱਕ ਅਧਿਕਾਰੀ ਦੇ ਪਾਪਾਂ ਦਾ ਘੜਾ ਫੁੱਟ ਗਿਆ ਹੈ ਅਤੇ ਉਸ ਨੂੰ ਸਜ਼ਾ ਮਿਲਣ ਦੀ ਸ਼ੁਰੂਆਤ ਹੋ ਚੁੱਕੀ ਹੈ।

ਇੱਕ ਦਿਨ ਭੁੱਲ-ਭੁਲੇਖੇ ਮੈਂ ਸੈਰ ਨੂੰ ਅਜੇ ਘਰੋਂ ਨਿਕਲਿਆ ਹੀ ਸਾਂ ਤਾਂ ਇੱਕ ਹੋਰ ਮਿੱਤਰ ਦਾ ਫ਼ੋਨ ਆ ਗਿਆ।

"ਟੀ.ਵੀ ਲਾ ਕੇ ਵੇਖ।ਤੇਰੇ ਆਲੇ ਡੀ.ਐਸ.ਪੀ. ਨੂੰ ਮੁਅੱਤਲ ਕਰ ਦਿੱਤਾ।" ਉਹ ਚੈਨਲ ਦਾ ਨਾਂ ਦੱਸਦਿਆਂ ਖੁਸ਼ੀ ਨਾਲ ਬੋਲਿਆ।

"ਕਿਹੜੇ ਕੇਸ ਵਿੱਚ ?" ਮੈਂ ਏਨਾ ਜ਼ਿਆਦਾ ਉਤਸ਼ਾਹਿਤ ਹੋ ਗਿਆ ਸਾਂ ਕਿ ਮੈਂ ਮੋਬਾਈਲ ਨੂੰ ਮਸਾਂ ਹੀ ਆਪਣੇ ਹੱਥਾਂ ਵਿੱਚ ਕਾਬੂ ਕਰ ਸਕਿਆ ਸਾਂ।

"ਫਰੀਦਕੋਟ ਗਿਆ ਸੀ, ਕਿਸੇ ਦੀ ਜ਼ਮੀਨ 'ਤੇ ਕਬਜ਼ਾ ਕਰਨ।ਅਗਲੇ ਵੀ ਪਹੁੰਚ ਵਾਲੇ ਸਨ।ਉਹਨਾਂ ਨੇ ਇਹਦੀ ਵਰਦੀ ਦੀ ਪ੍ਰਵਾਹ ਨਾ ਕਰਦਿਆਂ ਉਸ ਨੂੰ ਕਾਬੂ ਕਰ ਲਿਆ।ਖ਼ਬਰ ਅਨੁਸਾਰ ਬਚ ਕੇ ਤਾਂ ਨਿਕਲ ਆਇਆ ਪਰ ਅਗਲਿਆਂ ਨੇ ਇਹਦੇ 'ਤੇ ਕੇਸ ਦਰਜ ਕਰਵਾਅ ਦਿੱਤਾ ਤੇ ਸਰਕਾਰ ਨੇ ਮੁਅੱਤਲ ਕਰ ਦਿੱਤੈ।" ਮੇਰਾ ਦੋਸਤ ਮੈਨੂੰ ਦੱਸਦਾ ਗਿਆ ਤੇ ਮੇਰੇ ਪੈਰਾਂ ਦੀ ਗਤੀ ਵਧਦੀ ਗਈ।ਫਿਰ ਮੈਨੂੰ ਪਤਾ ਨਹੀਂ ਕੀ ਸੁੱਝਿਆ ਮੈਂ ਸੈਰ ਲਈ ਅੱਗੇ ਜਾਣ ਦੀ ਬਜਾਇ ਓਥੋਂ ਹੀ ਘਰ ਨੂੰ ਵਾਪਸ ਮੁੜ ਪਿਆ।ਮੈਂ ਆਪ ਜਾ ਕੇ ਇਹ ਖ਼ਬਰ ਟੀ.ਵੀ. 'ਤੇ ਚਲਦੀ ਵੇਖਣਾ ਚਾਹੁੰਦਾ ਸਾਂ।

ਛੇਤੀ ਨਾਲ ਘਰ ਵੜਦੇ ਹੀ ਮੈਂ ਟੀ.ਵੀ ਚਾਲੂ ਕੀਤਾ ਅਤੇ ਦੱਸੇ ਹੋਏ ਚੈਨਲ ਵਾਲੇ ਬਟਨ ਵੀ ਰਿਮੋਟ ਉੱਤੋਂ ਦੱਬ ਲਏ।ਅਜੇ ਵੀ ਉਹ ਖ਼ਬਰ

ਸਕਰੀਨ ਦੀ ਹੇਠਲੀ ਪੱਟੀ ਉੱਤੇ ਵਾਰ-ਵਾਰ ਆ ਰਹੀ ਸੀ। ਖ਼ਬਰ ਪੜ੍ਹ ਮੈਂ ਠੰਢਾ ਸਾਹ ਲਿਆ।

"ਇਹੋ ਜਿਹੇ ਗੰਦੇ ਬੰਦੇ ਆਪਣੇ ਆਪ ਹੀ ਇੰਝ ਕੁੱਤੇ ਦੀ ਮੌਤ ਮਰਦੇ ਹੁੰਦੇ ਆ। ਇਹਨੇ ਵੀ ਬਹੁਤੀ ਹੀ ਅੱਤ ਚੁੱਕੀ ਹੋਈ ਸੀ।" ਟੀ.ਵੀ. 'ਤੇ ਉਸੇ ਖ਼ਬਰ ਨੂੰ ਵੇਖਦੀ ਹੋਈ ਮੇਰੀ ਮਾਂ ਦੇ ਬੋਲੇ ਹੋਏ ਬੋਲ ਮੇਰੇ ਕਾਲਜੇ ਨੂੰ ਠੰਢ ਪਾ ਗਏ। ਇਹ ਬੋਲ ਕਿਸੇ ਦੀ ਰੋਟੀ ਖੁੱਸ ਜਾਣ ਕਾਰਨ ਨਹੀਂ ਸਗੋਂ ਕਿਸੇ ਦੁਆਰਾ ਆਪਣੇ ਅਹੁਦੇ ਦਾ ਦੁਰ-ਉਪਯੋਗ ਕਰਕੇ ਮਜ਼ਲੂਮਾਂ ਨੂੰ ਤੰਗ-ਪ੍ਰੇਸ਼ਾਨ ਕਰਨ ਕਰਕੇ ਹੀ ਦਿਲ ਦੀ ਡੂੰਘੀ ਤਹਿ ਵਿੱਚੋਂ ਸੁਭਾਵਿਕ ਹੀ ਨਿਕਲੇ ਸਨ।

ਇਸ ਖ਼ਬਰ ਨੂੰ ਵਿਸਥਾਰ ਵਿੱਚ ਸੁਣਨ ਲਈ ਅਸੀਂ ਸਾਰਾ ਟੱਬਰ ਦੇਰ ਰਾਤ ਤੱਕ ਬੈਠੇ ਰਹੇ ਪਰ ਪੂਰੀ ਖ਼ਬਰ ਆ ਹੀ ਨਹੀਂ ਸੀ ਰਹੀ। ਅੰਤ ਵਿੱਚ ਅਸੀਂ ਸਵੇਰ ਵੇਲ਼ੇ ਅਖ਼ਬਾਰ ਵਿੱਚੋਂ ਪੂਰੇ ਵਿਸਥਾਰ ਸਹਿਤ ਖ਼ਬਰ ਪੜ੍ਹਨ ਦੀ ਉਮੀਦ ਨਾਲ ਆਪੋ ਆਪਣੇ ਬਿਸਤਰਿਆਂ 'ਤੇ ਚਲੇ ਗਏ। ਉਸ ਦਿਨ ਬੱਚਿਆਂ ਨੂੰ ਪਤਾ ਨਹੀਂ ਕਿਹੜਾ ਚਾਅ ਚੜ੍ਹਿਆ ਹੋਇਆ ਸੀ ਕਿ ਬੜੇ ਦਿਨਾਂ ਬਾਅਦ ਸਾਨੂੰ ਖੁਸ਼ ਵੇਖ ਕੇ ਨੱਚਣੋਂ-ਟੱਪਣੋਂ ਹਟ ਕੇ ਸੌਣ ਦਾ ਨਾਮ ਹੀ ਨਹੀਂ ਸੀ ਲੈ ਰਹੇ।

ਹੁਣ ਖ਼ਬਰ ਨੂੰ ਵਿਸਥਾਰ ਵਿੱਚ ਜਾਨਣ ਲਈ ਸਵੇਰੇ ਅਖ਼ਬਾਰ ਆਉਣ ਤੱਕ ਦੀ ਉਡੀਕ ਕਰਨੀ ਪੈਣੀ ਸੀ।

ਅੱਗੇ ਤਾਂ ਆਪਣੇ ਫ਼ਿਕਰਾਂ ਵਿੱਚ ਹੀ ਨੀਂਦ ਨਹੀਂ ਆਉਂਦੀ ਹੁੰਦੀ ਸੀ ਪਰ ਉਸ ਦਿਨ ਇੱਕ ਅਜੀਬ ਜਿਹੀ ਖੁਸ਼ੀ ਕਾਰਨ ਅੱਖ ਨਹੀਂ ਸੀ ਲੱਗ ਰਹੀ। ਇਸ ਡੀ.ਐਸ.ਪੀ. ਨੇ ਸਾਨੂੰ ਏਨਾ ਜ਼ਿਆਦਾ ਤੰਗ-ਪ੍ਰੇਸ਼ਾਨ ਕਰ ਦਿੱਤਾ ਸੀ ਕਿ ਸਾਡੇ ਸਾਰੇ ਟੱਬਰ ਦਾ ਸੁਖ-ਚੈਨ ਜਾਣੋਂ ਖੰਭ ਲਾ ਕੇ ਹੀ ਉੱਡ-ਪੁੱਡ ਗਿਆ ਸੀ। ਇੱਕ ਜਗਤ ਪ੍ਰਸਿੱਧ ਸਚਾਈ ਹੈ ਕਿ ਲੋਕ ਆਪਣੇ ਦੁੱਖ ਤੋਂ ਓਨਾ ਦੁਖੀ ਨਹੀਂ ਹਨ, ਜਿੰਨਾ ਕਿ ਕਿਸੇ ਦੇ ਸੁਖ ਤੋਂ। ਮੇਰੇ ਤਾਜ਼ੇ-ਤਾਜ਼ੇ ਬਣੇ ਦੁਸ਼ਮਣ ਮੈਨੂੰ ਦੁੱਖਾਂ ਅਤੇ ਮੁਸੀਬਤਾਂ ਵਿੱਚ ਪਾ ਕੇ ਖੁਸ਼ ਹੋਏ ਫਿਰਦੇ ਸਨ। ਅੱਜ ਊਠ ਪਹਾੜ ਥੱਲੇ ਆ ਚੁੱਕਾ ਸੀ। ਅੱਜ ਮੇਰਾ ਇੱਕ ਵਿਰੋਧੀ ਪੂਰੀ ਮੁਸੀਬਤ ਵਿੱਚ ਘਿਰਿਆ ਹੋਇਆ ਸੀ ਤੇ ਮੇਰੇ ਲਈ ਤਾਂ ਇਹ ਖੁਸ਼ੀ ਦਾ ਮੌਕਾ ਹੋਣਾ ਸੁਭਾਵਕ ਹੀ ਸੀ।

ਪਹਿਲੀਆਂ ਰਾਤਾਂ ਦਾ ਫ਼ਿਕਰ ਵਿੱਚ ਝਾਕਣਾ ਅਤੇ ਉਸ ਰਾਤ ਨੂੰ ਚਾਅ ਅਤੇ ਖੁਸ਼ੀ ਵਿੱਚ ਜਾਗ ਕੇ ਲੰਘਾਉਣ ਦਾ ਅੰਤਰ ਮੈਨੂੰ ਸਮਝ ਆ ਰਿਹਾ ਸੀ। ਖੁਸ਼ੀ ਵਿੱਚ ਨੀਂਦ ਤਾਂ ਛੂ-ਮੰਤਰ ਹੀ ਹੋ ਗਈ ਸੀ ਪਰ ਉਸ ਦਿਨ ਮੈਂ ਕਮਰੇ ਦੇ ਅੰਦਰ-ਬਾਹਰ ਦੇ ਗੇੜੇ ਨਹੀਂ ਲਾਏ ਸਨ।

ਸਵੇਰ ਹੋਣ ਤੋਂ ਪਹਿਲਾਂ ਹੀ ਮੈਂ ਉੱਠ ਬੈਠਾ ਸਾਂ। ਮੈਨੂੰ ਸਿਰਫ਼ ਤੇ ਸਿਰਫ਼

ਅਖ਼ਬਾਰ ਆਉਣ ਦੀ ਹੀ ਉਡੀਕ ਸੀ। ਜਦ ਵੀ ਦਰਵਾਜ਼ੇ ’ਤੇ ਥੋੜ੍ਹਾ ਜਿਹਾ ਵੀ ਖੜਕਾ ਹੁੰਦਾ ਤਾਂ ਮੈਂ ਝੱਟਪਟ ਬੂਹੇ ਵੱਲ ਨੂੰ ਭੱਜਦਾ ਸਾਂ। ਮੇਰੀ ਉਡੀਕ ਛੇਤੀ ਹੀ ਖ਼ਤਮ ਹੋ ਗਈ ਜਦ ਮੇਰੇ ਤਰਸਦੇ ਹੋਏ ਕੰਨਾਂ ਦੇ ਵਿੱਚ “ਅਖ਼ਬਾਰ ਬਈ” ਦੀ ਆਵਾਜ਼ ਪਈ।

ਮੈਂ ਝੱਟ ਦੇਣੇ ਅਖ਼ਬਾਰ ਚੁੱਕ ਲਏ ਤੇ ਸਬੰਧਤ ਖ਼ਬਰ ਨੂੰ ਭਾਲਣ ਲੱਗ ਪਿਆ। ਪਹਿਲੇ ਅਖ਼ਬਾਰ ਵਿੱਚੋਂ ਮੈਨੂੰ ਨਿਰਾਸ਼ਾ ਹੀ ਮਿਲੀ ਤੇ ਮੈਂ ਛੇਤੀ ਦੇਣੇ ਦੂਜੇ ਨੂੰ ਫ਼ਰੋਲਣਾ ਸ਼ੁਰੂ ਕਰ ਦਿੱਤਾ। ਮੇਰੀ ਉਡੀਕ ਖ਼ਤਮ ਹੋ ਗਈ। ‘ਜ਼ਮੀਨ ’ਤੇ ਕਬਜ਼ਾ ਕਰਨ ਗਏ ਡੀ.ਐਸ.ਪੀ. ’ਤੇ ਕੇਸ ਦਰਜ’ ਵਾਲੀ ਖ਼ਬਰ ਮੇਰੀ ਨਜ਼ਰ ਦੇ ਸਾਹਮਣੇ ਆ ਗਈ। ਪੂਰੀ ਖ਼ਬਰ ਪੜ੍ਹਣ ਤੋਂ ਬਾਅਦ ਮੈਨੂੰ ਥੋੜ੍ਹੀ ਜਿਹੀ ਨਿਰਾਸ਼ਾ ਵੀ ਹੋਈ ਕਿਉਂਕਿ ਉਸ ’ਤੇ ਕੇਸ ਤਾਂ ਦਰਜ ਕਰ ਦਿੱਤਾ ਗਿਆ ਸੀ ਪਰ ਉਸ ਨੂੰ ਮੁਅੱਤਲ ਕਰਨ ਬਾਰੇ ਕੁਝ ਵੀ ਨਹੀਂ ਲਿਖਿਆ ਗਿਆ ਸੀ। ਮਨ ਵਿੱਚ ਆਇਆ ਕਿ ਕੁਦਰਤ ਨੇ ਉਸ ਦੇ ਚਪੇੜ ਤਾਂ ਮਾਰ ਦਿੱਤੀ ਪਰ ਮਾਰੀ ਬੜੀ ਹੀ ਹੌਲ਼ੀ ਜਿਹੀ ਹੈ। ਜਿਵੇਂ ਕਿਸੇ ਬੱਚੇ ਦੇ ਕਿਸੇ ਸਿਆਣੇ ਨੇ ਸਮਝਾਉਣ ਵਾਸਤੇ ਪਟੋਕੀ ਜਿਹੀ ਮਾਰੀ ਹੋਵੇ। ਇਹ ਖ਼ਬਰ ਮੇਰੇ ਲਈ ਪੂਰੀ ਤਰ੍ਹਾਂ ਤਸੱਲੀ ਵਾਲੀ ਨਹੀਂ ਸੀ ਕਿਉਂਕਿ ਅਸੀਂ ਤਾਂ ਸਾਰਾ ਟੱਬਰ ਇਸ ਲਈ ਖੁਸ਼ ਹੋਏ ਫਿਰਦੇ ਸਾਂ ਕਿ ਚਲੋ ਇੱਕ ਧੱਕੇਸ਼ਾਹ ਨੂੰ ਤਾਂ ਕੀਤੇ ਦੀ ਸਜ਼ਾ ਮਿਲ ਗਈ। ਗਹਿ ਗੱਡਵੀਂ ਖ਼ਬਰ ਨਾ ਹੋਣ ਕਾਰਨ ਮੇਰੀ ਅੱਧੀ ਖੁਸ਼ੀ ਖ਼ਤਮ ਹੋ ਗਈ। ਮੈਨੂੰ ਤਾਂ ਉਦੋਂ ਨਜ਼ਾਰਾ ਆਉਣਾ ਸੀ ਜਦ ਇਸ ਦਰਿੰਦੇ ਡੀ.ਐਸ.ਪੀ. ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਜਾਂਦਾ।

ਮੈਂ ਉਸ ਸ਼ੁਭ ਘੜੀ ਦਾ ਇੰਤਜ਼ਾਰ ਕਰਨਾ ਸ਼ੁਰੂ ਕਰ ਦਿੱਤਾ। ਫਿਰ ਇੱਕ ਦਿਨ ਖ਼ਬਰ ਆਈ, ‘ਦੋਸ਼ਾਂ ਵਿੱਚ ਘਿਰੇ ਡੀ.ਐਸ.ਪੀ. ਦੀ ਜ਼ਮਾਨਤ ਅਰਜ਼ੀ ਰੱਦ।’ ਮੈਂ ਸਮਝ ਗਿਆ ਸਾਂ ਕਿ ਜਿਹੜਾ ਮਹਿਕਮਾ ਆਪਣੇ ਇੱਕ ਮਾਮੂਲੀ ਹੌਲਦਾਰ ਅਤੇ ਡਰਾਈਵਰ ਦੇ ਅੱਗੇ ਲੰਮਾ ਪੈ ਸਕਦਾ ਹੈ ਉਹ ਆਪਣੇ ਹੀ ਡੀ.ਐਸ.ਪੀ. ਨੂੰ ਏਨੀ ਛੇਤੀ ਗ੍ਰਿਫ਼ਤਾਰ ਕਿਵੇਂ ਕਰ ਸਕਦਾ ਹੈ ? ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਉਸ ਨੂੰ ਅਦਾਲਤ ਵਿੱਚ ਜਾਣ ਦਾ ਸਮਾਂ ਦੇ ਦਿੱਤਾ ਗਿਆ ਸੀ। ਹੁਣ ਸੈਸ਼ਨ ਅਦਾਲਤ ਦੁਆਰਾ ਉਸ ਡੀ.ਐਸ.ਪੀ. ਨੂੰ ਗ੍ਰਿਫਤਾਰ ਕਰ ਲੈਣ ਦੇ ਹੁਕਮ ਵੀ ਜਾਰੀ ਹੋ ਚੁੱਕੇ ਸਨ। ਇਸ ਲਈ ਮੈਨੂੰ ਲੱਗ ਰਿਹਾ ਸੀ ਕਿ ਗ੍ਰਿਫ਼ਤਾਰੀ ਕਿਸੇ ਵੀ ਸਮੇਂ ਹੋ ਸਕਦੀ ਹੈ।

ਕਈ ਦਿਨ ਬੀਤ ਗਏ ਪਰ ਉਸ ਦੀ ਗ੍ਰਿਫ਼ਤਾਰੀ ਦੀ ਕੋਈ ਵੀ ਖ਼ਬਰ ਪੜ੍ਹਣ ਨੂੰ ਨਹੀਂ ਮਿਲ ਰਹੀ ਸੀ। ਮੈਂ ਨਾ ਚਾਹੁੰਦਿਆਂ ਹੋਇਆਂ ਵੀ ਸਾਰਾ ਅਖ਼ਬਾਰ ਫ਼ਰੋਲ ਮਾਰਦਾ ਸਾਂ।

ਕਈ ਦਿਨਾਂ ਬਾਅਦ ਇੱਕ ਛੋਟੀ ਜਿਹੀ ਖ਼ਬਰ ਪੜ੍ਹਨ ਨੂੰ ਮਿਲੀ ‘ਵਿਵਾਦਾਂ

ਵਿੱਚ ਘਿਰੇ ਡੀ.ਐਸ.ਪੀ. ਦਾ ਪਟਿਆਲਾ ਵਿਖੇ ਤਬਾਦਲਾ'।ਮੈਨੂੰ ਏਨੀ ਜ਼ਿਆਦਾ ਹੈਰਾਨੀ ਹੋਈ ਕਿ ਸਾਡੇ ਰੌਲ਼ੇ ਵੇਲ਼ੇ ਤਾਂ ਦਸ ਮਿੰਟ ਵਿੱਚ ਆ ਕੇ ਵੀ ਪੁਲਿਸ ਵਾਲੇ ਆਖ ਰਹੇ ਸਨ ਕਿ 'ਅਸੀਂ ਲੇਟ ਹੋ ਗਏ ਹਾਂ' ਅਤੇ ਹੁਣ ਉਹਨਾਂ ਨੂੰ ਸੈਸ਼ਨ ਜੱਜ ਦੇ ਹੁਕਮਾਂ ਦਾ ਵੀ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਕਿ ਉਹਨਾਂ ਦੇ ਇੱਕ ਅਧਿਕਾਰੀ ਦੀ ਜ਼ਮਾਨਤ ਦੀ ਅਰਜ਼ੀ ਰੱਦ ਹੋ ਚੁੱਕੀ ਹੈ ਅਤੇ ਵਰੰਟ ਗ੍ਰਿਫ਼ਤਾਰੀ ਵੀ ਜਾਰੀ ਹੋ ਚੁੱਕੇ ਹਨ।ਇਸ ਲਈ ਕਾਨੂੰਨ ਮੁਤਾਬਕ ਉਸ ਨੂੰ ਗ੍ਰਿਫ਼ਤਾਰ ਕਰਨਾ ਬਣਦਾ ਸੀ।ਮਨ ਵਿੱਚ ਸਵਾਲ ਵੀ ਉੱਠ ਰਿਹਾ ਸੀ ਕਿ ਇਹ ਸਭ ਕਾਨੂੰਨ ਤਾਂ ਸਿਰਫ਼ ਆਮ ਬੰਦਿਆਂ ਲਈ ਹੀ ਹਨ।ਪੁਲਿਸ ਲਈ ਤਾਂ ਕਾਨੂੰਨ ਦੀ ਕਿਤਾਬ ਇੱਕ ਰਖ਼ੇਲ ਮਾਤਰ ਹੀ ਹੈ।ਫਿਰ ਦਿਮਾਗ਼ ਵਿੱਚ ਆਉਣ ਲੱਗ ਪਿਆ ਕਿ ਛੋਟੇ ਕਰਮਚਾਰੀਆਂ ਦੀ ਤਾਂ ਮਜ਼ਬੂਰੀ ਹੋ ਸਕਦੀ ਹੈ ਪਰ ਕੀ ਇਹਨਾਂ ਦੇ ਵੱਡੇ ਅਧਿਕਾਰੀ ਵੀ ਸੁੱਤੇ ਹੀ ਪਏ ਹਨ ? ਕੀ ਉਹਨਾਂ ਨੂੰ ਟੀ.ਵੀ. ਅਤੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਖ਼ਬਰਾਂ ਬਾਰੇ ਕੋਈ ਵੀ ਜਾਣਕਾਰੀ ਨਹੀਂ ਹੈ ? ਖ਼ੁਦਾ ਨਖ਼ਾਸਤਾ, ਜੇ ਕਿਤੇ ਇਹੀ ਵਾਰੰਟ ਕਿਸੇ ਆਮ ਬੰਦੇ ਦੇ ਜਾਰੀ ਹੋਏ ਹੁੰਦੇ ਤਾਂ ਇਸ ਮਹਿਕਮੇ ਨੇ ਏਨਾ ਹੋ-ਹੱਲਾ ਮਚਾਅ ਦੇਣਾ ਸੀ ਕਿ ਰਹੇ ਰੱਬ ਦਾ ਨਾਂ।ਇਹ ਤਾਂ ਉਹ ਗੱਲ ਹੋਈ ਪਈ ਸੀ ਕਿ ਮਾਲਕੋ ਸੌਂ ਜਾਓ ਅਤੇ ਚੋਰੋ ਜਾਗ ਪਵੋ।

ਅਸੀਂ ਜਿਸ ਡੀ.ਐਸ.ਪੀ. ਨੂੰ ਇਨਸਾਫ਼ ਦਾ ਦੇਵਤਾ ਸਮਝ ਕੇ ਉਸ ਅੱਗੇ ਬੇਨਤੀ ਦਰ ਬੇਨਤੀ ਕਰਦੇ ਆ ਰਹੇ ਸਾਂ, ਹੁਣ ਉਸ ਦੀ ਅਸਲੀਅਤ ਅਖ਼ਬਾਰਾਂ ਦੀਆਂ ਖ਼ਬਰਾਂ ਰਾਹੀਂ ਲੋਕਾਂ ਦੇ ਸਾਹਮਣੇ ਆ ਰਹੀ ਸੀ।ਉਸ ਉੱਪਰ ਇਰਾਦਾ-ਏ-ਕਤਲ ਤੋਂ ਇਲਾਵਾ ਲੁੱਟ-ਮਾਰ, ਅਸਲਾ ਐਕਟ, ਡਰਾਉਣ-ਧਮਕਾਉਣ, ਗੰਭੀਰ ਰੂਪ ਵਿੱਚ ਜ਼ਖਮੀ ਕਰਨ ਆਦਿਕ ਅਨੇਕਾਂ ਹੀ ਧਾਰਾਵਾਂ ਲੱਗ ਚੁੱਕੀਆਂ ਸਨ।ਕੇਵਲ ਇਸ ਮਾਮਲੇ ਵਿੱਚ ਹੀ ਨਹੀਂ ਸਗੋਂ ਇਸ ਤੋਂ ਪਹਿਲਾਂ ਵੀ ਕਈ ਮਾਮਲਿਆਂ ਵਿੱਚ ਉਹ ਫਸਿਆ ਹੋਇਆ ਸੀ।ਏਨੀਆਂ ਧਾਰਾਵਾਂ ਲੱਗਣ ਦੇ ਬਾਵਜੂਦ ਵੀ ਉਸ ਦੀ ਗ੍ਰਿਫ਼ਤਾਰੀ ਅਜੇ ਤੱਕ ਨਹੀਂ ਹੋਈ ਸੀ।ਇਹਨਾਂ ਰਿਪੋਰਟਾਂ ਮੁਤਾਬਿਕ ਉਹ ਇੱਕ ਵਰਦੀਧਾਰੀ ਪੱਕਾ ਗੁੰਡਾ ਸੀ, ਜਿਹੜਾ ਥੋੜ੍ਹੇ ਜਿਹੇ ਟੁੱਕੜਾਂ ਪਿੱਛੇ ਕੁਝ ਵੀ ਕਰਨ ਵਾਸਤੇ ਤਿਆਰ ਬਰ ਤਿਆਰ ਰਹਿੰਦਾ ਸੀ।ਸਬੰਧਤ ਵਿਭਾਗ ਇਸ ਮਾਮਲੇ ਵਿੱਚ ਘੋਗਲਕੰਨਾ ਬਣਿਆ ਹੋਇਆ ਸੀ ਤਾਂ ਹੀ ਉਸ ਨੂੰ ਗ੍ਰਿਫਤਾਰ ਕਰ ਕੇ ਸੀਖਾਂ ਪਿੱਛੇ ਡੱਕਣ ਦੀ ਥਾਂ ਉਸ ਦੀ ਬਦਲੀ ਕਰ ਦਿੱਤੀ ਗਈ ਸੀ।ਨੈਤਿਕਤਾ ਤਾਂ ਇਹ ਆਖਦੀ ਹੈ ਕਿ ਅਜਿਹੇ ਅਧਿਕਾਰੀ ਨੂੰ ਆਪਣੇ ਏਨੇ ਜ਼ਿਆਦਾ ਕੇਸਾਂ ਦੇ ਨਿੱਬੜਣ ਤੱਕ ਅਹੁਦੇ 'ਤੇ ਕੰਮ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਵਿਭਾਗ ਦੇ ਅਧਿਕਾਰੀਆਂ ਦੁਆਰਾ ਅਜਿਹੇ ਅਧਿਕਾਰੀ ਨੂੰ ਕਿਸੇ ਸਟੇਸ਼ਨ 'ਤੇ

ਨਿਯੁਕਤ ਕਰਨਾ ਚਾਹੀਦਾ ਹੈ।ਪਰ ਸਵਾਲ ਉੱਠਦਾ ਹੈ ਕਿ ਇਹ ਮਹਿਕਮਾ ਕਿਹੜਾ ਹੈ ? ਜਿੱਥੋਂ ਅਸੀਂ ਨੈਤਿਕਤਾ ਦੀ ਭਾਲ ਕਰਨ ਲੱਗ ਪਏ ਸਾਂ।ਹੈ ਨਾ, ਕੱਟਿਆਂ ਵਾਲੇ ਘਰੋਂ ਲੱਸੀ ਦੀ ਮੰਗ।ਹੈਰਾਨੀ ਹੋ ਰਹੀ ਸੀ ਕਿ ਸਾਡੀ ਸਰਕਾਰ ਨੇ ਡੈਣ ਦੀ ਕੁੱਛੜ ਬੱਚਾ ਚੁਕਵਾਅ ਰੱਖਿਆ ਹੈ।ਇਸ ਬੱਚੇ ਦੀ ਖੈਰ ਕਿੱਥੋਂ ?

ਯਾਦਵਿੰਦਰ ਨਾਲ ਅਜਿਹੀਆਂ ਗੱਲਾਂ ਕਰਦਾ ਕਰਦਾ ਮੈਂ ਨਿਰਾਸ਼ ਹੋ ਜਾਂਦਾ ਸਾਂ ਤਾਂ ਉਹ ਝੱਟ ਦੇਣੇ ਕਈ ਗੱਲਾਂ ਸੁਣਾਅ ਕੇ ਮੈਨੂੰ ਚੜ੍ਹਦੀ ਕਲਾ ਵਿੱਚ ਲੈ ਆਉਂਦਾ।

"ਯਾਰ, ਕੀ ਪਤਾ ਉਹ ਫਰੀਦਕੋਟ, ਉਸ ਜ਼ਮੀਨ ਵਿੱਚ ਭਿੰਡੀਆਂ ਤੋਰੀਆਂ ਹੀ ਬੀਜਣ ਗਿਆ ਹੋਵੇ ਤੇ ਅਗਲਿਆਂ ਨੇ ਉਸ 'ਤੇ ਝੂਠਾ ਕੇਸ ਦਰਜ ਕਰਵਾਅ ਦਿੱਤਾ ਹੋਵੇ। ਤੂੰ, ਉਸ ਵਿਚਾਰੇ ਜਿਹੇ ਬੰਦੇ ਨੂੰ ਗੁੰਡਾ ਆਖੀ ਜਾ ਰਿਹਾ ਏ।ਉਹ ਭਲਾ ਲੋਕ ਤਾਂ ਇਨਸਾਫ਼ ਦੀ ਮੂਰਤ ਆ।ਗਲੀਆਂ ਅਤੇ ਜ਼ਮੀਨਾਂ ਉੱਤੇ ਕਬਜ਼ੇ ਕਰਨ ਵਾਲੇ ਤਾਂ ਤੇਰੇ ਵਰਗੇ ਹੁੰਦੇ ਨੇ।ਅਜਿਹਾ ਅਧਿਕਾਰੀ ਬੇ-ਇਨਸਾਫ਼ੀ ਦੀ ਗੱਲ ਕਰਨੀਂ ਤਾਂ ਦੂਰ ਕਦੇ ਅਜਿਹਾ ਸੋਚ ਵੀ ਨਹੀਂ ਸਕਦਾ।ਕੀ ਹੋ ਗਿਆ ਜੇ ਉਸ 'ਤੇ ਇਰਾਦਾ ਕਤਲ ਦੇ ਮੁਕੱਦਮੇ ਦਰਜ ਹੋਏ ਹੋਏ ਨੇ। ਉਸ ਨੇ ਕਤਲ ਕੀਤਾ ਤਾਂ ਨ੍ਹੀਂ ਤੇ ਨਾ ਹੀ ਸਾਬਤ ਹੋਇਐ।ਇਸ ਲਈ ਤੂੰ ਕਿਵੇਂ ਆਖ ਸਕਦਾ ਏਂ ਕਿ ਉਹ ਵਿਚਾਰਾ ਜਿਹਾ ਪੁਲਿਸ ਅਧਿਕਾਰੀ ਦੋਸ਼ੀ ਹੈ ? ਕਾਨੂੰਨ ਨੂੰ ਆਪਣਾ ਕੰਮ ਕਰਨ ਦੇ।" ਯਾਦਵਿੰਦਰ ਦੀਆਂ ਵਿਅੰਗ ਵਿੱਚ ਆਖੀਆਂ ਅਜਿਹੀਆਂ ਕਿੰਨੀਆਂ ਸਾਰੀਆਂ ਗੱਲਾਂ ਮੈਨੂੰ ਬੜਾ ਹੀ ਸਕੂਨ ਦਿੰਦੀਆਂ ਸਨ ਤੇ ਕਈ ਵਾਰ ਮੇਰੇ ਮਨ ਵਿੱਚ ਗਹਿਰ-ਗੰਭੀਰ ਸਵਾਲ ਵੀ ਉਠਾਅ ਜਾਂਦੀਆਂ ਸਨ।

"ਦੋ ਕਮੀਨੇ ਤਾਂ ਆਪਣੇ ਹੀ ਪਾਪਾਂ ਦੇ ਬੋਝ ਥੱਲੇ ਆ ਗਏ ਹਨ।ਉਹ ਵੱਡਾ ਕਮੀਨਾ ਕਦ ਆਵੇਗਾ ਕੁਦਰਤ ਦੀ ਮਾਰ ਹੇਠਾਂ ?" ਇੱਕ ਦਿਨ ਮੈਂ ਸੁਭਾਵਕ ਹੀ ਯਾਦਵਿੰਦਰ ਨੂੰ ਪੁੱਛ ਲਿਆ।ਮੇਰਾ ਇਸ਼ਾਰਾ ਉਸ ਬੇਈਮਾਨ ਐਸ.ਪੀ. ਵੱਲ ਸੀ ਜਿਸ ਦੇ ਕੋਲ ਆ ਕੇ ਹੀ ਸਾਡੀ ਸਾਰੀ ਸਚਾਈ ਝੂਠ ਵਿੱਚ ਤਬਦੀਲ ਹੋ ਜਾਂਦੀ ਸੀ।ਉਸ ਦੇ ਭ੍ਰਿਸ਼ਟ ਹੱਥਾਂ 'ਚ ਇੱਕ ਅਜਿਹੀ ਕਲਮ ਆ ਚੁੱਕੀ ਸੀ ਜਿਸ ਨੂੰ ਕਿ ਸਾਡੇ ਦੇਸ਼ ਦੀ ਵਿਚਾਰੀ ਜਿਹੀ ਕਾਨੂੰਨ ਦੀ ਕਿਤਾਬ ਅਤੇ ਅਦਾਲਤਾਂ ਬੜੀ ਹੀ ਮਾਨਤਾ ਦਿੰਦੀਆਂ ਹਨ।

"ਉਸ ਦੇ ਘਰ ਵਾਲੀ ਜੱਜ ਹੀ ਲੱਗੀ ਹੈ, ਰੱਬ ਤਾਂ ਨ੍ਹੀਂ ਬਣ ਗਈ।ਉਹ ਜਿਸ ਦੇ ਸਿਰ 'ਤੇ ਮੱਛਰਿਆ ਫਿਰਦਾ ਹੈ, ਉਸ ਨੇ ਹੀ ਇੱਕ ਦਿਨ ਇਸ ਨੂੰ ਪਟਕਾਅ ਕੇ ਪਰ੍ਹਾਂ ਮਾਰਨਾ ਏ।" ਇੱਕ ਦਿਨ ਮੇਰੀ ਉਦਾਸੀ ਦੂਰ ਕਰਨ ਲਈ ਯਾਦਵਿੰਦਰ ਨੇ ਭਵਿੱਖਬਾਣੀ ਕਰ ਦਿੱਤੀ।

"ਯਾਰ, ਉਸ ਦੇ ਘਰ ਤਾਂ ਨਿਆਂ ਪਾਲਿਕਾ ਤੇ ਕਾਰਜ ਪਾਲਿਕਾ ਇੱਕ ਹੁੰਦੀਆਂ ਨੇ। ਉੱਥੇ ਤਾਂ ਨਿਆਂ ਪਾਲਿਕਾ ਹੁੰਦੀ ਵੀ ਕਾਰਜ ਪਾਲਿਕਾ ਦੇ 'ਥੱਲੇ' ਹੀ ਹੈ। ਇਹੋ ਜਿਹੇ ਹਾਲਾਤ ਵਿੱਚ ਤੂੰ ਦੱਸ ਨਿਆਂ ਪਾਲਿਕਾ ਕਿਵੇਂ ਸਹੀ ਫ਼ੈਸਲੇ ਦੇਵੇਗੀ ?" ਮੇਰਾ ਇਸ਼ਾਰਾ ਪਤੀ ਦੇ ਐਸ.ਪੀ. ਭਾਵ ਕਾਰਜ ਪਾਲਿਕਾ ਅਤੇ ਪਤਨੀ ਦੇ ਇੱਕ ਜੱਜ ਭਾਵ ਨਿਆਂ ਪਾਲਿਕਾ ਦਾ ਇੱਕ ਮਹੱਤਵਪੂਰਨ ਹਿੱਸਾ ਹੋਣ ਤੋਂ ਸੀ।

"ਘਰਾਂ ਵਿੱਚ ਤਾਂ ਨਿਆਂ ਪਾਲਿਕਾ ਹਮੇਸ਼ਾਂ ਕਾਰਜ ਪਾਲਿਕਾ ਦੇ ਥੱਲੇ ਹੀ ਹੁੰਦੀ ਐ।" ਯਾਦਵਿੰਦਰ ਨੇ ਹਲਕੀ ਫੁਲਕੀ ਜਿਹੀ ਗੱਲ ਕਰਦਿਆਂ ਵਿਅੰਗ ਕੀਤਾ। ਨਾਲ ਦੀ ਨਾਲ ਹੀ ਬੜੇ ਠਰੰਮੇ ਨਾਲ ਬੋਲਿਆ, "ਜਦ ਸੱਚੀ-ਸੁੱਚੀ ਨਿਆਂ ਪਾਲਿਕਾ ਨੂੰ ਆਏ ਦਿਨ ਹੀ ਭ੍ਰਿਸ਼ਟ ਕਾਰਜ ਪਾਲਿਕਾ ਦੇ ਥੱਲੇ ਲੱਗਣਾ ਪੈ ਜਾਂਦਾ ਹੈ ਤਾਂ ਉਹ ਅਜਿਹੀ ਨਿਕੰਮੀ ਕਾਰਜ ਪਾਲਿਕਾ ਦੇ ਵਿਰੁੱਧ ਵਿਦਰੋਹ ਵੀ ਕਰ ਦਿੰਦੀ ਹੁੰਦੀ ਹੈ। ਉਸ ਦੀ ਆਪਣੀ ਸੁਤੰਤਰ ਹੋਂਦ ਵੀ ਤਾਂ ਹੁੰਦੀ ਹੈ। ਨਿਆਂ ਪਾਲਿਕਾ ਕਿੰਨਾ ਕੁ ਚਿਰ ਕਾਰਜ ਪਾਲਿਕਾ ਦੇ ਥੱਲੇ ਲੱਗ ਕੇ ਜੀਅ ਸਕਦੀ ਹੈ ?" ਉਸ ਨੇ ਉਲਟਾ ਮੈਨੂੰ ਹੀ ਸਵਾਲ ਕਰ ਦਿੱਤਾ।

"ਜੇ ਨਿਆਂ ਪਾਲਿਕਾ ਤੇ ਕਾਰਜ ਪਾਲਿਕਾ ਨੂੰ ਰਲ ਮਿਲ ਕੇ ਚੱਲਣ ਵਿੱਚ ਫ਼ਾਇਦਾ ਹੁੰਦਾ ਹੋਵੇ ਤਾਂ ਉਹਨਾਂ ਨੇ ਦੂਜਿਆਂ ਤੋਂ ਕੀ ਦਾਲ਼ ਲੈਣੀ ਐ ? ਜੇ ਵਾੜ ਖੇਤ ਨੂੰ ਖਾ ਰਹੀ ਹੋਵੇ ਅਤੇ ਖੇਤ ਨੂੰ ਵੀ ਕੋਈ ਇਤਰਾਜ਼ ਨਾ ਹੋਵੇ ਤਾਂ ਕਿਸੇ ਦਾ ਕੀ ਢਿੱਡ ਦੁਖਦਾ ਐ ਕਿ ਵਾੜ ਨੂੰ ਐਵੇਂ ਹੀ ਦੋਸ਼ ਦੇਈ ਜਾਵੇ।" ਮੈਂ ਦਲੀਲ ਦਿੱਤੀ।

"ਅੰਗਰੇਜ਼ਾਂ ਨੇ ਸਾਡੀ ਖ਼ਸਲਤ ਹੀ ਅਜਿਹੀ ਬਣਾਅ ਦਿੱਤੀ ਹੈ ਕਿ ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਕੌਣ ਕਿਸ ਨੂੰ ਖਾ ਰਿਹਾ ਹੈ। ਜਿਸ ਦਿਨ ਖੇਤ ਨੂੰ ਪੂਰੀ ਸਮਝ ਤਾਂ ਦੂਰ ਦੀ ਗੱਲ, ਮਾੜਾ ਮੋਟਾ ਜਿਹਾ ਵੀ ਪਤਾ ਲੱਗ ਗਿਆ ਤਾਂ ਇਹ ਕਾਰਜ ਪਾਲਿਕਾ ਤਾਂ ਕੀ, ਨਿਆਂ ਪਾਲਿਕਾ ਵੀ ਸਾਡੇ ਮਗਰ ਭੱਜੀ ਫਿਰੂ ਕਿ ਇਨਸਾਫ਼ ਲੈ ਲਵੋ। ਇਹ ਸਿਰਫ਼ ਭ੍ਰਿਸ਼ਟ ਢਾਂਚੇ ਦਾ ਹੀ ਹੇਰ ਫੇਰ ਆ ਹੋਰ ਕੁਝ ਨ੍ਹੀਂ।" ਯਾਦਵਿੰਦਰ ਨੇ ਬੜੀ ਹੀ ਦ੍ਰਿੜਤਾ ਨਾਲ ਆਖਿਆ।

"ਇਹ ਸਿਸਟਮ ਹੀ ਤਾਂ ਸਾਡੇ ਤੋਂ ਬਦਲਿਆ ਨਹੀਂ ਜਾ ਰਿਹਾ, ਪੌਣੀ ਸਦੀ ਬੀਤਣ ਵਾਲੀ ਹੈ। ਅਸੀਂ ਕਦ ਤੱਕ ਇਹਨਾਂ ਜ਼ਾਲਮਾਂ ਦੇ ਜ਼ੁਲਮ ਸਹਿੰਦੇ ਰਹਾਂਗੇ ?" ਮੈਂ ਅੱਕ ਕੇ ਪੁੱਛਿਆ, ਬੇਸ਼ੱਕ ਉਸ ਦੀ ਦਿੱਤੀ ਹੋਈ ਦਲੀਲ ਵੀ ਮੈਨੂੰ ਜਚ ਗਈ ਸੀ।।

"ਲਹਿਰ ਤਾਂ ਬੜੇ ਚਿਰ ਦੀ ਸ਼ੁਰੂ ਹੋਈ ਪਈ ਹੈ ਪਰ ਇਸ ਨੂੰ ਸੁਨਾਮੀ ਬਣਨ ਵਿੱਚ ਕਿੰਨੀ ਦੇਰ ਲੱਗੇਗੀ, ਉਹ ਮੈਂ ਨਹੀਂ ਦੱਸ ਸਕਦਾ। ਆਖ਼ਰ ਲੋਕਾਂ ਨੂੰ ਬਹੁਤੀ ਦੇਰ ਤੱਕ ਫੁੱਦੂ ਬਣਾਉਣਾ ਬੜਾ ਹੀ ਔਖਾ ਤੇ ਪੇਚੀਦਾ ਕੰਮ ਹੁੰਦਾ

ਹੈ। ਮੈਨੂੰ ਨਹੀਂ ਲੱਗਦਾ ਕਿ ਆਪਣੀਆਂ ਤਿੰਨੋਂ ਪਾਲਿਕਾਵਾਂ ਵਿੱਚੋਂ ਕੋਈ ਵੀ ਅਜਿਹਾ ਕੰਮ ਕਰ ਰਹੀ ਹੈ ਜਿਸ ਤੋਂ ਜਨਤਾ ਨੂੰ ਧਰਵਾਸ ਬੱਝਦਾ ਹੋਵੇ ਕਿ ਸਰਕਾਰ ਦਾ ਆਹ ਹਿੱਸਾ ਤਾਂ ਸਾਡੇ ਭਲੇ ਲਈ ਡਟ ਕੇ ਕੰਮ ਕਰ ਰਿਹਾ ਹੈ। ਜਦ ਸਾਰੇ ਦਾ ਸਾਰਾ ਆਵਾ ਹੀ ਊਤ ਚੁੱਕਾ ਹੈ ਤਾਂ ਬਦਲਾਅ ਤਾਂ ਜ਼ਰੂਰ ਆਵੇਗਾ ਤੇ ਆਉਣਾ ਵੀ ਚਾਹੀਦੈ । ਉਹ ਦਿਨ ਦੂਰ ਨਹੀਂ ਜਦੋਂ ਨਿਆਂ ਪਾਲਿਕਾ ਕਾਨੂੰਨ ਦੀ ਰੌਸ਼ਨੀ 'ਚ ਆਪਣੇ ਫ਼ੈਸਲੇ ਸੁਣਾਇਆ ਕਰੇਗੀ।" ਉਸ ਨੇ ਬੜੇ ਹੀ ਗੰਭੀਰ ਰੌਂਅ ਵਿੱਚ ਆਖਿਆ। ਮੈਨੂੰ ਵੀ ਉਸ ਦੀ ਗੱਲ 'ਤੇ ਯਕੀਨ ਬੱਝਣ ਲੱਗ ਪਿਆ ਸੀ।

## ਚੌਦਾਂ

ਅਦਾਲਤ ਵਿੱਚ ਜਵਾਬ-ਦਾਅਵਾ ਪੇਸ਼ ਕਰਨ ਤੋਂ ਬਾਅਦ ਅਗ਼ਲੀ ਤਾਰੀਕ ਵੀ ਆ ਗਈ ਸੀ। ਮੈਂ ਮਿਥੇ ਸਮੇਂ ਉੱਤੇ ਅਦਾਲਤ ਵਿੱਚ ਪੁੱਜ ਗਿਆ ਸਾਂ ਅਤੇ ਨੋਟਿਸ ਬੋਰਡ ਤੋਂ ਆਪਣੇ ਮੁਕੱਦਮੇ ਦਾ ਨੰਬਰ ਭਾਲਿਆ। ਇਹ ਸੰਤਾਲੀਵਾਂ ਨੰਬਰ ਸੀ। ਮੈਂ ਚੈਂਬਰ ਵਿੱਚ ਜਾ ਕੇ ਵਕੀਲ ਨੂੰ ਦੁਆ ਸਲਾਮ ਕੀਤੀ। ਚੈਂਬਰ ਵਿੱਚ ਪੁੱਜਣ ਵਾਲਾ ਮੈਂ ਹੀ ਸਭ ਤੋਂ ਪਹਿਲਾ ਸ਼ਖਸ ਸਾਂ। ਜਦ ਵਕੀਲ ਨੂੰ ਆਪਣਾ ਨੰਬਰ ਦੱਸਿਆ ਤਾਂ ਉਸ ਦੇ ਅੰਦਾਜ਼ੇ ਮੁਤਾਬਕ ਸਾਡੀ ਵਾਰੀ ਦੁਪਹਿਰੋਂ ਬਾਅਦ ਆਉਣੀ ਸੀ। ਉਸ ਨੇ ਮੈਨੂੰ ਓਨਾ ਚਿਰ ਹੋਰ ਕੋਈ ਕੰਮ ਧੰਦਾ ਕਰ ਲੈਣ ਲਈ ਆਖਿਆ ਪਰ ਮੈਂ ਤਾਂ ਸਿਰਫ਼ ਤਾਰੀਕ 'ਤੇ ਆਉਣ ਲਈ ਹੀ ਛੁੱਟੀ ਲਈ ਸੀ ਤੇ ਘੇਸਲ ਜਿਹੀ ਮਾਰ ਕੇ ਉੱਥੇ ਹੀ ਬੈਠਾ ਰਿਹਾ। ਦਸ-ਪੰਦਰਾਂ ਮਿੰਟ ਵਿੱਚ ਚੈਂਬਰ 'ਚ ਚਹਿਲ-ਪਹਿਲ ਹੋ ਗਈ ਸੀ। ਵਕੀਲ ਦਾ ਮੁਣਸ਼ੀ ਆਪਣੀ ਅਗਲੇਰੀ ਪੜ੍ਹਾਈ ਦੇ ਪਰਚੇ ਦੇਣ ਵਾਸਤੇ ਕੁਝ ਦਿਨਾਂ ਦੀ ਛੁੱਟੀ 'ਤੇ ਗਿਆ ਹੋਇਆ ਸੀ। ਮੈਂ ਵਕੀਲ ਦੇ ਨਾਲ ਕਾਗ਼ਜ਼ਾਂ ਪੱਤਰਾਂ ਦੇ ਮਾੜੇ-ਮੋਟੇ ਕੰਮ ਕਰਵਾਉਣੇ ਸ਼ੁਰੂ ਕਰ ਦਿੱਤੇ।

ਵਕੀਲ ਜਦ ਵੀ ਕਿਸੇ ਕੇਸ ਦੀ ਤਾਰੀਕ ਭੁਗਤਣ ਲਈ ਜਾਂਦਾ ਤਾਂ ਮੈਂ ਮੇਜ਼ ਉੱਤੇ ਉਸ ਦਿਨ ਦੀਆਂ ਕੱਢੀਆਂ ਹੋਈਆਂ ਮਿਸਲਾਂ ਫ਼ਰੋਲ ਕੇ, ਆਦਤਨ ਲਿਫ਼ਾਫ਼ੇ ਵਿਚਲੇ ਕਾਗ਼ਜ਼ਾਂ ਨੂੰ ਪਹਿਲਾਂ ਠੀਕ ਕਰਦਾ, ਫਿਰ ਉਸ ਕੇਸ ਨੂੰ ਮੋਟਾ ਮੋਟਾ ਪੜ੍ਹ ਕੇ, ਸਮਝਣ ਦਾ ਜਤਨ ਕਰਨ ਲੱਗ ਜਾਂਦਾ ਤੇ ਲਿਫ਼ਾਫ਼ੇ ਦੇ ਮੁੱਢਲੇ ਪੰਨੇ ਉੱਤੇ ਲਿਖੀਆਂ ਹੋਈਆਂ ਤਾਰੀਕਾਂ ਨੂੰ ਧਿਆਨ ਨਾਲ ਪੜ੍ਹਦਾ ਕਿ ਇਸ ਕੇਸ ਨੂੰ ਚੱਲਦਿਆਂ ਕਿੰਨੀ ਕੁ ਦੇਰ ਹੋ ਗਈ ਹੈ।

ਜਿੰਨੀਆਂ ਵੀ ਮਿਸਲਾਂ ਮੈਂ ਵਾਚੀਆਂ ਸਨ, ਉਹ ਕਈ-ਕਈ ਸਾਲ

ਪੁਰਾਣੀਆਂ ਸਨ।ਕਈਆਂ ਦੀ ਤਾਂ ਵਾਰੀ ਉਸ ਦਿਨ ਛੇ-ਸੱਤ ਮਹੀਨਿਆਂ ਤੋਂ ਬਾਅਦ ਆਈ ਸੀ।ਲੰਮੀਆਂ ਤਾਰੀਕਾਂ ਅਤੇ ਸਾਲਾਂ ਦੀ ਗਿਣਤੀ-ਮਿਣਤੀ ਨੇ ਮੈਨੂੰ ਨਿਰਾਸ਼ ਕਰ ਦਿੱਤਾ।ਮੇਰੇ ਵਾਲਾ ਲਿਫ਼ਾਫ਼ਾ ਕੁਝ ਦਿਨ ਪਹਿਲਾਂ ਹੀ ਇਹਨਾਂ ਵਿੱਚ ਨਵਾਂ ਨਵਾਂ ਸ਼ਾਮਿਲ ਹੋਇਆ ਹੋਣ ਕਾਰਨ ਅਜੇ ਸਾਹੇ ਬੱਧੇ ਨੀਂਗਰ ਵਾਂਙ ਚਮਕਾਂ ਮਾਰ ਰਿਹਾ ਸੀ।ਮੇਰੇ ਮਨ ਵਿੱਚ ਆਉਣ ਲੱਗਾ ਕਿ ਇਹ ਨਵਾਂ ਲਿਫ਼ਾਫ਼ਾ ਕਈ ਸਾਲ ਲੱਗ ਕੇ ਪੁਰਾਣਾ ਜਿਹਾ ਲੱਗਣ ਲੱਗੇਗਾ ਤੇ ਫੇਰ ਕਿਤੇ ਜਾ ਕੇ ਮੇਰਾ ਛੁਟਕਾਰਾ ਹੋਵੇਗਾ।ਇਹ ਵੀ ਨਹੀਂ ਪਤਾ ਕਿ ਇਹ ਫ਼ੈਸਲਾ ਮੇਰੇ ਹੱਕ ਵਿੱਚ ਹੋਵੇਗਾ ਕਿ ਮੇਰੇ ਖ਼ਿਲਾਫ਼ ?

ਸਿਰਫ਼ ਇੱਕ ਦਿਨ ਵਿੱਚ ਹੀ ਮੈਂ ਏਨੇ ਜ਼ਿਆਦਾ ਕੇਸ ਵੇਖ ਲਏ ਕਿ ਮੇਰਾ ਮਨ ਕਚਹਿਰੀ ਦੀ ਕਾਰਜ-ਪ੍ਰਣਾਲੀ ਤੋਂ ਦੁਖੀ ਹੋ ਗਿਆ।ਕਦੇ ਮੈਂ ਆਪਣੀ ਫਾਈਲ ਨੂੰ ਫ਼ਰੋਲ ਕੇ ਆਪਣੇ 'ਤੇ ਲੱਗੇ ਇਲਜ਼ਾਮਾਂ ਨੂੰ ਅਤੇ ਕਦੇ ਆਪਣੇ ਦਿੱਤੇ ਜਵਾਬ ਨੂੰ ਪੜ੍ਹਣ ਲੱਗ ਪੈਂਦਾ ਸਾਂ।ਕਦੇ ਮੈਨੂੰ ਆਪਣਾ ਦਿੱਤਾ ਜਵਾਬ ਬੜਾ ਹੀ ਮਜ਼ਬੂਤ ਅਤੇ ਸੱਚਾ ਲੱਗਣ ਲੱਗ ਪੈਂਦਾ ਸੀ ਅਤੇ ਕਈ ਵਾਰ ਲੱਗਦਾ ਕਿ ਅਗਲੇ ਵਕੀਲ ਨੇ ਪਤਾ ਨਹੀਂ ਕੀ ਸੱਪ ਕੱਢ ਮਾਰਨਾ ਏ ? ਉਸ ਦੀ ਘੁੰਡੀ ਕਿੰਨੀਂ ਮਜ਼ਬੂਤ ਹੋਵੇਗੀ ? ਫਿਰ ਸੋਚਦਾ ਕਿ ਕੋਈ ਨ੍ਹੀਂ ਆਪਣੇ ਵਾਲਾ ਵਕੀਲ ਕਿਹੜਾ ਘੱਟ ਆ।ਇਹ ਵੀ ਜਵਾਬ ਤਾਂ ਠੋਕਵਾਂ ਹੀ ਦੇਵੇਗਾ।ਇਹ ਵੀ ਕੋਈ ਨਾ ਕੋਈ ਸੱਪ ਤਾਂ ਕੱਢੇਗਾ ਈ।ਇੰਝ ਥੋੜ੍ਹਾ ਚੁੱਪ ਹੀ ਬੈਠਾ ਰਹੇਗਾ।ਫਿਰ ਇਹ ਸੋਚ ਕੇ ਆਪਣੇ ਆਪ ਹੀ ਹੱਸ ਪਿਆ ਕਿ ਇੰਝ ਸੱਪ ਕੱਢਦੇ-ਕੱਢਦੇ ਹੀ ਵਕੀਲ ਬੰਦੇ ਦੀ ਤਾਂ ਬੱਸ ਕਰਵਾਅ ਦਿੰਦੇ ਹੋਣਗੇ।

ਪੌਣੇ ਕੁ ਇੱਕ ਵਜੇ ਵਕੀਲ ਚੈਂਬਰ ਵਿੱਚ ਆ ਗਿਆ ਤੇ ਕੁਰਸੀ ਉੱਤੇ ਆ ਨਿਢਾਲ ਜਿਹਾ ਹੋ ਕੇ ਬੈਠ ਗਿਆ ਤੇ ਮੈਨੂੰ ਆਖਣ ਲੱਗਾ, "ਵੇਖ ਲਓ ਮਾਸਟਰ ਜੀ, ਸਾਡਾ ਵਕੀਲਾਂ ਦਾ ਹਾਲ।ਤੁਹਾਨੂੰ ਮੌਜ ਆ, ਜਾ ਕੇ ਕੁਰਸੀ ਉੱਤੇ ਬੈਠ ਜਾਂਦੇ ਓ ਤੇ ਆ ਜਾਂਦੇ ਓ।ਪੜ੍ਹਾਉਣਾ ਜਾਂ ਨਾ ਪੜ੍ਹਾਉਣਾ ਤੁਹਾਡੀ ਮਰਜ਼ੀ।"

ਵਕੀਲ ਦੀ ਹਾਲਤ ਵੇਖ ਕੇ ਇੱਕ ਵਾਰ ਤਾਂ ਮੈਨੂੰ ਲੱਗਾ ਕਿ ਵਾਕਿਆ ਹੀ ਵਕੀਲ ਦੀ ਗੱਲ ਠੀਕ ਹੈ ਕਿ ਸਾਨੂੰ ਏਨੀ ਭੱਜ ਨੱਠ ਨਹੀਂ ਕਰਨੀ ਪੈਂਦੀ ਪਰ ਫਿਰ ਇੱਕ ਪਲ਼ ਵਿੱਚ ਹੀ ਮੈਨੂੰ ਅਧਿਆਪਕਾਂ ਦੀ ਹੁੰਦੀ ਦੁਰਗ਼ਤੀ ਯਾਦ ਆ ਗਈ ਸੀ ਤੇ ਤੁਰੰਤ ਹੀ ਬੋਲ ਪਿਆ ਸਾਂ, "ਗੱਲ ਤਾਂ ਤੁਹਾਡੀ ਠੀਕ ਆ ਸ਼ਰਮਾ ਜੀ, ਪਰ ਤੁਹਾਨੂੰ ਹੋਰ ਤਰ੍ਹਾਂ ਦੇ ਫ਼ਿਕਰ ਨੇ ਤੇ ਸਾਨੂੰ ਹੋਰ ਤਰ੍ਹਾਂ ਦੇ।ਤੁਸੀਂ ਤਾਂ ਕੇਸ ਲੜਣਾ ਹੁੰਦਾ ਹੈ।ਤੁਹਾਡੇ ਦਿਮਾਗ਼ ਵਿੱਚ ਹੁੰਦੀ ਹੈ ਕਿ ਲਾਗੀਆਂ ਨੇ ਤਾਂ ਲਾਗ ਲੈਣਾ ਏ, ਭਾਂਵੇਂ ਜਾਂਦੀ ਰੰਡੀ ਹੋ ਜਾਏ ਪਰ ਸਾਡੇ ਮਹਿਕਮੇ ਵਿੱਚ ਹਰ ਬੰਦੇ ਨੂੰ ਪੂਰੀ ਸੇਵਾ-ਭਾਵਨਾ ਨਾਲ ਕੰਮ ਕਰਨਾ ਪੈਂਦਾ ਹੈ

ਤੇ ਜਿਹੜੀ ਖੱਜਲ-ਖੁਆਰੀ, ਬੇਲੋੜੀ ਰੋਜ਼ਮਰ੍ਹਾ ਦੀ ਡਾਕ ਅਤੇ ਜਿਹੜੇ ਹੋਰ ਫਜ਼ੂਲ ਜਿਹੇ ਕਾਗਜ਼ੀ ਕੰਮ ਸਾਡੇ ਤੋਂ ਲਏ ਜਾਂਦੇ ਹਨ, ਉਹਨਾਂ ਤੋਂ ਜੀਅ ਉਕਤਾਅ ਜਾਂਦਾ ਹੈ। ਨਹੀਂ ਤਾਂ ਸਾਡੇ ਮਹਿਕਮੇ ਵਰਗਾ ਕੋਈ ਮਹਿਕਮਾ ਹੈ ਹੀ ਨਹੀਂ।" ਮੇਰੇ ਬੋਲਦਿਆਂ ਉਹ ਮਿੰਨ੍ਹਾਂ ਮਿੰਨ੍ਹਾਂ ਜਿਹਾ ਮੁਸਕੁਰਾਉਂਦਾ ਰਿਹਾ ਸੀ।

"ਪਰ ਯਾਰ, ਤੁਸੀਂ ਪੜ੍ਹਾਉਂਦੇ ਕਿਉਂ ਨ੍ਹੀਂ ਜੁਆਕਾਂ ਨੂੰ ? ਜੇ ਲੋਕ ਪੜ੍ਹ ਜਾਣ ਤਾਂ ਅਦਾਲਤਾਂ ਦਾ ਕੰਮ ਅੱਧਾ ਰਹਿ ਜਾਵੇ ਤੇ ਲੋਕ ਵੀ ਸੌਖੇ ਹੋ ਜਾਣ ਭੋਰਾ।" ਵਕੀਲ ਨੇ ਮੈਨੂੰ ਟਾਂਚ ਜਿਹੀ ਲਾ ਕੇ ਆਖਿਆ।

"ਅਸੀਂ ਜ਼ਿਆਦਾ ਪੜ੍ਹਾਈ ਜਾਂਦੇ ਆਂ ਤਾਂ ਹੀ ਮੁਕੱਦਮੇ ਵਧੀ ਜਾਂਦੇ ਨੇ। ਆਹ ਮੇਰੇ ਵਾਲਾ ਮੁਕੱਦਮਾ ਪੜ੍ਹੇ ਲਿਖੇ ਬੰਦਿਆਂ ਦੇ ਮਨ ਦੀ ਹੀ ਕਾਰਸਤਾਨੀ ਹੈ। ਅਜੇ ਵੀ ਏਸ ਰੌਲ਼ੇ ਵਿੱਚ ਅਨਪੜ੍ਹ ਤੋਂ ਅਨਪੜ੍ਹ ਬੰਦਾ ਵੀ ਮੇਰੇ ਪੱਖ ਦੀ ਹਾਮੀ ਭਰ ਰਿਹਾ ਹੈ। ਇਹ ਤਾਂ ਪੜ੍ਹੀ-ਲਿਖੀ ਪੁਲਿਸ ਨੂੰ ਹੀ ਪਤਾ ਨ੍ਹੀਂ ਕੀ ਗੋਲ਼ੀ ਪੈ ਗਈ, ਜਿਸ ਨੂੰ ਸਚਾਈ ਮੂਲੋਂ ਹੀ ਦਿਸਣੋਂ ਹਟ ਗਈ।" ਮੈਂ ਬੜੇ ਹੀ ਗੁੱਸੇ ਜਿਹੇ ਨਾਲ ਬੋਲਿਆ ਸਾਂ।

"ਜੇ ਤੁਸੀਂ ਸ਼ੁਰੂ 'ਚ ਹੀ ਬੱਚੇ ਨੂੰ ਸੰਭਾਲ ਲਵੋ ਤਾਂ ਬੱਚਾ ਜ਼ਿੰਦਗੀ ਭਰ ਲਈ ਚੰਗੇ ਕੰਮ ਹੀ ਕਰੇਗਾ। ਗ਼ਲਤੀ ਕਿਤੇ ਨਾ ਕਿਤੇ ਤੁਹਾਡੀ ਵੀ ਹੈ।" ਵਕੀਲ ਨੇ ਮੈਨੂੰ ਦਲੀਲ ਦਿੰਦੇ ਹੋਏ ਆਖਿਆ।

"ਆਹ, ਐਸ.ਪੀ. ਆ ਨਾ ਆਪਣਾ। ਇਹ ਵੇਖਣ ਤੋਂ ਹੀ ਕਿਸੇ ਵੱਡੇ ਘਰ ਦਾ ਲੱਗਦਾ ਹੈ ਤੇ ਮੈਨੂੰ ਨ੍ਹੀਂ ਲੱਗਦਾ ਕਿ ਇਸ ਦੇ ਘਰਦਿਆਂ ਨੇ ਇਸ ਦੇ ਪਾਲਣ ਪੋਸ਼ਣ ਜਾਂ ਪੜ੍ਹਾਈ ਵਿੱਚ ਕੋਈ ਘਾਟ ਛੱਡੀ ਹੋਵੇਗੀ ਕਿ ਇਹ ਦੁਨੀਆਂ ਦਾ ਮਹਾਨ ਬੰਦਾ ਨਾ ਬਣੇ। ਇਸ ਨੂੰ ਹਰ ਚੰਗੇ ਬੰਦੇ ਦਾ ਜੀਵਨ ਰਟਿਆ ਪਿਆ ਹੋਵੇਗਾ, ਪਰ ਇਹ ਕੰਜਰ, ਮਹਿਕਮੇ ਹੀ ਅਜਿਹੇ ਵਿੱਚ ਆ ਗਿਆ ਕਿ ਜਿੱਥੇ ਲੋਕਾਂ ਨੂੰ ਦੁੱਖ ਦੇ ਕੇ ਹੀ ਖੁਸ਼ੀ ਮਿਲਦੀ ਹੈ।" ਮੈਂ ਉਸ ਨੂੰ ਨਿਰੋਲ ਅਤੇ ਪੱਕੀ ਉਦਾਹਰਣ ਦਿੰਦੇ ਹੋਏ ਆਖਿਆ।

"ਹਾਂ ਯਾਰ, ਇਹ ਗੱਲ ਤਾਂ ਤੇਰੀ ਸਹੀ ਐ। ਜਿੰਨੀ ਜ਼ਿਆਦਾ ਸਿੱਖਿਆ ਦਾ ਪ੍ਰਸਾਰ ਹੋ ਰਿਹਾ ਹੈ, ਓਨੇ ਹੀ ਕੇਸ ਵਧੀ ਜਾ ਰਹੇ ਨੇ। ਨਹੀਂ ਤਾਂ ਤੇਰੇ ਵਾਲਾ ਮਸਲਾ ਦੋ ਮਿੰਟ ਵਿੱਚ ਹੀ ਹੱਲ ਹੋਣ ਵਾਲਾ ਸੀ। ਪਰ ਜੇ ਇਹ ਮੁਕੱਦਮੇ ਅਦਾਲਤਾਂ ਵਿੱਚ ਨਾ ਆਉਣ ਤਾਂ ਸਾਡੀ ਰੋਟੀ ਦਾ ਜੁਗਾੜ ਕਿਵੇਂ ਹੋਵੇ ?" ਉਹ ਮਾੜਾ ਜਿਹਾ ਮੁਸਕੁਰਾਅ ਕੇ ਬੋਲਿਆ। ਇੰਝ ਲੱਗ ਰਿਹਾ ਸੀ ਜਿਵੇਂ ਉਸ ਨੇ ਆਪਣੇ ਕਿੱਤੇ 'ਤੇ ਹੀ ਵਿਅੰਗ ਕੀਤਾ ਹੋਵੇ।

"ਮੇਰੀ ਗੱਲ ਵੀ ਸਹੀ ਐ ਕਿ ਨਹੀਂ ?" ਮੈਂ ਕਿਹਾ।

"ਯਾਰ, ਸਿੱਖਿਆ ਤਾਂ ਆ ਗਈ ਪਰ ਆਪਣੇ ਲੋਕਾਂ ਵਿੱਚ ਨੈਤਿਕਤਾ

ਨਹੀਂ ਆਈ ਤੇ ਨਾ ਹੀ ਸਮਝ ਆਈ ਆ।ਨਾ ਹੀ ਅਜੇ ਕੋਈ ਉਮੀਦ ਲਗਦੀ ਹੈ।" ਉਹ ਮੇਰੀ ਗੱਲ ਨਾਲ ਸਹਿਮਤ ਹੋ ਗਿਆ ਲਗਦਾ ਸੀ ਅਤੇ ਫਿਰ ਦਰਾਜ ਫ਼ਰੋਲਦਾ ਹੋਇਆ ਬੋਲਿਆ, "ਰੋਟੀ ਖਾਵੇਂਗਾ?"

"ਨਹੀਂ, ਮੈਨੂੰ ਅਜੇ ਭੁੱਖ ਨਹੀਂ। ਮੈਂ ਪੇਸ਼ੀ ਤੋਂ ਬਾਅਦ ਹੀ ਕੁਝ ਖਾਵਾਂਗਾ।" ਮੈਂ ਉਸ ਨੂੰ ਠਰੰਮੇ ਨਾਲ ਉੱਤਰ ਦਿੱਤਾ।

ਜਦ ਉਸ ਨੇ ਆਪਣੇ ਦਰਾਜ ਵਿੱਚੋਂ ਪੋਣੇ 'ਚ ਬੱਝੀਆਂ ਦੋ ਰੋਟੀਆਂ ਅਤੇ ਅਚਾਰ ਕੱਢਿਆ ਤਾਂ ਮੇਰੀਆਂ ਅੱਖਾਂ ਹੀ ਟੱਡੀਆਂ ਰਹਿ ਗਈਆਂ।'ਇੱਕ ਵਕੀਲ ਹੋ ਕੇ ਅਚਾਰ ਨਾਲ ਰੋਟੀ ?' ਮੇਰੇ ਲਈ ਇਹ ਨਜ਼ਾਰਾ ਵੇਖਣਾ ਜਾਣੋਂ ਅੱਠਵਾਂ ਅਜੂਬਾ ਵੇਖਣ ਵਾਲੀ ਗੱਲ ਸੀ।ਉਸ ਨੇ ਮੇਜ਼ ਦੇ ਉੱਤੇ ਪੋਣਾ ਧਰ ਕੇ ਦੋਵੇਂ ਰੋਟੀਆਂ ਆਪਣੇ ਖੱਬੇ ਹੱਥ 'ਤੇ ਟਿਕਾਅ ਲਈਆਂ ਤੇ ਸੱਜੇ ਹੱਥ ਨਾਲ ਬੁਰਕੀ ਤੋੜ ਕੇ ਅਚਾਰ ਉੱਤੇ ਘਸਾਅ ਕੇ ਮੂੰਹ ਵਿੱਚ ਪਾਉਣੀ ਸ਼ੁਰੂ ਕਰ ਦਿੱਤੀ।

ਉਹ ਬੁਰਕੀ ਨੂੰ ਹੌਲ਼ੀ-ਹੌਲ਼ੀ ਚਬਾਅ ਰਿਹਾ ਸੀ ਪਰ ਮੇਰਾ ਮਨ ਹਨੇਰੇ ਵਿੱਚ ਭਟਕਣ ਲੱਗ ਪਿਆ ਸੀ।'ਵਕੀਲਾਂ ਦੀ ਏਨੀ ਮਾੜੀ ਹਾਲਤ ? ਵੱਡੀਆਂ ਗੱਡੀਆਂ, ਮਹਿੰਗੇ ਸ਼ੌਕ, ਮਹਿੰਗੇ ਮੋਬਾਈਲ' ਆਦਿਕ ਬਾਰੇ ਤੇ ਸਾਹਮਣੇ ਬੈਠੇ ਵਕੀਲ ਦੀ ਅਸਲੀਅਤ ਬਾਰੇ ਸੋਚ ਕੇ ਮੈਨੂੰ ਆਪਣਾ ਮਹਿਕਮਾ ਚੰਗਾ ਲੱਗਣ ਲੱਗ ਪਿਆ ਸੀ।ਮੈਂ ਸੋਚੀਂ ਪੈ ਗਿਆ ਕਿ ਮਾਸਟਰ ਲੱਗ ਕੇ ਕਿਸੇ ਵੀ ਬੰਦੇ ਦੀ ਪਿੱਠ ਬਿਰਲੇ-ਟਾਟੇ ਨਾਲ ਤਾਂ ਬੇਸ਼ੱਕ ਨ੍ਹੀਂ ਲੱਗ ਜਾਂਦੀ ਪਰ ਉਹ ਰੋਟੀ ਤਾਂ ਚੱਜ ਦੀ ਖਾਣ ਲੱਗ ਹੀ ਪੈਂਦਾ ਹੈ।ਇੱਥੇ ਸ਼ਹਿਰ ਦਾ ਇੱਕ ਨਾਮੀ ਵਕੀਲ ਅੰਬ ਦੇ ਅਚਾਰ ਉੱਤੇ ਰੋਟੀ ਘਸਾ-ਘਸਾ ਕੇ ਖਾ ਰਿਹਾ ਹੈ।

ਮੈਂ ਬਾਹਰ ਵੱਲ ਝਾਕਣ ਦਾ ਨਾਟਕ ਕਰ ਰਿਹਾ ਸਾਂ ਐਪਰ ਮੇਰਾ ਸਾਰਾ ਧਿਆਨ ਉਸ ਵੱਲ ਹੀ ਸੀ।

ਪਾਣੀ ਦੀ ਬੋਤਲ ਵਿੱਚੋਂ ਸਿਰਫ਼ ਇੱਕ ਘੁੱਟ ਭਰ ਕੇ ਅੰਦਰ ਲੰਘਾਅ, ਉਸ ਨੇ ਮੈਨੂੰ ਬੜੇ ਹੀ ਸਕੂਨ ਨਾਲ ਆਖਿਆ, "ਹਾਂ, ਹੁਣ ਗੱਲ ਕਰ, ਯਾਰ।ਟਿਕਾਅ ਕੇ ਪੇਟ ਪੂਜਾ ਕਰ ਲਈ ਹੈ।ਜਿਵੇਂ ਕਹਿੰਦੇ ਹੁੰਦੇ ਨੇ, ਪੇਟ ਪਈਆਂ ਰੋਟੀਆਂ ਸਭੇ ਗੱਲਾਂ ਮੋਟੀਆਂ।" ਇਹ ਕਹਿੰਦਿਆਂ ਉਸ ਨੇ ਆਪਣੇ ਢਿੱਡ 'ਤੇ ਪੋਲਾ ਜਿਹਾ ਹੱਥ ਫੇਰਿਆ।

ਉਸ ਦੇ ਬੋਲਾਂ ਅਤੇ ਉਸ ਦੀ ਸ਼ਰੀਰਕ ਭਾਸ਼ਾ ਤੋਂ ਮੈਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਉਹ ਬਿਲਕੁਲ ਟਹਿਕਰੇ 'ਚ ਹੋ ਚੁੱਕਾ ਹੈ ਅਤੇ ਮੇਰੇ ਨਾਲ ਗੱਲਬਾਤ ਕਰਨ ਦੇ ਰੌਂਅ ਵਿੱਚ ਆ ਗਿਆ ਹੈ।

ਅੰਦਰੋਂ ਤਾਂ ਮੈਂ 'ਕਾਮਰੇਡਾਂ ਦੇ ਵਕੀਲ' ਤੋਂ ਡਰ ਚੁੱਕਾ ਸਾਂ ਤੇ ਹੋਰ ਕਿਸੇ ਵੀ ਬਹਿਸ ਵਿੱਚ ਨਹੀਂ ਪੈਣਾ ਚਾਹੁੰਦਾ ਸਾਂ ਪਰ ਉੱਪਰਲੇ ਮਨੋਂ ਹੀ ਆਖਿਆ,

‘‘ਅੱਧੀ ਛੁੱਟੀ ਸਾਡੇ ਸਕੂਲ ਆ ਜਿਆ ਕਰੋ, ਅਸੀਂ ਤੁਹਾਨੂੰ ਮਿੱਡ-ਡੇ-ਮੀਲ ਖੁਆ ਦਿਆ ਕਰਾਂਗੇ। ਉਹ ਵੀ ਗ਼ਰੀਬ ਜੁਆਕਾਂ ਲਈ ਹੀ ਬਣਦਾ ਏ, ਜੇ ਇੱਕ ਗ਼ਰੀਬ ਵਕੀਲ ਖਾ ਜਾਵੇਗਾ ਤਾਂ ਉੱਥੇ ਕੀ ਲੋਹੜਾ ਪੈ ਜਾਣੈ।’’

‘‘ਆ ਤਾਂ ਮੈਂ ਜਾਇਆ ਕਰਾਂਗਾ ਪਰ ਇੱਕ ਬੰਦੇ ਨੂੰ ਮਿੱਡ-ਡੇ-ਮੀਲ ਵਿੱਚ ਵੱਧ ਵਾੜਣ ਦਾ ਮਤਲਬ ਹੈ ਕਿ ਤੁਸੀਂ ਹਰ ਬੱਚੇ ਦੀ ਥਾਲੀ ਵਿੱਚੋਂ ਕੁਝ ਨਾ ਕੁਝ ਹਿੱਸਾ ਚੁੱਕ ਕੇ ਮੈਨੂੰ ਪਰੋਸੋਗੇ। ਇੱਕ ਤਾਂ ਇਹ ਕਾਨੂੰਨ ਦੀ ਉਲੰਘਣਾ ਹੈ ਦੂਜਾ ਮੈਂ ਤਾਂ ਕਿਸੇ ਦਾ ਹੱਕ ਨਾ ਮਾਰਨ ਦੀ ਸੌਂਹ ਖਾਧੀ ਹੋਈ ਆ। ਇਸ ਲਈ ਮੈਂ ਗ਼ਰੀਬ ਬੱਚਿਆਂ ਦੇ ਹਿੱਸੇ ਦੀ ਰੋਟੀ ਨਹੀਂ ਖਾ ਸਕਦਾ। ਉਹਨਾਂ ਦਾ ਕੁਝ ਹਿੱਸਾ ਖਾਣਾ ਤਾਂ ਮੇਰੇ ਲਈ ਗ਼ੈਰ-ਕਾਨੂੰਨੀ ਅਤੇ ਗਾਂ ਜਾਂ ਸੂਰ ਖਾਣ ਦੇ ਬਰਾਬਰ ਹੀ ਹੋਵੇਗਾ। ਇਸ ਲਈ ਮੈਂ ਤੁਹਾਡੇ ਸਕੂਲ ਕੇਵਲ ਮਿੱਡ-ਡੇ-ਮੀਲ ਖਾਣ ਲਈ ਹੀ ਨ੍ਹੀਂ ਆ ਸਕਦਾ।’’ ਉਸ ਨੇ ਆਪਣੀ ਕਾਨੂੰਨੀ ਅਤੇ ਅਸੂਲੀ ਭਾਸ਼ਾ ਵਿੱਚ ਮੈਨੂੰ ਉੱਤਰ ਦਿੱਤਾ।

‘‘ਤੁਸੀਂ ਆਪਣੇ ਘਰ ਮਿਣ ਕੇ ਰੋਟੀਆਂ ਪਕਾਉਂਦੇ ਹੋ ਕਿ ਗਿਣ ਕੇ ?’’ ਮੈਂ ਸਿੱਧਾ ਸਵਾਲ ਕੀਤਾ।

‘‘ਨਾ ਕਦੇ ਕੁਝ ਮਿਣਿਆ ਤੇ ਨਾ ਹੀ ਗਿਣਿਆ ਹੈ।’’ ਵਕੀਲ ਨੇ ਆਖਿਆ।

‘‘ਵੈਰੀ ਗੁੱਡ। ਜਦ ਸਾਡੇ ਦੇਸ਼ ਅਤੇ ਸਮਾਜ ਵਿੱਚ ਗਿਣ-ਮਿਣ ਕੇ ਆਟਾ ਗੁੰਨਣ ਅਤੇ ਦਾਲ-ਸਬਜ਼ੀ ਪਕਾਉਣ ਦਾ ਰਿਵਾਜ਼ ਹੀ ਨਹੀਂ ਹੈ ਤਾਂ ਫਿਰ ਸਾਡੇ ਮਹਿਕਮੇ ਨੂੰ ਕਿਉਂ ਇਹਨਾਂ ਗਿਣਤੀਆਂ-ਮਿਣਤੀਆਂ ਵਿੱਚ ਉਲਝਾਇਆ ਜਾ ਰਿਹਾ ਹੈ ? ਜਦ ਚੁੱਲ੍ਹੇ ਪੱਕਦੀ ਰੋਟੀ ’ਤੇ ਦੋ-ਚਾਰ ਪ੍ਰਾਹੁਣੇ ਆ ਜਾਣ ਤਾਂ ਸਾਡੇ ਸਮਾਜ ਵਿੱਚ ਕੋਈ ਮੱਥੇ ਵੱਟ ਨਹੀਂ ਪਾਉਂਦਾ। ਫਿਰ ਸਰਕਾਰੀ ਤੌਰ ’ਤੇ ਕਿਸੇ ਇੱਕ ਵੀ ਮਹਿਮਾਨ ਦੀਆਂ ਬੁਰਕੀਆਂ ਗਿਣਨ ਲਈ ਮਾਸਟਰ ਹੀ ਕਿਉਂ ਲਗਾਏ ਜਾਂਦੇ ਨੇ। ਜਦ ਸਰਕਾਰ ਨੇ ਆਖ ਹੀ ਦਿੱਤਾ ਹੈ ਕਿ ਭੁੱਖੇ ਬੱਚਿਆਂ ਨੂੰ ਰਜਾਉਣਾ ਹੈ ਫੇਰ ਅੰਨ ਦੇ ਦਿਓ ਤੇ ਉਸ ਦਾ ਗਰਾਮਾਂ-ਗਰੂਮਾਂ ’ਚ ਹਿਸਾਬ ਮੰਗਣ ਦੀ ਕੀ ਤੁਕ ਹੋਈ ? ਚਲੋ, ਬੱਚਿਆਂ ਦੇ ਹਿਸਾਬ ਨਾਲ ਮਹੀਨੇ ਦਾ ਮੰਗ ਲੈਣ ਇਹ ਕੀ ਹੋਇਆ ਕਿ ਹਰ ਦਿਨ ਦੀਆਂ ਬੁਰਕੀਆਂ ਦਾ ਹੀ ਹਿਸਾਬ ਦੇਈ ਜਾਓ। ਦੱਸੋ, ਆਪਣੇ ਘਰਾਂ ਵਿੱਚ ਆਪਾਂ ਤੋਲ ਕੇ ਆਟਾ ਗੁੰਨ੍ਹਦੇ ਆਂ।’’ ਮੈਂ ਭਾਵੁਕ ਹੋਇਆ ਵਕੀਲ ਨੂੰ ਇਸ ਤਰ੍ਹਾਂ ਦੇ ਕਈ ਸਵਾਲ ਕਰ ਗਿਆ ਕਿ ਜਿਵੇਂ ਉਹ ਹੀ ਤੋਲ਼ਾ ਤੋਲ਼ਾ ਕਣਕ ਚੌਲਾਂ ਦਾ ਹਿਸਾਬ ਮੰਗ ਰਿਹਾ ਹੋਵੇ।

‘‘ਗੱਲ ਤਾਂ ਤੇਰੀ ਸੋਲਾਂ ਆਨੇ ਸੱਚੀ ਹੈ ਪਰ ਜਿਸ ਦਿਨ ਕਾਨੂੰਨੀ ਚੱਕਰ ਵਿੱਚ ਫਸ ਗਿਆ ਨਾ ਪੁੱਤ, ਤੂੰ ਤਾਂ ਆਪ ਹੀ ਮੰਨੇਂਗਾ ਕਿ ਦੋ ਗਰਾਮ ਮੈਂ ਉਸ

ਬੰਦੇ ਨੂੰ ਖਵਾਏ ਸੀ ਤੇ ਤਿੰਨ ਗਰਾਮ ਮੈਂ ਆਪ ਵੀ ਖਾਧੇ ਸੀ।" ਆਖਦਾ ਹੋਇਆ ਵਕੀਲ ਇਸ ਤਰ੍ਹਾਂ ਤਾੜੀ ਮਾਰ ਕੇ ਹੱਸਣ ਲੱਗ ਪਿਆ ਜਿਵੇਂ ਉਸ ਨੇ ਕਿਸੇ ਚੋਰ ਨੂੰ ਰੰਗੇ ਹੱਥੀਂ ਪਾੜ ਵਿੱਚੋਂ ਫੜ ਲਿਆ ਹੋਵੇ।

ਉਸ ਦੇ ਇੱਕਦਮ ਹੱਸੇ ਨਕਲੀ ਹਾਸੇ ਤੋਂ ਮੈਂ ਡਰ ਗਿਆ ਸਾਂ ਤੇ ਮੈਨੂੰ ਉਹ ਜ਼ਿਲ੍ਹਾ ਸਿੱਖਿਆ ਅਧਿਕਾਰੀ ਵੀ ਯਾਦ ਆਉਣ ਲੱਗ ਪਿਆ ਜਿਹੜਾ ਆਪਣੀ ਕਾਰ ਵਿੱਚ ਇੱਕ ਫਰਸ਼ੀ ਕੰਡਾ ਰੱਖਦਾ ਹੁੰਦਾ ਸੀ ਤੇ ਕਿਸੇ ਨਾ ਕਿਸੇ ਸਕੂਲ 'ਤੇ ਛਾਪਾ ਮਾਰ ਕੇ ਆਪਣੇ ਹੱਥੀਂ ਦੁਪਹਿਰ ਦੇ ਖਾਣੇ ਦਾ ਰਾਸ਼ਨ ਤੋਲਦਾ ਹੁੰਦਾ ਸੀ। ਥੋੜ੍ਹਾ ਬਹੁਤਾ ਰਾਸ਼ਨ ਵੀ ਘੱਟ-ਵੱਧ ਨਿਕਲਣ 'ਤੇ ਮਿੱਡ-ਡੇ-ਮੀਲ ਇੰਚਾਰਜ ਅਤੇ ਸਕੂਲ ਮੁਖੀ ਨੂੰ ਉੱਥੇ ਬੈਠਾ ਹੀ ਮੁਅੱਤਲ ਕਰ ਦਿੰਦਾ ਸੀ। ਪਰ ਸਾਡੇ ਦੇਸ਼ ਦੀ ਬਦ-ਕਿਸਮਤੀ ਵੇਖੋ ਕਿ ਉਸ ਦੇ ਕਾਰਜ-ਕਾਲ ਦੌਰਾਨ ਹੀ ਇੱਕ ਆਦਰਸ਼ ਸਕੂਲ ਦਾ ਮਾਲਕ ਇਸ ਸਕੂਲ ਦੇ ਵਿਦਿਆਰਥੀਆਂ ਨੂੰ ਦਿੱਤਾ ਜਾਣ ਵਾਲਾ ਖਾਣਾ ਆਪਣੇ ਨਿੱਜੀ ਕਾਲਜ ਦੇ ਹੋਸਟਲ ਵਿੱਚ ਰਹਿੰਦੇ ਵਿਦਿਆਰਥੀਆਂ ਨੂੰ ਪਹੁੰਚਾਉਂਦਾ ਫੜਿਆ ਗਿਆ ਸੀ, ਐਪਰ ਇੱਕ ਮੰਤਰੀ ਦੇ ਇੱਕੋ ਫ਼ੋਨ ਨਾਲ ਹੀ ਇਸ ਅਧਿਕਾਰੀ ਨੇ ਕਈ ਮਣਾਂ ਦੇ ਫ਼ਰਕ ਵਾਲੇ ਉਸ ਬੰਦੇ ਨੂੰ ਆਪਣੀ ਰਿਪੋਰਟ ਵਿੱਚ ਨਿਰਦੋਸ਼ ਸਾਬਤ ਕਰ ਦਿੱਤਾ ਸੀ। ਇਸ ਬਾਰੇ ਸੋਚਦਿਆਂ ਹੀ ਮੇਰੇ ਮੂੰਹੋਂ ਅਚਾਨਕ ਨਿਕਲ ਗਿਆ, "ਤੁਸੀਂ ਏਥੇ ਹੀ ਖਾਈ ਚੱਲੋ, ਜਨਾਬ, ਅੰਬ ਦੇ ਅਚਾਰ ਨਾਲ ਰੋਟੀਆਂ। ਐਵੇਂ ਸਾਨੂੰ ਕੋਈ ਵਖ਼ਤ ਨਾ ਪਾ ਦਿਆ ਜੇ। ਅਸੀਂ ਨ੍ਹੀਂ ਗ਼ਰੀਬ ਬੱਚਿਆਂ ਦੇ ਰਾਸ਼ਨ ਵਿੱਚ ਕੋਈ ਹੇਰਾ ਫੇਰੀ ਕਰਦੇ। ਜਿੰਨਾਂ ਸਰਕਾਰ ਦੇਈ ਜਾਂਦੀ ਹੈ, ਓਨਾ ਵਰਤਾਈ ਜਾਂਦੇ ਹਾਂ। ਅੱਲਾ ਅੱਲਾ ਤੇ ਖ਼ੈਰ ਸੱਲਾ।"

ਮੇਰਾ ਜਵਾਬ ਸੁਣ ਕੇ ਉਹ ਉੱਚੀ-ਉੱਚੀ ਹੱਸਣ ਲੱਗ ਪਿਆ ਤੇ ਆਖਣ ਲੱਗਾ, "ਕਿਉਂ ? ਵਕੀਲ ਨੂੰ ਸਰਕਾਰੀ ਰੋਟੀ ਖੁਆ ਕੇ ਜਾਤੀ ਕੰਮ ਲੈਣ ਨੂੰ ਫਿਰਦਾ ਸੀ ?" ਉਹ ਵਿਅੰਗ ਕਰਦਾ ਹੋਇਆ ਬੋਲਿਆ।

ਅਣਜਾਣੇ ਵਿੱਚ ਹੀ ਮੈਂ ਕਾਨੂੰਨ ਦੀ ਇਸ ਘੁੰਡੀ ਨੂੰ ਅਤੇ ਪੇਚੀਦਗੀ ਨੂੰ ਸਮਝ ਚੁੱਕਾ ਸਾਂ। ਮੈਨੂੰ ਵਕੀਲ ਦੀ ਪਹਿਲੀ ਤਾਰੀਕ ਵਾਲੀ ਗੱਲ ਵੀ ਸਮਝ ਆ ਚੁੱਕੀ ਸੀ ਕਿ ਅਦਾਲਤ ਵਿੱਚ ਕੇਸ ਨਾਲ ਸਬੰਧਤ ਗੱਲ ਹੀ ਕੀਤੀ ਜਾ ਸਕਦੀ ਹੈ ਤੇ ਏਥੇ ਸਮਾਜ ਵਿੱਚ ਹੋਣ ਜਾਂ ਵਾਪਰਣ ਵਾਲੀ ਸਧਾਰਨ ਜਿਹੀ ਘਟਨਾ ਖਾਸ ਸਮਝੀ ਜਾਂਦੀ ਹੈ ਤੇ ਸਮਾਜ ਲਈ ਖਾਸ ਘਟਨਾ ਇੱਥੇ ਆਮ ਬਣ ਕੇ ਰਹਿ ਜਾਂਦੀ ਹੈ।

"ਤੁਹਾਡੀ ਵਕੀਲਾਂ ਵਾਲੀ ਘੁੰਡੀ ਵਿੱਚ ਤਾਂ ਮੈਂ ਆਪਣੇ ਆਪ ਹੀ ਫਸ ਗਿਆ ਹਾਂ ਜੀ। ਚਲੋ, ਫਿਰ ਵੀ ਆ ਜਾਇਓ ਕਿਸੇ ਦਿਨ, ਅਸੀਂ ਆਪਣੇ ਸਟਾਫ਼ ਦੁਆਰਾ ਲਿਆਂਦੇ ਗਏ ਖਾਣੇ ਵਿੱਚੋਂ ਹੀ ਤੁਹਾਨੂੰ ਖੁਆ ਦੇਵਾਂਗੇ ਪਰ

ਅੰਬ ਦੇ ਅਚਾਰ ਨਾਲ ਨ੍ਹੀਂ ਖੁਆਉਂਦੇ।" ਮੈਂ ਹੱਸਦੇ ਹੋਏ ਨੇ ਆਖਿਆ।

"ਪੁੱਤ, ਤੂੰ ਮੇਰੇ ਬੱਚਿਆਂ ਵਰਗਾ ਹੀ ਏਂ, ਤੇਰਾ ਯੋਧਾ ਚਾਚਾ ਮੇਰਾ ਪੱਕਾ ਆੜੀ ਸੀ।ਏਸੇ ਕਰਕੇ ਆਖ ਰਿਹਾਂ, ਇਹ ਅਦਾਲਤਾਂ ਨੇ, ਤੂੰ ਕਾਨੂੰਨੀ ਪੇਚੀਦਗੀਆਂ ਨੂੰ ਨਹੀਂ ਸਮਝ ਸਕਦਾ।ਇੱਥੇ ਤਾਂ ਜੇ ਘੋੜੇ ਕੋਲ ਵੀ ਸਬੂਤ ਨਹੀਂ ਕਿ ਉਹ ਘੋੜਾ ਹੈ ਤੇ ਵਿਰੋਧੀ ਕੋਲ ਸਿਰਫ਼ ਇੱਕ ਅਰਜ਼ੀ ਹੈ ਕਿ ਇਹ ਘੋੜਾ, ਘੋੜਾ ਨਹੀਂ ਹੈ ਸਗੋਂ ਇੱਕ ਗਧਾ ਹੈ ਤਾਂ ਅਦਾਲਤ ਨੇ ਤਾਂ ਉਸ ਘੋੜੇ ਨੂੰ ਅੱਖੀਂ ਵੇਖਦੇ ਹੋਏ ਵੀ ਸਬੂਤਾਂ ਦੀ ਘਾਟ ਕਾਰਨ ਗਧਾ ਹੀ ਐਲਾਨ ਦੇਣਾ ਹੈ।ਤੂੰ ਮੇਰੀ ਰੋਟੀ ਤੇ ਅਚਾਰ ਦਾ ਮਜ਼ਾਕ ਉਡਾਉਂਦਾ ਸੀ ਨਾ।ਜਿੰਨੇ ਚੈਨ ਨਾਲ ਮੈਂ ਰੋਟੀ ਖਾਂਦਾ ਹਾਂ, ਏਨੇ ਚੈਨ ਨਾਲ ਤਾਂ ਮੁੱਖ ਮੰਤਰੀ ਵੀ ਨਹੀਂ ਖਾ ਸਕਦਾ।" ਵਕੀਲ ਨੇ ਇਹ ਗੱਲ ਮੇਰੇ ਗਿੱਟਿਆਂ 'ਤੇ ਦੇ ਮਾਰੀ।

ਹਾਸੇ ਠੱਠੇ ਵਾਲੀਆਂ ਗੱਲਾਂ ਕਰਦਿਆਂ ਸਾਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਪੂਰਾ ਘੰਟਾ ਬੀਤ ਗਿਆ।ਮੇਰਾ ਲਿਫ਼ਾਫ਼ਾ ਚੁੱਕਦਾ ਹੋਇਆ ਵਕੀਲ ਬੋਲਿਆ, "ਚੱਲੀਏ, ਪਤਾ ਕਰੀਏ, ਕੀ ਸਥਿੱਤੀ ਐ ?"

"ਚੱਲੋ ਜੀ।" ਮੈਂ ਜਲਦੀ ਨਾਲ ਉੱਠ ਖੜ੍ਹਾ ਹੋਇਆ ਤੇ ਅਸੀਂ ਜੱਜ ਦੇ ਕਮਰੇ ਵੱਲ ਨੂੰ ਤੁਰ ਪਏ।ਰਾਹ ਵਿੱਚ ਜਾਂਦਿਆਂ ਮੈਂ ਸੋਚ ਰਿਹਾ ਸਾਂ ਕਿ ਅੱਜ ਭਾਵੇਂ ਕੁਝ ਵੀ ਹੋ ਜਾਵੇ ਮੈਂ ਜੱਜ ਨੂੰ ਸਾਰੀ ਸਚਾਈ ਬਿਆਨ ਕਰ ਹੀ ਦੇਣੀ ਹੈ।ਮੇਰੇ ਸੱਚ ਬੋਲਣ ਨਾਲ ਘੱਟੋ-ਘੱਟ ਜੱਜ ਨੂੰ ਅਸਲੀਅਤ ਤਾਂ ਪਤਾ ਲੱਗ ਹੀ ਜਾਵੇਗੀ।ਨਾਲੇ ਮੇਰੇ ਬੋਲਣ ਨਾਲ ਜੱਜ ਨੂੰ ਇਹ ਵੀ ਨਹੀਂ ਲੱਗੇਗਾ ਕਿ ਵਕੀਲ ਨੂੰ ਕੁਝ ਨਹੀਂ ਆਉਂਦਾ।ਵਕੀਲ ਕੇਸ ਨਾਲ ਸਬੰਧਤ ਗੱਲਾਂ ਦੱਸੀ ਜਾਵੇਗਾ ਤੇ ਮੈਂ ਕੇਸ ਦੀ ਸਾਰੀ ਪਿੱਠ-ਭੂਮੀ ਅਤੇ ਗੁਰਨੇਕ ਦੇ ਨਜਾਇਜ਼ ਕਬਜ਼ੇ ਬਾਰੇ ਜਾਣਕਾਰੀ ਦੇ ਦੇਵਾਂਗਾ।ਜੱਜ ਮੈਨੂੰ ਵੱਧ ਤੋਂ ਵੱਧ ਇਹ ਹੀ ਆਖ ਦੇਵੇਗੀ ਕਿ ਗੱਲ, ਕੇਸ ਨਾਲ ਸਬੰਧਤ ਹੀ ਕਰੋ।ਮੈਂ ਅਣਜਾਣ ਜਿਹਾ ਬਣ ਕੇ ਚੁੱਪ ਕਰ ਜਾਵਾਂਗਾ।

ਅਸੀਂ ਜੱਜ ਦੇ ਕਮਰੇ ਵਿੱਚ ਪੁੱਜ ਗਏ ਤੇ ਆਪਣੀ ਵਾਰੀ ਦੀ ਉਡੀਕ ਕਰਨ ਲੱਗ ਪਏ।ਪਹਿਲੇ ਦੋ ਵਕੀਲਾਂ ਦੀ ਬਹਿਸ ਖ਼ਤਮ ਹੋ ਗਈ ਤਾਂ ਜੱਜ ਨੇ ਇਸ਼ਾਰੇ ਨਾਲ ਸਾਨੂੰ ਕੋਲ ਸੱਦ ਲਿਆ ਤੇ ਕੇਸ ਦਾ ਨਾਮ ਪੁੱਛਿਆ।

"ਗੁਰਨੇਕ ਸਿੰਘ ਬਨਾਮ ਕ੍ਰਿਸ਼ਨ ਪ੍ਰਤਾਪ।" ਵਕੀਲ ਨੇ ਆਖਿਆ।

ਜੱਜ ਨੇ ਆਪਣੇ ਕੋਲ ਪਈ ਮਿਸਲ ਨੂੰ ਵੇਖਦਿਆਂ ਬਿਨਾਂ ਕੁਝ ਸੁਣੇ ਪੁੱਛੇ ਅਗਲੀ ਤਾਰੀਕ ਦੇ ਦਿੱਤੀ।

"ਚੱਲੋ।" ਵਕੀਲ ਪਿੱਛੇ ਨੂੰ ਮੁੜਦਾ ਹੋਇਆ ਮੈਨੂੰ ਸੰਬੋਧਿਤ ਹੁੰਦਾ ਬੋਲਿਆ।

ਮੇਰਾ ਦਿਲ ਹੀ ਟੁੱਟ ਗਿਆ ਸੀ।ਮੈਂ ਬੜੇ ਹੀ ਬੋਝਲ ਜਿਹੇ ਕਦਮਾਂ ਨਾਲ

ਕਮਰੇ 'ਚੋਂ ਬਾਹਰ ਆ ਰਿਹਾ ਸਾਂ। ਸੋਚ ਰਿਹਾ ਸਾਂ, 'ਇਹ ਕੀ ਮਤਲਬ ਹੋਇਆ ਕਿ ਝੱਟ ਹੀ ਅਗਲੀ ਤਾਰੀਕ ਦਾ ਫ਼ੈਸਲਾ ਦੇ ਦੇਵੋ। ਮੇਰੀ ਸਾਰੀ ਦਿਹਾੜੀ ਦੀ ਕੀਤੀ ਹੋਈ ਉਡੀਕ ਬੇਕਾਰ ਚਲੀ ਗਈ ਸੀ। ਮੈਂ ਇਕੱਲਾ ਜੱਜ ਨੂੰ ਸਾਰੀ ਅਸਲੀਅਤ ਬਿਆਨ ਨਹੀਂ ਕਰ ਸਕਦਾ ਸਾਂ।

"ਇਹਨੇ ਆਪਾਂ ਨੂੰ ਤਾਰੀਕ ਕਿਉਂ ਦੇ ਦਿੱਤੀ ? ਘੱਟੋ-ਘੱਟ ਕੁਝ ਦੱਸ-ਪੁੱਛ ਤਾਂ ਲੈਂਦੀ।" ਮੈਂ ਨਿਰਾਸ਼ ਬੋਲੀਂ ਵਕੀਲ ਨੂੰ ਆਖਿਆ।

"ਕਾਨੂੰਨ ਮੁਤਾਬਕ ਉਹਨਾਂ ਨੂੰ ਤਿੰਨ ਤਾਰੀਕਾਂ ਮਿਲ ਸਕਦੀਆਂ ਨੇ। ਸ਼ਾਇਦ ਉਹਨਾਂ ਦਾ ਜਵਾਬ ਤਿਆਰ ਨ੍ਹੀਂ ਹੋਣਾ। ਇਸ ਕਰ ਕੇ ਹੀ ਉਹਨਾਂ ਨੇ ਤਿਆਰੀ ਲਈ ਤਾਰੀਕ ਲਈ ਹੈ।"

ਕੁਝ ਦੇਰ ਚੁੱਪ ਕਰ ਕੇ ਫਿਰ ਆਖਣ ਲੱਗਾ, "ਪਤਾ ਤਾਂ ਉਹਨਾਂ ਨੂੰ ਵੀ ਆ ਕਿ ਉਹਨਾਂ ਦੇ ਕੇਸ ਵਿੱਚ ਕੁਝ ਨਹੀਂ ਹੈਗਾ। ਇਸ ਲਈ ਵੇਲ਼ਾ ਟਪਾਉਣ ਖ਼ਾਤਰ ਹੀ ਉਹਨਾਂ ਨੇ ਤਾਰੀਕ ਮੰਗੀ ਹੈ। ਉਹਨਾਂ ਦਾ ਮਕਸਦ ਤਾਂ ਤੈਨੂੰ ਖ਼ਰਾਬ ਕਰਨਾ ਹੀ ਹੈ। ਉਹ ਇਸ ਤਰ੍ਹਾਂ ਹੀ ਕਰਨਗੇ। ਕਿਸੇ ਨੂੰ ਖ਼ਰਾਬ ਕਰਨ ਵਾਲੇ ਕੇਸਾਂ ਵਿੱਚ ਵਕੀਲ ਅਕਸਰ ਹੀ ਅਜਿਹਾ ਕਰਦੇ ਹੁੰਦੇ ਨੇ।"

"ਜਦ ਉਹਨਾਂ ਨੇ ਮੇਰੇ 'ਤੇ ਕੇਸ ਠੋਕਿਆ ਹੈ ਤਾਂ ਉਹਨਾਂ ਨੇ ਪੂਰੀ ਤਿਆਰੀ ਨਾਲ ਹੀ ਕੀਤਾ ਹੋਵੇਗਾ। ਫਿਰ ਉਹਨਾਂ ਨੂੰ ਹੋਰ ਸਮਾਂ ਦੇਣ ਦੀ ਕੀ ਤੁਕ ?" ਮੈਂ ਖਿਝਦੇ ਹੋਏ ਨੇ ਆਖਿਆ।

"ਕਾਨੂੰਨ ਸਭ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੰਦਾ ਏ।" ਵਕੀਲ ਹੱਸਦਾ ਹੋਇਆ ਆਖਣ ਲੱਗਾ।

"ਦੁਰ-ਫਿੱਟੇ ਮੂੰਹ ਇਹੋ-ਜਿਹੇ ਕਾਨੂੰਨ ਦੇ, ਜਿਹੜਾ ਲੋਕਾਂ ਨੂੰ ਖ਼ਰਾਬ ਕਰਨ ਲਈ ਹੀ ਬਣਾਇਆ ਗਿਆ ਹੈ।" ਮੈਂ ਦੁਖੀ ਹੋਇਆ ਜਾਣੋਂ ਫੁੱਟ ਹੀ ਪਿਆ ਸਾਂ।

ਅਸੀਂ ਚੈਂਬਰ ਵਿੱਚ ਪੁੱਜੇ ਤਾਂ ਸਾਹਮਣੇ ਯਾਦਵਿੰਦਰ ਆਇਆ ਬੈਠਾ ਸੀ। ਮੈਂ ਸਮਝ ਗਿਆ ਸਾਂ ਕਿ ਉਸ ਨੂੰ ਵੀ ਚੈਨ ਨਹੀਂ ਆਈ ਹੋਣੀ। ਇਸੇ ਲਈ ਉਹ ਸਕੂਲੋਂ ਛੁੱਟੀ ਹੋਣ ਤੋਂ ਬਾਅਦ ਘਰ ਜਾਣ ਦੀ ਬਜਾਇ ਸਿੱਧਾ ਕਚਹਿਰੀ ਹੀ ਆ ਗਿਆ ਸੀ। ਸਾਨੂੰ ਵੇਖ ਕੇ ਉਹ ਖੜ੍ਹਾ ਹੋ ਗਿਆ ਤੇ ਉਸ ਦੇ ਮੂੰਹੋਂ ਸੁਭਾਵਿਕ ਹੀ ਨਿਕਲਿਆ, "ਕੀ ਬਣਿਆ ਫਿਰ ?"

"ਬਣਨਾ ਕੀ ਸੀ, ਘੁੱਗੂ। ਅਗਾਂਹ ਤਾਰੀਕ ਪਾ ਦਿੱਤੀ।" ਮੈਂ ਨਿਰਾਸ਼ ਜਿਹੇ ਹੁੰਦੇ ਨੇ ਆਖਿਆ।

ਮੇਰੀ ਗੱਲ ਸੁਣ ਕੇ ਉਹ ਵੀ ਉਦਾਸ ਹੋ ਗਿਆ ਸੀ। ਉਸ ਨੇ ਮੈਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ। ਸਾਨੂੰ ਸਮਝ ਆ ਗਈ ਸੀ ਇਹ ਸਭ ਕੁਝ ਸਾਨੂੰ ਖ਼ਰਾਬ ਕਰਨ ਲਈ ਹੀ ਕੀਤਾ ਜਾ ਰਿਹਾ ਹੈ। ਹੁਣ ਅਸੀਂ ਵੀ ਉਹਨਾਂ ਨੂੰ

ਖ਼ਰਾਬ ਕਰਨ ਲਈ ਵਕੀਲ ਦੀ ਸਲਾਹ ਲੈਣੀ ਚਾਹੀ।

"ਸਰ, ਗੁਰਨੇਕ ਆਪ ਤਾਂ ਅੱਧੀ ਗਲੀ ਨੱਪੀ ਬੈਠਾ ਏ।ਆਪਾਂ ਨਾ ਉਸ ਨੂੰ ਖਿੱਚੀਏ ਇਸ ਕੇਸ ਵਿੱਚ ?" ਯਾਦਵਿੰਦਰ ਨੇ ਵਕੀਲ ਨੂੰ ਪੁੱਛਿਆ।

"ਉਹ ਕਬਜ਼ਾ ਕਰੀ ਬੈਠਾ ਏ।ਤੁਸੀਂ, ਉਸ ਦਾ ਕੁਝ ਨ੍ਹੀਂ ਵਿਗਾੜ ਸਕਦੇ।ਅਦਾਲਤ ਨੇ ਪਹਿਲੇ ਹੱਲੇ ਹੀ ਉਸ ਨੂੰ ਸਟੇਅ ਦੇ ਦੇਣਾ ਏ।ਤੁਹਾਡੇ ਗੇੜੇ ਅਲੱਗ ਵੱਜਣ ਲੱਗ ਪੈਣਗੇ।" ਵਕੀਲ ਨੇ ਬੇ-ਪ੍ਰਵਾਹੀ ਨਾਲ ਉੱਤਰ ਦਿੱਤਾ।

"ਤੁਸੀਂ ਵਕੀਲ ਸਾਡੇ ਹੋ ਕਿ ਉਹਨਾਂ ਦੇ ? ਸਾਡੇ ਪੱਖ ਦੀ ਕੋਈ ਵੀ ਗੱਲ ਘੱਟੇ ਵਿੱਚ ਪਾ ਦਿੰਦੇ ਓ।ਆਏਂ ਤਾਂ ਸੱਚ ਦੀ ਕਿਤੇ ਸੁਣਵਾਈ ਹੀ ਨ੍ਹੀਂ ਹੋਣੀ।" ਮੈਂ ਮੁਸਕੁਰਾਉਂਦਿਆਂ ਵਕੀਲ ਨੂੰ ਟਾਂਚ ਜਿਹੀ ਲਾਈ।

"ਵਕੀਲ ਤਾਂ ਮੈਂ ਤੁਹਾਡਾ ਹੀ ਆਂ।ਮੈਨੂੰ ਪਤਾ ਇੱਥੇ ਤੁਹਾਡਾ ਕੁਝ ਨਹੀਂ ਵੱਟਿਆ ਜਾਣਾ।ਇਸ ਲਈ ਮੈਂ ਤੁਹਾਨੂੰ ਸਹੀ ਸਲਾਹ ਦੇ ਰਿਹਾ ਹਾਂ।ਜੇ ਮੈਂ ਤੁਹਾਨੂੰ ਖ਼ਰਾਬ ਕਰਨਾ ਹੁੰਦਾ ਤਾਂ ਮੈਂ ਤੁਹਾਨੂੰ ਇਹੋ ਜਿਹੀ ਗ਼ਲਤ ਸਲਾਹ ਦੇ ਦੇਣੀ ਸੀ।ਮੈਂ ਤੁਹਾਨੂੰ ਹੋਰ ਖ਼ਰਾਬ ਨ੍ਹੀਂ ਹੋਣ ਦੇਣਾ ਚਾਹੁੰਦਾ।ਨਹੀਂ, ਮੈਨੂੰ ਕੀ ਹੈ, ਮੈਂ ਤਾਂ ਮੁਕੱਦਮਾ ਕੱਲ੍ਹ ਨੂੰ ਹੀ ਦਾਇਰ ਕਰ ਦਿੰਦਾ ਹਾਂ।ਤੁਸੀਂ ਆਖੋ ਤਾਂ ਸਹੀ।" ਵਕੀਲ ਨੇ ਵੀ ਮੁਸਕਰਾਉਂਦੇ ਹੋਏ ਗੇਂਦ ਸਾਡੇ ਪਾਲ਼ੇ ਵਿੱਚ ਸੁੱਟ ਦਿੱਤੀ ਸੀ।

ਅਸੀਂ ਸਮਝ ਗਏ ਕਿ ਇਹ ਵਾਕਿਆ ਹੀ ਸਹੀ ਗੱਲ ਆਖ ਰਿਹਾ ਹੈ।ਸ਼ਾਇਦ ਇਸ ਤਰ੍ਹਾਂ ਦੇ ਕੇਸ ਦਾ ਸਾਨੂੰ ਕੋਈ ਫ਼ਾਇਦਾ ਨਹੀਂ ਸਗੋਂ ਨੁਕਸਾਨ ਹੀ ਹੋਣਾ ਸੀ।ਕੁਝ ਦੇਰ ਬਾਅਦ ਅਸੀਂ ਵਕੀਲ ਨੂੰ ਫਤਿਹ ਬੁਲਾਅ ਕੇ ਘਰ ਵੱਲ ਨੂੰ ਤੁਰ ਪਏ ਸਾਂ।ਇੱਕ ਗੱਲ ਸਾਡੇ ਮਨ ਨੂੰ ਬੜੀ ਹੀ ਖੁੜਕਣ ਲੱਗੀ ਕਿ ਇਹ ਕਾਨੂੰਨ ਕਿਹੋ ਜਿਹਾ ਹੈ ਕਿ ਇੱਕ ਬੰਦਾ ਤਾਂ ਅੱਧੀ ਗਲੀ ਨੱਪੀ ਬੈਠਾ ਹੈ। ਉਸ ਦਾ ਇਹ ਵਾਲ ਵੀ ਵਿੰਗਾ ਨਹੀਂ ਕਰ ਸਕਦਾ ਤੇ ਸਾਨੂੰ ਆਪਣੀ ਜਗ੍ਹਾ ਉੱਤੇ ਕਬਜ਼ੇ ਲਈ ਵੀ ਅਦਾਲਤਾਂ ਵਿੱਚ ਧੱਕੇ ਖਾਣੇ ਪੈ ਰਹੇ ਹਨ।

ਅਸੀਂ ਮੋਟਰ-ਸਾਈਕਲ ਬੜੀ ਹੀ ਧੀਮੀ ਗਤੀ ਵਿੱਚ ਚਲਾਉਂਦੇ ਹੋਏ ਤੇ ਸਲਾਹਾਂ ਕਰਦੇ ਹੋਏ ਘਰ ਨੂੰ ਤੁਰ ਪਏ।

ਘਰ ਪੁੱਜਦੇ ਸਾਰ ਹੀ ਸਾਰੇ ਘਰ ਦੇ ਸਾਡੇ ਦੁਆਲੇ ਇਕੱਠੇ ਹੋ ਗਏ ਤੇ ਅਦਾਲਤ ਦੀ ਕਹਾਣੀ ਸਬੰਧੀ ਸਵਾਲ ਕਰਨ ਲੱਗ ਪਏ।ਅਗ਼ਲੀ ਤਾਰੀਕ ਅਤੇ ਕੁਝ ਵੀ ਨਾ ਹੋਣ ਬਾਰੇ ਸੁਣ ਕੇ ਸਭ ਉਦਾਸ ਅਤੇ ਪ੍ਰੇਸ਼ਾਨ ਹੋ ਗਏ ਸਨ।ਸਾਰੇ ਜਣੇ ਇੱਕ-ਦੂਜੇ ਦੀ ਪ੍ਰੇਸ਼ਾਨੀ ਨੂੰ ਸਮਝਦੇ ਸਨ, ਇਸ ਲਈ ਪਹਿਲਾਂ ਤੋਂ ਹੀ ਘਰ ਦੇ ਕੋਨੇ-ਕੋਨੇ ਵਿੱਚ ਪਸਰੀ ਉਦਾਸੀ ਦਾ ਮਾਹੌਲ ਹੋਰ ਵੀ

ਗੰਭੀਰ ਹੋ ਗਿਆ ਸੀ। ਸਵੇਰ ਵੇਲ਼ੇ ਦੀ ਇੱਕ ਰੋਟੀ ਹੀ ਖਾਧੀ ਹੋਈ ਸੀ। ਹੁਣ ਚਾਰ ਵੱਜ ਚੁੱਕੇ ਸਨ ਪਰ ਮੈਨੂੰ ਅਜੇ ਵੀ ਭੁੱਖ ਨਹੀਂ ਸੀ ਲੱਗੀ। ਮਾਂ ਦੁਆਰਾ ਮੱਲੋਮੱਲੀ ਬਣਾਅ ਕੇ ਦਿੱਤੀ ਗਈ ਚਾਹ ਦੀ ਇੱਕ ਘੁੱਟ ਵੀ ਅੰਦਰ ਲੰਘ ਨਹੀਂ ਰਹੀ ਸੀ। ਸਭ ਦੀ ਉਦਾਸੀ ਨੂੰ ਭਾਂਪਦਿਆਂ ਯਾਦਵਿੰਦਰ ਬੋਲਿਆ, "ਚੁੱਕ ਲਿਆ ਲੈਪ-ਟਾਪ। ਮੈਂ ਤੈਨੂੰ ਦਰਖ਼ਾਸਤ ਲਿਖਵਾਉਂਦਾ ਹਾਂ।"

"ਇਹਦਾ ਕੋਈ ਫ਼ਾਇਦਾ ਤਾਂ ਹੋਣਾ ਨ੍ਹੀਂ।" ਮੈਂ ਲੈਪ-ਟਾਪ ਆਪਣੇ ਪੱਟਾਂ ਵਿੱਚ ਟਿਕਾਉਂਦੇ ਹੋਏ ਅਣਮੰਨੇ ਮਨ ਨਾਲ ਇਸ ਨੂੰ ਚਾਲੂ ਕਰ ਲਿਆ ਸੀ।

"ਨਹੀਂ ਹੁੰਦਾ, ਨਾ ਹੋਣ ਦੇ। ਉਹ ਆਪਾਂ ਨੂੰ ਖ਼ਰਾਬ ਕਰਨ 'ਤੇ ਤੁਲ਼ੇ ਹੋਏ ਨੇ। ਆਪਾਂ ਉਹਨਾਂ ਨੂੰ ਕਰੀ ਜਾਣੈ। ਚੈਨ ਨਾਲ ਤਾਂ ਗੁਰਨੇਕ ਵੀ ਨ੍ਹੀਂ ਸੌਂਵੇਗਾ। ਦਿਲ ਦਾ ਮਰੀਜ਼ ਆ। ਹੋਰ ਨਹੀਂ ਤਾਂ ਉਸ ਦੀ ਦਵਾਈਆਂ ਦੀ ਮਾਤਰਾ ਹੀ ਵਧੂ।" ਉਸ ਨੇ ਏਨੇ ਜ਼ਿਆਦਾ ਸਵੈ-ਵਿਸ਼ਵਾਸ ਨਾਲ ਆਖਿਆ ਕਿ ਮੈਨੂੰ ਕੁਝ ਹੌਸਲਾ ਮਿਲ ਗਿਆ ਸੀ।

"ਕਬਰ 'ਚ ਲੱਤਾਂ ਨੇ ਅਤੇ ਆਪਾਂ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨ ਕਰੀ ਜਾਂਦੈ, ਕੁੱਤਾ ਬੰਦਾ। ਆਪ ਸਰਕਾਰੀ ਜਗ੍ਹਾ ਨੱਪੀ ਬੈਠਾ ਤੇ ਮੇਰੇ ਪੁੱਤ ਨੂੰ ਦੁਖੀ ਕੀਤਾ ਹੋਇਐ। ਕੋਈ ਨ੍ਹੀਂ, ਜਿਸ ਦਿਨ ਮਰਿਆ ਨਾ, ਇਹ ਦੀ ਲਾਸ਼ ਉੱਤੇ ਮਿੱਟੀ ਰੱਖ ਕੇ ਆਊਂ ਤੇ ਸਭ ਨੂੰ ਇਹ ਆਖੂੰਗੀ ਕਿ ਇਸ ਦੇ ਉੱਤੇ ਫੁੱਲ ਨਾ ਸੁੱਟੋ, ਇਸ ਨੂੰ ਮਿੱਟੀ ਨਾਲ ਮੋਹ ਸੀ। ਇਸ ਦੇ ਨਾਲ ਮਿੱਟੀ ਹੀ ਭੇਜ ਦਿਓ।" ਮੇਰੀ ਮਾਂ , ਮੇਰੇ ਮਨ ਨੂੰ ਬੁਝਿਆ ਹੋਇਆ ਵੇਖ ਕੇ ਏਨੇ ਗੁੱਸੇ ਨਾਲ ਬੋਲੀ ਕਿ ਜੇ ਗੁਰਨੇਕ ਉਸਦੇ ਸਾਹਮਣੇ ਆ ਜਾਵੇ ਤਾਂ ਉਹ ਉਸ ਨੂੰ ਚੀਰ ਕੇ ਹੀ ਰੱਖ ਦੇਵੇ।

"ਉਹ ਕਬਰ 'ਚ ਲੱਤਾਂ ਨ੍ਹੀਂ ਪਾਉਂਦਾ। ਵੇਖਿਆ ਨਹੀਂ ਕਿਵੇਂ ਕਲਫ਼ ਲਾ ਕੇ ਤੇ ਖ਼ਤ ਕਢਵਾਅ ਕੇ ਰੱਖਦਾ ਏ, ਕੰਜਰ। ਜਿਵੇਂ ਹੁਣੇ ਜੰਞ ਚੜ੍ਹਣਾ ਹੋਵੇ।" ਅਮਿਤਾ ਇਹ ਕਹਿੰਦਿਆਂ ਸਾਡੀ ਗੱਲਬਾਤ ਵਿੱਚ ਸ਼ਾਮਿਲ ਹੋ ਗਈ। ਉਸ ਦੇ ਬੋਲਾਂ 'ਚੋਂ ਨਫ਼ਰਤ ਝਲਕ ਰਹੀ ਸੀ।

ਗੱਲਾਂ ਬੰਦ ਕਰਕੇ ਅਸੀਂ ਨਵੀਂ ਅਰਜ਼ੀ ਲਿਖਣੀ ਸ਼ੁਰੂ ਕਰ ਦਿੱਤੀ। ਇਸ ਅਰਜ਼ੀ ਵਿੱਚ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਪਹਿਲਾਂ ਕੀਤੀਆਂ ਬੇਨਤੀਆਂ ਉੱਪਰ ਕੋਈ ਠੋਸ ਕਾਰਵਾਈ ਨਾ ਹੋਣ ਸਬੰਧੀ ਯਾਦ-ਪੱਤਰ ਅਤੇ ਗੁਰਨੇਕ ਦੁਆਰਾ ਕੀਤੇ ਨਜਾਇਜ਼ ਕਬਜ਼ੇ ਨੂੰ ਹਟਾਉਣ ਸਬੰਧੀ ਫਿਰ ਤੋਂ ਬੇਨਤੀ ਕੀਤੀ ਗਈ ਸੀ।

ਇਹ ਪੱਤਰ ਏਨੇ ਵਧੀਆ ਸ਼ਬਦਾਂ ਵਿੱਚ ਲਿਖਿਆ ਗਿਆ ਸੀ ਕਿ ਇਸ ਨੂੰ ਦੁਬਾਰਾ ਪੜ੍ਹਦਿਆਂ ਸਭ ਸੁਣਨ ਵਾਲਿਆਂ ਨੂੰ ਲੱਗਣ ਲੱਗ ਪਿਆ ਸੀ ਕਿ ਇਹ ਪੱਤਰ ਮਿਲਦੇ ਸਾਰ ਹੀ ਨਗਰ ਨਿਗਮ ਵਾਲਿਆਂ ਨੇ ਬੁਲਡੋਜ਼ਰ ਲੈ

ਆਉਣਾ ਹੈ ਅਤੇ ਗੁਰਨੇਕ ਦੀ ਹੱਕੀ ਜਗ੍ਹਾ ਛੱਡ ਕੇ ਬਾਕੀ ਦੀ ਢਾਹੁਣੀ ਸ਼ੁਰੂ ਕਰ ਦੇਣੀ ਹੈ। ਯਾਦਵਿੰਦਰ ਮੈਨੂੰ ਸਮਝਾਉਣ ਲੱਗ ਪਿਆ ਸੀ ਕਿ ਇਹ ਲੜਾਈ ਹੁਣ ਕਾਨੂੰਨੀ ਬਣ ਚੁੱਕੀ ਹੈ। ਇਸ ਲਈ ਵੱਧ ਤੋਂ ਵੱਧ ਅਧਿਕਾਰੀਆਂ ਨੂੰ ਆਪਣੇ ਸ਼ਿਕਾਇਤ-ਪੱਤਰ ਭੇਜਦਾ ਰਿਹਾ ਕਰ। ਕੋਈ ਤਾਂ ਈਮਾਨਦਾਰ ਜਾਂ ਜਿਊਂਦੇ ਜ਼ਮੀਰ ਵਾਲਾ ਟੱਕਰੇਗਾ ਹੀ। ਜਿਸ ਦਿਨ ਇਹ ਸਬੱਬ ਬਣ ਗਿਆ, ਉਸ ਦਿਨ ਹੀ ਆਪਣੇ ਕੇਸ ਦਾ ਨਿਪਟਾਰਾ ਹੋ ਜਾਣਾ ਹੈ।

ਉਸ ਸ਼ਾਮ ਨੂੰ ਹੀ ਮੈਨੂੰ ਐਸ.ਐਸ.ਪੀ. ਦਫ਼ਤਰ ਤੋਂ ਇੱਕ ਫ਼ੋਨ ਆ ਗਿਆ। ਫ਼ੋਨ ਕਰਨ ਵਾਲੇ ਨੇ ਆਪਣੀ ਪਹਿਚਾਣ ਦੱਸੀ ਤੇ ਕੇਸ ਦਾ ਥੋੜ੍ਹਾ ਜਿਹਾ ਵਿਸਥਾਰ ਪੁੱਛਿਆ ਅਤੇ ਅਗਲੇ ਦਿਨ ਹੀ ਦਫ਼ਤਰ ਆ ਕੇ ਆਪਣੇ ਸਾਰੇ ਸਬੂਤ ਪੇਸ਼ ਕਰਨ ਅਤੇ ਗਵਾਹ ਭੁਗਤਾਉਣ ਬਾਰੇ ਆਖਿਆ। ਉਸਨੇ ਨਾਲ ਹੀ ਹਦਾਇਤ ਦੇ ਦਿੱਤੀ ਕਿ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਤੁਹਾਡੀ ਸ਼ਿਕਾਇਤ ਰੱਦ ਕਰ ਕੇ ਇੱਕ-ਤਰਫ਼ਾ ਕਾਰਵਾਈ ਕਰ ਦਿੱਤੀ ਜਾਵੇਗੀ।

"ਚੱਲ ਮਨਾਂ, ਭੇਜ ਦੇ ਕੱਲ੍ਹ ਦੀ ਛੁੱਟੀ ਦੀ ਅਰਜ਼ੀ ਤੇ ਹਾਜ਼ਰ ਹੋ ਜਾ ਸਾਹਬ ਦੇ ਅੱਗੇ।" ਫ਼ੋਨ ਬੰਦ ਕਰਦੇ ਹੀ ਮੈਂ ਆਪਣੇ ਆਪ ਨਾਲ ਹੀ ਗੱਲ ਕੀਤੀ।

ਹੁਣ ਮੈਨੂੰ ਫ਼ਿਕਰ ਪੈ ਗਿਆ ਸੀ ਕਿ ਫਿਰ ਕਿਹੜੇ-ਕਿਹੜੇ ਬੰਦਿਆਂ ਨੂੰ ਨਾਲ ਲੈ ਕੇ ਜਾਵਾਂ। ਕਈਆਂ ਨੂੰ ਫ਼ੋਨ ਕੀਤੇ। ਗੁਜ਼ਾਰੇ ਜੋਗੇ ਬੰਦੇ ਤਿਆਰ ਹੋ ਗਏ ਸਨ। ਇਹ ਜਾਂਚ ਉਪ ਮੁੱਖ ਮੰਤਰੀ ਨੂੰ ਕੀਤੀ ਗਈ ਸ਼ਿਕਾਇਤ ਵਾਲੀ ਸੀ।

ਅਗਲੇ ਦਿਨ ਮੈਂ ਤੇ ਮੇਰੇ ਪਿਤਾ ਜੀ ਨੇ ਠੀਕ ਨੌਂ ਵਜੇ ਐਸ.ਐਸ.ਪੀ. ਦਫ਼ਤਰ ਵਿੱਚ ਜਾ ਡੇਰੇ ਲਾ ਲਾਏ। ਹੌਲ਼ੀ ਹੌਲ਼ੀ ਸਾਡੇ ਸਾਥੀ ਵੀ ਆਉਣੇ ਸ਼ੁਰੂ ਹੋ ਗਏ ਸਨ। ਦਫ਼ਤਰ ਵਿੱਚ ਅਜੇ ਬਹੁਤੀ ਰੌਣਕ ਨਹੀਂ ਸੀ ਹੋਈ। ਮੈਂ ਦਫ਼ਤਰ ਦੇ ਇੱਕ ਕਰਮਚਾਰੀ ਕੋਲ ਜਾ ਕੇ ਆਪਣੇ ਆਉਣ ਦੀ ਸੂਚਨਾ ਦੇ ਦਿੱਤੀ। ਉਸ ਨੇ ਬਾਹਰ ਬੈਠ ਕੇ ਉਡੀਕ ਕਰਨ ਲਈ ਆਖ ਦਿੱਤਾ। ਦਫ਼ਤਰ ਵਿੱਚ ਲੋਕ ਆ ਰਹੇ ਸਨ ਤੇ ਮੁੜ ਕੇ ਜਾ ਵੀ ਰਹੇ ਸਨ। ਸਾਢੇ ਗਿਆਰਾਂ ਦੇ ਕਰੀਬ ਸਮਾਂ ਹੋ ਚੁੱਕਾ ਸੀ ਪਰ ਅਜੇ ਤੱਕ ਸਾਹਬ ਦੇ ਆਉਣ ਦੀ ਕੋਈ ਬਿੜਕ ਨਹੀਂ ਸੀ ਆ ਰਹੀ। ਹੁਣ ਕੀਤਾ ਵੀ ਕੀ ਜਾ ਸਕਦਾ ਸੀ। ਸਵਾ ਕੁ ਬਾਰਾਂ ਵਜੇ ਸਾਨੂੰ ਦਫ਼ਤਰ ਦੇ ਕਰਮਚਾਰੀਆਂ ਵਿੱਚ ਕੁਝ ਹਿਲਜੁਲ ਹੁੰਦੀ ਮਹਿਸੂਸ ਹੋਈ। ਸਭ ਕਾਹਲ਼ੇ ਕਦਮੀਂ ਆਪੋ ਆਪਣੀਆਂ ਸੀਟਾਂ ਵੱਲ ਜਾ ਰਹੇ ਸਨ। ਕਈ ਤੇਜ਼ੀ ਨਾਲ ਤੁਰੇ ਜਾਂਦੇ ਹੀ ਆਪਣੇ ਜ਼ੁੰਮੇ ਲੱਗੇ ਕੰਮਾਂ ਬਾਰੇ ਚਰਚਾ ਕਰਦੇ ਜਾ ਰਹੇ ਸਨ। ਦਸ ਕੁ ਮਿੰਟ ਬਾਅਦ ਐਸ.ਐਸ.ਪੀ. ਅਤੇ ਐਸ.ਪੀ. ਤੇਜ਼ੀ ਨਾਲ ਆਉਂਦੇ ਵਿਖਾਈ ਦਿੱਤੇ। ਉਹਨਾਂ ਦੇ ਲੰਘਣ ਸਮੇਂ ਉੱਥੇ ਮੌਜੂਦ

ਬੈਠੇ ਹੋਏ ਲੋਕ ਖੜ੍ਹੇ ਹੋ ਗਏ। ਬਾਹਰ ਫਿਰਦੇ ਮੁਲਾਜ਼ਮਾਂ ਨੇ ਸਲੂਟ ਮਾਰਨੇ ਸ਼ੁਰੂ ਕਰ ਦਿੱਤੇ। ਮੇਰੇ ਨਾਲ ਆਏ ਕਿਸੇ ਵੀ ਵਿਅਕਤੀ ਨੇ ਉੱਠਣ ਦੀ ਖੇਚਲ ਨਹੀਂ ਸੀ ਕੀਤੀ। ਸ਼ਾਇਦ ਸਾਰੇ ਹੀ ਸਮਝਦੇ ਸਨ ਕਿ ਅਜਿਹੇ ਅਧਿਕਾਰੀਆਂ ਦੇ ਆਉਣ 'ਤੇ ਖੜ੍ਹਾ ਹੋਣਾ, ਸਨਮਾਨ ਦਾ ਅਪਮਾਨ ਕਰਨ ਦੇ ਸਮਾਨ ਹੀ ਹੈ।

ਸਭ ਤੋਂ ਪਹਿਲਾਂ ਦਫ਼ਤਰ ਦੇ ਕਈ ਕਰਮਚਾਰੀ ਫਾਈਲਾਂ ਦੇ ਢੇਰ ਚੁੱਕ ਕੇ ਅੰਦਰ ਵੜ ਗਏ। ਉਹ ਬਾਹਰ ਨਿਕਲਣ ਦਾ ਨਾਂ ਹੀ ਨਹੀਂ ਸਨ ਲੈ ਰਹੇ। ਸਾਨੂੰ ਤਾਂ ਐਸ.ਪੀ. ਦੇ ਬਾਹਰ ਨਿਕਲ ਕੇ ਆਪਣੇ ਕਮਰੇ ਵਿੱਚ ਬੈਠਣ ਦੀ ਉਡੀਕ ਸੀ। ਅੱਧੇ ਕੁ ਘੰਟੇ ਬਾਅਦ ਉਹ ਆਪਣੇ ਕਮਰੇ ਵਿੱਚ ਆ ਗਿਆ। ਉਸ ਨੂੰ ਮਿਲਣ ਵਾਲੇ ਲੋਕ ਅੰਦਰ ਜਾ ਰਹੇ ਸਨ। ਬਾਹਰ ਆਉਂਦੇ ਵਕਤ ਕਈ ਖੁਸ਼ ਅਤੇ ਕਈ ਉਦਾਸੇ ਜਿਹੇ ਚਿਹਰਿਆਂ ਨਾਲ ਬੁੜ ਬੁੜ ਕਰਦੇ ਤੁਰੇ ਜਾ ਰਹੇ ਸਨ।

ਮੈਂ ਦੋ-ਤਿੰਨ ਵਾਰ ਦਰਵਾਜ਼ੇ ਦੇ ਮੂਹਰੇ ਖੜ੍ਹੇ ਸੰਤਰੀ ਨੂੰ ਆਪਣੀ ਵਾਰੀ ਬਾਰੇ ਪੁੱਛ ਆਇਆ ਸਾਂ ਪਰ ਹਰ ਵਾਰ 'ਜਦੋਂ ਸਾਹਬ ਆਖਣਗੇ, 'ਵਾਜ ਮਾਰ ਦੇਵਾਂਗਾ ਜੀ' ਦਾ ਰਟਿਆ ਰਟਾਇਆ ਜਵਾਬ ਸੁਣ ਕੇ ਮੈਂ ਫਿਰ ਆਪਣੀ ਸੀਟ ਉੱਤੇ ਆ ਕੇ ਬੈਠ ਜਾਂਦਾ।

ਸਾਢੇ ਕੁ ਤਿੰਨ ਵਜੇ ਐਸ.ਪੀ. ਆਪਣੇ ਕਮਰੇ ਤੋਂ ਬਾਹਰ ਆਇਆ ਤੇ ਇੱਕਦਮ ਪੌੜੀਆਂ ਉੱਤਰ ਗਿਆ। ਉਸ ਦੇ ਗੰਨਮੈਨ ਰਸਤੇ 'ਚੋਂ ਲੋਕਾਂ ਨੂੰ ਪਰ੍ਹੇ ਕਰਦੇ ਹੋਏ ਤੇਜ਼ੀ ਨਾਲ ਸਾਡੀਆਂ ਅੱਖਾਂ ਤੋਂ ਉਹਲੇ ਹੋ ਗਏ।

ਮੈਂ ਫਿਰ ਦਫ਼ਤਰ ਅੰਦਰ ਜਾ ਕੇ ਸਾਹਬ ਦੇ ਰੀਡਰ ਨੂੰ ਪੁੱਛਿਆ ਤਾਂ ਪਤਾ ਲੱਗਾ ਕਿ ਡੀ.ਆਈ.ਜੀ. ਸਾਹਬ ਦੀ ਜ਼ਰੂਰੀ ਮੀਟਿੰਗ ਆ ਗਈ ਹੈ। ਉਸਨੇ ਮੈਨੂੰ ਸਵੇਰੇ ਆ ਜਾਣ ਦਾ ਹੁਕਮ ਸੁਣਾਅ ਦਿੱਤਾ। ਮੈਂ ਬੜੀ ਹੀ ਨਿਰਾਸ਼ਾ ਨਾਲ ਆ ਕੇ ਆਪਣੇ ਸਭ ਸਾਥੀਆਂ ਨੂੰ ਇਹ ਖ਼ਬਰ ਸੁਣਾਈ। ਸਾਨੂੰ ਸ਼ੱਕ ਸੀ ਕਿ ਸ਼ਾਇਦ ਸਾਹਬ ਕੱਲ੍ਹ ਨੂੰ ਵੀ ਨਹੀਂ ਆਵੇਗਾ। ਇਸ ਲਈ ਹੀ ਸਾਨੂੰ ਦੂਜੇ ਦਿਨ ਆਉਣ ਲਈ ਆਖਿਆ ਗਿਆ ਹੈ। ਸਾਂਝੀ ਸਲਾਹ ਇਹ ਬਣੀ ਕਿ ਮੈਂ ਸਵੇਰੇ ਆ ਕੇ ਐਸ.ਪੀ. ਦੇ ਆਉਣ ਦਾ ਪਤਾ ਕਰਾਂ ਤੇ ਫਿਰ ਸਭ ਨੂੰ ਫ਼ੋਨ ਕਰ ਦੇਵਾਂ। ਸਾਰੇ ਹੀ ਐਸ.ਪੀ. ਨੂੰ ਗਾਲ੍ਹਾਂ ਕੱਢਦੇ ਹੋਏ ਆਪੋ-ਆਪਣੇ ਘਰਾਂ ਨੂੰ ਚਲੇ ਗਏ ਸਨ। ਮੇਰੇ ਲਈ ਹੁਣ ਅਗਲੇ ਦਿਨ ਲਈ ਫਿਰ ਗਵਾਹਾਂ ਅਤੇ ਬੰਦਿਆਂ ਨੂੰ ਇਕੱਠੇ ਕਰਨ ਦਾ ਬੋਝ ਸਿਰ 'ਤੇ ਆਣ ਖੜ੍ਹਾ ਸੀ। ਮੈਨੂੰ ਅਫ਼ਸੋਸ ਵੀ ਹੋ ਰਿਹਾ ਸੀ ਕਿ ਏਨੇ ਬੰਦੇ ਸਿਰਫ਼ ਸਾਡੇ ਕਰਕੇ ਹੀ ਖ਼ਰਾਬ ਹੋ ਰਹੇ ਸਨ।

ਅਗ਼ਲੀ ਸਵੇਰ ਮੈਂ ਫਿਰ ਠੀਕ ਨੌਂ ਵਜੇ ਦਫ਼ਤਰ ਵਿੱਚ ਜਾ ਕੇ ਬੈਠ ਗਿਆ। ਦਫ਼ਤਰ ਅਜੇ ਖਾਲੀ ਹੀ ਸੀ। ਕੇਵਲ ਦੋ ਸਫ਼ਾਈ ਕਰਮਚਾਰੀ ਹੀ

ਪੋਚੇ ਲਾਉਂਦੇ ਫਿਰ ਰਹੇ ਸਨ। ਸਾਢੇ ਕੁ ਨੌਂ ਵਜੇ ਆਵਾਜਾਈ ਸ਼ੁਰੂ ਹੋ ਗਈ। ਮੈਂ ਕਮਰੇ ਵਿੱਚ ਜਾ ਕੇ ਇੱਕ ਮੁਲਾਜ਼ਮ ਨੂੰ ਸਾਹਬ ਦੀ ਆਮਦ ਬਾਰੇ ਪੁੱਛਿਆ ਤਾਂ ਉਹ ਮੈਨੂੰ ਰੁੱਖਾ ਹੀ ਬੋਲਿਆ, "ਸਾਹਬ ਨੇ ਮੈਨੂੰ ਦੱਸ ਕੇ ਆਉਣੈ। ਬਹਿ ਜਾ ਉੱਥੇ ਤੇ ਉਡੀਕ ਲਾ ਝੱਟ।" ਉਹ ਅਜੇ ਵੀ ਬੋਲੀ ਜਾ ਰਿਹਾ ਸੀ ਪਰ ਮੈਂ ਬਾਹਰ ਆਉਣ ਵਿੱਚ ਹੀ ਆਪਣੀ ਭਲਾਈ ਸਮਝੀ। ਉਂਝ ਮੈਂ ਸਮਝ ਗਿਆ ਸਾਂ ਕਿ ਉਸ ਕਰਮਚਾਰੀ ਨੇ ਮੈਨੂੰ ਪਹਿਚਾਣ ਲਿਆ ਸੀ ਕਿ ਮੈਂ ਉਸ ਦੇ ਇੱਕ ਸਹਿ-ਕਰਮੀ ਜਪਨਾਮ ਸਿੰਘ ਦੇ ਵਿਰੁੱਧ ਸ਼ਿਕਾਇਤ ਕੀਤੀ ਹੋਈ ਹੈ ਅਤੇ ਉਸ ਦੇ ਸਬੰਧ ਵਿੱਚ ਹੀ ਇੱਥੇ ਆਇਆ ਹਾਂ।

ਜਦ ਉੱਥੇ ਕਾਫ਼ੀ ਸਾਰਾ ਇਕੱਠ ਹੋ ਗਿਆ ਤੇ ਸਾਰੇ ਹੀ ਸਾਹਬ ਦੇ ਆਉਣ ਬਾਰੇ ਪੁੱਛ ਚੁੱਕੇ ਸਨ ਤਾਂ ਮੈਨੂੰ ਵੀ ਪਤਾ ਲੱਗ ਗਿਆ ਕਿ ਸਾਹਬ ਅੱਜ ਜ਼ਰੂਰ ਬੈਠੇਗਾ। ਗਿਆਰਾਂ ਕੁ ਵਜੇ ਜਦ ਮੈਨੂੰ ਸਾਹਬ ਦੇ ਆਉਣ ਬਾਰੇ ਪੱਕਾ ਯਕੀਨ ਹੋ ਗਿਆ ਤਾਂ ਮੈਂ ਆਪਣੇ ਸਭ ਸਮਰਥਕਾਂ ਨੂੰ ਫ਼ੋਨ ਕਰ ਦਿੱਤੇ। ਪੌਣੇ ਕੁ ਬਾਰਾਂ ਵਜੇ ਮੈਨੂੰ ਛੋਟਾ ਸਾਹਬ ਆਉਂਦਾ ਨਜ਼ਰੀਂ ਪੈ ਗਿਆ। ਅੱਜ ਦਫ਼ਤਰ ਵਿੱਚ ਪਹਿਲਾਂ ਨਾਲੋਂ ਕੁਝ ਜ਼ਿਆਦਾ ਭੀੜ ਸੀ।

ਮੇਰੇ ਸਾਥੀ ਵੀ ਆਰਾਮ ਨਾਲ ਹੀ ਆ ਰਹੇ ਸਨ। ਡੇਢ ਵੱਜ ਚੁੱਕਾ ਸੀ ਪਰ ਅੱਜ ਸਾਹਬ ਲੰਚ ਕਰਨ ਲਈ ਨਹੀਂ ਸੀ ਉੱਠਿਆ। ਉਸਦੇ ਲੰਚ ਕਰਨ ਲਈ ਨਾ ਉੱਠਣ ਕਾਰਨ ਦਫ਼ਤਰ ਦੇ ਕਈ ਕਰਮਚਾਰੀ ਨਿਰਾਸ਼ ਵੀ ਲੱਗ ਰਹੇ ਸਨ। ਸਾਹਬ ਮਿਲਣ ਵਾਲਿਆਂ ਨੂੰ ਸੱਦਾ ਭੇਜੀ ਹੀ ਜਾ ਰਿਹਾ ਸੀ। ਅੱਜ ਉਸ ਨੂੰ ਮਿਲਣ ਵਾਲੇ ਪਤਾ ਨਹੀਂ ਕਿੱਥੋਂ ਕੀੜਿਆਂ ਦੇ ਭੌਣ ਵਾਂਗ ਨਿਕਲ ਆਏ ਸਨ। ਮੈਨੂੰ ਮਿਲਣ ਵਾਲਿਆਂ 'ਤੇ ਗੁੱਸਾ ਆ ਰਿਹਾ ਸੀ ਕਿਉਂਕਿ ਸਾਹਬ ਨੇ ਮਿਲਣ ਵਾਲਿਆਂ ਨੂੰ ਸੁਣ ਕੇ ਹੀ ਮਾਮਲਿਆਂ ਦੀਆਂ ਪੜਤਾਲਾਂ ਵਾਲਾ ਕੰਮ ਨਿਪਟਾਉਣਾ ਸ਼ੁਰੂ ਕਰਨਾ ਸੀ।

ਸ਼ੁਕਰ ਤਾਂ ਇਸ ਗੱਲ ਦਾ ਸੀ ਕਿ ਅੱਜ ਸਾਹਬ ਬੈਠਾ ਹੀ ਰਿਹਾ ਸੀ।

"ਅੱਜ ਨ੍ਹੀਂ ਉੱਠਦਾ, ਲਗਦਾ ਕਿਸੇ ਅੱਕੇ ਹੋਏ ਨੇ ਸੀਟ ਉੱਤੇ ਫੈਵੀਕੋਲ ਪਾ 'ਤੀ ਹੋਣੀ ਆ।" ਤੇਜ ਸਿੰਘ ਨੇ ਮਜ਼ਾਕ ਦੇ ਰੌਂਅ ਵਿੱਚ ਸਾਡੇ ਉਦਾਸੇ ਜਿਹੇ ਚਿਹਰਿਆਂ 'ਤੇ ਮੁਸਕਾਨ ਲਿਆਉਣ ਦਾ ਯਤਨ ਕਰਦਿਆਂ ਆਖਿਆ।

"ਗੱਲ ਬੈਠਣ ਦੀ ਨ੍ਹੀਂ, ਆਪਾਂ ਨੂੰ ਸੱਦਣ ਦੀ ਤੇ ਇਨਸਾਫ਼ ਕਰਨ ਦੀ ਹੈ।" ਡੀ.ਟੀ.ਐੱਫ. ਵਾਲੇ ਪ੍ਰੇਮ ਕੁਮਾਰ ਨੇ ਆਖਿਆ।

"ਜਦ ਕਿਸੇ ਪੁਲਿਸ ਵਾਲੇ ਦੇ ਖ਼ਿਲਾਫ਼ ਸ਼ਿਕਾਇਤ ਹੁੰਦੀ ਹੈ ਤਾਂ ਇਹ ਸਾਰੇ ਹੀ 'ਕੱਠੇ ਹੋ ਜਾਂਦੇ ਨੇ ਤੇ ਬੰਦੇ ਨੂੰ ਬਹੁਤ ਖ਼ਰਾਬ ਕਰਨ ਦਾ ਯਤਨ ਕਰਦੇ ਨੇ। ਸਾਡਾ ਤਾਂ ਇਹਨਾਂ ਨਾਲ ਨਿੱਤ ਦਾ ਹੀ ਵਾਹ ਏ।" ਗੁਰਦੀਪ ਵੈਰੋਕੇ ਨੇ ਆਖਿਆ। ਕ੍ਰਾਂਤੀਕਾਰੀ ਭਾਰਤੀ ਮਜ਼ਦੂਰ ਜਥੇਬੰਦੀ ਵਿੱਚ ਲੰਬੇ ਸਮੇਂ ਤੋਂ ਕੰਮ

ਕਰਦਿਆਂ ਹੋਣ ਕਾਰਨ ਉਸ ਦਾ ਤਜ਼ਰਬਾ ਬੋਲ ਰਿਹਾ ਸੀ।

"ਜੇ ਇੰਝ ਲੋਟ ਨਹੀਂ ਆਉਂਦੇ ਤਾਂ ਆਪਾਂ ਧਰਨਾ ਮੁਜ਼ਾਹਰਾ ਨਾ ਕਰ ਦੇਈਏ ?" ਅਮਨਦੀਪ ਮਟਵਾਣੀ ਨੇ ਸਭ ਦੀ ਸਲਾਹ ਪੁੱਛਣੀ ਚਾਹੀ ਤੇ ਸਭ ਦੇ ਚਿਹਰਿਆਂ ਵੱਲ ਧਿਆਨ ਨਾਲ ਵੇਖਿਆ।

"ਇਹਨਾਂ ਨੇ ਆਖ ਦੇਣਾ ਏ ਕਿ ਮਾਮਲਾ ਅਦਾਲਤ ਵਿੱਚ ਹੈ।ਇਸ ਵਿੱਚ ਪੁਲਿਸ ਕੁਝ ਨਹੀਂ ਕਰ ਸਕਦੀ।ਧਰਨਾ ਮੁਜ਼ਾਹਰਾ ਕਰਨ ਨੂੰ ਤਾਂ ਭਾਵੇਂ ਆਪਾਂ ਕੱਲ੍ਹ ਨੂੰ ਹੀ ਕਰ ਦੇਈਏ।ਪਰ ਹੁਣ ਆਪਣੇ ਹੱਥ ਪੱਲੇ ਕੁਝ ਨਹੀਂ ਪੈਣਾ।ਪਹਿਲਾਂ ਕਰ ਲੈਂਦੇ ਤਾਂ ਕਰ ਲੈਂਦੇ।" ਡੀ.ਟੀ.ਐਫ. ਦੇ ਜ਼ਿਲ੍ਹਾ ਪ੍ਰਧਾਨ ਦਿਗਵਿਜੇ ਨੇ ਆਪਣੀ ਸਲਾਹ ਦਿੱਤੀ।

ਤਦ ਹੀ ਸਾਨੂੰ ਆਵਾਜ਼ ਪੈ ਗਈ।ਮੈਂ ਵੇਖਿਆ ਕਿ ਸਾਰਾ ਦਫ਼ਤਰ ਖਾਲੀ ਹੋ ਚੁੱਕਾ ਸੀ।ਸਾਹਬ ਨੂੰ ਮਿਲਣ ਲਈ ਸਿਰਫ਼ ਅਸੀਂ ਹੀ ਰਹਿ ਗਏ ਸਾਂ, ਇਸ ਲਈ ਸਾਨੂੰ ਆਵਾਜ਼ ਮਾਰਨੀ ਉਸ ਦੀ ਇੱਕ ਮਜ਼ਬੂਰੀ ਬਣ ਗਈ ਸੀ।

ਅਸੀਂ ਕਮਰੇ ਅੰਦਰ ਗਏ ਤਾਂ ਐਸ.ਪੀ. ਨੇ ਸਾਨੂੰ ਬੈਠਣ ਦਾ ਇਸ਼ਾਰਾ ਕੀਤਾ।ਏਨੇ ਵਿੱਚ ਹੀ ਗੁਰਨੇਕ, ਜਪਨਾਮ ਅਤੇ ਮਲਕੀਤ ਵੀ ਅੰਦਰ ਆ ਗਏ।ਜਪਨਾਮ ਤੇ ਮਲਕੀਤ ਨੇ ਸਾਹਬ ਨੂੰ ਸਲੂਟ ਮਾਰਿਆ ਤੇ ਉਹ ਤਿੰਨੇ ਜਣੇ ਉੱਥੇ ਹੀ ਖੜ੍ਹੇ ਰਹੇ ਜਿੰਨਾ ਚਿਰ ਸਾਹਬ ਨੇ ਉਹਨਾਂ ਨੂੰ ਬੈਠਣ ਲਈ ਨਾ ਆਖਿਆ।ਸਾਨੂੰ ਸਭ ਨੂੰ ਹੈਰਾਨੀ ਵੀ ਹੋਈ ਕਿ ਇਹ ਕਿਵੇਂ ਆ ਗਏ ਹਨ ਤੇ ਪਹਿਲਾਂ ਸਾਨੂੰ ਦਿਸੇ ਕਿਉਂ ਨਹੀਂ ?

ਐਸ.ਪੀ. ਨੇ ਗੱਲ ਸ਼ੁਰੂ ਕੀਤੀ, "ਤੁਸੀਂ ਉੱਪ ਮੁੱਖ ਮੰਤਰੀ ਨੂੰ ਸ਼ਿਕਾਇਤ ਕੀਤੀ ਐ।ਇੱਕ ਮੈਂ ਤੁਹਾਨੂੰ ਦੱਸ ਦਿੰਦਾ ਹਾਂ ਕਿ ਤੁਸੀਂ ਭਾਵੇਂ ਅਮਰੀਕਾ ਦੇ ਰਾਸ਼ਟਰਪਤੀ ਤੱਕ ਪਹੁੰਚ ਕਰ ਲਵੋ, ਆਉਣਾ ਈ ਏ ਉਹਨੇ ਇਸੇ ਹਫ਼ਤੇ ਇੰਡੀਆ, ਪਰ ਮੈਂ ਗਲੀ ਵਿੱਚ ਵਿੰਗ ਤਾਂ ਨ੍ਹੀਂ ਪੈਣ ਦੇਣਾ।ਆਹ ਸੱਦੇ ਨੇ ਮੈਂ ਆਪਣੇ ਕਰਮਚਾਰੀ, ਤੁਸੀਂ, ਜਿਵੇਂ ਹੁੰਦੈ, ਇਹਨਾਂ ਨਾਲ ਸਮਝੌਤਾ ਕਰ ਲਵੋ।" ਆਪਣੇ ਵੱਲੋਂ ਤਾਂ ਉਸ ਨੇ ਆਪਣਾ ਫ਼ੈਸਲਾ ਹੀ ਸੁਣਾਅ ਦਿੱਤਾ ਸੀ।

"ਸਾਡੀ ਜਥੇਬੰਦੀ ਕਿਸੇ ਵੀ ਮੁਲਾਜ਼ਮ ਦਾ ਨੁਕਸਾਨ ਕਰਨ ਦੀ ਨੀਤੀ 'ਤੇ ਨਹੀਂ ਚੱਲਦੀ।ਇਸ ਲਈ ਅਸੀਂ ਇਹਨਾਂ ਦਾ ਵੀ ਕੋਈ ਨੁਕਸਾਨ ਕਰਨ ਲਈ ਦਿਲੋਂ ਰਾਜ਼ੀ ਨਹੀਂ ਹਾਂ।ਅਸੀਂ ਸਮਝੌਤਾ ਵੀ ਕਰ ਲਵਾਂਗੇ ਪਰ ਸਾਨੂੰ ਸਾਡੀ ਆਪਣੀ ਜਗ੍ਹਾ ਉੱਤੇ ਕਬਜ਼ਾ ਚਾਹੀਦਾ ਹੈ ਜਿਹੜਾ ਕਿ ਪੁਲਿਸ ਵਿਭਾਗ ਦੀ ਦਖ਼ਲ-ਅੰਦਾਜ਼ੀ ਕਾਰਨ ਹੀ ਰੁਕਿਆ ਪਿਆ ਹੈ।" ਡੀ.ਟੀ.ਐੱਫ. ਵਾਲੇ ਸੁਰਿੰਦਰ ਸਿੰਘ ਨੇ ਐਸ.ਪੀ. ਨੂੰ ਜ਼ਰਾ ਕੁ ਕਰੜਾ ਹੁੰਦਿਆਂ ਸੁਭਾਵਕ ਹੀ ਆਖਿਆ।

"ਮੇਰੀ ਗੱਲ ਕੰਨ ਖੋਲ੍ਹ ਕੇ ਸੁਣ ਲਓ, ਮੈਂ ਗਲੀ ਦੇ ਲੋਕਾਂ ਦੀ ਮਰਜ਼ੀ ਤੋਂ

ਬਗੈਰ ਉੱਥੇ ਕੰਧ ਨ੍ਹੀਂ ਹੋਣ ਦੇਣੀ।ਤੁਸੀਂ ਐਵੇਂ ਹੀ ਸ਼ਿਕਾਇਤਾਂ ਕਰੀ ਜਾਂਦੇ ਓ।ਨਾਲੇ ਆਪ ਖ਼ਰਾਬ ਹੋਈ ਜਾਂਦੇ ਓ, ਨਾਲੇ ਸਾਡਾ ਵਕਤ ਖ਼ਰਾਬ ਕਰੀ ਜਾਂਦੇ ਓ।" ਐਸ.ਪੀ. ਪਹਿਲਾਂ ਨਾਲੋਂ ਉੱਚੀ ਕੜਕਿਆ।

"ਸਰ, ਮੁਹੱਲੇ ਵਾਲਾ ਤਾਂ ਇਹਨਾਂ ਦੇ ਨਾਲ ਕੋਈ ਵੀ ਨ੍ਹੀਂ ।ਜੇ ਨਾਲ ਹੁੰਦੇ ਤਾਂ ਉਹ ਇਹਨਾਂ ਨਾਲ ਤੁਰਦੇ ਨਾ, ਤੇ ਇਹਨਾਂ ਦੇ ਹੱਕ 'ਚ ਗਵਾਹੀਆਂ ਵੀ ਦਿੰਦੇ ? ਇਹੋ ਤਿੰਨੇ ਹੀ ਰੌਲ਼ਾ ਪਾਈ ਜਾਂਦੇ ਆ।ਔਹ ਅੰਕਲ ਦਾ ਤਾਂ ਆਪ ਗਲੀ ਦੀ ਜਗ੍ਹਾ 'ਤੇ ਕਬਜ਼ਾ ਕੀਤਾ ਹੋਇਆ ਏ।" ਮੈਂ ਐਸ. ਪੀ. ਨੂੰ ਗੁਰਨੇਕ ਵੱਲ ਇਸ਼ਾਰਾ ਕਰਦੇ ਹੋਏ ਆਖਿਆ।

ਮੇਰੀ ਇਹ ਗੱਲ ਸੁਣ ਕੇ ਗੁਰਨੇਕ ਭੜਕ ਹੀ ਉਠਿਆ, "ਐਵੇਂ ਬਕਵਾਸ ਕਰੀ ਜਾਂਦੇ ਆ ਜੀ।ਮੇਰਾ ਮਕਾਨ ਬਣੇ ਨੂੰ ਤਾਂ ਤੀਹ ਸਾਲ ਹੋਗੇ।ਕਿਸੇ ਨੇ ਰੌਲ਼ਾ ਨ੍ਹੀਂ ਪਾਇਆ। ਇਹ ਕੱਲ੍ਹ ਆ ਕੇ ਸਾਨੂੰ ਖ਼ਰਾਬ ਕਰਨ 'ਤੇ ਤੁਲੇ ਹੋਏ ਨੇ।"

'ਬਕਵਾਸ' ਸ਼ਬਦ ਅਜੇ ਗੁਰਨੇਕ ਦੇ ਮੂੰਹੋਂ ਨਿਕਲਿਆ ਹੀ ਸੀ ਕਿ ਮੇਰੇ ਨਾਲ ਦੇ ਸਾਰੇ ਜਣੇ ਉਸ ਨੂੰ ਟੁੱਟ ਕੇ ਪੈ ਗਏ।

"ਮੂੰਹ ਸੰਭਾਲ ਕੇ ਗੱਲ ਕਰ ਓਏ।ਸਾਨੂੰ ਪਤਾ ਤੇਰੀਆਂ ਸਾਰੀਆਂ ਕਰਤੂਤਾਂ ਦਾ।ਸਾਰਾ ਇਲਾਕਾ ਤੇਰੇ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੈ।"

"ਬਾਹਰ ਚੱਲ, ਤੈਨੂੰ ਬੋਲਣਾ ਸਿਖਾਉਂਦੇ ਆਂ।"

"ਇਹਨੇ ਅਜੇ ਆਪਣੇ ਹੱਥ ਨਹੀਂ ਵੇਖੇ।"

"ਆਹ ਪੁਲਸੀਆਂ ਦੇ ਸਿਰ 'ਤੇ ਹੀ ਚਾਮ੍ਹਲੀ ਜਾਨਾ ਏਂ ਨਾ।ਦੱਸਦੇ ਆਂ ਤੈਨੂੰ ਪਤਾ।ਬਾਹਰ ਨਿਕਲ ਜ਼ਰਾ।"

ਅਖਾੜਾ ਖਿੱਲਰ ਜਾਣ ਦੀ ਹੱਦ 'ਤੇ ਆ ਗਿਆ ਸੀ।ਐਸ.ਪੀ. ਖੜ੍ਹਾ ਹੋ ਗਿਆ ਤੇ ਰੋਅਬ ਨਾਲ ਸਭ ਨੂੰ ਸ਼ਾਂਤ ਕਰਵਾਉਣ ਦਾ ਯਤਨ ਕਰਨ ਲੱਗ ਪਿਆ।ਆਪਣਾ ਵੱਸ ਨਾ ਚੱਲਦਾ ਵੇਖ ਕੇ ਘੰਟੀਆਂ ਵਜਾਉਣ ਲੱਗ ਪਿਆ।ਬਾਹਰੋਂ ਉਸ ਦਾ ਗੇਟ-ਕੀਪਰ ਭੱਜਿਆ ਆਇਆ ਤੇ ਉਸ ਨੇ ਉਸ ਨੂੰ ਹੁਕਮ ਕਰ ਦਿੱਤਾ, "ਸੱਦ ਓਏ ਮੁਲਾਜ਼ਮ ਤੇ ਬਾਹਰ ਕੱਢ ਇਹਨਾਂ ਨੂੰ।" ਸਾਹਬ ਦਾ ਹੁਕਮ ਸੁਣਦਿਆਂ ਹੀ ਉਹ ਬਾਹਰ ਵੱਲ ਨੂੰ ਭੱਜ ਤੁਰਿਆ।

ਏਨੇ ਨੂੰ ਰੌਲ਼ਾ ਵੀ ਠੰਢਾ ਹੋਣ ਲੱਗ ਪਿਆ ਤੇ ਅਸੀਂ ਗੁਰਨੇਕ ਦੁਆਰਾ ਵਰਤੀ ਗਈ ਸ਼ਬਦਾਵਲੀ 'ਤੇ ਇਤਰਾਜ਼ ਉਠਾਇਆ।ਕੁਝ ਦੇਰ ਹੋਰ ਬਹਿਸ ਮੁਬਾਹਿਸੇ ਤੋਂ ਬਾਅਦ ਸ਼ਾਂਤੀ ਹੋ ਚੁੱਕੀ ਸੀ।ਅੰਦਰ ਆ ਵੜੇ ਤਿੰਨੇ ਹੀ ਮੁਲਾਜ਼ਮ ਐਸ.ਪੀ. ਦੇ ਇਸ਼ਾਰਾ ਕਰਨ 'ਤੇ ਬਾਹਰ ਚਲੇ ਗਏ।

ਐਸ.ਪੀ. ਨੇ ਗੁਰਨੇਕ ਦੀ ਉਹ ਲਾਹ-ਪਾਹ ਕੀਤੀ ਕਿ ਉਸ ਦੀ ਤਾਂ ਭੂਤਨੀ ਹੀ ਭੁੱਲ ਗਈ।ਉਹ ਵੀ ਆਪਣੀ ਬੇਇੱਜ਼ਤੀ ਮੰਨਦਾ ਹੋਇਆ ਕੁਰਸੀ

ਉੱਤੇ ਸੁੰਗੜ ਕੇ ਬੈਠ ਗਿਆ ਸੀ। ਫਿਰ ਗੁੱਸੇ ਵਿੱਚ ਹੀ ਐਸ.ਪੀ. ਨੇ ਹੁਕਮ ਸੁਣਾਇਆ, "ਮੈਨੂੰ ਨ੍ਹੀਂ ਲੱਗਦਾ ਕਿ ਤੁਹਾਡਾ ਕੋਈ ਸਮਝੌਤਾ ਹੋ ਸਕੇਗਾ। ਜਾਓ ਬਾਹਰ, ਰੀਡਰ ਨੂੰ ਆਪੋ-ਆਪਣੇ ਬਿਆਨ ਲਿਖਵਾਅ ਦਿਓ। ਮੈਂ ਆਪੇ ਵੇਖ ਲਵਾਂਗਾ ਕਿ ਕੀ ਕਾਰਵਾਈ ਕਰਨੀ ਬਣਦੀ ਏ।"

ਸਾਡੇ ਸਭ ਦੇ ਬਿਆਨ ਤਾਂ ਉਹ ਹੀ ਸਨ। ਉਸ ਦਿਨ ਇਹਨਾਂ ਬਿਆਨਾਂ ਵਿੱਚ ਇੱਕ ਹੋਰ ਗੱਲ ਵੱਧ ਦਰਜ ਕਰਵਾਉਣੀ ਸੀ ਕਿ ਜਿਸ ਡੀ.ਐਸ.ਪੀ. ਨੇ ਪਹਿਲਾਂ ਜਾਂਚ ਕੀਤੀ ਹੈ, ਉਹ ਖ਼ੁਦ ਕਈ ਸੰਗੀਨ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਉਹ ਇੱਕ ਦਾਗ਼ੀ ਅਧਿਕਾਰੀ ਹੈ। ਇਸ ਲਈ ਹੀ ਉਹ ਆਪਣੀ ਦਿੱਤੀ ਹੋਈ ਰਿਪੋਰਟ ਵਿੱਚ ਨਜਾਇਜ਼ ਕਬਜ਼ਾ-ਧਾਰਕ ਦੀ ਮਦਦ ਕਰ ਕੇ ਗਿਆ ਹੈ। ਸਾਨੂੰ ਇਹ ਰਿਪੋਰਟ ਪਰਵਾਨ ਨਹੀਂ। ਇਸ ਲਈ ਇਸ ਮਾਮਲੇ ਦੀ ਦੁਬਾਰਾ ਜਾਂਚ-ਪੜਤਾਲ ਕਰਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਸਾਰੇ ਜਣੇ ਖੁਸ਼ ਸਨ ਕਿ ਚਲੋ ਸੱਚੀ ਗੱਲ ਸਾਹਬ ਨੂੰ ਪਤਾ ਲੱਗ ਗਈ ਹੈ ਅਤੇ ਉਹ ਦੂਜੀ ਧਿਰ ਨੂੰ ਵੀ ਟੁੱਟ ਕੇ ਪੈਣ ਲੱਗ ਪਿਆ ਹੈ।

ਅਸੀਂ ਆਪਣੇ ਸਾਰੇ ਸਬੂਤ ਪੇਸ਼ ਕਰ ਦਿੱਤੇ ਸਨ ਤੇ ਗਵਾਹਾਂ ਦੇ ਬਿਆਨ ਵੀ ਲਿਖਵਾਅ ਦਿੱਤੇ ਸਨ। ਸਾਰੀ ਦਿਹਾੜੀ ਮੈਨੂੰ ਇੱਕੋ ਗੱਲ ਹੀ ਰੜਕਦੀ ਰਹੀ ਸੀ ਕਿ ਇਸ ਵਿਭਾਗ ਦੀਆਂ ਗੁੱਝੀਆਂ ਗੱਲਾਂ ਬਾਰੇ ਇਸ਼ਾਰੇ ਦੇਣ ਵਾਲਾ ਸੋਹਣੀ ਜਿਹੀ ਪੱਗ ਵਾਲਾ ਉਹ ਪੁਲਸੀਆ ਮੈਨੂੰ ਦੋਵੇਂ ਦਿਨਾਂ ਵਿੱਚ ਹੀ ਨਹੀਂ ਸੀ ਮਿਲਿਆ। ਮੈਨੂੰ ਇੱਕ ਫ਼ਿਕਰ ਇਹ ਵੀ ਪੈ ਗਿਆ ਕਿ ਕਿਤੇ ਕਿਸੇ ਨੇ ਉਸ ਦੀ ਸੀ.ਆਈ.ਡੀ. ਕਰ ਦਿੱਤੀ ਹੈ ਕਿ ਉਸ ਨੇ ਮੈਨੂੰ ਮਹਿਕਮੇ ਦੀ ਕੋਈ ਬੇਹੱਦ ਗੁਪਤ ਗੱਲ ਦੱਸ ਦਿੱਤੀ ਹੈ ਤੇ ਸ਼ਾਇਦ ਇਸੇ ਕਾਰਨ ਉਸ ਦੀ ਬਦਲੀ ਹੋਰ ਕਿਧਰੇ ਕਰ ਦਿੱਤੀ ਗਈ ਹੋਵੇ। ਫਿਰ ਸੋਚਿਆ ਕਿ ਉਹਨੇ ਵਿਚਾਰੇ ਨੇ ਮੈਨੂੰ ਕਿਹੜਾ ਅਜਿਹਾ ਐਟਮ ਬੰਬ ਦੇ ਦਿੱਤਾ ਸੀ ਜਿਸ ਨਾਲ ਮੈਂ ਇਸ ਮਹਿਕਮੇ ਦੇ ਪਰਖੱਚੇ ਉਡਾਅ ਦੇਣੇ ਸੀ।

ਇਸ ਉਧੇੜ ਬੁਣ ਵਿੱਚ ਹੀ ਮੈਂ ਆਪਣੇ ਪਿਤਾ ਜੀ ਨਾਲ ਘਰ ਪੁੱਜ ਚੁੱਕਾ ਸਾਂ। ਘਰ ਵੜਦੇ ਸਾਰ ਹੀ ਘਰ ਦੇ ਸਾਰੇ ਜੀਅ ਸਾਡੇ ਦੁਆਲੇ ਹੋ ਗਏ। ਮੈਂ ਸਾਰੇ ਦਿਨ ਦੀ ਹੋਈ ਬੀਤੀ ਹੱਸ-ਹੱਸ ਕੇ ਸੁਣਾਉਣ ਲੱਗ ਪਿਆ ਸਾਂ ਤਾਂ ਕਿ ਕਿਸੇ ਵੀ ਜੀਅ ਨੂੰ ਇਹ ਨਾ ਲੱਗੇ ਕਿ ਮੈਂ ਉਦਾਸ ਜਾਂ ਨਿਰਾਸ਼ ਹੋ ਗਿਆ ਹਾਂ। ਸਗੋਂ ਮੈਂ ਉਹਨਾਂ ਨੂੰ ਹੌਸਲਾ ਦਿੰਦਾ ਕਿ ਇਹਨਾਂ ਸਭ 'ਤੇ ਕੇਸ ਦਰਜ ਹੋ ਜਾਣੇ ਨੇ ਅਤੇ ਛੇਤੀ ਹੀ ਗੁਰਨੇਕ ਦਾ ਨਜਾਇਜ਼ ਕਬਜ਼ਾ ਛੁਡਵਾਉਣ ਲਈ ਵੀ ਨਗਰ ਨਿਗਮ ਵਾਲੇ ਆ ਜਾਣੇ ਹਨ। ਮੈਨੂੰ ਲੱਗਾ ਕਿ ਉਹਨਾਂ ਉੱਪਰ ਮੇਰੀਆਂ ਇਹਨਾਂ ਹੌਸਲਾ ਵਧਾਊ ਗੱਲਾਂ ਦਾ ਬਹੁਤਾ ਅਸਰ ਨਹੀਂ ਸੀ ਹੋ ਰਿਹਾ, ਸਗੋਂ

ਉਹਨਾਂ ਦੇ ਚਿਹਰੇ ਫ਼ਿਕਰ ਨਾਲ ਫੱਕ ਹੋ ਕੇ ਹੋਰ ਵੀ ਗੰਭੀਰ ਹੁੰਦੇ ਜਾ ਰਹੇ ਸਨ।

ਏਨੇ ਨੂੰ ਅਮਿਤਾ ਇੱਕ ਖੁੱਲ੍ਹਿਆ ਹੋਇਆ ਖਾਕੀ ਲਿਫ਼ਾਫ਼ਾ ਚੁੱਕੀ ਮੇਰੇ ਕੋਲ ਆ ਗਈ ਤੇ ਆਖਣ ਲੱਗੀ, "ਆਹ ਰਜਿਸਟਰੀ ਆਈ ਸੀ, ਪੁਲਿਸ ਵਾਲਿਆਂ ਵੱਲੋਂ। ਤੁਸੀਂ ਵੀ ਵੇਖ ਲਓ। ਸਾਨੂੰ ਤਾਂ ਕੁਝ ਵੀ ਸਮਝ ਨਹੀਂ ਪਈ ਕਿ ਇਹਦੇ ਵਿੱਚ ਕੀ ਲਿਖਿਆ ਹੋਇਐ।"

ਲਿਫ਼ਾਫ਼ਾ ਫੜਦਿਆਂ ਹੀ ਮੈਂ ਇੱਕੋ ਦਮ ਸਾਰੀ ਕਹਾਣੀ ਸਮਝ ਗਿਆ ਸਾਂ ਕਿ ਇਹਨਾਂ ਨੇ ਪੁਲਿਸ ਵੱਲੋਂ ਭੇਜਿਆ ਹੋਇਆ ਇਹ ਪੱਤਰ ਪੜ੍ਹ ਲਿਆ ਹੈ ਤੇ ਜ਼ਰੂਰ ਹੀ ਇਸ ਵਿੱਚ ਕੋਈ ਅਣਸੁਖਾਵੀਂ ਗੱਲ ਹੈ ਜਿਸ ਕਾਰਨ ਇਹ ਆਖ ਰਹੀ ਹੈ ਕਿ ਮੈਨੂੰ ਤਾਂ ਕੁਝ ਵੀ ਸਮਝ ਨਹੀਂ ਆਈ।

ਇਹ ਚਿੱਠੀ ਮੇਰੇ ਦੁਆਰਾ ਪਾਈ ਗਈ ਇੱਕ ਆਰ.ਟੀ.ਆਈ. ਦਾ ਪੁਲਿਸ ਵਿਭਾਗ ਦੁਆਰਾ ਭੇਜਿਆ ਗਿਆ ਇੱਕ 'ਜਵਾਬ' ਸੀ, ਜਿਸ ਵਿੱਚ ਉਹਨਾਂ ਨੇ ਦੋਵਾਂ ਧਿਰਾਂ ਦੇ ਦਰਜ ਕਰਵਾਏ ਬਿਆਨਾਂ, ਪੇਸ਼ ਕੀਤੇ ਗਵਾਹਾਂ, ਸਬੂਤਾਂ ਦੀਆਂ ਕਾਪੀਆਂ ਅਤੇ ਜਾਂਚ ਅਧਿਕਾਰੀ ਦੀ ਰਿਪੋਰਟ ਭੇਜੀ ਸੀ।

ਆਪਣੇ ਪੇਸ਼ ਕੀਤੇ ਗਵਾਹਾਂ ਅਤੇ ਸਬੂਤਾਂ ਬਾਰੇ ਤਾਂ ਮੈਨੂੰ ਪਤਾ ਸੀ ਪਰ ਮੇਰੀ ਤਸੱਲੀ ਤਾਂ ਦੂਜੀ ਧਿਰ ਦੁਆਰਾ ਪੇਸ਼ ਕੀਤੇ ਗਏ ਗਵਾਹਾਂ ਦੇ ਬਿਆਨਾਂ ਅਤੇ ਪੇਸ਼ ਕੀਤੇ ਤੱਥਾਂ ਦੀ ਰੌਸ਼ਨੀ ਵਿੱਚ ਕੀਤੀ ਗਈ ਪੜਤਾਲ ਅਨੁਸਾਰ ਹੀ ਹੋਣੀ ਸੀ। ਇਸ ਲਈ ਮੈਂ ਸਾਰ-ਅੰਸ਼ ਜਾਨਣ ਲਈ ਤਫ਼ਤੀਸ਼ੀ ਅਫ਼ਸਰ ਦੀ ਰਿਪੋਰਟ ਵਾਲਾ ਪੰਨਾ ਖੋਲ੍ਹ ਲਿਆ। ਉਸ ਨੂੰ ਪੜ੍ਹਦਿਆਂ ਮੇਰੇ ਹੋਸ਼ ਹੀ ਉੱਡ ਗਏ। ਇਸ ਦਾ ਸਾਰ ਅੰਸ਼ ਸੀ ਕਿ ਸ਼ਿਕਾਇਤ ਕਰਤਾ ਧਿਰ ਭਾਵ ਸਾਡੇ ਵੱਲੋਂ ਤਿੰਨ ਗਵਾਹ ਪੇਸ਼ ਕੀਤੇ ਗਏ, ਰਜਿਸਟਰੀ ਦੀ ਕਾਪੀ ਅਤੇ ਇੱਕ ਸੀ.ਡੀ. ਸਬੂਤਾਂ ਵਜੋਂ ਪੇਸ਼ ਕੀਤੀ ਗਈ ਹੈ। ਬਚਾਅ ਧਿਰ ਵੱਲੋਂ ਕੋਈ ਵੀ ਸਬੂਤ ਜਾਂ ਗਵਾਹ ਪੇਸ਼ ਨਹੀਂ ਕੀਤਾ ਗਿਆ ਸੀ। ਅੰਤ ਵਿੱਚ ਜਾਂਚ ਅਧਿਕਾਰੀ ਨੇ ਨੋਟਿੰਗ ਦਿੱਤੀ ਸੀ ਕਿ ਜਾਂਚ ਦੌਰਾਨ ਪਾਇਆ ਗਿਆ ਹੈ ਸ਼ਿਕਾਇਤ ਕਰਤਾ ਪਿਛਲੇ ਪੱਚੀ ਸਾਲ ਤੋਂ ਚੱਲੀ ਆ ਰਹੀ ਗਲੀ ਉੱਪਰ ਨਜਾਇਜ਼ ਕਬਜ਼ਾ ਕਰਨਾ ਚਾਹੁੰਦਾ ਹੈ। ਇਹ ਜਗ੍ਹਾ ਵਾਧ-ਘਾਟ ਦੀ ਜਗ੍ਹਾ ਹੈ। ਇਸ ਲਈ ਇਸ ਕੇਸ ਨੂੰ ਦਾਖਲ-ਦਫ਼ਤਰ ਕਰਨ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।

ਉਸ ਪੱਤਰ ਨੂੰ ਪੜ੍ਹਦਿਆਂ ਮੇਰੇ ਹੱਥ ਕੰਬ ਰਹੇ ਸਨ ਪਰ ਮੈਂ ਆਪਣੇ ਆਪ ਨੂੰ ਮਜ਼ਬੂਤ ਵਿਖਾਉਣ ਦੀ ਖ਼ਾਤਰ ਜਾਣ ਬੁੱਝ ਕੇ ਕਾਗਜ਼ਾਂ ਨੂੰ ਕਦੇ ਇੱਕ ਹੱਥ ਵਿੱਚ ਕਰ ਲੈਂਦਾ ਸਾਂ ਤੇ ਕਦੇ ਦੂਜੇ ਵਿੱਚ। ਇੱਕ ਗੱਲ ਮੈਂ ਪੱਕੇ ਤੌਰ 'ਤੇ ਸਮਝ ਗਿਆ ਸਾਂ ਕਿ ਪੁਲਿਸ ਵਿਭਾਗ ਮੈਨੂੰ ਕੁਝ ਵੀ ਡਾਹ-ਦਵਾਲ ਨਹੀਂ। ਮੈਂ ਫਿਰ ਵੀ ਘਰਦਿਆਂ ਨੂੰ ਹੌਸਲਾ ਦੇਣ ਦੀ ਖ਼ਾਤਰ ਆਖਦਾ ਰਿਹਾ, " ਕੋਈ

ਨ੍ਹੀਂ, ਅਸੀਂ ਜਿਹੜੇ ਅੱਜ ਬਿਆਨ ਲਿਖਾਏ ਆ ਨਾ, ਉਹਨਾਂ ਚੋਂ ਨ੍ਹੀਂ ਛੁੱਟ ਸਕਦੇ, ਇਹ ਭੱਜਣਗੇ ਕਿੱਥੇ ? ਆਪਾਂ ਵੀ ਭੂਤਾਂ ਵਾਂਙੂੰ ਇਹਨਾਂ ਨੂੰ ਚਿੰਬੜੇ ਹੀ ਰਹਿਣਾ ਏ। ਜਿਉਂਦੇ ਜੀਅ ਤਾਂ ਇਹਨਾਂ ਦੇ ਮਗਰੋਂ ਨ੍ਹੀਂ ਲਹਿੰਦੇ। ਕੁਝ ਆਖੀ ਜਾਣ ਜਾਂ ਲਿਖੀ ਜਾਣ।"

ਸ਼ਾਇਦ ਮੇਰੀਆਂ ਇਹਨਾਂ ਗੱਲਾਂ ਦਾ ਕਿਸੇ 'ਤੇ ਭੋਰਾ ਭਰ ਵੀ ਅਸਰ ਨਹੀਂ ਸੀ ਹੋਇਆ ਤੇ ਘਰ ਦਾ ਮਾਹੌਲ ਉਸੇ ਤਰ੍ਹਾਂ ਹੀ ਗ਼ਮਗੀਨ ਦਿਸੀ ਜਾ ਰਿਹਾ ਸੀ ਜਿਸ ਤਰ੍ਹਾਂ ਦੇ ਮਹੌਲ ਵਿੱਚ ਮੈਂ ਘਰ 'ਚ ਦਾਖ਼ਲ ਹੋਇਆ ਸਾਂ।

ਆਮ ਵਾਂਙ ਮੈਂ ਘਰ ਵਿੱਚ ਕੁਝ ਸਮਾਂ ਗੁਜ਼ਾਰਨ ਤੋਂ ਬਾਅਦ ਆਪਣੇ ਨਵੇਂ ਖ਼ਰੀਦੇ ਘਰ ਵਿੱਚ ਆ ਗਿਆ ਸਾਂ। ਦਰਵਾਜ਼ੇ ਦਾ ਜਿੰਦਰਾ ਖੋਲ੍ਹਦਿਆਂ ਹੀ ਮੇਰੇ ਮਨ 'ਤੇ ਪਤਾ ਨਹੀਂ ਕਿਹੜੀ ਉਦਾਸੀ ਛਾ ਗਈ ਸੀ ਕਿ ਮੈਂ ਉੱਚੀ-ਉੱਚੀ ਰੋਣਾ ਸ਼ੁਰੂ ਕਰ ਦਿੱਤਾ। ਰੋਂਦੇ ਹੋਏ ਮੈਂ ਉੱਚੀ-ਉੱਚੀ ਬੋਲਣ ਵੀ ਲੱਗ ਪਿਆ ਸਾਂ, "ਉਏ ਥੋਡਾ ਕੁਝ ਨਾ ਰਹੇ ਉਏ, ਮੈਨੂੰ ਦੋਸ਼ੀ ਠਹਿਰਾਉਣ ਵਾਲਿਓ। ਤੁਸੀਂ ਅੱਜ ਉਸ ਬੰਦੇ ਨੂੰ ਦੋਸ਼ੀ ਠਹਿਰਾਅ ਦਿੱਤਾ ਜਿਹੜਾ ਲਿਖਦਾ ਵੀ ਹੈ ਤਾਂ ਲੋੜਵੰਦਾਂ ਨੂੰ ਖ਼ੂਨਦਾਨ ਕਰਨ ਦੇ ਲਈ, ਜਿਹੜਾ ਅਖ਼ਬਾਰਾਂ ਤੋਂ ਆਇਆ ਇੱਕ-ਇੱਕ ਪੈਸਾ ਖ਼ੂਨ ਦਾਨ ਵਾਸਤੇ ਹੀ ਵਰਤ ਰਿਹਾ ਹੈ ਜਾਂ ਫਿਰ ਸਕੂਲ ਵਿੱਚ ਚਲਾਈ ਜਾ ਰਹੀ ਨਰਸਰੀ ਲਈ। ਜਿੱਥੋਂ ਹਜ਼ਾਰਾਂ ਪੌਦੇ ਤਿਆਰ ਕਰ ਕੇ ਮੁਫ਼ਤ ਵੰਡੇ ਜਾ ਰਹੇ ਨੇ। ਤੁਸੀਂ ਉਸ ਬੰਦੇ ਨੂੰ ਸੜਕ ਉੱਤੇ ਕਬਜ਼ਾ ਕਰਨ ਵਾਲਾ ਠਹਿਰਾਅ ਦਿੱਤਾ, ਉਏ ਕੁੱਤਿਓ, ਥੋਡਾ ਕੱਖ ਨਾ ਰਹੇ ਉਏ ਪੁਲਿਸ ਵਾਲਿਓ।" ਮੈਂ ਕਾਫ਼ੀ ਦੇਰ ਤੱਕ 'ਕੱਲ੍ਹਾ ਹੀ ਇਸ ਤਰ੍ਹਾਂ ਬੋਲਦਾ ਹੋਇਆ ਰੋਂਦਾ ਵੀ ਰਿਹਾ। ਇੱਥੇ ਮੈਨੂੰ ਹੌਸਲਾ ਦੇਣ ਜਾਂ ਚੁੱਪ ਕਰਵਾਉਣ ਵਾਲਾ ਕੋਈ ਨਹੀਂ ਸੀ ਪਰ ਆਪਣੇ ਮਨ ਦਾ ਗੁੱਭ-ਗੁਭਾਟ ਕੱਢ ਕੇ ਮੈਂ ਆਪੇ ਹੀ ਚੁੱਪ ਹੋ ਗਿਆ ਸਾਂ। ਮੈਂ ਬਹੁਤ ਨਿਢਾਲ ਹੋ ਚੁੱਕਾ ਸਾਂ ਤੇ ਮੇਰਾ ਮਨ ਕਾਫ਼ੀ ਹੌਲ਼ਾ ਹੋ ਗਿਆ ਸੀ।

ਫਿਰ ਦਿਮਾਗ਼ ਵਿੱਚ ਆਇਆ ਕਿ ਇਹਨਾਂ ਸਰਕਾਰੀ ਗੁੰਡਿਆਂ ਨਾਲ ਆਰ-ਪਾਰ ਦੀ ਲੜਾਈ ਲੜਣੀ ਹੀ ਪੈਣੀ ਹੈ। ਹੰਝੂ ਪੂੰਝਦਾ ਹੋਇਆ ਸੋਚਣ ਲੱਗਾ ਕਿ ਅਜਿਹਾ ਕੀ ਕੀਤਾ ਜਾਵੇ ਕਿ ਜਿਸ ਨਾਲ ਮੇਰੇ ਸਮੇਤ ਹਰ ਉਸ ਮਜ਼ਲੂਮ ਨੂੰ ਰਾਹਤ ਮਿਲੇ ਜਿਹੜਾ ਇਹਨਾਂ ਦਰਿੰਦਿਆਂ ਦੇ ਜ਼ੁਲਮ ਦਾ ਸ਼ਿਕਾਰ ਹੋਇਆ ਹੋਇਆ ਹੈ। ਅੰਤ, ਸੋਚ ਵਿਚਾਰ ਕਰਦਿਆਂ ਇੱਕ ਗੱਲ ਮੇਰੇ ਦਿਮਾਗ਼ ਵਿੱਚ ਆਈ ਕਿ ਕਿਉਂ ਨਾ ਉਸ ਅਖ਼ਬਾਰ ਦੇ ਸੰਪਾਦਕ ਨੂੰ ਖ਼ਤ ਲਿਖਿਆ ਜਾਵੇ ਜਿਸ ਵਿੱਚ ਮੇਰੇ ਸਭ ਤੋਂ ਵੱਧ ਲੇਖ ਆਦਿ ਛਪਦੇ ਰਹਿੰਦੇ ਹਨ ਅਤੇ ਗਾਹੇ-ਬਗਾਹੇ ਕਿਸੇ ਵਿਸ਼ੇ 'ਤੇ ਲੇਖ ਲਿਖਣ ਲਈ ਉਹ ਫ਼ੋਨ ਕਰ ਕੇ ਮੈਨੂੰ ਹੁਕਮ ਵੀ ਕਰ ਦਿੰਦਾ ਹੁੰਦਾ ਹੈ। ਭਾਵੁਕ ਹਾਲਤ ਵਿੱਚ ਮੈਂ ਉਸ ਨੂੰ ਖਤ

ਲਿਖਣ ਲੱਗ ਪਿਆ :

'ਬਹੁਤ ਹੀ ਸਤਿਕਾਰਯੋਗ ਸੰਪਾਦਕ ਸਾਹਿਬ ਜੀ,

ਤੁਸੀਂ ਆਪਣੇ ਅਖ਼ਬਾਰ ਦੇ ਚੌਥੇ ਵਰ੍ਹੇ ਵਿੱਚ ਸ਼ਾਮਿਲ ਹੋਣ ਦਾ ਜਸ਼ਨ ਮਨਾਇਆ ਹੈ ਪਰ ਮੈਨੂੰ ਅਫ਼ਸੋਸ ਲੱਗਾ ਕਿ ਮੈਂ ਆਪਣੇ ਪਿਆਰੇ ਅਖ਼ਬਾਰ ਦੀ ਇਸ ਖੁਸ਼ੀ ਵਿੱਚ ਆਪ ਜੀ ਨੂੰ ਵਧਾਈ ਤੱਕ ਵੀ ਨਹੀਂ ਦੇ ਸਕਿਆ। ਵਧਾਈ ਤੇ ਸ਼ਹਿਨਾਈ ਵੀ ਉਸ ਵੇਲ਼ੇ ਹੀ ਚੰਗੀ ਲੱਗਦੀ ਹੈ ਜਦ ਮਨ ਖੁਸ਼ ਹੋਵੇ।

ਤੁਸੀਂ ਕਿਸੇ ਪੰਛੀ ਦਾ ਆਲ੍ਹਣਾ ਉਜਾੜਦੇ ਹੋਏ ਜ਼ੋਰਾਵਰ ਪੰਛੀ ਨੂੰ ਤਾਂ ਤੱਕਿਆ ਹੀ ਹੋਵੇਗਾ ਤੇ ਉਸ ਜ਼ੁਲਮ ਦੇ ਵਿਰੁੱਧ ਵਿਚਾਰੇ ਮਾੜਚੂ ਜਿਹੇ ਪੰਛੀ ਦੀ ਹਾਲਤ ਵੀ ਜ਼ਰੂਰ ਵੇਖੀ ਹੋਵੇਗੀ ਅਤੇ ਉਸ ਮਾਸੂਮ ਦੀ ਅੰਦਰਲੀ ਵੇਦਨਾ ਨੂੰ ਮਹਿਸੂਸ ਵੀ ਕੀਤਾ ਹੋਵੇਗਾ। ਅਜਿਹੀ ਹਾਲਤ ਵਿੱਚ ਪੀੜਤ ਪੰਛੀ ਹੋਰਨਾਂ ਦੀਆਂ ਖੁਸ਼ੀ ਵਿੱਚ ਕਿੰਨਾ ਕੁ ਸ਼ਾਮਿਲ ਹੋ ਸਕਦਾ ਹੋਵੇਗਾ, ਤੁਸੀਂ ਭਲੀ ਭਾਂਤ ਹੀ ਅੰਦਾਜ਼ਾ ਲਾ ਸਕਦੇ ਹੋ। ਇਹਨਾਂ ਦਿਨਾਂ ਵਿੱਚ ਅਜਿਹਾ ਹੀ ਸਭ ਕੁਝ ਮੇਰੇ ਨਾਲ ਵਾਪਰਿਆ ਹੈ।

ਬੀਤੀ ਤੀਹ ਮਈ ਤੋਂ ਲੈ ਕੇ ਤੀਹ ਜੂਨ ਤੱਕ ਮੈਂ ਪੁਲਿਸ ਦੁਆਰਾ ਦਿੱਤੇ ਗਏ ਮਾਨਸਿਕ ਤਸੀਹਿਆਂ ਨੂੰ ਸਹਾਰਦਾ ਰਿਹਾ ਹਾਂ ਤੇ ਹੁਣ ਮੈਂ ਉਹਨਾਂ ਦੇ ਗੁੰਡਿਆਂ ਦੁਆਰਾ ਕੀਤੇ ਗਏ ਅਦਾਲਤੀ ਕੇਸ ਦਾ ਸਾਹਮਣਾ ਕਰਨ ਲਈ ਮਜਬੂਰ ਹੋਇਆ ਪਿਆ ਹਾਂ।

'ਏਥੋਂ ਉੱਡ ਜਾ ਭੋਲਿਆ ਪੰਛੀਆ ਤੇਰਾ ਆਲ੍ਹਣਾ ਦੇਣਗੇ ਢਾਹ' ਗੀਤ ਦੇ ਸ਼ਾਬਦਿਕ ਅਰਥਾਂ ਦੀ ਸਮਝ ਤਾਂ ਮੈਨੂੰ ਪਹਿਲਾਂ ਹੀ ਸੀ ਪਰ ਹੁਣ ਇਸ ਗੀਤ ਦੇ ਭਾਵ ਅਰਥ ਵੀ ਸਮਝ ਆਉਣ ਲੱਗ ਪਏ ਹਨ। ਵਾਕਿਆ ਹੀ ਜ਼ੋਰਾਵਰ ਮਾਸੂਮਾਂ ਦੇ ਆਲ੍ਹਣੇ ਢਾਹੁੰਦੇ ਹੁੰਦੇ ਹਨ।

ਅੱਜਕੱਲ੍ਹ ਮੇਰੇ ਦਿਮਾਗ਼ ਵਿੱਚ ਨਵੇਂ ਨਵੇਂ ਵਿਚਾਰ, ਲੇਖ, ਕਹਾਣੀਆਂ ਜਾਂ ਫਿਰ ਆਪਣੇ ਅਧੂਰੇ ਨਾਵਲ ਨੂੰ ਪੂਰਾ ਕਰਨ ਦੇ ਖ਼ਿਆਲ ਨਹੀਂ ਆਉਂਦੇ। ਹੁਣ ਤਾਂ ਸੌਂ ਕੇ ਵੀ ਅੱਧ ਸੁੱਤੇ ਹੋਏ ਨੂੰ ਪੁਲਿਸ ਅਤੇ ਅਦਾਲਤ ਵਿੱਚ ਆਪਣੇ ਹੱਕ ਤੇ ਵਿਰੋਧ ਵਿੱਚ ਭੁਗਤਦੇ ਹੋਏ ਗਵਾਹ ਹੀ ਨਜ਼ਰੀਂ ਪੈਂਦੇ ਹਨ ਤੇ ਕਈ ਵਾਰ ਇਹਨਾਂ ਜ਼ਾਲਮਾਂ ਤੋਂ ਹਾਰ ਕੇ ਆਪਣਾ ਆਪ ਨੂੰ ਖ਼ਤਮ ਕਰਨ ਦਾ ਵਿਚਾਰ ਵੀ ਮਨ 'ਤੇ ਹਾਵੀ ਹੋਣ ਲੱਗ ਪੈਂਦਾ ਹੈ।

ਮੇਰੇ ਵਿੱਚ ਹੋਰ ਕੋਈ ਬਹੁਤਾ ਫ਼ਰਕ ਨਹੀਂ ਪਿਆ ਬਸ ਸਿਰਫ਼ ਗੱਲਬਾਤ ਕਰਦੇ ਦੀ ਜ਼ੁਬਾਨ ਹੀ ਥਥਲਾਉਣ ਲੱਗ ਪਈ ਹੈ। ਕਦੇ ਕਦੇ ਜ਼ਿਆਦਾ ਪ੍ਰੇਸ਼ਾਨੀ ਕਾਰਨ ਹੱਥ ਵੀ ਕੰਬਣ ਲੱਗ ਪੈਂਦੇ ਹਨ। ਜੂਨ ਦੀਆਂ ਛੁੱਟੀਆਂ ਤੋਂ ਬਾਅਦ ਮੇਰੇ ਸਹਿ-ਕਰਮੀਆਂ ਮੁਤਾਬਕ ਮੇਰੀ ਤੋਰ ਵਿਚਲੀ ਰਵਾਨੀ ਵੀ ਖ਼ਤਮ ਹੋ ਗਈ ਹੈ ਤੇ ਕੁਝ ਦਾ ਆਖਣਾ ਹੈ ਕਿ ਮੇਰੀਆਂ ਅੱਖਾਂ ਦੇ ਘੇਰੇ ਤੇ

ਚਿਹਰੇ ਦਾ ਰੰਗ ਵੀ ਕਾ਼ਲਾ ਪੈ ਗਿਆ ਹੈ ਤੇ ਵਾਲ ਕੁਝ ਜ਼ਿਆਦਾ ਹੀ ਚਿੱਟੇ ਹੋ ਰਹੇ ਹਨ। ਕੁਝ ਕੁ ਨੂੰ ਲੱਗਦਾ ਹੈ ਕਿ ਹੱਸਣ ਖੇਡਣ ਵਾਲਾ ਮੁੰਡਾ ਬਿਲਕੁਲ ਚੁੱਪਚਾਪ ਹੋ ਗਿਆ ਹੈ। ਪਰ ਹੋਰ ਕੋਈ ਬਹੁਤਾ ਫ਼ਰਕ ਨਹੀਂ ਪਿਆ ਹੈ। ਬਾਕੀ ਤਾਂ ਸਭ ਠੀਕ-ਠੀਕ ਹੈ।

ਅਸਲ ਵਿੱਚ ਹੁਣ ਮੈਂ ਕਿਤਾਬਾਂ ਵਿਚਲੇ ਤਰਸ ਦੇ ਪਾਤਰਾਂ ਦੀਆਂ ਕਹਾਣੀਆਂ ਪੜ੍ਹਣ ਜਾਂ ਲਿਖਣ ਦੀ ਬਜਾਇ ਖ਼ੁਦ ਇੱਕ ਵਿਚਾਰਾ ਜਿਹਾ ਪਾਤਰ ਬਣ ਚੁੱਕਾ ਹਾਂ। ਕਿਤਾਬਾਂ ਵਿੱਚ ਵਰਣਿਤ ਘਟਨਾਵਾਂ ਵਾਂਙ ਜੇ ਕਰ ਪੁਲਿਸ ਵਾਲਿਆਂ ਨੂੰ ਮੇਰੇ ਵਿਰੁੱਧ ਮਾੜੀ ਜਿਹੀ ਗ਼ਲਤੀ ਵੀ ਲੱਭ ਜਾਂਦੀ ਤਾਂ ਉਹਨਾਂ ਨੇ ਮੇਰਾ ਸਭ ਕੁਝ ਉਜਾੜ ਦੇਣਾ ਸੀ ਪਰ ਜਦ ਉਹਨਾਂ ਨੂੰ ਕੁਝ ਵੀ ਨਾ ਲੱਭਾ ਤਾਂ ਉਹਨਾਂ ਨੇ ਆਪਣੇ ਜ਼ਰ ਖ਼੍ਰੀਦ ਇੱਕ ਗੁੰਡੇ ਰਾਹੀਂ ਮੇਰੇ 'ਤੇ ਝੂਠਾ ਅਦਾਲਤੀ ਮੁਕੱਦਮਾ ਠੋਕ ਦਿੱਤਾ ਤਾਂ ਜੋ ਉਹ ਮੈਨੂੰ ਵੱਧ ਤੋਂ ਵੱਧ ਖੱਜਲ-ਖ਼ੁਆਰ ਕਰ ਸਕਣ।

ਅੱਜਕੱਲ੍ਹ ਮੈਂ ਇਕ ਮਾਨਸਿਕ ਦਵੰਦ ਵਿੱਚੋਂ ਲੰਘ ਰਿਹਾ ਹਾਂ ਕਿ ਆਪਣੀਆਂ ਲਿਖਤਾਂ ਦੇ ਬਦਲੇ ਮਿਲਦੇ ਮਿਹਨਤਾਨੇ ਨੂੰ ਲੋੜਵੰਦ ਮਰੀਜ਼ਾਂ ਲਈ ਖ਼ੂਨ ਦਾ ਪ੍ਰਬੰਧ ਕਰਨ ਵਾਸਤੇ ਖਰਚਣ ਵਾਲਾ ਬੰਦਾ ਕਿਸੇ ਦਾ ਕੋਈ ਨੁਕਸਾਨ ਕਰ ਸਕਦਾ ਹੈ ? ਜੇਕਰ ਨਹੀਂ ਤਾਂ ਮੈਨੂੰ ਲਗਦਾ ਹੈ ਕਿ ਮੈਂ ਸਹੀ ਹਾਂ ਤੇ ਅਦਾਲਤ ਮੈਨੂੰ ਪੂਰਾ ਇਨਸਾਫ਼ ਦੇਵੇਗੀ। ਪਰ ਉਦੋਂ ਤਕ ਮਾਨਸਿਕ ਪ੍ਰੇਸ਼ਾਨੀ ਝੱਲਣ ਤੇ ਆਪਣੇ ਆਪ ਨੂੰ ਦੋਸ਼ੀ ਸਮਝੀ ਜਾਣ ਦੀ ਹੀਣ ਭਾਵਨਾ 'ਚੋਂ ਮੈਨੂੰ ਕੌਣ ਬਰੀ ਕਰੇਗਾ ?

ਮੈਂ ਤੁਹਾਨੂੰ ਇਹ ਪੱਤਰ ਇਸ ਲਈ ਨਹੀਂ ਲਿਖਿਆ ਕਿ ਤੁਸੀਂ ਦੂਜੀ ਧਿਰ ਦਾ ਪੱਖ ਜਾਣੇ ਬਗ਼ੈਰ ਮੇਰੇ ਹੱਕ ਵਿੱਚ ਖੜ੍ਹੇ ਹੋਵੋ। ਮੈਂ ਤਾਂ ਕੇਵਲ ਇਹ ਚਾਹੁੰਦਾ ਹਾਂ ਕਿ ਆਪਣੇ ਅਖ਼ਬਾਰ ਵਿੱਚ ਰੋਜ਼ਾਨਾ ਨਹੀਂ ਤਾਂ ਹਫ਼ਤਾਵਾਰੀ ਇੱਕ ਅਜਿਹਾ ਕਾਲਮ ਹੋਣਾ ਚਾਹੀਦਾ ਹੈ ਜੋ ਪੁਲਿਸ ਦੀ ਧੱਕੇਸ਼ਾਹੀ ਦੇ ਵਿਰੁੱਧ ਅਤੇ ਮਜ਼ਲੂਮਾਂ ਦੇ ਹੱਕ ਵਿੱਚ ਆਵਾਜ਼ ਉਠਾਉਣ ਲਈ ਹੀ ਹੋਵੇ। ਇਹ ਅਜਿਹਾ ਕਾਲਮ ਹੋਣਾ ਚਾਹੀਦਾ ਹੈ ਜੋ ਲੋਕਲ ਪੱਤਰਕਾਰਾਂ ਦੀ ਬਜਾਇ ਸਿੱਧਾ ਤੁਹਾਡੀ ਦੇਖ-ਰੇਖ ਵਿੱਚ ਹੋਵੇ। ਮੇਰੇ ਨਾਲ ਤਾਂ ਚਲੋ ਕਈ ਲੋਕ ਪੱਖੀ ਜੱਥੇਬੰਦੀਆਂ ਖੜ੍ਹੀਆਂ ਹੋਈਆਂ ਹਨ ਪਰ ਆਮ ਲੋਕਾਂ ਦਾ ਕੀ ਬਣਦਾ ਹੋਵੇਗਾ ? ਇਸ ਗੱਲ ਦਾ ਅੰਦਾਜ਼ਾ ਲਾਉਣਾ ਔਖਾ ਹੀ ਨਹੀਂ ਸਗੋਂ ਅਸੰਭਵ ਵੀ ਹੈ। ਮੇਰਾ ਇਹ ਨਿੱਜੀ ਤਜਰਬਾ ਹੈ ਕਿ ਬਹੁਤੇ ਸਥਾਨਕ ਪੱਤਰਕਾਰ ਪੀੜਤ ਧਿਰ ਦੀ ਖ਼ਬਰ ਲਾਉਣ ਤੋਂ ਪਹਿਲਾਂ ਪੁਲਿਸ ਵਾਲਿਆਂ ਤੋਂ ਨਿਰੋਲ ਜਾਣਕਾਰੀ ਲੈਣ ਦੀ ਥਾਂ ਆਗਿਆ ਮੰਗਦੇ ਹਨ।

ਇਸ ਲਈ ਮੈਂ ਆਪ ਜੀ ਨੂੰ ਪੁਰਜ਼ੋਰ ਬੇਨਤੀ ਕਰਦਾ ਹਾਂ ਕਿ ਛੇਤੀ ਤੋਂ

ਛੇਤੀ ਪੁਲਿਸ ਵਿਭਾਗ ਵੱਲੋਂ ਕੀਤੇ ਜਾਂਦੇ ਅਣਮਨੁੱਖੀ ਕਾਰਿਆਂ ਦੇ ਵਿਰੁੱਧ ਸ਼ਿਕਾਇਤਾਂ ਵਾਲਾ ਇੱਕ ਕਾਲਮ ਸ਼ੁਰੂ ਕਰੋ ਤਾਂ ਜੋ ਇਹਨਾਂ ਜ਼ਾਲਮਾਂ ਤੋਂ ਆਮ ਜਨਤਾ ਨੂੰ ਕੋਈ ਨਾ ਕੋਈ ਰਾਹਤ ਮਿਲ ਸਕੇ।

ਮੈਂ ਦੁਬਾਰਾ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਅਜਿਹਾ ਕਾਲਮ ਜ਼ਰੂਰ ਹੀ ਸ਼ੁਰੂ ਹੋਣਾ ਚਾਹੀਦਾ ਹੈ ਤਾਂ ਜੋ ਇੱਕ ਗ਼ਰੀਬ ਤੇ ਪ੍ਰਸ਼ਾਸ਼ਨ ਦੁਆਰਾ ਬੁਰੀ ਤਰ੍ਹਾਂ ਨਪੀੜੇ ਗਏ ਬੰਦੇ ਦੀ ਆਵਾਜ਼ ਨੂੰ ਸਾਡਾ ਇਹ ਅੰਨ੍ਹਾ ਤੇ ਬੋਲ਼ਾ ਪ੍ਰਸ਼ਾਸ਼ਨ ਸੁਣ ਸਕੇ। ਮੈਨੂੰ ਉਮੀਦ ਹੀ ਨਹੀਂ ਪੂਰਾ ਯਕੀਨ ਹੈ ਕਿ ਤੁਸੀਂ ਮੇਰੀ ਇਸ ਸਲਾਹ ’ਤੇ ਪੂਰਾ ਗ਼ੌਰ ਕਰੋਗੇ।

ਤੁਹਾਡੇ ਬੱਚਿਆਂ ਵਰਗਾ, ਆਪ ਜੀ ਦਾ ਸ਼ੁਭਚਿੰਤਕ,

ਕ੍ਰਿਸ਼ਨ ਪ੍ਰਤਾਪ

ਇਹ ਪੱਤਰ ਸੰਪਾਦਕ ਨੂੰ ਭੇਜ ਕੇ ਮੈਨੂੰ ਆਪਣੇ ਮਨ ’ਤੇ ਪਿਆ ਹੋਇਆ ਭਾਰੀ ਬੋਝ ਕੁਝ ਘੱਟ ਮਹਿਸੂਸ ਹੋਣ ਲੱਗ ਪਿਆ। ਮੈਨੂੰ ਪੂਰਾ ਯਕੀਨ ਸੀ ਕਿ ਉਹ ਅਖ਼ਬਾਰ ਸਮੂਹ ਅਜਿਹਾ ਕਾਲਮ ਜ਼ਰੂਰ ਸ਼ੁਰੂ ਕਰੇਗਾ। ਇਸ ਕਾਲਮ ਦੇ ਸ਼ੁਰੂ ਹੋਣ ਨਾਲ ਮੈਨੂੰ ਤਾਂ ਨਹੀਂ, ਘੱਟੋ-ਘੱਟ ਕਿਸੇ ਹੋਰ ਮਜ਼ਲੂਮ ਨੂੰ ਤਾਂ ਇਨਸਾਫ਼ ਮਿਲ ਹੀ ਜਾਵੇਗਾ।

## ਪੰਦਰਾਂ

ਤਿੰਨ ਦਿਨਾਂ ਦੀ ਇਸ ਭੱਜ-ਦੌੜ ਅਤੇ ਉੱਪਰੋਂ ਪੁਲਿਸ ਵਿਭਾਗ ਦੁਆਰਾ ਭੇਜੇ ਗਏ ਉਸ ‘ਜਵਾਬ’ ਨੇ ਮੈਨੂੰ ਧੁਰ ਅੰਦਰ ਤੱਕ ਹਿਲਾਅ ਕੇ ਰੱਖ ਦਿੱਤਾ ਸੀ। ਮੈਨੂੰ ਸਿਰਫ਼ ਤੇ ਸਿਰਫ਼ ਇੱਕ ਹੀ ਆਸ ਸੀ ਕਿ ਜਦ ਅਖ਼ਬਾਰ ਵਿੱਚ ਮਜ਼ਲੂਮਾਂ ਨਾਲ ਹੁੰਦੀ ਧੱਕੇਸ਼ਾਹੀ ਸਬੰਧੀ ਕਾਲਮ ਛਪਣੇ ਸ਼ੁਰੂ ਹੋ ਗਏ ਤਾਂ ਆਮ ਲੋਕਾਂ ’ਤੇ ਹੁੰਦੇ ਜ਼ੁਲਮ ਬੰਦ ਤਾਂ ਨਹੀਂ, ਥੋੜੇ ਬਹੁਤੇ ਘੱਟ ਜ਼ਰੂਰ ਹੋ ਜਾਣਗੇ।

ਉਸ ਰਾਤ ਵੀ ਮੈਨੂੰ ਨੀਂਦ ਨਹੀਂ ਸੀ ਆਈ। ਬਾਬਾ ਬੋਲਣ ਤੋਂ ਪਹਿਲਾਂ ਹੀ ਮੈਂ ਉੱਠ ਖੜ੍ਹਾ ਸਾਂ। ਮੈਨੂੰ ਤਿੰਨ ਦਿਨ ਬਾਅਦ ਸਕੂਲ ਜਾ ਕੇ ਉਨੀਂਦਰੀਆਂ ਅੱਖਾਂ ਨਾਲ ਮਖ਼ੌਲਾਂ ਅਤੇ ਚੁਭਵੀਆਂ ਗੱਲਾਂ ਦਾ ਸਾਹਮਣਾ ਵੀ ਕਰਨਾ ਪੈਣਾ ਸੀ। ਮੈਂ ਚਾਹੁੰਦਾ ਸਾਂ ਕਿ ਕਿਸੇ ਨੂੰ ਵੀ ਪਤਾ ਨਾ ਲੱਗੇ ਕਿ ਮੈਂ ਪਿਛਲੇ ਤਿੰਨ ਦਿਨ ਇਸ ਤਰ੍ਹਾਂ ਧੱਕੇ ਖਾਂਦਾ ਫਿਰਦਾ ਰਿਹਾ ਸਾਂ ਅਤੇ ਬਣਿਆ ਵੀ ਕੁਝ ਨਹੀਂ ਸੀ।।

ਸਕੂਲ ਵੜਦੇ ਸਾਰ ਹੀ ਸਾਰੇ ਸਹਿ-ਕਰਮੀ ਮੈਨੂੰ ਤਿੰਨ ਦਿਨ ਸਕੂਲ ਨਾ

ਆਉਣ ਬਾਰੇ ਪੁੱਛਣ ਲੱਗ ਪਏ। ਮੈਂ ਝੂਠ ਆਖਣ ਲੱਗ ਪਿਆ, "ਅਮਰੀਕਾ ਤੋਂ ਮਾਸੀ ਦਾ ਮੁੰਡਾ ਆਇਆ ਹੋਇਐ। ਜ਼ਿਦ ਪੈ ਗਿਆ ਕਿ ਸਾਰੀਆਂ ਰਿਸ਼ਤੇਦਾਰੀਆਂ ਵਿੱਚ ਮਿਲ ਕੇ ਆਉਣੈ। ਅੱਜ ਵੀ ਮਸਾਂ ਹੀ ਉਹਦੇ ਕੋਲੋਂ ਪਿੱਛਾ ਛੁਡਾਅ ਕੇ ਆਇਆਂ। ਉਹ ਤਾਂ ਅਜੇ ਵੀ ਕਹਿੰਦਾ ਸੀ, ਅੱਜ ਵੀ ਚੱਲ। ਮੈਂ ਬਹਾਨਾ ਲਾ ਦਿੱਤਾ ਕਿ ਸਾਡੇ ਸਕੂਲ ਦੀ ਚੈਕਿੰਗ ਹੋਣੀ ਹੈ। ਇਸ ਲਈ ਮੈਂ ਛੁੱਟੀ ਨ੍ਹੀਂ ਲੈ ਸਕਦਾ।"

"ਆਹੋ, ਐਹੋ ਜਿਹੀ ਗਰਮੀ 'ਚ ਹੀ ਆਵੇਗਾ, ਅਗਲਾ ਅਮਰੀਕਾ ਨੂੰ ਛੱਡ ਕੇ। ਉਹਨੂੰ ਬਾਹਲਾ ਹੀ ਮੋਹ ਜਾਗ ਪਿਆ ਲਗਦੈ, ਇਹਦੇ ਤੇ ਇਹਦੇ ਰਿਸ਼ਤੇਦਾਰਾਂ ਨਾਲ। ਉਹ ਤਾਂ ਇਹਦੇ ਬਗ਼ੈਰ ਰਹਿੰਦਾ ਹੀ ਨ੍ਹੀਂ ਹੋਣਾ।" ਸਾਡਾ ਕਲਰਕ ਪਰਮਿੰਦਰ ਖਹਿਰਾ ਉੱਚੀ-ਉੱਚੀ ਹੱਸ ਕੇ ਆਖਣ ਲੱਗ ਪਿਆ ਤੇ ਆਦਤਨ ਤਵੇ 'ਤੇ ਸੂਈ ਰੱਖੀ, ਉਹ ਫਿਰ ਬੋਲਿਆ, "ਸਿੱਧਾ ਕਿਉਂ ਨ੍ਹੀਂ ਆਖਦਾ ਕਿ ਪੁਲਿਸ ਵਾਲੇ ਮਸੇਰਾਂ ਨੇ ਨ੍ਹੀਂ ਆਉਣ ਦਿੱਤਾ। ਉਹ ਤਾਂ ਜ਼ਿਆਦਾ ਹੀ ਓਦਰੇ ਪਏ ਸੀ ਕਿ ਤੈਨੂੰ ਮਿਲਿਆਂ ਨੂੰ ਦੇਰ ਹੋ ਗਈ। ਦੋ ਦਿਨ ਕੱਟ ਕੇ ਜਾਵੀਂ। ਪ੍ਰੇਮ-ਪੱਤਰ ਪਾਉਂਦਾ ਰਹਿੰਦਾ ਸੀ ਨਾ, ਉਹਨਾਂ ਦੇ ਵਿਰੁੱਧ, ਓਹ ਤਾਂ ਸੱਦਣਗੇ ਹੀ। ਆਜਾ ਸੱਜਣਾ, ਮਿਲਜਾ ਸੱਜਣਾ, ਬਹਿਜਾ ਸੱਜਣਾ। ਤਾਂ ਹੀ ਨ੍ਹੀਂ ਅਇਆ ਤਿੰਨ ਦਿਨ, ਮਾਸੀ ਦੇ ਮੁੰਡਿਆਂ ਕੋਲੋਂ।"

ਉਸ ਨੇ ਮੇਰੀ ਸਚਾਈ ਏਨੇ ਵਿਸ਼ਵਾਸ ਨਾਲ ਸਭ ਦੇ ਸਾਹਮਣੇ ਪੇਸ਼ ਕਰੀ ਜਾ ਰਿਹਾ ਸੀ ਕਿ ਮੈਨੂੰ ਕੁਝ ਵੀ ਸੁੱਝ ਨਹੀਂ ਸੀ ਰਿਹਾ ਤੇ ਮੈਂ 'ਹੀਂ ਹੀਂ' ਕਰਦਾ ਗੱਲ ਟਾਲਣ ਦਾ ਯਤਨ ਕਰ ਰਿਹਾ ਸਾਂ।

ਮੈਨੂੰ ਲੱਗਾ ਕਿ ਮੇਰੀ ਇਸ ਚੋਰੀ ਦੇ ਫੜੇ ਜਾਣ ਕਾਰਨ ਸਭ ਮੇਰਾ ਮਜ਼ਾਕ ਉਡਾਉਣਗੇ ਪਰ ਸਭ ਚੁੱਪ-ਚੁਪੀਤੇ ਹੀ ਹੌਲ਼ੀ ਹੌਲ਼ੀ ਦਫ਼ਤਰ 'ਚੋਂ ਖਿਸਕ ਗਏ। ਉਹਨਾਂ ਦੀ ਇਸ ਗੰਭੀਰ ਮੁਦਰਾ ਤੋਂ ਮੈਂ ਅੰਦਾਜ਼ਾ ਲਾ ਲਿਆ ਸੀ ਕਿ ਸਾਰਿਆਂ ਨੂੰ ਸਭ ਕੁਝ ਪਤਾ ਹੈ ਤੇ ਮੇਰੇ ਝੂਠ ਬੋਲਣ ਦਾ ਕੋਈ ਵੀ ਫ਼ਾਇਦਾ ਨਹੀਂ ਹੈ। ਸ਼ਾਇਦ ਉਹਨਾਂ ਦਾ ਮੇਰੇ ਪ੍ਰਤੀ ਇਹ ਸਤਿਕਾਰ ਅਤੇ ਆਦਰ ਹੀ ਸੀ ਕਿ ਜਿਹੜਾ ਉਹ ਮੇਰੇ ਹੋ ਰਹੇ ਅਨਾਦਰ ਵਾਲੀ ਗੱਲਬਾਤ 'ਚ ਸ਼ਾਮਿਲ ਹੋ ਕੇ ਕੋਈ ਚੋਭ ਲਾਉਣ ਦੀ ਬਜਾਇ ਆਪੋ-ਆਪਣੇ ਕੰਮੀਂ-ਧੰਦੀਂ ਲੱਗ ਗਏ ਸਨ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਅਗ਼ਲੀ ਵਾਰ ਮੈਂ ਆਪਣੇ ਸਹਿ-ਕਰਮੀਆਂ ਨੂੰ ਮਿਲਣ 'ਤੇ ਮਾਸੀ ਦੇ ਮੁੰਡੇ ਵਾਲੀ ਮਨਘੜਤ ਕਹਾਣੀ ਸੁਣਾਵਾਂ ਕਿ ਐਸ.ਪੀ. ਦੇ ਦੁਆਰਾ ਸਾਡੀ ਕੀਤੀ ਗਈ ਬੇਪਤੀ ਵਾਲੀ ਸੱਚੀ ਗੱਲ ? ਫਿਰ ਦਿਮਾਗ਼ ਵਿੱਚ ਆਉਂਦਾ ਕਿ ਇਹਨਾਂ ਨੂੰ ਦੱਸ ਹੀ ਦੇਵਾਂ ਕਿ ਸਰਕਾਰ ਨੇ ਕਿਹੋ ਜਿਹੀਆਂ ਚਵਲ ਕੁੱਤੀਆਂ ਮੰਡਿਆਂ ਦੀ ਰਾਖੀ ਬਿਠਾਈਆਂ ਹੋਈਆਂ ਨੇ। ਪਰ ਮੈਂ ਚੁੱਪ ਰਹਿਣ ਵਿੱਚ ਹੀ ਆਪਣੀ ਭਲਾਈ ਸਮਝੀ।

ਮੇਰੇ ਕੁਝ ਸਾਥੀ ਝਕਦੇ-ਝਕਾਉਂਦੇ ਪਿਛਲੇ ਦਿਨਾਂ ਦਾ ਹਾਲ ਪੁੱਛ ਤਾਂ ਰਹੇ ਸਨ ਪਰ ਮੇਰੇ ਜ਼ਖ਼ਮਾਂ ਨੂੰ ਨਾ ਉਚੇੜਣ ਦੇ ਮਾਰੇ ਮੇਰੀ ਅੱਧੀ ਕੁ ਗੱਲ ਸੁਣ ਕੇ ਹੀ ਚੁੱਪ ਹੋ ਕੇ ਗੱਲ ਨੂੰ ਟਾਲ ਜਾਂਦੇ ਸਨ। ਮੈਨੂੰ ਮਹਿਸੂਸ ਹੋ ਗਿਆ ਕਿ ਉਹਨਾਂ ਨੇ ਦੂਜਿਆਂ ਤੋਂ ਮੇਰੀ ਰਾਮ ਕਹਾਣੀ ਸੁਣ ਲਈ ਸੀ ਤੇ ਤਾਂ ਹੀ ਚੁੱਪ ਹੋ ਜਾਣ ਅਤੇ ਗੱਲ ਨੂੰ ਹੋਰ ਪਾਸੇ ਪਾ ਦਿੰਦੇ ਸਨ।

ਮੈਂ ਘੰਟੀਆਂ ਅਨੁਸਾਰ ਜਮਾਤਾਂ ਵਿੱਚ ਜਾਂਦਾ ਤਾਂ ਰਿਹਾ ਸਾਂ ਪਰ ਵਿਦਿਆਰਥੀਆਂ ਨੂੰ ਪੜ੍ਹਾਉਣ ਵਿੱਚ ਮੇਰਾ ਮਨ ਨਹੀਂ ਸੀ ਲੱਗ ਰਿਹਾ। ਜਦ ਵੀ ਮੈਂ ਦੋ ਸਹਿ-ਕਰਮੀਆਂ ਨੂੰ ਇਕੱਠੇ ਹੋਏ ਵੇਖਦਾ ਜਾਂ ਫਿਰ ਵਿਦਿਆਰਥੀਆਂ ਨੂੰ ਹੱਸਦੇ ਹੋਏ ਤੱਕ ਲੈਂਦਾ ਤਾਂ ਮੈਨੂੰ ਮਹਿਸੂਸ ਹੋਣ ਲੱਗਦਾ ਕਿ ਉਹ ਮੇਰੀ ਹੀ ਗੱਲ ਕਰ ਰਹੇ ਹਨ ਜਾਂ ਫਿਰ ਮੇਰੇ 'ਤੇ ਹੀ ਹੱਸ ਰਹੇ ਹਨ।

ਉਹ ਸਾਰਾ ਦਿਨ, ਮੈਂ ਪਲ ਪਲ ਮਰ ਕੇ ਮਸਾਂ ਹੀ ਲੰਘਾਇਆ ਸੀ। ਘਰ ਆ ਕੇ ਵੀ ਮੈਂ ਕਿਸੇ ਨਾਲ ਨਾ ਤਾਂ ਚੱਜ ਨਾਲ ਬੋਲਿਆ ਸਾਂ ਤੇ ਨਾ ਹੀ ਕਿਸੇ ਨਾਲ ਬਹੁਤੀ ਗੱਲ ਹੀ ਕੀਤੀ ਸੀ। ਆਉਂਦਿਆਂ ਸਾਰ ਕੂਲਰ ਚਲਾ ਕੇ ਮੈਂ ਸੌਣ ਦਾ ਨਾਟਕ ਕਰਕੇ ਲੰਬਾ ਪੈ ਗਿਆ ਸਾਂ। ਮੈਨੂੰ ਇੰਝ ਨਿਢਾਲ ਜਿਹਾ ਪਏ ਹੋਏ ਨੂੰ ਵੇਖ ਕੇ ਸਾਰੇ ਘਰ ਦੇ ਹੀ ਫ਼ਿਕਰਮੰਦ ਹੋ ਗਏ ਸਨ। ਸੌਣ ਦਾ ਨਾਟਕ ਕਰਦਾ ਹੋਇਆ ਮੈਂ ਉਹਨਾਂ ਦੀਆਂ ਗੱਲਾਂ ਧਿਆਨ ਨਾਲ ਸੁਣ ਰਿਹਾ ਸਾਂ।

"ਬਾਹਲਾ ਹੀ ਥੱਕੇ ਪਏ ਨੇ, ਐਨੇ ਦਿਨ ਹੋ ਗਏ ਨੇ ਦਫ਼ਤਰਾਂ ਦੇ ਚੱਕਰ ਕੱਢਦਿਆਂ ਨੂੰ। ਸੌਂ ਲੈਣ ਦਿਓ, ਰੌਲ਼ਾ ਨਾ ਪਾਇਓ, ਕੋਈ ਵੀ। ਮਸਾਂ ਕਿਤੇ ਅੱਖ ਲੱਗੀ ਐ।" ਅਮਿਤਾ ਮੇਰੀ ਮਾਂ ਨਾਲ ਗੱਲਾਂ ਕਰਦੀ-ਕਰਦੀ ਬੇਟੀਆਂ ਨੂੰ ਧੀਮੇ ਬੋਲੀਂ ਸਮਝਾਅ ਰਹੀ ਸੀ।

"ਮੈਨੂੰ ਤਾਂ ਲੱਗਦੈ ਸਕੂਲ ਵਿੱਚ ਕਿਸੇ ਨੇ ਕੁਝ ਆਖ ਦਿੱਤਾ ਹੋਣੈ ਤਾਂ ਹੀ ਅੱਜ ਉਦਾਸਾ ਜਿਹਾ ਕਿਸੇ ਨਾਲ ਬੋਲਿਆ ਨ੍ਹੀਂ ਸੀ। ਚੁੱਪ ਕਰਕੇ, ਕੁੜੀਆਂ ਨੂੰ ਸੁਆ ਦੇ। ਐਵੇਂ ਜਗਾਅ ਹੀ ਨਾ ਦੇਣ ਵਿਚਾਰੇ ਨੂੰ, ਮਸਾਂ ਤਾਂ ਝੱਟ ਚੈਨ ਨਾਲ ਸੁੱਤਾ ਐ।" ਮੇਰੀ ਮਾਂ ਅਮਿਤਾ ਨੂੰ ਆਖਣ ਲੱਗ ਪਈ ਸੀ। ਉਹ ਚਾਰੇ ਜਣੀਆਂ ਹੌਲ਼ੀ ਜਿਹੀ ਕਮਰੇ 'ਚੋਂ ਬਾਹਰ ਚਲੀਆਂ ਗਈਆਂ ਸਨ। ਜਾਣ ਵੇਲ਼ੇ ਉਹ ਦਰਵਾਜ਼ੇ ਨੂੰ ਢੋਅ ਗਈਆਂ ਸਨ।

ਮੈਨੂੰ ਨੀਂਦ ਕਿੱਥੇ ਆਉਣੀ ਸੀ, ਉਹ ਵੀ ਦੁਪਹਿਰ ਵੇਲੇ। ਪਿਆ-ਪਿਆ ਮੈਂ ਕਦੇ ਐਸ.ਪੀ., ਕਦੇ ਡੀ.ਐਸ.ਪੀ., ਕਦੇ ਆਪਣੇ ਸਾਥੀਆਂ ਦੇ ਵਿਹਾਰ ਬਾਰੇ ਤੇ ਕਦੇ ਪਤਨੀ ਅਤੇ ਮਾਂ ਵੱਲੋਂ ਹੁਣੇ ਆਪਸ ਵਿੱਚ ਕੀਤੀਆਂ ਗੱਲਾਂ ਬਾਰੇ ਸੋਚੀ ਜਾ ਰਿਹਾ ਸਾਂ। ਅੰਤ, ਸਿੱਟਾ ਇਹ ਹੀ ਨਿਕਲਦਾ ਸੀ ਕਿ ਬਾਕੀ ਸਭ ਨਾਲੋਂ ਜ਼ਿਆਦਾ ਮੇਰੀ ਮਾਂ ਹੀ ਮੇਰੀ ਮਾਨਸਿਕ ਹਾਲਤ ਨੂੰ ਸਮਝਦੀ ਹੈ। ਇਹ ਇਸ ਲਈ ਨਹੀਂ ਸੀ ਕਿ ਉਹ ਮੇਰੀ ਮਾਂ ਸੀ, ਸਿਰਫ਼ ਇਸ ਲਈ ਸੀ ਕਿ

ਉਹ ਇੱਕ ਮਾਂ ਸੀ।

## ਸੋਲਾਂ

ਅਦਾਲਤ ਦੀ ਅਗਲੀ ਤਾਰੀਕ ਨੇੜੇ ਆ ਰਹੀ ਸੀ। ਮੇਰਾ ਜਾਣਾ ਬਣਦਾ ਸੀ, ਜ਼ਰੂਰੀ ਵੀ ਸੀ। ਓਧਰ ਮੈਨੂੰ ਆਪਣੀਆਂ ਘਟ ਰਹੀਆਂ ਛੁੱਟੀਆਂ ਦੀ ਵੀ ਚਿੰਤਾ ਲੱਗੀ ਹੋਈ ਸੀ। ਇਹ ਮਰਿਆ ਸੱਪ ਪਤਾ ਨਹੀਂ ਕਿੰਨਾ ਕੁ ਚਿਰ ਅਜੇ ਹੋਰ ਗਲ ਪਿਆ ਰਹਿਣਾ ਸੀ ਤੇ ਸਾਰੇ ਮਾਮਲਿਆਂ ਵਿੱਚ, ਕਿਤੇ ਮੁਦਈ, ਕਿਤੇ ਮੁਦਾਇਲਾ ਹੋਣ ਕਰਕੇ ਸਾਰਾ ਸਮਾਂ ਮੇਰਾ ਉੱਥੇ ਹਾਜ਼ਰ ਰਹਿਣਾ ਜ਼ਰੂਰੀ ਬਣਦਾ ਸੀ। ਘਟ ਰਹੀਆਂ ਛੁੱਟੀਆਂ ਤੋਂ ਚਿੰਤਤ ਹੋ ਕੇ ਮੈਨੂੰ ਇੱਕ ਤਰਕੀਬ ਸੁੱਝੀ ਕਿ ਅਦਾਲਤ ਦੀ ਤਾਰੀਕ ਵਾਲੇ ਦਿਨ ਮੈਂ ਅੱਧੇ ਦਿਨ ਦੀ ਛੁੱਟੀ ਕਿਉਂ ਨਾ ਲੈ ਲਿਆ ਕਰਾਂ। ਮੈਂ ਵਕੀਲ ਨਾਲ ਇਸ ਸਬੰਧੀ ਗੱਲ ਕਰ ਲਈ ਕਿ ਜੇ ਜ਼ਿਆਦਾ ਹੀ ਜ਼ਰੂਰੀ ਤੇ ਮਜਬੂਰੀ ਹੋਵੇ ਤਾਂ ਉਹ ਮੈਨੂੰ ਫ਼ੋਨ ਕਰ ਦੇਵੇ। ਮੈਂ ਤੁਰੰਤ ਛੁੱਟੀ ਲੈ ਕੇ ਪਹੁੰਚ ਜਾਵਾਂਗਾ।

ਅਗਲੀ ਤਾਰੀਕ ਵਾਲੇ ਦਿਨ ਮੈਂ ਬੁਝੇ ਜਿਹੇ ਮਨ ਨਾਲ ਰੋਟੀ ਵਾਲਾ ਡੱਬਾ ਚੁੱਕ ਕੇ ਸਕੂਲ ਨੂੰ ਤੁਰ ਪਿਆ। ਮੇਰਾ ਸਾਰਾ ਧਿਆਨ ਅਦਾਲਤ ਵੱਲ ਹੀ ਲੱਗਾ ਹੋਇਆ ਸੀ। ਮੈਂ ਵਕੀਲ ਦੇ ਮੁਨਸ਼ੀ ਤੋਂ ਫ਼ੋਨ ਰਾਹੀਂ ਪਤਾ ਕਰ ਲਿਆ ਸੀ ਕਿ ਉਸ ਦਿਨ ਵੀ ਮੁਕੱਦਮਿਆਂ ਦੀ ਸੂਚੀ ਦੇ ਹਿਸਾਬ ਨਾਲ ਸਾਡੀ ਸੁਣਵਾਈ ਦਾ ਨੰਬਰ ਦੁਪਹਿਰ ਤੋਂ ਬਾਅਦ ਹੀ ਆਉਣਾ ਸੀ।

ਮਸਾਂ ਕਿਤੇ ਜਾ ਕੇ ਅੱਧੀ ਛੁੱਟੀ ਦਾ ਸਮਾਂ ਹੋਇਆ ਤੇ ਮੈਂ ਮੋਟਰ-ਸਾਈਕਲ 'ਤੇ ਕਚਹਿਰੀ ਵੱਲ ਨੂੰ ਭੱਜ ਤੁਰਿਆ। ਦੁਪਹਿਰ ਤੋਂ ਬਾਅਦ ਜਦ ਅਸੀਂ ਅਦਾਲਤ ਦੇ ਕਟਹਿਰੇ 'ਚ ਜੱਜ ਕੋਲ ਪੁੱਜ ਗਏ ਤਾਂ ਜੱਜ ਨੇ ਸਾਨੂੰ ਵੇਖਦਿਆਂ ਹੀ ਆਪਣੇ ਕੋਲ ਪਏ ਫੱਟੇ 'ਤੇ ਚਿਪਕਾਏ ਹੋਏ ਇੱਕ ਕਾਗਜ਼ 'ਤੇ ਨਿਗ੍ਹਾ ਮਾਰੀ ਤੇ ਉਸ ਨੇ ਪੋਲੇ ਜਿਹੇ ਮੂੰਹ ਨਾਲ ਆਖ ਦਿੱਤਾ, "ਸ਼ਰਮਾ ਜੀ, ਤੁਸੀਂ ਅਗਲੇ ਮਹੀਨੇ ਦੀ ਸੱਤ ਤਾਰੀਕ ਨੂੰ ਆਇਓ।" "ਧੰਨਵਾਦ, ਸਰ।" ਕਹਿ ਕੇ, ਵਕੀਲ ਨੇ ਉੱਥੇ ਖੜ੍ਹੇ ਹੀ, ਮੇਰੇ ਵਾਲੇ ਲਿਫ਼ਾਫ਼ੇ ਦੇ ਬਾਹਰ ਤਾਰੀਕ ਲਿਖ ਲਈ। ਮੈਂ ਨਿਰਾਸ਼ ਹੋਇਆ ਹੋਇਆਂ ਵਕੀਲ ਦੇ ਪਿੱਛੇ ਪਿੱਛੇ ਹੀ ਅਦਾਲਤ ਦੇ ਕਮਰੇ 'ਚੋਂ ਬਾਹਰ ਆ ਗਿਆ ਸਾਂ।

'ਤਾਰੀਕ ਪੇ ਤਾਰੀਕ' ਵਾਲੇ ਬੋਲ, ਜੋ ਕਿ ਅਦਾਕਾਰ ਸੰਨੀ ਦਿਉਲ ਨੇ 'ਦਾਮਿਨੀ' ਫ਼ਿਲਮ ਵਿੱਚ ਆਖੇ ਸਨ ਅਤੇ ਹੁਣ ਇਹ ਇੱਕ ਮਸ਼ਹੂਰੀ ਵਿੱਚ ਟੀ.ਵੀ. 'ਤੇ ਦਿਨ ਵਿੱਚ ਕਈ ਕਈ ਵਾਰ ਚਲਦੇ ਰਹਿੰਦੇ ਸਨ, ਮੈਨੂੰ ਯਾਦ

ਆਉਣ ਲੱਗ ਪਏ। ਮਨ ਨੇ ਸੋਚਿਆ ਕਿ ਉਸ ਫ਼ਿਲਮ ਦੇ ਇਹ ਬੋਲ ਕਿੰਨੇ ਸੱਚੇ ਹਨ ਕਿ ਇਹਨਾਂ ਦੀ ਸਚਾਈ ਕਾਰਨ ਹੀ ਇਹਨਾਂ ਨੂੰ ਇੱਕ ਕੰਪਨੀ ਨੇ ਆਪਣੇ ਮਾਲ ਦੀ ਮਸ਼ਹੂਰੀ ਕਰਨ ਲਈ ਅਪਣਾਅ ਲਿਆ ਹੈ। ਵਕੀਲ ਨੇ ਇੱਕ ਹੋਰ ਤਾਰੀਕ ਭੁਗਤ ਕੇ ਆਉਣੀ ਸੀ ਤੇ ਮੈਂ ਚੈਂਬਰ ਵਿੱਚ ਨਿਢਾਲ ਜਿਹਾ ਬੈਠਾ ਰਿਹਾ ਸਾਂ।

ਮੇਰੇ ਮਨ ਵਿੱਚ ਆਉਣ ਲੱਗਾ ਕਿ ਸ਼ਾਇਦ ਗੁਰਨੇਕ ਹੁਰਾਂ ਨੇ ਮੈਨੂੰ ਡਰਾਉਣ ਲਈ ਹੀ ਇਹ ਮੁਕੱਦਮਾ ਦਾਇਰ ਕੀਤਾ ਹੈ। ਉਹ ਆਪ ਝੂਠਾ ਹੋਣ ਕਾਰਨ ਅਦਾਲਤ ਵਿੱਚ ਨਹੀਂ ਆਵੇਗਾ ਤੇ ਅਗ਼ਲੀਆਂ ਇੱਕ ਦੋ ਹੋਰ ਤਾਰੀਕਾਂ ਪੈਣ ਤੋਂ ਬਾਅਦ ਇਹ ਕੇਸ ਆਪਣੇ ਆਪ ਹੀ ਖ਼ਾਰਜ ਹੋ ਜਾਵੇਗਾ।

ਜਦੋਂ ਘਰ ਦੇ ਸਾਰੇ ਜੀਆਂ ਨੂੰ ਪਤਾ ਲੱਗਾ ਕਿ ਬਿਨਾਂ ਕੁਝ ਹੋਏ ਹੀ ਪਹਿਲੀਆਂ ਤਾਰੀਕਾਂ ਵਾਂਙ ਐਤਕੀਂ ਵੀ ਤਾਰੀਕ ਅੱਗੇ ਪੈ ਗਈ ਹੈ ਤਾਂ ਉਹਨਾਂ ਦਾ ਨਿਰਾਸ਼ ਹੋਣਾ ਵੀ ਸੁਭਾਵਿਕ ਹੀ ਸੀ। ਉਹ ਮੈਨੂੰ ਸੁਝਾਅ ਵੀ ਦੇਣ ਲੱਗੇ;

"ਤੂੰ ਜੱਜ ਨੂੰ ਕਹਿ ਦੇਣਾ ਸੀ ਕਿ ਅਸਲੀ ਚੋਰ ਤਾਂ ਗੁਰਨੇਕ ਆ।" ਮਾਂ ਨੇ ਆਖਿਆ ਸੀ।

"ਅਸ਼ੋਕ ਨੂੰ ਆਖਣਾ ਸੀ, ਅਦਾਲਤ 'ਚ ਸਾਰਾ ਕੁਝ ਦੱਸ ਦੇਵੇ।" ਪਿਤਾ ਜੀ ਨੇ ਕਿਹਾ ਸੀ।

"ਪੁਲਿਸ ਦੇ ਧੱਕੇ ਵਾਲੀ ਗੱਲ ਤਾਂ ਦੱਸਣੀ ਬਣਦੀ ਹੀ ਸੀ, ਉਹ ਚੱਜ ਨਾਲ ਕਿਉਂ ਨਹੀਂ ਦੱਸਦੇ।" ਅਮਿਤਾ ਦੀ ਰਾਇ ਸੀ।

ਮੈਂ ਹੂੰ, ਹਾਂਅ, ਤਾਂ ਕਰ ਦਿੱਤੀ ਸੀ ਪਰ ਉਂਝ ਮੈਂ ਸਮਝ ਗਿਆ ਸਾਂ ਕਿ ਜਿਸ ਤਰ੍ਹਾਂ ਆਮ ਲੋਕ ਸੋਚਦੇ ਨੇ, ਉਸ ਤਰ੍ਹਾਂ ਦਾ ਕੁਝ ਵੀ ਅਦਾਲਤ ਵਿੱਚ ਨਹੀਂ ਵਾਪਰਦਾ। ਉਸ ਦਿਨ ਤੋਂ ਮਹੀਨਾ-ਡੇਢ ਮਹੀਨਾ ਪਹਿਲਾਂ ਤੱਕ ਮੈਂ ਵੀ ਅਜਿਹਾ ਹੀ ਸੋਚਦਾ ਸਾਂ ਪਰ ਹੁਣ ਮੈਨੂੰ ਅਦਾਲਤਾਂ ਵਾਲੇ ਇਸ 'ਕੰਜਰ-ਕਿੱਤੇ' ਦੀ ਕੁਝ-ਕੁਝ ਸਮਝ ਆਉਣੀ ਸ਼ੁਰੂ ਹੋ ਗਈ ਸੀ।

ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਸੁਣ ਅਤੇ ਸੋਚ ਸੋਚ ਕੇ ਮੇਰਾ ਮਨ ਬਹੁਤ ਖ਼ਰਾਬ ਹੁੰਦਾ ਸੀ ਪਰ ਕੀਤਾ ਕੀ ਜਾ ਸਕਦਾ ਸੀ। ਅੱਕ ਕੇ ਮੈਂ ਅਖ਼ਬਾਰ ਦੇ ਸੰਪਾਦਕ ਨੂੰ ਫ਼ੋਨ ਮਿਲਾਅ ਲਿਆ ਤੇ ਰਸਮੀ ਗੱਲਬਾਤ ਤੋਂ ਬਾਅਦ ਆਪਣੇ ਦੁਆਰਾ ਸੁਝਾਏ ਗਏ ਮਜ਼ਲੂਮਾਂ ਵਾਲੇ ਕਾਲਮ ਨੂੰ ਸ਼ੁਰੂ ਕਰਨ ਬਾਰੇ ਗੱਲ ਤੋਰ ਲਈ। ਉਸ ਨੇ ਮੇਰੀ ਆਵਾਜ਼ ਪਹਿਚਾਣ ਲਈ ਸੀ ਤੇ ਮੇਰੇ ਨਾਲ ਪੂਰੀ ਹਮਦਰਦੀ ਜ਼ਾਹਿਰ ਕੀਤੀ ਪਰ ਅਖ਼ਬਾਰ ਵਿੱਚ ਅਜਿਹੇ ਕਾਲਮ ਨਾ ਛਾਪਣ ਬਾਰੇ ਆਪਣੀ ਪ੍ਰਬੰਧਕੀ ਮਜਬੂਰੀ ਵੀ ਦੱਸ ਦਿੱਤੀ। ਉਹ ਵੀ ਨਿਯਮਾਂ ਮੁਤਾਬਕ ਹੀ ਖ਼ਬਰਾਂ ਛਾਪ ਸਕਦੇ ਹਨ। ਇਸ ਲਈ ਮੈਂ ਵੀ ਸਮਝ ਗਿਆ ਸਾਂ ਕਿ ਉਹ

ਸਮਾਜ ਵਿੱਚ ਵਾਪਰ ਰਹੇ ਅਨਿਆਂ ਭਰੇ ਵਰਤਾਰੇ ਬਾਰੇ ਸਭ ਕੁਝ ਜਾਣਦੇ ਤਾਂ ਹਨ ਪਰ ਮੂਲੋਂ ਹੀ ਬੇਵੱਸ ਹਨ।ਇਸ ਲਈ ਆਮ ਲੋਕਾਂ ਨੂੰ ਛੇਤੀ ਨਿਆਂ ਦਿਵਾਉਣ ਵਾਲਾ ਮੇਰਾ ਇਹ ਖ਼ਿਆਲ ਵੀ ਦਮ ਤੋੜ ਗਿਆ ਸੀ।

ਫ਼ੋਨ ਕੱਟਣ ਤੋਂ ਬਾਅਦ, ਮੈਨੂੰ ਆਪਣੇ-ਆਪ 'ਤੇ ਹਾਸਾ ਵੀ ਆਉਣ ਲੱਗਾ ਕਿ ਤੂੰ ਆਪਣੀ ਬਣੀ ਤਾਂ ਨਿਬੇੜ ਲੈ, ਤੂੰ ਲੋਕਾਂ ਨੂੰ ਛੇਤੀ ਨਿਆਂ ਦਿਵਾਉਣ ਵਾਲੇ ਪਾਸੇ ਵੀ ਲੱਗ ਪਿਆ ਏਂ।ਮੇਰੇ ਜ਼ਹਿਨ ਵਿੱਚ ਕਾਵਿਕ ਤੁਕਾਂ ਘੁੰਮ ਗਈਆਂ ;

ਪਹਿਲਾਂ ਸਿਰ ਪਈ ਅਪਣੀ ਨਿਬੇੜ ਲੈ,<br>
ਪੀੜ ਲੋਕਾਂ ਦੀ ਵੰਡਾਅ ਲਈਂ ਤੂੰ ਫੇਰ ਸੱਜਣਾ।

0-0-0

ਅਗਲ਼ੀ ਤਾਰੀਕ 'ਤੇ ਵੀ ਪਹਿਲਾਂ ਵਾਂਙ ਹੀ ਹੋਇਆ।ਸਾਡੇ ਜਾਣ ਤੋਂ ਪਹਿਲਾਂ ਹੀ ਵਿਰੋਧੀ ਧਿਰ ਦਾ ਵਕੀਲ ਅਗਲ਼ੀ ਤਾਰੀਕ ਲੈ ਗਿਆ ਸੀ।ਮੇਰੇ ਵਕੀਲ ਨੇ ਜੱਜ ਕੋਲ ਇਤਰਾਜ਼ ਉਠਾਇਆ ਤਾਂ ਜੱਜ ਜ਼ਰਾ ਕੁ ਮੁਸਕੁਰਾਅ ਕੇ ਬੋਲੀ, "ਸ਼ਰਮਾ ਜੀ! ਮੈਂ ਉਹਨਾਂ ਦੇ ਵਕੀਲ ਨੂੰ ਸਪੱਸ਼ਟ ਆਖ ਦਿੱਤਾ ਹੈ ਕਿ ਹੁਣ ਮੈਂ ਹੋਰ ਤਾਰੀਕ ਨਹੀਂ ਦੇਣੀ।ਮੈਨੂੰ ਲੱਗਦੈ ਕਿ ਗੁਰਨੇਕ ਸਿੰਘ ਤਾਂ ਮੁਕੱਦਮਾ ਦਾਇਰ ਕਰਕੇ ਭੁੱਲ ਹੀ ਗਿਆ ਹੈ।ਇਸ ਲਈ ਮੈਂ ਚਾਰ ਦਿਨਾਂ ਦੀ ਹੀ ਤਾਰੀਕ ਅੱਗੇ ਕੀਤੀ ਏ।ਇਹਨਾਂ 'ਚੋਂ ਦੋ ਤਾਂ ਛੁੱਟੀਆਂ ਹੀ ਹਨ।" ਜੱਜ ਨੇ ਸਾਡੀ ਤਸੱਲੀ ਲਈ ਇੱਕ ਪਾਸੇ ਪਈ ਸਾਡੀ ਫਾਈਲ ਚੁੱਕ ਕੇ ਖੋਲ੍ਹ ਲਈ ਅਤੇ ਕੁਝ ਸਵਾਲ ਪੁੱਛਣ ਲੱਗ ਪਈ।ਜਿਨ੍ਹਾਂ ਦਾ ਜਵਾਬ ਵਕੀਲ ਨੇ ਦੇ ਦਿੱਤਾ।ਫਿਰ ਰਜਿਸਟਰੀ ਅਤੇ ਸਾਡੇ ਰਾਹੀਂ ਪੇਸ਼ ਕੀਤੇ ਨਕਸ਼ੇ ਦਾ ਮਿਲਾਣ ਕਰਨ ਲੱਗ ਪਈ।ਸਾਡੇ ਦੁਆਰਾ ਪੇਸ਼ ਕੀਤੇ ਗਏ ਨਕਸ਼ੇ ਵਿੱਚ ਉੱਤਰ ਦਿਸ਼ਾ ਵਾਲੀ ਹੱਦ ਦੀ ਮਾਲਕੀ ਵਾਲਾ ਨਾਮ ਦਰਜ ਨਹੀਂ ਸੀ।ਜੱਜ ਨੇ ਪੁੱਛਿਆ, "ਆਹ, ਅਵਨੀਤ ਸਿੰਘ ਵਾਲੀ ਸਾਈਡ ਕਿੱਥੇ ਹੈ ?" ਉਸ ਨੇ ਨਕਸ਼ਾ ਵਕੀਲ ਨੂੰ ਫੜਾਅ ਦਿੱਤਾ।ਸ਼ਾਇਦ ਵਕੀਲ ਸਮਝ ਨਹੀਂ ਸੀ ਸਕਿਆ ਤੇ ਉਹ ਘਬਰਾਹਟ ਵਿੱਚ ਆਪਣੀ ਫਾਈਲ ਵਿੱਚੋਂ ਅਵਨੀਤ ਸਿੰਘ ਦਾ ਨਾਮ ਲੱਭਣ ਲੱਗ ਪਿਆ।ਮੈਂ ਤੁਰੰਤ ਹੀ ਉਸ ਨੂੰ ਨਕਸ਼ੇ ਉੱਤੇ ਉਂਗਲ ਰੱਖ ਕੇ ਦੱਸ ਦਿੱਤਾ ਕਿ ਅਵਨੀਤ ਸਿੰਘ ਦਾ ਘਰ ਉੱਤਰ ਦਿਸ਼ਾ ਵਿੱਚ ਹੈ।ਉਸ ਨੇ ਜਦ ਜੱਜ ਨੂੰ ਦੱਸਿਆ ਤਾਂ ਜੱਜ ਗੰਭੀਰਤਾ ਨਾਲ ਬੋਲੀ, "ਸ਼ਰਮਾ ਜੀ, ਇਹ ਸਪਸ਼ਟ ਨਹੀਂ ਹੋ ਰਿਹਾ।ਤੁਸੀਂ ਚੰਗੀ ਤਰ੍ਹਾਂ ਸਮਝਾਓ।"

ਮੈਂ ਅੱਗੇ ਹੋ ਕੇ ਦੱਸਣਾ ਚਾਹਿਆ ਤਾਂ ਜੱਜ ਮੁਸਕਰਾਅ ਕੇ ਬੋਲੀ, "ਤੁਸੀਂ ਸ਼ਰਮਾ ਜੀ ਨੂੰ ਕੇਸ ਦੀ ਫੀਸ ਦਿੱਤੀ ਹੈ ਨਾ। ਇਹਨਾਂ ਨੂੰ ਹੀ ਸਮਝਾਉਣ ਦਿਓ।" ਮੈਂ ਚੁੱਪ ਕਰ ਗਿਆ।

ਵਕੀਲ ਕਾਗਜ਼ਾਂ ਦੀ ਅਜੇ ਵੀ ਫ਼ਰੋਲਾ-ਫ਼ਰਾਲ਼ੀ ਕਰ ਹੀ ਰਿਹਾ ਸੀ ਕਿ ਜੱਜ ਬੋਲ ਪਈ, "ਰਹਿਣ ਦਿਓ, ਤੁਸੀਂ ਅਗਲ਼ੀ ਤਾਰੀਕ 'ਤੇ ਹੀ ਸਭ ਕੁਝ ਸਮਝਾਅ ਦੇਣਾ।"

ਵਕੀਲ ਨੇ ਕਾਗ਼ਜ਼ ਸਮੇਟਦਿਆਂ ਆਖਣਾ ਸ਼ੁਰੂ ਕਰ ਦਿੱਤਾ, "ਸਰ, ਇਹ ਬੰਦਾ ਸਾਨੂੰ ਜਾਣ ਬੁੱਝ ਕੇ ਬਿਨਾਂ ਵਜ੍ਹਾ ਤੰਗ ਪ੍ਰੇਸ਼ਾਨ ਕਰ ਰਿਹੈ।ਇਹ ਕਾਨੂੰਨ ਦੀ ਗ਼ਲਤ ਵਰਤੋਂ ਕਰ ਰਿਹੈ, ਸਰ।" ਜੱਜ ਆਪਣੀ ਕੁਰਸੀ ਤੋਂ ਉੱਠ ਖੜ੍ਹੀ ਅਤੇ ਬੋਲੀ, "ਕੋਈ ਨ੍ਹੀਂ, ਸ਼ਰਮਾ ਜੀ।ਅਗਲ਼ੀ ਤਾਰੀਕ 'ਤੇ ਹੀ ਬਹਿਸ ਕਰਾਂਗੇ।" ਵਕੀਲ ਚੁੱਪ ਕਰ ਗਿਆ।ਅਸੀਂ ਦੋਵੇਂ ਕਮਰੇ ਤੋਂ ਬਾਹਰ ਆ ਗਏ।

ਚੈਂਬਰ ਤੱਕ ਦੇ ਰਸਤੇ ਵਿੱਚ ਮੈਂ ਆਪਣੇ ਵਕੀਲ ਨੂੰ ਅਵਨੀਤ ਸਿੰਘ ਦਾ ਘਰ ਸਮਝਾਉਂਦਾ ਆਇਆ ਪਰ ਮੈਨੂੰ ਵਕੀਲ ਦੇ ਚਿਹਰੇ ਤੋਂ ਲੱਗਣ ਲੱਗ ਪਿਆ ਕਿ ਅਜੇ ਵੀ ਉਸ ਨੂੰ ਸਮਝ ਨਹੀਂ ਸੀ ਲੱਗੀ।ਚੈਂਬਰ ਵਿੱਚ ਜਾ ਕੇ ਮੈਂ ਕਾਗਜ਼ ਉੱਤੇ ਨਕਸ਼ਾ ਬਣਾਅ ਕੇ ਅਤੇ ਵਕੀਲ ਵਾਲੀ ਫਾਈਲ ਵਿੱਚੋਂ ਨਕਸ਼ੇ ਦੀ ਕਾਪੀ ਕੱਢ ਕੇ ਉਸ ਨੂੰ ਫਿਰ ਸਮਝਾਇਆ ਕਿ ਅਵਨੀਤ ਸਿੰਘ ਦਾ ਘਰ ਕਿੱਥੇ ਹੈ ?

ਇੱਕ ਗੱਲ ਹੋਰ ਵੀ ਮੈਂ ਉਸ ਨੂੰ ਆਖੀ ਕਿ ਜਦ ਆਪਣਾ ਝਗੜਾ ਇਸ ਪਾਸੇ ਵੱਲ ਦਾ ਹੈ ਹੀ ਨਹੀਂ ਤਾਂ ਇਸ ਪਾਸੇ ਦੀ ਗੱਲ ਕਰਨੀ ਵੀ ਗ਼ੈਰ ਕਾਨੂੰਨੀ ਹੈ।ਜੇ ਉੱਤਰ ਦਿਸ਼ਾ ਦੀ ਗੱਲ ਕਰਨੀ ਹੈ ਤਾਂ ਗੁਰਨੇਕ ਦੁਆਰਾ ਝਗੜੇ ਵਾਲੇ ਪਾਸੇ ਵੱਲ ਹੀ ਕੀਤੇ ਗਏ ਨਜਾਇਜ਼ ਕਬਜ਼ੇ ਦੀ ਗੱਲ ਵੀ ਕੀਤੀ ਜਾਣੀ ਚਾਹੀਦੀ ਕਿਉਂਕਿ ਜਿਸ ਪਾਸੇ ਵੱਲ ਉਸ ਨੇ ਮੇਰੇ 'ਤੇ ਗਲੀ ਦੱਬਣ ਦਾ ਦੋਸ਼ ਲਗਾਇਆ ਹੈ ਉਸੇ ਹੀ ਪਾਸੇ ਅਤੇ ਉਸੇ ਹੀ ਗਲੀ ਵਿੱਚ ਉਸ ਨੇ ਗਲੀ ਦੀ ਜਗ੍ਹਾ ਦੱਬੀ ਹੋਈ ਹੈ।ਉਸ ਦੇ ਘਰ ਕੋਲ ਜਾ ਕੇ ਹੀ ਗਲੀ ਭੀੜੀ ਹੁੰਦੀ ਹੈ ਅਤੇ ਇਹ ਗੱਲ ਦੋਵੇਂ ਧਿਰਾਂ ਦੇ ਨਕਸ਼ਿਆਂ ਵਿੱਚ ਸਪੱਸ਼ਟ ਵਿਖਾਈ ਵੀ ਗਈ ਹੈ।

ਮੈਨੂੰ ਲੱਗਾ ਕਿ ਵਕੀਲ ਉੱਪਰ ਮੇਰੀਆਂ ਇਹਨਾਂ ਗੱਲਾਂ ਦਾ ਕੋਈ ਵੀ ਅਸਰ ਨਹੀਂ ਸੀ ਹੋ ਰਿਹਾ।ਉਹ ਚੁੱਪ-ਚਾਪ ਬੈਠਾ ਕੁਝ ਸੋਚਣ ਲੱਗ ਪਿਆ।ਮੈਨੂੰ ਲੱਗਾ ਕਿ ਸ਼ਾਇਦ ਉਹ ਇਹ ਸੋਚ ਰਿਹਾ ਹੈ ਕਿ 'ਮੈਂ ਇਸ ਨੂੰ ਕਿੰਨੀ ਵਾਰ ਸਮਝਾਇਆ ਹੈ ਕਿ ਕੇਸ ਤੋਂ ਬਾਹਰ ਦੀ ਕੋਈ ਵੀ ਗੱਲ ਨਹੀਂ ਕਰਨੀ ਤੇ ਇਸ ਨੇ ਫਿਰ ਉਹੀ ਚੈਨਲ ਚਲਾਅ ਲਿਆ ਹੈ।' ਮੈਂ ਵੀ ਚੁੱਪ ਕਰਨ ਵਿੱਚ ਹੀ ਆਪਣੀ ਭਲਾਈ ਸਮਝੀ।

ਪਹਿਲੇ ਹੀ ਹੱਲੇ ਵਿੱਚ ਜੱਜ ਦੁਆਰਾ ਵਕੀਲ ਨੂੰ ਫਸਾਅ ਲੈਣ ਦੀ ਗੱਲ ਸਾਡੇ ਕਿਸੇ ਵੀ ਜੀਅ ਦੇ ਗਲੇ ਤੋਂ ਥੱਲੇ ਨਹੀਂ ਸੀ ਉੱਤਰ ਰਹੀ।ਮੈਨੂੰ ਇਹ

ਮਹਿਸੂਸ ਵੀ ਹੋਇਆ ਕਿ ਜੱਜ ਵਾਕਿਆ ਹੀ ਕਾਬਲੀਅਤ ਰੱਖਦੀ ਹੈ ਜਿਸ ਨੇ ਸਾਡੀ ਮਾਮੂਲੀ ਜਿਹੀ ਗ਼ਲਤੀ ਵੀ ਫੜ ਲਈ ਸੀ। ਫਿਰ ਦਿਮਾਗ਼ ਵਿੱਚ ਆਉਂਦਾ ਕਿ ਜੱਜ ਨੂੰ ਉੱਤਰ ਦਿਸ਼ਾ ਵਾਲੇ ਘਰ ਦੀ ਗੱਲ ਕਰਨੀ ਹੀ ਨਹੀਂ ਚਾਹੀਦੀ ਸੀ ਕਿਉਂਕਿ ਉਸ ਦਿਸ਼ਾ ਵੱਲ ਤਾਂ ਝਗੜੇ ਦੀ ਗੱਲ ਦੋਵਾਂ ਧਿਰਾਂ ਵਿੱਚੋਂ ਕਿਸੇ ਨੇ ਵੀ ਨਹੀਂ ਸੀ ਆਖੀ। ਮਨ ਵਿੱਚ ਬੜੇ ਹੀ ਪੁੱਠੇ-ਸਿੱਧੇ ਵਿਚਾਰ ਵੀ ਆਉਣ ਲੱਗ ਪਏ ਸਨ। ਫਿਰ ਇਹ ਸੋਚ ਕੇ ਹੀ ਆਪਣੇ ਮਨ ਨੂੰ ਧਰਵਾਸਾ ਦੇ ਲੈਂਦਾ ਸਾਂ ਕਿ ਇਹ ਅਦਾਲਤਾਂ ਦਾ ਕੰਮ ਹੈ, ਵਕੀਲ ਜਾਨਣ ਜਾਂ ਜੱਜ। ਮੈਂ ਕਿਉਂ ਊਲ-ਜਲੂਲ ਸੋਚ ਕੇ ਆਪਣਾ ਖ਼ੂਨ ਸਾੜੀ ਜਾਂਦਾ ਹਾਂ ? ਫਿਰ ਪਤਾ ਨਹੀਂ ਕਿਉਂ ਇਹੋ ਹੀ ਨਾਕਾਰਤਮਕ ਸੋਚ ਮੇਰੇ 'ਤੇ ਭਾਰੂ ਹੋ ਜਾਂਦੀ ਕਿ ਫ਼ਰਕ ਤਾਂ ਮੈਨੂੰ ਹੀ ਪੈਣਾ ਹੈ। ਜੇ ਮੈਂ ਇਹ ਕੇਸ ਹਾਰ ਗਿਆ ਤਾਂ ਸਭ ਗਲੀ ਮੁਹੱਲੇ, ਸ਼ਰੀਕਾਂ, ਮਹਿਕਮੇ ਕੀ ਰਿਸ਼ਤੇਦਾਰਾਂ ਤੱਕ ਨੇ ਵੀ ਆਖਣਾ ਸੀ ਕਿ ਵੱਡਾ ਨਾਢੂ ਖਾਂ ਗਲੀ ਉੱਤੇ ਕਬਜ਼ਾ ਕਰਨ ਨੂੰ ਫਿਰਦਾ ਸੀ। ਅਗਲਿਆਂ ਨੇ ਨਾਸਾਂ ਭੰਨ ਕੇ ਚੁੱਪ ਕਰਾਅ ਕੇ ਬਿਠਾਅ ਦਿੱਤਾ। ਹੁਣ ਇਹ ਮਸਲਾ ਜਗ੍ਹਾ ਦਾ ਨਾ ਰਹਿ ਕੇ ਇੱਜ਼ਤ ਦਾ ਸਵਾਲ ਬਣ ਚੁੱਕਾ ਸੀ। ਮੈਨੂੰ ਆਪਣੀ ਇੱਜ਼ਤ ਨਾਲੋਂ ਵੱਧ ਆਪਣੇ ਪਰਿਵਾਰ ਦੀ ਇੱਜ਼ਤ ਅਤੇ ਇਸ ਤੋਂ ਵੀ ਉੱਪਰ ਕਈ ਇਨਸਾਫ਼-ਪਸੰਦ ਜਥੇਬੰਦੀਆਂ ਦੀ ਇੱਜ਼ਤ ਦਾ ਖ਼ਿਆਲ ਵੀ ਵੱਢ-ਵੱਢ ਖਾਈ ਜਾ ਰਿਹਾ ਸੀ।

## ਸਤਾਰਾਂ

ਅਗ਼ਲੀ ਤਾਰੀਕ ਆ ਗਈ। ਮਿਥੇ ਸਮੇਂ 'ਤੇ ਦੂਜੀ ਧਿਰ ਦਾ ਵਕੀਲ ਵੀ ਪਹੁੰਚ ਗਿਆ। ਉਸ ਦੇ ਆਉਣ ਨਾਲ ਮੇਰਾ ਇੱਕ ਭਰਮ ਤਾਂ ਉਦੋਂ ਹੀ ਟੁੱਟ ਗਿਆ ਕਿ ਮੇਰੀ ਵਿਰੋਧੀ ਧਿਰ ਕੇਸ ਨੂੰ ਗੱਲੀਂ-ਬਾਤੀਂ ਹੀ ਛੱਡਣ ਵਾਲੀ ਨਹੀਂ ਹੈ ਅਤੇ ਉਹ ਵੀ ਆਪਣਾ ਅੱਡੀ ਚੋਟੀ ਦਾ ਜ਼ੋਰ ਜ਼ਰੂਰ ਲਾਉਣਗੇ।

ਭਾਵੇਂ ਕਿ ਮੁਕੱਦਮੇ ਦੀ ਬਹਿਸ ਪੰਜਾਬੀ ਵਿੱਚ ਕੀਤੀ ਜਾ ਰਹੀ ਸੀ ਤੇ ਕਿਤੇ-ਕਿਤੇ ਕਾਨੂੰਨੀ ਕਿਸਮ ਦੀ ਅੰਗਰੇਜ਼ੀ ਭਾਸ਼ਾ ਵੀ ਵਰਤੀ ਜਾ ਰਹੀ ਸੀ ਪਰ ਮੈਨੂੰ ਸਭ ਕੁਝ ਸਮਝ ਲੱਗੀ ਜਾ ਰਿਹਾ ਸੀ। ਵਿਰੋਧੀ ਵਕੀਲ ਨੇ ਇੱਕ ਘੁੰਡੀ ਫੜ ਲਈ, "ਆਹ ਵੇਖੋ ਜੀ, ਇਹਨਾਂ ਨੇ ਆਪਣੇ ਜਵਾਬ ਵਿੱਚ ਵੀ ਲਿਖਿਆ ਹੈ ਕਿ ਇਸ ਥਾਂ ਉੱਤੇ ਪਹਿਲਾਂ ਵੀ ਗਲੀ ਚੱਲ ਰਹੀ ਸੀ ਤੇ ਖ਼ੁਦ ਵੀ ਉਸ ਨੂੰ ਵਰਤਦੇ ਸਨ। ਜਦ ਇਹ ਆਪ ਹੀ ਮੰਨੀ ਜਾਂਦੇ ਹਨ ਤਾਂ ਫਿਰ ਇਸ ਵਿੱਚ ਸ਼ੱਕ ਦੀ ਕੋਈ ਵੀ ਗੁੰਜ਼ਾਇਸ਼ ਨਹੀਂ ਰਹਿ ਜਾਂਦੀ ਕਿ ਇਹ ਜਗ੍ਹਾ

ਗਲੀ ਦੀ ਨਹੀਂ ਹੈ।" ਆਖਦੇ ਹੋਏ ਵਕੀਲ ਨੇ ਜੱਜ ਦੇ ਅੱਗੇ ਪਈ ਫਾਈਲ ਵਿਚਲਾ ਸਬੰਧਤ ਪੰਨਾ ਖੋਲ੍ਹ ਕੇ ਰੱਖ ਦਿੱਤਾ।ਜੱਜ ਨੇ ਹਾਂ ਵਿੱਚ ਸਿਰ ਮਾਰਿਆ ਅਤੇ ਆਪਣੇ ਕਾਗਜ਼ ਉੱਤੇ ਕੁਝ ਨੋਟ ਵੀ ਕਰ ਲਿਆ।

"ਸਰ, ਜਦ ਇਹ ਗਲੀ ਵੀਹ-ਪੱਚੀ ਸਾਲ ਦੀ ਚੱਲ ਰਹੀ ਹੈ ਤਾਂ ਇਹਨਾਂ ਨੂੰ ਇਸ ਥਾਂ ਉੱਤੇ ਕਬਜ਼ਾ ਕਰਨ ਦਾ ਕੋਈ ਅਧਿਕਾਰ ਨਹੀਂ ਹੈ।" ਉਹਨਾਂ ਦਾ ਵਕੀਲ ਬੋਲੀ ਜਾ ਰਿਹਾ ਸੀ।, "

"ਸਰ, ਇਹ ਵੀਹ ਸਾਲ ਪੁਰਾਣੀ ਗੱਲ ਕਰ ਰਹੇ ਨੇ।ਅਜੇ ਕੁਝ ਮਹੀਨੇ ਪਹਿਲਾਂ ਹੀ ਸਰਕਾਰ ਦੁਆਰਾ ਕੀਤੀ ਗਈ ਰਜਿਸਟਰੀ ਤਾਂ ਵੇਖੋ ਅਤੇ ਆਹ ਇੰਤਕਾਲ ਵੀ ਵੇਖੋ।" ਮੇਰੇ ਵਕੀਲ ਨੇ ਆਪਣੇ ਕਾਗਜ਼ ਵਿਖਾਏ।

"ਸਰ, ਮੈਂ ਇਹ ਸਾਬਤ ਕਰਾਂਗਾ ਕਿ ਇਸ ਜਗ੍ਹਾ ਵਿੱਚ ਨਗਰ ਨਿਗਮ ਨੇ ਸੀਵਰੇਜ ਪਾਇਆ ਹੋਇਐ ਅਤੇ ਇਸ ਜਗ੍ਹਾ ਵਿੱਚ ਸਰਕਾਰੀ ਨਾਲੀ ਵੀ ਬਣੀ ਹੋਈ ਹੈ।ਇਸ ਲਈ ਇਸ ਮਸਲੇ ਨੂੰ ਸਟੇਅ ਕਰ ਦਿੱਤਾ ਜਾਵੇ ਜੀ।"

ਸਾਡਾ ਵਕੀਲ ਸਟੇਅ ਦਾ ਵਿਰੋਧ ਕਰ ਰਿਹਾ ਸੀ।ਬਹਿਸ ਸੁਣਦੀ ਹੋਈ ਜੱਜ ਵਿੱਚ-ਵਿੱਚ ਕੁਝ ਨੋਟ ਕਰ ਲੈਂਦੀ ਸੀ ਅਤੇ ਕਈ ਵਾਰ ਦੋਵਾਂ ਵਕੀਲਾਂ ਨੂੰ ਚੁੱਪ ਕਰਵਾਅ ਕੇ ਆਖੀ ਗਈ ਗੱਲ ਨਾਲ ਸਬੰਧਤ ਕਾਗਜ਼ਾਂ ਦੀ ਮੰਗ ਕਰ ਲੈਂਦੀ।

ਅੰਤ ਆਖਣ ਲੱਗੀ, "ਸ਼ਰਮਾ ਜੀ, ਇਸ ਕੇਸ ਨੂੰ ਸਟੇਅ ਕਰ ਲੈਣ ਦਿਓ।ਮੈਂ ਵਾਅਦਾ ਕਰਦੀ ਹਾਂ ਕਿ ਮੈਂ ਇਸ ਕੇਸ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਅ ਦੇਵਾਂਗੀ।" ਪਰ ਮੇਰੇ ਵਕੀਲ ਨੇ ਇਹ ਆਖ ਕੇ ਨਾਂਹ ਕਰ ਦਿੱਤੀ ਕਿ ਜੇ ਇਹ ਇੱਕ ਵੀ ਸਬੂਤ ਪੇਸ਼ ਕਰਦੇ ਹਨ ਤਾਂ ਸਟੇਅ ਦੇ ਦਿਓ।ਦੂਜਾ ਵਕੀਲ ਉਸੇ ਵਕਤ ਤਾਂ ਕੋਈ ਵੀ ਸਬੂਤ ਦੇਣ ਤੋਂ ਇਨਕਾਰੀ ਸੀ ਪਰ ਦਾਅਵਾ ਇਹ ਕਰਦਾ ਰਿਹਾ ਕਿ ਮੈਂ ਭਵਿੱਖ ਵਿੱਚ ਜ਼ਰੂਰ ਅਜਿਹੇ ਸਬੂਤ ਪੇਸ਼ ਕਰ ਦੇਵਾਂਗਾ, ਜਿੰਨ੍ਹਾਂ ਤੋਂ ਸਾਬਤ ਹੋ ਜਾਵੇਗਾ ਕਿ ਇਹ ਜਗ੍ਹਾ ਗਲੀ ਦੀ ਹੀ ਹੈ।

ਅੰਤ, ਜੱਜ ਨੇ ਦੋਵਾਂ ਵਕੀਲਾਂ ਨੂੰ ਬਹਿਸ ਤੋਂ ਰੋਕ ਦਿੱਤਾ ਤੇ ਆਖਿਆ, "ਮੈਨੂੰ ਲੱਗ ਰਿਹਾ ਹੈ ਕਿ ਇਹ ਮਸਲਾ ਦੋ ਗੁਆਂਢੀਆਂ ਦੀ ਆਪਸੀ ਲੜਾਈ ਕਾਰਨ ਹੀ ਪੈਦਾ ਹੋਇਆ ਹੈ।ਇਸ ਲਈ ਇਸ ਨੂੰ ਮੇਡੀਏਸ਼ਨ (ਵਿਚੋਲਗੀ) ਵਿੱਚ ਭੇਜਣਾ ਜ਼ਰੂਰੀ ਹੈ।ਕੱਲ੍ਹ ਨੂੰ ਦੋਵੇਂ ਧਿਰਾਂ ਮੇਡੀਏਸ਼ਨ ਸੈੱਲ ਵਿੱਚ ਹਾਜ਼ਰ ਹੋਣ।ਜੇਕਰ ਇਹਨਾਂ ਵਿਚਕਾਰ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਮੈਂ ਅਗ਼ਲੀ ਤਾਰੀਕ ਨੂੰ ਸਟੇਅ ਉੱਪਰ ਆਪਣਾ ਫ਼ੈਸਲਾ ਸੁਣਾਅ ਦੇਵਾਂਗੀ।"

ਜੱਜ ਦੇ ਨਾਲ ਬੈਠੇ ਰੀਡਰ ਨੇ ਮੇਰੇ ਕੋਲੋਂ ਇੱਕ ਫਾਰਮ ਉੱਤੇ ਦਸਤਖਤ ਕਰਵਾਅ ਲਏ ਅਤੇ ਦੂਜੇ ਵਕੀਲ ਨੂੰ ਤਾਕੀਦ ਕਰ ਦਿੱਤੀ ਕਿ ਕੱਲ੍ਹ ਨੂੰ ਹਰ

ਹਾਲਤ ਵਿੱਚ ਗੁਰਨੇਕ ਸਿੰਘ ਦਾ ਮੇਡੀਏਸ਼ਨ ਵਿਭਾਗ ਵਿੱਚ ਪਹੁੰਚਣਾ ਯਕੀਨੀ ਬਣਾਇਆ ਜਾਵੇ।

ਅਸੀਂ ਅਦਾਲਤ ਵਿੱਚੋਂ ਬਾਹਰ ਆਏ ਤਾਂ ਮੇਰੇ ਦਿਮਾਗ਼ ਵਿੱਚ ਉਹ ਗੱਲ ਘੁੰਮਣ ਲੱਗ ਪਈ ਸੀ ਕਿ ਸਾਡੇ ਵੱਲੋਂ ਪੇਸ਼ ਕੀਤੇ ਗਏ ਜਵਾਬ ਵਿੱਚ ਇਸ ਜਗ੍ਹਾ ਨੂੰ ਗਲੀ ਕਿਉਂ ਲਿਖਿਆ ਗਿਆ ਸੀ। ਮੈਂ ਵਕੀਲ ਨੂੰ ਵੀ ਪੁੱਛਿਆ। ਉਹ ਖਹਿੜਾ ਜਿਹਾ ਛੁਡਵਾਉਂਦਾ ਆਖਣ ਲੱਗਾ, "ਆਪਣਾ ਅਸਲ ਜਵਾਬ ਤਾਂ ਉੱਪਰਲੇ ਪੈਰ੍ਹਿਆਂ ਵਿੱਚ ਹੀ ਦਿੱਤਾ ਹੋਇਆ ਹੈ। ਬਾਕੀ ਤਾਂ ਐਵੇਂ ਦੀ ਭਕਾਈ ਦੇ ਹੀ ਪੈਰ੍ਹੇ ਹੁੰਦੇ ਨੇ, ਜਿੰਨ੍ਹਾਂ ਦਾ ਆਮ ਤੌਰ 'ਤੇ ਉਸੇ ਭਾਸ਼ਾ ਵਿੱਚ ਹੀ ਜਵਾਬ ਲਿਖ ਦਿੱਤਾ ਜਾਂਦਾ ਹੈ।" ਉਹ ਆਪਣੀ ਗੱਲ ਨੂੰ ਗੋਲ ਕਰ ਗਿਆ।

ਘਰ ਨੂੰ ਵਾਪਸ ਆਉਂਦਾ ਹੋਇਆ ਮੈਂ ਇਸ ਵਿਸ਼ੇ 'ਤੇ ਕਾਫ਼ੀ ਸੋਚਦਾ ਰਿਹਾ। ਘਰਦਿਆਂ ਨੂੰ ਸਭ ਕੁਝ ਦੱਸ ਕੇ ਮੈਂ ਆਪਣੇ ਮੁਕੱਦਮੇ ਵਾਲੀ ਫਾਈਲ ਖੋਲ੍ਹ ਲਈ ਅਤੇ ਸਾਰੇ ਵਰਕਿਆਂ ਨੂੰ ਦੁਬਾਰਾ ਪੜ੍ਹਨਾ ਸ਼ੁਰੂ ਕਰ ਦਿੱਤਾ। ਦੂਜੀ ਧਿਰ ਦੁਆਰਾ ਅਦਾਲਤੀ ਭਾਸ਼ਾ ਮੁਤਾਬਕ ਪੈਰ੍ਹੇ ਬਣਾਅ-ਬਣਾਅ ਕੇ ਮੇਰੇ ਸਾਰੇ ਕੇਸ ਦਾ ਵਰਨਣ ਕੀਤਾ ਗਿਆ ਸੀ ਅਤੇ ਉਹਨਾਂ ਪੈਰ੍ਹਿਆਂ ਦੇ ਜਵਾਬ ਵਿੱਚ ਸਾਡੇ ਵੱਲੋਂ ਵੀ ਓਨੇ ਹੀ ਪੈਰ੍ਹੇ ਲਿਖੇ ਗਏ ਸਨ। ਪਹਿਲੇ ਤਿੰਨ-ਚਾਰ ਪੈਰ੍ਹੇ ਹੀ ਮਹੱਤਵਪੂਰਨ ਸਨ ਬਾਕੀ ਤਾਂ ਉਂਝ ਖਾਨਾਪੂਰਤੀ ਹੀ ਕੀਤੀ ਗਈ ਸੀ। ਪਰ ਮੈਨੂੰ ਲੱਗਾ ਕਿ ਵਿਰੋਧੀ ਧਿਰ ਦੇ ਵਕੀਲ ਨੇ ਇੱਕ ਗ਼ੈਰ ਜ਼ਰੂਰੀ, ਲੰਡੂ ਜਿਹੇ ਪੈਰ੍ਹੇ ਨੂੰ ਹੀ ਸਹੀ ਢੰਗ ਨਾਲ ਜੱਜ ਅੱਗੇ ਪੇਸ਼ ਕਰਕੇ ਮੇਰੇ ਠੋਸ ਸਬੂਤਾਂ ਵਾਲੇ ਕੇਸ ਨੂੰ ਵੀ ਸ਼ੱਕੀ ਬਣਾਅ ਕੇ ਰੱਖ ਦਿੱਤਾ ਸੀ। ਮੈਨੂੰ ਇਹ ਡਰ ਵੀ ਵੱਢ-ਵੱਢ ਕੇ ਖਾਣ ਲੱਗ ਪਿਆ ਸੀ ਕਿ ਸਾਡੇ ਵਕੀਲ ਦੀ ਇਹ ਛੋਟੀ ਜਿਹੀ ਗ਼ਲਤੀ ਭਵਿੱਖ ਵਿੱਚ ਸਾਡੇ 'ਤੇ ਭਾਰੂ ਵੀ ਪੈ ਸਕਦੀ ਹੈ।

ਵਿਚੋਲਗੀ ਲਈ ਮਿਥੇ ਗਏ ਅਗਲੇ ਦਿਨ ਮੈਂ ਦਿੱਤੇ ਹੋਏ ਸਮੇਂ 'ਤੇ ਆਪਣੇ ਚਚੇਰੇ ਭਰਾ ਰਮਿੰਦਰ ਨਾਲ ਅਦਾਲਤ ਵਿੱਚ ਪੁੱਜ ਗਿਆ। ਮੇਡੀਏਸ਼ਨ ਵਿਭਾਗ ਸੁੰਨਾ ਹੀ ਪਿਆ ਸੀ। ਅਸੀਂ ਉਸ ਦੇ ਬਾਹਰ ਲੱਗੇ ਰੰਗਦਾਰ ਖ਼ੂਬਸੂਰਤ ਪੋਸਟਰ ਅਤੇ ਇਸ਼ਤਿਹਾਰ ਪੜ੍ਹਣੇ ਸ਼ੁਰੂ ਕਰ ਦਿੱਤੇ। ਇਹਨਾਂ ਵਿੱਚ ਵਿਚੋਲਗੀ ਅਤੇ ਸਹਿਮਤੀ ਨਾਲ ਕੇਸ ਦੇ ਹੱਲ ਹੋ ਜਾਣ ਦੇ ਬੜੇ ਹੀ ਲਾਭ ਲਿਖੇ ਹੋਏ ਸਨ। ਇਹਨਾਂ ਮੁਤਾਬਕ ਆਪਸੀ ਸਹਿਮਤੀ ਨਾਲ ਹੱਲ ਹੋਏ ਮਾਮਲਿਆਂ ਕਰ ਕੇ ਵਕਤ ਅਤੇ ਪੈਸੇ ਬਚਣ ਦੇ ਨਾਲ-ਨਾਲ ਮਾਨਸਿਕ ਸ਼ਾਂਤੀ ਵੀ ਬਰਕਰਾਰ ਰਹਿੰਦੀ ਹੈ। ਇਸ ਤੋਂ ਇਲਾਵਾ ਅਦਾਲਤਾਂ ਦਾ ਬੋਝ ਵੀ ਘਟਦਾ ਹੈ ਤੇ ਦੇਸ਼ ਦੀ ਤਰੱਕੀ ਵੀ ਹੁੰਦੀ ਹੈ। ਇਹ ਇਸ਼ਤਿਹਾਰ ਬੜੇ ਹੀ ਵਧੀਆ ਢੰਗ ਨਾਲ ਅਤੇ ਬੜੇ ਦਿਲ-ਟੁੰਬਵੇਂ ਸ਼ਬਦਾਂ ਵਿੱਚ ਪੇਸ਼ ਕਰ ਕੇ ਕੰਧਾਂ 'ਤੇ ਚਿਪਕਾਏ ਗਏ ਸਨ।

ਦੂਜੀ ਧਿਰ ਵੱਲੋਂ ਗੁਰਨੇਕ ਤੇ ਜਪਨਾਮ ਹੀ ਆਏ ਸਨ। ਬਾਰਾਂ ਕੁ ਵਜੇ ਤੱਕ ਅਸੀਂ ਕਿਸੇ ਸਬੰਧਤ ਅਧਿਕਾਰੀ ਦੇ ਆਉਣ ਦੀ ਉਡੀਕ ਕੀਤੀ। ਅੱਕ ਕੇ ਮੈਂ ਕਮਰੇ ਵਿੱਚ ਜਾ ਕੇ ਕਲਰਕ ਨੂੰ ਆਪਣੇ ਮੁਕੱਦਮੇ ਬਾਰੇ ਪੁੱਛ ਹੀ ਲਿਆ। ਉਸ ਨੇ ਬੜੇ ਹੀ ਸਲੀਕੇ ਨਾਲ ਗੱਲ ਕੀਤੀ ਅਤੇ ਨਾਲ ਹੀ ਫ਼ੋਨ ਮਿਲਾਅ ਲਿਆ। ਫ਼ੋਨ ’ਤੇ ਗੱਲ ਕਰਨ ਤੋਂ ਬਾਅਦ ਆਖਣ ਲੱਗਾ, “ਬੱਸ, ਪੰਜ-ਸੱਤ ਮਿੰਟਾਂ ਵਿੱਚ ਹੀ ਵਕੀਲ ਸਾਹਬ ਪੁੱਜ ਜਾਣਗੇ, ਉਹ ਆਪਣੇ ਦਫ਼ਤਰੋਂ ਇੱਧਰ ਨੂੰ ਤੁਰੇ ਹੋਏ ਨੇ।”।

ਪੰਜ ਕੁ ਮਿੰਟਾਂ ਬਾਅਦ ਹੀ ਤਿੰਨ ਜਣੇ, ਜਿੰਨ੍ਹਾਂ ਵਿੱਚ ਇੱਕ ਔਰਤ ਵੀ ਸੀ, ਉਸ ਕਮਰੇ ਵਿੱਚ ਵੜ ਗਏ ਤੇ ਸਾਨੂੰ ਆਵਾਜ਼ ਪੈ ਗਈ।

ਅਸੀਂ ਚਾਰੇ ਜਣੇ ਕਮਰੇ ਵਿੱਚ ਚਲੇ ਗਏ। ਉਹ ਤਿੰਨੇ ਜਣੇ ਸਾਹਮਣੀਆਂ ਸੀਟਾਂ ’ਤੇ ਬੈਠੇ ਹੋਏ ਸਨ। ਉਹਨਾਂ ਨੇ ਸਾਨੂੰ ਦੋਵਾਂ ਧਿਰਾਂ ਨੂੰ ਮੇਜ ਦੇ ਸੱਜੇ ਖੱਬੇ ਵਾਲੇ ਪਾਸੇ ਬੈਠਣ ਲਈ ਆਖਿਆ ਅਤੇ ਦੋਵਾਂ ਧਿਰਾਂ ਨੂੰ ਇਸ ਮਾਮਲੇ ਬਾਬਤ ਸਵਾਲ ਕਰਨੇ ਸ਼ੁਰੂ ਕਰ ਦਿੱਤੇ। ਮੈਂ ਆਪਣੇ ਸਾਰੇ ਸਰਕਾਰੀ ਦਸਤਾਵੇਜ਼ ਅਤੇ ਹੋਰ ਕੀਤੀਆਂ ਗਈਆਂ ਸ਼ਿਕਾਇਤਾਂ ਦੀਆਂ ਕਾਪੀਆਂ ਲੜੀਵਾਰ ਪੇਸ਼ ਕਰ ਦਿੱਤੀਆਂ। ਉਹ ਦੋਵੇਂ ਖਾਲੀ ਹੱਥ ਹੀ ਆਏ ਸਨ। ਵਿਚਕਾਰ ਬੈਠੇ ਅਧਿਕਾਰੀ ਨੇ ਤਾਂ ਕੇਸ ਨੂੰ ਸਮਝਦੇ ਹੋਏ ਉਹਨਾਂ ਦੋਵਾਂ ’ਤੇ ਵਿਅੰਗ ਵੀ ਕੱਸ ਦਿੱਤਾ ਸੀ, “ਜਨਾਬ, ਤੁਸੀਂ ਵੀ ਕੁਝ ਪੇਸ਼ ਕਰੋ। ਨਹੀਂ ਤਾਂ ਕੱਲ੍ਹ ਨੂੰ ਆਖੋਗੇ ਕਿ ਅਸੀਂ ਤਾਂ ਖਾਲੀ ਹੱਥੀਂ ਹੀ ਰਗੜੇ ਗਏ।”

ਅੱਜ ਪਹਿਲੀ ਵਾਰ ਸੀ ਕਿ ਮੈਂ ਕਿਸੇ ਕਾਨੂੰਨੀ ਅਥਾਰਟੀ ਨੂੰ ਆਪਣੀ ਸਾਰੀ ਕਹਾਣੀ ਪੂਰੀ ਮੁਸਤੈਦੀ ਨਾਲ ਸੁਣਾਈ ਸੀ ਤੇ ਦੂਜੀ ਧਿਰ ਵੀ ਜਵਾਬ ਦੇਣ ਲਈ ਸਾਹਮਣੇ ਬੈਠੀ ਹੋਈ ਸੀ, ਪਰ ਉਹ ਲਾ-ਜਵਾਬ ਸੀ। ਸਾਡੇ ਦੋਵਾਂ ਭਰਾਵਾਂ ਦੇ ਚਿਹਰੇ ’ਤੇ ਜਿੱਤ ਦੇ ਭਾਵ ਸਨ ਅਤੇ ਸਾਹਮਣੀ ਧਿਰ ਦੀ ਸ਼ਰਮਿੰਦਗੀ ਉਹਨਾਂ ਦੇ ਚਿਹਰਿਆਂ ਤੋਂ ਸਾਫ਼ ਝਲਕ ਰਹੀ ਸੀ।

ਸਾਰੀ ਬਹਿਸ ਸੁਣਨ ਤੋਂ ਬਾਅਦ ਤਿੰਨਾਂ ਜਣਿਆਂ ਨੇ ਨਾਲ ਦੇ ਕਮਰੇ ਵਿੱਚ ਜਾ ਕੇ ਸਲਾਹ ਮਸ਼ਵਰਾ ਕੀਤਾ ਅਤੇ ਫਿਰ ਆ ਕੇ ਵਿਚਕਾਰ ਬੈਠੇ ਸ਼ਖਸ ਨੇ ਫ਼ੈਸਲਾ ਸੁਣਾਅ ਦਿੱਤਾ, “ਵੇਖੋ ਜੀ, ਇਹ ਹੈ ਮੇਡੀਏਸ਼ਨ ਵਿਭਾਗ। ਇੱਥੇ ਅਸੀਂ ਸਿਰਫ਼ ਸਮਝੌਤਾ ਹੀ ਕਰਵਾਅ ਸਕਦੇ ਹਾਂ। ਅਸੀਂ ਆਪਣਾ ਫ਼ੈਸਲਾ ਤੁਹਾਡੇ ’ਤੇ ਥੋਪ ਨਹੀਂ ਸਕਦੇ। ਸਾਡੀ ਸਾਰੀ ਜਾਂਚ ਅਤੇ ਫ਼ੈਸਲੇ ਮੁਤਾਬਕ ਇਹ ਜਗ੍ਹਾ ਕ੍ਰਿਸ਼ਨ ਪ੍ਰਤਾਪ ਦੀ ਹੀ ਬਣਦੀ ਹੈ ਅਤੇ ਉਸ ਨੂੰ ਹੀ ਮਿਲਣੀ ਚਾਹੀਦੀ ਹੈ। ਮੁਦਈ ਵੱਲੋਂ ਕੀਤੀ ਮੰਗ ਅਨੁਸਾਰ ਅਸੀਂ ਮੁਦਾਇਲਾ ਨੂੰ ਉਸ ਦੀ ਰਜਿਸਟਰੀ ਅਨੁਸਾਰ ਖ੍ਰੀਦੀ ਹੋਈ ਜਗ੍ਹਾ ਕਾਨੂੰਨੀ ਤੌਰ ’ਤੇ ਗਲੀ ਵਾਸਤੇ ਛੱਡਣ ਲਈ ਮਜਬੂਰ ਨਹੀਂ ਕਰ ਸਕਦੇ। ਤੱਥਾਂ ਅਨੁਸਾਰ ਇਹ ਕੇਸ

ਜਾਣ-ਬੁੱਝ ਕੇ, ਰੰਜਸ਼ਨ ਕੀਤਾ ਗਿਆ ਹੈ। ਇਹ ਮੁਕੱਦਮਾ ਖ਼ਾਰਜ ਕੀਤਾ ਜਾਣਾ ਬਣਦਾ ਹੈ ਅਤੇ ਮੁਦਾਇਲਾ ਦੀ ਪੂਰੀ ਜਗ੍ਹਾ ਉਸ ਨੂੰ ਹੀ ਮਿਲਣੀ ਚਾਹੀਦੀ ਹੈ। ਇਹ ਸਾਡਾ ਫ਼ੈਸਲਾ ਹੈ। ਬਾਕੀ ਤੁਸੀਂ ਸੋਚਣਾ ਹੈ।" ਇਹ ਗੱਲ ਉਸ ਨੇ ਗੁਰਨੇਕ ਅਤੇ ਜਪਨਾਮ ਨੂੰ ਸੰਬੋਧਿਤ ਹੁੰਦੇ ਹੋਏ ਆਖੀ।

ਗੁਰਨੇਕ ਕੁਝ ਕਹਿਣ ਹੀ ਲੱਗਾ ਸੀ ਤਾਂ ਉਸ ਨੂੰ ਟੋਕਦਿਆਂ ਨਿਰਣਾਕਾਰ ਬੋਲਿਆ, "ਤੁਹਾਨੂੰ ਦੁਪਹਿਰ ਤੱਕ ਦਾ ਸਮਾਂ ਦਿੱਤਾ ਜਾਂਦਾ ਹੈ ਤਾਂ ਜੋ ਤੁਸੀਂ ਆਪਣੇ ਵਕੀਲ ਅਤੇ ਘਰਦਿਆਂ ਨਾਲ ਸਲਾਹ ਮਸ਼ਵਰਾ ਕਰ ਸਕੋ।" ਏਨਾ ਆਖ ਕੇ ਉਹ ਤਿੰਨੇ ਜਣੇ ਕਮਰੇ 'ਚੋਂ ਬਾਹਰ ਚਲੇ ਗਏ ਤੇ ਅਸੀਂ ਚਾਰੇ ਜਣੇ ਹੀ ਕਮਰੇ ਵਿੱਚ ਰਹਿ ਗਏ ਸਾਂ।

ਮੈਂ ਸਭ ਗ਼ਿਲੇ ਸ਼ਿਕਵੇ ਭੁਲਾਉਂਦਿਆਂ ਗੁਰਨੇਕ ਨੂੰ ਆਖਿਆ, "ਅੰਕਲ ਜੀ, ਫ਼ੈਸਲਾ ਤਾਂ ਤੁਹਾਨੂੰ ਪਤਾ ਲੱਗ ਹੀ ਗਿਆ ਹੈ ਹੁਣ ਤੁਸੀਂ ਵੇਖ ਲਓ, ਗੱਲ ਅੱਗੇ ਵਧਾਉਣੀ ਹੈ ਜਾਂ ਕਿਸੇ ਸਿਰੇ ਲਾਉਣੀ ਐ। ਬਿਨਾਂ ਵਜ੍ਹਾ ਖ਼ਰਾਬ ਕਰਨ ਅਤੇ ਹੋਈ ਜਾਣ ਦਾ ਕੀ ਫ਼ਾਇਦਾ ਹੈ ?"

"ਮੇਰੀ ਰਾਇ ਹੈ ਕਿ ਤੁਸੀਂ ਚੰਗੇ ਗੁਆਂਢੀਆਂ ਵਾਂਙ ਰਹੋ, ਲੜਾਈ ਝਗੜੇ ਦਾ ਕੀ ਲਾਭ।" ਰਮਿੰਦਰ ਨੇ ਮੇਰੀ ਗੱਲ ਦੀ ਲੜੀ ਨਾਲ ਲੜੀ ਜੋੜਦਿਆਂ ਕਿਹਾ।

"ਕੋਈ ਨ੍ਹੀਂ, ਵੇਖਦੇ ਆਂ।" ਆਖ ਕੇ ਗੁਰਨੇਕ ਨੇ ਜਪਨਾਮ ਨੂੰ ਵੀ ਉੱਠਣ ਦਾ ਇਸ਼ਾਰਾ ਕਰ ਦਿਤਾ।

ਵਕੀਲ ਦੇ ਚੈਂਬਰ ਵਿੱਚ ਪੁੱਜਦਿਆਂ ਹੀ ਮੈਂ ਵਕੀਲ ਨੂੰ ਵਧਾਈ ਦਿੱਤੀ ਤੇ ਆਖਿਆ, "ਸਰ, ਤੁਸੀਂ ਮੈਨੂੰ ਚੈਲੰਜ ਦਿੱਤਾ ਸੀ ਕਿ ਤੂੰ ਆਪਣਾ ਕੇਸ ਖ਼ੁਦ ਪੇਸ਼ ਕਰਨਾ ਹੈ। ਵੇਖ ਲਓ, ਮੈਂ ਜਿੱਤ ਕੇ ਆ ਗਿਆ ਹਾਂ।"

ਅਸੀਂ ਦੋਵਾਂ ਨੇ ਸਾਰੀ ਹੋਈ-ਬੀਤੀ ਗੱਲ ਵਕੀਲ ਨੂੰ ਸੁਣਾਅ ਦਿੱਤੀ। ਹੁਣ ਮੇਰਾ ਕੁਝ ਖਾਣ ਨੂੰ ਦਿਲ ਕਰ ਰਿਹਾ ਸੀ ਕਿਉਂਕਿ ਇੱਥੇ ਆਉਣ ਦੇ ਫ਼ਿਕਰ ਕਰਕੇ ਨਾਸ਼ਤਾ ਤਾਂ ਕੀ ਕਰਨਾ ਸੀ, ਮੈਂ ਤਾਂ ਲੰਘੀ ਰਾਤ ਵਾਲੀ ਰੋਟੀ ਵੀ ਚੱਜ ਨਾਲ ਨਹੀਂ ਖਾ ਸਕਿਆ ਸਾਂ।

"ਚਲੋ, ਅਸੀਂ ਕੁਝ ਖਾ ਪੀ ਕੇ ਆਉਂਦੇ ਹਾਂ ਜੀ।" ਆਖਦਿਆਂ ਮੈਂ ਆਪਣੀ ਸੀਟ ਤੋਂ ਇਸ ਤਰ੍ਹਾਂ ਉੱਠ ਖੜ੍ਹਾ ਹੋਇਆ ਕਿ ਜਿਵੇਂ ਮੈਂ ਵਕੀਲ ਨੂੰ ਦੁਬਾਰਾ ਕਦੇ ਮਿਲਣਾ ਹੀ ਨਾ ਹੋਵੇ। ਪਹਿਲੀ ਵਾਰ ਮੈਨੂੰ ਜਿੱਤ ਦਾ ਅਹਿਸਾਸ ਹੋਇਆ ਸੀ।

"ਤੂੰ ਆਪਣੀ ਪਹਿਲੀ ਮੰਜ਼ਿਲ ਤਾਂ ਸਰ ਕਰ ਆਇਆ ਏਂ, ਪਰ ਮੈਂ ਤੈਨੂੰ ਸੱਚੀ ਗੱਲ ਦੱਸਾਂ, ਜਿਹੜਾ ਸਾਡਾ ਵਕੀਲ ਭਾਈਚਾਰਾ ਏ ਨਾ, ਇਹ ਕਦੇ ਵੀ ਸਮਝੌਤਾ ਨਹੀਂ ਹੋਣ ਦਿੰਦਾ ਹੁੰਦਾ।" ਵਕੀਲ ਨੇ ਸਾਨੂੰ ਚੈਂਬਰ ਤੋਂ ਬਾਹਰ

ਨਿਕਲਦਿਆਂ ਨੂੰ ਆਪਣੀ ਯਥਾਰਮਈ ਭਵਿੱਖਬਾਣੀ ਸੁਣਾਅ ਦਿੱਤੀ।

ਅਸੀਂ ਦੋਵੇਂ ਜਣੇ ਇਸ ਗੱਲ ਤੋਂ ਬੇ-ਪ੍ਰਵਾਹ ਹੋ ਕੇ ਬਾਹਰ ਨਿਕਲ ਕੇ ਇੱਕ ਹੋਟਲ 'ਤੇ ਆ ਗਏ।ਖੁਸ਼ੀ ਵਿੱਚ ਅਸੀਂ ਆਪਣੀ ਮਨ ਪਸੰਦ ਦੀਆਂ ਉਹ ਸਾਰੀਆਂ ਚੀਜ਼ਾਂ ਖਾਧੀਆਂ ਜਿੰਨ੍ਹਾਂ ਨੂੰ ਕਿ ਪਹਿਲਾਂ ਅਸੀਂ ਮਹਿੰਗੀਆਂ ਸਮਝ ਕੇ ਛੱਡ ਦਿੰਦੇ ਹੁੰਦੇ ਸਾਂ।

ਉਡੀਕ ਦਾ ਸਮਾਂ ਲੰਘਾਉਣਾ ਬੜਾ ਹੀ ਔਖਾ ਹੁੰਦਾ ਹੈ।ਅਸੀਂ ਆਪਣੀ ਪਸੰਦ ਦਾ ਸਭ ਕੁਝ ਖਾ ਪੀ ਤਾਂ ਰਹੇ ਸਾਂ ਨਾਲ ਦੀ ਨਾਲ ਹੀ ਮੈਂ ਵਾਰ-ਵਾਰ ਮੋਬਾਈਲ ਉੱਤੇ ਸਮਾਂ ਵੇਖ ਰਿਹਾ ਸਾਂ ਤਾਂ ਕਿ ਜਲਦੀ ਹੀ ਮੇਡੀਏਸ਼ਨ ਵਾਲੇ ਕਮਰੇ ਵਿੱਚ ਪੁੱਜ ਸਕਾਂ।ਸਮੇਂ ਨੇ ਤਾਂ ਆਪਣੀ ਤੋਰ ਹੀ ਤੁਰਨਾ ਸੀ ਉਹ ਆਪਣੀ ਚਾਲੇ ਤੁਰਦਾ ਰਿਹਾ ਪਰ ਮੇਰੇ ਦਿਲ ਦੀ ਧੜਕਣ ਕਦੇ ਤੇਜ਼ ਅਤੇ ਕਦੇ ਬਿਲਕੁਲ ਹੌਲ਼ੀ ਹੁੰਦੀ ਰਹੀ।ਉਂਝ ਸੱਚਮੁੱਚ ਹੀ ਉਸ ਦਿਨ ਮੈਂ ਲੋੜੋਂ ਵੱਧ ਹੀ ਖਾ ਗਿਆ ਸਾਂ।

ਤੁਰਦਾ ਤੁਰਦਾ ਚੰਗੇ ਵਕਤ ਦੀ ਉਡੀਕ ਦਾ ਉਹ ਸਮਾਂ ਵੀ ਲੰਘ ਗਿਆ।ਅਸੀਂ ਉਸ ਕਮਰੇ ਵਿੱਚ ਜਾ ਕੇ ਬੈਠ ਗਏ।ਗੁਰਨੇਕ ਵੀ ਸਾਡੇ ਸਾਹਮਣੇ ਵਾਲੀ ਕੁਰਸੀ ਉੱਤੇ ਆ ਕੇ ਬੈਠ ਗਿਆ।ਜਪਨਾਮ ਸ਼ਾਇਦ ਆਪਣੇ ਦਫ਼ਤਰ ਦੀ ਡਿਊਟੀ ਕਾਰਨ ਨਹੀਂ ਆਇਆ ਸੀ।ਅਸੀਂ ਤਿੰਨਾਂ ਨੇ ਆਪੋ ਵਿੱਚ ਕੋਈ ਵੀ ਗੱਲਬਾਤ ਨਹੀਂ ਕੀਤੀ ਅਤੇ ਚੁੱਪਚਾਪ ਉਹਨਾਂ ਅਧਿਕਾਰੀਆਂ ਦੀ ਉਡੀਕ ਕਰਨ ਲੱਗ ਪਏ।

ਅੱਧੇ ਕੁ ਘੰਟੇ ਬਾਅਦ ਉਹ ਵਿਅਕਤੀ ਹੀ ਆਇਆ ਜਿਹੜਾ ਤਿੰਨਾਂ ਸੀਟਾਂ ਦੇ ਵਿਚਕਾਰ ਬੈਠਾ ਸੀ।ਉਸ ਨੇ ਆ ਕੇ ਬਹਿੰਦਿਆਂ ਸਾਰ ਹੀ ਮੈਨੂੰ ਪੁੱਛਿਆ, "ਤੁਹਾਨੂੰ ਮੇਰਾ ਫ਼ੈਸਲਾ ਮਨਜ਼ੂਰ ਹੈ ਕਿ ਅਦਾਲਤ ਤੋਂ ਕਰਵਾਉਣਾ ਚਾਹੁੰਦੇ ਹੋ ?"

ਮੈਂ ਹਾਂ ਵਿੱਚ ਸਿਰ ਮਾਰਿਆ ਤੇ ਆਖਿਆ, "ਮੈਨੂੰ ਤੁਹਾਡਾ ਫ਼ੈਸਲਾ ਮਨਜ਼ੂਰ ਹੈ ਜੀ।"

ਫਿਰ ਉਸ ਨੇ ਇਹ ਸਵਾਲ ਹੀ ਗੁਰਨੇਕ ਵੱਲ ਮੂੰਹ ਕਰਦੇ ਹੋਏ ਉਸਨੂੰ ਪੁੱਛਿਆ।ਉਸ ਦੇ ਜਵਾਬ ਦੀ ਮੈਨੂੰ ਬੜੀ ਹੀ ਬੇਸਬਰੀ ਨਾਲ ਉਡੀਕ ਸੀ।ਮੈਨੂੰ ਕਾਫ਼ੀ ਉਤੇਜਨਾ ਵੀ ਹੋਈ ਪਈ ਸੀ ਕਿ ਇਹ ਆਖ ਹੀ ਦੇਵੇਗਾ, 'ਹਾਂ ਜੀ, ਮੈਨੂੰ ਵੀ ਮਨਜ਼ੂਰ ਹੈ।'

ਜਦ ਗੁਰਨੇਕ ਨੇ ਨਾਂਹ ਵਿੱਚ ਜਵਾਬ ਦੇ ਦਿੱਤਾ ਤਾਂ ਇਕਦਮ ਮੇਰੇ ਪੈਰਾਂ ਹੇਠਲੀ ਜ਼ਮੀਨ ਖਿਸਕ ਗਈ।ਉਸ ਦਾ ਜਵਾਬ ਸੀ, "ਇਹ ਕੇਸ ਮੈਂ ਇਕੱਲਾ ਨਹੀਂ ਲੜ ਰਿਹਾ ਹਾਂ।ਸਾਡੇ ਪੂਰੇ ਗੁੱਟ ਦਾ ਫ਼ੈਸਲਾ ਹੈ ਕਿ ਅਸੀਂ ਇਸ ਕੇਸ ਨੂੰ ਲੜਾਂਗੇ ਅਤੇ ਅਦਾਲਤ ਜੋ ਕਰੇਗੀ, ਉਹ ਫ਼ੈਸਲਾ ਹੀ ਸਾਨੂੰ

ਮਨਜ਼ੂਰ ਹੋਵੇਗਾ।" ਉਹ ਹੋਰ ਵੀ ਬੜਾ ਕੁਝ ਆਖ ਗਿਆ ਸੀ ਪਰ ਮੇਰੀਆਂ ਅੱਖਾਂ ਅੱਗੇ ਹਨੇਰਾ ਆ ਚੁੱਕਾ ਸੀ।ਉਸ ਦੁਆਰਾ ਬੋਲੇ ਜਾ ਰਹੇ ਸ਼ਬਦ ਤਾਂ ਮੈਨੂੰ ਸੁਣਨੋਂ ਹੀ ਹਟ ਗਏ ਸਨ।

ਇੱਕ ਪਲ ਵਿੱਚ ਹੀ ਸੁੰਨ ਹੋਏ ਅੰਦਰਲੇ ਮਨ ਨੂੰ ਸਭ ਕੁਝ ਪਤਾ ਲੱਗ ਗਿਆ ਸੀ ਕਿ ਸਾਡਾ ਸਮਝੌਤਾ ਨਹੀਂ ਹੋ ਸਕਿਆ।ਦਿਮਾਗ਼ ਕੁਝ ਕੁ ਸਕਿੰਟਾਂ ਲਈ ਤਾਂ ਜਾਮ ਹੋ ਗਿਆ ਸੀ।ਕੁਝ ਪਲਾਂ ਵਿੱਚ ਹੀ ਮੈਂ ਆਪਣੇ ਆਪ ਨੂੰ ਸੰਭਾਲ ਲਿਆ ਤੇ ਮੇਰੇ ਮੂੰਹੋਂ ਆਪਣੇ ਆਪ ਹੀ ਬੋਲ ਨਿਕਲ ਗਏ, "ਅੰਕਲ ਫੇਰ ਨਾ ਆਖਿਓ, ਮੇਰਾ ਘਰ ਢੁਆਉਣ ਲੱਗ ਪਿਐ।ਮੈਂ ਆਵਦੀ ਕਾਗਜ਼ੀ ਕਾਰਵਾਈ ਤੇਜ਼ ਕਰ ਦੇਣੀ ਆ।ਜੇ ਤੁਸੀਂ ਬਿਨਾਂ ਵਜ੍ਹਾ ਮੈਨੂੰ ਉਲਝਾਈ ਫਿਰਦੇ ਹੋ ਤਾਂ ਮੈਂ ਤੁਹਾਡੇ ਵਿਰੁੱਧ ਸਹੀ ਕਦਮ ਤਾਂ ਉਠਾਅ ਹੀ ਸਕਦਾ ਹਾਂ।"

ਇਸ ਤੋਂ ਪਹਿਲਾਂ ਕਿ ਗੁਰਨੇਕ ਕੁਝ ਬੋਲਦਾ, ਫ਼ੈਸਲਾ ਕਰਨ ਵਾਲਾ ਉਹ ਅਧਿਕਾਰੀ ਮੈਨੂੰ ਚੁੱਪ ਕਰਵਾਉਂਦੇ ਹੋਏ ਬੋਲ ਪਿਆ, "ਵੇਖੋ ਜੀ, ਤੁਸੀਂ ਜਿਹੜੀ ਵੀ ਕਾਰਵਾਈ ਕਰਨੀ ਹੈ ਕਰ ਸਕਦੇ ਹੋ ਪਰ ਏਥੇ ਕੁਝ ਵੀ ਨਹੀਂ ਬੋਲਣਾ।ਮੇਰੇ ਵੱਲੋਂ ਇਹ ਮਸਲਾ, ਅਣ-ਸੁਲਝਿਆ ਮਸਲਾ ਹੈ।ਮੈਂ ਅਦਾਲਤ ਨੂੰ ਇਹ ਰਿਪੋਰਟ ਕਰ ਦੇਣੀ ਹੈ।ਹੁਣ ਤੁਸੀਂ ਆਪਣੀ ਕੋਈ ਵੀ ਲੜਾਈ ਲੜ ਸਕਣ ਲਈ ਆਜ਼ਾਦ ਹੋ, ਪਰ ਇਸ ਥਾਂ ਤੋਂ ਬਾਹਰ ਜਾ ਕੇ।"

ਗੁਰਨੇਕ ਬੜੀ ਹੀ ਆਕੜ ਨਾਲ ਅਤੇ ਅਸੀਂ ਬੜੇ ਹੀ ਢਿਲਕੇ ਜਿਹੇ ਚਿਹਰੇ ਲੈ ਕੇ ਉਸ ਕਮਰੇ ਵਿੱਚੋਂ ਬਾਹਰ ਨਿਕਲ ਆਏ।

ਮੇਰਾ ਉਦਾਸਿਆ ਹੋਇਆ ਚਿਹਰਾ ਵੇਖਦੇ ਸਾਰ ਹੀ ਵਕੀਲ ਬੋਲ ਪਿਆ, "ਕਿਉਂ ? ਤੈਨੂੰ ਆਖਿਆ ਸੀ ਨਾ, ਸਾਡਾ ਭਾਈਚਾਰਾ ਸਮਝੌਤਾ ਨ੍ਹੀਂ ਹੋਣ ਦਿੰਦਾ ਹੁੰਦਾ।" ਉਹ 'ਕਿਉਂ' ਸ਼ਬਦ ਨੂੰ ਬਹੁਤ ਬਲ ਦੇ ਕੇ ਅਤੇ ਲਮਕਾਅ ਕੇ ਬੋਲਿਆ ਸੀ।

ਮੈਂ ਕੁਝ ਵੀ ਬੋਲ ਨਹੀਂ ਸਾਂ ਸਕਿਆ ਤੇ ਚੁੱਪ-ਚਾਪ ਕੁਰਸੀ ਉੱਤੇ ਬੈਠ ਗਿਆ।ਹੁਣ ਮੇਰੇ ਅੰਦਰੋਂ ਬੋਲਣ ਦੀ ਹਿੰਮਤ ਵੀ ਮਰ ਮੁੱਕ ਚੁੱਕੀ ਸੀ ਕਿਉਂਕਿ ਮੈਨੂੰ ਕੇਸ ਦੇ ਚਾਰ-ਪੰਜ ਸਾਲ ਤੱਕ ਲਮਕ ਜਾਣ ਜਾਂ ਫਿਰ ਇਸ ਤੋਂ ਵੀ ਵੱਧ ਚੱਲਣ ਦੇ ਆਸਾਰ ਦਿਸਣ ਲੱਗ ਪਏ ਸਨ।

"ਕੋਈ ਨ੍ਹੀਂ, ਅਜੇ ਕਿਹੜਾ ਅਦਾਲਤ ਨੇ ਸਟੇਅ ਦੇ ਦਿੱਤੈ।ਅਦਾਲਤ ਨੇ ਵੀ ਉਹੀ ਫ਼ੈਸਲਾ ਕਰਨਾ ਜਿਹੜਾ ਮੇਡੀਏਸ਼ਨ ਵਾਲਿਆਂ ਨੂੰ ਸਹੀ ਲੱਗਾ ਸੀ।" ਰਮਿੰਦਰ ਨੇ ਮੈਨੂੰ ਉਦਾਸ ਚਿੱਤ ਬੈਠੇ ਨੂੰ ਵੇਖ ਕੇ ਇਹ ਕਹਿੰਦਿਆਂ ਹੌਸਲਾ ਦੇਣ ਦਾ ਯਤਨ ਕੀਤਾ।

ਉਸ ਦੀ ਇਸ ਗੱਲ ਨਾਲ ਮੇਰੇ ਮਨ ਵਿੱਚ ਵੀ ਇੱਕ ਆਸ ਦੀ ਕਿਰਨ ਜਾਗ ਪਈ ਸੀ ਤੇ ਮੈਂ ਫਿਰ ਥੋੜ੍ਹਾ ਜਿਹਾ ਟਹਿਕਰੇ ਵਿੱਚ ਆ ਗਿਆ ਸਾਂ ਪਰ

ਮੇਰਾ ਅੰਦਰਲਾ ਮਨ ਅਜੇ ਵੀ ਆਖ ਰਿਹਾ ਸੀ ਕਿ ਜੇ ਇਹ ਮਸਲਾ ਉੱਥੇ ਹੀ ਨਿੱਬੜ ਜਾਂਦਾ ਤਾਂ ਬੜਾ ਵਧੀਆ ਹੋਣਾ ਸੀ। ਬੇਲੋੜਾ ਤਨਾਅ ਅਤੇ ਵਕਤ ਦੀ ਬਰਬਾਦੀ ਵੀ ਨਹੀਂ ਸੀ ਹੋਣੀ।

ਅਸੀਂ ਘਰ ਮੁੜਣ ਦੀ ਬਜਾਇ ਉੱਥੇ ਹੀ ਬੈਠੇ ਰਹੇ। ਮੈਨੂੰ ਆਪਾ ਆਪ ਸੰਭਾਲਣ ਵਿੱਚ ਕਾਫ਼ੀ ਦੇਰ ਲੱਗ ਗਈ ਸੀ। ਯਾਦਵਿੰਦਰ ਵੀ ਸਕੂਲੋਂ ਸਿੱਧਾ ਸਾਡੇ ਕੋਲ ਹੀ ਪੁੱਜ ਚੁੱਕਾ ਸੀ। ਵਕੀਲ ਇੱਕ ਹੋਰ ਤਾਰੀਕ ਨਿਪਟਾਅ ਕੇ ਵਾਪਸ ਆ ਗਿਆ ਤੇ ਉਸ ਦੇ ਨਾਲ ਇੱਕ ਹੋਰ ਵਕੀਲ ਵੀ ਸੀ। ਮੇਰੇ ਵਕੀਲ ਨੇ ਮੈਨੂੰ ਸਿੱਧਾ ਹੀ ਸਵਾਲ ਕੀਤਾ, "ਮੈਨੂੰ ਦੱਸ, ਉਹ ਝਗੜੇ ਵਾਲੀ ਜਗ੍ਹਾ ਆਪਣੇ ਕਬਜ਼ੇ ਵਿੱਚ ਹੈ ਵੀ ਕਿ ਨਹੀਂ ?"

"ਪਹਿਲਾਂ ਤਾਂ ਉੱਥੇ ਸਾਡੀਆਂ ਡੇਕਾਂ ਲਾਈਆਂ ਹੁੰਦੀਆਂ ਸਨ ਤੇ ਖਾਲੀ ਥਾਂ 'ਚ ਸਬਜ਼ੀ ਬੀਜ ਲੈਂਦੇ ਸੀ, ਪਰ ਜਦ ਅਸੀਂ ਉਸ ਥਾਂ ਨੂੰ ਪੱਕਾ ਕਰਕੇ ਕੰਧ ਕਰਨ ਦੀ ਸੋਚੀ ਤਾਂ ਅਸੀਂ ਸਾਰਾ ਕੁਝ ਹੀ ਪੁੱਟ ਦਿੱਤਾ ਸੀ ਤੇ ਨੀਂਹ ਤਾਂ ਸਾਡੀ ਇਹਨਾਂ ਨੇ ਧੱਕੇ ਨਾਲ ਬੰਦ ਕਰਵਾਅ ਦਿੱਤੀ ਸੀ। ਰੈਂਪ ਸਾਨੂੰ ਪੁਲਿਸ ਵਾਲਿਆਂ ਨੇ ਬਣਾਉਣ ਨਹੀਂ ਦਿੱਤਾ।" ਮੈਂ ਸਾਰੀ ਹੋਈ ਬੀਤੀ ਬੜੇ ਹੀ ਸੰਖੇਪ ਸ਼ਬਦਾਂ 'ਚ ਸੁਣਾਅ ਦਿੱਤੀ।

"ਗੱਲ ਸੁਣ, ਆਪਣੀ ਬਣਦੀ ਜਗ੍ਹਾ ਉੱਤੇ ਭਾਵੇਂ ਬੱਜਰੀ ਪਾ ਦੇ ਜਾਂ ਫਿਰ ਦੋ-ਦੋ ਇੱਟਾਂ ਹੀ ਲਾ ਦੇ। ਇਹ ਬੜਾ ਜ਼ਰੂਰੀ ਆ। ਮੈਨੂੰ ਜੱਜ ਦਾ ਰਵੱਈਆ ਸਹੀ ਨ੍ਹੀਂ ਸੀ ਜਾਪਿਆ। ਫਿਰ ਨਾ ਆਖੀਂ, ਵਕੀਲ ਨੇ ਸਹੀ ਸਲਾਹ ਨ੍ਹੀਂ ਦਿੱਤੀ।" ਵਕੀਲ ਨੇ ਮੈਨੂੰ ਗੰਭੀਰ ਹੁੰਦੇ ਆਖਿਆ।

"ਉਹ ਤਾਂ ਪੁਲਿਸ ਨੇ ਰੋਕਿਆ ਹੋਇਐ ਸਾਡਾ ਕੰਮ। ਜਦ ਅਸੀਂ ਇੱਟ ਵੀ ਧਰੀ ਤਾਂ ਉਹਨਾਂ ਨੇ ਦਾੜ-ਦਾੜ ਕਰਦੇ ਆ ਵੱਜਣਾ ਏ।" ਮੈਂ ਬਚਾਅ ਵਜੋਂ ਆਪਣੀ ਮਜਬੂਰੀ ਦੱਸੀ।

ਯਾਦਵਿੰਦਰ ਹੌਸਲੇ ਵਿੱਚ ਸੀ ਤੇ ਆਖਣ ਲੱਗਾ, "ਸਰ, ਮੈਨੂੰ ਦੱਸੋ ਕੀ ਕਰਨਾ ਏ ? ਮੈਂ ਆਪੇ ਹੈਂਡਲ ਕਰ ਲਵਾਂਗਾ। ਕੋਈ ਨ੍ਹੀਂ, ਆਉਣ ਦਿਓ ਇਹਨਾਂ ਪੁਲਿਸ ਵਾਲਿਆਂ ਨੂੰ, ਮੈਂ ਵੇਖਦਾਂ, ਕਿਵੇਂ ਰੋਕਦੇ ਆ ? ਅਜੇ ਇਹਨਾਂ ਨੇ ਸਾਡੀ ਨਰਮਾਈ ਹੀ ਵੇਖੀ ਏ, ਸਾਡਾ ਤਾਅ ਨ੍ਹੀਂ ਵੇਖਿਆ।"

ਮੈਂ ਮਾਨਸਿਕ ਤੌਰ 'ਤੇ ਕੋਈ ਵੀ ਹੋਰ ਪੰਗਾ ਸਹੇੜਣ ਲਈ ਰਾਜ਼ੀ ਨਹੀਂ ਸਾਂ। ਪਹਿਲਾਂ ਹੋਈਆਂ ਘਟਨਾਵਾਂ ਕਾਰਨ ਮੇਰੇ ਮਨ ਵਿੱਚ ਇੱਕ ਅਜੀਬ ਕਿਸਮ ਦਾ ਡਰ ਬੈਠਾ ਹੋਇਆ ਸੀ।

"ਤੁਹਾਡੀ ਓਸ ਜਗ੍ਹਾ ਨੂੰ ਦਰਸਾਉਂਦੀ ਨਿਸ਼ਾਨਦੇਹੀ ਜ਼ਰੂਰੀ ਹੈ। ਭਾਵੇਂ ਕੁਝ ਵੀ ਹੋ ਜਾਏ। ਇਹ ਅੱਕ ਤਾਂ ਚੱਬਣਾ ਹੀ ਪਵੇਗਾ। ਨਹੀਂ ਤਾਂ ਕੇਸ ਖ਼ਤਰੇ ਵਿੱਚ ਵੀ ਪੈ ਸਕਦੈ।" ਵਕੀਲ ਗੰਭੀਰਤਾ ਨਾਲ ਬੋਲਿਆ।

"ਬੱਸ ਜੀ, ਹੋ ਜਾਵੇਗਾ ਇਹ ਕੰਮ। ਹੁਣ ਇਹ ਮੇਰਾ ਜੁੰਮਾ ਰਿਹਾ।" ਯਾਦਵਿੰਦਰ ਨੇ ਜੋਸ਼ ਵਿੱਚ ਆ ਕੇ ਆਖਿਆ।

ਦੋ ਚਾਰ ਹੋਰ ਗੱਲਾਂ ਕਰ ਕੇ ਅਸੀਂ ਘਰ ਨੂੰ ਤੁਰ ਪਏ। ਰਸਤੇ ਵਿੱਚ ਯਾਦਵਿੰਦਰ ਮੈਨੂੰ ਸਮਝਾਉਣ ਲੱਗ ਪਿਆ, "ਯਾਰ, ਇੱਕ ਅਨਪੜ੍ਹ ਬੰਦਾ ਵੀ ਆਪਾਂ ਨੂੰ ਕੋਈ ਚੰਗੀ ਗੱਲ ਸਮਝਾਅ ਦੇਵੇ ਤਾਂ ਆਪਾਂ ਉਹਦੇ ਤਜ਼ਰਬੇ ਨੂੰ ਮੰਨ ਲੈਂਦੇ ਹਾਂ। ਮੇਡੀਏਸ਼ਨ ਵਾਲਾ ਵਕੀਲ ਗੁਰਨੇਕੇ ਨੂੰ ਓਹੀ ਸਭ ਗੱਲਾਂ ਅੰਗਰੇਜ਼ੀ ਵਿੱਚ ਸਮਝਾਅ ਰਿਹੈ ਜਿਹੜੀਆਂ ਆਪਾਂ ਇਹਨੂੰ ਪੰਜਾਬੀ ਵਿੱਚ ਦੱਸੀ ਜਾਂਦੇ ਆਂ, ਪਰ ਇਹਦੀ ਧੌਣ ਵਿਚਲਾ ਕਿੱਲਾ ਅਜੇ ਵੀ ਨ੍ਹੀਂ ਨਿਕਲ ਰਿਹੈ। ਇਹ ਤਾਂ ਉਸ ਜੁਆਕ ਜਿਹਾ ਵਿਵਹਾਰ ਕਰੀ ਜਾ ਰਿਹੈ ਜਿਹੜਾ ਆਪਣੇ ਘਰਦਿਆਂ ਨਾਲ ਸਿਰਫ਼ ਇਸ ਲਈ ਹੀ ਲੜ ਰਿਹਾ ਸੀ ਕਿ ਤੁਸੀਂ ਤਾਂ ਕਹਿੰਦੇ ਹੋ ਮੈਨੂੰ ਤਾਪ ਚੜ੍ਹਿਆ ਤੇ ਡਾਕਟਰ ਕਹਿੰਦੇ ਨੇ ਬੁਖਾਰ ਹੋਇਆ ਹੋਇਐ। ਹੁਣ ਇਸ ਨੂੰ ਤਾਪ ਤੇ ਬੁਖਾਰ ਦਾ ਮਤਲਬ ਆਪਣੇ ਹਿਸਾਬ ਨਾਲ ਹੀ ਸਮਝਾਉਣਾ ਪੈਣੈ। ਵੈਸੇ ਗੁਰਨੇਕ ਆਪਣੇ ਤੋਂ ਵੱਡੀ ਉਮਰ ਦਾ ਏ ਤੇ ਆਪਾਂ ਇਹਨੂੰ ਇੱਜ਼ਤ ਦੇਈ ਜਾ ਰਹੇਂ ਆਂ ਪਰ ਯਾਦ ਰੱਖੀਂ ਕੁੱਤੇ ਨੂੰ ਖੀਰ ਨੂੰ ਹਜ਼ਮ ਨ੍ਹੀਂ ਹੁੰਦੀ ਹੁੰਦੀ।"

0-0-0

ਅਗਲੇ ਦਿਨ ਯਾਦਵਿੰਦਰ ਨੇ ਆਪ ਹੀ ਮਿਸਤਰੀ ਤੇ ਮਜ਼ਦੂਰਾਂ ਨਾਲ ਗੱਲ ਕਰ ਲਈ। ਉਸ ਨੇ ਹੁਣ ਕਿਸੇ ਗੁੰਡੇ ਜਾਂ ਪੁਲਿਸ ਵਾਲੇ ਦੇ ਆ ਕੇ ਡਰਾਉਣ-ਧਮਕਾਉਣ ਦਾ ਹਰ ਤਰ੍ਹਾਂ ਨਾਲ 'ਟਾਕਰਾ' ਕਰਨ ਦਾ ਬੰਦੋਬਸਤ ਵੀ ਕਰ ਲਿਆ। ਉਸ ਨੇ ਮੇਰੀ ਕੇਵਲ ਏਨੀ ਜ਼ੁੰਮੇਵਾਰੀ ਲਾਈ ਸੀ ਕਿ ਜਿਹੜਾ ਵੀ ਸਮਾਨ ਇੱਥੇ ਚਾਹੀਦਾ ਹੋਵੇ, ਉਹ ਤੂੰ ਲੈ ਕੇ ਆਉਣੈ, ਬਾਕੀ ਦਾ ਕੰਮ ਮੇਰਾ।

ਮੈਨੂੰ ਤਾਂ ਪਤਾ ਹੀ ਓਦੋਂ ਲੱਗਾ ਜਦ ਮੇਰੇ ਚਚੇਰੇ ਭਰਾ ਅਮਰਿੰਦਰ ਤੇ ਰਮਿੰਦਰ ਵੀ ਪੁੱਜ ਗਏ। ਉਹਨਾਂ ਵੱਲੋਂ ਘੜੀ ਗਈ ਨੀਤੀ ਮੁਤਾਬਕ ਅਸੀਂ ਸਾਰੇ ਭਰਾਵਾਂ ਨੇ ਨਵੇਂ ਮਕਾਨ ਵਿੱਚ ਮਿਸਤਰੀਆਂ ਕੋਲ ਮੌਜੂਦ ਰਹਿਣਾ ਸੀ। ਕਿਸੇ ਵੀ ਗੁੰਡਾ-ਗਰਦੀ ਦੀ ਸੂਰਤ ਵਿੱਚ 'ਰਿਜ਼ਰਵ' ਬੈਠੀ ਫ਼ੌਜ ਨੇ ਉਹਨਾਂ ਦਾ ਟਾਕਰਾ ਕਰਨ ਲਈ ਆ ਜਾਣਾ ਸੀ। ਮੈਨੂੰ ਇਹ ਅੱਜ ਤੱਕ ਪਤਾ ਨਹੀਂ ਲੱਗਾ ਕਿ ਇਹ ਰਿਜ਼ਰਵ ਫ਼ੌਜ ਕਿਹੜੀ ਸੀ ਤੇ ਕਿੱਥੇ ਬੈਠੀ ਸੀ। ਸਾਰੇ ਭਰਾ ਮੈਨੂੰ ਹੌਸਲਾ ਦੇਈ ਜਾ ਰਹੇ ਸਨ, "ਕੋਈ ਨ੍ਹੀਂ, ਤੂੰ ਘਬਰਾਅ ਨਾ। ਉਸ ਦਿਨ ਤੂੰ 'ਕੱਲਾ ਸੀ ਤੇ ਆਪਣੀ ਕੋਈ ਤਿਆਰੀ ਵੀ ਨਹੀਂ ਸੀ। ਅੱਜ ਸੁੱਕੇ ਨ੍ਹੀਂ ਜਾਣ ਦਿੰਦੇ। ਆ ਜਾਣ ਦੇ 'ਕੇਰਾਂ।"

ਕਰੀਬ ਸਾਢੇ ਕੁ ਅੱਠ ਵਜੇ ਮਜ਼ਦੂਰਾਂ ਨੇ ਆ ਕੇ ਬਾਹਰ ਸਫ਼ਾਈ ਕਰਨੀ

ਸ਼ੁਰੂ ਕਰ ਦਿੱਤੀ। ਆਂਢ-ਗੁਆਂਢ ਵਿੱਚ ਅਸੀਂ ਥੋੜ੍ਹੀ ਜਿਹੀ ਹਲਚਲ ਮਹਿਸੂਸ ਕੀਤੀ। ਉਹ ਚੋਰੀ-ਚੋਰੀ ਅਤੇ ਖਿੜਕੀਆਂ ਦੀਆਂ ਜਾਲੀਆਂ ਵਿੱਚ ਦੀ ਵੇਖ ਰਹੇ ਸਨ ਕਿ ਇਹ ਕੀ ਕਰਨ ਲੱਗੇ ਹਨ ?

ਮੇਰੇ ਭਰਾਵਾਂ ਦੁਆਰਾ ਇਸ ਕੇਸ ਵਿੱਚ ਮੇਰੀ ਮਦਦ ਕਰਨ ਦਾ ਇਹ ਸਭ ਤੋਂ ਵੱਡਾ ਅਤੇ ਦਲੇਰਾਨਾ ਕਦਮ ਸੀ। ਪਰ ਮੇਰੇ ਮਨ ਵਿੱਚ ਅਜੇ ਵੀ ਡਰ ਬਣਿਆ ਹੋਇਆ ਸੀ ਇਹ ਬਾਜ਼ੀ ਕਿਧਰੇ ਸਾਡੇ 'ਤੇ ਪੁੱਠੀ ਨਾ ਪੈ ਜਾਵੇ।

ਮੈਨੂੰ ਯਕੀਨ ਹੀ ਨਹੀਂ ਸੀ ਆ ਰਿਹਾ ਕਿ ਜਿਹੜੇ ਬੰਦੇ ਇੱਕ ਇੱਟ ਧਰਨ 'ਤੇ ਹੀ ਏਨੀਆਂ ਜ਼ਿਆਦਾ ਧਮਕੀਆਂ ਦੇਣ ਅਤੇ ਅਦਾਲਤ ਵਿੱਚ ਮੁਕੱਦਮਾ ਦਾਇਰ ਕਰਨ ਤੀਕਰ ਅੱਪੜ ਗਏ ਸਨ, ਅੱਜ ਉਹ ਕੁਸਕੇ ਵੀ ਨਹੀਂ ਸਨ। ਪਰ ਮੈਂ ਅਜੇ ਵੀ ਅੰਦਰੋਂ ਡਰਿਆ ਹੋਇਆ ਸਾਂ ਕਿ ਸ਼ਾਇਦ ਇਸ ਵਿੱਚ ਵੀ ਅਗਲਿਆਂ ਦੀ ਕੋਈ ਚਾਲ ਹੋਵੇਗੀ।

ਓਨਾ ਚਿਰ ਤਾਂ ਸਾਡੇ ਸਾਰੇ ਪਰਿਵਾਰ ਨੂੰ ਲੱਗਦਾ ਰਿਹਾ ਸੀ ਕਿ ਰੈਂਪ ਬਣਾਅ ਕੇ ਅਸੀਂ ਬੜੀ ਹੀ ਵੱਡੀ ਪ੍ਰਾਪਤੀ ਕਰ ਲਈ ਹੈ, ਜਿੰਨਾ ਚਿਰ ਸਾਡੇ ਇੱਕ ਸੂਹੀਏ ਨੇ ਸਾਨੂੰ ਇਹ ਖ਼ਬਰ ਨਹੀਂ ਸੁਣਾਈ ਸੀ, ਕਿ ਦੂਜੀ ਧਿਰ ਦੇ ਬੰਦੇ ਤਾਂ ਇਹ ਆਖ ਰਹੇ ਹਨ, "ਇਹੋ-ਜਿਹੇ ਰੈਂਪਾਂ-ਰੂੰਪਾਂ ਦਾ ਕੀ ਐ। ਆਹ, ਮੈਂ ਆਵਦੇ ਘਰ ਤੋਂ ਲੈ ਕੇ ਔਹ ਗਲੀ ਦੇ ਅੱਧ ਤਕ ਬਣਵਾਅ ਦਿੰਦਾ ਆਂ। ਇਸ ਦਾ ਮਤਲਬ ਇਹ ਤਾਂ ਨ੍ਹੀਂ ਕਿ ਰੈਂਪ ਬਣਾਉਣ ਨਾਲ ਸਰਕਾਰੀ ਗਲੀ ਹੀ ਸਾਡੀ ਹੋ ਗਈ।" ਇਸ ਦੇ ਨਾਲ ਹੀ ਆਖ ਰਹੇ ਸਨ, "ਇਹ ਤਾਂ ਹੁਣ ਮਰਦਾ ਕੀ ਨ੍ਹੀਂ ਕਰਦਾ ਵਾਲੀ ਗੱਲ 'ਤੇ ਉੱਤਰ ਆਏ ਨੇ। ਇਹਨਾਂ ਕਰਕੇ ਅਸੀਂ ਕਾਨੂੰਨ ਥੋੜਾ ਹੱਥ ਵਿੱਚ ਲੈ ਸਕਦੇ ਹਾਂ। ਇਹ ਤਾਂ ਫਸੇ ਹੀ ਹੋਏ ਨੇ। ਆਪਾਂ ਕਾਹਲ਼ੀ ਕਰਕੇ ਕਾਹਤੋਂ ਆਪਣੇ-ਆਪ ਨੂੰ ਇਸ ਉਲਝਣ ਵਿੱਚ ਫਸਾਉਣੈ। ਤੁਸੀਂ ਤੇਲ ਨੂੰ ਵੇਖੀ ਜਾਓ ਤੇ ਫਿਰ ਉਸ ਦੀ ਧਾਰ ਵੇਖਿਓ।" ਇਹ ਸਭ ਕੁਝ ਤਿੰਨ ਚਾਰ ਪਰਿਵਾਰਾਂ ਦੇ ਜੀਅ ਹੀ ਆਂਢ-ਗੁਆਂਢ ਵਿੱਚ ਆਖ ਰਹੇ ਸਨ।

ਇਹਨਾਂ ਸੂਹੀਆ ਰਿਪੋਰਟਾਂ ਦੇ ਆਉਣ ਕਾਰਨ ਸਾਡੀ ਥੜ੍ਹਾ ਉਸਾਰਨ ਦੀ ਸਾਰੀ ਖ਼ੁਸ਼ੀ ਕਾਫ਼ੂਰ ਹੋ ਚੁੱਕੀ ਸੀ। ਸਾਡੇ ਲਈ ਸਭ ਤੋਂ ਵੱਧ ਤਸੱਲੀ ਦੀ ਗੱਲ ਇਹ ਹੀ ਸੀ ਕਿ ਅਸੀਂ ਵਕੀਲ ਦੇ ਆਖੇ ਅਨੁਸਾਰ ਆਪਣੀ ਜਗ੍ਹਾ ਦੀ ਨਿਸ਼ਾਨਦੇਹੀ ਕਰ ਦਿੱਤੀ ਸੀ। ਹੁਣ ਕੇਸ ਦੇ ਹਾਰਨ ਦੀ ਸੂਰਤ ਵਿੱਚ ਉਹ ਸਾਨੂੰ ਦੋਸ਼ੀ ਨਹੀਂ ਸੀ ਠਹਿਰਾਅ ਸਕਦਾ। ਯਾਦਵਿੰਦਰ ਮੈਨੂੰ ਪੂਰਾ ਹੌਸਲਾ ਦਿੰਦਾ ਹੋਇਆ ਆਖਣ ਲੱਗਾ, "ਤੂੰ ਇਸ ਥੜੇ ਨੂੰ ਥੜਾ ਨਾ ਸਮਝ, ਇਹ ਤੇਰੀ ਮੁਢਲੀ ਜਿੱਤ ਦਾ ਇੱਕ ਛੋਟਾ ਜਿਹਾ ਸਮਾਰਕ ਹੈ। ਜਿਹੜਾ ਹਰ ਵਕਤ ਉਹਨਾਂ ਦੇ ਮੂੰਹ ਉੱਤੇ ਇੱਕ ਚਪੇੜ ਵਾਂਙ ਵੱਜਦਾ ਰਹੇਗਾ।"

ਵੱਡਾ ਸਾਰਾ ਥੜ੍ਹਾ ਬਣਨ ਤੋਂ ਬਾਦ ਉਹ ਸਾਫ਼ ਹੋਈ ਜਗ੍ਹਾ ਮੈਨੂੰ ਬਹੁਤ ਹੀ ਜ਼ਿਆਦਾ ਅਤੇ ਕੀਮਤੀ ਪ੍ਰਤੀਤ ਹੋਣ ਲੱਗ ਪਈ ਸੀ।

0-0-0

ਮੈਨੂੰ ਇਹ ਵੀ ਮਹਿਸੂਸ ਹੋਣ ਲੱਗ ਪਿਆ ਸੀ ਕਿ ਦੂਜੀ ਧਿਰ ਨਾਲ ਅਸੀਂ ਕਦੇ ਵੀ ਸਿੱਧੀ ਗੱਲਬਾਤ ਨਹੀਂ ਕੀਤੀ ਹੈ।ਸ਼ਾਇਦ ਇਸ ਲਈ ਵੀ ਇਹ ਮਸਲਾ ਉਲਝਦਾ ਜਾ ਰਿਹਾ ਹੈ।ਦਿਲੋਂ ਮੈਂ ਇਸ ਮਸਲੇ ਦੇ ਛੇਤੀ ਤੋਂ ਛੇਤੀ ਨਿਬੇੜ ਲਏ ਜਾਣ ਦੇ ਪੱਖ ਵਿੱਚ ਸਾਂ।ਮੇਰੀਆਂ ਕਿਤਾਬਾਂ ਮੇਰੇ ਤੋਂ ਦੂਰ ਜਾ ਚੁੱਕੀਆਂ ਸਨ।ਕੋਈ ਲੇਖ, ਆਰਟੀਕਲ ਜਾਂ ਕਹਾਣੀ ਲਿਖਣ ਬਾਰੇ ਤਾਂ ਮਨ ਵਿੱਚ ਕਦੇ ਖ਼ਿਆਲ ਵੀ ਨਹੀਂ ਸੀ ਆਇਆ।ਪਹਿਲਾਂ ਤਾਂ ਮੈਂ ਸਫ਼ਰ ਕਰਦਾ ਹੋਇਆ ਵੀ ਕਿਸੇ ਅਣਜਾਣ ਬੰਦੇ ਨਾਲ ਗੱਲੀਂ ਲੱਗ ਕੇ ਜਾਂ ਫਿਰ ਕੋਈ ਘਟਨਾ ਵੇਖ ਕੇ ਝੱਟ ਹੀ ਉਸ ਨੂੰ ਕਾਗਜ਼ ਉੱਤੇ ਝਰੀਟ ਕੇ ਅਖ਼ਬਾਰਾਂ ਨੂੰ ਭੇਜ ਦਿੰਦਾ ਸਾਂ ਪਰ ਇਸ ਕੇਸ ਦੇ ਸਿਰ ਪੈਣ ਕਾਰਨ ਮੇਰਾ ਦਿਮਾਗ਼ ਜਿਵੇਂ ਬਿਲਕੁਲ ਹੀ ਥੋਥਾ ਬਣ ਚੁੱਕਾ ਸੀ।ਮੈਨੂੰ ਇਸ ਗੱਲ ਦਾ ਬੜਾ ਹੀ ਦੁੱਖ ਸੀ।ਮੈਂ ਇੱਕ ਵੱਖਰੀ ਹੀ ਕਿਸਮ ਦਾ ਮਾਨਸਿਕ ਕਲੇਸ਼ ਹੰਢਾਅ ਰਿਹਾ ਸਾਂ।

ਮੈਂ ਦੂਜੀ ਧਿਰ ਨਾਲ ਸਿੱਧੀ ਗੱਲ ਲਈ ਮੌਕਾ ਭਾਲਣ ਲੱਗਾ।ਮੈਨੂੰ ਇਹ ਤਾਂ ਪਤਾ ਲੱਗ ਗਿਆ ਸੀ ਕਿ ਇਹਨਾਂ ਤਿੰਨਾਂ ਚਾਰਾਂ ’ਚੋਂ ਮਲਕੀਤ ਕੁਝ ਕੁ ਚੰਗਾ ਬੰਦਾ ਹੈ ਪਰ ਬਾਕੀ ਤਾਂ ਆਪਣੇ ਹੀ ਹੰਕਾਰ ਦੇ ਮਾਰੇ ਹੋਏ ਹਨ।ਮੈਂ ਮਲਕੀਤ ਨੂੰ ਇਕੱਲਾ ਮਿਲਣ ਦੀਆਂ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ।

ਇੱਕ ਸ਼ਾਮ ਘੁਸ-ਮੁਸੇ ਵੇਲ਼ੇ ਜਦ ਮੈਂ ਉਸ ਘਰ ਗਿਆ ਤਾਂ ਮੈਨੂੰ ਮਲਕੀਤ ਇੱਕ ਨੇੜਲੀ ਦੁਕਾਨ ਮੂਹਰੇ ਖੜ੍ਹਾ ਵਿਖਾਈ ਦਿੱਤਾ।ਮੈਂ ਸਮਝ ਗਿਆ ਕਿ ਇਹ ਇੱਥੋਂ ਕੁਝ ਖਰੀਦ ਕੇ ਵਾਪਸ ਜ਼ਰੂਰ ਇਸੇ ਰਸਤੇ ਹੀ ਮੁੜੇਗਾ।ਮੈਂ ਖਿੜਕੀ ਵਿੱਚ ਦੀ ਨਿਗ੍ਹਾ ਰੱਖੀ।ਛੇਤੀ ਹੀ ਉਹ ਮੈਨੂੰ ਦੁਬਾਰਾ ਦਿਸ ਪਿਆ।ਮੈਂ ਝੱਟ ਦੇਣੇ ਜਾ ਕੇ ਬੂਹਾ ਖੋਲ੍ਹਿਆ ਤੇ ਉਸ ਨੂੰ ਆਵਾਜ਼ ਮਾਰ ਲਈ।

ਮੇਰੀ ਆਵਾਜ਼ ਸੁਣ ਕੇ ਇੱਕ ਵਾਰ ਤਾਂ ਉਹ ਮੁੜ ਪਿਆ ਪਰ ਜਦ ਉਸ ਨੇ ਸਾਹਮਣੇ ਮੈਨੂੰ ਖੜ੍ਹਾ ਵੇਖਿਆ ਤਾਂ ਉਹ ਭੌਂਝੱਕਾ ਜਿਹਾ ਰਹਿ ਗਿਆ।ਫਿਰ ਵੀ ਮੇਰੇ ਕੋਲ ਆ ਕੇ ਖੜ੍ਹ ਗਿਆ।ਮੈਂ ਉਸ ਨੂੰ ਬੜੇ ਹੀ ਪਿਆਰ ਨਾਲ ਮਸਲੇ ਨੂੰ ਨਿਬੇੜਣ ਅਤੇ ਬਿਨਾਂ ਵਜ੍ਹਾ ਕੀਤੀ ਹੋਈ ਜ਼ਿਦ ਛੱਡ ਦੇਣ ਬਾਰੇ ਆਖਿਆ।ਗੱਲ ਬੜੇ ਹੀ ਉਸਾਰੂ ਢੰਗ ਨਾਲ ਅਤੇ ਵਧੀਆ ਮਾਹੌਲ ’ਚ ਹੋ ਰਹੀ ਸੀ ਤੇ ਅਸੀਂ ਦੋਵੇਂ ਹੀ ਇੱਕ ਦੂਜੀ ਧਿਰ ’ਤੇ ਝਗੜੇ ਨੂੰ ਵਧਾਅ ਦੇਣ ਦਾ ਰੋਸ ਜਤਾਅ ਰਹੇ ਸਾਂ।ਦੋਵਾਂ ਨੇ ਹੀ ਮਹਿਸੂਸ ਕੀਤਾ ਸੀ ਕਿ ਆਪਣੇ

ਇਸ ਬੇਵਜ੍ਹਾ ਝਗੜੇ ਵਿੱਚ ਲੋਕ ਤਮਾਸ਼ਾ ਵੇਖ ਰਹੇ ਹਨ ਤੇ ਇਸ ਨੂੰ ਨਿਬੇੜ ਲੈਣਾ ਚਾਹੀਦਾ ਹੈ। ਮੈਂ ਉਸ ਨੂੰ ਬੜੇ ਹੀ ਪਿਆਰ ਨਾਲ ਆਖਿਆ ਕਿ ਮੈਨੂੰ ਵੀ ਪਤਾ ਹੈ ਕਿ ਇਹ ਜਗ੍ਹਾ ਸਦਾ ਹੀ ਮੇਰੇ ਕੋਲ ਨਹੀਂ ਰਹਿਣੀ ਹੈ। ਜ਼ਮੀਨ ਉੱਥੇ ਹੀ ਰਹਿੰਦੀ ਹੈ, ਪਰ ਮਾਲਕ ਬਦਲਦੇ ਰਹਿੰਦੇ ਹਨ। ਇਸ ਲਈ ਆਪੋ ਆਪਣੇ ਮਨ ਦੀ ਸ਼ਾਂਤੀ ਭੰਗ ਕੀਤੇ ਬਿਨਾਂ ਆਪਾਂ ਇਸ ਝਗੜੇ ਨੂੰ ਨਿਬੇੜ ਲਈਏ।

ਮੈਂ ਉਸ ਨੂੰ ਦੱਸ ਵੀ ਦਿੱਤਾ ਕਿ ਮੈਂ ਨਹੀਂ ਚਾਹੁੰਦਾ ਕਿ ਏਨੀ ਕੁ ਜਗ੍ਹਾ ਪਿੱਛੇ ਹੀ ਮੈਂ ਉਹਨਾਂ ਦੋਵਾਂ ਦੀ ਨੌਕਰੀ ਲਈ ਖ਼ਤਰਾ ਬਣ ਜਾਵਾਂ। ਮੈਨੂੰ ਅਜਿਹੀ ਜਗ੍ਹਾ ਕੀ ਤਾਰੇਗੀ, ਜਿਹੜੀ ਮੈਂ ਦੋ ਪਰਿਵਾਰਾਂ ਦੇ ਮੂੰਹ ਵਿੱਚੋਂ ਰੋਟੀ ਖੋਹ ਕੇ ਹਾਸਲ ਕੀਤੀ ਹੋਵੇ। ਉਹ ਮੇਰੇ ਨਾਲ ਸਹਿਮਤ ਸੀ ਕਿ ਜਗ੍ਹਾ ਤਾਂ ਤੁਹਾਡੀ ਹੀ ਹੈ ਪਰ ਆਸਾਨੀ ਨਾਲ ਉਹ ਵੀ ਇਸ ਕੇਸ ਨੂੰ ਨਹੀਂ ਛੱਡ ਸਕਦੇ ਕਿਉਂਕਿ ਉਹਨਾਂ ਨੇ ਹੀ ਇਹ ਚੁੱਕਣ ਚੁੱਕਿਆ ਸੀ। ਇਸ ਲਈ ਉਹ ਇਸ ਨੂੰ ਨੇਪਰੇ ਚੜ੍ਹਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨਗੇ ਹੀ। ਅੰਤ ਆਖਣ ਲੱਗਾ ਕਿ ਮੈਂ ਗੱਲ ਕਰ ਕੇ ਵੇਖਾਂਗਾ, ਜੇ ਕਰ ਨਾਲ ਦੇ ਮੰਨ ਗਏ, ਤਾਂ। ਨਹੀਂ ਤਾਂ ਕੋਈ ਗੱਲ ਨਹੀਂ। ਵੇਖੀ ਜਾਵੇਗੀ, ਜਿਵੇਂ ਹੋਵੇਗੀ।

ਸਾਰੀ ਗੱਲਬਾਤ ਬਹੁਤ ਵਧੀਆ ਤੇ ਸੁਖਾਵੇਂ ਮਾਹੌਲ ’ਚ ਹੋਈ ਪਰ ਉਹ ਜਾਂਦਾ ਹੋਇਆ ਆਖ ਗਿਆ ਸੀ, “ਕੋਈ ਨ੍ਹੀਂ, ਤੁਸੀਂ ਆਪਣਾ ਜ਼ੋਰ ਲਾਈ ਚੱਲੋ, ਅਸੀਂ ਆਪਣਾ ਲਾਈ ਜਾਂਦੇ ਆਂ।”

ਉਸ ਦੇ ਜਾਣ ਤੋਂ ਬਾਅਦ ਮੈਂ ਸਾਰੀ ਹੋਈ ਗੱਲਬਾਤ ਦਾ ਸਿੱਟਾ ਕੱਢਣਾ ਸ਼ੁਰੂ ਕਰ ਦਿੱਤਾ। ਭਾਵੇਂ ਕਿ ਉਹ ਮੇਰੀ ਹਰ ਗੱਲ ਨਾਲ ਦਿਲੋਂ ਸਹਿਮਤ ਸੀ ਪਰ ਉਸ ਦੀ ਅੰਤਲੀ ਗੱਲ ਮੈਨੂੰ ਚੁਭਣ ਲੱਗ ਪਈ ਸੀ ਕਿ ਉਹ ਇਹ ਕਿਉਂ ਆਖ ਕੇ ਗਿਆ ਹੈ, ‘ਕੋਈ ਨ੍ਹੀਂ ਤੁਸੀਂ ਆਪਣਾ ਜ਼ੋਰ ਲਾਈ ਚੱਲੋ, ਅਸੀਂ ਆਪਣਾ ਲਾਈ ਜਾਂਦੇ ਆਂ।’ ਮੈਂ ਸਮਝ ਗਿਆ ਕਿ ਇਹ ਮੇਰਾ ਖਹਿੜਾ ਅਸਾਨੀ ਨਾਲ ਨਹੀਂ ਛੱਡਣਗੇ।

ਅਗਲ਼ੀ ਤਾਰੀਕ ਵਿੱਚ ਕੁਝ ਦਿਨਾਂ ਦਾ ਸਮਾਂ ਰਹਿੰਦਾ ਸੀ। ਸ਼ਾਇਦ ਜੱਜ ਨੇ ਦਸ ਦਿਨ ਦਾ ਸਮਾਂ ਤਾਂ ਹੀ ਦਿੱਤਾ ਸੀ ਕਿ ਜੇਕਰ ਮੇਡੀਏਸ਼ਨ ਵਿੱਚ ਸਮਝੌਤਾ ਹੋਣ ਵਿੱਚ ਦੋ ਚਾਰ ਦਿਨ ਲੱਗ ਵੀ ਜਾਣ ਤਾਂ ਉਹ ਆਪਣੀ ਨਿਸ਼ਚਿਤ ਤਾਰੀਕ ’ਤੇ ਫ਼ੈਸਲਾ ਸੁਣਾਅ ਸਕੇ। ਮੇਡੀਏਸ਼ਨ ਮੁਖੀ ਨੇ ਤਾਂ ਆਪਣੀ ਸਮਝ ਮੁਤਾਬਕ ਆਪਣਾ ਫ਼ੈਸਲਾ ਸੁਣਾਅ ਦਿੱਤਾ ਸੀ ਪਰ ਮੇਰੇ ਲਈ ਇਹਨਾਂ ਦਿਨਾਂ ਨੂੰ ਲੰਘਾਉਣਾ ਅੱਗ ਦਾ ਸਮੁੰਦਰ ਪਾਰ ਕਰਨ ਦੇ ਬਰਾਬਰ ਹੋਇਆ ਪਿਆ ਸੀ।

ਇਹ ਇਹੋ ਜਿਹੀ ਸਥਿਤੀ ਸੀ ਕਿ ਇੱਕ ਹਾਲਤ ਵਿੱਚ ਤਾਂ ਮੈਂ ਘੱਟੋ-

ਘੱਟ ਪੰਜ-ਛੇ ਸਾਲਾਂ ਲਈ ਅਦਾਲਤਾਂ ਦੇ ਧੱਕੇ ਖਾਣੇ ਹੀ ਖਾਣੇ ਸਨ ਤੇ ਦੂਜੀ ਹਾਲਤ ਵਿੱਚ ਮੇਰਾ ਕੇਸ ਉਸੇ ਦਿਨ ਹੀ ਨਿੱਬੜ ਜਾਣਾ ਸੀ। ਮੈਂ ਇਹਨਾਂ ਦੋਵਾਂ ਪ੍ਰਸਥਿੱਤੀਆਂ ਵਿਚਲਾ ਇੰਨੇ ਜ਼ਿਆਦਾ ਫ਼ਰਕ ਨੂੰ ਮਹਿਸੂਸ ਕਰ ਕੇ ਬਹੁਤ ਫ਼ਿਕਰਮੰਦ ਹੋ ਜਾਂਦਾ ਸਾਂ। ਆਪਣੀ ਬਣਦੀ ਜਗ੍ਹਾ ਉੱਤੇ ਬਣਿਆ ਵੱਡਾ ਸਾਰਾ ਰੈਂਪ ਵੀ ਮੇਰੇ ਦਿਲ ਨੂੰ ਡੋਬੂ ਪਾਉਣ ਲੱਗ ਪਿਆ ਸੀ। ਮਨ ਵਿੱਚ ਆਉਣ ਲੱਗਾ ਕਿ ਜੇ ਇਹ ਰੈਂਪ ਨਾ ਬਣਦਾ ਤਾਂ ਮੈਨੂੰ ਆਪਣਾ ਕੇਸ ਹਾਰ ਜਾਣ ਦੀ ਸੂਰਤ ਵਿੱਚ ਪਤਾ ਹੀ ਨਹੀਂ ਸੀ ਲੱਗਣਾ ਕਿ ਕਿੰਨੀ ਜਗ੍ਹਾ ਮੇਰੀ ਹੈ ਅਤੇ ਮੈਂ ਕਿੰਨੀ ਕੁ ਜਗ੍ਹਾ ਦਾ ਕੇਸ ਹਾਰਿਆ ਹਾਂ ? ਇਹ ਰੈਂਪ ਮੈਨੂੰ ਹਰ ਰੋਜ਼ ਯਾਦ ਕਰਵਾਉਣ ਲੱਗ ਪਿਆ ਸੀ ਕਿ ਤੂੰ ਇਸ ਜਗ੍ਹਾ ਲਈ ਲੜਣਾ ਹੈ। ਇਹ ਮੇਰੇ ਜ਼ਖ਼ਮਾਂ ਉੱਤੇ ਲੂਣ ਹੀ ਨਹੀਂ, ਮਿਰਚਾਂ ਭੁੱਕਣ ਵਾਲੀ ਗੱਲ ਵੀ ਹੁੰਦੀ ਸੀ।

ਉਡੀਕਦਿਆਂ ਨੂੰ ਅਦਾਲਤ ਦੁਆਰਾ ਮੁਕੱਦਮੇ ਨੂੰ ਸਟੇਅ ਕਰਨ ਜਾਂ ਨਾ ਕਰਨ ਦਾ ਫ਼ੈਸਲਾ ਸੁਣਾਉਣ ਦਾ ਦਿਨ ਵੀ ਆ ਗਿਆ।

ਸਾਨੂੰ ਆਵਾਜ਼ ਵੱਜਣ ਬਾਅਦ ਵਕੀਲਾਂ ਨਾਲ ਮਾੜੀ ਮੋਟੀ ਗੱਲ ਕਰਨ ਉਪਰੰਤ ਜੱਜ ਬੋਲੀ, "ਇਸ ਕੇਸ ਨੂੰ ਆਪਸੀ ਸਹਿਮਤੀ ਲਈ ਮੇਡੀਏਸ਼ਨ ਸੈੱਲ ਵਿੱਚ ਭੇਜਿਆ ਗਿਆ ਸੀ ਪਰ ਸਮਝੌਤਾ ਨਹੀਂ ਹੋ ਸਕਿਆ। ਅਦਾਲਤ ਪੇਸ਼ ਕੀਤੇ ਗਏ ਸਬੂਤਾਂ ਅਤੇ ਤੱਥਾਂ ਦੇ ਅਧਾਰ 'ਤੇ ਇਸ ਸਿੱਟੇ 'ਤੇ ਪੁੱਜੀ ਹੈ ਕਿ ਗੁਰਨੇਕ ਸਿੰਘ ਦੁਆਰਾ ਪੇਸ਼ ਕੀਤੇ ਗਏ ਤੱਥ ਸਚਾਈ ਦੇ ਜ਼ਿਆਦਾ ਨੇੜੇ ਹਨ ਅਤੇ ਬਚਾਅ ਧਿਰ ਆਪਣੇ ਵੱਲੋਂ ਪੇਸ਼ ਕੀਤੇ ਗਏ ਸਬੂਤਾਂ ਅਤੇ ਦਸਤਾਵੇਜ਼ਾਂ ਵਿੱਚ ਆਪਣੀ ਮਾਲਕੀ ਨੂੰ ਦਰਸਾਉਂਦੇ ਅਸਲ ਤੱਥ ਅਤੇ ਸਬੂਤ ਪੇਸ਼ ਕਰਨ ਵਿੱਚ ਅਸਮਰੱਥ ਰਹੀ ਹੈ। ਬਚਾਅ ਪੱਖ ਵੱਲੋਂ ਆਪਣੀ ਮਾਲਕੀ ਦਰਸਾਉਂਦੇ ਖਸਰਾ ਨੰਬਰ ਅਤੇ ਸਬੰਧਤ ਜਗ੍ਹਾ ਦੇ ਨਕਸ਼ੇ ਨੂੰ ਵੀ ਠੀਕ ਢੰਗ ਨਾਲ ਪੇਸ਼ ਨਹੀਂ ਕੀਤਾ ਜਾ ਸਕਿਆ ਹੈ। ਇਸ ਲਈ ਅਦਾਲਤ ਦੇ ਅਗਲੇ ਹੁਕਮਾਂ ਤੱਕ ਸਬੰਧਤ ਜਗ੍ਹਾ ਉੱਤੇ ਇਤਰਾਜ਼ ਵਾਲੀ ਧਿਰ ਦੇ ਸ਼ੰਕਿਆਂ ਨੂੰ ਸਹੀ ਮੰਨਿਆ ਜਾ ਰਿਹਾ ਹੈ ਅਤੇ ਉਹਨਾਂ ਦੀ ਇਤਰਾਜ਼ ਵਾਲੀ ਅਰਜ਼ੀ ਮਨਜ਼ੂਰ ਕੀਤੀ ਜਾਂਦੀ ਹੈ।"

ਦੋਵੇਂ ਵਕੀਲ ਤਾਂ ਇਸ ਫ਼ੈਸਲੇ ਨੂੰ ਸੁਣ ਕੇ ਕਮਰੇ ਵਿੱਚੋਂ ਬਾਹਰ ਨਿਕਲ ਗਏ ਪਰ ਮੈਨੂੰ ਪਤਾ ਹੀ ਨਹੀਂ ਕੀ ਹੋ ਗਿਆ ਸੀ ਕਿ ਮੈਂ ਉੱਥੇ ਹੀ ਪੱਥਰ ਜਿਹਾ ਬਣ ਕੇ ਖਲੋਅ ਗਿਆ ਸਾਂ। ਮੈਂ ਪੂਰੀ ਤਰ੍ਹਾਂ ਨਿੱਡਰ ਅਤੇ ਬੇਝਿਜਕ ਹੋ ਕੇ ਜੱਜ ਨੂੰ ਪੁੱਛ ਹੀ ਲਿਆ, "ਸਰ, ਸਰ, ਜੇ ਕੋਈ ਗ਼ਲਤ ਨਕਸ਼ਾ ਅਤੇ ਗ਼ਲਤ ਦਸਤਾਵੇਜ਼ ਪੇਸ਼ ਕਰ ਕੇ ਸਟੇਅ ਲੈ ਲਵੇ ਤਾਂ ਕੀ ਉਸ 'ਤੇ ਕੇਸ ਦਰਜ ਹੋ ਸਕਦਾ ਹੈ ?"

ਉਹ ਇੱਕਦਮ ਤਾਂ ਮੇਰੇ ਇਸ ਅਣ-ਕਿਆਸੇ ਸਵਾਲ ਕਾਰਨ ਹੈਰਾਨੀ

ਵਿੱਚ ਖ਼ਾਮੋਸ਼ ਜਿਹੀ ਹੀ ਰਹੀ ਤੇ ਕੁਝ ਸੋਚਣ ਲੱਗ ਪਈ। ਅੱਧੇ ਕੁ ਮਿੰਟ ਬਾਅਦ ਮੇਰੇ ਚਿਹਰੇ ਵੱਲ ਗਹੁ ਨਾਲ ਝਾਕਦੀ ਹੋਈ ਬੋਲੀ, "ਤੁਸੀਂ ਕੀ ਕੰਮ ਕਰਦੇ ਹੋ ?"

"ਮੈਂ ਅਧਿਆਪਕ ਹਾਂ, ਸਰ।" ਮੈਂ ਸੰਖੇਪ ਜਿਹਾ ਉੱਤਰ ਦਿੱਤਾ।

"ਅਜਿਹੀ ਸਲਾਹ ਅਦਾਲਤ ਨਹੀਂ ਦਿੰਦੀ। ਇਹਨਾਂ ਸਲਾਹਾਂ ਲਈ ਵਕੀਲ ਹਨ। ਪਲੀਜ਼, ਤੁਸੀਂ ਆਪਣੇ ਵਕੀਲ ਨਾਲ ਸਲਾਹ ਕਰੋ। ਜੇ ਉਸ ਤੋਂ ਤੁਹਾਡੀ ਸੰਤੁਸ਼ਟੀ ਨਹੀਂ ਹੁੰਦੀ ਤਾਂ ਤੁਸੀਂ ਕਿਸੇ ਹੋਰ ਵਕੀਲ ਦੀ ਸਲਾਹ ਲੈ ਲਵੋ। ਅਦਾਲਤ ਦਾ ਕੰਮ ਫ਼ੈਸਲਾ ਕਰਨਾ ਹੈ, ਸਲਾਹ ਦੇਣਾ ਨਹੀਂ। ਤੁਸੀਂ ਪੜ੍ਹੇ-ਲਿਖੇ ਹੋ, ਸ਼ਾਇਦ ਸਮਝ ਹੀ ਗਏ ਹੋਵੋਗੇ।" ਜੱਜ ਨੇ ਮੈਨੂੰ ਆਖਿਆ ਤੇ ਆਖ਼ਰੀ ਸ਼ਬਦ ਬੋਲਣ ਦੇ ਵੇਲ਼ੇ ਉਸ ਨੇ ਆਪਣੇ ਸਿਰ ਦੇ ਇਸ਼ਾਰੇ ਨਾਲ ਮੈਨੂੰ ਬਾਹਰ ਜਾਣ ਦਾ ਹੁਕਮ ਵੀ ਕਰ ਦਿੱਤਾ ਸੀ।

ਮੈਂ ਚੁੱਪ-ਚਾਪ ਅਦਾਲਤ ਦੇ ਕਮਰੇ ਵਿੱਚੋਂ ਬਾਹਰ ਆ ਗਿਆ ਸਾਂ।

ਅਦਾਲਤ ਦੇ ਕਮਰੇ ਤੋਂ ਲੈ ਕੇ ਵਕੀਲ ਦੇ ਚੈਂਬਰ ਤੱਕ ਜਾਣ ਵੇਲ਼ੇ ਮੇਰੇ ਕਦਮ ਪੂਰੀ ਤਰ੍ਹਾਂ ਡਗਮਗਾਅ ਰਹੇ ਸਨ। ਮੈਂ ਚੈਂਬਰ ਵਿੱਚ ਜਾਂਦੇ ਹੀ ਵਕੀਲ ਨੂੰ ਉਲਾਂਭਾ ਦੇ ਮਾਰਿਆ, "ਆਪਣਾ ਕੇਸ ਤਿਆਰ ਕਰਨ ਵਿੱਚ ਕਈ ਕਮੀਆਂ ਰਹਿ ਗਈਆਂ ਹਨ। ਇਸੇ ਲਈ ਹੀ ਉਹਨਾਂ ਨੂੰ ਸਟੇਅ ਮਿਲ ਗਿਆ ਹੈ।"

ਉੱਥੇ ਦੋ ਵਕੀਲ ਹੋਰ ਵੀ ਆਏ ਬੈਠੇ ਸਨ। ਉਹ ਸਮਝ ਗਏ ਸਨ ਕਿ ਇਹਨਾਂ ਦਾ ਮਸਲਾ ਫਸਿਆ ਹੋਇਆ ਹੈ। ਉਹਨਾਂ ਨੇ ਸਬੰਧਤ ਜੱਜ ਅਤੇ ਦੂਜੀ ਧਿਰ ਦੇ ਵਕੀਲ ਬਾਰੇ ਜਾਣਕਾਰੀ ਲਈ ਤੇ ਇੱਕ ਜਣਾ ਹੱਸ ਕੇ ਬੋਲਿਆ, "ਸਟੇਅ ਤਾਂ ਦੇਣਾ ਹੀ ਸੀ, ਜੱਜ ਤਾਂ ਆਪ ਉਸ ਵਕੀਲ ਤੋਂ ਡਰੀ ਜਾਂਦੀ ਏ।"

"ਵਕੀਲ ਤੋਂ ਕਿਉਂ ਡਰੀ ਜਾਂਦੀ ਐ ?" ਮੈਂ ਹੈਰਾਨ ਹੁੰਦੇ ਹੋਏ ਨੇ ਪੁੱਛਿਆ।

"ਉਹ ਜਿਹੜਾ ਵਕੀਲ ਐ ਨਾ, ਬਾਰ ਐਸੋਸੀਏਸ਼ਨ ਦਾ ਪ੍ਰਮੁੱਖ ਅਹੁਦੇਦਾਰ ਹੈ। ਚੱਲਦਾ ਪੁਰਜੈ। ਜੱਜ ਨੂੰ ਪਤਾ ਹੈ ਕਿ ਉਸ ਵਿਰੁੱਧ ਹੜਤਾਲ ਕਰਵਾਉਣ ਵਿੱਚ ਉਸ ਦਾ ਅਹਿਮ ਯੋਗਦਾਨ ਸੀ। ਇਸ ਲਈ ਉਸ ਵਾਲੇ ਕੇਸਾਂ 'ਤੇ ਸਟੇਅ ਕਰ-ਕਰ ਕੇ ਤਿੰਨੇ ਜੱਜਾਂ ਵੱਲੋਂ ਹੀ ਉਸ ਨੂੰ ਮਿੱਠੀਆਂ ਗੋਲੀਆਂ ਦਿੱਤੀਆਂ ਜਾ ਰਹੀਆਂ ਨੇ ਤਾਂ ਕਿ ਉਹ ਆਪਣੀਆਂ ਕੀਤੀਆਂ ਗ਼ਲਤੀਆਂ ਸੁਧਾਰ ਸਕਣ।" ਉਸ ਵਕੀਲ ਨੇ ਪੂਰੀ ਦ੍ਰਿੜਤਾ ਨਾਲ ਆਖਿਆ। ਮੈਨੂੰ ਲੱਗਾ ਕਿ ਇਹ ਵਕੀਲ ਉਸ ਦਾ ਵਿਰੋਧੀ ਸੀ।

ਏਨੇ ਨੂੰ ਦੂਜਾ ਵਕੀਲ ਵੀ ਬੋਲ ਪਿਆ, "ਹੁਣ ਤਾਂ ਜੱਜ ਇੰਨੇ ਡਰੇ ਹੋਏ

ਨੇ ਕਿ ਉਹ ਹਰ ਕੇਸ ਵਿੱਚ ਹੀ ਸਟੇਅ ਤੇ ਸਟੇਅ ਦੇਈ ਜਾਂਦੇ ਨੇ। ਇਹ ਤਿੰਨੇ ਤਾਂ ਬਾਹਲੀਆਂ ਹੀ ਡਰੀਆਂ ਫਿਰਦੀਆਂ ਨੇ। ਤੇਰੇ ਕੇਸ ਵਾਲੀ ਤਾਂ ਅਜੇ ਵਿਆਹੀ ਵੀ ਨ੍ਹੀਂ। ਉਸ ਨੂੰ ਤਾਂ ਆਪਣੇ ਵਿਆਹ ਦੀ ਵੀ ਚਿੰਤਾ ਹੋਵੇਗੀ ਤੇ ਉੱਪਰੋਂ ਹੜਤਾਲ ਦੀ ਵੀ। ਉੱਧਰੋਂ ਉਹਨੂੰ ਘਰ ਦੇ ਆਖਦੇ ਹੋਣੇ ਆ ਕਿ ਤੂੰ ਇਸ ਝੰਜਟ ਵਿੱਚੋਂ ਕੀ ਲੈਣਾ ਏ, ਠੋਕੀ ਚੱਲ ਸਟੇਅ ਤੇ ਸਟੇਅ। "

ਦੂਜੇ ਵਕੀਲ ਦੀ ਗੱਲ ਸੁਣ ਕੇ, ਉਹ ਸਾਰੇ ਜਣੇ ਖਿੜ-ਖਿੜਾਅ ਕੇ ਹੱਸ ਪਏ ਸਨ। ਉਹਨਾਂ ਦਾ ਇਹ ਹਾਸਾ ਮੇਰੇ ਲਈ ਤਾਂ ਚਿੜੀਆਂ ਦਾ ਮਰਨ ਤੇ ਗੁਆਰਾਂ ਦਾ ਹਾਸਾ ਹੋਇਆ ਪਿਆ ਸੀ। ਉਹਨਾਂ ਸਭ ਲਈ ਇਹ ਅਦਾਲਤਾਂ ਵਿੱਚ ਹੋਣ ਵਾਲਾ ਇੱਕ ਆਮ ਜਿਹਾ ਵਰਤਾਰਾ ਸੀ ਪਰ ਮੈਨੂੰ ਆਪਣਾ-ਆਪ ਅਗਲੇ ਸੱਤ-ਅੱਠ ਸਾਲ ਲਈ ਇਸ ਮੱਕੜਜਾਲ ਵਿੱਚ ਫਸਿਆ ਹੋਇਆ ਨਜ਼ਰੀਂ ਆਉਣ ਲੱਗ ਪਿਆ ਸੀ। ਇਹ ਵੀ ਅਨਿਸ਼ਚਿਤ ਹੀ ਸੀ ਕਿ ਮੈਂ ਇਸ ਵਿੱਚੋਂ ਸਫਲਤਾਪੂਰਵਕ ਨਿਕਲ ਵੀ ਸਕਾਂਗਾ ਕਿ ਨਹੀਂ। ਮੈਂ ਆਪਣਾ ਹੌਸਲਾ ਇਕੱਠਾ ਕਰਕੇ ਪੁੱਛ ਹੀ ਲਿਆ, "ਜੱਜ ਵੀ ਡਰ ਜਾਂਦੇ ਨੇ ?"

"ਕਿਉਂ ? ਉਹ ਬੰਦੇ ਨ੍ਹੀਂ ਕਿ ਉਹ ਰੋਟੀ ਦੀ ਜਗ੍ਹਾ ਕੁਝ ਹੋਰ ਖਾਂਦੇ ਆ, ਹੁਣ ਤਾਂ ਉਹਨਾਂ ਦੀ ਏਨੀ ਟੌਹਰ ਆ, ਚਾਰੇ ਪਾਸਿਓਂ ਸਲਾਮਾਂ ਹੁੰਦੀਐਂ। ਉਹ ਵੀ ਜਾਣਦੇ ਨੇ ਕਿ ਜੇ ਐਵੇਂ ਕਿਸੇ ਲੰਡੂ ਜਿਹੇ ਕੇਸ ਵਿੱਚ ਹਾਈ ਕੋਰਟ ਨੇ ਤਾਕਤਾਂ ਖੋਹ ਲਈਆਂ ਤਾਂ ਉਹਨਾਂ ਨੂੰ ਤਾਂ ਕਿਸੇ ਨੇ ਬੇਰਾਂ ਵੱਟੇ ਨ੍ਹੀਂ ਪੁੱਛਣਾ। ਸ਼ਰਮ ਦੇ ਮਾਰਿਆਂ ਉਹਨਾਂ ਤਾਂ ਵਕਾਲਤ ਕਰਨ ਜੋਗੇ ਵੀ ਨਹੀਂ ਰਹਿਣਾ। ਕੁਰਸੀ ਹੈ ਤਾਂ ਉਹ ਹਨ, ਨਹੀਂ ਤਾਂ ਇੱਥੇ ਸਭ ਆਮ ਜਨਤਾ ਹੀ ਹੈ। ਇਸੇ ਲਈ ਕਿਸੇ ਹੋਰ ਉਲਝਣ ਤੋਂ ਬਚਣ ਲਈ ਇਹ ਤਿੰਨੋਂ ਜਣੀਆਂ ਤਾਂ ਸਟੇਆਂ ਦੇ ਢੇਰ ਲਾਈ ਜਾਂਦੀਆਂ ਨੇ, ਵਕੀਲ ਖੁਸ਼, ਆਪ ਖੁਸ਼, ਨਾਲੇ ਹੀ ਬਾਪ ਖੁਸ਼। "

"ਫਿਰ ਆਮ ਲੋਕ ਤਾਂ ਜਾਣ ਢੱਠੇ ਖੂਹ 'ਚ ?" ਮੈਂ ਨਿਰਾਸ਼ ਜਿਹੀ ਆਵਾਜ਼ ਵਿੱਚ ਉਸ ਵਕੀਲ ਦੀ ਤਗ਼ ਨਾਲ ਤਗ਼ ਜੋੜ ਦਿੱਤੀ।।

"ਆਮ ਲੋਕਾਂ ਨੂੰ ਕੌਣ ਪੁੱਛਦੈ ਏਥੇ। ਸਭ ਆਪਣੀ ਖੱਲ ਬਚਾਉਣ ਵਿੱਚ ਲੱਗੇ ਹੋਏ ਨੇ। " ਮੇਰਾ ਵਕੀਲ ਹਉਕਾ ਜਿਹਾ ਲੈ ਕੇ ਮੇਰੇ ਨਾਲ ਹਮਦਰਦੀ ਜਤਾਉਣ ਦੇ ਅੰਦਾਜ਼ ਵਿੱਚ ਬੋਲਿਆ।

ਇੱਕ ਹੋਰ ਵੱਡੀ ਅਸਫ਼ਲਤਾ ਆਪਣੇ ਘਰਦਿਆਂ ਨੂੰ ਸੁਣਾਉਣ ਲਈ ਮੈਂ ਮਨੋਂ ਤਿਆਰ ਨਹੀਂ ਸਾਂ ਹੋਇਆ। ਮੇਰਾ ਦਿਲ ਘਰ ਜਾਣ ਨੂੰ ਨਹੀਂ ਕਰ ਰਿਹਾ ਸੀ ਪਰ ਜਾਣਾ ਤਾਂ ਪੈਣਾ ਹੀ ਸੀ। ਮੈਂ ਬੜੇ ਹੀ ਬੋਝਲ ਜਿਹੇ ਕਦਮਾਂ ਨਾਲ ਬਾਹਰ ਵੱਲ ਨੂੰ ਤੁਰ ਪਿਆ। ਬਾਹਰ ਖੜ੍ਹਾ ਮੋਟਰ-ਸਾਈਕਲ ਸਟਾਰਟ ਕਰਕੇ ਮੈਂ ਕਚਹਿਰੀ ਦੀ ਇਮਾਰਤ ਅਤੇ ਵੱਡੇ ਸਾਰੇ ਦਰਵਾਜ਼ੇ ਨੂੰ ਚੰਗੀ ਤਰ੍ਹਾਂ ਘੂਰ ਕੇ ਵੇਖਿਆ। ਮੇਰਾ ਮਨ ਇਨਸਾਫ਼ ਦੇ ਇਸ ਮੰਦਿਰ ਪ੍ਰਤੀ ਘ੍ਰਿਣਾ ਨਾਲ

ਭਰ ਗਿਆ। ਮੈਨੂੰ ਪਤਾ ਹੀ ਨਾ ਲੱਗਾ ਕਿ ਮੈਂ ਪੂਰੀ ਨਫ਼ਰਤ ਨਾਲ ਉਸ ਦਰਵਾਜ਼ੇ ਵੱਲ ਕਦੋਂ ਥੁੱਕ ਦਿੱਤਾ ਤੇ ਮਨ ਹੀ ਮਨ ਹਰ ਗੰਦੀ ਗਾਲ੍ਹ ਵੀ ਕੱਢ ਦਿੱਤੀ ਸੀ। ਫਿਰ ਮੈਂ ਮੋਟਰ-ਸਾਈਕਲ ਘਰ ਵੱਲ ਨੂੰ ਸਿੱਧਾ ਕਰ ਲਿਆ।

ਜਰਨੈਲੀ ਸੜਕ ਉੱਤੇ ਮੇਰਾ ਮੋਟਰ-ਸਾਈਕਲ ਜੂੰ ਦੀ ਤੋਰ ਹੀ ਤੁਰ ਰਿਹਾ ਸੀ। ਮੇਰਾ ਮਨ ਏਨਾ ਜ਼ਿਆਦਾ ਉਚਾਟ ਅਤੇ ਉੱਖੜਿਆ ਹੋਇਆ ਸੀ ਕਿ ਮੈਨੂੰ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਮੈਂ ਕਿੱਧਰ ਨੂੰ ਜਾ ਰਿਹਾ ਹਾਂ। ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਕਿ ਮੇਰਾ ਦਿਮਾਗ਼ ਕੰਮ ਕਰਨ ਤੋਂ ਹਟ ਗਿਆ ਹੈ। ਪਿਛਲੇ ਕੁਝ ਦਿਨਾਂ ਵਿੱਚ ਹੀ ਬੀਤੀਆਂ ਇਹਨਾਂ ਘਟਨਾਵਾਂ ਨੇ ਮੈਨੂੰ ਧੁਰ ਅੰਦਰ ਤੱਕ ਹਿਲਾਅ ਕੇ ਰੱਖ ਦਿੱਤਾ ਸੀ। ਜਦ ਅਦਾਲਤਾਂ ਵਿੱਚ ਵੀ ਇਨਸਾਫ਼ ਨਹੀਂ ਮਿਲਣਾ ਅਤੇ ਨਿਆਂ ਵਾਲੀ ਕੁਰਸੀ ’ਤੇ ਬੈਠੇ ਜੱਜਾਂ ਨੂੰ ਵੀ ਆਪਣੀ ਹੀ ਚਿੰਤਾ ਹੈ ਤਾਂ ਫਿਰ ਮੈਂ ਇੱਕ ਸਧਾਰਨ ਜਿਹਾ ਬੰਦਾ ਕੀ ਕਰ ਸਕਦਾ ਸਾਂ ? ਪੁਲਿਸ ਵਿਭਾਗ ਬਾਰੇ ਤਾਂ ਮੈਨੂੰ ਪਹਿਲਾਂ ਹੀ ਪੂਰਾ ਗਿਆਨ ਹੋ ਚੁੱਕਾ ਸੀ ਪਰ ਅਦਾਲਤਾਂ ਵਿੱਚ ਵੀ ਅਜਿਹਾ ਕੁਝ ਚੱਲ ਰਿਹਾ ਹੈ, ਇਸ ਬਾਰੇ ਸੋਚ ਕੇ ਮੈਂ ਇਨਸਾਫ਼ ਮਿਲਣ ਦੀ ਉਮੀਦ ਹੀ ਤਿਆਗ ਦਿੱਤੀ ਸੀ। ਸੋਚ ਰਿਹਾ ਸਾਂ ਕਿ ਜੱਜਾਂ ਨੂੰ ਕੀ ਪ੍ਰਵਾਹ ਹੈ ਕਿ ਉਹਨਾਂ ਦੀ ਕਲਮ ਦੀ ਨੋਕ ਨਾਲ ਕਿਸੇ ਦੇ ਦਿਲ ਅਤੇ ਦਿਮਾਗ਼ ’ਤੇ ਕੀ-ਕੀ ਹੋਣੀ ਬੀਤਣੀ ਹੈ ? ਕਿਸ ਤਰ੍ਹਾਂ ਦੀਆਂ ਝਰੀਟਾਂ ਉਸ ਦੇ ਮਨ ਮਸਤਕ ਉੱਤੇ ਪੈਣੀਆਂ ਹਨ ? ਉਹਨਾਂ ਨੇ ਤਾਂ ਕੇਵਲ ਬਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਤੋਂ ਡਰਦਿਆਂ ਨੇ ਸਟੇਅ ਦੇਣ ਦਾ ਕੋਟਾ ਪੂਰਾ ਕਰ ਦੇਣਾ ਹੈ। ਇੱਕ ਕਿਤਾਬ ਵਿੱਚ ਪੜ੍ਹੀਆਂ ਸਤਰਾਂ ਮੈਨੂੰ ਆਪਣੇ ਆਪ ’ਤੇ ਪੂਰੀ ਤਰ੍ਹਾਂ ਢੁਕਦੀਆਂ ਨਜ਼ਰ ਆਈਆਂ, ‘ਸਾਡੇ ਦੇਸ਼ ਦੀਆਂ ਅਦਾਲਤਾਂ ਫ਼ੈਸਲੇ ਕਰਦੀਆਂ ਹਨ, ਇਨਸਾਫ਼ ਨਹੀਂ।’ ਤੇ ਇਹ ਵਾਕ ਮੈਂ ਕਈ ਵਾਰ ਆਪ ਮੁਹਾਰੇ ਹੀ ਬੋਲ ਗਿਆ ਸਾਂ।

ਆਖ਼ਰ ਘਰ ਤਾਂ ਜਾਣਾ ਹੀ ਸੀ। ਮੈਂ ਬੁਝੇ ਹੋਏ ਮਨ ਨਾਲ ਘਰ ਦੇ ਬਰੂਹੀਂ ਜਾ ਪੈਰ ਪਾਇਆ। ਜਿਵੇਂ ਕਿ ਆਮ ਹੀ ਹੁੰਦਾ ਸੀ ਮੇਰੇ ਮੋਟਰ-ਸਾਈਕਲ ਦੀ ਆਵਾਜ਼ ਸੁਣਦੇ ਸਾਰ ਹੀ ਸਾਰੇ ਘਰ ਦੇ ਮੇਰੇ ਦੁਆਲੇ ਇਕੱਠੇ ਹੋ ਜਾਂਦੇ ਸਨ ਤੇ ਪੁੱਛਦੇ ਸਨ, “ਕੀ ਬਣਿਆ ?” ਉਸ ਦਿਨ ਵੀ ਇਹ ਸਭ ਕੁਝ ਪਹਿਲਾਂ ਵਾਂਙ ਹੀ ਵਾਪਰਿਆ ਸੀ।

ਮੇਰਾ ਉੱਤਰਿਆ ਹੋਇਆ ਚਿਹਰਾ ਉਹਨਾਂ ਨੂੰ ਸੰਕੇਤ ਦੇਣ ਲੱਗ ਪਿਆ ਸੀ ਕਿ ਅੱਜ ਫਿਰ ਕੁਝ ਨਾ ਕੁਝ ਮਾੜਾ ਹੀ ਵਾਪਰਿਆ ਹੈ।

ਸਟੇਅ ਹੋਣ ਦੀ ਗੱਲ ਸਭ ਨੂੰ ਹਜ਼ਮ ਕਰਨੀ ਔਖੀ ਹੋ ਰਹੀ ਸੀ। ਘਰ ਦਾ ਕੋਈ ਨਾ ਕੋਈ ਜੀਅ ਸਿਆਣਾ ਜਿਹਾ ਬਣਦਾ ਆਖ ਦਿੰਦਾ, “ਤੂੰ ਆਖ ਦੇਣਾ ਸੀ ਕਿ ਗੁਰਨੇਕ ਦਾ ਤਾਂ ਆਪ ਥਾਂ ਨੱਪਿਆ ਹੋਇਐ।” ਤਾਂ ਮੈਨੂੰ ਉਸ

’ਤੇ ਖਿਝ ਚੜ੍ਹਦੀ ਕਿ ਮੈਂ ਕਿੰਝ ਸਮਝਾਵਾਂ ਕਿ ਉਹ ਅਦਾਲਤ ਹੈ, ਘਰ ਨਹੀਂ। ਉੱਥੇ ਅਸੀਂ ਇਸ ਤਰ੍ਹਾਂ ਦੀ ‘ਕੇਸ ਤੋਂ ਬਾਹਰਲੀ ਗੱਲ’ ਨਹੀਂ ਕਰ ਸਕਦੇ। ਸਾਰੀ ਗੱਲ ਕਾਨੂੰਨ ਅਨੁਸਾਰ ਹੀ ਕਰਨੀ ਪੈਂਦੀ ਹੈ।

0-0-0

ਚੜ੍ਹਦੇ ਲਹਿੰਦੇ ਹੋਏ ਦਿਨ ਕੁਦਰਤੀ ਸਿਧਾਂਤ ਮੁਤਾਬਕ ਲੰਘੀ ਜਾ ਰਹੇ ਸਨ। ਦਿਨੋ ਦਿਨ ਮੇਰੇ ਸੁਭਾਅ ਵਿੱਚ ਹੋਰ ਵਧੇਰੇ ਅੱਖੜਤਾ ਅਤੇ ਚਿੜਚਿੜਾਪਣ ਆਉਂਦਾ ਜਾ ਰਿਹਾ ਸੀ। ਹੁਣ ਘਰ ਵਿੱਚ ਖੇਡਦੇ ਬੱਚੇ ਵੀ ਮੈਨੂੰ ਭੈੜੇ-ਭੈੜੇ ਲੱਗਣ ਲੱਗ ਪੈਂਦੇ ਸਨ। ਮੈਂ ਚੁੱਪ ਤੇ ਸਿਰਫ਼ ਚੁੱਪ ਹੀ ਭਾਲਦਾ ਸਾਂ, ਪੂਰੀ ਤਰ੍ਹਾਂ ਸ਼ਾਂਤੀ। ਮੈਂ ਇਸ ਦੁਨੀਆ ਤੋਂ ਕਿਤੇ ਦੂਰ ਚਲਾ ਜਾਣਾ ਚਾਹੁੰਦਾ ਸਾਂ। ਏਨੀ ਦੂਰ ਕਿ ਉੱਥੇ ਕੋਈ ਵੀ ਮੈਨੂੰ ਇਸ ਮਾਮਲੇ ਬਾਰੇ ਪੁੱਛ-ਦੱਸ ਹੀ ਨਾ ਸਕੇ।

ਇਹ ਮਸਲਾ ਅਦਾਲਤ ਵਿੱਚ ਚਲੇ ਜਾਣ ਤੋਂ ਬਾਅਦ ਮੈਨੂੰ ਇਨਸਾਫ਼ ਮਿਲਣ ਦੀ ਪੂਰੀ ਉਮੀਦ ਬੱਝ ਚੁੱਕੀ ਸੀ। ਜਿਸ ਕਾਰਨ ਮੈਨੂੰ ਆਪਣੇ ਆਪ ਨੂੰ ਖ਼ਤਮ ਕਰ ਲੈਣ ਦੇ ਖਿਆਲ਼ ਆਉਣੇ ਘਟ ਗਏ ਸਨ। ਜਦ ਅਦਾਲਤ ਵੀ ਇਸ ਮਸਲੇ ਨੂੰ ਲਮਕਾਉਣ ਲੱਗ ਪਈ ਤਾਂ ਆਤਮ ਹੱਤਿਆ ਕਰਨ ਵਾਲੇ ਵਿਚਾਰ ਮੇਰੇ ਦਿਲ ਤੇ ਦਿਮਾਗ਼ ’ਤੇ ਭਾਰੂ ਹੋਣੇ ਸ਼ੁਰੂ ਹੋ ਗਏ। ਮਨ ਵਿੱਚ ਆਉਂਦਾ ਕਿ ਇੱਥੇ ਨਿਆਂ ਕਰਨ ਵਾਲੇ ਵੀ ਵਕੀਲਾਂ ਤੋਂ ਡਰੀ ਜਾਂਦੇ ਹਨ ਅਤੇ ਲੋਕਤੰਤਰ ਦਾ ਚੌਥਾ ਥੰਮ੍ਹ ਮੀਡੀਆ ਸਰਕਾਰ ਦੀ ਨਾਰਾਜ਼ਗੀ ਮੁੱਲ ਨਹੀਂ ਲੈਣੀ ਚਾਹੁੰਦਾ ਹੈ। ਆਮ ਬੰਦਾ ਜਾਵੇ ਤਾਂ ਜਾਵੇ ਕਿੱਧਰ ?

ਮੈਂ ਵਾਰ-ਵਾਰ ਆਪਣੇ ਖ਼ੁਦਕੁਸ਼ੀ ਵਾਲੇ ਪੱਤਰਾਂ ਨੂੰ ਸੋਧਣ ਲੱਗ ਜਾਂਦਾ ਤੇ ਕਦੇ ਕਿਸੇ ਦਾ ਨਾਮ ਸ਼ਾਮਿਲ ਕਰ ਦਿੰਦਾ ਤੇ ਕਿਸੇ ਦੇ ਨਾਮ ’ਤੇ ਕਾਟਾ ਮਾਰ ਦਿੰਦਾ। ਫਿਰ ਦਿਲ ਵਿੱਚ ਆਉਣ ਲੱਗ ਪੈਂਦਾ ਕਿ ਥੋੜ੍ਹੀ ਜਿਹੀ ਜਗ੍ਹਾ ਪਿੱਛੇ ਕਈ ਪਰਿਵਾਰਾਂ ਦੀ ਜ਼ਿੰਦਗੀ ਤਬਾਹ ਕਿਉਂ ਕਰਨੀ ਹੈ ? ਆਪਣੀ ਕੁਝ ਦਿਨਾਂ ਦੀ ਬੇਇੱਜ਼ਤੀ ਹੀ ਕਿਉਂ ਨਾ ਸਹਾਰ ਲਵਾਂ ? ਪਰ ਮੈਨੂੰ ਉਸ ਐਸ.ਪੀ. ਅਤੇ ਡੀ.ਐਸ.ਪੀ. ’ਤੇ ਡਾਢਾ ਗੁੱਸਾ ਚੜ੍ਹਣ ਲੱਗ ਪੈਂਦਾ ਸੀ। ਆਪਣੇ ਇਸ ਕਦਮ ਨਾਲ ਆਪਣੇ ਵਰਗੇ ਸਾਧਾਰਨ ਜਿਹੇ ਦਿਸਦੇ ਪੁਲਸੀਆਂ ਦੇ ਪਰਿਵਾਰਾਂ ਅਤੇ ਬੱਚਿਆਂ ਦੀ ਹੋਣ ਵਾਲੀ ਹਾਲਤ ਬਾਰੇ ਸੋਚ ਕੇ ਮੈਂ ਇਹ ਕਦਮ ਨਹੀਂ ਉਠਾਉਣਾ ਚਾਹੁੰਦਾ ਸਾਂ, ਪਰ ਮੈਂ ਇਹ ਪੱਕੀ ਸਹੁੰ ਖਾ ਲਈ ਸੀ ਕਿ ਇਸ ਕੇਸ ਨੂੰ ਹਾਰਨ ਦੀ ਹਾਲਤ ਵਿੱਚ ਮੈਂ ਉਸ ਐਸ.ਪੀ. ਨੂੰ ਜ਼ਰੂਰ ਹੀ ਕਿਸੇ ਨਾ ਕਿਸੇ ਤਰੀਕੇ ਕਰਾਰਾ ਸਬਕ ਜ਼ਰੂਰ ਸਿਖਾਵਾਂਗਾ ਜਿਨ੍ਹਾਂ ਨੇ ਮੇਰਾ ਜਿਉਣਾ ਦੁੱਭਰ ਕਰ ਕੇ ਰੱਖ ਦਿੱਤਾ ਹੈ।

ਜਦ ਮੈਨੂੰ ਉਹਨਾਂ ਸਭ ਪਰਿਵਾਰਾਂ ਦਾ ਕੋਈ ਵੀ ਜੀਅ ਨਜ਼ਰ ਆਉਂਦਾ ਤਾਂ ਮੈਨੂੰ ਆਪਣੇ-ਆਪ ’ਤੇ ਇੱਕ ਅਜੀਬ ਕਿਸਮ ਦੀ ਕਚਿਆਣ ਆਉਂਦੀ

ਪ੍ਰਤੀਤ ਹੁੰਦੀ ਲਗਦੀ। ਗਲੀ ਦੇ ਲੋਕ ਤਾਂ ਦੂਰ, ਸਕੂਲ ਵਿੱਚ ਵੀ ਜਦ ਮੈਂ ਦੋ ਜਣਿਆਂ ਨੂੰ ਹੱਸਦੇ ਵੇਖਦਾ ਤਾਂ ਮੈਨੂੰ ਲੱਗਣ ਲੱਗ ਪੈਂਦਾ ਸੀ ਕਿ ਇਹ ਜ਼ਰੂਰ ਮੇਰੀ ਹੀ ਹਾਲਤ 'ਤੇ ਹੱਸ ਰਹੇ ਹਨ। ਚੀਜ਼ਾਂ ਰੱਖ ਕੇ ਵਿੱਸਰ ਜਾਣਾ ਅਤੇ ਕਈ ਵਾਰ ਤਾਂ ਗੱਲ ਕਰਦੇ-ਕਰਦੇ ਹੀ ਭੁੱਲ ਜਾਣ ਦੀ ਬੀਮਾਰੀ ਨੇ ਮੈਨੂੰ ਪਹਿਲਾਂ ਨਾਲੋਂ ਵੀ ਵਧੇਰੇ ਆਪਣੀ ਜਕੜ ਵਿੱਚ ਲੈ ਲਿਆ ਸੀ। ਸਕੂਲ ਜਾਣ ਵੇਲ਼ੇ ਮੈਨੂੰ ਖਿਝ ਚੜ੍ਹਣ ਲੱਗ ਪੈਂਦੀ ਕਿ ਮੇਰੇ ਵੱਲੋਂ ਹੰਢਾਈ ਜਾ ਰਹੀ ਮਾਨਸਿਕ ਪੀੜ੍ਹ ਦੇ ਨਾਲ ਨਾਲ ਮੈਨੂੰ ਫਿਰ ਆਪਣੇ ਸਾਥੀਆਂ ਦੀਆਂ ਹਾਸੇ ਮਜ਼ਾਕ ਵਿੱਚ ਆਖੀਆਂ ਜਾਂਦੀਆਂ ਚੁਭਵੀਆਂ ਗੱਲਾਂ ਦਾ ਸਾਹਮਣਾ ਕਰਨਾ ਪੈਣਾ ਹੈ।

ਕਈ ਵਾਰ ਤਾਂ ਮੈਂ ਏਨਾ ਹੌਲ਼ੀ-ਹੌਲ਼ੀ ਤਿਆਰ ਹੁੰਦਾ ਕਿ ਘਰ ਦੇ ਰੌਲ਼ਾ ਪਾਉਣ ਲੱਗ ਪੈਂਦੇ, "ਜਦਲੀ-ਜਲਦੀ ਤਿਆਰ ਹੋ ਜਾ, ਨਹੀਂ ਤਾਂ ਲੇਟ ਹੋ ਜਾਵੇਂਗਾ।"

ਇਸ ਹਾਲਤ ਵਿੱਚ ਕਈ ਵਾਰ ਮੇਰੇ ਕੱਪੜੇ ਪ੍ਰੈਸ ਹੋਣ ਤੋਂ ਰਹਿ ਜਾਂਦੇ ਤੇ ਮੈਂ ਉਸੇ ਤਰ੍ਹਾਂ ਹੀ ਵਲ਼ਾਂ ਵਾਲੇ ਕੱਪੜੇ, ਜਿਵੇਂ ਉਹ ਗੁੱਛੀ ਮੁੱਛੀ ਕਰ ਕੇ ਰੱਖੇ, ਕਿਸੇ ਘੜੇ ਵਿੱਚੋਂ ਕੱਢੇ ਹੋਏ ਹੋਣ, ਪਾ ਕੇ ਚਲਾ ਜਾਂਦਾ ਸਾਂ। ਕਈ ਵਾਰ ਮੈਂ ਦਾਹੜੀ ਉੱਤੇ ਮਸ਼ੀਨ ਲਾਉਣੀ ਵੀ ਭੁੱਲ ਜਾਂਦਾ ਸਾਂ। ਤਿੱਖੜ ਗਰਮੀ ਵਿੱਚ ਮੁੜ੍ਹਕੋ-ਮੁੜ੍ਹਕੀ ਹੋ, ਘਰ ਪਰਤ ਕੇ ਮੰਜੇ ਉੱਤੇ ਡਿੱਗ ਹੀ ਪੈਂਦਾ ਸਾਂ। ਨਹਾਉਣਾ ਤਾਂ ਦੂਰ ਦੀ ਗੱਲ, ਸਾਰੇ ਦਿਨ ਦੀ ਜੰਮੀਂ ਧੂੜ ਲਾਹੁਣ ਲਈ ਚਿਹਰਾ ਧੋਣ ਤੱਕ ਨੂੰ ਵੀ ਜੀਅ ਨਹੀਂ ਸੀ ਕਰਦਾ। ਘਰ ਦਾ ਮਾਹੌਲ ਪਹਿਲਾਂ ਨਾਲੋਂ ਵੀ ਵੱਧ ਉਦਾਸਿਆ ਤੇ ਗ਼ਮਗ਼ੀਨ ਬਣ ਚੁੱਕਾ ਸੀ। ਇੰਝ ਭਾਸਦਾ ਸੀ ਕਿ ਖ਼ੁਸ਼ੀ ਦਾ ਸਾਡੇ ਨਾਲ ਡਾਢਾ ਵੈਰ ਪੈ ਚੁੱਕਾ ਹੈ ਤੇ ਦੁੱਖਾਂ ਨਾਲ ਪੱਕੀ ਆੜੀ, ਜਿਹੜੀ ਕਿ ਜ਼ਿੰਦਗੀ ਭਰ ਅਣਚਾਹੇ ਮਹਿਮਾਨਾਂ ਵਾਂਙ ਸਾਡੇ ਨਾਲ ਹੀ ਰਹਿਣੀ ਸੀ।

ਉਹਨਾਂ ਦਿਨਾਂ ਵਿੱਚ ਹੀ ਮੇਰੇ ਚਚੇਰੇ ਭਰਾ ਅਮਰਿੰਦਰ ਦਾ ਫ਼ੋਨ ਆ ਗਿਆ। ਉਸ ਨੇ ਮੇਰੀ ਈ-ਮੇਲ ਚੈੱਕ ਕੀਤੀ ਸੀ। ਉਹ ਦੱਸਣ ਲੱਗ ਪਿਆ ਕਿ ਉਪ-ਮੁੱਖ ਮੰਤਰੀ ਵੱਲੋਂ ਇੱਕ ਮੇਲ ਆਈ ਹੈ ਤੇ ਆਪਣੀ ਸ਼ਿਕਾਇਤ ਖ਼ਾਰਜ ਕਰ ਦਿੱਤੀ ਗਈ ਹੈ। ਮੈਂ ਕੰਬਦੇ ਹੱਥਾਂ ਨਾਲ ਫ਼ੋਨ ਮਸਾਂ ਹੀ ਕੱਟਿਆ ਤੇ ਮੂੰਹੋਂ ਸੁਭਾਵਿਕ ਹੀ ਨਿਕਲ ਗਿਆ, "ਐਵੇਂ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਲੋਕਾਂ ਦੇ ਕਰੋੜਾਂ ਰੁਪਈਏ ਰੋੜੀ ਜਾਂਦਾ। ਇਹਨੂੰ ਕੀ ਸਮਝਦੀ ਐ, ਇਹ ਢੀਠ ਅਫ਼ਸਰਸ਼ਾਹੀ ?"

"ਕੀ ਗੱਲ ਹੋ ਗਈ ? ਕੀਹਦਾ ਫ਼ੋਨ ਸੀ ?" ਕੋਲ ਬੈਠੀ ਮੇਰੀ ਮਾਂ ਨੇ ਪੂਰੀ ਉਤਸੁਕਤਾ ਨਾਲ ਪੁੱਛਿਆ।

"ਕੁਝ ਨ੍ਹੀਂ ਹੋਇਆ, ਮਾਂ। ਮੈਂ ਲੈਪ-ਟਾਪ ਚੁੱਕ ਲਿਆਵਾਂ। ਥੋਨੂੰ ਸਾਰਾ ਕੁਝ ਦੱਸਦਾਂ।" ਆਖ ਕੇ ਮੈਂ ਆਪਣੇ ਕਮਰੇ 'ਚੋਂ ਲੈਪ-ਟਾਪ ਚੁੱਕਣ ਚਲਾ

ਗਿਆ।

ਮੈਨੂੰ ਭੇਜੇ ਗਏ 'ਜਵਾਬ' ਵਿੱਚ ਲਿਖਿਆ ਗਿਆ ਸੀ 'ਐਸ.ਐਸ.ਪੀ. ਦੁਆਰਾ ਨਿਯੁਕਤ ਜਾਂਚ ਅਧਿਕਾਰੀ ਦੁਆਰਾ ਪਾਇਆ ਗਿਆ ਹੈ ਕਿ ਸ਼ਿਕਾਇਤ ਕਰਤਾ ਗਲੀ ਦੀ ਜਗ੍ਹਾ ਉੱਤੇ ਨਜਾਇਜ਼ ਕਬਜ਼ਾ ਕਰਨਾ ਚਾਹੁੰਦਾ ਹੈ। ਇਸ ਤੋਂ ਇਲਾਵਾ ਇਸ 'ਜਵਾਬ' ਵਿੱਚ ਵੀ ਪੁਰਾਣੀਆਂ ਜਾਂਚਾਂ ਵਾਲੀਆਂ ਸਾਰੀਆਂ ਗੱਲਾਂ ਹੀ ਮੁੱਢ ਤੋਂ ਦਹੁਰਾਈਆਂ ਗਈਆਂ ਸਨ। ਸਿਰਫ਼ ਇੱਕ ਹੀ ਸਤਰ ਵੱਖਰੀ ਸੀ, 'ਜੇ ਤੁਸੀਂ ਇਸ ਕਾਰਵਾਈ ਤੋਂ ਸੰਤੁਸ਼ਟ ਨਹੀਂ ਹੋ ਤਾਂ ਸਾਨੂੰ ਦੁਬਾਰਾ ਫਿਰ ਦੱਸੋ।'

ਸਿਰਫ਼ ਪਿਛਲੀ ਇੱਕ ਸਤਰ ਤੋਂ ਬਿਨਾਂ ਬਾਕੀ ਸਭ ਕੁਝ ਮੇਰੇ ਲਈ ਬੇਤੁਕਾ ਬੇਇਸਾਫ਼ੀ ਵਾਲਾ ਹੀ ਸੀ। ਮਨ ਵਿੱਚ ਸਿਰਫ਼ ਇੱਕ ਹੀ ਆਸ ਸੀ ਕਿ ਮੈਂ ਆਪਣਾ ਕੇਸ ਫਿਰ ਦੁਬਾਰਾ ਤੱਥਾਂ ਸਮੇਤ ਭੇਜਾਂਗਾ ਅਤੇ ਪੁਲਿਸ ਵਾਲਿਆਂ ਨੂੰ ਝੂਠਾ ਸਾਬਿਤ ਕਰ ਦੇਵਾਂਗਾ।

ਢਹਿੰਦੀਆਂ ਕਲਾਂ ਦੇ ਦਿਨਾਂ ਵਿੱਚ ਮੇਰੇ ਲਈ ਇੱਕ ਆਸ ਦੀ ਕਿਰਨ ਫਿਰ ਚਮਕੀ ਸੀ। ਹੁਣ ਮੈਂ ਆਪਣੇ ਸਾਰੇ ਸਬੂਤ ਅਤੇ ਦਸਤਾਵੇਜ਼ ਮੁੜ ਸਕੈਨ ਕਰ ਕੇ ਕੇਸ ਨੂੰ ਦੁਬਾਰਾ ਤਿਆਰ ਕਰ ਲਿਆ। ਉਸ ਵਿੱਚ ਪੁਲਿਸ ਵਿਭਾਗ ਦੇ ਇੱਕ ਦਾਗ਼ੀ ਡੀ.ਐਸ.ਪੀ. ਦੁਆਰਾ ਕੀਤੀ ਗਈ ਸ਼ਰ੍ਹੇਆਮ ਧੱਕੇਸ਼ਾਹੀ ਦਾ ਜ਼ਿਕਰ ਅਤੇ ਗੁਰਨੇਕ ਦੇ ਕੀਤੇ ਨਜਾਇਜ਼ ਕਬਜ਼ੇ ਦੀ ਸਾਰੀ ਸਹੀ ਜਾਣਕਾਰੀ, ਈ-ਮੇਲ ਵਿਚਲੀ ਆਖ਼ਰੀ ਸਤਰ ਨੂੰ ਉਮੀਦ ਦੀ ਕਿਰਨ ਮੰਨ ਕੇ, ਦੁਬਾਰਾ ਉਪ ਮੁੱਖ ਮੰਤਰੀ ਨੂੰ ਭੇਜ ਦਿੱਤੀ। ਪਹਿਲੀ ਸ਼ਿਕਾਇਤ ਵੇਲ਼ੇ ਤਾਂ ਅਗਲੇ ਦਿਨ ਹੀ ਮੈਨੂੰ ਕਾਰਵਾਈ ਸ਼ੁਰੂ ਕਰਨ ਬਾਰੇ ਜਾਣਕਾਰੀ ਦੇ ਦਿੱਤੀ ਗਈ ਸੀ ਪਰ ਇਸ ਦੁਬਾਰਾ ਕੀਤੀ ਗਈ ਸ਼ਿਕਾਇਤ ਦਾ ਕਈ ਦਿਨ ਤੱਕ ਕੋਈ ਵੀ ਉੱਤਰ ਪਤਾ ਨਾ ਆਇਆ। ਜਦ ਕਦੇ ਮੈਂ ਆਪਣੀ ਮੇਲ ਚੈੱਕ ਕਰਦਾ ਤਾਂ ਮੈਨੂੰ ਇਸ ਸ਼ਿਕਾਇਤ ਦੇ ਜਵਾਬ ਦਾ ਇੰਤਜ਼ਾਰ ਰਹਿੰਦਾ, ਪਰ ਹਰ ਵਾਰ ਨਿਰਾਸ਼ਾ ਹੀ ਪੱਲੇ ਪੈਂਦੀ ਸੀ। ਪਤਾ ਨਹੀਂ ਇਹ ਇਨਸਾਫ਼ੀ ਬੂਹਾ ਕਿਸ ਢੰਗ ਨਾਲ ਬੰਦ ਕੀਤਾ ਹੋਇਆ ਸੀ ਕਿ ਜਿਹੜਾ ਮਜ਼ਲੂਮਾਂ ਲਈ ਖੁੱਲ੍ਹਣ ਦਾ ਨਾਮ ਹੀ ਨਹੀਂ ਸੀ ਲੈ ਰਿਹਾ।

ਕਈ ਦਿਨ ਇਸ ਦਾ ਜਵਾਬ ਨਾ ਆਉਣਾ ਮੇਰੇ ਲਈ ਇੱਕ ਹੋਰ ਵੱਡੇ ਝਟਕੇ ਵਾਲੀ ਗੱਲ ਸੀ। ਝੂਠੀ ਜਿਹੀ ਤਸੱਲੀ ਦੇਣ ਵਾਲੀ ਇੱਕ ਗੱਲ ਇਹ ਵੀ ਸੀ ਕਿ ਅਸੀਂ ਹੇਠਲੀ ਅਦਾਲਤ ਦੁਆਰਾ ਸਟੇਅ ਕੀਤੇ ਮੁਕਦਮੇ ਦੀ ਅਪੀਲ ਸੈਸ਼ਨ ਜੱਜ ਦੀ ਅਦਾਲਤ ਵਿੱਚ ਪਾ ਦੇਈਏ। ਮੈਂ ਸਕੂਲ ਤੋਂ ਘਰ ਆਉਂਦੇ ਹੀ ਵਕੀਲ ਕੋਲ ਚਲਾ ਜਾਂਦਾ ਸਾਂ ਤਾਂ ਕਿ ਸੈਸ਼ਨ ਅਦਾਲਤ ਵਿੱਚ ਪਾਏ ਜਾਣ ਵਾਲੇ ਕੇਸ ਦੀ ਤਿਆਰੀ ਕੀਤੀ ਜਾ ਸਕੇ। ਉਹ ਮੈਨੂੰ ਲਾਰਾ ਲਾਈ ਰੱਖਦਾ

ਸੀ, "ਅਜੇ ਸਮਾਂ ਬਹੁਤ ਪਿਆ ਹੈ।ਅਜੇ ਹਫ਼ਤਾ ਦਸ ਦਿਨ ਹੋਰ ਠਹਿਰ ਜਾ।" ਮੈਂ ਵੀ ਢੀਠ ਜਿਹਾ ਹੋ ਕੇ ਮਿਥੇ ਸਮੇਂ 'ਤੇ ਉੱਥੇ ਚਲਾ ਜਾਂਦਾ ਸਾਂ।ਉਹ ਮੈਨੂੰ ਕੋਈ ਨਾ ਕੋਈ ਨਵਾਂ ਬਹਾਨਾ ਬਣਾਅ ਕੇ ਟਾਲ ਦਿੰਦਾ ਸੀ।

ਇੱਕ ਦਿਨ ਜਦ ਮੈਂ ਵਕੀਲ ਦੇ ਚੈਂਬਰ ਵਿੱਚ ਗਿਆ ਤਾਂ ਉੱਥੇ ਬੈਠਾ ਇੱਕ ਮਾੜਚੂ ਜਿਹਾ ਬਜ਼ੁਰਗ ਵਕੀਲ ਨਾਲ ਗੱਲਬਾਤ ਕਰ ਰਿਹਾ ਸੀ।ਮੈਨੂੰ ਆਇਆ ਵੇਖ ਕੇ ਉਹ ਚੁੱਪ ਕਰ ਗਿਆ।

"ਕੋਈ ਨ੍ਹੀਂ ਜੀ, ਦੱਸੀ ਚੱਲੋ, ਇਹ ਆਪਣਾ ਭਤੀਜ ਹੀ ਏ।ਕੋਈ ਓਪਰਾ ਬੰਦਾ ਨਹੀਂ।ਦੱਸੋ, ਦੱਸੋ।" ਵਕੀਲ ਨੇ ਉਸ ਨੂੰ ਪਿਆਰ ਨਾਲ ਆਖਿਆ।ਪੰਜ-ਸੱਤ ਮਿੰਟ ਵਿੱਚ ਉਸ ਨੇ ਆਪਣੀ ਗੱਲ ਪੂਰੀ ਕਰ ਦਿੱਤੀ ਅਤੇ ਉੱਠਦਿਆਂ ਮੇਰੇ ਨਾਲ ਪੋਲਾ ਜਿਹਾ ਹੱਥ ਮਿਲਾਅ ਕੇ ਚਲਾ ਗਿਆ।

"ਤੂੰ ਸੁਣੀ ਸੀ ਉਸ ਦੀ ਗੱਲ ?" ਉਸ ਦੇ ਚੈਂਬਰ ਵਿੱਚੋਂ ਬਾਹਰ ਜਾਣ ਤੋਂ ਬਾਅਦ ਵਕੀਲ ਨੇ ਮੈਨੂੰ ਪੁੱਛਿਆ।

"ਨਹੀਂ ਜੀ, ਮੇਰਾ ਤਾਂ ਧਿਆਨ ਹੀ ਨਹੀਂ ਸੀ, ਤੁਹਾਡੀ ਗੱਲ ਵੱਲ।ਮੈਂ ਤਾਂ ਆਪਣੇ ਹੀ ਖ਼ਿਆਲਾਂ ਵਿੱਚ ਉਲਝਿਆ ਹੋਇਆ ਸਾਂ।" ਮੈਂ ਵਕੀਲ ਨੂੰ ਸੱਚੀ ਗੱਲ ਦੱਸੀ।ਸੱਚਮੁੱਚ ਹੀ ਮੇਰਾ ਭੋਰਾ ਭਰ ਵੀ ਧਿਆਨ ਉਹਨਾਂ ਦੀ ਗੱਲਬਾਤ ਵੱਲ ਨਹੀਂ ਸੀ ਗਿਆ।ਵਕੀਲ ਉਸ ਬੰਦੇ ਦੀ ਕਹਾਣੀ ਮੈਨੂੰ ਦੱਸਣ ਲੱਗ ਪਿਆ;

"ਇਹ ਬੰਦਾ ਜੁਝਾਰ ਸਿੰਘ ਹੈ।ਇਹ ਰੇਲਵੇ ਵਿਭਾਗ 'ਚ ਮੁਲਾਜ਼ਮ ਸੀ ਤੇ ਚੁਰਾਸੀ ਦੇ ਦੰਗਿਆਂ ਵੇਲ਼ੇ ਆਪਣੇ ਪਰਿਵਾਰ ਨੂੰ ਕਾਨ੍ਹਪੁਰ ਤੋਂ ਮਸਾਂ ਹੀ ਬਚਾਅ ਕੇ ਇੱਥੇ ਲੈ ਕੇ ਆਇਆ ਸੀ।ਇਸ ਨੇ ਅਤੇ ਇਸ ਦੀ ਪਤਨੀ ਨੇ ਆਪਣੀਆਂ ਅੱਖਾਂ ਸਾਹਮਣੇ ਆਪਣੇ ਕਈ ਰਿਸ਼ਤੇਦਾਰਾਂ ਨੂੰ ਕਤਲ ਹੁੰਦੇ ਅਤੇ ਜ਼ਿਊਂਦੇ ਅੱਗ ਵਿੱਚ ਸੜਦੇ ਹੋਏ ਵੇਖਿਆ ਸੀ।ਇਸ ਨੇ ਆਪਣੀ ਬਦਲੀ ਵੀ ਇੱਥੇ ਕਰਵਾਅ ਲਈ ਸੀ।ਬੰਦਾ ਬਹੁਤਾ ਹੀ ਈਮਾਨਦਾਰ ਹੋਣ ਕਰਕੇ ਇਸ ਦੇ ਕਈ ਬੇਈਮਾਨ ਸਹਿ-ਕਰਮੀ ਇਸ 'ਤੇ ਔਖੇ-ਭਾਰੇ ਰਹਿਣ ਲੱਗ ਪਏ।ਇੱਕ ਦਿਨ ਇਸ ਦਾ ਆਪਣੇ ਕਿਸੇ ਸਹਿ-ਕਰਮੀ ਨਾਲ ਝਗੜਾ ਹੋ ਗਿਆ।ਝਗੜੇ ਦਾ ਕਾਰਨ ਵੀ ਸੁਣ ਲੈ।ਇਸ ਨੇ ਉਸ ਦੀ ਕੋਈ ਘਪਲੇਬਾਜ਼ੀ ਜੱਗ ਜ਼ਾਹਿਰ ਕਰ ਦਿੱਤੀ ਸੀ।ਇਸ ਗੱਲ ਤੋਂ ਔਖਾ ਹੋ ਕੇ ਉਸ ਬੇਈਮਾਨ ਨੇ ਇਸ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਕਿ ਉਹ ਇਸ ਦੇ ਸਾਰੇ ਟੱਬਰ ਨੂੰ ਖ਼ਤਮ ਕਰ ਦੇਵੇਗਾ।

ਇਹ ਬਹੁਤੇ ਹੀ ਸਾਊ ਸਨ ਤੇ ਸਾਰੇ ਜੀਅ ਉਸ ਤੋਂ ਡਰਨ ਲੱਗ ਪਏ।ਇਸ ਦੀ ਪਤਨੀ ਤਾਂ ਕੁਝ ਜ਼ਿਆਦਾ ਹੀ ਬੋਝ ਮੰਨ ਗਈ।ਉਸ ਨੇ ਪਹਿਲਾਂ ਬੱਚਿਆਂ ਨੂੰ ਘਰੋਂ ਬਾਹਰ ਭੇਜਣਾ ਬੰਦ ਕਰ ਦਿੱਤਾ ਤੇ ਫਿਰ ਉਹ

ਆਪ ਵੀ ਘਰ ਵਿੱਚ ਹੀ ਬੰਦ ਰਹਿਣ ਲੱਗ ਪਈ। ਇਹ ਆਮ ਤੌਰ 'ਤੇ ਰਾਤ ਨੂੰ ਹੀ ਘਰ ਆਉਂਦਾ ਸੀ। ਉਹ ਸਾਰਾ ਦਿਨ ਹੀ ਆਪਣੇ ਘਰ ਦਾ ਬੂਹਾ ਬੰਦ ਰੱਖਦੀ ਸੀ। ਇਸ ਦੀ ਪਤਨੀ ਦਾ ਮਨੋਰੋਗ ਏਨਾ ਵਧ ਗਿਆ ਸੀ ਕਿ ਹੌਲ਼ੀ-ਹੌਲ਼ੀ ਉਸ ਨੇ ਇਸ ਵਾਸਤੇ ਵੀ ਬੂਹਾ ਖੋਲ੍ਹਣਾ ਬੰਦ ਕਰ ਦਿੱਤਾ। ਪਹਿਲੋ-ਪਹਿਲ ਤਾਂ ਇਸ ਨੇ ਸਮਝਿਆ ਕਿ ਕੁਝ ਦਿਨਾਂ ਵਿੱਚ ਹੀ ਸਭ ਠੀਕ ਹੋ ਜਾਵੇਗਾ ਪਰ ਗੱਲ ਵਿਗੜਦੀ ਹੀ ਗਈ ਅਤੇ ਇਸ ਦੀ ਪਤਨੀ ਨੇ ਬੱਚਿਆਂ ਸਮੇਤ ਆਪਣੇ ਘਰ ਨੂੰ ਪੱਕੇ ਤੌਰ 'ਤੇ ਅੰਦਰੋਂ ਕੁੰਡਾ ਮਾਰ ਲਿਆ। ਇਹ ਵਿਚਾਰਾ ਰਾਸ਼ਨ-ਪਾਣੀ ਲੈ ਕੇ ਬੂਹੇ ਦੇ ਅੱਗੇ ਰੱਖ ਆਉਂਦਾ ਹੈ ਤੇ ਜਦ ਉਸ ਨੂੰ ਪੱਕਾ ਯਕੀਨ ਹੋ ਜਾਂਦਾ ਹੈ ਕਿ ਇਹ ਚਲਾ ਗਿਆ ਹੈ ਤਦ ਉਹ ਥੋੜ੍ਹਾ ਜਿਹਾ ਬੂਹਾ ਖੋਲ੍ਹ ਕੇ ਸਮਾਨ ਚੁੱਕ ਲੈਂਦੀ ਹੈ। ਜੇ ਕਿਧਰੇ ਉਸ ਨੂੰ ਮਾੜਾ ਜਿਹਾ ਸ਼ੰਕਾ ਵੀ ਹੁੰਦਾ ਕਿ ਕੋਈ ਬਾਹਰ ਖੜ੍ਹਾ ਹੈ ਤਾਂ ਉਹ ਬੂਹਾ ਨਹੀਂ ਖੋਲ੍ਹਦੀ ਹੈ। ਕਈ ਵਾਰ ਤਾਂ ਬਾਹਰ ਰੱਖੇ ਹੋਏ ਘਰੇਲੂ ਵਰਤੋਂ ਦੇ ਸਾਮਾਨ ਨੂੰ ਕੁੱਤੇ ਜਾਂ ਪਸ਼ੂ ਹੀ ਖਾ ਜਾਂਦੇ ਹਨ। ਓਦੋਂ ਤੋਂ ਲੈ ਕੇ ਇਸ ਦੇ ਘਰ ਦਾ ਬੂਹਾ ਅਜੇ ਤੱਕ ਵੀ ਬੰਦ ਹੀ ਹੈ।"

ਮੈਂ ਉਸ ਦੀਆਂ ਗੱਲਾਂ ਸੁਣ ਸੁਣ ਕੇ ਹੈਰਾਨ ਹੋਈ ਜਾ ਰਿਹਾ ਸਾਂ। ਮੇਰੇ ਚਿਹਰੇ 'ਤੇ ਆਏ ਭਾਵ ਨੂੰ ਮਹਿਸੂਸ ਕਰ ਕੇ ਉਹ ਫਿਰ ਬੋਲਿਆ, "ਭਤੀਜ, ਇਹ ਸੌ ਫ਼ੀਸਦ ਸੱਚ ਹੈ। ਕੋਈ ਅਤਿ-ਕਥਨੀ ਨਹੀਂ।" ਇਹ ਕਹਿੰਦਿਆਂ ਉਸ ਨੇ ਮੇਜ਼ 'ਤੇ ਆਪਣੇ ਖੱਬੇ ਹੱਥ ਦੀ ਮੁੱਕੀ ਮਾਰਦਿਆਂ ਆਪਣੀ ਗੱਲ 'ਤੇ ਪੱਕੀ ਮੋਹਰ ਲਾ ਦਿੱਤੀ।

ਇੱਕ ਵਾਰ ਤਾਂ ਮੈਨੂੰ ਇਹ ਕਹਾਣੀ ਅਸਲੋਂ ਹੀ ਝੂਠੀ ਜਿਹੀ ਲੱਗੀ ਪਰ ਅਗਲੇ ਹੀ ਪਲ ਜਦ ਮੈਨੂੰ ਜ਼ੋਰਾਵਰਾਂ ਦੁਆਰਾ ਕੀਤੇ ਜਾ ਰਹੇ ਜ਼ੁਲਮ ਨਾ ਸਹਿ ਕੇ ਆਪਣੇ ਵੱਲੋਂ ਆਤਮ-ਹੱਤਿਆ ਤੱਕ ਕਰ ਲਏ ਜਾਣ ਦੇ ਖ਼ਿਆਲਾਂ ਵਾਲੀ ਹਾਲਤ ਦਾ ਚੇਤਾ ਆਇਆ ਤਾਂ ਲੱਗਾ ਕਿ ਵਾਕਿਆ ਹੀ ਚਿੰਤਾ ਬੰਦੇ ਨੂੰ ਕਿਸੇ ਵੀ ਹੱਦ ਤੱਕ ਪਾਗ਼ਲ ਕਰ ਸਕਦੀ ਹੈ। ਫਿਰ ਮੈਂ ਪੁੱਛ ਹੀ ਲਿਆ, "ਇਹ ਇੱਥੇ ਕਿਉਂ ਆਇਆ ਸੀ ?"

"ਹੁਣ ਇਸ ਨੂੰ ਕਿਸੇ ਨੇ ਸਲਾਹ ਦਿੱਤੀ ਕਿ ਅਦਾਲਤ ਦਾ ਸਹਾਰਾ ਲੈ ਕੇ ਪੁਲਿਸ ਨੂੰ ਆਪਣਾ ਘਰ ਖੋਲ੍ਹ ਕੇ ਆਪਣੀ ਪਤਨੀ ਤੇ ਦੋਵਾਂ ਬੱਚਿਆਂ ਨੂੰ ਮਨੋਰੋਗ਼ਾਂ ਦੇ ਇਲਾਜ਼ ਵਾਲੇ ਕਿਸੇ ਹਸਪਤਾਲ ਵਿੱਚ ਦਾਖ਼ਲ ਕਰਵਾਉਣ ਦੇ ਹੁਕਮ ਕਰਵਾਅ। ਇਹ ਵਿਚਾਰਾ ਤਾਂ ਹੀ ਆਇਆ ਸੀ। ਕੱਲ੍ਹ ਨੂੰ ਇਹਦਾ ਕੇਸ ਤਿਆਰ ਕਰ ਕੇ ਪਰਸੋਂ ਨੂੰ ਦਾਇਰ ਕਰਨਾ ਹੀ ਕਰਨਾ ਹੈ।" ਵਕੀਲ ਨੇ ਥੋੜ੍ਹੇ ਸ਼ਬਦਾਂ ਵਿੱਚ ਹੀ ਸਾਰੀ ਗੱਲ ਸੁਣਾਅ ਦਿੱਤੀ।

ਮੈਂ ਏਨਾ ਹੈਰਾਨ ਅਤੇ ਪ੍ਰੇਸ਼ਾਨ ਹੋ ਗਿਆ ਸਾਂ ਕਿ ਕਿਵੇਂ ਕੋਈ ਬੰਦਾ ਪੱਚੀ

ਸਾਲ ਦੇ ਕਰੀਬ ਇੱਕੋ ਘਰ ਵਿੱਚ ਹੀ ਕੈਦ ਰਹਿ ਸਕਦਾ ਹੈ ? ਕਿਸੇ ਗ਼ਲਤ ਅਨਸਰ ਦੁਆਰਾ ਕੀਤਾ ਗਿਆ ਅਜਿਹਾ ਘਿਣਾਉਣਾ ਕੰਮ, ਇੱਕ ਪਰਿਵਾਰ ਨੂੰ ਕਿਵੇਂ ਤਬਾਹ ਕਰ ਸਕਦਾ ਹੈ, ਇਸ ਦੀ ਪ੍ਰਤੱਖ ਕਹਾਣੀ ਤੇ ਉਸ ਦਾ ਮੁੱਖ-ਪਾਤਰ ਮੈਂ ਆਪਣੀ ਅੱਖੀਂ ਵੇਖ ਚੁੱਕਾ ਸਾਂ। ਮੈਂ ਉਤੇਜਿਤ ਹੁੰਦੇ ਨੇ ਵਕੀਲ ਨੂੰ ਪੁੱਛਿਆ, "ਇਸ ਬੰਦੇ ਨੇ ਧਮਕੀਆਂ ਦੇਣ ਵਾਲੇ ਦੇ ਖ਼ਿਲਾਫ਼ ਪੁਲਿਸ ਨੂੰ ਸ਼ਿਕਾਇਤ ਨ੍ਹੀਂ ਦਰਜ ਕਰਵਾਈ ?"

ਮੇਰਾ ਸਵਾਲ ਸੁਣ ਕੇ ਵਕੀਲ ਉੱਚੀ-ਉੱਚੀ ਹੱਸਣ ਲੱਗ ਪਿਆ ਤੇ ਫਿਰ ਬੋਲਿਆ, "ਤੂੰ ਵੀ ਤਾਂ ਜਾਂਦਾ ਈ ਏਂ, ਤੇਰੀ ਸ਼ਿਕਾਇਤ ਦਰਜ ਹੋ ਗਈ ? ਨਹੀਂ ਨਾ, ਤੂੰ ਤਾਂ ਜਥੇਬੰਦੀਆਂ ਵਾਲਿਆਂ ਨੂੰ ਵੀ ਲੈ ਕੇ ਜਾਂਦਾ ਏ, ਤਾਂ ਵੀ ਨ੍ਹੀਂ ਹੋ ਰਹੀ। ਹੁਣ ਮੈਨੂੰ ਦੱਸ ਇਹ ਵਿਚਾਰਾ ਤਾਂ 'ਕੱਲਾ ਹੀ ਸੀ ਤੇ ਇਸ ਦੇ ਤਾਂ ਨਾਲ ਖੜ੍ਹਣ ਵਾਲਾ ਵੀ ਕੋਈ ਨ੍ਹੀਂ ਸੀ। ਹੁਣ ਤਾਂ ਮੀਡੀਆ ਵੀ ਏਨਾ ਆ ਗਿਆ ਤਾਂ ਵੀ ਪੁਲਿਸ ਵਾਲੇ ਏਨੇ ਮੱਛਰੇ ਫਿਰਦੇ ਨੇ। ਤੂੰ ਆਪ ਹੀ ਦੱਸ, ਉਹਨਾਂ ਵੇਲ਼ਿਆਂ 'ਚ ਇਹਦੀ ਕੀਹਨੇ ਸੁਣਨੀ ਸੀ ਜਦ ਪੁਲਿਸ ਨੇ ਪੂਰੀ ਅੱਤ ਚੁੱਕੀ ਹੋਈ ਸੀ ਤੇ ਉਹਨਾਂ ਨੂੰ ਪੁੱਛਣ ਵਾਲਾ ਵੀ ਕੋਈ ਨਹੀਂ ਸੀ।" ਉਸ ਨੇ ਬਹੁਤ ਹੀ ਟਿਕਾਅ ਟਿਕਾਅ ਕੇ ਸ਼ਬਦ ਬੋਲੇ ਸਨ।

ਵਕੀਲ ਦੀਆਂ ਖਰੀਆਂ ਖਰੀਆਂ ਗੱਲਾਂ ਮੈਨੂੰ ਪੂਰੀ ਤਰ੍ਹਾਂ ਸੱਚੀ ਲੱਗਣ ਲੱਗ ਪਈਆਂ ਸਨ।

0-0-0

ਜਦ ਵੀ ਮੈਂ ਕਿਸੇ ਨੂੰ, ਆਪਣੇ ਘਰ ਅੰਦਰ ਬੰਦ ਮਾਨਸਿਕ ਰੋਗੀ ਪਰਿਵਾਰ ਬਾਰੇ ਗੱਲ ਦੱਸਦਾ ਤਾਂ ਉਹ ਇਸ 'ਤੇ ਭੋਰਾ ਵੀ ਯਕੀਨ ਨਹੀਂ ਸੀ ਕਰਦਾ। ਸ਼ਾਇਦ ਹਰ ਕਿਸੇ ਨੂੰ ਲੱਗ ਰਿਹਾ ਸੀ ਕਿ ਮੇਰੀ ਕਿਤੇ ਵੀ ਸੁਣਵਾਈ ਨਾ ਹੋਣ ਕਾਰਨ ਹੀ ਮੈਂ ਪ੍ਰਸ਼ਾਸ਼ਨ ਦੇ ਖ਼ਿਲਾਫ਼ ਅਵਾ-ਤਵਾ ਬੋਲ ਰਿਹਾ ਹਾਂ।

ਇੱਕ ਦਿਨ, ਸਕੂਲ ਵਿੱਚ, ਦੁਪਹਿਰ ਦੀ ਰੋਟੀ ਖਾਣ ਵੇਲੇ ਚੱਲਦੀਆਂ ਗੱਲਾਂ ਵਿੱਚ ਮੈਂ ਇਹ ਗੱਲ ਆਪਣੇ ਸਟਾਫ਼ ਵਿੱਚ ਕਰ ਬੈਠਾ। ਮੇਰਾ ਏਨਾ ਮਜ਼ਾਕ ਉਡਾਇਆ ਗਿਆ ਕਿ ਰਹੇ ਰੱਬ ਦਾ ਨਾਂ। ਸਾਡਾ ਕਲਰਕ ਤਾਂ ਉੱਛਲ ਹੀ ਪਿਆ ਸੀ, "ਕੋਈ ਨ੍ਹੀਂ ਪੁੱਤ ! ਤੇਰਾ ਵੀ ਉਹ ਵੇਲ਼ਾ ਆਉਣ ਵਾਲਾ ਹੀ ਏ, ਜਦ ਤੂੰ ਵੀ ਜਿੰਦਾ ਲਾ ਕੇ ਘਰ ਦੇ ਅੰਦਰ ਹੀ ਬੈਠ ਜਾਏਂਗਾ। ਪਰ ਤੂੰ ਫ਼ਿਕਰ ਨਾ ਕਰ। ਤੈਨੂੰ ਅਸੀਂ ਏਦੂੰ ਅੱਧੇ ਸਾਲਾਂ 'ਚ ਈ ਬਾਹਰ ਕਢਵਾਅ ਲਵਾਂਗੇ। ਓਦੋਂ ਨੂੰ ਤੇਰੇ ਪੱਕੇ ਯਾਰ ਐਸ.ਪੀ. ਤੇ ਡੀ.ਐਸ.ਪੀ. ਵੀ ਭੁਗਤ ਚੁੱਕੇ ਹੋਣਗੇ। ਇਹ ਪੁਲਸੀਏ ਬਹੁਤਾ ਸਮਾਂ ਨ੍ਹੀਂ ਕੱਢਦੇ ਹੁੰਦੇ। ਤੁਸੀਂ ਦੱਸੋ, ਇਸ ਮਹਿਕਮੇ 'ਚੋਂ ਕਿੰਨੇ ਕੁ ਬੰਦੇ ਨੌਕਰੀ ਪੂਰੀ ਕਰਦੇ ਸੁਣੇ ਆ।" ਉਹ ਮੈਨੂੰ ਟਕੋਰ ਲਾਉਂਦਿਆਂ ਸਾਰਿਆਂ ਨੂੰ ਸੰਬੋਧਿਤ ਹੋਇਆ।

ਕੁਦਰਤੀ ਉਸ ਦੀ ਕੀਤੀ ਗਈ ਪਿਛਲੀ ਗੱਲ ਕਾਰਨ ਸੂਈ ਪੁਲਿਸ ਵਿਭਾਗ ’ਤੇ ਆ ਕੇ ਟਿਕ ਗਈ ਸੀ ਨਹੀਂ ਤਾਂ ਸਾਰਿਆਂ ਨੇ ਰਲ਼ ਕੇ ਮੇਰਾ ਤਾਂ ਮਰਨ ਹੀ ਕਰ ਦੇਣਾ ਸੀ। ਬੇਸ਼ੱਕ ਉਸ ਵੇਲੇ ਮੇਰੇ ਉੱਪਰ ਬਹੁਤਾ ਤਵਾ ਨਹੀਂ ਸੀ ਲਾਇਆ ਗਿਆ ਪਰ ਉਸ ਟੱਬਰ ਦੀ ਹੋਣੀ ਅਤੇ ਆਪਣੇ ਬਾਰੇ ਸੋਚ ਸੋਚ ਕੇ ਮੈਂ ਅੰਦਰੋਂ ਹੀਣ ਭਾਵ ਵਿੱਚ ਆਇਆ ਹੋਇਆ ਸਾਂ।

ਹੁਣ ਸਾਰੇ ਜਣੇ ਕਲਰਕ ਦੁਆਰਾ ਪੇਸ਼ ਕੀਤੇ ਗਏ ਤੱਥ ‘ਪੁਲਿਸ ਵਾਲਿਆਂ ਦੇ ਸੇਵਾ ਮੁਕਤ ਹੋਣ ਤੋਂ ਪਹਿਲਾਂ ਹੀ ਭੁਗਤ ਜਾਣ’ ਦੀ ਸਚਾਈ ਲੱਭਣ ਲੱਗ ਪਏ ਸਨ। ਸਾਰੇ ਜਣੇ ਆਪਣੇ ਆਪਣੇ ਪਿੰਡਾਂ ਤੇ ਇਲਾਕੇ ਵਿਚਲੇ ਬਹੁਤੇ ਪੁਲਿਸ ਵਾਲਿਆਂ ਦੀ ਉਮਰ ਅਤੇ ਮੌਤ ਬਾਰੇ ਦੱਸ-ਦੱਸ ਕੇ ਉਸ ਤੱਥ ਨੂੰ ਸੱਚਾ ਸਾਬਤ ਕਰਨ ਵਿੱਚ ਲੱਗ ਪਏ ਸਨ। ਮੇਰੇ ਦੁਆਰਾ ਕੀਤੀ ਗਈ ਗੱਲ ਤਾਂ ਘੱਟੇ ਵਿੱਚ ਰੁਲ਼ ਚੁੱਕੀ ਸੀ। ਪਰ ਮੇਰੇ ਸਹਿ-ਕਰਮੀ ਸਹਿਜ-ਸੁਭਾਅ ਬਹਿਸ ਵਿੱਚੋਂ ਉਪਜੇ ਉਸ ਤੱਥ ਉੱਤੇ ਤਾਂ ਪੱਕੀ ਮੋਹਰ ਲਾ ਚੁੱਕੇ ਸਨ ਕਿ ‘ਬਹੁਤੇ ਪੁਲਿਸ ਵਾਲੇ ਆਪਣੀ ਸੇਵਾ ਮੁਕਤੀ ਤੋਂ ਪਹਿਲਾਂ ਜੀਵਨ ਮੁਕਤੀ ਹੀ ਪਾ ਜਾਂਦੇ ਹਨ।’

0-0-0

ਜੁਝਾਰ ਸਿੰਘ ਦੇ ਪਰਿਵਾਰ ਦੀ ਹਾਲਤ ਵਾਲੀ ਕਹਾਣੀ ਨੇ ਮੇਰੇ ਮਨ ’ਤੇ ਬੜਾ ਹੀ ਬੁਰਾ ਅਸਰ ਪਾਇਆ ਸੀ। ਕਈ ਵਾਰ ਮੈਨੂੰ ਖ਼ੁਦ ਨੂੰ ਮਹਿਸੂਸ ਹੋਣ ਲੱਗ ਪੈਂਦਾ ਕਿ ਮੈਂ ਵੀ ਇਸ ਤਰ੍ਹਾਂ ਦੀ ਮਾਨਸਿਕ ਬੀਮਾਰੀ ਦਾ ਸ਼ਿਕਾਰ ਹੁੰਦਾ ਜਾ ਰਿਹਾ ਹਾਂ। ਸ਼ਾਇਦ ਸਾਡੇ ਘਰਦਿਆਂ ਨੇ ਵੀ ਮੇਰੇ ਸੁਭਾਅ ਵਿੱਚ ਆ ਰਹੀ ਇਹ ਤਬਦੀਲੀ ਮਹਿਸੂਸ ਕਰ ਲਈ ਸੀ। ਮੈਨੂੰ ਮੇਰੀਆਂ ਮਾਸੂਮ ਬੱਚੀਆਂ ਦੀਆਂ ਗੱਲਾਂ ਤੋਂ ਮਹਿਸੂਸ ਹੁੰਦਾ ਰਹਿੰਦਾ ਸੀ ਕਿ ਮੇਰੇ ਘਰ ਦੇ ਸਾਰੇ ਜੀਅ ਮੇਰੀ ਗ਼ੈਰ-ਹਾਜ਼ਰੀ ਵਿੱਚ ਮੇਰੇ ਬਾਰੇ ਚਿੰਤਤ ਹੁੰਦੇ ਰਹਿੰਦੇ ਹਨ ਪਰ ਮੇਰੀ ਹਾਜ਼ਰੀ ਵਿੱਚ ਮੇਰਾ ਮਨ ਪਰਚਾਉਣ ਅਤੇ ਠੁੰਮ੍ਹਣਾ ਦੇਣ ਲਈ ਦਿਲ-ਭਰਮਾਊ ਗੱਲਾਂ ਕਰਨ ਲੱਗ ਪੈਂਦੇ ਨੇ। ਕਈ ਵਾਰ ਉਹ ਮੈਨੂੰ ਹਸਾਉਣ ਲਈ ਹਾਸੇ ਵਾਲੀਆਂ ਪੁਰਾਣੀਆਂ ਗੱਲਾਂ ਛੇੜ ਲੈਂਦੇ ਤਾਂ ਕਿ ਮੇਰਾ ਮਨ ਕਿਸੇ ਹੋਰ ਪਾਸੇ ਪੈ ਸਕੇ।

ਸੱਚੀ ਗੱਲ ਇਹ ਸੀ ਕਿ ਹਾਸੇ ਵਾਲੀ ਗੱਲ ਸੁਣ ਕੇ ਮੇਰਾ ਹੱਸਣ ਨੂੰ ਜੀਅ ਹੀ ਨਹੀਂ ਸੀ ਕਰਦਾ। ਸਗੋਂ ਗੱਲ ਸੁਣਾਉਣ ਅਤੇ ਉਸ ਗੱਲ ’ਤੇ ਦੰਦੀਆਂ ਕੱਢਣ ਵਾਲੇ ’ਤੇ ਗੁੱਸਾ ਆਉਣ ਲੱਗ ਪੈਂਦਾ। ਮੈਨੂੰ ਲੱਗਣ ਲੱਗਦਾ ਜਿਵੇਂ ਇਹ ਕਿਸੇ ਹੋਰ ਬੰਦੇ ਦੀ ਗੱਲ ਕਰਕੇ ਹੱਸੀ ਜਾ ਰਹੇ ਹਨ ਅਤੇ ਉਸੇ ਤਰ੍ਹਾਂ ਹੀ ਲੋਕ ਮੇਰੀਆਂ ਗੱਲਾਂ ਕਰ ਕਰ ਕੇ ਹੱਸਦੇ ਤੇ ਸਵਾਦ ਲੈਂਦੇ ਹੋਣਗੇ। ਬੇਸ਼ੱਕ ਇਹ ਮੇਰਾ ਮਨੋ-ਵਹਿਮ ਸੀ, ਪਰ ਮੈਂ ਸੋਚਦਾ, ਜੇ ਕਰ ਮੇਰਾ ਵੱਸ ਚੱਲੇ ਤਾਂ

ਮੈਂ ਹੱਸਣ 'ਤੇ ਪਾਬੰਦੀ ਲਗਵਾਅ ਦੇਵਾਂ।

ਗੱਲੀਂ ਬਾਤੀਂ ਵੀ ਮੈਨੂੰ ਮਹਿਸੂਸ ਹੁੰਦਾ ਸੀ ਕਿ ਮੇਰੇ ਘਰ ਵਾਲੇ ਮੇਰੀ ਇਸ ਅਜੀਬ ਜਿਹੀ ਮਾਨਸਿਕ ਹਾਲਤ ਕਾਰਨ ਅੰਦਰੋ ਅੰਦਰੀ ਬਹੁਤ ਚਿੰਤਤ ਸਨ। ਮੇਰਾ ਖ਼ਿਆਲ ਸੀ ਕਿ ਮੇਰੇ ਆਤਮ-ਹੱਤਿਆ ਬਾਰੇ ਲਿਖੇ ਨੋਟ ਬਾਰੇ ਨਵਜੀਤ ਨੇ ਮੇਰੇ ਘਰ ਵਾਲਿਆਂ ਨੂੰ ਕੋਈ ਸੂਹ ਦੇ ਦਿੱਤੀ ਸੀ ਜਾਂ ਫਿਰ ਇਹਨਾਂ ਨੇ ਮੇਰੇ ਵਿਹਾਰ ਨੂੰ ਭਾਂਪ ਕੇ ਕੋਈ ਅੰਦਾਜ਼ਾ ਲਾਇਆ ਹੋਇਆ ਹੈ।

ਇੱਕ ਛੁੱਟੀ ਵਾਲੇ ਦਿਨ ਮੈਂ ਦਸ ਗਿਆਰਾਂ ਵਜੇ ਤੱਕ ਉੱਠਿਆ ਹੀ ਨਾ। ਬੀਮਾਰਾਂ ਵਾਂਙ ਮੰਜੇ ਉੱਤੇ ਹੀ ਲੇਟਿਆ ਹੋਇਆ ਸਾਂ। ਯਾਦਵਿੰਦਰ ਘਰ ਆ ਗਿਆ ਤੇ ਮੈਨੂੰ ਉਠਾਅ ਕੇ ਉਧਰਲੇ ਘਰ ਵੱਲ ਲੈ ਗਿਆ। ਅਸੀਂ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਉੱਥੇ ਪਹੁੰਚ ਗਏ।

ਗੱਲਾਂ ਗੱਲਾਂ ਵਿੱਚ ਹੀ ਉਸ ਨੇ ਮੈਨੂੰ ਇੱਕ ਕਹਾਣੀ ਸੁਣਾਉਣੀ ਸ਼ੁਰੂ ਕਰ ਦਿੱਤੀ, "ਤੈਨੂੰ ਇੱਕ ਗੱਲ ਦਾ ਪਤੈ ਕਿ ਦੁਆਪਰ ਯੁੱਗ ਵਿੱਚ ਤੇਰੇ ਨਾਮ ਦਾ ਇੱਕ ਭਗਵਾਨ ਵੀ ਹੋਇਐ, ਜੋ ਕੌਰਵਾਂ ਕੋਲੋਂ ਪਾਂਡਵਾਂ ਦਾ ਹੱਕ ਮੰਗਣ ਲਈ ਦੁਰਯੋਧਨ ਕੋਲ ਗਿਆ ਸੀ।" ਮੇਰੀ ਹਾਂ ਸੁਣ ਕੇ ਉਹ ਛਿੜ ਹੀ ਪਿਆ, "ਉਹ ਵੀ ਹਰ ਹਾਲਤ ਵਿੱਚ ਸ਼ਾਂਤੀ ਬਣਾਈ ਰੱਖਣੀ ਚਾਹੁੰਦਾ ਸੀ। ਇਸ ਲਈ ਉਸ ਨੇ ਦੁਰਯੋਧਨ ਨੂੰ ਆਖ ਦਿੱਤਾ ਸੀ ਕਿ ਤੁਸੀਂ ਪੂਰਾ ਰਾਜ ਨਹੀਂ ਦੇਣਾ ਤਾਂ ਘੱਟੋ ਘੱਟ ਪੰਜ ਪਿੰਡ ਹੀ ਦੇ ਦਿਓ। ਪਰ ਹੰਕਾਰੀ ਦੁਰਯੋਧਨ ਉਹਨਾਂ ਨੂੰ ਸੂਈ ਦੀ ਨੋਕ ਜਿੰਨੀਂ ਥਾਂ ਦੇਣ ਲਈ ਵੀ ਤਿਆਰ ਨਾ ਹੋਇਆ ਤਾਂ ਮਜਬੂਰਨ ਉਸ ਨੂੰ ਆਪਣਾ ਵਿਰਾਟ ਰੂਪ ਵਿਖਾਉਣਾ ਪਿਆ ਸੀ ਤੇ ਓਸਨੂੰ ਕਹਿਣਾ ਪਿਆ ਸੀ ਕਿ ਉਹ ਹੁਣ ਸੂਈ ਦੀ ਨੋਕ ਜਿੰਨੀਂ ਜਗ੍ਹਾ ਬਿਲਕੁਲ ਵੀ ਨਹੀਂ ਲੈਣਗੇ ਸਗੋਂ ਹੁਣ ਉਹ ਪੂਰਾ ਰਾਜ ਹੀ ਲੈਣਗੇ। ਕਿਉਂਕਿ ਦੁਰਯੋਧਨ ਨੇ ਆਪਣੇ ਸਾਰੇ ਰਸਤੇ ਬੰਦ ਕਰ ਲਏ ਸਨ।"

"ਪਰ ਤੂੰ ਮੈਨੂੰ ਮਹਾਂਭਾਰਤ ਕਿਉਂ ਸੁਣਾਉਣ ਲੱਗ ਪਿਆ ਏਂ ?" ਮੈਂ ਉਸ ਨੂੰ ਮਜ਼ਾਕ ਨਾਲ ਆਖਿਆ।

"ਯਾਰ, ਮੈਨੂੰ ਲੱਗਦਾ ਹੈ ਕਿ ਤੇਰਾ ਕੇਸ ਬੜੀ ਹੀ ਗੰਭੀਰਤਾ ਨਾਲ ਲੜਿਆ ਜਾਣਾ ਚਾਹੀਦਾ ਹੈ। ਇਸ ਲਈ ਤੂੰ ਕੇਸ ਦੀ ਸਾਰੀ ਚਿੰਤਾ ਮੇਰੇ 'ਤੇ ਛੱਡ। ਤੇਰਾ ਕੇਸ ਮੈਂ ਲੜਾਂਗਾ ਤੇ ਸ਼ਰਤੀਆ ਜਿੱਤ ਕੇ ਵੀ ਵਿਖਾਵਾਂਗਾ।"

"ਉਹ ਕਿਵੇਂ ?" ਮੈਂ ਹੈਰਾਨੀ ਨਾਲ ਪੁੱਛਿਆ।

"ਬੱਸ, ਸ਼ਰਤ ਇਹ ਹੈ ਕਿ ਜਿਵੇਂ ਮੈਂ ਆਖਾਂ, ਤੈਨੂੰ ਓਵੇਂ ਹੀ ਕਰੀ ਚੱਲ।" ਉਸ ਨੇ ਸ਼ਰਤ ਰੱਖੀ।

"ਚੱਲ, ਓਵੇਂ ਵੀ ਕਰ ਲਵਾਂਗਾ, ਪਰ ਜੇ ਫੇਰ ਵੀ ਕੁਝ ਪੱਲੇ ਨਾ ਪਿਆ ਤਾਂ ?" ਮੈਂ ਸ਼ੰਕਾ ਜ਼ਾਹਿਰ ਕੀਤੀ। ਅਸਲ ਵਿੱਚ ਮੈਂ ਕਹਿਣਾ ਚਾਹੁੰਦਾ ਸਾਂ ਕਿ

ਇਸ ਗੱਲ ਦਾ ਜ਼ੁੰਮੇਵਾਰ ਕੌਣ ਹੋਵੇਗਾ।

"ਜੇ ਕੁਝ ਪੱਲੇ ਨਾ ਪਿਆ ਤਾਂ ਤੂੰ ਮੇਰਾ ਨਾਂਅ ਵਟਾਅ ਦੇਵੀਂ। ਸਿਆਣੇ ਕਹਿੰਦੇ ਹੁੰਦੇ ਨੇ ਕਿ ਬੰਦੇ ਕੋਲ ਵੀਹ ਸਾਲ ਦੀ ਉਮਰ ਤੱਕ ਜ਼ੋਰ, ਤੀਹ ਤੱਕ ਅਕਲ ਅਤੇ ਚਾਲੀ ਤੱਕ ਪੈਸਾ ਆਵੇ ਤਾਂ ਆ ਜਾਵੇ ਨਹੀਂ ਤਾਂ ਇਹ ਸਾਰੀ ਉਮਰ ਨਹੀਂ ਆਉਂਦਾ। ਤੇਰੇ ਵਿਰੋਧੀ ਤਾਂ ਤੀਹ ਤੋਂ ਵੀ 'ਗਾਂਹ ਚਾਲੀਆਂ ਤੋਂ ਟੱਪੇ ਹੋਏ ਨੇ ਤੇ ਇਹਨਾਂ ਨੂੰ ਅਜੇ ਤੱਕ ਅਕਲ ਨਹੀਂ ਆਈ। ਇਹਨਾਂ ਨੂੰ ਅਕਲ ਲਿਆਉਣੀ ਹੀ ਪੈਣੀ ਹੈ। ਜਿੱਤ ਤੇਰੀ ਹੀ ਹੋਵੇਗੀ ਭਾਵੇਂ ਮੈਥੋਂ ਲਿਖਵਾਅ ਕੇ ਲੈ ਲਾ।" ਉਸ ਨੇ ਗੰਭੀਰਤਾ ਨਾਲ ਉੱਤਰ ਦਿੱਤਾ।

ਯਾਦਵਿੰਦਰ ਦੇ ਗੱਲ ਕਰਨ ਦੇ ਢੰਗ ਨਾਲ ਮੈਨੂੰ ਰਤਾ ਕੁ ਹੌਸਲਾ ਮਿਲਿਆ ਤੇ ਮੈਂ ਆਖਿਆ, "ਚਲ ਦੱਸ, ਤੇਰੇ ਅਨੁਸਾਰ ਹੀ ਸਹੀ, ਮੈਂ ਕਿੱਥੋਂ ਕੀ ਕਰਨਾ ਸ਼ੁਰੂ ਕਰਾਂ ?"

"ਤੂੰ ਪਹਿਲਾਂ ਆਪਣੇ ਵਾਲ ਕਟਵਾਅ ਕੇ ਆ। ਤੇਰੀ ਦਿੱਖ ਤਾਂ ਪੜ੍ਹੇ-ਲਿਖੇ ਬੰਦਿਆਂ ਵਾਲੀ ਲੱਗੇ। ਦੂਜਾ, ਆਹ ਆਵਦਾ ਬਾਬੇ ਆਦਮ ਵੇਲ਼ੇ ਵਾਲਾ ਮੋਬਾਈਲ ਬਦਲ ਦੇ। ਤੈਨੂੰ ਉਹਨਾਂ ਦੀ ਕਿਤੇ ਵੀ ਕੋਈ ਗ਼ਲਤੀ ਲੱਭਦੀ ਹੋਵੇ ਤੂੰ ਮੂਵੀ ਬਣਾਉਣੀ ਹੀ ਬਣਾਉਣੀ ਏ ਤੇ ਤੀਜਾ, ਤੇਰਾ ਚਿਹਰਾ ਸਦਾ ਹੀ ਖਿੜ੍ਹਿਆ ਹੋਇਆ ਨਜ਼ਰ ਆਉਣਾ ਚਾਹੀਦਾ ਏ। ਦੂਜੀ ਧਿਰ ਨੂੰ ਕਦੇ ਵੀ ਇਹ ਨਹੀਂ ਲੱਗਣਾ ਚਾਹੀਦਾ ਕਿ ਉਹਨਾਂ ਨੇ ਆਪਣੀ ਚਾਲ ਨਾਲ ਤੈਨੂੰ ਦੁੱਖ ਅਤੇ ਫ਼ਿਕਰ ਵਿੱਚ ਪਾ ਦਿੱਤਾ ਹੈ। ਤੂੰ ਉਹਨਾਂ ਨੂੰ ਇਹ ਹੀ ਵਿਖਾਉਣਾ ਹੈ ਕਿ ਤੁਸੀਂ ਜੋ ਕਰਨਾ ਏ, ਕਰੀ ਚੱਲੋ, ਮੈਂ ਤੁਹਾਡੀਆਂ ਇਹੋ ਜਿਹੀਆਂ ਗਿੱਦੜ-ਭਬਕੀਆਂ ਦੀ ਪ੍ਰਵਾਹ ਨ੍ਹੀਂ ਕਰਦਾ।"

ਉਸ ਦੀਆਂ ਗੱਲਾਂ ਸੁਣ ਕੇ ਮੈਂ ਹਾਂ ਵਿੱਚ ਸਿਰ ਮਾਰੀ ਜਾ ਰਿਹਾ ਸਾਂ।

ਉਹ ਲਗਾਤਾਰ ਬੋਲੀ ਜਾ ਰਿਹਾ ਸੀ, "ਇਹ ਦੁਨੀਆ ਛਿੱਤਰ ਦੀ ਯਾਰ ਏ। ਪਿਆਰ ਦੇ ਅਰਥਾਂ ਨੂੰ ਇੱਥੇ ਕੋਈ ਨਹੀਂ ਸਮਝਦਾ। ਜੇ ਇਵੇਂ ਹੀ ਨਰਮਾਈ ਨਾਲ ਹੀ ਪੇਸ਼ ਆਉਂਦਾ ਰਿਹਾ ਤਾਂ ਤੇਰੇ ਵਰਗੇ ਨਰਮ ਬੰਦੇ ਨੂੰ ਤਾਂ ਇੱਥੇ ਕਿਸੇ ਨੇ ਜਿਉਣ ਈ ਨ੍ਹੀਂ ਦੇਣਾ। ਉਹਨਾਂ ਨੇ ਤੇਰੇ 'ਤੇ ਆਪਣੇ ਸਾਰੇ ਤੀਰ ਚਲਾਅ ਲਏ ਨੇ। ਹੁਣ ਉਹ ਤੇਰੇ ਕੁਝ ਵੀ ਨਹੀਂ ਲੱਗਦੇ। ਜੇ ਤੂੰ ਉਹਨਾਂ ਦੇ ਪਰਿਵਾਰਾਂ ਦੀ ਪ੍ਰਵਾਹ ਕਰ ਕੇ ਅੱਧੇ ਮਨ ਨਾਲ ਹੀ ਲੜਾਈ ਲੜੇਂਗਾ ਤਾਂ ਤੂੰ ਕਦੇ ਵੀ ਜਿੱਤ ਪ੍ਰਾਪਤ ਨਹੀਂ ਕਰ ਸਕੇਂਗਾ। ਉਹਨਾਂ ਨੇ ਤੇਰੀ ਹਾਲਤ ਪਾਗ਼ਲਾਂ ਵਰਗੀ ਕਰ ਛੱਡੀ ਐ ਤੇ ਤੂੰ ਆਪਣੇ ਆਪ ਨੂੰ ਉਹਨਾਂ ਦੇ ਸਾਹਮਣੇ ਕਮਜ਼ੋਰ ਸਾਬਤ ਕਰ ਰਿਹਾ ਹੈਂ।"

"ਨਹੀਂ ਅਜਿਹੀ ਤਾਂ ਕੋਈ ਗੱਲ ਨਹੀਂ। ਕਮਜ਼ੋਰੀ ਆਪਾਂ ਕੀ ਵਿਖਾਉਣੀ ਹੈ ?" ਮੈਂ ਬੇਦਿਲ਼ੀ ਜਿਹੀ ਨਾਲ ਆਖਿਆ।

ਉਸ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਹਿਣਾ ਸ਼ੁਰੂ ਕੀਤਾ, "ਹੋਰ ਸੁਣ, ਉਹਨਾਂ ਨੂੰ ਤੇਰੇ 'ਤੇ ਹਾਵੀ ਹੋਣ ਦਾ ਮੌਕਾ ਮਿਲ ਰਿਹਾ ਹੈ। ਜੇ ਤੇਰਾ ਵਤੀਰਾ ਇਹ ਹੀ ਰਿਹਾ ਤਾਂ ਇੱਕ ਦਿਨ ਤੇਰੇ ਤੋਂ ਉਹਨਾਂ ਦਾ ਅਗਲਾ ਮਾਮੂਲੀ ਜਿਹਾ ਵਾਰ ਵੀ ਨਹੀਂ ਝੱਲਿਆ ਜਾਣਾ ਤੇ ਉਹਨਾਂ ਨੇ ਤੈਨੂੰ ਇੱਕੋ ਝਟਕੇ ਨਾਲ ਮੂਲੋਂ ਹੀ ਖ਼ਤਮ ਕਰ ਕੇ ਰੱਖ ਦੇਣਾ ਹੈ। ਜੇ ਇਸ ਦੁਨੀਆ ਵਿੱਚ ਜਿਉਣਾ ਹੈ ਤਾਂ ਤੂੰ ਆਪਣੇ ਦੁਸ਼ਮਣ ਨੂੰ ਕਦੇ ਵੀ ਚੈਨ ਨਾਲ ਸੌਣ ਨਾ ਦੇ। ਉਸ ਲਈ ਕੋਈ ਨਾ ਕੋਈ ਸਮੱਸਿਆ ਖੜ੍ਹੀ ਕਰ ਕੇ ਰੱਖ।"

"ਯਾਰ, ਇੰਝ ਤਾਂ ਇਹ ਝਗੜਾ ਕਦੇ ਵੀ ਖ਼ਤਮ ਨ੍ਹੀਂ ਹੋਣਾ, ਲੜਾਈ ਤਾਂ ਫਿਰ ਵਧੀ ਹੀ ਜਾਵੇਗਾ।" ਮੈਂ ਉਸ ਨੂੰ ਟੋਕਿਆ।

ਮੇਰੀ ਗੱਲ ਨੂੰ ਵਿਚਾਲੇ ਰੋਕਦਾ ਉਹ ਜ਼ਰਾ ਕੁ ਹੋਰ ਤੈਸ਼ ਵਿੱਚ ਆ ਕੇ ਬੋਲਿਆ, "ਇਹ ਨਾ ਸਮਝੀਂ ਕਿ ਮੈਂ ਤੈਨੂੰ ਕਿਸੇ ਨਾਲ ਲੜਣ ਨੂੰ ਆਖ ਰਿਹਾ ਹਾਂ। ਇੱਕ ਗੱਲ ਦੱਸ ਕਿ ਤੂੰ ਤਾਂ ਅਗਲੇ ਦੇ ਘਰ ਨਹੀਂ ਗਿਆ ਸੀ ਕਿ ਆਓ, ਮੇਰੇ ਨਾਲ ਲੜੋ। ਮੇਰੇ 'ਤੇ ਕੇਸ ਦਰਜ ਕਰਾਓ। ਉਹਨਾਂ ਨੇ ਹੀ ਕੀਤਾ ਏ ਨਾ ਸਭ ਕੁਝ ? ਜੇ ਉਹ ਲੜਾਈ ਮੁਕਾਉਣੀ ਚਾਹੁੰਦੇ ਹੁੰਦੇ ਤਾਂ ਜਦ ਉਹਨਾਂ ਨੂੰ ਨਗਰ ਨਿਗਮ ਵਾਲਿਆਂ ਨੇ ਆਖ ਦਿੱਤਾ ਸੀ ਤੇ ਪਿੱਛੋਂ ਮੇਡੀਏਸ਼ਨ ਵਿਭਾਗ ਨੇ ਵੀ ਕਹਿ ਦਿੱਤਾ ਸੀ ਕਿ ਤੁਹਾਡੇ ਪੱਲੇ ਕੁਝ ਵੀ ਨਹੀਂ ਹੈ ਤਾਂ ਉਸ ਵੇਲ਼ੇ ਹੀ ਉਹਨਾਂ ਨੂੰ ਆਪਣੀ ਗ਼ਲਤੀ ਮੰਨ ਕੇ ਝਗੜਾ ਖ਼ਤਮ ਕਰ ਦੇਣਾ ਬਣਦਾ ਸੀ। ਹੁਣ ਤੂੰ ਹੀ ਦੱਸ, ਉਹਨਾਂ ਨੇ ਅਜਿਹਾ ਕੀਤਾ ? ਨਹੀਂ ਕੀਤਾ ਨਾ। ਇੱਧਰ ਇੱਕ ਤੂੰ ਸੀ, ਜਿਸ ਨੇ ਮਲਕੀਤ ਨੂੰ ਸੱਦ ਕੇ ਮਿੰਨਤ ਤਰਲਾ ਕਰ ਕੇ ਵੀ ਵੇਖ ਲਿਆ ਪਰ ਉਹਨਾਂ ਦਾ ਹੰਕਾਰ ਉਹਨਾਂ ਨੂੰ ਸਮਝੌਤਾ ਕਰਨ ਹੀ ਨਹੀਂ ਦੇ ਰਿਹਾ। ਜਦ ਉਹ ਤੇਰੇ ਨਾਲ ਲੜਾਈ ਵਧਾਅ ਕੇ ਰਾਜ਼ੀ ਨੇ ਤਾਂ ਤੈਨੂੰ ਵੀ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਹੀ ਪਵੇਗਾ। ਆਹ, ਗੁਰਨੇਕ ਹੀ ਐ ਨਾ, ਬੁੱਢਾ ਘੋੜਾ, ਦਿਲ ਦਾ ਮਰੀਜ਼, ਇਹ ਆਪਣੇ ਇੱਕ 'ਲੱਥ੍ਹੇ ਦੀ ਮਾਰ ਨਹੀਂ ਪਰ ਤੈਨੂੰ ਦੇਈ ਜਾਂਦਾ ਏ ਨਾ, ਟੈਨਸ਼ਨ 'ਤੇ ਟੈਨਸ਼ਨ।"

ਗੱਲ ਸੁਣਦੇ ਸਾਰ ਗੁੱਸੇ ਵਿੱਚ ਮੇਰੇ ਖੱਬੇ ਹੱਥ ਦੀ ਮੁੱਠ ਮੀਚੀ ਗਈ ਸੀ। ਮੇਰੀ ਇਸ ਹਰਕਤ ਨੂੰ ਵੇਖ ਕੇ ਜਿਵੇਂ ਉਸ ਨੂੰ ਲੱਗਣ ਲੱਗਾ ਪਿਆ ਸੀ ਕਿ ਉਸ ਦੀਆਂ ਗੱਲਾਂ ਦਾ ਮੇਰੇ 'ਤੇ ਅਸਰ ਹੋਣ ਲੱਗ ਪਿਆ ਹੈ ਤਾਂ ਉਹ ਹੋਰ ਜ਼ੋਸ਼ ਵਿੱਚ ਬੋਲਣ ਲੱਗ ਪਿਆ, "ਹੁਣ ਮੇਰੀ ਰਾਇ ਮੁਤਾਬਕ ਚੱਲ। ਆਪਾਂ ਇਹਨਾਂ ਨੂੰ ਵੀ ਰਾਤ ਨੂੰ ਸੌਣ ਨਹੀਂ ਦੇਣਾ। ਇਹ ਗੁਰਨੇਕੇ ਦੀ ਦਵਾਈਆਂ ਦੀ ਖ਼ੁਰਾਕ ਦੁੱਗਣੀ ਨਾ ਹੋ ਗੀ ਤਾਂ ਮੈਨੂੰ ਫ਼ੜ ਲੀਂ, ਤੇ ਆਹ ਪੁਲਸੀਏ ਹੀ ਆਫਰੇ ਫਿਰਦੇ ਆ ਨਾ, ਇਹ ਤਾਂ ਜਿਹੜੇ ਨਿੱਤ ਦੇ ਤਾਂ ਕੀ, ਹਰ ਪਲ ਦੇ ਚੋਰ ਹੁੰਦੇ ਆ। ਬੱਸ, ਤੂੰ ਇਹਨਾਂ ਦੀ ਚੋਰੀ ਨੂੰ ਰੰਗੇ ਹੱਥੀਂ ਫੜਨਾ ਏਂ। ਤੂੰ ਇਹਨਾਂ ਦੇ

ਕਾਲ਼ੇ ਕਾਰਨਾਮਿਆਂ ਨੂੰ ਅਕਲੋਂ ਅੰਨ੍ਹੇ ਅਫ਼ਸਰਾਂ ਦੇ ਅੱਗੇ ਸਬੂਤਾਂ ਸਮੇਤ ਪੇਸ਼ ਕਰਨਾ ਏ।ਬੱਸ, ਵਧੀਆ ਜਿਹਾ ਮੋਬਾਈਲ ਲੈ ਤੇ ਇਹਨਾਂ ਦੀ ਜਸੂਸੀ ਸ਼ੁਰੂ ਕਰ ਦੇ ।"

"ਯਾਰ, ਮੈਨੂੰ ਨ੍ਹੀਂ ਲੱਗਦਾ ਕਿ ਆਪਣੇ ਹੱਥ ਪੱਲੇ ਵੀ ਕੁਝ ਪਵੇਗਾ।ਕੋਈ ਹੋਰ ਮੁਸੀਬਤ ਨਾ ਖੜ੍ਹੀ ਕਰ ਲਈਏ ਆਪਾਂ।" ਮੈਂ ਉਸ ਨੂੰ ਟੋਕਦੇ ਹੋਏ ਕਿਹਾ।

"ਯਾਰ, ਮੁਸੀਬਤਾਂ ਵੀ ਉਸ ਬੰਦੇ 'ਤੇ ਹੀ ਆਉਂਦੀਆਂ ਹੁੰਦੀਐਂ, ਜਿਹੜਾ ਇਹਨਾਂ ਦਾ ਟਾਕਰਾ ਕਰ ਕੇ ਨਾਇਕ ਬਨਣ ਦੀ ਸਮਰੱਥਾ ਰੱਖਦਾ ਹੋਵੇ।ਨਾਲੇ ਹੋਰ ਸੁਣ, ਦੁਨੀਆ ਦਾ ਅਜਿਹਾ ਕੋਈ ਵੀ ਨਾਇਕ ਨਹੀਂ ਹੋਇਆ ਜਿਹੜਾ ਖਲਨਾਇਕਾਂ ਦੁਆਰਾ ਪੈਦਾ ਕੀਤੀਆਂ ਹੋਈਆਂ ਮੁਸ਼ਕਿਲ ਪ੍ਰਸਥਿੱਤੀਆਂ ਵਿੱਚ ਦੀ ਨਾ ਲੰਘਿਆ ਹੋਵੇ।" ਯਾਦਵਿੰਦਰ ਨੇ ਪੂਰੀ ਮੁਸਤੈਦੀ ਨਾਲ ਗੱਲ ਕੀਤੀ।

"ਛੱਡ ਯਾਰ, ਅਗਲਿਆਂ ਨੇ ਮੇਰੇ 'ਤੇ ਮੁਕੱਦਮਾ ਠੋਕਿਆ ਹੋਇਆ ਤੇ ਤੂੰ ਮੈਨੂੰ ਨਾਇਕ ਬਣਾਈ ਜਾਂਦੈਂ, ਵਾਹ ਬਈ ਵਾਹ।" ਬੇਸ਼ੱਕ ਉਸ ਦੀਆਂ ਗੱਲਾਂ ਮੈਨੂੰ ਮਨੋਂ ਚੰਗੀਆਂ ਲੱਗ ਰਹੀਆਂ ਸਨ ਪਰ ਮੈਂ ਉਸ ਨੂੰ ਟੋਕ ਦਿੱਤਾ।

"ਨਾਇਕ ਵੀ ਆਮ ਬੰਦਿਆਂ ਵਾਂਙ ਹੀ ਜੰਮੇ ਹੋਏ ਹੁੰਦੇ ਨੇ, ਉਹ ਕਿਹੜਾ ਆਕਾਸ਼ੋਂ ਉੱਤਰੇ ਹੁੰਦੇ ਨੇ।ਮੁਕੱਦਮਿਆਂ ਦਾ ਕੀ ਹੈ, ਇਹ ਤਾਂ ਆਮ ਵਰਤਾਰਾ ਹੈ।" ਯਾਦਵਿੰਦਰ ਨੇ ਮੇਰੇ ਮੋਢੇ 'ਤੇ ਹੱਥ ਰੱਖਦੇ ਹੋਏ ਆਖਿਆ।

ਇਸ ਤੋਂ ਬਾਅਦ ਵੀ ਅਸੀਂ ਕਾਫ਼ੀ ਦੇਰ ਇਸ ਸਬੰਧੀ ਚਰਚਾ ਕਰਦੇ ਰਹੇ।

ਯਾਦਵਿੰਦਰ ਦੀਆਂ ਗੱਲਾਂ ਸੁਣ ਕੇ ਜਿਵੇਂ ਮੇਰੇ ਅੰਦਰ ਇੱਕ ਨਵੀਂ ਹੀ ਤਾਕਤ ਅਤੇ ਜ਼ੋਸ਼ ਭਰ ਗਿਆ ਸੀ।ਇਹ ਗੱਲਾਂ ਮਹਾਂਭਾਰਤ ਵਿਚਲੇ ਗੀਤਾ ਸਾਰ ਵਰਗੀਆਂ ਹੀ ਸਨ।ਇੱਕ ਵਾਰ ਪਹਿਲਾਂ ਵੀ ਮੈਂ ਆਪਣੇ ਵਕੀਲ ਕੋਲੋਂ ਅਜਿਹਾ ਹੀ ਗੀਤਾ ਸਾਰ ਸੁਣ ਚੁੱਕਾ ਸਾਂ ਅਤੇ ਉਸ ਦਿਨ ਇਸ ਗੀਤਾ ਉਪਦੇਸ਼ ਨੂੰ ਦੂਜੀ ਵਾਰ ਸੁਣਿਆ ਤਾਂ ਮੈਨੂੰ ਆਪਣੇ ਸਰੀਰ ਵਿੱਚ ਇੱਕ ਅਜੀਬ ਤੇ ਨਵੀਂ ਕਿਸਮ ਦੀ ਸ਼ਕਤੀ ਮਹਿਸੂਸ ਹੋਣ ਲੱਗ ਪਈ ਸੀ।ਮੈਂ ਮਹਿਸੂਸ ਕੀਤਾ ਕਿ ਮੈਂ ਵੀ ਅਰਜੁਨ ਵਾਂਙ ਹੀ ਹਥਿਆਰ ਸੁੱਟ ਗਿਆ ਸਾਂ ਤੇ ਯਾਦਵਿੰਦਰ ਮੈਨੂੰ ਕ੍ਰਿਸ਼ਨ ਬਣ ਕੇ ਰਣ-ਭੂਮੀ ਵਿੱਚ ਡਟਣ ਲਈ ਹੌਸਲਾ ਦੇ ਕੇ ਫਿਰ ਤੋਂ ਆਪਣੇ ਹੱਕ ਲਈ ਲੜਣ ਲਈ ਤਿਆਰ ਕਰ ਗਿਆ ਸੀ।

ਮੈਂ ਉਸੇ ਤਰ੍ਹਾਂ ਹੀ ਕੀਤਾ।ਪਹਿਲਾਂ ਤਾਂ ਆਪਣਾ ਹੁਲੀਆ ਬਦਲਿਆ।ਫਿਰ, ਮੇਰੇ ਵਾਂਙ ਢੀਚਕ ਜਿਹੇ ਬਣ ਚੁੱਕੇ ਮੋਟਰ-ਸਾਈਕਲ ਦੀ ਮੁਰੰਮਤ ਕਰਵਾਈ।ਉਸ ਦੇ ਟਾਇਰ-ਟਿਊਬ ਤੱਕ ਵੀ ਬਦਲ ਕੇ ਉਸ ਨੂੰ

'ਯੈਂਕੀ' ਜਿਹਾ ਬਣਾਅ ਲਿਆ। ਉਸੇ ਦਿਨ ਹੀ ਇੱਕ ਮਹਿੰਗਾ ਮੋਬਾਈਲ ਵੀ ਲੈ ਲਿਆ। ਦੁਪਹਿਰੋਂ ਬਾਅਦ ਮੈਂ ਤਿੰਨ-ਚਾਰ ਨਵੀਆਂ ਜੀਨਾਂ ਅਤੇ ਟੀ-ਸ਼ਰਟਾਂ ਵੀ ਖਰੀਦਣ ਤੋਂ ਇਲਾਵਾ ਘਰ ਪਾਉਣ ਲਈ ਤਿੰਨ ਮਹਿੰਗੇ ਤੇ ਟੌਹਰੀ ਜਿਹੇ ਕੁੜਤੇ ਪਜਾਮੇ ਦਰਜੀ ਨੂੰ ਸਿਉਣੇ ਵੀ ਦੇ ਆਇਆ।

ਦਿਨ ਢਲੇ ਮੈਂ ਘਰ ਵਾਪਸ ਆ ਗਿਆ ਸਾਂ ਤੇ ਯਾਦਵਿੰਦਰ ਨੂੰ ਇਹ ਸਭ ਕੁਝ ਵਿਖਾਉਣ ਲਈ ਨਵੇਂ ਮੋਬਾਈਲ ਤੋਂ ਪਹਿਲਾ ਫ਼ੋਨ ਕਰ ਕੇ ਘਰ ਸੱਦ ਲਿਆ। ਕਿਣਮਿਣ ਕਾਰਨ ਮੌਸਮ ਵੀ ਸੁਹਾਵਣਾ ਹੋ ਗਿਆ ਸੀ। ਜਦ ਯਾਦਵਿੰਦਰ ਨੇ ਇਹਨਾਂ ਸਭ ਨਵੀਆਂ ਚੀਜ਼ਾਂ ਦੀ ਪਾਰਟੀ ਮੰਗੀ ਤਾਂ ਮੈਂ ਨਾਂਹ ਨਾ ਕਰ ਸਕਿਆ। ਜਦ ਮੈਂ ਉਸ ਦੀ ਪਸੰਦੀਦਾ ਦਾਰੂ ਦੀ ਬੋਤਲ ਕੱਢ ਕੇ ਮੇਜ਼ ਉੱਤੇ ਰੱਖੀ ਤਾਂ ਆਖਣ ਲੱਗਾ, "ਇਹ ਪਾਰਟੀ ਇੱਥੇ ਨ੍ਹੀਂ ਕਰਨੀ। ਉਸ ਰਣ ਭੂਮੀ ਵਿੱਚ ਹੀ ਚੱਲ। ਨਾਲੇ ਸਾਰੇ ਜੁਆਕਾਂ ਨੂੰ ਸੱਦ ਲੈ। ਇਹਨਾਂ ਦੀ ਵੀ ਉੱਥੇ ਹੀ ਮਸਤੀ ਕਰਵਾਅ ਦਿੰਦੇ ਹਾਂ।"

ਸਾਰੀ ਬੱਚਾ ਪਾਰਟੀ ਨੂੰ ਲੈ, ਖਾਣ ਪੀਣ ਦਾ ਸਾਮਾਨ ਕੱਛੇ ਮਾਰ, ਅਸੀਂ ਦੋਵੇਂ ਉਸ ਘਰ ਚਲੇ ਗਏ। ਉਸ ਘਰ ਜਾ ਕੇ ਯਾਦਵਿੰਦਰ ਨੇ ਬੱਚਿਆਂ ਨੂੰ ਆਪਣੇ ਕੋਲ ਸੱਦ ਲਿਆ ਤੇ ਆਖਣ ਲੱਗਾ, "ਇੱਥੇ ਜਿੰਨਾ ਮਰਜ਼ੀ ਖੇਡ ਲਓ। ਘਰੇ ਅਸੀਂ ਤੁਹਾਨੂੰ ਮਨ੍ਹਾਂ ਕਰਦੇ ਹੁੰਦੇ ਆਂ ਨਾ ਕਿ ਰੌਲ਼ਾ ਨ੍ਹੀਂ ਪਾਉਣਾ। ਹੁਣ ਤੁਹਾਨੂੰ ਖੁੱਲ੍ਹੀ ਛੁੱਟੀ ਹੈ, ਜਿੰਨਾਂ ਮਰਜ਼ੀ ਰੌਲ਼ਾ ਪਾ ਲਵੋ।"

ਉਸ ਦੇ ਏਨਾ ਆਖਣ ਦੀ ਦੇਰ ਸੀ ਕਿ ਬੱਚਿਆਂ ਨੇ ਰੌਲ਼ਾ ਪਾਉਣਾ ਸ਼ੁਰੂ ਕਰ ਦਿੱਤਾ। ਉਹ ਹੁੜਦੰਗ ਮਚਾਉਂਦੇ ਹੋਏ ਆਪੋ-ਆਪਣੀ ਖੇਡ ਵਿੱਚ ਮਸਤ ਹੋ ਗਏ। ਅਸੀਂ ਆਪਣੀਆਂ ਗਲਾਸੀਆਂ ਟਕਰਾਅ ਕੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਸਾਡੇ ਗੱਲਾਂ ਕਰਦੇ-ਕਰਦੇ ਹੀ ਮੇਰੀ ਛੋਟੀ ਬੇਟੀ ਨੰਨੂ ਰੋਂਦੀ ਹੋਈ ਸਾਡੇ ਕੋਲ ਆ ਗਈ, "ਪਾਪਾ ਵੇਖੋ, ਮੈਂ ਘਰ ਬਣਾਉਂਦੀ ਆਂ ਤੇ ਇਹ ਸਾਰੇ ਰਲ਼ ਕੇ ਢਾਹ ਜਾਂਦੇ ਆ।" ਉਸ ਨੇ ਦੂਜੇ ਵੱਡੇ ਬੱਚਿਆਂ ਦੀ ਸ਼ਿਕਾਇਤ ਲਾਈ।

"ਕੋਈ ਨ੍ਹੀਂ ਪੁੱਤ, ਤੂੰ ਆਪਣਾ ਘਰ ਪਰਲੇ ਪਾਸੇ ਜਾ ਕੇ ਬਣਾਅ ਲੈ।" ਮੈਂ ਉਸ ਨੂੰ ਸੁਭਾਵਕ ਹੀ ਆਖ ਦਿੱਤਾ ਸੀ ਤੇ ਉਹ ਚੁੱਪ ਕਰਕੇ ਮੁੜ ਗਈ। ਅਜੇ ਪੰਜ ਕੁ ਮਿੰਟ ਹੀ ਹੋਏ ਸਨ ਕਿ ਉਹ ਰੋਂਦੀ ਹੋਈ ਦੁਬਾਰਾ ਆ ਗਈ ਤੇ ਫਿਰ ਉਹੀ ਸ਼ਿਕਾਇਤ ਲਾਉਣ ਲੱਗ ਪਈ।

"ਕੋਈ ਨਾ ਪੁੱਤ, ਤੂੰ ਕਿਸੇ ਹੋਰ ਪਾਸੇ ਜਾ ਕੇ ਖੇਡ ਲੈ।" ਮੈਂ ਉਸ ਨੂੰ ਆਪਣੇ ਨਾਲ ਲਾਉਂਦਿਆਂ ਵਰਾਉਣ ਦੇ ਢੰਗ ਨਾਲ ਆਖਿਆ।

ਇਹ ਸ਼ਬਦ ਅਜੇ ਮੇਰੇ ਮੂੰਹ ਵਿੱਚ ਹੀ ਸਨ ਕਿ ਯਾਦਵਿੰਦਰ ਸਰੂਰ ਵਿੱਚ ਆਇਆ ਮੈਨੂੰ ਪਿਆਰ ਜਿਹੇ ਨਾਲ ਪੈ ਨਿਕਲਿਆ, "ਵੇਖ ਲਿਆ ਤੇਰਾ

ਇਨਸਾਫ਼ ਵੀ। ਦੂਜੇ ਉਹਦਾ ਘਰ ਢਾਈ ਜਾਂਦੇ ਆ ਤੇ ਤੂੰ ਇਸ ਨੂੰ ਹੀ ਆਖੀ ਜਾਂਦਾ ਏ ਕਿ ਤੂੰ ਹੋਰ ਪਾਸੇ ਜਾ ਕੇ ਖੇਡ ਲੈ। ਬੇਇਨਸਾਫ਼ੀ ਤਾਂ ਇਹਦੇ ਨਾਲ ਹੋਈ ਏ ਤੇ ਤੂੰ ਜ਼ੋਰਾਵਰਾਂ ਨੂੰ ਝਿੜਕਣ ਦੀ ਬਜਾਇ ਇਸ ਮਜ਼ਲੂਮ ਨੂੰ ਹੀ ਆਖੀ ਜਾਂਦਾ ਏ ਕਿ ਕਿਸੇ ਹੋਰ ਪਾਸੇ ਜਾ ਕੇ ਖੇਡ ਲੈ। ਬੱਲੇ ਉਏ ਤੇਰੇ।" ਆਖਦਾ ਹੋਇਆ ਉਹ ਨੰਨ੍ਹੂੰ ਨੂੰ ਬਾਂਹੋਂ ਫੜ ਕੇ ਉਸ ਦੇ ਢੱਠੇ ਹੋਏ 'ਘਰ' ਕੋਲ ਲੈ ਗਿਆ।

ਮੈਨੂੰ ਤਾਂ ਉਸਦੀ ਕੜਕਵੀਂ ਆਵਾਜ਼ ਹੀ ਸੁਣੀ ਸੀ, "ਓਏ ਗੱਲ ਸੁਣ ਲੋ ਕੰਨ ਖੋਲ੍ਹ ਕੇ, ਨੰਨ੍ਹੂੰ ਤਾਂ ਏਥੇ ਹੀ ਖੇਡੇਗੀ। ਜੇ ਕਿਸੇ ਨੇ ਇਹਦਾ ਘਰ ਢਾਹਿਆ ਤਾਂ ਵੇਖ ਲਿਓ, ਕਿਵੇਂ ਛਿੱਤਰ-ਪ੍ਰੇਡ ਹੁੰਦੀ ਏ, ਥੋਡੀ। ਸੁਣ ਗਿਆ ਨਾ ?"

ਮੈਨੂੰ ਅੰਦਰ ਬੈਠੇ ਨੂੰ ਭਾਸਿਆ ਕਿ ਉਹ ਛੋਟੇ ਬੱਚਿਆਂ ਨੂੰ ਘੱਟ ਅਤੇ ਗੁਆਂਢੀਆਂ ਨੂੰ ਵੱਧ ਸੁਣਾਅ ਰਿਹਾ ਹੈ।

ਏਨਾ ਆਖ ਕੇ ਉਹ ਫਿਰ ਮੇਰੇ ਕੋਲ ਆ ਕੇ ਬੈਠ ਗਿਆ ਤੇ ਆਖਣ ਲੱਗਾ, "ਆਪਾਂ ਆਖੀ ਤਾਂ ਜਾਂਦੇ ਆਂ ਕਿ ਸੱਤਾਧਾਰੀ ਬੰਦੇ ਕਿਸੇ ਦੀ ਸੁਣਦੇ ਨ੍ਹੀਂ। ਹੁਣ ਤੂੰ ਹੀ ਦੱਸ, ਤੇਰਾ ਦੋ ਪੈੱਗ ਪੀ ਕੇ ਬਾਹਰ ਵਿਹੜੇ ਤੱਕ ਜਾਣ ਨੂੰ ਜੀਅ ਨ੍ਹੀਂ ਕੀਤਾ। ਜਿਹੜੇ ਬੰਦੇ ਰਹਿੰਦੇ ਹੀ ਸਦਾ ਨਸ਼ੇ ਵਿੱਚ ਆ, ਉਹਨਾਂ ਦਾ ਉੱਠਣ ਨੂੰ ਕਿੱਥੋਂ ਜੀਅ ਕਰਦਾ ਹੋਵੇਗਾ ?"

"ਆਹ ਹੀ ਫਰਕ ਐ ਸਰਕਾਰਾਂ ਦਾ। ਇੱਕ ਤਾਂ ਨਸ਼ੇ ਵਿੱਚ ਬੈਠੀਆਂ ਹੀ ਆਖਦੀਆਂ ਰਹਿੰਦੀਆਂ ਨੇ, ਜਾਓ ਪਰ੍ਹੇ ਹੋ ਕੇ ਖੇਡੋ। ਚਾਹੇ ਲੜੋ, ਚਾਹੇ ਮਰੋ ਪਰ ਸਾਨੂੰ ਤੰਗ ਨਾ ਕਰੋ ਤੇ ਦੂਜੀਆਂ ਝੱਟ ਦੇਣੇ ਉੱਠ ਕੇ ਮਾਸੂਮਾਂ ਦੀ ਮਦਦ ਕਰਨ ਲੱਗ ਪੈਂਦੀਆਂ ਨੇ। ਯਾਰ, ਆਪਣੇ ਦੇਸ਼ ਵਿੱਚ ਇਹੋ ਜਿਹੀਆਂ ਸਰਕਾਰਾਂ ਕਦੋਂ ਬਣਨੀਆਂ ਸ਼ੁਰੂ ਹੋਣਗੀਆਂ ?" ਉਸ ਵੇਲ਼ੇ ਮੈਨੂੰ ਉਸ ਦੇ ਨਾਲ ਹੀ ਬੱਚਿਆਂ ਕੋਲ ਨਾ ਜਾਣ ਦਾ ਅਫ਼ਸੋਸ ਵੀ ਹੋਇਆ ਸੀ ਪਰ ਮੈਂ ਆਪਣੀ ਇਸ ਨਾਕਾਮੀ ਨੂੰ ਛੁਪਾਉਣ ਲਈ ਉਸ ਦੀ ਗੱਲ ਨੂੰ ਟਾਲਣ ਦੀ ਕੋਸ਼ਿਸ਼ ਕਰ ਰਿਹਾ ਸਾਂ।

"ਆਪਣੇ ਦੇਸ਼ 'ਚ ਅਜਿਹੀਆਂ ਸਰਕਾਰਾਂ ਉਦੋਂ ਤੱਕ ਨਹੀਂ ਆਉਣੀਆਂ ਜਦੋਂ ਤੱਕ ਤੇਰੇ ਵਰਗੇ ਪੜ੍ਹੇ ਲਿਖੇ ਤੇ ਚੇਤੰਨ ਬੰਦੇ ਆਪਣੇ ਹੱਕਾਂ ਦਾ ਸਹੀ ਇਸਤੇਮਾਲ ਨਹੀਂ ਕਰਨ ਲਗਦੇ ਤੇ ਘੇਸਲ ਮਾਰ ਕੇ ਸੁੱਤੀਆਂ ਹੋਈਆਂ ਘੋਗਲ-ਕੰਨੀਆਂ ਸਰਕਾਰਾਂ ਨੂੰ ਹੁੱਝਾਂ ਮਾਰ-ਮਾਰ ਕੇ, ਜਾਗਣ ਲਈ ਮਜਬੂਰ ਨਹੀਂ ਕਰਨ ਲੱਗ ਪੈਂਦੇ।" ਉਹ ਪੈੱਗ ਅੰਦਰ ਲੰਘਾਉਂਦਾ ਤਰਾਰੇ ਜਿਹੇ 'ਚ ਆ ਕੇ ਬੋਲਿਆ।

ਅਸੀਂ ਘੰਟੇ ਦੇ ਕਰੀਬ ਉੱਥੇ ਬੈਠੇ ਰਹੇ ਸਾਂ ਪਰ ਫਿਰ ਨੰਨ੍ਹੂੰ ਦਾ ਬਣਾਇਆ ਘਰ ਢਾਹੁੰਣ ਦਾ ਕਿਸੇ ਵੀ ਬੱਚੇ ਨੇ ਹੀਆ ਨਾ ਕੀਤਾ। ਉਹ ਡਰ ਦੇ ਮਾਰੇ ਉਸ

ਵਾਲੇ ਪਾਸੇ ਗਏ ਹੀ ਨਹੀਂ ਸਨ।

ਉਂਝ ਬੱਚਿਆਂ ਦੇ ਸ਼ੋਰ-ਸ਼ਰਾਬੇ ਕਾਰਨ ਅੱਜ ਕਈ ਦਿਨਾਂ ਬਾਅਦ ਸੁੰਨਾ ਪਿਆ ਇਹ ਘਰ, ਵਸਦੇ ਰਸਦੇ ਘਰਾਂ ਵਿੱਚ ਸ਼ਾਮਿਲ ਹੋਇਆ ਹੋਇਆ ਲਗਦਾ ਸੀ।ਕਈ ਦਿਨਾਂ ਬਾਅਦ ਲਾਲ ਪਰੀ ਗਲੇ ਅੰਦਰ ਲੰਘਣ ਕਾਰਨ ਮੈਂ ਉਸ ਰਾਤ ਨੂੰ ਹੀ ਮਾੜੀ ਜਿਹੀ ਚੈਨ ਦੀ ਨੀਂਦ ਸੌਂ ਸਕਿਆ ਸਾਂ।

ਸਵੇਰ ਨੂੰ ਉੱਠਣ ਵੇਲ਼ੇ ਮੈਂ ਆਪਣੇ-ਆਪ ਨੂੰ ਫੁੱਲ ਵਾਂਙ ਹੌਲ਼ਾ ਮਹਿਸੂਸ ਕਰ ਰਿਹਾ ਸਾਂ।ਮੇਰਾ ਦਿਲ ਕੀਤਾ ਕਿ ਮੈਂ ਸੈਰ ਕਰਨ ਜਾਵਾਂ ਪਰ ਜਦ ਘੜੀ ਵੱਲ ਨਿਗ੍ਹਾ ਮਾਰੀ ਤਾਂ ਪਤਾ ਲੱਗਾ ਕਿ ਮੇਰੇ ਕੋਲ ਸੈਰ ਜੋਗਾ ਵੇਲ਼ਾ ਨਹੀਂ ਸੀ।ਨਹਾਅ-ਧੋ ਕੇ ਜਦ ਨਵੇਂ ਕੱਪੜੇ ਪਾ ਕੇ ਸ਼ੀਸ਼ੇ ਅੱਗੇ ਖੜ੍ਹਾ ਹੋਇਆ ਤਾਂ ਮੈਨੂੰ ਆਪਣੇ ਆਪ ਦੀ ਪਹਿਚਾਣ ਹੀ ਨਾ ਆਈ।ਕਈ ਦਿਨਾਂ ਬਾਅਦ ਮੇਰੇ ਨਵੇਂ ਕੱਪੜੇ ਪਾਏ ਹੋਏ ਵੇਖ ਕੇ ਬੱਚੇ ਵੀ ਪੂਰੇ ਖੁਸ਼ ਸਨ।ਉਹ ਆਪਣੀ ਖੁਸ਼ੀ ਮੂੰਹੋਂ ਆਖ ਕੇ ਤਾਂ ਨਹੀਂ ਦੱਸ ਸਕਦੇ ਸਨ ਪਰ ਉਹਨਾਂ ਦੇ ਸਵੇਰੇ-ਸਵੇਰੇ ਹੀ ਨੱਚਣ-ਕੁੱਦਣ ਅਤੇ ਹੱਸਦੇ-ਹੱਸਦੇ ਹੀ ਸਕੂਲ ਜਾਣ ਲਈ ਤਿਆਰ ਹੋ ਜਾਣ ਦੇ ਕਾਰਨ ਮੈਂ ਉਹਨਾਂ ਦੀ ਅੰਦਰੂਨੀ ਭਾਵਨਾ ਨੂੰ ਬਿਨਾ ਬੋਲੇ ਜਾਂ ਸੁਣੇ ਹੀ ਸਮਝ ਰਿਹਾ ਸਾਂ।ਇਹ ਮੈਨੂੰ ਚੰਗਾ ਚੰਗਾ ਵੀ ਲੱਗਿਆ ਸੀ।

ਸਕੂਲ ਵਿੱਚ ਵੀ ਸਭ ਨੂੰ ਮੇਰੀ ਨਵੀਂ ਦਿੱਖ ਵੇਖ ਕੇ ਹੈਰਾਨੀ ਹੋਈ।ਕਲਰਕ ਪਰਮਿੰਦਰ ਖਹਿਰਾ, ਜਿਹੜਾ ਕਿ ਹਰ ਵਕਤ ਮੇਰੇ ਨਾਲ ਹਾਸਾ ਠੱਠਾ ਕਰਦਾ ਰਹਿੰਦਾ ਸੀ, ਮੈਨੂੰ ਵੇਖਦਿਆਂ ਸਾਰ ਹੀ ਬੋਲਿਆ, "ਆਹ, ਨਵਾਂ ਸੂਟ ਤਾਂ ਪੁਲਿਸ ਵਾਲੇ ਮਾਮਾ ਜੀ ਨੇ ਦਿੱਤਾ ਲੱਗਦੈ ?"

"ਨਹੀਂ, ਤੇਰੀ ਜੱਜ ਮਾਸੀ ਨੇ ਭੇਜਿਆ ਏ, ਬਈ ਮੇਰੇ ਭਾਣਜੇ ਦਾ ਦੋਸਤ ਬਾਹਲਾ ਹੀ ਦੁਖੀ ਏ।ਸ਼ਾਇਦ ਨਵੇਂ ਸੂਟ ਨਾਲ ਹੀ ਖੁਸ਼ ਹੋ ਜਾਵੇ।" ਮੈਂ ਵੀ ਉਸੇ ਅੰਦਾਜ਼ 'ਚ ਹੀ ਨਹਿਲੇ ਉੱਤੇ ਦਹਿਲਾ ਮਾਰਿਆ।

ਮੈਂ ਮਨ ਹੀ ਮਨ ਇਹ ਫ਼ੈਸਲਾ ਕਰ ਲਿਆ ਸੀ ਕਿ ਮੈਂ ਕਿਸੇ ਨੂੰ ਵੀ ਆਪਣੇ ਮੁਕੱਦਮੇ ਦਾ ਕੋਈ ਵੀ ਨਾਕਾਰਤਮਕ ਪੱਖ ਨਹੀਂ ਦੱਸਣਾ।ਅਸਲ ਵਿੱਚ ਸਟੇਅ ਤੋਂ ਬਿਨਾਂ ਮੇਰੇ ਵਿਰੁੱਧ ਹੋਰ ਕੁਝ ਹੈ ਵੀ ਨਹੀਂ ਸੀ।

ਮੈਂ ਮਹਿਸੂਸ ਕੀਤਾ ਕਿ ਸਿੱਖਿਆ ਵਿਭਾਗ ਦੇ ਲਗਭਗ ਨੜਿੰਨਵੇਂ ਪ੍ਰਤੀਸ਼ਤ ਮੁਲਾਜ਼ਮਾਂ ਨੂੰ ਅਦਾਲਤਾਂ ਅਤੇ ਥਾਣਿਆਂ ਦੀ ਅਸਲ ਕਾਰਜ ਪ੍ਰਣਾਲੀ ਬਾਰੇ ਸਿਰਫ਼ ਏਨਾ ਕੁ ਹੀ ਗਿਆਨ ਹੁੰਦਾ ਹੈ ਕਿ ਜੇਕਰ ਤੁਹਾਡੀ ਸ਼ਿਕਾਇਤ ਚੌਂਕੀ ਵਿੱਚ ਦਰਜ ਨਹੀਂ ਹੁੰਦੀ ਤਾਂ ਥਾਣੇ ਵਿੱਚ ਥਾਣੇਦਾਰ ਕੋਲ ਚਲੇ ਜਾਓ।ਜੇ ਉਹ ਵੀ ਤੁਹਾਡੀ ਸੁਣਵਾਈ ਨਹੀਂ ਕਰਦਾ ਤਾਂ ਉਸ ਤੋਂ ਅਗਾਂਹ ਫਲਾਣੇ-ਫਲਾਣੇ ਕੋਲ ਚਲੇ ਜਾਵੋ।

ਸਿਰਫ਼ ਇੱਕ ਪ੍ਰਤੀਸ਼ਤ ਤੋਂ ਵੀ ਘੱਟ ਬੰਦਿਆਂ ਨੂੰ ਪਤਾ ਹੈ ਕਿ ਇਹਨਾਂ

ਅਖਾਉਤੀ ਨਿਆਂ ਦੇਣ ਵਾਲੀਆਂ ਸੰਸਥਾਵਾਂ ਵਿੱਚ ਬੰਦੇ ਦੀ ਕਿੰਨੀ ਰਗੜਾਈ ਹੁੰਦੀ ਹੈ। ਉਹਨਾਂ ਵਿੱਚੋਂ ਵੀ ਬਹੁ-ਗਿਣਤੀ ਤਾਂ ਮੇਰੇ ਵਰਗੇ ਉਹਨਾਂ ਵਿਅਕਤੀਆਂ ਦੀ ਹੀ ਹੈ ਜਿੰਨ੍ਹਾਂ ਨੂੰ ਧੱਕੇ ਨਾਲ ਇਹਨਾਂ ਥਾਵਾਂ 'ਤੇ ਘੜੀਸਿਆ ਜਾਂਦਾ ਹੈ। ਦੂਜਾ, ਇਹ ਕਿ ਮੈਂ ਹਰ ਇੱਕ ਨੂੰ ਇਹ ਹੀ ਆਖਣਾ ਹੈ ਕਿ ਜੱਜ ਨੇ ਸਾਰੀ ਗਲੀ ਦਾ ਰਿਕਾਰਡ ਤਲਬ ਕਰ ਲਿਆ ਹੈ ਤੇ ਅਗ਼ਲੀਆਂ ਇੱਕ ਦੋ ਤਾਰੀਕਾਂ ਵਿੱਚ ਉਹ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦੇਵੇਗੀ। ਤੀਜਾ, ਇਹ ਕਿ ਹੁਣ ਮੈਂ ਆਪਣੀ ਕੋਈ ਵੀ ਚਿੰਤਾ ਕਿਸੇ ਨਾਲ ਵੀ ਸਾਂਝੀ ਨਹੀਂ ਕਰਨੀ। ਭਾਵੇਂ ਕਿ ਇਹ ਫਾਰਮੂਲਾ ਮੈਂ ਪਹਿਲਾਂ ਵੀ ਅਪਣਾਇਆ ਸੀ ਪਰ ਮੇਰੀ ਜ਼ੁਬਾਨ ਦੇ ਨਾਲ ਮੇਰੇ ਹਾਵ-ਭਾਵ ਮੇਲ ਨਹੀਂ ਖਾਂਦੇ ਹੁੰਦੇ ਸਨ। ਇਸ ਲਈ ਗੱਲ ਸੁਣਨ ਵਾਲਾ ਸਭ ਕੁਝ ਮੇਰੇ ਚਿਹਰੇ ਤੋਂ ਹੀ ਸਮਝ ਜਾਂਦਾ ਸੀ। ਚੌਥਾ, ਸਭ ਤੋਂ ਮਹੱਤਵਪੂਰਨ ਕੰਮ ਜਿਹੜਾ ਮੈਂ ਕਰਨਾ ਸੀ ਉਹ ਬੜਾ ਹੀ ਔਖਾ ਸੀ। ਉਹ ਇਹ ਸੀ ਕਿ ਆਪਣੇ ਘਰਦਿਆਂ ਨੂੰ ਇਹ ਹੀ ਸਮਝਾਉਣਾ ਹੈ ਕਿ ਮੈਂ ਇਸ ਮਾਮਲੇ ਦੀ ਚਿੰਤਾ ਤੋਂ ਪੂਰੀ ਤਰ੍ਹਾਂ ਬੇਫ਼ਿਕਰ ਹੋ ਚੁੱਕਾ ਹਾਂ। ਮੈਨੂੰ ਇਹ ਵੀ ਯਕੀਨ ਸੀ ਕਿ ਮੈਨੂੰ ਬੇਫ਼ਿਕਰਾ ਤੇ ਬੇ-ਪ੍ਰਵਾਹੀ ਵਿੱਚ ਵੇਖ ਕੇ ਉਹਨਾਂ ਦਾ ਅੱਧਾ ਦੁੱਖ ਤਾਂ ਆਪਣੇ ਆਪ ਹੀ ਕੱਟਿਆ ਜਾਣਾ ਸੀ।

## ਅਠਾਰਾਂ

ਇੱਕ ਦਿਨ ਮੈਂ ਸ਼ਾਮ ਨੂੰ ਟੀ.ਵੀ. 'ਤੇ ਖ਼ਬਰਾਂ ਵੇਖ ਰਿਹਾ ਸਾਂ ਕਿ ਦਰਵਾਜ਼ੇ ਦੀ ਘੰਟੀ ਵੱਜੀ। ਮੈਨੂੰ ਪਤਾ ਨਹੀਂ ਕਿਉਂ ਇਹ ਲੱਗਾ ਕਿ ਇਹ ਘੰਟੀ ਮੇਰੇ ਲਈ ਖ਼ਤਰੇ ਦੀ ਘੰਟੀ ਹੈ। ਦਰਵਾਜ਼ਾ ਮੇਰੀ ਮਾਂ ਨੇ ਖੋਲ੍ਹਿਆ ਅਤੇ ਕੁਝ ਕੁ ਪਲਾਂ ਬਾਅਦ ਹੀ ਉਸ ਨੇ ਮੈਨੂੰ ਬਾਹਰ ਆ ਕੇ ਗੱਲ ਸੁਣਨ ਦੀ ਆਵਾਜ਼ ਦੇ ਦਿੱਤੀ। ਜਦ ਮੈਂ ਬਾਹਰ ਗਿਆ ਤਾਂ ਇੱਕ ਠੱਢੀ ਜਿਹੀ ਪੱਗ ਵਾਲਾ ਬੰਦਾ ਆਪਣੇ ਹੱਥ ਵਿੱਚ ਕੁਝ ਕਾਗਜ਼ ਫੜੀ ਖੜ੍ਹਾ ਸੀ ਤੇ ਮੈਨੂੰ ਵੇਖਦਿਆਂ ਹੀ ਬੋਲਿਆ, "ਥੋਡਾ ਜਪਨਾਮ ਸਿੰਘ ਨਾਲ ਕੋਈ ਝਗੜਾ ਚੱਲਦਾ ਹੋਣਾ ਏ, ਇਸ ਲਈ ਉਸ ਨੇ ਸਾਡੇ ਦਫ਼ਤਰ ਵਿੱਚ ਤੁਹਾਡੇ ਖ਼ਿਲਾਫ਼ ਇੱਕ ਸ਼ਿਕਾਇਤ ਕੀਤੀ ਹੈ। ਮੈਂ ਉਸ ਦੇ ਹੀ ਸੰਮਨ ਦੇਣ ਆਇਆ ਹਾਂ। ਐਥੇ ਦਸਤਖਤ ਕਰ ਦਿਓ।" ਉਸ ਨੇ ਹੱਥ ਵਿਚਲੇ ਕਾਗ਼ਜ਼ ਮੇਰੇ ਅੱਗੇ ਕਰ ਦਿੱਤੇ।

ਮੈਂ ਦਸਤਖਤ ਕਰ ਕੇ ਬਿਨਾਂ ਪੜੇ ਹੀ ਉਹ ਕਾਗਜ਼ ਫੜ ਲਏ ਤੇ ਉਸ ਬੰਦੇ ਨੂੰ ਚਾਹ-ਪਾਣੀ ਦੀ ਸੁਲ੍ਹਾ ਮਾਰੀ ਪਰ ਉਸ ਨੇ ਆਪਣੀ ਅੱਗੇ ਜਾਣ ਦੀ ਮਜਬੂਰੀ ਦੱਸ ਕੇ ਤੁਰ ਜਾਣ ਦੀ ਕੀਤੀ। ਮੈਂ ਬੂਹੇ ਨੂੰ ਭੇੜਦਿਆਂ, ਉਸ

ਸਰਕਾਰੀ ਪੱਤਰ ਨੂੰ ਪੜ੍ਹਨ ਲੱਗ ਪਿਆ। ਜਿਉਂ-ਜਿਉਂ ਮੈਂ ਉਸ ਪੱਤਰ ਨੂੰ ਪੜ੍ਹਦਾ ਗਿਆ, ਮੇਰੇ ਚਿਹਰੇ ਦਾ ਰੰਗ ਉੱਤਰਦਾ ਗਿਆ ਤੇ ਮੇਰੇ ਹੱਥ ਪਹਿਲਾਂ ਦੀ ਤਰ੍ਹਾਂ ਹੀ ਕੰਬਣੇ ਸ਼ੁਰੂ ਹੋ ਗਏ। ਇਹ ਸੰਮਨ ਅਡੀਸ਼ਨਲ ਡਿਪਟੀ ਕਮਿਸ਼ਨਰ ਦੇ ਦਫ਼ਤਰੋਂ ਜਾਰੀ ਹੋਏ ਸਨ ਕਿਉਂਕਿ ਜਪਨਾਮ ਨੇ ਸ਼ਿਕਾਇਤ ਕੀਤੀ ਸੀ ਕਿ ਮੈਂ ਜਿਸ ਜਗ੍ਹਾ ਦੀ ਰਜਿਸਟਰੀ ਕਰਵਾਈ ਹੈ, ਉਹ ਉਸ ਇਲਾਕੇ ਵਿੱਚ ਚੱਲ ਰਹੇ ਅਸਲ ਰੇਟ ਤੋਂ ਬਹੁਤ ਹੀ ਘੱਟ ਕੀਮਤ 'ਤੇ ਕਰਵਾਈ ਗਈ ਹੈ। ਇਹ ਰਜਿਸਟਰੀ ਕਰਵਾਉਣ ਨਾਲ ਸਰਕਾਰ ਦੇ ਖਜ਼ਾਨੇ ਨੂੰ ਚੂਨਾ ਲੱਗਾ ਹੈ ਇਸ ਲਈ ਮੇਰੇ 'ਤੇ ਕੇਸ ਦਰਜ ਕੀਤਾ ਜਾਣਾ ਬਣਦਾ ਹੈ। ਸਬੰਧਤ ਅਧਿਕਾਰੀ ਨੇ ਮੈਨੂੰ ਆਪਣਾ ਪੱਖ ਰੱਖਣ ਲਈ ਇੱਕ ਹਫ਼ਤੇ ਦਾ ਸਮਾਂ ਦਿੱਤਾ ਸੀ।

ਮੇਰੀ ਇਹ ਨਕਲੀ ਮਾਨਸਿਕ ਖੁਸ਼ੀ ਦੋ ਕੁ ਦਿਨ ਦੀ ਹੀ ਮੇਰੀ ਮਹਿਮਾਨ ਬਣ ਕੇ ਰਹਿ ਸਕੀ ਸੀ। ਇਸ ਨਵੇਂ 'ਪ੍ਰੇਮ ਪੱਤਰ' ਨੇ ਮੇਰੀ ਪਿਛਲੇ ਦੋ ਦਿਨਾਂ ਵਿੱਚ ਬਣਾਈ ਹੋਈ ਟੌਹਰ ਦੀ ਫ਼ੂਕ ਕੱਢ ਕੇ ਰੱਖ ਦਿੱਤੀ। ਆਪਣੇ ਘਰਦਿਆਂ ਦੇ ਸਾਹਮਣੇ ਆਪਣੇ ਆਪ ਨੂੰ ਮਜ਼ਬੂਤ ਵਿਖਾਉਣ ਵਾਲੇ ਬੰਦੇ ਦਾ ਮਨੋਬਲ ਇੱਕਦਮ ਹੀ ਤਾਸ਼ ਦੇ ਪੱਤਿਆਂ ਵਾਂਙ ਢਹਿ-ਢੇਰੀ ਹੋ ਗਿਆ ਸੀ। ਮੈਂ ਤਿੰਨ ਦਿਨ ਪਹਿਲਾਂ ਵਾਲੀ ਸਥਿਤੀ ਵਿੱਚ ਪੁੱਜ ਚੁੱਕਾ ਸਾਂ। ਫੋਕੀਆਂ ਤੇ ਨਕਲੀ ਟੌਹਰਾਂ ਅੱਕ ਦੇ ਫੰਭੇ ਵਾਂਙ ਉੱਡ-ਪੁੱਡ ਗਈਆਂ ਸਨ।

ਮੈਂ ਜਿਸ ਕਿਸੇ ਨੂੰ ਆਪਣੀ ਇਸ ਨਵੀਂ ਮੁਸੀਬਤ ਬਾਰੇ ਫ਼ੋਨ ਕਰ ਕੇ ਦੱਸਿਆ ਤਾਂ ਕਿਸੇ ਵਿੱਚ ਵੀ ਇਹ ਹਿੰਮਤ ਨਹੀਂ ਸੀ ਕਿ ਉਹ ਮੈਨੂੰ ਹੌਸਲਾ ਦੇ ਸਕੇ। ਸਗੋਂ ਇਹ ਹੀ ਆਖ ਦਿੰਦਾ ਸੀ ਕਿ ਉਹਨਾਂ ਨੇ ਇਹ ਬੜੀ ਹੀ ਮਾੜੀ ਗੱਲ ਕੀਤੀ ਹੈ। ਹੁਣ ਮੈਨੂੰ ਪੱਕਾ ਯਕੀਨ ਵੀ ਹੋਣ ਲੱਗ ਪਿਆ ਸੀ ਕਿ ਇਸ ਮਸਲੇ ਦਾ ਪੁਲਿਸ ਵਾਲਿਆਂ ਨੂੰ ਪਤਾ ਲੱਗ ਗਿਆ ਹੈ ਤੇ ਉਹ ਮੈਨੂੰ ਫਸਾਅ ਕੇ ਹੀ ਸਾਹ ਲੈਣਗੇ।

ਕਾਫ਼ੀ ਦੇਰ ਅੰਦਰੋ-ਅੰਦਰੀ ਆਪਣੇ ਦੁਸ਼ਮਣਾਂ 'ਤੇ ਉਬਾਲੇ ਖਾਂਦੇ ਨੂੰ ਖ਼ਿਆਲ ਆਇਆ ਕਿ ਇਸ ਵਿਸ਼ੇ ਬਾਰੇ ਆਪਣੇ ਵਕੀਲ ਨਾਲ ਗੱਲ ਕੀਤੀ ਜਾਣੀ ਚਾਹੀਦੀ ਹੈ। ਮੈਂ ਵਕੀਲ ਨੂੰ ਫ਼ੋਨ ਮਿਲਾਅ ਕੇ ਸਾਰੀ ਗੱਲ ਦੱਸੀ ਤਾਂ ਉਸ ਨੇ ਇਸ ਕੇਸ ਨੂੰ ਮਾਮੂਲੀ ਜਿਹਾ ਅਤੇ ਤੱਥਾਂ ਤੋਂ ਰਹਿਤ ਦੱਸਿਆ। ਉਹ ਆਖਣ ਲੱਗਾ, "ਤੈਨੂੰ ਨੋਟਿਸ ਭੇਜਣ ਵਾਲੇ ਏ.ਡੀ.ਸੀ. ਦਾ ਰਿਕਾਰਡ ਚੈੱਕ ਕਰਵਾਅ ਲੈ ਉਸ ਨੇ ਵੀ ਕੁਲੈਕਟਰ ਰੇਟ 'ਤੇ ਹੀ ਆਪਣੇ ਘਰ ਦੀ ਰਜਿਸਟਰੀ ਕਰਵਾਈ ਹੋਵੇਗੀ। ਇਹ ਐਵੇਂ ਗਿੱਦੜ ਭਬਕੀਆਂ ਨੇ, ਘਬਰਾਅ ਨਾ।"

ਵਕੀਲ ਦੀ ਗੱਲ ਤੋਂ ਮੈਨੂੰ ਕੁਝ ਹੌਸਲਾ ਤਾਂ ਜ਼ਰੂਰ ਹੋਇਆ ਪਰ ਮਨ ਅੰਦਰ ਇੱਕ ਡਰ ਵੀ ਸੀ ਕਿ ਉਹ ਤਾਂ ਆਖਦਾ ਸੀ ਕਿ ਵਿਰੋਧੀਆਂ ਦੇ ਕੇਸ ਵਿੱਚ ਭੋਰਾ ਵੀ ਦਮ ਨਹੀਂ ਹੈ ਤੇ ਤੂੰ ਜਿੱਤਿਆ ਹੀ ਪਿਆ ਹੈਂ ਤੇ ਅਗਲੇ

ਸਟੇਅ ਲੈ ਕੇ ਬੈਠ ਗਏ ਨੇ। ਸਟੇਅ ਵੀ ਪਤਾ ਨਹੀਂ ਕਿੰਨਾ ਚਿਰ ਲੰਬਾ ਚੱਲੇਗਾ। ਸੱਤ ਅੱਠ ਸਾਲ ਜਾਂ ਇਸ ਤੋਂ ਵੀ ਲੰਬਾ।

ਵਕੀਲ ਤੋਂ ਬਿਨਾਂ ਕਿਸੇ ਨੇ ਵੀ ਮੈਨੂੰ ਹੌਸਲਾ ਦੇਣ ਵਾਲੀ ਗੱਲ ਨਹੀਂ ਸੀ ਕੀਤੀ। ਮੈਂ ਆਪਣੇ ਆਪ ਨੂੰ ਇੱਕ ਬੜਾ ਵੱਡਾ ਚੋਰ ਹੀ ਸਮਝਣ ਲੱਗ ਪਿਆ ਸਾਂ। ਹੁਣ ਇਸ ਜਾਲ ਵਿੱਚ ਫਸ ਜਾਣਾ ਤਾਂ ਯਕੀਨੀ ਹੀ ਸੀ ਕਿਉਂਕਿ ਮੈਨੂੰ ਤਾਂ ਫਸਾਇਆ ਹੀ ਇੱਕ ਪੁਲਿਸ ਵਾਲੇ ਦੁਆਰਾ ਗਿਆ ਸੀ। ਪੁਲਿਸ ਵਾਲੇ ਏਨੇ ਕਮਲੇ ਵੀ ਨਹੀਂ ਹੁੰਦੇ ਕਿ ਉਹ ਐਵੇਂ ਹੀ ਹਵਾ ਵਿੱਚ ਤੀਰ ਮਾਰੀ ਜਾਣ। ਇਸ ਲਈ ਉਹਨਾਂ ਨੇ ਠੀਕ ਜਗ੍ਹਾ 'ਤੇ ਹੀ ਨਿਸ਼ਾਨਾ ਸੇਧਿਆ ਸੀ। ਮਨ ਵਿੱਚ ਆਉਣ ਲੱਗ ਪਿਆ ਕਿ ਦੁਨੀਆ ਭਾਵੇਂ ਲੱਖ ਦਰਜੇ ਦੀ ਚੋਰ ਹੋਵੇ ਪਰ ਇੱਥੇ ਚੋਰ ਤਾਂ ਉਸ ਨੂੰ ਹੀ ਮੰਨਿਆ ਜਾਂਦਾ ਹੈ ਜਿਹੜਾ ਫੜਿਆ ਜਾਵੇ ਅਤੇ ਸਜ਼ਾ ਹੋ ਜਾਵੇ।

ਹੁਣ ਕੀ ਕੀਤਾ ਜਾ ਸਕਦਾ ਸੀ ? ਰਜਿਸਟਰੀ ਹੀ ਸਰਕਾਰੀ ਤੌਰ 'ਤੇ ਤੈਅ ਕੀਮਤ ਦੇ ਮੁਤਾਬਕ ਹੋਈ ਸੀ, ਅਸਲ ਕੀਮਤ 'ਤੇ ਨਹੀਂ। ਵਕੀਲ ਮੁਤਾਬਕ ਤਾਂ ਭਾਵੇਂ ਇਸ ਹਮਾਮ ਵਿੱਚ ਸਾਰੇ ਹੀ ਨੰਗੇ ਹਨ ਪਰ ਵਿਰੋਧੀਆਂ ਵੱਲੋਂ ਕੀਤੀ ਗਈ ਸ਼ਿਕਾਇਤ ਅਨੁਸਾਰ ਮੇਰੇ ਸਿਰ ਦੋਸ਼ ਥੱਪਿਆ ਜਾ ਚੁੱਕਾ ਸੀ।

ਆਧੁਨਿਕ ਗੀਤਾ ਦਾ ਉਪਦੇਸ਼ ਦੇਣ ਵਾਲਾ ਮੇਰਾ ਵੱਡਾ ਭਰਾ ਵੀ ਮੈਨੂੰ ਇਸ ਮੁੱਦੇ 'ਤੇ ਚਿੰਤਤ ਦਿਸਿਆ। ਉਸ ਨੇ ਆਪਣੇ ਸਾਰੇ ਭਰੋਸੇਯੋਗ ਵਸੀਲਿਆਂ ਤੋਂ ਇਸ ਕੇਸ ਬਾਰੇ ਜਾਣਕਾਰੀ ਲੈਣੀ ਆਰੰਭ ਕਰ ਦਿੱਤੀ। ਜਾਣਕਾਰਾਂ ਮੁਤਾਬਕ ਇਸ ਮਸਲੇ ਵਿੱਚ ਹਰ ਕੋਈ ਹੀ ਚੋਰ ਸੀ ਤੇ ਅੱਜ ਵੀ ਹੈ ਇਸ ਲਈ ਚਿੰਤਾ ਕਰਨ ਦੀ ਕੋਈ ਵੀ ਲੋੜ ਨਹੀਂ। ਜਦ ਸਰਕਾਰ ਦੇ ਨਿਸ਼ਚਿਤ ਕੀਤੇ ਨਿਯਮਾਂ ਮੁਤਾਬਕ ਰਜਿਸਟਰੀ ਹੋਈ ਹੋਈ ਹੈ ਤਾਂ ਇਸ ਵਿੱਚ ਘਬਰਾਉਣ ਵਾਲੀ ਕਿਹੜੀ ਗੱਲ ਹੈ। ਜਦ ਸਾਨੂੰ ਸਰਕਾਰ ਨੇ ਆਪਣੇ ਵੱਲੋਂ ਤੈਅ ਕੀਤੇ ਹੋਏ ਭਾਅ ਮੁਤਾਬਕ ਰਜਿਸਟਰੀ ਕਰਵਾਉਣ ਦੀ ਖੁੱਲ੍ਹ ਦਿੱਤੀ ਹੋਈ ਹੈ ਤੇ ਅਸੀਂ ਉਹਨਾਂ ਮੁਤਾਬਕ ਕਰਵਾਅ ਲਈ ਹੈ ਤਾਂ ਫਿਰ ਇਸ ਵਿੱਚ ਚੋਰੀ ਕੀ ਹੋਈ ? ਸ਼ਹਿਰ ਕੀ ਸੂਬੇ ਦੀ ਹਰ ਜਾਇਦਾਦ ਦੀ ਰਜਿਸਟਰੀ ਹੀ ਸਰਕਾਰੀ ਕੀਮਤ ਮੁਤਾਬਕ ਹੁੰਦੀ ਹੈ ਇਸ ਲਈ ਫ਼ਿਕਰ ਕਰਨ ਦੀ ਕੋਈ ਲੋੜ ਨਹੀਂ ਹੈ।

ਸਾਰੇ ਪਰਿਵਾਰਿਕ ਜੀਆਂ ਦੇ ਮਨਾਂ ਅੰਦਰ ਇਹ ਡਰ ਸੀ ਭਾਵੇਂ ਕਿ ਇਹ ਮਕਾਨ ਸਰਕਾਰੀ ਨਿਯਮਾਂ ਮੁਤਾਬਕ ਹੀ ਖ਼੍ਰੀਦਿਆ ਗਿਆ ਸੀ ਪਰ ਜਦ ਦੂਜੀ ਧਿਰ ਦੁਆਰਾ ਆਪਣੀ ਰਜਿਸਟਰੀ ਵਿਚਲੀ ਜਗ੍ਹਾ ਨੂੰ ਅਦਾਲਤ ਵਿੱਚ ਸ਼ੱਕੀ ਸਾਬਤ ਕਰਕੇ ਸਟੇਅ ਲਿਆ ਜਾ ਸਕਦਾ ਹੈ ਤਾਂ ਇਸ ਮਾਮਲੇ

ਵਿੱਚ ਵੀ ਸਾਡਾ ਫਸਣਾ ਜਾਂ ਫਿਰ ਮਾਮਲੇ ਵਿੱਚ ਲੰਮੀਆਂ ਤਾਰੀਕਾਂ ਭੁਗਤਣਾ ਤੈਅ ਹੀ ਹੈ।

ਭਾਵੇਂ ਕਿ ਸਾਨੂੰ ਕਈ ਮਾਹਿਰ ਬੰਦਿਆਂ ਨੇ ਤਸੱਲੀ ਦਿੰਦਿਆਂ ਹੌਸਲਾ ਦਿੱਤਾ ਸੀ ਪਰ ਇਸ ਨਵੇਂ ਮਸਲੇ ਦੇ ਉੱਠਣ ਕਾਰਨ ਸਾਡਾ ਕਿਸੇ ਦਾ ਵੀ ਮਨ ਟਿਕ ਹੀ ਨਹੀਂ ਸੀ ਰਿਹਾ।ਅਗਲੇ ਦਿਨ ਮੈਂ ਸਕੂਲੋਂ ਛੁੱਟੀ ਲੈ, ਆਪਣੇ ਪਿਤਾ ਜੀ ਨੂੰ ਨਾਲ ਲੈ ਕੇ ਸਬੰਧਤ ਦਫ਼ਤਰ ਵਿੱਚ ਜਾ, ਆਪਣੀ ਜਾਣ-ਪਹਿਚਾਣ ਵਾਲੇ ਇਕੱਲੇ ਇਕੱਲੇ ਨੂੰ ਮਿਲ ਕੇ ਇਸ ਕੇਸ ਦੇ ਹਰ ਪਹਿਲੂ ਬਾਰੇ ਵਿਚਾਰ ਚਰਚਾ ਕੀਤੀ।ਸਾਰੇ ਹੀ ਸਾਨੂੰ ਤਸੱਲੀ ਤਾਂ ਦੇ ਰਹੇ ਸਨ ਪਰ ਅੰਤ ਵਿੱਚ ਆਖ ਦਿੰਦੇ ਸਨ, "ਭਾਈ, ਮੌਕੇ ਦੇ ਅਫ਼ਸਰ ਦਾ ਕੀ ਭਰੋਸਾ ਹੁੰਦਾ ? ਜੇ ਉਸ ਦੇ ਮਨ ਨੂੰ ਜਚ ਗਿਆ ਤਾਂ ਉਹ ਗਧੇ ਨੂੰ ਵੀ ਘੋੜਾ ਆਖ ਦਿੰਦਾ ਹੈ ਜੇ ਨਹੀਂ ਜਚਦਾ ਤਾਂ ਘੋੜੇ ਨੂੰ ਵੀ ਗਧਾ ਲਿਖ ਜਾਂਦਾ ਹੈ।"

ਮੇਰੇ ਇੱਕ ਜਾਣੂੰ ਨੇ ਕਿਹਾ ਸੀ, "ਹੋਰ ਕੁਝ ਨਹੀਂ ਤਾਂ ਇਹ ਤੈਨੂੰ ਗਧੀਗੇੜ 'ਚ ਬਹੁਤ ਚਿਰ ਪਾਈ ਰੱਖਣਗੇ।"

"ਫਿਰ ਇਹ ਤਾਂ ਉਹ ਗੱਲ ਹੋਈ ਕਿ ਇੱਕ ਵਾਰ ਜੰਗਲ ਵਿੱਚ ਇੱਕ ਮੱਝ ਭੱਜੀ ਜਾ ਰਹੀ ਸੀ।ਭੱਜੀ ਜਾਂਦੀ ਨੂੰ ਵੇਖ ਕੇ ਚੂਹਾ ਪੁੱਛਣ ਲੱਗਾ ਕਿ ਉਹ ਭੱਜੀ ਕਿਉਂ ਜਾ ਰਹੀ ਹੈ।ਮੱਝ ਨੇ ਜੁਆਬ ਦਿੱਤਾ ਕਿ ਜੰਗਲ ਵਿੱਚ ਛਾਪਾ ਪਿਆ ਹੋਇਆ ਹੈ ਅਤੇ ਪੁਲੀਸ ਵਾਲੇ ਹਾਥੀ ਨੂੰ ਗ੍ਰਿਫ਼ਤਾਰ ਕਰਨ ਆਏ ਹੋਏ ਨੇ।ਜੇ ਉਹ ਨਾ ਮਿਲਿਆ ਤਾਂ ਮੇਰਾ ਰੰਗ ਉਸ ਦੇ ਨਾਲ ਮਿਲਦਾ ਜੁਲਦਾ ਹੋਣ ਕਰ ਕੇ ਉਹਨਾਂ ਮੈਨੂੰ ਹੀ ਫੜ ਕੇ ਲੈ ਜਾਣੈ ਤੇ ਆਪਣੇ ਇਸ ਜੰਗਲ ਦਾ ਕਾਨੂੰਨ ਹੀ ਅਜਿਹਾ ਹੈ ਕਿ ਕਈ ਸਾਲ ਤਾਂ ਜ਼ਮਾਨਤ ਹੀ ਨਹੀਂ ਹੋਣੀ।ਸੋ ਮੈਂ ਸੋਚਿਆ ਕਿ ਬਚਾਅ ਹੀ ਚੰਗੈ।" ਕੋਲ ਬੈਠਾ ਇੱਕ ਅਨੋਬੜ ਵਿੱਚੇ ਹੀ ਆਪਣੀ ਛੱਡ ਗਿਆ ਸੀ।

ਬਾਕੀ ਸਭ ਤਸੱਲੀ ਦੇਣ ਵਾਲੀਆਂ ਗੱਲਾਂ ਨਾਲੋਂ ਮੈਨੂੰ ਘੋੜੇ ਤੇ ਗਧੇ ਵਾਲੀ ਗੱਲ ਜ਼ਿਆਦਾ ਹੀ ਤਰਕਪੂਰਨ ਲੱਗਦੀ ਸੀ ਕਿਉਂਕਿ ਅਸੀਂ ਪੁਲਿਸ ਅਫ਼ਸਰਾਂ ਕੋਲ ਘੋੜੇ ਨੂੰ ਘੋੜਾ ਸਾਬਤ ਕਰਨ ਵਿੱਚ ਅਸਫ਼ਲ ਹੀ ਰਹੇ ਸਾਂ ਤੇ ਉਹ ਸਾਡੇ ਘੋੜੇ ਨੂੰ ਵੀ ਕਾਗਜ਼ਾਂ ਵਿੱਚ ਗਧਾ ਹੀ ਲਿਖੀ ਜਾਂਦੇ ਸਨ।

ਚਿੰਤਾਵਾਂ ਅਤੇ ਦੁੱਖਾਂ ਨੇ ਕੁਝ ਦਿਨ ਦੂਰ ਰਹਿਣ ਤੋਂ ਬਾਅਦ ਫਿਰ ਸਾਡੇ ਘਰ ਵਿੱਚ ਡੇਰਾ ਲਾ ਲਿਆ ਸੀ।ਇੱਕ ਪਾਸੇ ਵਾਲੇ ਮੁਕੱਦਮੇ ਬਾਰੇ ਸੋਚ ਕੇ ਹਟਦਾ ਸਾਂ ਤਾਂ ਦੂਜੇ ਦੀ ਚਿੰਤਾ ਸ਼ੁਰੂ ਹੋ ਜਾਂਦੀ ਤੇ ਜੇ ਦੂਜੇ ਬਾਰੇ ਕੁਝ ਕਰਨ ਲੱਗਦਾ ਤਾਂ ਤੀਸਰਾ ਬਾਹਾਂ ਅੱਡੀ ਮੇਰੇ ਸਾਹਮਣੇ ਆ ਕੇ ਖੜ੍ਹ ਜਾਂਦਾ ਸੀ।ਮੈਂ ਫਿਰ ਨਿਰਾਸ਼ਾ ਦੇ ਆਲਮ ਵਿੱਚ ਪੁੱਜ ਗਿਆ ਸਾਂ।

ਇੱਕ ਦਿਨ ਸ਼ਾਮ ਤੱਕ ਰੁਕ-ਰੁਕ ਕੇ ਮੀਂਹ ਪੈਂਦਾ ਰਿਹਾ ਤੇ ਮੌਸਮ ਬੜਾ

ਹੀ ਖੁਸ਼ਗਵਾਰ ਬਣ ਗਿਆ ਸੀ। ਯਾਦਵਿੰਦਰ ਨੇ ਮੇਰੇ ਨਾਲ ਗੱਲਾਂ ਬਾਤਾਂ ਕਰਨ ਲਈ ਮੈਨੂੰ ਫ਼ੋਨ ਕਰਕੇ ਆਪਣੇ ਘਰ ਬੁਲਾਅ ਲਿਆ। ਮੇਰੀਆਂ ਗੱਲਾਂ ਵਿੱਚ ਨਿਰਾਸ਼ਾ ਜਿਹੀ ਵੇਖ ਕੇ ਉਹ ਬੋਤਲ ਚੁੱਕ ਲਿਆਇਆ ਤੇ ਆਖਣ ਲੱਗਾ, "ਛੱਡ ਟੈਨਸ਼ਨ ਤੇ ਸੋਹਣੇ ਮੌਸਮ ਦਾ ਅਨੰਦ ਮਾਣ।"

ਅਸੀਂ ਪੈੱਗ ਲਾਉਂਦੇ ਸਾਰਾ ਵੇਲ਼ਾ ਇਸ ਕੇਸ ਬਾਰੇ ਹੀ ਗੱਲਾਂ ਕਰਦੇ ਰਹੇ। ਤਿੰਨ ਕੁ ਪੈੱਗ ਪੀਤੇ ਸਨ ਕਿ ਉਹ ਸਟੋਰ ਵੱਲ ਗਿਆ ਤੇ ਆਉਂਦਾ ਹੀ ਆਖਣ ਲੱਗਾ, "ਚੱਲ ਯਾਰ, ਅੱਜ ਇੱਕ ਰਹਿੰਦਾ ਜ਼ਰੂਰੀ ਕੰਮ ਵੀ ਕਰ ਹੀ ਆਈਏ।"

ਪਹਿਲਾਂ ਤਾਂ ਮੇਰਾ ਉੱਠਣ ਨੂੰ ਦਿਲ ਹੀ ਨਹੀਂ ਸੀ ਕਰ ਰਿਹਾ ਪਰ ਉਸ ਦੁਬਾਰਾ ਆਖਣ 'ਤੇ ਮੈਂ ਉਸ ਨਾਲ ਜਾਣ ਦੀ ਹਾਮੀ ਭਰ ਦਿੱਤੀ।

ਬਾਹਰ ਕਾਫ਼ੀ ਹਨੇਰਾ ਹੋ ਚੁੱਕਾ ਸੀ। ਕਿਣਮਿਣ ਕਾਰਨ ਪਾਣੀ ਅਤੇ ਗਾਰਾ ਹੋਣ ਕਰ ਕੇ ਗਲੀ ਵਿੱਚ ਕੋਈ ਵੀ ਨਹੀਂ ਸੀ। ਉਹ ਰਾਹ ਵਿੱਚ ਜਾ ਕੇ ਮੈਨੂੰ ਦੱਸਣ ਲੱਗ ਪਿਆ, "ਅੱਜ ਆਪਾਂ ਗੁਰਨੇਕ ਦੇ ਘਰ ਦੀ ਮਿਣਤੀ ਕਰਨੀ ਏ। ਮੈਂ ਜਿਵੇਂ ਆਖਾਂਗਾ, ਤੂੰ ਓਵੇਂ ਹੀ ਕਰਨਾ ਏ।" ਸਰੂਰ ਵਿੱਚ ਆਏ ਹੋਏ ਮੈਂ ਹਾਮੀ ਭਰ ਦਿੱਤੀ।

ਉਸ ਦੇ ਦੱਸੇ ਮੁਤਾਬਕ ਮੈਂ ਫੀਤੇ ਦਾ ਇੱਕ ਸਿਰਾ ਫੜ ਕੇ ਗੁਰਨੇਕ ਦੇ ਘਰ ਦੇ ਇੱਕ ਕੋਨੇ 'ਤੇ ਖੜ੍ਹ ਗਿਆ ਤੇ ਯਾਦਵਿੰਦਰ ਬੜੀ ਤੇਜ਼ੀ ਨਾਲ ਫੀਤਾ ਖਿੱਚਦਾ ਹੋਇਆ ਉਸ ਦੇ ਘਰ ਦੇ ਦੂਜੇ ਕੋਨੇ ਤੇ ਪੁੱਜ ਗਿਆ ਤੇ ਜਿੱਥੋਂ ਤੱਕ ਉਸ ਦੀ ਕੰਧ ਸੀ ਉੱਥੋਂ ਫੀਤੇ ਨੂੰ ਫੜ ਲਿਆ। ਜਦ ਅਸੀਂ ਮੋਬਾਈਲ ਦਾ ਚਾਨਣ ਕਰਕੇ ਵੇਖਿਆ ਤਾਂ ਉਸ ਦੇ ਘਰ ਦਾ ਇਹ ਪਾਸਾ ਚੌਂਹਟ ਫੁੱਟ ਸੀ। ਹੌਸਲੇ ਵਿੱਚ ਅਸੀਂ ਉਸ ਦੇ ਘਰ ਦਾ ਦੂਜਾ ਪਾਸਾ ਵੀ ਮਿਣ ਲਿਆ ਇਹ ਬਿਆਲੀ ਫੁੱਟ ਤੋਂ ਕੁਝ ਕੁ ਵੱਧ ਸੀ।

"ਬਣ ਗਈ ਗੱਲ ਹੁਣ ਤਾਂ।" ਮੇਰੇ ਮੂੰਹੋਂ ਨਿਕਲਿਆ। ਸਾਡੇ ਲਈ ਇਹ ਬੜੀ ਹੀ ਵੱਡੀ ਖੁਸ਼ੀ ਦੀ ਗੱਲ ਸੀ। ਕਿਉਂਕਿ ਗੁਰਨੇਕ ਦੁਆਰਾ ਅਦਾਲਤ ਵਿੱਚ ਪੇਸ਼ ਕੀਤੇ ਨਕਸ਼ੇ ਵਿੱਚ ਉਸ ਨੇ ਆਪਣੇ ਘਰ ਦੀ ਲੰਬਾਈ ਚੌੜਾਈ ਸੱਠ ਅਤੇ ਚਾਲੀ ਫੁੱਟ ਲਿਖਵਾਈ ਸੀ। ਇਸ ਦਾ ਸਿੱਧਾ ਤੇ ਸਪੱਸ਼ਟ ਮਤਲਬ ਇਹ ਸੀ ਕਿ ਉਸ ਨੇ ਆਪਣੇ ਦੁਆਰਾ ਨੱਪੀ ਗਈ ਜਗ੍ਹਾ ਨੂੰ ਨਕਸ਼ੇ ਵਿੱਚ ਦਰਸਾਇਆ ਹੀ ਨਹੀਂ ਸੀ ਅਤੇ ਇੱਕ ਗ਼ਲਤ ਨਕਸ਼ਾ ਤਿਆਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਸੀ ਤਾਂ ਜੋ ਉਹ ਮੈਨੂੰ ਜਾਣਬੁੱਝ ਕੇ ਤੰਗ-ਪ੍ਰੇਸ਼ਾਨ ਕਰ ਸਕੇ।

ਸਾਡੇ ਲਈ ਖੁਸ਼ੀ ਦੀ ਗੱਲ ਇਹ ਵੀ ਸੀ ਕਿ ਇਸ ਤਰ੍ਹਾਂ ਗ਼ਲਤ ਦਸਤਾਵੇਜ਼ ਤਿਆਰ ਕਰਨ ਅਤੇ ਅਦਾਲਤ ਵਿੱਚ ਪੇਸ਼ ਕਰਨ ਦਾ ਕੇਸ ਵੀ

ਉਸ ਉੱਤੇ ਦਰਜ ਹੋ ਜਾਵੇਗਾ। ਕਾਫ਼ੀ ਦੇਰ ਤੱਕ ਅਸੀਂ ਇਸ ਬਾਬਤ ਸਲਾਹ-ਮਸ਼ਵਰਾ ਕਰਦੇ ਰਹੇ। ਮੈਂ ਯਾਦਵਿੰਦਰ ਨੂੰ ਹਾਸੇ ਹਾਸੇ ਵਿੱਚ ਆਖਿਆ, "ਯਾਰ, ਦਾਰੂ ਪੀ ਕੇ ਤੇਰਾ ਦਿਮਾਗ਼ ਕੁਝ ਜ਼ਿਆਦਾ ਹੀ ਨ੍ਹੀਂ ਚੱਲਣ ਲੱਗ ਪੈਂਦਾ ? ਉਸ ਨੇ ਵੀ ਉਸੇ ਅੰਦਾਜ਼ ਵਿੱਚ ਜਵਾਬ ਦਿੱਤਾ, "ਇਹ ਸਭ ਕੁਝ ਤਾਂ ਸਵੇਰ ਦਾ ਹੀ ਸੋਚੀ ਬੈਠਾ ਸੀ ਕਿ ਇਹ ਕੰਮ ਤਾਂ ਅੱਜ ਕਰਨਾ ਹੀ ਕਰਨਾ ਹੈ। ਭਾਵੇਂ ਯਾਰ, ਇਹੋ ਜਿਹੇ ਕੰਮ ਆਪਣੇ ਸੁਭਾਅ ਦਾ ਹਿੱਸਾ ਤਾਂ ਨਹੀਂ ਹਨ ਪਰ ਇਹ ਬੰਦਾ ਆਪਾਂ ਨੂੰ ਮਜਬੂਰ ਹੀ ਏਨਾ ਕਰੀ ਜਾ ਰਿਹਾ ਹੈ ਤਾਂ ਹੁਣ ਦੱਸ ਆਪਾਂ ਕਰ ਵੀ ਕੀ ਸਕਦੇ ਹਾਂ। ਆਪਾਂ ਨੂੰ ਵੀ ਕੋਈ ਨਾ ਕੋਈ ਬ੍ਰਹਮ ਅਸਤਰ ਤਾਂ ਤਿਆਰ ਕਰਨਾ ਹੀ ਪੈਣਾ ਸੀ। " ਉਸ ਦਿਨ ਦੀ ਪੀਤੀ ਹੋਈ ਦਾਰੂ ਕਾਰਨ ਹੀ ਅਸੀਂ ਦਲੇਰੀ ਫੜ ਕੇ ਆਪਣੇ ਵਿਰੋਧੀ ਦਾ ਘਰ ਇੰਚ-ਇੰਚ ਤੱਕ ਨਾਪ ਆਏ ਸਾਂ।

## ਉੱਨੀ

ਇਹਨਾਂ ਦਿਨਾਂ ਵਿਚ ਹੀ ਮੈਨੂੰ ਫਿਰ ਐਸ.ਐਸ.ਪੀ. ਦਫ਼ਤਰ ਵੱਲੋਂ ਸੱਦਾ ਆ ਗਿਆ ਸੀ। ਇਹ ਸੱਦਾ ਮੇਰੇ ਵੱਲੋਂ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਪਾਈ ਗਈ ਇੱਕ ਸ਼ਿਕਾਇਤ ਦੀ ਪੜਤਾਲ ਵਿੱਚ ਸ਼ਾਮਿਲ ਹੋਣ ਵਾਸਤੇ ਆਇਆ ਸੀ। ਇਸ ਕਾਰਨ ਸਾਡਾ ਸਾਰਾ ਟੱਬਰ ਬੜਾ ਹੀ ਖੁਸ਼ ਸੀ ਕਿਉਂਕਿ ਇਸ ਪੜਤਾਲ ਦੀ ਸੂਚਨਾ ਬੜੀ ਹੀ ਦੇਰ ਬਾਅਦ ਸਾਡੇ ਕੋਲ ਪਹੁੰਚੀ ਸੀ। ਸਾਡੀਆਂ ਸਭ ਟੇਕਾਂ ਇਸ ਕਮਿਸ਼ਨ 'ਤੇ ਹੀ ਸਨ ਕਿ ਇਹ ਹੀ ਸਾਨੂੰ ਇਨਸਾਫ਼ ਦਿਵਾਅ ਸਕਦਾ ਹੈ। ਇੱਕ ਵਾਰ ਵਕੀਲ ਨਾਲ ਗੱਲ ਕਰਦਿਆਂ ਉਸ ਨੇ ਵੀ ਪੁੱਛਿਆ ਸੀ ਕਿ ਕੀ ਤੁਸੀਂ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸ਼ਿਕਾਇਤ ਕਰ ਦਿੱਤੀ ਹੈ ? ਤੇ ਮੇਰਾ ਹਾਂ ਦੇ ਵਿੱਚ ਜਵਾਬ ਸੁਣਨ ਤੋਂ ਬਾਅਦ ਉਸ ਨੇ ਸੁਖ ਦਾ ਸਾਹ ਲਿਆ ਸੀ। ਉਸ ਦੇ ਚਿਹਰੇ ਤੋਂ ਪੜ੍ਹੇ ਹੋਏ ਭਾਵ ਨੂੰ ਯਾਦ ਕਰਦਿਆਂ ਮੈਨੂੰ ਲੱਗਣ ਲੱਗਾ ਕਿ ਊਠ ਤਾਂ ਹੁਣ ਹੀ ਪਹਾੜ ਥੱਲੇ ਆਉਣਾ ਹੈ। ਇਸ ਲਈ ਮੈਂ ਬੜਾ ਹੀ ਉਤਸ਼ਾਹਿਤ ਅਤੇ ਉਤੇਜਿਤ ਸਾਂ।

ਅਸੀਂ ਮਿਥੇ ਦਿਨ ਸਿਰਫ਼ ਸਬੰਧਤ ਬੰਦਿਆਂ ਨੂੰ ਹੀ ਆਉਣ ਲਈ ਆਖਿਆ ਸੀ। ਸਾਰੇ ਹੀ ਠੀਕ ਸਮੇਂ 'ਤੇ ਪੁੱਜ ਗਏ। ਜਦ ਮੈਂ ਦਫ਼ਤਰ ਵਿੱਚ ਜਾ ਕੇ ਹਾਜ਼ਰੀ ਲਾਉਣ ਲੱਗਾ ਤਾਂ ਹਾਜ਼ਰੀ ਵਾਲੇ ਕਾਗਜ਼ ਉੱਤੇ 'ਗੁਰਨੇਕ ਸਿੰਘ ਵਿਦੇਸ਼ ਚਲਾ ਗਿਆ ਹੈ' ਵਾਲੀ ਸਤਰ ਪੜ੍ਹ ਕੇ ਮੇਰੇ ਹੱਥਾਂ ਦੇ ਤੋਤੇ ਹੀ ਉੱਡ ਗਏ। ਮੈਨੂੰ ਲੱਗਾ ਕਿ ਮੈਨੂੰ ਵਖ਼ਤ ਵਿੱਚ ਪਾ ਕੇ ਉਹ ਆਪ ਬਾਹਰ

ਉਡਾਰੀ ਮਾਰ ਗਿਆ ਹੈ। ਇੱਕ ਗੱਲ ਤਾਂ ਪੱਕੀ ਸੀ ਕਿ ਉਹ ਪੁਲਿਸ ਦੀ ਮਿਲੀ-ਭੁਗਤ ਨਾਲ ਹੀ ਬਾਹਰ ਗਿਆ ਸੀ ਤੇ ਦੂਜਾ ਕਿ ਕੇਸ ਸਟੇਅ ਹੋਣ ਕਾਰਨ ਹੁਣ ਹਰ ਵਾਰ ਮੈਨੂੰ ਇਕੱਲੇ ਨੂੰ ਹੀ ਪੇਸ਼ੀਆਂ ਭੁਗਤਣੀਆਂ ਪੈਣਗੀਆਂ। ਸ਼ਾਇਦ ਉਸ ਦੇ ਬਾਹਰ ਹੋਣ ਦਾ ਬਹਾਨਾ ਬਣਾਅ ਕੇ ਵਕੀਲ ਹੋਰ ਵੀ ਵੱਧ ਤਾਰੀਕਾਂ ਲਵੇਗਾ ਤੇ ਮੇਰੀ ਖੱਜਲ-ਖੁਆਰੀ ਹੋਰ ਲੰਮੇ ਸਮੇਂ ਲਈ ਹੁੰਦੀ ਰਹੇਗੀ। ਜਿਸ ਤਰ੍ਹਾਂ ਹਰ ਵਾਰ ਹੁੰਦਾ ਸੀ, ਕਿਸੇ ਪੁਲਿਸ ਵਾਲੇ ਵਿਰੁੱਧ ਸ਼ਿਕਾਇਤ ਕਰਨ ਵਾਲੀ ਧਿਰ ਦੀ ਵਾਰੀ ਸਭ ਤੋਂ ਅਖ਼ੀਰ 'ਤੇ ਹੀ ਆਉਣੀ ਹੁੰਦੀ ਹੈ, ਉਸੇ ਤਰ੍ਹਾਂ ਪੌਣੇ ਕੁ ਪੰਜ ਵਜੇ ਸਾਨੂੰ ਵੀ ਆਵਾਜ਼ ਪੈ ਗਈ।

ਜਦ ਅਸੀਂ ਕਈ ਜਣੇ ਐਸ.ਪੀ. ਦੇ ਕਮਰੇ ਵਿੱਚ ਵੜੇ ਤਾਂ ਉਹ ਸਾਡੀ ਫਾਈਲ ਵੇਖ ਰਿਹਾ ਸੀ ਤੇ ਕਾਗਜ਼ਾਂ ਉੱਪਰੋਂ ਆਪਣੀ ਨਿਗ੍ਹਾ ਉਠਾਉਂਦਾ ਹੋਇਆ ਬੋਲਿਆ, "ਆਓ, ਆਓ, ਕ੍ਰਿਸ਼ਨ ਭਗਵਾਨ ਜੀ, ਤੁਹਾਡਾ ਹੀ ਇੰਤਜ਼ਾਰ ਕਰ ਰਿਹਾ ਸਾਂ। ਹੁਣ ਤੁਸੀਂ ਮਨੁੱਖੀ ਅਧਿਕਾਰ ਕਮਿਸ਼ਨ ਵੱਲ ਨੂੰ ਭੱਜ ਨਿਕਲੇ ?"

"ਮੈਂ ਕ੍ਰਿਸ਼ਨ ਭਗਵਾਨ ਨਹੀਂ, ਕ੍ਰਿਸ਼ਨ ਪ੍ਰਤਾਪ ਹਾਂ। ਜਦ ਤੱਕ ਇਨਸਾਫ਼ ਨਹੀਂ ਮਿਲਦਾ ਤਾਂ ਅਸੀਂ ਹਰ ਦਰਵਾਜ਼ਾ ਖੜਕਾਉਣਾ ਹੀ ਖੜਕਾਉਣਾ ਹੈ। ਨਾਲੇ ਜੇ ਮੈਂ ਭਗਵਾਨ ਹੁੰਦਾ ਤਾਂ, ਇੱਥੇ ਆਉਣ ਦੀ ਤੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਅਰਜ਼ੀਆਂ ਦੇਣ ਦੀ ਕੀ ਲੋੜ ਸੀ, ਮਸਲਾ ਹੀ ਨਹੀਂ ਸੀ ਉਪਜਣਾ।" ਮੇਰੇ ਮੂੰਹੋਂ ਸੁਭਾਵਿਕ ਹੀ ਨਿਕਲਿਆ।

"ਤੈਨੂੰ ਆਖਿਆ ਤਾਂ ਸੀ ਕਿ ਸਮਝੌਤਾ ਕਰ ਲੈ। ਇਹ ਹੀ ਤਾਂ ਇਨਸਾਫ਼ ਹੈ। ਤੂੰ ਐਵੇਂ ਦਰ ਦਰ ਭਟਕਦਾ ਫਿਰਦੈਂ।" ਉਹ ਹੰਕਾਰ ਨਾਲ ਬੋਲਿਆ।

"ਇਹੋ ਜਿਹੇ ਅਨਿਆਂ ਭਰੇ ਸਮਝੌਤੇ ਤਾਂ ਅਸੀਂ ਉਸ ਵੇਲ਼ੇ ਨ੍ਹੀਂ ਕੀਤੇ ਜਦ ਏ.ਕੇ. ਸੰਤਾਲੀਆਂ ਤੋਂ ਡਰ ਕੇ ਥੋਡੀਆਂ ਖਾਕੀ ਵਰਦੀਆਂ ਵਾਲੇ ਵੀ ਪੂਛ ਚੱਡਿਆਂ ਵਿੱਚ ਦੇ ਕੇ ਭੱਜ ਜਾਂਦੇ ਸੀ, ਹੁਣ ਅਸੀਂ ਅਜਿਹੇ ਸਮਝੌਤੇ ਕੀ ਕਰਨੇ ਨੇ ?" ਦਰਸ਼ਨ ਤੂਰ ਅੰਕਲ ਨੇ ਉਸ ਨੂੰ ਕਰਾਰਾ ਜਿਹਾ ਜਵਾਬ ਦਿੱਤਾ। ਸਾਨੂੰ ਲੱਗਾ ਕਿ ਉਹ ਇਸ ਜਵਾਬ ਨਾਲ ਕਾਫ਼ੀ ਖਿਝ ਗਿਆ ਸੀ।

"ਬਾਹਲੀਆਂ ਗੱਲਾਂ ਨਾ ਕਰੋ। ਆਪਣਾ ਮਸਲਾ ਦੱਸੋ ਤੇ ਤੁਰਦੇ ਬਣੋ।" ਉਹ ਬੜੇ ਹੀ ਰੋਅਬ ਨਾਲ ਬੋਲਿਆ ਕਿ ਜਿਵੇਂ ਸਾਨੂੰ ਸਭ ਨੂੰ ਉਸੇ ਵੇਲ਼ੇ ਹੀ ਦਫ਼ਤਰ ਤੋਂ ਬਾਹਰ ਕੱਢ ਦੇਣਾ ਚਾਹੁੰਦਾ ਹੋਵੇ। ਸ਼ਾਇਦ ਉਸ ਨੂੰ 'ਖਾਕੀ ਵਰਦੀਆਂ' ਵਾਲੀ ਗੱਲ ਵਧੇਰੇ ਹੀ ਚੁਭ ਗਈ ਸੀ।

ਮੈਂ ਸ਼ੁਰੂ ਤੋਂ ਲੈ ਕੇ ਅੰਤ ਤੱਕ ਸਾਰੀ ਰਾਮ ਕਹਾਣੀ ਫਿਰ ਦੁਹਰਾਉਣ ਲੱਗ ਪਿਆ। ਉਹ ਵਾਰ-ਵਾਰ ਆਪਣੀ ਪੱਗ ਚੁੱਕ ਕੇ ਆਪਣੇ ਸੱਜੇ ਹੱਥ ਦੀ

ਪਹਿਲੀ ਉਂਗਲ ਆਪਣੇ ਕੰਨ ਦੇ ਧੁਰ ਅੰਦਰ ਤੱਕ ਲੈ ਜਾਂਦਾ ਸੀ ਤੇ ਜ਼ੋਰ-ਜ਼ੋਰ ਦੀ ਹਿਲਾਉਣ ਲੱਗ ਜਾਂਦਾ। ਕਈ ਵਾਰ ਜਾਣ ਬੁੱਝ ਕੇ ਆਖ ਦਿੰਦਾ, "ਦੁਬਾਰਾ ਦੱਸੀਂ, ਫਿਰ ਕੀ ਹੋਇਆ ?"

ਸਾਰੇ ਜਣੇ ਉਸ ਦੀ ਸ਼ਰੀਰਕ ਭਾਸ਼ਾ ਸਮਝ ਚੁੱਕੇ ਸਨ ਪਰ ਕਰ ਕੁਝ ਵੀ ਨਹੀਂ ਸਨ ਸਕਦੇ ਕਿਉਂਕਿ ਉਹ ਮੌਕੇ ਦਾ ਪੁਲਿਸ ਅਧਿਕਾਰੀ ਸੀ ਅਤੇ ਉਸ ਦਾ ਝੁਕਾਅ ਵੀ ਪੂਰੀ ਤਰ੍ਹਾਂ ਸਾਡੀ ਵਿਰੋਧੀ ਧਿਰ ਵੱਲ ਸੀ।

ਮੈਂ ਆਪਣੀ ਪੂਰੀ ਕਹਾਣੀ ਸੁਣਾਅ ਕੇ, ਜਿਸ ਦਾ ਕਿ ਉਸ ਨੂੰ ਪਹਿਲਾਂ ਵੀ ਸਾਰਾ ਇਲਮ ਸੀ, ਸਬੰਧਤ ਬੰਦਿਆਂ ਦੇ ਖ਼ਿਲਾਫ਼ ਕੇਸ ਦਰਜ ਕਰਨ ਨੂੰ ਆਖ ਦਿੱਤਾ।

ਅੰਤ, ਅੱਕ ਕੇ ਉਹ ਬੋਲ ਹੀ ਪਿਆ, "ਜੇ ਇੰਝ ਮੱਕੜੀਆਂ ਦੇ ਬੁਣੇ ਜਾਲ ਵਿੱਚ ਸ਼ੇਰ ਫਸਣ ਲੱਗ ਜਾਣ ਤਾਂ ਅਸੀਂ ਕਰ ਲਿਆ ਇਸ ਜੰਗਲ 'ਤੇ ਰਾਜ। ਸਬੂਤ ਲਿਆ, ਸਬੂਤ।" ਉਹ ਏਨੇ ਹੰਕਾਰ ਨਾਲ ਉੱਚੀ ਆਵਾਜ਼ ਵਿੱਚ ਬੋਲਿਆ ਕਿ ਮੈਨੂੰ ਜਾਪਣ ਲੱਗਾ ਕਿ ਉਹ ਮੇਰੇ ਸੱਚ ਦੀ ਆਵਾਜ਼ ਨੂੰ ਇਸ ਤਰ੍ਹਾਂ ਦਬਕੇ ਮਾਰ ਕੇ ਪੂਰੀ ਤਰ੍ਹਾਂ ਦਬਾਉਣ ਦਾ ਯਤਨ ਕਰਨ ਲੱਗਾ ਹੋਇਆ ਹੈ।

"ਤੁਹਾਡਾ ਜੰਗਲ ਰਾਜ ਤੁਹਾਨੂੰ ਮੁਬਾਰਿਕ। ਕੀ ਹੋਇਆ, ਜੰਗਲ ਰਾਜ ਕਾਇਮ ਕਰ ਲਿਆ ਹੈ ਤੇ ਤੁਸੀਂ ਇਸ ਜੰਗਲ ਦੇ ਰਾਜੇ ਬਣ ਗਏ ਹੋ। ਇਸ ਦਾ ਮਤਲਬ ਇਹ ਵੀ ਤਾਂ ਨਹੀਂ ਕਿ ਤੁਸੀਂ ਕਿਸੇ ਦੀ ਗੱਲ ਹੀ ਨਾ ਸੁਣੋ। ਤੁਸੀਂ ਸਾਨੂੰ ਕੀੜੇ-ਮਕੌੜੇ ਹੀ ਸਮਝ ਰੱਖਿਆ ਏ। ਤਨਖਾਹ ਤਾਂ ਸਾਡੇ ਦਿੱਤੇ ਟੈਕਸਾਂ ਵਿੱਚੋਂ ਹੀ ਲੈਂਦੇ ਓ, ਵੱਡਿਓ ਸ਼ੇਰੋ।" ਕ੍ਰਾਂਤੀਕਾਰੀ ਕਿਸਾਨ ਜਥੇਬੰਦੀ ਵਾਲਾ ਛਿੰਦਰ ਸਿੰਘ ਐਸ.ਪੀ. ਨੂੰ ਸਿੱਧਾ ਹੀ ਪੈ ਨਿਕਲਿਆ। ਉਸ ਦੀ ਜੋਸ਼ੀਲੀ ਆਵਾਜ਼ ਨੇ ਸਾਰਾ ਦਫ਼ਤਰ ਗੂੰਜਾਅ ਦਿੱਤਾ ਸੀ।

ਛਿੰਦਰ ਵੱਲੋਂ ਗਰਜਵੇਂ ਬੋਲਾਂ ਦੀ ਏਨੀ ਕਰਾਰੀ ਚਪੇੜ ਆਪਣੇ ਮੂੰਹ ਉੱਤੇ ਵੱਜੀ ਵੇਖ ਕੇ ਇੱਕ ਵਾਰ ਤਾਂ ਐਸ.ਪੀ. ਦੀ ਭੂਤਨੀ ਭੁੱਲ ਗਈ ਪਰ ਕੁਝ ਕੁ ਪਲਾਂ ਵਿੱਚ ਹੀ ਉਸ ਨੇ ਆਪਣੀ ਸਾਰੀ ਤਾਕਤ ਇਕੱਠੀ ਕਰ ਲਈ ਤੇ ਉੱਚੀ-ਉੱਚੀ ਬੋਲਣ ਲੱਗ ਪਿਆ, "ਜਦ ਇਸ ਮਸਲੇ ਵਿੱਚ ਕੇਸ ਨੂੰ ਅਦਾਲਤ ਨੇ ਸਟੇਅ ਕਰ ਦਿੱਤਾ ਹੈ ਤਾਂ ਅਸੀਂ ਕੀ ਕਰ ਸਕਦੇ ਹਾਂ।"

"ਸਟੇਅ ਮਿਲਣਾ ਤੇ ਕਿਸੇ ਦੇ ਚੱਲਦੇ ਕੰਮ ਨੂੰ ਧੱਕੇ ਨਾਲ ਰੋਕਣਾ ਦੋਵੇਂ ਵੱਖੋ ਵੱਖਰੀਆਂ ਗੱਲਾਂ ਨੇ। ਤੁਹਾਡੇ ਜਿੰਨ੍ਹਾਂ ਕਰਮਚਾਰੀਆਂ ਨੇ ਨਜਾਇਜ਼ ਤੌਰ 'ਤੇ ਇਹ ਕੰਮ ਰੁਕਵਾਇਆ ਸੀ, ਉਹਨਾਂ 'ਤੇ ਉਹ ਧਾਰਾ ਲਾਓ ਤੇ ਜਿਨ੍ਹਾਂ ਨੇ ਢਾਹ-ਢੁਆਈ ਕੀਤੀ ਹੈ, ਉਹਨਾਂ ਉੱਤੇ ਕੇਸ ਦਰਜ ਕਰੋ, ਫੜੋ ਗੁੰਡਿਆਂ ਨੂੰ, ਗੱਲ ਖ਼ਤਮ।" ਬਿਜਲੀ ਬੋਰਡ ਵਾਲੇ ਹੀਰਾ ਸਿੰਘ ਦੀ ਹੁਕਮੀਆ ਅੰਦਾਜ਼

ਵਿੱਚ ਆਖੀ ਗੱਲ ਨੇ ਐਸ.ਪੀ. ਨੂੰ ਕਾਫ਼ੀ ਕਰਾਰਾ ਝਟਕਾ ਦੇ ਦਿੱਤਾ ।ਐਸ.ਪੀ. ਸ਼ਾਇਦ ਇਸ ਗੱਲ ਤੋਂ ਖਿਝ ਗਿਆ ਸੀ ਕਿ ਕੋਈ ਉਸ ਦੇ ਦਫ਼ਤਰ ਵਿੱਚ ਹੀ ਆ ਕੇ ਉਸ ਨੂੰ ਧੱਕੇ ਨਾਲ, ਉਸ ਦੇ ਹੀ ਕਰਮਚਾਰੀਆਂ 'ਤੇ ਕੇਸ ਦਰਜ ਕਰਨ ਲਈ ਆਖੇ।

ਸਾਡੀਆਂ ਦਲੀਲਾਂ ਦਾ ਉਸ ਕੋਲ ਕੋਈ ਕਾਟਵਾਂ ਉੱਤਰ ਨਾ ਹੋਣ ਕਰ ਕੇ ਉਸ ਨੇ ਸਾਨੂੰ ਪਹਿਲਾਂ ਦੀ ਤਰ੍ਹਾਂ ਬਾਹਰ ਜਾਣ ਦਾ ਇਸ਼ਾਰਾ ਕੀਤਾ ਅਤੇ ਰੀਡਰ ਕੋਲ ਜਾ ਕੇ ਆਪਣੇ ਬਿਆਨ ਲਿਖਾਉਣ ਬਾਰੇ ਆਖ ਦਿੱਤਾ।

"ਇਹ ਤਾਂ ਉਹ ਗੱਲ ਹੋਈ, ਚਾਚਾ ਚੋਰ, ਭਤੀਜਾ ਕਾਜ਼ੀ।ਜੇ ਢੁੱਕਵਾਂ ਇਨਸਾਫ਼ ਹੀ ਨਹੀਂ ਕਰਨਾ ਤਾਂ ਇੱਥੇ ਬੈਠੇ ਕੀ ਕਰਦੇ ਹੋ ?" ਬਾਹਰ ਨੂੰ ਤੁਰਨ ਤੋਂ ਪਹਿਲਾਂ ਮੇਰਾ ਚਚੇਰਾ ਭਰਾ ਅਮਰਿੰਦਰ ਐਸ.ਪੀ. ਵੱਲ ਸਿੱਧਾ ਝਾਕਦਾ ਹੋਇਆ ਬੋਲਿਆ।

"ਜਾਓ, ਜਾਓ, ਬਿਆਨ ਲਿਖਵਾਓ, ਇੱਥੇ ਬਹੁਤੀਆਂ ਗੱਲਾਂ ਕਰਨ ਦੀ ਲੋੜ ਨਹੀਂ।" ਐਸ.ਪੀ. ਔਖਾ ਹੋ ਕੇ ਬੋਲਿਆ।

ਅਸੀਂ ਰੀਡਰ ਕੋਲ ਆ ਕੇ ਆਪਣੇ ਰਟੇ-ਰਟਾਏ ਬਿਆਨ ਦਰਜ ਕਰਵਾਅ ਦਿੱਤੇ।ਇਹਨਾਂ ਬਿਆਨਾਂ ਵਿੱਚ ਬਸ ਇੰਨੀ ਕੁ ਸੋਧ ਹੀ ਕੀਤੀ ਗਈ ਸੀ ਕਿ ਮਲਕੀਤ ਸਿੰਘ ਦੁਆਰਾ ਆਪਣੇ ਘਰ ਵਿੱਚ ਨਜਾਇਜ਼ ਤੌਰ 'ਤੇ ਪਰਵਾਸੀ ਮਜ਼ਦੂਰ ਰੱਖੇ ਹੋਏ ਹਨ ਜਿੰਨ੍ਹਾਂ ਦੀ ਉਸ ਵੱਲੋਂ ਪੁਲਿਸ ਵਿਭਾਗ ਨੂੰ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਹੋਈ ਹੈ।ਇਸ ਲਈ ਉਹ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਕੋਈ ਵੀ ਜਾਨੀ ਜਾਂ ਮਾਲੀ ਨੁਕਸਾਨ ਪਹੁੰਚਾਅ ਸਕਦੇ ਹਨ ਤੇ ਨਾਲ ਦੀ ਨਾਲ ਇਹ ਵੀ ਕਿ ਮਲਕੀਤ ਸਿੰਘ ਵੱਲੋਂ ਉਸੇ ਮਕਾਨ ਵਿੱਚ ਹੀ ਸਰਕਾਰੀ ਪੁਲਿਸ ਬੱਸ ਨੂੰ ਨਜਾਇਜ਼ ਤੌਰ 'ਤੇ ਲਿਆ ਕੇ ਖੜ੍ਹਾ ਕੀਤਾ ਜਾਂਦਾ ਹੈ।

0-0-0

ਸਾਰਾ ਪਰਿਵਾਰ ਸਾਡੇ ਆਉਣ ਦਾ ਇੰਤਜ਼ਾਰ ਕਰੀ ਜਾ ਰਿਹਾ ਸੀ ਅਤੇ ਅੰਦਰ ਵੜਦਿਆਂ ਹੀ ਮੇਰੀ ਬੇਟੀ ਅਸੀਸ ਮੇਰੀਆਂ ਲੱਤਾਂ ਨੂੰ ਚੁੰਬੜ ਗਈ।ਉਸ ਨੇ ਮੈਨੂੰ ਬੜੇ ਪਿਆਰ ਨਾਲ ਆਖਿਆ, "ਪਾਪਾ, ਪਾਪਾ, ਮੈਂ ਸਾਰੀ ਜਮਾਤ ਵਿੱਚੋਂ ਓਵਰ ਆਲ ਟੌਪ ਆਈ ਹਾਂ।" ਇਹ ਖੁਸ਼ਖ਼ਬਰੀ ਸੁਣ ਕੇ ਮੈਂ ਆਪਣਾ ਦਿਨ ਭਰ ਦਾ ਅਕੇਵਾਂ ਤੇ ਥਕੇਵਾਂ ਭੁੱਲ ਗਿਆ ਤੇ ਉਸ ਨੂੰ ਗੋਦੀ ਵਿੱਚ ਚੁੱਕ ਕੇ ਕਈ ਵਾਰ ਚੁੰਮਿਆ ਤੇ ਲਾਡ ਲਡਾਉਣ ਲੱਗ ਪਿਆ ਸਾਂ।

"ਪਾਪਾ, ਮੈਂ ਪੜ੍ਹ ਕੇ ਵੱਡੀ ਪੁਲਿਸ ਅਫ਼ਸਰ ਬਣਾਂਗੀ ਤੇ ਜਿਹੜੇ ਪੁਲਿਸ ਵਾਲੇ ਤੁਹਾਨੂੰ ਤੰਗ ਕਰੀ ਜਾਂਦੇ ਆ ਨਾ, ਉਹਨਾਂ ਤੋਂ ਬਦਲਾ ਲਵਾਂਗੀ।" ਅਸੀਸ ਨੇ ਬੜੀ ਹੀ ਦ੍ਰਿੜਤਾ ਅਤੇ ਸਵੈ-ਵਿਸ਼ਵਾਸ਼ ਨਾਲ ਮੈਨੂੰ ਆਖਿਆ।ਉਸ

ਦੇ ਬੋਲਾਂ ਵਿੱਚੋਂ ਮੈਨੂੰ ਟੀ.ਵੀ.'ਤੇ ਚੱਲਦੇ ਕਿਸੇ ਲੜੀਵਾਰ ਨਾਟਕ ਵਿੱਚ ਕਿਸੇ ਪਾਤਰ ਦੁਆਰਾ ਆਖੇ ਹੋਏ ਬੋਲ ਯਾਦ ਆਏ।

"ਨਹੀਂ ਬੇਟੇ, ਆਪਾਂ ਨ੍ਹੀਂ ਪੁਲਿਸ ਮਹਿਕਮੇ ਵਿੱਚ ਜਾਣਾ। ਇਹ ਬੜਾ ਗੰਦਾ ਮਹਿਕਮਾ ਹੈ। ਕੋਈ ਨ੍ਹੀਂ ਤੂੰ ਪੜ੍ਹੀ ਚੱਲ, ਤੈਨੂੰ ਕੋਈ ਹੋਰ ਵੱਡਾ ਅਫ਼ਸਰ ਬਣਾਵਾਂਗੇ।" ਪਤਾ ਨਹੀਂ ਇਹ ਬੋਲ ਕਿਵੇਂ ਮੇਰੇ ਮੂੰਹੋਂ ਨਿਕਲ ਗਏ ਸਨ।

"ਨਹੀਂ ਪਾਪਾ, ਮੈਂ ਤਾਂ ਪੁਲਿਸ ਅਫ਼ਸਰ ਹੀ ਬਣਾਂਗੀ।" ਉਸ ਨੇ ਇਹ ਸ਼ਬਦ ਪੂਰੀ ਦ੍ਰਿੜਤਾ ਨਾਲ ਆਖੇ।

ਪੁਲਿਸ ਵਿਭਾਗ ਪ੍ਰਤੀ ਬੋਲੇ ਹੋਏ ਕੌੜੇ ਸ਼ਬਦ, ਮੇਰੇ ਅੰਦਰ ਇਸ ਮਹਿਕਮੇ ਪ੍ਰਤੀ ਪੈਦਾ ਹੋਈ ਨਫ਼ਰਤ ਦਾ ਹੀ ਸਿੱਟਾ ਸੀ। ਇੱਕ ਗੱਲ ਮੈਨੂੰ ਪੱਕੀ ਤਰ੍ਹਾਂ ਸਮਝ ਆ ਗਈ ਸੀ ਕਿ ਮੈਨੂੰ ਮੁਸੀਬਤ ਵਿੱਚ ਪਏ ਨੂੰ ਵੇਖ ਕੇ ਮੇਰੀ ਬੇਟੀ ਨੇ ਏਨਾ ਜ਼ਿਆਦਾ ਪੜ੍ਹਨਾ ਸ਼ੁਰੂ ਕਰ ਦਿੱਤਾ ਕਿ ਉਸ ਨੂੰ ਲੱਗਣ ਲੱਗਾ ਸੀ ਕਿ ਉਹ ਵੱਧ ਤੋਂ ਵੱਧ ਪੜ੍ਹ ਕੇ ਅਫ਼ਸਰ ਬਣੇਗੀ ਤੇ ਆਪਣੇ ਪਾਪਾ ਨਾਲ ਹੋ ਰਹੀ ਬੇ-ਇਨਸਾਫ਼ੀ ਦਾ ਬਦਲਾ ਲਵੇਗੀ। ਸ਼ਾਇਦ ਇਹੀ ਕਾਰਨ ਸੀ ਕਿ ਪੜ੍ਹਾਈ ਵਿੱਚ ਸਧਾਰਨ ਜਿਹੀ ਬੱਚੀ ਨੇ ਘਰ ਵਿੱਚ ਪੜ੍ਹਾਈ ਦਾ ਮਹੌਲ ਨਾ ਹੋਣ ਦੇ ਬਾਵਜੂਦ ਵੀ ਪੰਜ-ਛੇ ਸੌ ਵਿਦਿਆਰਥੀਆਂ ਨੂੰ ਪਿੱਛੇ ਛੱਡ ਦਿੱਤਾ ਸੀ। ਉਸ ਦੁਆਰਾ ਇੰਝ ਮਿਹਨਤ ਕਰਨਾ ਮੇਰੇ ਲਈ ਇੱਕ ਬੜਾ ਹੀ ਵੱਡਾ ਹੌਸਲਾ ਦੇਣ ਵਾਲਾ ਨੈਤਿਕ ਸਹਾਰਾ ਸੀ। ਇਸ ਗੱਲ ਨੇ ਮੈਨੂੰ ਕਈ ਦਿਨ ਸਰੂਰੀ ਰੱਖਿਆ।

ਹੁਣ ਸਾਰੇ ਘਰਦਿਆਂ ਨੂੰ ਪਤਾ ਲੱਗ ਚੁੱਕਾ ਸੀ ਕਿ ਪੁਲਿਸ ਵਿਭਾਗ ਸਾਨੂੰ ਬੁਲਾਅ ਕੇ ਸਿਰਫ਼ ਸਾਡੀ ਹਾਜ਼ਰੀ ਲੁਆ ਕੇ ਤੇ ਪੁਰਾਣੇ ਬਿਆਨਾਂ ਅਨੁਸਾਰ ਕਾਗਜ਼ ਕਾਲ਼ੇ ਕਰਕੇ ਸਾਨੂੰ ਵਾਪਿਸ ਖਾਲੀ ਹੱਥ ਹੀ ਮੋੜ ਦਿੰਦਾ ਹੈ ਨਾ ਕਿ ਇਨਸਾਫ਼ ਕਰਨ ਲਈ ਕੋਈ ਉਚਿੱਤ ਕਦਮ ਉਠਾਇਆ ਜਾਂਦਾ ਹੈ। ਇਸੇ ਕਾਰਨ ਅੱਜ ਦੀ ਕਾਰਵਾਈ ਬਾਰੇ ਜਾਨਣ ਦੀ ਕਿਸੇ ਨੂੰ ਕੋਈ ਉਤੇਜਨਾ ਨਹੀਂ ਸੀ ਕਿ ਦਫ਼ਤਰ ਵਿੱਚ ਕੀ ਹੋਇਆ। ਸਭ ਦੇ ਗੱਲਬਾਤ ਦਾ ਵਿਸ਼ਾ ਅਸੀਸ ਦੇ ਓਵਰ-ਆਲ ਪਹਿਲੇ ਸਥਾਨ 'ਤੇ ਆਉਣ ਦਾ ਹੀ ਸੀ। ਘਰ ਵਿੱਚ ਕਾਫ਼ੀ ਦੇਰ ਅਸੀਸ ਦੀ ਇਸ ਪ੍ਰਾਪਤੀ ਦਾ ਚਰਚਾ ਹੁੰਦਾ ਰਿਹਾ।

ਬੇਸ਼ੱਕ ਮੈਂ ਸਭ ਨੂੰ ਚਿਹਰੇ ਉੱਤੋਂ ਬੜਾ ਹੀ ਨਿਸ਼ਚਿੰਤ ਹੋਇਆ ਵਿਖਾਈ ਦੇ ਰਿਹਾ ਸਾਂ ਪਰ ਮੇਰੇ ਮਨ ਦੇ ਅੰਦਰ ਇੱਕ ਬੜਾ ਹੀ ਵੱਡਾ ਯੁੱਧ ਚੱਲ ਰਿਹਾ ਸੀ। ਸਮਝ ਨਹੀਂ ਸੀ ਆ ਰਹੀ ਕਿ ਗੁਰਨੇਕ ਦੇ ਵਿਦੇਸ਼ ਵਿੱਚ ਚਲਾ ਜਾਣ ਨੂੰ ਮੈਂ ਆਪਣੇ ਹੱਕ ਵਿੱਚ ਸਮਝਾਂ ਕਿ ਵਿਰੁੱਧ ? ਸਾਰੀ ਖੇਡ ਵਿਰੋਧੀ ਧਿਰ ਦੇ ਹੱਕ ਵਿੱਚ ਸੀ ਅਤੇ ਮੇਰੇ ਪੱਲੇ ਕੱਖ ਵੀ ਨਹੀਂ ਸੀ। ਮੇਰੇ ਅੱਗੇ ਸਵਾਲ ਇਹ ਵੀ ਸੀ ਕਿ ਕੀ ਉਹ ਪੱਕੇ ਤੌਰ 'ਤੇ ਇੱਥੋਂ ਚਲਾ ਗਿਆ ਹੈ ਜਾਂ ਕੇਵਲ ਸੈਰ

ਸਪਾਟਾ ਕਰਨ ਹੀ ਗਿਆ ਹੈ ? "ਸ਼ਾਇਦ ਕੁਝ ਕੁ ਮਹੀਨਿਆਂ ਮਗਰੋਂ ਉਹ ਫਿਰ ਆਪਣੀ ਭੈੜੀ ਬੂਥੀ ਲੈ ਕੇ ਮੈਨੂੰ ਕਚਹਿਰੀ ਵਿੱਚ ਘੜੀਸੀ ਫਿਰੇਗਾ ?" ਸੋਚਦਿਆਂ ਸੋਚਦਿਆਂ ਮੇਰੇ ਮੂੰਹੋਂ ਆਪ-ਮੁਹਾਰੇ ਹੀ ਇਹ ਸ਼ਬਦ ਏਨੀ ਕੁ ਉੱਚੀ ਨਿਕਲੇ ਕਿ ਥੋੜ੍ਹੀ ਦੂਰ ਬੈਠੀ ਮੇਰੀ ਪਤਨੀ ਨੇ ਵੀ ਸੁਣ ਲਏ ਸਨ।

ਗੁਰਨੇਕ ਦੇ ਘਰ ਵਾਲਿਆਂ ਨੇ ਉਸ ਦੇ ਵਿਦੇਸ਼ ਜਾਣ ਦੀ ਖ਼ਬਰ ਕਿਸੇ ਦੇਸ਼ ਦੁਆਰਾ ਕੀਤੇ ਜਾਣ ਵਾਲੇ ਪ੍ਰਮਾਣੂ ਧਮਾਕਿਆਂ ਤੋਂ ਵੱਧ ਗੁਪਤ ਰੱਖੀ ਹੋਈ ਸੀ।ਮੇਰੇ ਹਮਦਰਦ ਸੂਹੀਆਂ ਨੂੰ ਵੀ ਮੇਰੇ ਕੋਲੋਂ ਹੀ ਪਤਾ ਲੱਗਾ ਸੀ ਕਿ ਗੁਰਨੇਕ ਵਿਦੇਸ਼ ਉਡਾਰੀ ਮਾਰ ਚੁੱਕਾ ਹੈ।

ਮੈਨੂੰ ਕਾਨੂੰਨ ਦਾ ਏਨਾ ਕੁ ਤਾਂ ਪਤਾ ਲੱਗ ਚੁੱਕਾ ਸੀ ਕਿ ਸੈਸ਼ਨ ਜੱਜ ਵੀ ਮੁਦਾਇਲੇ ਨੂੰ ਆਪਣਾ ਪੱਖ ਰੱਖਣ ਲਈ ਤਿੰਨ ਤਾਰੀਕਾਂ ਦਿੰਦਾ ਹੈ ਅਤੇ ਜਦ ਸਬੰਧਤ ਧਿਰ ਹਾਜ਼ਰ ਨਹੀਂ ਹੁੰਦੀ ਤਾਂ ਉਹ ਇੱਕ ਤਰਫ਼ਾ ਕਾਰਵਾਈ ਕਰ ਸਕਦਾ ਹੈ।ਹੁਣ ਸਾਡਾ ਸਾਰਾ ਧਿਆਨ ਇਸ ਪਾਸੇ ਵੱਲ ਸੀ ਕਿ ਗੁਰਨੇਕ ਦੇ ਵਿਦੇਸ਼ ਰਹਿੰਦੇ-ਰਹਿੰਦੇ ਇਹ ਸਭ ਤਾਰੀਕਾਂ ਛੇਤੀ ਤੋਂ ਛੇਤੀ ਭੁਗਤਾਅ ਲਈਆਂ ਜਾਣ ਅਤੇ ਸੈਸ਼ਨ ਜੱਜ ਵੱਲੋਂ ਮੇਰੇ ਹੱਕ 'ਚ ਕੀਤੇ ਫ਼ੈਸਲੇ ਨੂੰ ਅਧਾਰ ਬਣਾਅ ਕੇ ਜਗ੍ਹਾ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਜਾਵੇ।

ਸਾਡੀ ਦੂਜੀ ਵੱਡੀ ਚਿੰਤਾ ਦਾ ਵਿਸ਼ਾ ਏ.ਡੀ.ਸੀ. ਵੱਲੋਂ ਜਾਰੀ ਕੀਤੇ ਗਏ ਨੋਟਿਸ ਦਾ ਢੁੱਕਵਾਂ ਅਤੇ ਤਸੱਲੀ-ਪੂਰਵਕ ਜਵਾਬ ਬਣਾਅ ਕੇ ਦੇਣ ਦਾ ਸੀ।ਮੈਂ ਸਭ ਦੀ ਸਲਾਹ ਨਾਲ ਉਹ ਸਾਰੀਆਂ ਗੱਲਾਂ ਜੋ ਕਿ ਪਿਛਲੇ ਦਿਨਾਂ ਤੋਂ ਹੋ ਰਹੀਆਂ ਸਨ ਸਭ ਦਾ ਖਾਕਾ ਤਿਆਰ ਕਰਕੇ ਇਸ ਨੂੰ ਅੰਤਿਮ ਰੂਪ ਦੇਣ ਲਈ ਵਕੀਲ ਦੀ ਸਲਾਹ ਲਈ ਕਚਹਿਰੀ ਚਲਾ ਗਿਆ।ਮੈਂ ਉਸਦੀ ਸਲਾਹ ਮੁਤਾਬਕ ਕੁਝ ਹੋਰ ਗੱਲਾਂ ਵੀ ਸ਼ਾਮਿਲ ਕਰ ਲਈਆਂ।ਜਦ ਮੈਂ ਚੈਂਬਰ ਤੋਂ ਬਾਹਰ ਨਿਕਲ ਕੇ ਕਚਹਿਰੀ ਦੇ ਦਰਵਾਜ਼ੇ ਵੱਲ ਨੂੰ ਜਾ ਰਿਹਾ ਸਾਂ ਤਾਂ ਮੈਨੂੰ ਐਸ.ਪੀ. ਦੇ ਦਫ਼ਤਰ ਦਾ, ਸੋਹਣੀ ਪੇਚਦਾਰ ਪੱਗ ਬੰਨ੍ਹੀ, ਉਹੀ ਪੁਲਿਸ ਵਾਲਾ ਟੱਕਰ ਪਿਆ, ਜਿਹੜਾ ਸਾਨੂੰ ਪੁਲਿਸ ਵਿਭਾਗ ਦੀਆਂ ਅੰਦਰਲੀਆਂ ਖ਼ਾਮੀਆਂ ਦੱਸਦਾ ਰਿਹਾ ਸੀ।

"ਕਿਵੇਂ ਆ ਮਾਸਟਰ ਜੀ।ਭੁਗਤੀ ਜਾਂਦੇ ਓ ਤਾਰੀਕਾਂ ? ਫਸ ਗਏ ਘੁੰਮਣ ਘੇਰੀ 'ਚ ?" ਉਸ ਨੇ ਪੂਰੀ ਗੰਭੀਰਤਾ ਨਾਲ ਆਖਿਆ।

ਮੇਰਾ ਮਨ ਪਹਿਲਾਂ ਹੀ ਖ਼ਰਾਬ ਸੀ ਤੇ ਮੈਂ ਬੜੀ ਹੀ ਰੋਣੀ ਜਿਹੀ ਆਵਾਜ਼ ਵਿੱਚ ਉਸ ਨੂੰ ਨਵੀਂ ਪਈ ਮੁਸੀਬਤ ਬਾਰੇ ਦੱਸਣ ਲੱਗ ਪਿਆ।

"ਯਾਰ, ਇਹ ਤੈਨੂੰ ਸ਼ਰੀਫ਼ ਬੰਦੇ ਨੂੰ ਜ਼ਿਆਦਾ ਹੀ ਖ਼ਰਾਬ ਕਰੀ ਜਾਂਦੇ ਨੇ।ਕੋਈ ਨ੍ਹੀਂ, ਇੱਕ ਨਾ ਇੱਕ ਦਿਨ ਮੂੰਹ ਦੀ ਖਾਣਗੇ।" ਉਸ ਨੇ ਤਸੱਲੀ ਨਾਲ ਆਖਿਆ।

"ਤੁਸੀਂ ਹੀ ਕੋਈ ਰਾਹ ਪਾ ਦਿਓ। ਕੋਈ ਉਪਾਅ ਦੱਸੋ। ਕੀ ਕਰੀਏ, ਬੜਾ ਹੀ ਦੁਖੀ ਕੀਤੇ ਪਏ ਆਂ।" ਮੈਂ ਤਰਲੇ ਨਾਲ ਆਖਿਆ।

"ਇੱਕ ਬੰਬ ਮੇਰੇ ਕੋਲ ਹੈਗਾ। ਇਹਨੂੰ ਬੰਬ ਨਾ ਆਖ, ਪ੍ਰਮਾਣੂ ਬੰਬ ਹੀ ਹੈ। ਮੈਂ ਤੈਨੂੰ ਦੇ ਵੀ ਦੇਵਾਂਗਾ। ਇਹ ਤੈਨੂੰ ਚੁਰਾਸੀ ਵਾਲੇ ਚੱਕਰ 'ਚੋਂ ਕੱਢ ਸਕਦੈ ਪਰ ਤੈਨੂੰ ਮੇਰੇ ਨਾਲ ਇੱਕ ਵਾਅਦਾ ਕਰਨਾ ਪਵੇਗਾ।" ਉਹ ਸੋਚਦਾ-ਸੋਚਦਾ ਆਖ ਗਿਆ ਅਤੇ ਮੈਨੂੰ ਇੱਕ ਪਾਸੇ ਲੈ ਗਿਆ।

"ਤੁਸੀਂ ਵਿਸ਼ਵਾਸ ਕਰੋ, ਮੈਂ ਤੁਹਾਡੇ ਤੋਂ ਬਾਹਰ ਨ੍ਹੀਂ ਜਾਂਦਾ।" ਮੈਂ ਪੂਰੀ ਦ੍ਰਿੜਤਾ ਨਾਲ ਉਸ ਨੂੰ ਯਕੀਨ ਦੁਆਇਆ।

"ਯਾਰ, ਤੇਰੇ ਬੇਲੀ ਜਪਨਾਮ ਨੇ ਦਫ਼ਤਰ ਵਿੱਚ ਵੀ ਬੜੀ ਅੱਤ ਚੁੱਕੀ ਹੋਈ ਆ। ਸਾਡੇ ਆਖੇ 'ਤੇ ਸਾਡੇ ਰਿਸ਼ਤੇਦਾਰਾਂ ਨੂੰ ਵੀ ਨ੍ਹੀਂ ਬਖਸ਼ਦਾ। ਅਗਲੇ ਦੇ ਵੱਡਾ ਸਾਰਾ ਮੋਛਾ ਪਾ ਕੇ ਹੀ ਤੋਰਦੈ। ਇੱਕ ਘਰ ਤਾਂ ਡੈਣ ਵੀ ਛੱਡ ਲੈਂਦੀ ਹੈ ਪਰ ਇਹ ਰਾਖ਼ਸ਼ ਤਾਂ ਉਹਨਾਂ ਨਾਲੋਂ ਵੀ ਗਿਆ ਗੁਜ਼ਰਿਆ ਹੋਇਆ ਹੈ। ਮੇਰੇ ਕੋਲ ਇੱਕ ਵੀਡੀਓ ਹੈ। ਜਿਸ ਵਿੱਚ ਇਹ ਸ਼ਰ੍ਹੇਆਮ ਰਿਸ਼ਵਤ ਲੈਂਦਾ ਵਿਖਾਈ ਦੇ ਰਿਹਾ ਹੈ। ਫਸਾਉਣ ਨੂੰ ਤਾਂ ਮੈਂ ਕਦੋਂ ਦਾ ਫਸਾਅ ਦਿੰਦਾ, ਇਸ ਕੰਜਰ ਨੂੰ, ਪਰ ਯਾਰ ਮੇਰਾ ਇਹੋ ਜਿਹਾ ਸੁਭਾਅ ਨ੍ਹੀਂ।" ਉਹ ਗੰਭੀਰਤਾ ਨਾਲ ਬੋਲਿਆ।

"ਤੁਸੀਂ ਉਹ ਵੀਡੀਓ ਮੈਨੂੰ ਦੇ ਦਿਓ। ਅੱਗੇ ਮੈਂ ਜਾਣਾ, ਮੇਰਾ ਕੰਮ। ਮੇਰੇ ਤੋਂ ਭਾਵੇਂ ਕਿਸੇ ਦੀ ਵੀ ਮਰਜ਼ੀ ਸਹੁੰ ਲੈ ਲਵੋ। ਮੈਂ ਉਸ ਵੀਡੀਓ ਨੂੰ ਤੁਹਾਡੀ ਸਲਾਹ ਤੋਂ ਬਿਨਾਂ ਬਿਲਕੁਲ ਨਹੀਂ ਵਰਤਦਾ।" ਮੈਨੂੰ ਉਸ ਦੇ ਇਹ ਬੋਲ ਡੱਬਦੇ ਨੂੰ ਤਿਣਕੇ ਦੇ ਸਹਾਰੇ ਵਰਗੇ ਲੱਗੇ ਸਨ ਤੇ ਮੈਂ ਉਤਸ਼ਾਹਿਤ ਹੁੰਦੇ ਹੋਏ ਆਖਿਆ।

"ਨਹੀਂ ਯਾਰ, ਸਹੁੰ ਦੀ ਤਾਂ ਕੋਈ ਗੱਲ ਨ੍ਹੀਂ, ਮੈਂ ਕਾਮਰੇਡਾਂ ਦੇ ਖਾਸੇ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਇਹਨਾਂ ਦੀ ਤਾਂ ਜ਼ੁਬਾਨ ਹੀ ਬੜੀ ਹੁੰਦੀ ਐ। ਤੁਹਾਡੇ ਪਰਿਵਾਰ ਬਾਰੇ ਤਾਂ ਮੈਨੂੰ ਸਭ ਕੁਝ ਪਤੈ। ਜਿਸ ਦਿਨ ਤੁਸੀਂ ਸਾਹਬ ਨੂੰ ਸ਼ਿਕਾਇਤ ਕੀਤੀ ਸੀ, ਤੁਹਾਡੇ ਬਾਰੇ ਤਾਂ ਉਸੇ ਦਿਨ ਹੀ ਸਾਰੀ ਰਿਪੋਰਟ ਦਫ਼ਤਰ ਵਿੱਚ ਪੁੱਜ ਗਈ ਸੀ। ਬਾਕੀ ਮੈਂ ਆਪਣੇ ਪੱਧਰ 'ਤੇ ਵੀ ਤੁਹਾਡੇ ਬਾਰੇ ਸਾਰਾ ਕੁਝ ਪਤਾ ਲਾ ਲਿਆ ਸੀ।" ਉਸ ਨੇ ਮੇਰੇ ਚਿਹਰੇ ਵੱਲ ਧਿਆਨ ਨਾਲ ਵੇਖਦਿਆਂ ਆਖਿਆ।

"ਜੇ ਯਕੀਨ ਹੈ ਤਾਂ ਭੇਜ ਦੇਵੋ ਮੈਨੂੰ ਉਹ ਵੀਡੀਓ। ਮੈਂ ਨੰਬਰ ਦੇਵਾਂ ਆਪਣਾ ? ਜੇ ਕੋਈ ਸੇਵਾ ਪਾਣੀ ਦੀ ਜ਼ਰੂਰਤ ਹੈ ਤਾਂ ਉਹ ਵੀ ਦੱਸ ਦਿਓ।" ਮੈਂ ਪੁਲਸੀਆਂ ਦੀ ਖਸਲਤ ਨੂੰ ਧਿਆਨ ਵਿੱਚ ਰੱਖਦਿਆਂ ਉਸ ਨੂੰ ਆਖਿਆ।

"ਜਾਹ ਓ ਯਾਰ, ਆਹ ਕੀ ਗੱਲ ਕਰ 'ਤੀ ਤੂੰ ? ਮੈਂ ਤੇਰੀ ਮੱਦਦ ਕਰਨ

ਨੂੰ ਫਿਰਦਾ ਹਾਂ ਤੇ ਤੂੰ ਸੇਵਾ-ਪਾਣੀ ਦੀ ਗੱਲ ਕਰੀ ਜਾਨੈਂ। ਨਾਲੇ ਮੈਂ ਤਾਂ ਜਪਨਾਮ ਨੂੰ ਵੀ ਸਮਝਾਇਆ ਸੀ ਕਿ ਕਿਸੇ ਬੰਦੇ ਨੂੰ ਕੰਧ ਨਾਲ ਏਨਾ ਧੱਕ ਕੇ ਨਹੀਂ ਲਾਈਦਾ ਹੁੰਦਾ ਕਿ ਉਸ ਦੇ ਪਿੱਛੇ ਹਟਣ ਵਾਸਤੇ ਹੋਰ ਜਗ੍ਹਾ ਹੀ ਨਾ ਬਚੇ ਤੇ ਉਹ ਮਾਰੀ ਦਾ ਪੂਰੇ ਜ਼ੋਰ ਨਾਲ ਤੁਹਾਡੇ ਉੱਤੇ ਉਲਟ ਵਾਰ ਕਰ ਦੇਵੇ। ਪਰ ਉਹ ਕੰਜਰ ਦਾ ਪੁੱਤ ਸਮਝਦਾ ਹੀ ਨਹੀਂ। ਮੈਂ ਅਖ਼ਬਾਰ ਵਿਚ ਤੇਰਾ 'ਮਿੱਟੀ ਨਾ ਫ਼ਰੋਲ ਜੋਗੀਆ' ਲੇਖ ਪੜ੍ਹਿਆ ਸੀ। ਉਸਨੇ ਸੱਚੀਂ ਬੜਾ ਭਾਵੁਕ ਕਰ ਦਿੱਤਾ ਸੀ, ਯਾਰ। ਮੈਂ ਤਾਂ ਉਦੋਂ ਹੀ ਸੋਚ ਲਿਆ ਸੀ, ਇਸ ਬੰਦੇ ਦੀ ਮੱਦਦ ਜ਼ਰੂਰ ਕਰਨੀ ਏ ਭਾਵੇਂ ਕੁਝ ਵੀ ਹੋ ਜਾਵੇ। ਤੇ ਤੂੰ ਮੈਨੂੰ ਉਹੋ ਜਿਹਾ ਹੀ ਸਮਝੀ ਜਾਂਦਾ ਏ, ਸਾਡੇ ਮਹਿਕਮੇ ਦੀਆਂ ਜੂਠਾਂ ਵਰਗਾ।" ਉਹ ਗੱਲ ਕਰਦਾ ਕਰਦਾ ਭਾਵੁਕਤਾ ਅਤੇ ਨਿਰਾਸ਼ਾ ਦੇ ਰਲੇ-ਮਿਲੇ ਭਾਵ ਨਾਲ ਉਲਾਂਭਾ ਦੇਣ ਦੇ ਰੌਂਅ ਵਿੱਚ ਬੋਲਦਿਆਂ ਕਿੰਨ੍ਹਾਂ ਕੁਝ ਹੀ ਕਹਿ ਗਿਆ।

"ਸੌਰੀ ਵੀਰ ਜੀ, ਮੇਰੀ ਇਹ ਭਾਵਨਾ ਨ੍ਹੀਂ ਸੀ। ਮੈਂ ਤਾਂ, ਤਾਂ ਆਖਿਆ ਸੀ ਕਿ ਕਈ ਵਾਰ ਕਿਸੇ ਹੋਰ ਬੰਦੇ ਤੋਂ ਇਹ ਕੰਮ ਕਰਵਾਉਣਾ ਹੁੰਦਾ ਹੈ। ਤੁਹਾਡੇ ਬਾਰੇ ਤਾਂ ਪਹਿਲਾਂ ਹੀ ਮੈਨੂੰ ਪੂਰਾ ਚਾਨਣ ਹੈ।" ਮੈਂ ਆਪਣੀ ਪਹਿਲਾਂ ਕੀਤੀ ਹੋਈ ਗੱਲ, ਜਿਸ ਨੂੰ ਉਹ ਮੇਰੀ ਗ਼ਲਤੀ ਸਮਝਿਆ ਸੀ, 'ਤੇ ਅਫ਼ਸੋਸ ਪ੍ਰਗਟ ਕੀਤਾ।

"ਯਾਰ ਇੱਥੇ ਨ੍ਹੀਂ, ਆਪਾਂ ਕਿਤੇ ਹੋਰ ਚੱਲੀਏ।" ਉਸ ਨੇ ਪੂਰੇ ਸਹਿਜ ਨਾਲ ਆਖਿਆ।

"ਹੁਣ ਤੁਸੀਂ ਮੇਰੀ ਗੱਲ ਦਾ ਗ਼ਲਤ ਮਤਲਬ ਨਾ ਕੱਢਿਓ। ਜੇ ਪੈੱਗ ਲਾ ਲੈਂਦੇ ਹੋ ਤਾਂ ਕਿਸੇ ਹੋਟਲ ਵਿੱਚ ਚੱਲਦੇ ਹਾਂ। ਗਰਮੀ ਵੀ ਬੜੀ ਹੈ, ਏ.ਸੀ. ਦੀ ਠੰਡਕ ਮਾਣ ਲਵਾਂਗੇ, ਨਾਲੇ ਝੱਟ-ਬਿੰਦ ਬਹਿ ਕੇ ਗੱਲਬਾਤ ਕਰ ਲਵਾਂਗੇ।" ਮੈਂ ਜਕਦੇ ਜਕਦੇ ਪੁੱਛਦਿਆਂ ਹੋਟਲ ਦਾ ਨਾਂ ਵੀ ਦੱਸ ਦਿੱਤਾ।

"ਚਲ ਠੀਕ ਆ, ਪਰ ਆਪਾਂ 'ਕੱਠੇ ਇੱਕ ਟੇਬਲ 'ਤੇ ਨ੍ਹੀਂ ਬਹਿਣਾ। ਤੂੰ ਚੱਲ, ਮੈਂ ਅੱਧੇ ਕੁ ਘੰਟੇ ਤੱਕ ਆਉਂਦਾ ਹਾਂ।" ਏਨਾ ਆਖ ਕੇ ਉਹ ਤੁਰ ਗਿਆ।

ਮੈਂ ਯਾਦਵਿੰਦਰ ਨੂੰ ਫ਼ੋਨ ਕਰ ਕੇ, ਉਸ ਨੂੰ ਛੇਤੀ ਦੇਣੇ ਹੋਟਲ ਵਿੱਚ ਪੁੱਜਣ ਲਈ ਕਹਿ ਦਿੱਤਾ ਤੇ ਆਪ ਨੇੜਲੇ ਠੇਕੇ ਤੋਂ ਵਿਸਕੀ ਦੀਆਂ ਦੋ ਬੋਤਲਾਂ ਖਰੀਦ ਕੇ ਹੋਟਲ ਵੱਲ ਚਾਲੇ ਪਾ ਦਿੱਤੇ।

ਅਸੀਂ ਮਿਥੇ ਸਮੇਂ ਤੋਂ ਦਸ ਕੁ ਮਿੰਟ ਪਹਿਲਾਂ ਹੀ ਹੋਟਲ ਵਿੱਚ ਪੁੱਜ ਗਏ ਤੇ ਇੱਕ ਮੇਜ਼ ਦੁਆਲੇ ਬੈਠ ਗਏ ਅਤੇ ਸਾਹਮਣੇ ਵਾਲੇ ਨੂੰ ਮੇਜ਼ ਨੂੰ ਰਾਖਵਾਂ ਕਰਵਾਅ ਲਿਆ। ਅਸੀਂ ਬੈਰ੍ਹਿਆਂ ਨੂੰ ਵੀ ਸਮਝਾਅ ਦਿੱਤਾ ਕਿ ਇਸ ਮੇਜ਼ 'ਤੇ ਜਿੰਨਾ ਵੀ ਆਰਡਰ ਹੋਵਗਾ, ਉਸ ਦੀ ਅਦਾਇਗੀ ਅਸੀਂ ਹੀ ਕਰਨੀ

ਹੈ।

ਪੰਦਰਾਂ-ਵੀਹ ਮਿੰਟ ਬਾਅਦ ਉਹ ਇਕੱਲਾ ਹੀ ਆ ਗਿਆ ਤੇ ਸਾਡੇ ਸਾਹਮਣੇ ਵਾਲੇ ਮੇਜ 'ਤੇ ਆ ਕੇ ਬੈਠ ਗਿਆ।ਜਦ ਉਸ ਨੇ ਆਸਾ-ਪਾਸਾ ਵੇਖ ਕੇ ਅੰਦਾਜ਼ਾ ਲਾ ਲਿਆ ਕਿ ਉੱਥੇ ਉਸ ਦੀ ਜਾਣ-ਪਹਿਚਾਣ ਵਾਲਾ ਕੋਈ ਵੀ ਨਹੀਂ ਹੈ ਤਾਂ ਉਸ ਨੇ ਮੈਥੋਂ ਮੇਰਾ ਮੋਬਾਈਲ ਨੰਬਰ ਮੰਗਿਆ।ਕੁਝ ਪਲਾਂ ਬਾਅਦ ਹੀ ਢਾਈ ਕੁ ਮਿੰਟ ਦੀ ਇੱਕ ਵੀਡੀਓ ਮੇਰੇ ਫ਼ੋਨ ਵਿੱਚ ਆ ਗਈ।ਉਸ ਨੇ ਸਿਰਫ਼ ਇੱਕ ਦੋ ਪੈੱਗ ਹੀ ਲਗਾਏ ਤੇ ਜਾਣ ਦੀ ਕਾਹਲ਼ੀ ਕਰਨ ਲੱਗ ਪਿਆ।

"ਛੋਟੇ ਵੀਰ, ਮੇਰੇ ਤੋਂ ਪੁੱਛੇ ਬਿਨਾਂ ਅਤੇ ਜਿੰਨਾ ਚਿਰ ਤੈਨੂੰ ਇਹ ਨਾ ਲੱਗੇ ਕਿ ਮੈਂ ਤਾਂ ਹੁਣ ਮਾਰਿਆ ਹੀ ਗਿਆ ਹਾਂ, ਇਸ ਵੀਡੀਓ ਨੂੰ ਨਾ ਤਾਂ ਕਿਸੇ ਵਿਖਾਉਣਾ ਹੀ ਹੈ ਤੇ ਨਾ ਹੀ ਇਸ ਦੀ ਵਰਤੋਂ ਕਰਨੀ ਹੈ।ਇਸ ਗੱਲ 'ਤੇ ਪਹਿਰਾ ਦੇਵੀਂ।ਮੈਂ ਹੁਣ ਚੱਲਦਾਂ।" ਤਰਾਰੇ ਜਿਹੇ 'ਚ ਆ ਕੇ ਉਸ ਨੇ ਹੁਕਮ ਦੇਣ ਵਾਂਙ ਆਖਿਆ।

"ਮੈਂ ਤੁਹਾਡੇ ਤੋਂ ਬਾਹਰ ਨ੍ਹੀਂ ਹੁੰਦਾ, ਵੀਰੇ।ਇਹ ਇੱਕ ਕਾਮਰੇਡ ਦੇ ਪੁੱਤਰ ਦੀ ਜ਼ੁਬਾਨ ਹੈ।ਜੇ ਅਜਿਹਾ ਹੋਇਆ ਤਾਂ ਮੈਨੂੰ ਪਿਓ ਦਾ ਪੁੱਤ ਨਾ ਸਮਝਿਓ।" ਮੈਂ ਉਸ ਪੂਰਾ ਯਕੀਨ ਦਿਵਾਉਂਦਿਆਂ ਆਖਿਆ।

"ਵਿਸ਼ਵਾਸ ਰੱਖਿਓ, ਅਸੀਂ ਅਜਿਹਾ ਕੁਝ ਨਹੀਂ ਕਰਦੇ।" ਯਾਦਵਿੰਦਰ ਨੇ ਵੀ ਮੇਰੀ ਗੱਲ ਦੀ ਪ੍ਰੋੜਤਾ ਕੀਤੀ।

"ਮੈਂ ਵੀ ਸਭ ਕੁਝ ਪਤਾ ਕਰਕੇ ਹੀ ਤੈਨੂੰ ਅਹਿ ਸੱਪ ਫੜਾਅ ਚੱਲਿਆਂ ਹਾਂ।ਪਰ ਆਪਾਂ ਇਸ ਨਾਲ ਕਿਸੇ ਦਾ ਨੁਕਸਾਨ ਨਹੀਂ ਹੋਣ ਦੇਣਾ, ਕੇਵਲ ਆਪਣਾ ਬਚਾਅ ਕਰਨਾ ਏ।ਬੱਸ, ਹੁਣ ਮੈਨੂੰ ਛੁੱਟੀ ਦਿਓ।" ਉਹ ਆਦਤਨ ਮੁੱਛਾਂ 'ਤੇ ਹੱਥ ਫੇਰਦਿਆਂ ਤੁਰ ਗਿਆ।

ਜਾਣ ਤੋਂ ਪਹਿਲਾਂ ਉਹ ਆਪਣੇ ਵਾਲੇ ਮੇਜ਼ 'ਤੇ ਪਈ ਜ਼ਰਾ ਕੁ ਊਣੀ ਹੋਈ ਬੋਤਲ ਨੂੰ ਚੁੱਕ ਲੈਣ ਦਾ ਇਸ਼ਾਰਾ ਵੀ ਕਰ ਗਿਆ ਸੀ।ਸਾਨੂੰ ਤਾਂ ਭੁਗਤਾਨ ਕਰਨ ਵੇਲ਼ੇ ਪਤਾ ਲੱਗਾ ਕਿ ਉਹ ਆਪਣੇ ਦਿੱਤੇ ਆਰਡਰ ਦੇ ਬਣੇ ਹੋਏ ਪੈਸੇ ਵੀ ਜਾਣ ਵੇਲ਼ੇ ਦੇ ਗਿਆ ਸੀ।ਇਸ ਗੱਲ ਦਾ ਸਾਨੂੰ ਦੋਵਾਂ ਨੂੰ ਬੜਾ ਹੀ ਅਫ਼ਸੋਸ ਹੋਇਆ ਪਰ ਖੁਸ਼ੀ ਵੀ ਹੋਈ ਕਿ ਪੁਲਿਸ ਮਹਿਕਮੇ ਵਿੱਚ ਹੁੰਦੇ ਹੋਏ ਵੀ ਉਹ ਇੱਕ ਨੇਕ ਰੂਹ ਸੀ।

ਸਾਨੂੰ ਪਹਿਲੀ ਵਾਰ ਇਹ ਦਿਲੋਂ ਮਹਿਸੂਸ ਹੋਇਆ ਸੀ ਕਿ ਪੁਲਿਸ ਮਹਿਕਮੇ ਵਿੱਚ ਸਾਰੇ ਬੰਦੇ ਹੀ ਮਾੜੇ ਨਹੀਂ ਹੁੰਦੇ।ਉਹ ਆਪਣੇ ਸਾਥੀਆਂ ਦੁਆਰਾ ਕੀਤੀ ਜਾਂਦੀ ਧੱਕੇਸ਼ਾਹੀ ਅਤੇ ਜਨਤਾ ਨੂੰ ਦਿੱਤੀ ਜਾਣ ਵਾਲੀ ਫਜ਼ੂਲ ਦੀ ਪ੍ਰੇਸ਼ਾਨੀ ਤੋਂ ਵੀ ਔਖੇ ਹੁੰਦੇ ਹਨ।ਮੈਨੂੰ ਆਪਣੀ ਲੇਖਣੀ 'ਤੇ ਵੀ ਮਾਣ

ਮਹਿਸੂਸ ਹੋਇਆ ਕਿ ਮੇਰਾ ਇੱਕ ਲੇਖ ਪੜ੍ਹ ਕੇ ਹੀ ਮੇਰੇ ਪਾਠਕ ਤੇ ਉਹ ਵੀ ਪੁਲੀਸ ਮੁਲਾਜ਼ਮ, ਦਾ ਦਿਲ ਏਨਾ ਪਿਘਲ ਗਿਆ ਕਿ ਉਹ ਮੇਰੀ ਖ਼ਾਤਰ ਆਪਣੀ ਨੌਕਰੀ ਤੱਕ ਵੀ ਦਾਅ 'ਤੇ ਲਾ ਗਿਆ ਸੀ। ਜਿੰਨੀਆਂ ਬਦ-ਦੁਆਵਾਂ ਮੈਂ ਦੂਜੇ ਪੁਲਿਸ ਕਰਮਚਾਰੀਆਂ ਨੂੰ ਦਿੰਦਾ ਹੁੰਦਾ ਸਾਂ, ਉਹਨਾਂ ਤੋਂ ਦੁੱਗਣੀਆਂ ਚੌਗਣੀਆਂ ਦੁਆਵਾਂ ਉਸ ਨੇਕ ਬੰਦੇ ਲਈ ਮੇਰੇ ਮਨ ਵਿੱਚੋਂ ਨਿਕਲੀਆਂ ਸਨ।

ਜਦ ਅਸੀਂ ਧਿਆਨ ਨਾਲ ਉਹ ਵੀਡੀਓ ਵੇਖੀ ਅਤੇ ਉਸ ਵਿਚਲੀ ਆਵਾਜ਼ ਸੁਣੀ ਤਾਂ ਜਪਨਾਮ ਦੀਆਂ ਸਾਰੀਆਂ ਕਰਤੂਤਾਂ ਉਸ ਵਿੱਚ ਕੈਦ ਸਨ। ਘਰ ਪੁੱਜਦੇ ਸਾਰ ਹੀ ਮੈਂ ਇਸ ਵੀਡੀਓ ਨੂੰ ਕੰਪਿਊਟਰ ਵਿੱਚ ਪਾ ਕੇ ਇੱਕ ਗੁਪਤ ਕੋਡ ਲਾ ਕੇ ਆਪਣੇ ਮੋਬਾਈਲ ਵਿੱਚੋਂ ਇਸ ਨੂੰ ਡੀਲੀਟ ਕਰ ਦਿੱਤਾ। ਕਦੇ ਤਾਂ ਮੇਰਾ ਮਨ ਕਰਦਾ ਸੀ ਕਿ ਮੈਂ ਪੱਤਰਕਾਰਾਂ ਨੂੰ ਬੁਲਾਅ ਕੇ ਜਪਨਾਮ ਦੀ ਸਾਰੀ ਕਰਤੂਤ ਦਾ ਭਾਂਡਾ ਭੰਨ ਦੇਵਾਂ ਪਰ ਮੇਰਾ ਉਸ ਨੇਕ ਬੰਦੇ ਨਾਲ ਵਾਅਦਾ ਕੀਤਾ ਹੋਇਆ ਸੀ, ਜਿਹੜਾ ਕਿ ਮੈਂ ਚਾਹ ਕੇ ਵੀ ਤੋੜ ਨਹੀਂ ਸਕਦਾ ਸਾਂ। ਬਾਅਦ ਵਿੱਚ ਮੈਂ ਤੇ ਯਾਦਵਿੰਦਰ ਨੇ ਇਹ ਪੱਕਾ ਕਰ ਲਿਆ ਕਿ ਇਸ ਵੀਡੀਓ ਅਤੇ ਇਸ ਨੂੰ ਸਾਡੇ ਤੱਕ ਪਹੁੰਚਾਉਣ ਵਾਲੇ ਆਦਮੀ ਦੀ ਪਹਿਚਾਣ ਕਿਸੇ ਹਾਲਤ ਵਿੱਚ ਵੀ ਤੀਜੇ ਆਦਮੀ ਕੋਲ, ਬੇਸ਼ੱਕ ਉਹ ਸਾਡੇ ਘਰ ਦਾ ਜੀਅ ਵੀ ਕਿਉਂ ਨਾ ਹੋਵੇ, ਨਸ਼ਰ ਨਹੀਂ ਹੋਣੀ ਦੇਣੀ।

"ਵੇਖਿਆ ਤੇਰੇ ਮੋਬਾਈਲ 'ਤੇ ਖਰਚੇ ਪੈਸਿਆਂ ਦਾ ਮੁੱਲ ਮੁੜ ਆਇਆ ਕਿ ਨਹੀਂ ? ਜੇ ਤੇਰੇ ਕੋਲ ਵਟਸਅੱਪ ਨਾ ਚੱਲਦਾ ਹੁੰਦਾ ਤਾਂ ਇਹ ਵੀਡੀਓ ਤੇਰੇ ਹੱਥੀਂ ਕਦੇ ਵੀ ਨ੍ਹੀਂ ਸੀ ਆਉਣੀ।" ਯਾਦਵਿੰਦਰ ਨੇ ਮੈਨੂੰ ਉਸ ਦੇ ਨੁਕਤਿਆਂ 'ਤੇ ਚੱਲਣ ਕਾਰਨ ਮਿਲੀ ਪਹਿਲੀ ਵੱਡੀ ਸਫ਼ਲਤਾ 'ਤੇ ਥਾਪੀ ਦਿੱਤੀ।

ਮੈਂ ਵੀ ਇਹ ਸਬੂਤ ਹੱਥ ਲੱਗ ਜਾਣ ਕਾਰਨ ਬਹੁਤ ਖੁਸ਼ ਸਾਂ।

0-0-0

ਮੈਂ ਏ.ਡੀ.ਸੀ. ਨੂੰ ਦੇਣ ਵਾਲਾ ਆਪਣਾ ਜਵਾਬ ਤਿਆਰ ਕਰ ਲਿਆ ਸੀ ਅਤੇ ਦਿੱਤੇ ਗਏ ਦਿਨ ਮੈਂ ਦਫ਼ਤਰ ਖੁੱਲ੍ਹਦੇ ਸਾਰ ਹੀ ਆਪਣਾ ਲਿਖਤੀ ਜਵਾਬ ਲੈ ਕੇ ਉਸ ਦੇ ਦਫ਼ਤਰ ਵਿੱਚ ਪੁੱਜ ਗਿਆ। ਜਦ ਰੀਡਰ ਨੂੰ ਦੱਸਿਆ ਕਿ ਮੈਂ ਫਲਾਣੇ ਨੋਟਿਸ ਦਾ ਜਵਾਬ ਦੇਣ ਆਇਆ ਹਾਂ ਤਾਂ ਉਹ ਬੋਲਿਆ, "ਇਹਨਾਂ ਸਭ ਮੁਕੱਦਮਿਆਂ ਬਾਬਤ ਸਾਹਬ ਦੀ ਕਚਹਿਰੀ ਦੋ ਵਜੇ ਲੱਗਦੀ ਹੈ, ਇਸ ਲਈ ਤੁਸੀਂ ਦੋ ਵਜੇ ਤੋਂ ਬਾਅਦ ਆਇਓ।"

ਇਸ ਨਵੀਂ 'ਕਚਹਿਰੀ' ਦੇ ਨਿਯਮਾਂ ਤੋਂ ਮੈਂ ਬਿਲਕੁਲ ਹੀ ਅਣਜਾਣ ਸਾਂ ਇਸ ਲਈ ਮੈਂ ਵਾਪਸ ਘਰ ਮੁੜ ਆਇਆ ਅਤੇ ਦੋ ਵੱਜਣ ਦਾ ਇੰਤਜ਼ਾਰ

ਕਰਨ ਲੱਗ ਪਿਆ। ਠੀਕ ਦੋ ਵਜਦੇ ਨੂੰ ਹੀ ਮੈਂ ਫਿਰ ਉਸੇ ਥਾਂ ਜਾ ਹਾਜ਼ਰ ਹੋਇਆ ਅਤੇ ਉਸੇ ਰੀਡਰ ਦੇ ਸਾਹਮਣੇ ਆਪਣਾ ਜਵਾਬ ਪੇਸ਼ ਕਰ ਦਿੱਤਾ। ਮੇਰੀ ਫਾਈਲ ਨੂੰ ਵਾਪਸ ਕਰਦਾ ਹੋਇਆ ਆਖਣ ਲੱਗਾ, "ਸਾਹਬ ਤਾਂ ਅੱਜ ਕਿਸੇ ਮੀਟਿੰਗ 'ਤੇ ਗਏ ਹੋਏ ਨੇ। ਤੁਸੀਂ ਆਪਣਾ ਜਵਾਬ ਸਤਾਈ ਤਾਰੀਕ ਨੂੰ ਲੈ ਕੇ ਆਇਓ।"

"ਤੁਸੀਂ ਹੀ ਤਾਂ ਦੋ ਵਜੇ ਦਾ ਸਮਾਂ ਦਿੱਤਾ ਸੀ। ਹੁਣ ਆਖ ਰਹੇ ਹੋ ਸਤਾਈ ਤਾਰੀਕ ਨੂੰ ਆਇਓ। ਇਹ ਸਭ ਮੈਨੂੰ ਸਵੇਰੇ ਹੀ ਦੱਸ ਦਿੰਦੇ ਤਾਂ ਮੇਰਾ ਗੇੜਾ ਤਾਂ ਨਾ ਲੱਗਦਾ।" ਮੈਂ ਖਿਝ ਕੇ ਆਖਿਆ।

"ਅਫ਼ਸਰਾਂ ਨੇ ਮੀਟਿੰਗਾਂ ਵਿੱਚ ਕਿਹੜਾ ਸਾਨੂੰ ਦੱਸ ਕੇ ਜਾਣਾ ਹੁੰਦਾ ਏ ? ਜਿਵੇਂ ਹੁਕਮ ਹੋਈ ਜਾਂਦੈ, ਅਸੀਂ ਅਗਾਂਹ ਦੱਸੀ ਜਾਂਦੇ ਹਾਂ। ਤੂੰ ਕਿਹੜਾ 'ਕੱਲਾ ਹੈਂ, ਇੱਥੇ ਤੇਰੇ ਵਰਗੇ ਹੋਰ ਬਥੇਰੇ ਤੁਰੇ ਫਿਰਦੇ ਆ।" ਉਹ ਬੜੇ ਹੀ ਰੋਅਬ ਨਾਲ ਬੋਲਿਆ।

ਮੈਂ ਸਮਝ ਗਿਆ ਸਾਂ ਕਿ ਇਸ ਨਾਲ ਬਹਿਸ ਕਰਨ ਦਾ ਅਰਥ ਆਪਣੀ ਬੇਇੱਜ਼ਤੀ ਕਰਵਾਉਣਾ ਹੀ ਹੈ। ਮੈਂ ਚੁੱਪ ਕਰ ਜਾਣ ਵਿੱਚ ਹੀ ਆਪਣੀ ਭਲਾਈ ਸਮਝੀ ਤੇ ਬਾਹਰ ਨੂੰ ਤੁਰ ਪਿਆ।

ਬਾਹਰ ਆਉਂਦਿਆਂ ਹੀ ਮੈਨੂੰ, ਮੇਰਾ ਇੱਕ ਸਹਿਪਾਠੀ ਜੋ ਹੁਣ ਡੀ.ਸੀ. ਦਫ਼ਤਰ ਦਾ ਕਰਮਚਾਰੀ ਸੀ, ਮਿਲ ਪਿਆ। ਉਹ ਮੈਨੂੰ ਉੱਥੇ ਆਉਣ ਦਾ ਕਾਰਨ ਪੁੱਛਣ ਲੱਗ ਪਿਆ। ਮੈਂ ਸਾਰੀ ਰਾਮ ਕਹਾਣੀ ਸੁਣਾਅ ਦਿੱਤੀ। ਉਸ ਮੁਤਾਬਕ ਜੇ ਕੋਈ ਐਂਮਰਜੈਂਸੀ ਨਹੀਂ ਹੁੰਦੀ ਤਾਂ ਅਧਿਕਾਰੀ ਆਪਣੇ ਸਭ ਕਰਮਚਾਰੀਆਂ ਨੂੰ ਸੂਚਿਤ ਕਰ ਕੇ ਜਾਂਦੇ ਹਨ ਤਾਂ ਕਿ ਆਮ ਜਨਤਾ ਨੂੰ ਕੋਈ ਤਕਲੀਫ਼ ਨਾ ਹੋਵੇ। ਪਰ ਇਸ ਅਧਿਕਾਰੀ ਨੂੰ ਜਨਤਾ ਨੂੰ ਖ਼ਰਾਬ ਕਰਨ ਦੇ ਮਾਮਲੇ ਵਿੱਚ ਝੰਡੀ ਮਿਲੀ ਹੋਈ ਹੈ। ਹੁਣ ਮੈਨੂੰ ਰੀਡਰ 'ਤੇ ਆਇਆ ਹੋਇਆ ਗੁੱਸਾ ਘਟ ਗਿਆ ਮਹਿਸੂਸ ਹੋਣ ਲੱਗ ਪਿਆ ਸੀ।

ਮੈਂ ਆਪਣੀ ਅਗਲੇ ਪੰਦਰਾਂ ਦਿਨਾਂ ਦੀ ਪਈ ਹੋਈ ਤਾਰੀਕ ਦੀ ਉਡੀਕ ਕਰਨੀ ਸ਼ੁਰੂ ਕਰ ਦਿੱਤੀ।

ਹੁਣ ਮੈਂ ਸਕੂਲੋਂ ਘਰ ਆ ਕੇ ਕਚਹਿਰੀ ਦੇ ਨਾਲ-ਨਾਲ ਏ.ਡੀ.ਸੀ. ਦੇ ਦਫ਼ਤਰ ਦੇ ਗੇੜੇ ਲਾਉਣੇ ਵੀ ਸ਼ੁਰੂ ਕਰ ਦਿੱਤੇ ਸਨ। ਮੈਨੂੰ ਉਮੀਦ ਹੀ ਨਹੀਂ ਪੱਕਾ ਯਕੀਨ ਵੀ ਸੀ ਕਿ ਇਸ ਜਗ੍ਹਾ ਤੋਂ ਮੈਨੂੰ ਨਵੇਂ ਪਏ ਮੁਕੱਦਮੇ ਦਾ ਕੋਈ ਨਾ ਕੋਈ ਹੱਲ ਜ਼ਰੂਰ ਲੱਭ ਜਾਵੇਗਾ। ਮੈਂ ਉਸ ਦਫ਼ਤਰ ਦੇ ਹਰ ਇੱਕ ਕਰਮਚਾਰੀ ਨਾਲ ਆਪਣੀ ਜਾਣ-ਪਹਿਚਾਣ ਕੱਢ ਲੈਣੀ ਚਾਹੁੰਦਾ ਸਾਂ ਤਾਂ ਕਿ ਉਹ ਇਸ ਮਾਮਲੇ ਵਿੱਚ ਮੇਰੀ ਮਦਦ ਕਰਨ ਤੋਂ ਨਾ ਘਬਰਾਉਣ।

ਮੇਰੀ ਇਸ ਮਿਹਨਤ ਦਾ ਸਿੱਟਾ ਵੀ ਸਾਰਥਿਕ ਨਿਕਲਿਆ। ਮੈਨੂੰ ਇੱਕ

ਖ਼ਾਸ ਬੰਦੇ ਨੇ ਸਭ ਕੁਝ ਦੱਸ ਦਿੱਤਾ ਸੀ ਕਿ ਜਪਨਾਮ ਇਸ ਸ਼ਿਕਾਇਤ ਸਬੰਧੀ ਕਰੀਬ ਡੇਢ ਮਹੀਨਾ ਪਹਿਲਾਂ ਅਰਜ਼ੀ ਦੇ ਕੇ ਗਿਆ ਸੀ। ਉਸ ਨੂੰ ਉਮੀਦ ਸੀ ਕਿ ਇਹ ਵਿਭਾਗ ਜਲਦ ਹੀ ਮੈਨੂੰ ਸੰਮਨ ਜਾਰੀ ਕਰ ਦੇਵੇਗਾ। ਉਹ ਹਰ ਦੂਜੇ-ਤੀਜੇ ਦਿਨ ਪਿੱਛੋਂ ਆ ਕੇ ਆਪਣੀ ਕੀਤੀ ਹੋਈ ਸ਼ਿਕਾਇਤ ਦੀ ਜਾਣਕਾਰੀ ਲੈਂਦਾ ਰਿਹਾ ਸੀ। ਜਦਕਿ ਇਸ ਦਫ਼ਤਰ ਵਿੱਚ ਸਭ ਨੂੰ ਪਤਾ ਸੀ ਕਿ ਉਸ ਦੀ ਸ਼ਿਕਾਇਤ ਵਿੱਚ ਕੋਈ ਵੀ ਦਮ ਨਹੀਂ ਹੈ ਤੇ ਉਸ ਨੂੰ ਕੋਰਾ ਜਵਾਬ ਦੇ ਦਿੱਤਾ ਗਿਆ ਸੀ। ਫਿਰ ਉਸ ਨੇ ਆਪਣਾ ਐਸ.ਐਸ.ਪੀ. ਦਫ਼ਤਰ ਲੱਗੇ ਹੋਣ ਦਾ ਦਬਾਅ ਪਾ ਕੇ ਧੱਕੇ ਨਾਲ ਹੀ ਇਹ ਨੋਟਿਸ ਮੈਨੂੰ ਜਾਰੀ ਕਰਵਾਇਆ ਸੀ।

ਘਰ ਆ ਕੇ ਜਦ ਮੈਂ ਜਪਨਾਮ ਦੁਆਰਾ ਕੀਤੀ ਗਈ ਸ਼ਿਕਾਇਤ ਅਤੇ ਮੈਨੂੰ ਜਾਰੀ ਹੋਏ ਨੋਟਿਸ ਦੀਆਂ ਤਾਰੀਕਾਂ ਦਾ ਮਿਲਾਨ ਕੀਤਾ ਤਾਂ ਮੈਨੂੰ ਉਪਰੋਕਤ ਕਹਾਣੀ ਸੱਚੀ ਜਾਪਣ ਲੱਗ ਪਈ ਸੀ।

ਇੱਕ ਦਿਨ ਇੱਕ ਪਾਰਟੀ ਵਿੱਚ ਪੀਂਦੇ ਖਾਂਦੇ ਹੋਏ ਮੈਂ ਇਹ ਕਹਾਣੀ ਪਰਮਿੰਦਰ ਖਹਿਰਾ ਨੂੰ ਦੱਸ ਬੈਠਾ। ਵਕੀਲਾਂ ਤੋਂ ਵੀ ਵੱਧ ਦਿਮਾਗ਼ ਰੱਖਣ ਵਾਲਾ ਸਾਡਾ ਕਲਰਕ ਟੱਲੀ ਹੋਇਆ ਬੋਲਣ ਲੱਗ ਪਿਆ, "ਤੂੰ ਆਖਦਾ ਏਂ ਕਿ ਉਸ ਅਰਜ਼ੀ 'ਤੇ ਤਾਰੀਕ ਡੇਢ ਮਹੀਨਾ ਪਹਿਲਾਂ ਦੀ ਪਾਈ ਹੋਈ ਹੈ। ਭਾਵੇਂ ਅੱਜ ਅਰਜ਼ੀ ਲਿਖ ਕੇ ਪੰਜ ਸਾਲ ਪਹਿਲਾਂ ਦੀ ਤਾਰੀਕ ਪਾ ਲੈ। ਅਗਲਿਆਂ ਨੇ ਆਖ ਹੀ ਦੇਣਾ ਏ ਕਿ ਇਸ ਸ਼ਿਕਾਇਤ ਦੀ ਜਾਂਚ 'ਤੇ ਅਸੀਂ ਡੇਢ ਮਹੀਨਾ ਲਾ ਦਿੱਤਾ ਹੈ ਤੇ ਇਹ ਸ਼ਿਕਾਇਤ ਸਹੀ ਪਾਈ ਗਈ ਹੈ। ਇਸ ਲਈ ਕ੍ਰਿਸ਼ਨ ਪ੍ਰਤਾਪ 'ਤੇ ਕੇਸ ਦਰਜ ਕਰੋ ਜੀ। ਕਲਰਕਾਂ ਬਾਰੇ ਤੈਨੂੰ ਪਤੈ ? ਇਹ ਚਿੱਟੇ ਹੋਣ ਜਾਂ ਕਾਲ਼ੇ, ਸਾਲ਼ੇ ਕਰਦੇ, ਘਾਲੇ ਮਾਲ਼ੇ।"

ਮੈਨੂੰ ਉਸ ਦੀ ਦਲੀਲ ਏਨੀ ਜਚੀ ਕਿ ਡਰ ਨਾਲ ਮੇਰੀ ਸਾਰੀ ਪੀਤੀ ਹੋਈ ਲਹਿ ਗਈ। ਭਾਵੇਂ ਕਿ ਉਸ ਵਕਤ ਮੈਨੂੰ ਉਸ ਦੀਆਂ ਬਹੁਤੀਆਂ ਗੱਲਾਂ ਸੁਣੀਆਂ ਵੀ ਨਹੀਂ ਸਨ ਪਰ ਜਦ ਅੱਧੀ ਰਾਤ ਨੂੰ ਮੇਰੀ ਅੱਖ ਖੁੱਲ੍ਹੀ ਤਾਂ ਨਸ਼ਾ ਪੂਰੀ ਤਰ੍ਹਾਂ ਲਹਿ ਚੁੱਕਾ ਸੀ ਤੇ ਮੈਨੂੰ ਉਸ ਦੀਆਂ ਗੱਲਾਂ ਯਾਦ ਆਉਣ ਲੱਗ ਪਈਆਂ ਸਨ। ਅਚੇਤ ਮਨ ਨੂੰ ਇਹ ਠੀਕ ਵੀ ਜਾਪਣ ਲੱਗ ਪਈਆਂ ਸਨ।

ਮੈਨੂੰ ਉਸ ਦੇ ਬੋਲ ਯਾਦ ਆਉਣ ਲੱਗੇ, 'ਐਸ.ਐਸ.ਪੀ. ਦਫ਼ਤਰ ਅਤੇ ਏ.ਡੀ.ਸੀ. ਦਾ ਦਫ਼ਤਰ ਇੱਕੋ ਇਮਾਰਤ ਦੇ ਵਿੱਚ ਹੀ ਹਨ। ਇਸ ਲਈ ਆਮ ਤੌਰ 'ਤੇ ਉਹਨਾਂ ਕਰਮਚਾਰੀਆਂ ਦੀ ਇੱਕ ਹੀ ਗੱਲ ਹੁੰਦੀ ਹੈ। ਉਹਨਾਂ ਨੂੰ ਇੱਕ ਦੂਜੇ ਤੱਕ ਆਏ ਦਿਨ ਜ਼ਰੂਰਤ ਪੈਂਦੀ ਰਹਿੰਦੀ ਹੈ ਤੇ ਨਾਲੇ ਉਹਨਾਂ ਨੇ ਇੱਕ ਮਾਸਟਰ ਤੋਂ ਕੀ ਲੈਣਾ ਹੈ ? ਜਿਹੜਾ ਉਸ ਦੀ ਖ਼ਾਤਰ ਉਹ ਆਪਣੇ ਭਾਈਚਾਰੇ ਨਾਲ ਵਿਗਾੜ ਲੈਣ ? ਸ਼ਿਕਾਇਤ 'ਤੇ ਪਿਛਲੀ ਤਾਰੀਕ ਮੁਕੱਦਮੇ

ਨੂੰ ਮਜ਼ਬੂਤ ਕਰਨ ਲਈ ਹੀ ਪਾਈ ਗਈ ਹੈ।'

ਮੈਂ ਆਪਣੇ ਬਿਸਤਰੇ ਵਿੱਚ ਪਿਆ ਹੋਇਆ ਉੱਸਲ-ਵੱਟੇ ਲੈਂਦਾ ਰਿਹਾ।

ਮੇਰੇ ਦਿਮਾਗ਼ 'ਤੇ ਬੋਝ ਵਧਦਾ ਹੀ ਚਲਾ ਗਿਆ ਅਤੇ ਅਗ਼ਲੀ ਸਵੇਰ ਮੈਂ ਆਪਣੇ-ਆਪ ਵਿੱਚ ਨਹੀਂ ਸਾਂ। ਨਵਾਂ ਕੇਸ ਦਰਜ ਹੋਣ ਕਾਰਨ ਆਪਣੀਆਂ ਨਜ਼ਰਾਂ ਵਿੱਚ ਮੈਨੂੰ ਆਪਣਾ-ਆਪ ਇੱਕ ਮਾਸਟਰ ਨਹੀਂ, ਸਗੋਂ ਜੇਲ੍ਹ ਵਿੱਚ ਬੈਠਾ ਦੋਸ਼ੀ ਕ੍ਰਿਸ਼ਨ ਪ੍ਰਤਾਪ ਵਿਖਾਈ ਦੇਣ ਲੱਗ ਪਿਆ ਸੀ। ਇਹਨਾਂ ਸੋਚਾਂ ਨੇ ਪਿਛਲੇ ਕੁਝ ਕੁ ਘੰਟੇ ਆਈ ਚੈਨ ਦੀ ਨੀਂਦ ਦਾ ਆਨੰਦ ਵੀ ਖ਼ਤਮ ਕਰ ਦਿੱਤਾ ਸੀ। ਇਹਨਾਂ ਸੋਚਾਂ ਨੂੰ ਭੁਲਾਅ ਕੇ ਮੈਂ ਬੜੀ ਵਾਰ ਸੌਣ ਦੀ ਕੋਸ਼ਿਸ਼ ਕੀਤੀ ਪਰ ਫ਼ਿਕਰ ਮੇਰੇ ਮਨ 'ਤੇ ਏਨਾ ਭਾਰੂ ਹੋ ਗਿਆ ਸੀ ਕਿ ਨੀਂਦ ਤਾਂ ਮੂਲੋਂ ਹੀ ਖੰਭ ਲਾ ਕੇ ਉੱਡ-ਪੁੱਡ ਚੁੱਕੀ ਸੀ।

ਸਵੇਰ ਵੇਲ਼ੇ ਆਪਣੀ ਅਧਿਆਪਕਾ ਪਤਨੀ ਦੀਆਂ "ਚਲੋ ਉੱਠੋ, ਨਹੀਂ ਤਾਂ ਲੇਟ ਹੋ ਜਾਣਾ ਏ ਆਪਾਂ।" ਦੀਆਂ ਆਵਾਜ਼ਾਂ ਸੁਣ ਕੇ ਵੀ ਮੈਂ ਜਾਣਬੁਝ ਕੇ ਸੁੱਤੇ ਹੋਣ ਦਾ ਨਾਟਕ ਕਰੀ ਜਾ ਰਿਹਾ ਸਾਂ। ਉਹ ਕਦੇ ਬੇਟੀ ਅਸੀਸ ਨੂੰ ਜਗਾਉਣ ਲੱਗ ਪੈਂਦੀ ਤੇ ਕਦੇ ਮੈਨੂੰ। ਮੇਰਾ ਦਿਲ ਤਾਂ ਕਰਦਾ ਸੀ ਕਿ ਮੈਂ ਉਂਝ ਹੀ ਪਿਆ ਰਹਾਂ ਐਪਰ ਸਕੂਲ ਜਾਣ ਦੀ ਵੱਡੀ ਮਜਬੂਰੀ ਸੀ। ਇਸ ਲਈ ਮੈਂ ਨਾ ਚਾਹੁੰਦੇ ਹੋਏ ਵੀ ਉੱਠ ਕੇ ਤਿਆਰ ਹੋਣਾ ਸ਼ੁਰੂ ਕਰ ਦਿੱਤਾ।

ਸਕੂਲ ਜਾ ਕੇ ਮੈਂ ਆਪਣੇ ਕਲਰਕ ਨੂੰ ਪਾਸੇ ਕਰਕੇ ਪੁੱਛਿਆ ਕਿ ਕੀ ਮੇਰੇ ਵਾਲਾ ਮਸਲਾ ਵਾਕਿਆ ਹੀ ਏਨਾ ਜ਼ਿਆਦਾ ਗੰਭੀਰ ਹੈ ? ਉਹ ਰਾਤੀਂ ਪੀਤੀ-ਖਾਧੀ ਵਿੱਚ ਕੀਤੀ ਹੋਈ ਸਾਰੀ ਗੱਲਬਾਤ ਭੁੱਲ ਚੁੱਕਾ ਸੀ। ਮੈਂ ਪ੍ਰੇਸ਼ਾਨ ਸਾਂ ਕਿ ਮੈਂ ਤਾਂ ਉਸ ਦੁਆਰਾ ਦੱਸੀਆਂ ਗਈਆਂ ਗੱਲਾਂ ਅਤੇ ਦਿੱਤੀਆਂ ਮੱਤਾਂ ਕਾਰਨ ਸਾਰੀ ਰਾਤ ਚੈਨ ਨਾਲ ਸੌਂ ਨਹੀਂ ਸਕਿਆ ਸਾਂ ਤੇ ਉਹ ਇਹਨਾਂ ਸਭ ਕੀਤੀਆਂ ਗੱਲਾਂ ਨੂੰ ਭੁੱਲ ਵੀ ਚੁੱਕਾ ਸੀ। ਮੈਂ ਉਸ ਨੂੰ ਘੱਟ ਦਾਰੂ ਪੀਣ ਅਤੇ ਪੀ ਕੇ ਸੋਚ-ਸਮਝ ਕੇ ਗੱਲ ਕਰਨ ਦੀਆਂ ਸਲਾਹਾਂ ਦੇਣ ਲੱਗ ਪਿਆ ਸਾਂ।

ਅਖ਼ੀਰ ਅਸੀਂ ਇਸ ਸਿੱਟੇ 'ਤੇ ਪੁੱਜੇ ਕਿ ਇੱਕ ਸ਼ਰਾਬੀ ਨੂੰ ਪੂਰਨ ਨਸ਼ੇ ਦੀ ਹਾਲਤ ਵਿੱਚ ਕੀਤੀਆਂ ਗਈਆਂ ਗੱਲਾਂ ਦਾ ਦੂਜੇ ਦਿਨ ਕੁਝ ਵੀ ਪਤਾ ਨਹੀਂ ਹੁੰਦਾ ਪਰ ਜੇਕਰ ਉਸ ਨੂੰ ਓਨੀ ਮਾਤਰਾ ਵਿੱਚ ਦਾਰੂ ਅਤੇ ਸਹੀ ਮਾਹੌਲ ਦੇ ਦਿੱਤਾ ਜਾਵੇ ਤਾਂ ਪਿਛਲੇ ਕਈ ਦਿਨ ਤਾਂ ਕੀ, ਕਈ ਸਾਲ ਪਹਿਲਾਂ ਬੀਤੀਆਂ ਹੋਈਆਂ ਕਹਾਣੀਆਂ ਵੀ ਉਸ ਨੂੰ ਯਾਦ ਆ ਜਾਂਦੀਆਂ ਹਨ। ਸਾਡੀ ਗੱਲਬਾਤ ਦਾ ਨਤੀਜਾ ਇਹ ਵੀ ਨਿਕਲਿਆ ਸੀ ਕਿ ਜੇ ਮੈਂ ਉਹੀ ਉਪਦੇਸ਼ ਦੇਣ ਵਾਲੀਆਂ ਸੱਚੀਆਂ ਗੱਲਾਂ ਦੁਬਾਰਾ ਉਸ ਦੇ ਮੂੰਹੋਂ ਸੁਣਨੀਆਂ ਚਾਹੁੰਦਾ ਹਾਂ ਤਾਂ ਕਿਸੇ ਦਿਨ ਵੀ ਉਸ ਨੂੰ ਓਨੀ ਦਾਰੂ ਪਿਆ ਕੇ ਪੁੱਛ ਸਕਦਾ ਹਾਂ।

ਕਲਰਕ ਨਾਲ ਕੀਤੀ ਗੱਲ ਨੂੰ ਮੈਂ ਜਾਣ ਕੇ ਵੀ ਹਾਸੇ ਵਿੱਚ ਹੀ ਟਾਲ ਦਿੱਤਾ ਸੀ ਤਾਂ ਕਿ ਮੇਰੇ ਜ਼ਿਆਦਾ ਚਿੰਤਤ ਹੋਣ ਕਾਰਨ ਉਸ ਨੇ ਪਿੱਠ ਪਿੱਛੇ ਤਾਂ ਕੀ, ਮੇਰੇ ਮੂੰਹ 'ਤੇ ਵੀ ਮੇਰਾ ਪੂਰਾ ਮੌਜੂ ਉਡਾਉਣਾ ਸੀ। ਇਸ ਲਈ ਮੈਂ ਉਸ ਅੱਗੇ ਇਹ ਹੀ ਵਿਖਾਵਾ ਕੀਤਾ ਕਿ ਇਹ ਗੱਲ ਏਨੀ ਗੰਭੀਰ ਨਹੀਂ, ਕੋਈ ਮੇਰਾ ਕੀ ਵਿਗਾੜ ਸਕਦਾ ਹੈ।

ਜਿਵੇਂ ਦੁੱਧ ਦਾ ਸੜਿਆ ਲੱਸੀ ਨੂੰ ਵੀ ਫੂਕਾਂ ਮਾਰ-ਮਾਰ ਕੇ ਪੀਂਦਾ ਹੈ ਉਸੇ ਤਰ੍ਹਾਂ ਮੇਰੇ ਦਿਮਾਗ਼ ਵਿੱਚ ਇੱਕ ਗੱਲ ਘਰ ਕਰ ਗਈ ਕਿ ਜੇ ਮੈਨੂੰ ਫਸਾਉਣ ਵਾਲੀ ਗੱਲ ਇੱਕ ਕਲਰਕ ਦੇ ਦਿਮਾਗ਼ ਵਿੱਚ ਉਪਜ ਸਕਦੀ ਹੈ ਤਾਂ ਉਹ ਕਿਸੇ ਦੂਜੇ ਕਲਰਕ ਕੀ ਸਧਾਰਨ ਬੰਦੇ ਦੇ ਦਿਮਾਗ਼ ਵਿੱਚ ਵੀ ਪੈਦਾ ਹੋ ਸਕਦੀ ਹੈ। ਮੇਰਾ ਆਪਣੇ ਕੇਸਾਂ ਪ੍ਰਤੀ ਚੇਤੰਨ ਅਤੇ ਚੌਕੰਨਾ ਰਹਿਣਾ ਬੇਹੱਦ ਹੀ ਜ਼ਰੂਰੀ ਹੈ। ਭਾਵੇਂ ਕਿ ਦਾਰੂ ਦੇ ਨਸ਼ੇ ਵਿੱਚ ਸਾਡੇ ਕਲਰਕ ਅਤੇ ਮੇਰੇ ਦੁਆਰਾ ਕੀਤੀਆਂ ਹੋਈਆਂ ਗੱਲਾਂ ਮੈਨੂੰ ਚੰਗੀ ਤਰ੍ਹਾਂ ਯਾਦ ਸਨ ਪਰ ਫਿਰ ਵੀ ਮੈਂ ਉਹਨਾਂ ਗੱਲਾਂ ਨੂੰ ਭੁੱਲ ਜਾਣ ਦਾ ਹੀ ਯਤਨ ਕਰਦਾ ਰਿਹਾ। ਮੈਂ ਇਹਨਾਂ ਗੱਲਾਂ ਨੂੰ ਜਿੰਨਾ ਭੁਲਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ, ਉਹ ਓਨੀਆਂ ਹੀ ਮੈਨੂੰ ਤੜਪਾਉਣ ਲੱਗ ਪਈਆਂ ਸਨ।

0-0-0

ਕੁਝ ਦਿਨਾਂ ਬਾਅਦ, ਜਦ ਮੈਂ ਏ.ਡੀ.ਸੀ. ਦੇ ਰੀਡਰ ਦੁਆਰਾ ਦਿੱਤੀ ਗਈ ਤਾਰੀਕ 'ਤੇ ਹਾਜ਼ਰ ਹੋਇਆ ਤਾਂ ਰੀਡਰ ਨੇ ਮੇਰੀ ਫਾਈਲ ਫੜ ਲਈ ਤੇ ਮੈਨੂੰ ਬਾਹਰ ਖੜ੍ਹ ਕੇ ਆਵਾਜ਼ ਪੈਣ ਦਾ ਇੰਤਜ਼ਾਰ ਕਰਨ ਲਈ ਆਖ ਦਿੱਤਾ। ਦਫ਼ਤਰ ਦੇ ਬੂਹੇ ਅੱਗੇ ਵੱਖ-ਵੱਖ ਕੇਸਾਂ ਵਾਲਿਆਂ ਦੀ ਕਾਫ਼ੀ ਭੀੜ ਜਮ੍ਹਾਂ ਹੋ ਚੁੱਕੀ ਸੀ। ਦੋ ਵਜੇ ਦੀ ਬਜਾਇ ਸਾਢੇ ਤਿੰਨ ਵਜੇ ਆਵਾਜ਼ਾਂ ਪੈਣੀਆਂ ਸ਼ੁਰੂ ਹੋਈਆਂ। ਰੀਡਰ ਫਾਈਲਾਂ ਚੁੱਕ ਕੇ ਕਦੇ ਤੇਜ਼ੀ ਨਾਲ ਸਾਹਬ ਦੇ ਕਮਰੇ ਵਿੱਚ ਵੜ ਜਾਂਦਾ ਤੇ ਕਦੇ ਉਸ ਤੋਂ ਵੀ ਜ਼ਿਆਦਾ ਕਾਹਲ਼ ਨਾਲ ਆਪਣੇ ਕਮਰੇ ਵਿੱਚ ਚਲਾ ਜਾਂਦਾ ਸੀ। ਤਾਰੀਕਾਂ ਲੈਣ ਆਏ ਵਕੀਲਾਂ ਦੇ ਮੁਣਸ਼ੀ ਉਸ ਨੂੰ ਵੇਖ ਕੇ ਉਸ ਦੇ ਮਗਰ ਹੀ ਹੋ ਤੁਰਦੇ ਤੇ ਬਾਕੀ ਸਭ ਬਿਟਰ-ਬਿਟਰ ਤੱਕਦੇ ਹੀ ਰਹਿ ਜਾਂਦੇ।

ਜਦ ਤੀਜੀ ਵਾਰ ਇਹੀ ਨਜ਼ਾਰਾ ਮੈਨੂੰ ਵੇਖਣ ਨੂੰ ਮਿਲਿਆ ਤਾਂ ਮੈਂ ਵੀ ਹਿੰਮਤ ਇਕੱਠੀ ਕਰ ਕੇ ਰੀਡਰ ਦੇ ਕਮਰੇ ਵਿੱਚ ਚਲਾ ਗਿਆ। ਡਰ ਦਾ ਮਾਰਾ ਮੈਂ ਚੁੱਪ-ਚਾਪ ਖੜ੍ਹਾ ਰਿਹਾ ਤੇ ਬਾਕੀ ਲੋਕਾਂ ਦੀਆਂ ਪੈਂਦੀਆਂ ਤਾਰੀਕਾਂ ਵਿੰਹਦਾ ਸੁਣਦਾ ਰਿਹਾ। ਆਪਣੀ ਅਗਲ਼ੀ ਤਾਰੀਕ ਸੁਣ ਕੇ ਕਈ ਜਣੇ ਖੁਸ਼ ਅਤੇ ਕੁਝ ਕੁ ਨਿਰਾਸ਼ ਕਮਰੇ ਵਿੱਚੋਂ ਨਿਕਲ ਕੇ ਬਾਹਰ ਜਾ ਰਹੇ ਸਨ।

ਰੀਡਰ ਦੇ ਕਮਰੇ ਵਿੱਚ ਜਦ ਮੈਂ ਤੇ ਉਹ ਹੀ ਰਹਿ ਗਏ ਤਾਂ ਮੈਂ ਉਸ ਨੂੰ

ਬੜੀ ਹੀ ਨਿਮਰਤਾ ਨਾਲ ਪੁੱਛਿਆ, "ਸਰ, ਮੇਰੇ ਕੇਸ ਦਾ ਕੀ ਬਣਿਆ ?"

"ਛੇਤੀ ਨਾਮ ਬੋਲ, ਸਾਹਬ ਫਿਰ ਬੁਲਾਈ ਜਾਂਦਾ ਹੈ।" ਉਸ ਨੇ ਕਾਹਲ਼ੀ ਵਿਖਾਉਂਦੇ ਹੋਏ ਆਖਿਆ।

"ਜਪਨਾਮ ਸਿੰਘ ਬਨਾਮ ਕ੍ਰਿਸ਼ਨ ਪ੍ਰਤਾਪ।ਸਟੈਂਪ ਡਿਊਟੀ ਦਾ ਮਸਲਾ ਹੈ।" ਮੈਂ ਝੱਟ ਦੇਣੇ ਆਖਿਆ।

ਕੇਸ ਦਾ ਨਾਮ ਸੁਣਦੇ ਹੀ ਉਸਨੇ ਮੇਰੇ ਚਿਹਰੇ ਵੱਲ ਧਿਆਨ ਨਾਲ ਵੇਖਿਆ ਤੇ ਗੁੱਸੇ ਨਾਲ ਬੋਲਿਆ, "ਬਾਹਰ ਬੈਠ।ਮੈਂ ਸਾਹਬ ਨੂੰ ਫਾਈਲ ਵਿਖਾਉਂਦਾ ਹਾਂ।ਜਿਵੇਂ ਉਹ ਹੁਕਮ ਕਰਨਗੇ, ਮੈਂ ਤੈਨੂੰ ਦੱਸ ਦੇਵਾਂਗਾ।"

ਮੈਂ ਫਿਰ ਬਾਹਰ ਆ ਕੇ ਖੜ੍ਹ ਗਿਆ।ਸ਼ਾਮ ਦੇ ਛੇ ਵੱਜਣ ਵਾਲੇ ਸਨ ਅਤੇ ਮੈਂ ਉੱਥੇ ਖੜ੍ਹਾ-ਖੜ੍ਹਾ ਅੱਕ ਗਿਆ ਸਾਂ।ਮੈਂ ਦਫ਼ਤਰ ਦੇ ਬੂਹੇ ਅੱਗੇ ਇੱਧਰ ਉੱਧਰ ਟਹਿਲਣ ਲੱਗ ਪਿਆ।ਮੈਂ ਏਨੀ ਦੂਰ ਵੀ ਨਹੀਂ ਸਾਂ ਜਾਂਦਾ ਕਿ ਅਰਦਲੀ ਦੁਆਰਾ ਮਾਰੀ ਗਈ ਆਵਾਜ਼ ਮੈਨੂੰ ਸੁਣ ਨਾ ਸਕੇ।ਕਦੇ ਮੈਂ ਕਰੋੜਾਂ ਰੁਪਏ ਨਾਲ ਬਣੇ ਇਸ ਪ੍ਰਬੰਧਕੀ ਕੰਪਲੈਕਸ ਨੂੰ ਗਹੁ ਨਾਲ ਨਿਹਾਰਨ ਲੱਗ ਪੈਂਦਾ ਸਾਂ।ਮੇਰੀ ਨਿਗ੍ਹਾ ਸ਼ੀਸ਼ੇ ਨਾਲ ਸਜਾਏ ਗਏ ਇਸ ਪ੍ਰਬੰਧਕੀ ਕੰਪਲੈਕਸ 'ਤੇ ਹੀ ਟਿਕ ਗਈ।ਮਨ ਵਿੱਚ ਆਇਆ ਕਿ ਇਹ ਉਹੀ ਕੰਪਲੈਕਸ ਹੈ ਜਿਸ ਵਿੱਚ ਐਸ.ਐਸ.ਪੀ. ਅਤੇ ਐਸ.ਪੀ. ਵਰਗੇ ਅਧਿਕਾਰੀਆਂ ਲਈ ਤਾਂ ਇੱਕ ਕਮਰੇ ਵਿੱਚ ਤਿੰਨ-ਤਿੰਨ ਏ.ਸੀ. ਲਗਾਏ ਗਏ ਹਨ ਅਤੇ ਆਮ ਜਨਤਾ ਦੇ ਬੈਠਣ ਲਈ ਸੀਮੈਂਟ ਦੇ ਬੈਂਚ ਵੀ ਨਹੀਂ ਬਣਾਏ ਗਏ ਹਨ।ਸਾਨੂੰ ਆਜ਼ਾਦ ਹੋਇਆਂ ਨੂੰ ਛੇ ਦਹਾਕੇ ਤੋਂ ਵੱਧ ਸਮਾਂ ਹੋ ਚੁੱਕਾ ਹੈ ਪਰ ਅਜੇ ਤੱਕ ਵੀ ਨੀਤੀ ਘਾੜਿਆਂ ਅਤੇ ਇੱਥੋਂ ਤੱਕ ਕਿ ਨਕਸ਼ਾ ਨਵੀਸਾਂ ਅਤੇ ਆਰਕੀਟੈਕਟਾਂ ਦੇ ਦਿਮਾਗ਼ ਵਿੱਚ ਵੀ ਇਹੀ ਗੱਲ ਭਰੀ ਹੋਈ ਹੈ ਕਿ ਸਰਕਾਰੀ ਅਧਿਕਾਰੀ ਆਮ ਲੋਕਾਂ ਤੋਂ ਉੱਪਰ ਹੁੰਦੇ ਹਨ।ਹਰ ਬਣਨ ਵਾਲੀ ਇਮਾਰਤ ਦੇ ਦਫ਼ਤਰਾਂ ਵਿੱਚ ਅਧਿਕਾਰੀਆਂ ਦੇ ਬੈਠਣ, ਇੱਥੋਂ ਤੱਕ ਕਿ ਸੌਣ ਦੇ ਲਈ ਵੀ ਹਰ ਮੌਸਮ ਮੁਤਾਬਕ ਲੋੜੀਂਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ ਪਰ ਆਮ ਬੰਦੇ ਨੂੰ ਬੈਠਣ ਤਾਂ ਦੂਰ ਦੀ ਗੱਲ ਖੜ੍ਹਣ ਲਈ ਵੀ ਜਗ੍ਹਾ ਨਸੀਬ ਨਹੀਂ ਹੁੰਦੀ।ਕੀ ਸਭ ਨੀਤੀ ਘਾੜੇ ਇਹ ਹੀ ਸੋਚ ਰੱਖਦੇ ਹਨ ਕਿ ਜੇ ਆਮ ਬੰਦੇ ਨੂੰ ਖੜ੍ਹਣ-ਬੈਠਣ ਜੋਗੀ ਜਗ੍ਹਾ ਨਹੀਂ ਮਿਲੇਗੀ ਤਾਂ ਉਹ ਕਿਹੜਾ ਮਰਨ ਲੱਗਾ ਹੈ ?

ਲੰਬਾ ਸਮਾਂ ਖੜ੍ਹੇ ਰਹਿਣ ਤੋਂ ਬਾਅਦ ਮੈਂ ਵਕਤ ਲੰਘਾਉਣ ਲਈ ਇੱਕ ਬੰਦੇ ਨਾਲ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ।ਕਿੰਨੀਂ ਦੇਰ ਹੀ ਸਧਾਰਨ ਜਿਹੀਆਂ ਗੱਲਾਂ ਚਲਦੀਆਂ ਰਹੀਆਂ ਪਰ ਜਦ ਮੈਂ ਪੁੱਛਿਆ, "ਤੁਹਾਡਾ ਕੀ ਕੇਸ ਹੈ ?" ਤਾਂ ਉਹ "ਬੱਸ ਜੀ, ਜੱਟਾਂ ਦੇ ਤਾਂ ਰੌਲ਼ੇ-ਗੌਲ਼ੇ ਚਲਦੇ ਹੀ ਰਹਿੰਦੇ ਨੇ।" ਆਖ ਕੇ ਗੱਲ ਟਾਲ ਗਿਆ।ਮੈਂ ਜਿਸ ਕਿਸੇ ਨਾਲ ਵੀ ਗੱਲ ਕਰਨੀ

ਚਾਹੀ ਉਸ ਨੇ ਆਪਣੇ ਕੇਸ ਦਾ ਵਿਸਥਾਰ ਮੈਨੂੰ ਨਹੀਂ ਦੱਸਿਆ ਸੀ। ਮੇਰੇ ਵਾਂਙ ਸਧਾਰਨ ਜਿਹੇ ਦਿਸਦੇ ਇਹ ਲੋਕ ਅੰਦਰੋਂ ਏਨੇ ਜ਼ਿਆਦਾ ਡਰੇ ਹੋਏ ਸਨ ਕਿ ਕਿਤੇ ਉਹਨਾਂ ਦੇ ਮੂੰਹ ਵਿੱਚੋਂ ਉਹਨਾਂ ਦੇ ਕੇਸ ਪ੍ਰਤੀ ਕੋਈ ਗ਼ਲਤ ਗੱਲ ਨਾ ਨਿਕਲ ਜਾਵੇ। ਇਸ ਲਈ ਸਾਰੇ ਹੀ ਆਪਣੇ ਕੇਸ ਸਬੰਧੀ ਗੱਲ ਕਰਨ ਤੋਂ ਕਤਰਾਉਂਦੇ ਸਨ।

ਸੱਤ ਕੁ ਵਜੇ ਮੇਰੇ ਮਾਮਲੇ ਦੀ ਅਗ਼ਲੀ ਤਾਰੀਕ ਪੈ ਜਾਣ ਕਾਰਨ ਮੈਂ ਘਰ ਨੂੰ ਮੁੜ ਪਿਆ।

0-0-0

ਹੁਣ ਮੇਰੀਆਂ ਤਾਰੀਕਾਂ ਅਦਾਲਤ ਵਿੱਚ ਪੈਣ ਦੇ ਨਾਲ-ਨਾਲ ਏ.ਡੀ.ਸੀ. ਦੇ ਦਫ਼ਤਰ ਵਿੱਚ ਵੀ ਪੈਣੀਆਂ ਸ਼ੁਰੂ ਹੋ ਗਈਆਂ ਸਨ। ਨਗਰ ਨਿਗਮ ਨੂੰ ਪਾਈਆਂ ਸ਼ਿਕਾਇਤਾਂ ਦੀ ਜਾਂਚ ਕਾਰਨ ਵੀ ਕਈ ਵਾਰ ਕੋਈ ਨਾ ਕੋਈ ਅਧਿਕਾਰੀ ਆਪਣੇ ਆਉਣ ਦੀ ਸੂਚਨਾ ਮੈਨੂੰ ਫ਼ੋਨ 'ਤੇ ਹੀ ਦੇ ਦਿੰਦਾ ਸੀ। ਸੂਚਨਾ ਦੇਣ ਨਾਲ ਹੀ ਚਿਤਾਵਨੀ ਵੀ ਦੇ ਦਿੰਦਾ ਕਿ ਜੇ ਤੁਸੀਂ ਮੌਕੇ 'ਤੇ ਹਾਜ਼ਰ ਹੋ ਕੇ ਆਪਣਾ ਜਵਾਬ ਜਾਂ ਸਬੂਤ ਪੇਸ਼ ਨਾ ਕੀਤੇ ਤਾਂ ਕੇਸ ਨੂੰ ਦਾਖਲ-ਦਫ਼ਤਰ ਕਰ ਦਿੱਤਾ ਜਾਵੇਗਾ।

ਹਾਲਤ ਇਹ ਬਣ ਗਈ ਸੀ ਕਿ ਕਈ ਵਾਰ ਤਾਂ ਮੈਨੂੰ ਹਫ਼ਤੇ ਵਿੱਚ ਤਿੰਨ-ਤਿੰਨ ਤਾਰੀਕਾਂ ਦਾ ਸਾਹਮਣਾ ਕਰਨਾ ਪੈ ਜਾਂਦਾ ਸੀ। ਮੈਂ ਸਥਿੱਤੀ ਨੂੰ ਇਸ ਹਿਸਾਬ ਨਾਲ ਹੱਲ ਕਰਨ ਦੀ ਕੋਸ਼ਿਸ਼ ਕਰਦਾ ਸਾਂ ਕਿ ਮੈਨੂੰ ਸਕੂਲ ਤੋਂ ਘੱਟ ਤੋਂ ਘੱਟ ਛੁੱਟੀ ਕਰਨੀ ਪਵੇ। ਮੈਂ ਜਦ ਵੀ ਛੁੱਟੀ ਲਈ ਅਰਜ਼ੀ ਲਿਖਣ ਲੱਗਦਾ ਤਾਂ ਮੇਰੇ ਸਹਿ-ਕਰਮੀ ਸਮਝ ਜਾਂਦੇ ਸਨ ਕਿ ਜ਼ਰੂਰ ਇਸ ਦੀ ਕੋਈ ਤਾਰੀਕ ਹੈ। ਮੈਂ ਉਹਨਾਂ ਦੀਆਂ ਮੂੰਹ ਉੱਪਰ ਕੀਤੀਆਂ ਜਾਂਦੀਆਂ ਟਾਂਚਾਂ ਅਤੇ ਪਿੱਠ ਪਿੱਛੇ ਕੀਤੀ ਜਾਣ ਵਾਲੀ ਖੁੰਢ-ਚਰਚਾ ਤੋਂ ਮਨੋਂ-ਮਨੀਂ ਡਰਨ ਲੱਗ ਪਿਆ ਸਾਂ। ਇਸ ਲਈ ਮੈਂ ਆਪਣੀ ਕਿਸੇ ਤਾਰੀਕ ਜਾਂ ਜਾਂਚ ਵਾਲੇ ਦਿਨ ਦੀ ਛੁੱਟੀ ਦੀ ਅਰਜ਼ੀ ਉਹਨਾਂ ਤੋਂ ਚੋਰੀ ਹੀ ਲਿਖ, ਪ੍ਰਿੰਸੀਪਲ ਨੂੰ ਫੜਾਅ ਕੇ ਨਿਕਲਣ ਦਾ ਯਤਨ ਕਰਨ ਲੱਗ ਪਿਆ ਸਾਂ।

ਕੁਝ ਕੁ ਦਿਨਾਂ ਵਿੱਚ ਹੀ ਮੇਰੀ ਇਹ ਚੋਰੀ ਵੀ ਫੜੀ ਗਈ। ਜਦ ਅਗਲੇ ਦਿਨ ਹੀ ਮੇਰੇ ਸਹਿ-ਕਰਮੀ ਮੈਨੂੰ ਆਖਣ ਲੱਗ ਜਾਂਦੇ ਸਨ, "ਕੱਲ੍ਹ ਤਾਂ ਚੋਰੀ-ਚੋਰੀ ਭੱਜ ਗਿਆ ਸੀ, ਜੱਜ ਨੂੰ ਮਿਲਣ, ਅੱਜ ਨ੍ਹੀਂ ਤੈਨੂੰ ਜਾਣ ਦਿੰਦੇ। ਸਾਨੂੰ ਵੀ ਉਹ ਜੱਜ ਵਿਖਾਅ ਦੇ ਜੀਹਨੂੰ ਮਿਲਣ ਲਈ ਸਾਨੂੰ ਦੱਸੇ ਬਿਨਾਂ ਹੀ ਭੱਜ ਜਾਂਦਾ ਏਂ।"

ਮੈਂ 'ਹਾਂਅ ਹੂੰਅ' ਕਰਕੇ ਉਹਨਾਂ ਨੂੰ ਟਾਲ ਦਿੰਦਾ ਸਾਂ। ਪਰ ਮੇਰਾ ਮਨ ਤਾਂ ਪੁੱਛਿਆ ਹੀ ਜਾਣਦਾ ਸੀ ਕਿ ਇੱਕ ਜਾਲ ਵਿੱਚ ਫਸੇ ਹੋਏ ਸ਼ਿਕਾਰ ਨੂੰ

ਸ਼ਿਕਾਰੀ ਕਿਸ ਤਰ੍ਹਾਂ ਕੋਂਹਦੇ ਨੇ। ਭਾਵੇਂ ਕਿ ਸਾਰੇ ਉੱਪਰਲੇ ਮਨੋਂ ਹੀ ਕੁਆਰੀ ਜੱਜ ਨੂੰ ਵੇਖ ਲੈਣ ਦੀ ਚਾਹਤ ਰੱਖਦੇ ਸਨ ਪਰ ਮੇਰੇ ਦਿਲ 'ਚੋਂ ਇੱਕ ਹੀ ਦੁਆ ਨਿਕਲਦੀ ਸੀ ਕਿ ਜੱਜ ਭਾਵੇਂ ਵਿਆਹੀ ਹੋਵੇ, ਕੁਆਰੀ ਹੋਵੇ ਚਾਹੇ ਰੱਜ ਕੇ ਸੋਹਣੀ ਹੋਵੇ ਪਰ ਕਿਸੇ ਨੂੰ ਵੀ ਉਸ ਦਾ ਮੂੰਹ ਕਚਹਿਰੀ ਵਿੱਚ ਜਾ ਕੇ ਨਾ ਵੇਖਣਾ ਪਵੇ। ਫਿਰ ਦਿਮਾਗ਼ ਵਿੱਚ ਆਉਂਦਾ ਕਿ ਅਣ-ਵਿਆਹੀ ਜੱਜ ਦਾ ਮੂੰਹ ਵੇਖ ਕੇ ਮੈਂ ਏਨੇ ਕਸੂਤੇ ਯੱਭ ਵਿੱਚ ਪਿਆ ਹੋਇਆ ਹਾਂ ਜੇ ਕਿਧਰੇ ਵਿਆਹੇ ਹੋਏ ਅੜਬ ਜੱਜਾਂ ਦੇ ਮੱਥੇ ਲੱਗਣਾ ਪੈ ਗਿਆ ਤਾਂ ਮੇਰਾ ਕੀ ਹਾਲ ਹੋਵੇਗਾ ?

0-0-0

ਮੇਰੇ ਵਾਰ-ਵਾਰ ਸ਼ਿਕਾਇਤਾਂ ਕਰਨ ਦੇ ਬਾਵਜੂਦ ਵੀ ਨਗਰ ਨਿਗਮ ਦੇ ਅਧਿਕਾਰੀ ਟੱਸ ਤੋਂ ਮੱਸ ਨਹੀਂ ਹੋ ਰਹੇ ਸਨ। ਮੈਂ ਜਦ ਵੀ ਉਹਨਾਂ ਨੂੰ ਜਾ ਕੇ ਮਿਲਦਾ ਤਾਂ ਉਹ ਹਰ ਵਾਰ ਮੈਨੂੰ ਕੋਈ ਸਬੂਤ ਲੈ ਕੇ ਆਉਣ ਦਾ ਆਖ ਕੇ ਟਾਲ ਦਿੰਦੇ। ਮੇਰੀ ਹਾਲਤ ਬਹੁਤ ਹੀ ਪਤਲੀ ਪੈਂਦੀ ਜਾ ਰਹੀ ਸੀ ਕਿਉਂਕਿ ਆਪਣੀ ਸ਼ਿਕਾਇਤ ਨੂੰ ਸੱਚਾ ਸਿੱਧ ਕਰਨ ਲਈ ਮੇਰੇ ਕੋਲ ਗੁਰਨੇਕ ਦੁਆਰਾ ਅਦਾਲਤ ਵਿੱਚ ਪੇਸ਼ ਕੀਤੇ ਗਏ ਗ਼ਲਤ ਨਕਸ਼ੇ ਤੋਂ ਬਿਨਾਂ ਹੋਰ ਕੋਈ ਵੀ ਸਬੂਤ ਨਹੀਂ ਸੀ।

ਇਹ ਕਿੰਨੀ ਹਾਸੇ ਵਾਲੀ ਗੱਲ ਸੀ ਕਿ ਇੱਕ ਅਦਾਲਤ ਨੇ ਤਾਂ ਵਿਰੋਧੀ ਧਿਰ ਦੁਆਰਾ ਪੇਸ਼ ਕੀਤੇ ਜਾਣ ਵਾਲੇ ਸਬੂਤਾਂ ਦੀ ਉਡੀਕ ਵਿੱਚ ਅਤੇ ਮੇਰੇ ਦੁਆਰਾ ਆਪਣੇ ਪੱਖ ਵਿੱਚ ਪੇਸ਼ ਕੀਤੇ ਹੋਏ ਸਬੂਤਾਂ ਨੂੰ ਨਕਾਰਦੇ ਹੋਏ ਮੇਰੇ ਵਿਰੁੱਧ ਸਟੇਅ ਦੇ ਹੁਕਮ ਸੁਣਾਅ ਦਿੱਤਾ ਸੀ ਅਤੇ ਮੇਰੇ ਦੁਆਰਾ ਕੀਤੀ ਗਈ ਸ਼ਿਕਾਇਤ ਨੂੰ ਨਗਰ ਨਿਗਮ ਦੇ ਅਧਿਕਾਰੀ ਸਿਰਫ਼ ਇਸ ਲਈ ਖ਼ਾਰਜ ਕਰਨ 'ਤੇ ਤੁਲੇ ਹੋਏ ਸਨ ਕਿ ਗੁਰਨੇਕ ਆਪਣੀ ਮਾਲਕੀ ਦੀ ਜਗ੍ਹਾ ਦਾ ਰਿਕਾਰਡ ਪੇਸ਼ ਨਹੀਂ ਕਰ ਰਿਹਾ ਹੈ। ਇਸ ਲਈ ਉਸ 'ਤੇ ਕੋਈ ਵੀ ਕਾਰਵਾਈ ਨਹੀਂ ਸੀ ਹੋ ਸਕਦੀ। ਮੇਰੀਆਂ ਨਜ਼ਰਾਂ 'ਚ ਇਹ ਗੱਲ ਸਹੀ ਸਿੱਧ ਹੋ ਰਹੀ ਸੀ ਕਿ ਅੱਜ ਦੇ ਦੌਰ ਵਿੱਚ ਝੂਠ ਨੂੰ ਸੱਚ ਸਿੱਧ ਕਰਨਾ ਬੜਾ ਹੀ ਸੌਖਾ ਹੈ ਪਰ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਸਿੱਧ ਕਰਨਾ ਬੜਾ ਹੀ ਔਖਾ ਅਤੇ ਅਸੰਭਵ ਕੰਮ ਹੈ। ਇਸ ਤਰ੍ਹਾਂ ਦੀ ਸਥਿੱਤੀ ਨੂੰ ਸੋਚ ਸੋਚ ਕੇ ਮੈਂ ਹੋਰ ਵੀ ਔਖਾ ਹੋ ਜਾਂਦਾ ਸਾਂ।

ਭਾਵੇਂ ਕਿ ਮੈਂ ਇਨ੍ਹਾਂ ਦਿਨਾਂ ਵਿੱਚ ਆਪਣੀ ਸ਼ਕਲ-ਸੂਰਤ ਅਤੇ ਗੱਲਾਂ-ਬਾਤਾਂ ਤੋਂ ਕਿਸੇ ਨੂੰ ਵੀ ਅੰਦਾਜ਼ਾ ਨਹੀਂ ਸਾਂ ਲੱਗਣ ਦਿੰਦਾ ਕਿ ਮੈਂ ਅਸਲੋਂ ਅਤੇ ਧੁਰ ਅੰਦਰ ਤੱਕ ਟੁੱਟ ਚੁੱਕਾ ਹੋਇਆ ਇਨਸਾਨ ਹਾਂ। ਪਰ ਮੇਰਾ ਅੰਦਰਲਾ ਮਨ ਪੱਕੀ ਤਰ੍ਹਾਂ ਜਾਣਦਾ ਸੀ ਕਿ ਇਨਸਾਫ਼ ਦੇ ਵਿੱਚ ਦੇਰੀ ਹੋਣ ਦਾ ਮਤਲਬ

ਇਨਸਾਫ਼ ਨਾ ਦੇਣਾ ਹੀ ਹੁੰਦਾ ਹੈ।

ਅਖ਼ਬਾਰਾਂ ਅਤੇ ਕਿਤਾਬਾਂ ਵਿੱਚ ਚੁਰਾਸੀ ਦੇ ਦੰਗਿਆਂ ਸਬੰਧੀ ਰਿਪੋਰਟਾਂ ਪੜ੍ਹ ਕੇ ਅਤੇ ਜੁਝਾਰ ਸਿੰਘ ਦੇ ਪਰਿਵਾਰ ਦੀ ਹਾਲਤ ਬਾਰੇ ਸੋਚ ਕੇ ਮਨ ਨੂੰ ਹੌਸਲਾ ਜਿਹਾ ਮਿਲਦਾ ਕਿ ਜਿਹੜੇ ਲੋਕ ਆਪਣੇ ਘਰ-ਬਾਰਾਂ ਦੇ ਨਾਲ-ਨਾਲ ਆਪਣੇ ਪਰਿਵਾਰਕ ਜੀਅ ਵੀ ਗੁਆ ਚੁੱਕੇ ਹਨ ਤੇ ਅਜੇ ਵੀ ਲੜ ਰਹੇ ਹਨ। ਉਹਨਾਂ ਨਾਲੋਂ ਤਾਂ ਮੇਰੀ ਲੜਾਈ ਹਜ਼ਾਰਾਂ ਨਹੀਂ ਲੱਖਾਂ ਗੁਣਾਂ ਛੋਟੀ ਤੇ ਸੌਖੀ ਹੈ। ਇਸ ਸੋਚ ਨੂੰ ਅਗਲੀ ਸੋਚ ਹੋਰ ਵੀ ਪੇਤਲਾ ਪਾ ਦਿੰਦੀ ਕਿ ਉਹਨਾਂ ਨੂੰ ਮਾਰਨ ਵਾਲੇ ਕਾਤਲਾਂ ਦਾ ਤਾਂ ਸਾਰੇ ਜੱਗ ਨੂੰ ਪਤਾ ਲੱਗ ਗਿਆ ਹੈ ਪਰ ਤੇਰੇ ਚਾਚੇ ਅਤੇ ਉਸ ਦੇ ਭੋਗ ਵਾਲੇ ਦਿਨ ਮਾਰੇ ਗਏ ਛੇ ਬੰਦਿਆਂ ਦੀ ਤਾਂ ਅਜੇ ਤੱਕ ਸਰਕਾਰੀ ਤੌਰ 'ਤੇ ਸੂਹ ਵੀ ਨਹੀਂ ਨਿਕਲੀ ਹੈ। ਚੁਰਾਸੀ ਦੇ ਦੰਗਿਆਂ ਲਈ ਤਾਂ ਲੱਖਾਂ ਲੋਕ ਰੌਲ਼ਾ ਪਾ ਰਹੇ ਹਨ ਪਰ ਅੱਤਵਾਦੀਆਂ ਦੁਆਰਾ ਮਾਰੇ ਗਏ ਲੋਕਾਂ ਦਾ ਕੋਈ ਨਾਮ ਵੀ ਨਹੀਂ ਲੈ ਰਿਹਾ ਹੈ। ਕੱਟੜਪੰਥੀਆਂ ਨੂੰ ਤਾਂ ਪਹਿਲਾਂ ਹੀ ਇਹਨਾਂ ਕੀਤੇ ਜਾਣ ਵਾਲੇ ਕਤਲਾਂ ਦਾ ਪਤਾ ਸੀ ਤੇ ਸਰਕਾਰੀ ਰਿਕਾਰਡ ਅਤੇ ਨਿੱਜੀ ਤੌਰ 'ਤੇ ਸਭ ਅਧਿਕਾਰੀਆਂ ਨੂੰ ਵੀ ਇਸ ਸਾਰੇ ਕੁਝ ਦਾ ਪਤਾ ਹੈ ਪਰ ਇਨਸਾਫ਼ ਦੇਣ ਦੀ ਮਨਸ਼ਾ ਅਤੇ ਦਲੇਰੀ ਕਿਸੇ ਵਿੱਚ ਵੀ ਨਹੀਂ ਹੈ। ਇਹ ਸਭ ਕੁਝ ਦੋਵੇਂ ਕੇਸਾਂ ਵਿੱਚ ਸਾਂਝਾ ਸੀ ਕਿ ਸਭ ਨੂੰ ਪਤਾ ਹੈ ਕਿ ਕਾਤਲ ਕੌਣ ਹੈ ਤੇ ਮਕਤੂਲ ਕੌਣ ਹਨ ? ਪਰ ਕੋਈ ਵੀ ਸੱਚ ਬੋਲਣ ਨੂੰ ਤਿਆਰ ਨਹੀਂ ਹੈ। ਦੋਵੇਂ ਧਿਰਾਂ ਆਪਣੇ ਕਤਲ ਹੋਏ ਬੰਦਿਆਂ ਦੇ ਕਾਤਲਾਂ ਦਾ ਇਲਜ਼ਾਮ ਦੂਜੀ ਧਿਰ 'ਤੇ ਮੜ੍ਹ ਰਹੀਆਂ ਹਨ ਪਰ ਆਪਣੀ ਧਿਰ ਦੁਆਰਾ ਕੀਤੇ ਹੋਏ ਕਤਲਾਂ ਬਾਰੇ ਚੁੱਪ ਵੱਟ ਜਾਂਦੀਆਂ ਹਨ।

0-0-0-0-0

ਇਹਨਾਂ ਦਿਨਾਂ ਵਿੱਚ ਪਤਾ ਨਹੀਂ ਇਹ ਘਟਨਾਵਾਂ ਸੱਚਮੁੱਚ ਹੀ ਹੋ ਰਹੀਆਂ ਸਨ ਜਾਂ ਫਿਰ ਮੇਰੇ ਮਨ ਦਾ ਵਹਿਮ ਸੀ। ਮੈਨੂੰ ਦੂਜੀ ਧਿਰ ਦਾ ਵਿਹਾਰ ਕੁਝ ਜ਼ਿਆਦਾ ਹੀ ਹਮਲਾਵਰ ਅਤੇ ਚਿੜ੍ਹਾਉਣ ਵਾਲਾ ਮਹਿਸੂਸ ਹੋਣਾ ਸ਼ੁਰੂ ਹੋ ਗਿਆ ਸੀ। ਜਦ ਮੈਂ ਉਸ ਘਰ ਜਾਂਦਾ ਤਾਂ ਬਾਹਰ ਉੱਚੀ-ਉੱਚੀ ਹੱਸਣ ਦੀਆਂ ਆਵਾਜ਼ਾਂ ਆਉਣੀਆਂ, ਉਹਨਾਂ ਦੇ ਸੱਥ ਵਿੱਚ ਖੜ੍ਹੇ ਬੰਦਿਆਂ ਦਾ ਮੈਨੂੰ ਵੇਖ ਕੇ ਬਿਲਕੁਲ ਚੁੱਪ ਚਾਪ ਹੋ ਜਾਣਾ ਅਤੇ ਮੇਰੇ ਪਿੱਠ ਘੁੰਮਾਉਂਦੇ ਹੀ ਉੱਚੀ-ਉੱਚੀ ਹੱਸਣਾ ਜਾਂ ਗੱਲਾਂ ਕਰਨ ਲੱਗ ਜਾਣਾ, ਕਦੇ-ਕਦੇ ਮੈਨੂੰ ਵੇਖ ਆਪਣੇ ਮੋਟਰ-ਸਾਈਕਲ ਨੂੰ ਜ਼ੋਰ-ਜ਼ੋਰ ਨਾਲ ਰੇਸ ਦੇਣ ਲੱਗ ਜਾਣਾ ਆਦਿਕ ਗੱਲਾਂ ਮੇਰੇ ਦਿਲ ਨੂੰ ਡੁਲਾਅ ਰਹੀਆਂ ਸਨ। ਸ਼ਾਇਦ ਇਹ ਸਭ ਕੁਝ ਜਾਣ ਬੁੱਝ ਕੇ ਹੀ ਕੀਤਾ ਜਾ ਰਿਹਾ ਸੀ ਕਿਉਂਕਿ ਉਹਨਾਂ ਦਾ ਅਜਿਹਾ ਵਿਹਾਰ ਪਹਿਲਾਂ ਮੈਂ ਕਦੇ ਵੀ ਨਹੀਂ ਵੇਖਿਆ ਸੀ। ਮੈਂ ਆਪਣੇ ਹੀ ਅੰਦਾਜ਼ੇ ਲਾਉਂਦਾ

ਰਹਿੰਦਾ ਕਿ ਇਹਨਾਂ ਸਾਰਿਆਂ ਦੇ ਮਨ ਵਿੱਚ ਇਹ ਗੱਲ ਹੀ ਹੈ ਕਿ ਅਸੀਂ ਇਸਦਾ ਪੁਲਿਸ ਵਿਭਾਗ ਵਿੱਚ ਵੀ ਕੁਝ ਨਹੀਂ ਵੱਟਣ ਦਿੱਤਾ ਤੇ ਅਦਾਲਤ ਵਿੱਚ ਵੀ ਇਸ ਨੂੰ ਖੂੰਜੇ ਲਾ ਲਿਆ ਹੈ ਤੇ ਸਾਡਾ ਮੋਢੀ ਵਿਦੇਸ਼ ਯਾਤਰਾ ਦੇ ਮਜ਼ੇ ਲੈ ਰਿਹਾ ਹੈ ਤੇ ਇਹ ਇੱਥੇ ਦਫ਼ਤਰਾਂ ਅਤੇ ਅਦਾਲਤਾਂ ਵਿੱਚ ਧੱਕੇ ਖਾਂਦਾ ਫਿਰਦਾ ਹੈ। ਇਸ ਲਈ ਉਹ ਕਿਵੇਂ ਨਾ ਕਿਵੇਂ ਮੈਨੂੰ ਨੀਵਾਂ ਵਿਖਾਉਣਾ ਚਾਹੁੰਦੇ ਸਨ।

ਮੈਨੂੰ ਆਪਣੇ ਹਮਦਰਦ ਪੁਲਸੀਏ ਦੀ ਗੱਲ ਵੀ ਯਾਦ ਆਈ ਕਿ ਉਸ ਨੇ ਜਪਨਾਮ ਨੂੰ ਸਮਝਾਇਆ ਸੀ ਕਿ ਕਿਸੇ ਨੂੰ ਏਨਾ ਕੰਧ ਨਾਲ ਨਹੀਂ ਲਗਾਈਦਾ ਹੁੰਦਾ ਕਿ ਅਗਲਾ ਤੁਹਾਡੇ ਉੱਤੇ ਏਨਾ ਵੱਡਾ ਪਲਟਵਾਰ ਕਰ ਦੇਵੇ ਕਿ ਉਹ ਤੁਹਾਡੇ ਕੋਲੋਂ ਝੱਲਿਆ ਹੀ ਨਾ ਜਾਵੇ। ਉਂਝ ਏਨੀ ਖੱਜਲ-ਖੁਆਰੀ ਤੋਂ ਬਾਅਦ ਮੈਂ ਕੰਧ ਨਾਲ ਤਾਂ ਲੱਗ ਹੀ ਚੁੱਕਾ ਸਾਂ ਤੇ ਇਸ ਤਰ੍ਹਾਂ ਦੀਆਂ ਹਰਕਤਾਂ ਮੈਨੂੰ ਜਤਾਉਣ ਲਈ ਹੀ ਕੀਤੀਆਂ ਜਾ ਰਹੀਆਂ ਸਨ ਕਿ ਮੈਂ ਚਾਹੇ ਜਿੰਨੀ ਮਰਜ਼ੀ ਟੌਹਰ ਕੱਢੀ ਫਿਰਾਂ, ਸਾਨੂੰ ਸਭ ਪਤਾ ਹੈ ਕਿ ਤੈਨੂੰ ਕਿੰਨੀ ਮੁਸਤੈਦੀ ਨਾਲ ਕੰਧ ਨਾਲ ਲਗਾਇਆ ਹੋਇਆ ਹੈ।

ਇੱਕ ਐਤਵਾਰ ਦੀ ਸਵੇਰ ਵੇਲ਼ੇ ਮੇਰਾ ਮਨ ਕਰ ਆਇਆ ਕਿ ਮੈਂ ਉਸ ਘਰ ਦਾ ਗੇੜਾ ਕੱਢ ਕੇ ਆਵਾਂ। ਜਦ ਮੈਂ ਗਲੀ ਵਿੱਚ ਪੁੱਜਾ ਤਾਂ ਮੈਨੂੰ ਆਪਣੇ ਦਰਵਾਜ਼ੇ ਦੇ ਬਿਲਕੁਲ ਅੱਗੇ ਖੜ੍ਹੀ ਪੁਲਿਸ ਵਾਲੀ ਬੱਸ ਨਜ਼ਰ ਆਈ। ਮੈਂ ਮੋਟਰ-ਸਾਈਕਲ ਪਾਸੇ ਲਾ ਕੇ ਮਸਾਂ ਹੀ ਦਰਵਾਜ਼ੇ ਨੂੰ ਖੋਲ੍ਹਿਆ। ਬੱਸ ਬੰਦ ਸੀ ਤੇ ਉਸ ਵਿੱਚ ਕੋਈ ਵੀ ਨਹੀਂ ਸੀ। ਮੈਂ ਇਸ ਗੱਲ ਨੂੰ ਸਧਾਰਨ ਜਿਹੇ ਤਰੀਕੇ ਨਾਲ ਹੀ ਲਿਆ ਅਤੇ ਸਮਝਿਆ ਕਿ ਗਲੀ ਵਿੱਚ ਲਾਂਘਾ ਰੱਖਣ ਲਈ ਹੀ ਇਸ ਨੂੰ ਬਿਲਕੁਲ ਸਾਡੇ ਦਰਵਾਜ਼ੇ ਦੇ ਅੱਗੇ ਲਗਾ ਦਿੱਤਾ ਗਿਆ ਹੈ। ਮੈਂ ਇਸ ਸਬੰਧੀ ਉਸ ਨੂੰ ਕੋਈ ਵੀ ਉਲਾਂਭਾ ਦੇਣ ਤੋਂ ਡਰਦਾ ਸਾਂ। ਮੈਨੂੰ ਲੱਗਾ ਕਿ ਹੁਣ ਇਹ ਧਿਰ ਕੋਈ ਵੀ ਬਹਾਨਾ ਬਣਾਅ ਕੇ ਲੜਾਈ ਦੀ ਭਾਲ਼ ਵਿੱਚ ਹੈ ਤਾਂ ਕਿ ਉਹ ਮੈਨੂੰ ਕਿਸੇ ਹੋਰ ਮੁਕੱਦਮੇ ਵਿਚ ਫਸਾਅ ਕੇ ਹੋਰ ਉਲਝਾਅ ਸਕਣ। ਹਾਲਾਤ ਹੀ ਅਜਿਹੇ ਸਨ ਕਿ ਮੇਰੀ ਆਖੀ ਗਈ ਛੋਟੀ ਜਿਹੀ ਬਾਤ ਦਾ ਵੀ ਬਤੰਗੜ ਬਣ ਜਾਣਾ ਸੀ। ਮੈਨੂੰ ਏਨਾ ਜ਼ਿਆਦਾ ਉਲਝਾਅ ਲਿਆ ਜਾਣਾ ਸੀ ਕਿ ਮੇਰਾ ਉਸ ਵਿੱਚੋਂ ਨਿਕਲਣਾ ਔਖਾ ਹੀ ਨਹੀਂ ਸਗੋਂ ਅਸੰਭਵ ਹੀ ਹੋ ਜਾਣਾ ਸੀ। ਮੈਂ ਇਸ ਦੁਚਿੱਤੀ ਵਿੱਚ ਪਿਆ ਰਿਹਾ ਕਿ ਮੈਂ ਇਸ ਦੀ ਮੂਵੀ ਬਣਾਅ ਲਵਾਂ ਜਾਂ ਨਾ ਬਣਾਵਾਂ। ਫਿਰ ਇੱਕ ਕਿਤਾਬ ਵਿੱਚ ਪੜ੍ਹੀ ਹੋਈ ਇੱਕ ਸਤਰ ਯਾਦ ਆ ਗਈ ਕਿ ਜੇ ਤੁਸੀਂ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਦੀ ਦੁਚਿੱਤੀ ਵਿੱਚ ਹੋ ਤਾਂ ਉਸ ਕੰਮ ਨੂੰ ਕਰ ਹੀ ਲੈਣਾ ਚਾਹੀਦਾ ਹੈ, ਫਿਰ ਪਛਤਾਵਾ ਨਹੀਂ ਹੁੰਦਾ। ਇਸ ਲਈ ਮੈਂ ਬੂਹੇ ਵਿੱਚ ਖੜ੍ਹੀ ਹੋਈ ਬੱਸ ਦੀ ਮੂਵੀ ਬਣਾਅ ਲਈ ਤਾਂ

ਜੋ ਮਲਕੀਤ ਨੂੰ ਉਲਾਂਭਾ ਦੇਣ ਸਮੇਂ ਉਹ ਮੁੱਕਰ ਨਾ ਸਕੇ ਕਿ ਉਸ ਨੇ ਤਾਂ ਬੂਹੇ ਅੱਗੇ ਬੱਸ ਖੜ੍ਹਾਈ ਹੀ ਨਹੀਂ ਸੀ। ਕਰੀਬ ਅੱਧਾ ਘੰਟਾ ਉਹ ਬੱਸ ਉੱਥੇ ਹੀ ਖੜ੍ਹੀ ਰਹੀ। ਫਿਰ ਮਲਕੀਤ ਆਇਆ ਤੇ ਉਸ ਨੇ ਬੱਸ ਨੂੰ ਸਟਾਰਟ ਕਰ ਲਿਆ। ਉਸ ਨੇ ਖੜ੍ਹੀ ਬੱਸ ਨੂੰ ਵਾਰ-ਵਾਰ ਏਨੀ ਜ਼ਿਆਦਾ ਰੇਸ ਦਿੱਤੀ ਕਿ ਸਾਰਾ ਘਰ ਗੰਦੇ ਧੂੰਏਂ ਨਾਲ ਭਰ ਗਿਆ।

ਦੁਪਹਿਰ ਨੂੰ ਮੈਂ ਯਾਦਵਿੰਦਰ ਦੇ ਘਰ ਗਿਆ ਅਤੇ ਇਸ ਸਭ ਬਾਰੇ ਉਸ ਨਾਲ ਗੱਲ ਕੀਤੀ। ਉਹ ਇਸ ਨਵੀਂ ਪੈਦਾ ਹੋ ਰਹੀ ਸਥਿੱਤੀ ਬਾਰੇ ਬੜਾ ਹੀ ਡੂੰਘਾਈ ਨਾਲ ਸੋਚਣ ਲੱਗ ਪਿਆ। ਗੱਲਾਂ ਕਰਦੇ ਕਰਦੇ ਉਸ ਨੇ ਮੈਨੂੰ ਪੁੱਛਿਆ, "ਤੂੰ ਬੱਸ ਖੜ੍ਹਾਉਣ ਬਾਰੇ ਕਿਸੇ ਨੂੰ ਕੋਈ ਉਲਾਂਭਾ ਤਾਂ ਨਹੀਂ ਦਿੱਤਾ ?"

ਮੇਰਾ ਜਵਾਬ ਨਾਂਹ ਵਿੱਚ ਸੁਣ ਕੇ ਬੜਾ ਹੀ ਖੁਸ਼ ਹੋਇਆ ਤੇ ਬੋਲਿਆ, "ਫੇਰ ਠੀਕ ਹੈ। ਤੇ ਇੱਕ ਗੱਲ ਪੱਲੇ ਬੰਨ੍ਹ ਲੈ ਕਿ ਤੂੰ ਉਲਾਂਭਾ ਦੇਣਾ ਵੀ ਨਹੀਂ। ਉਹ ਜਿਵੇਂ ਚਾਹੁੰਦੇ ਨੇ, ਕਰੀ ਜਾਣ ਦੇ। ਉਹਨਾਂ ਦਾ ਹੌਸਲਾ ਹੋਰ ਵਧੀ ਜਾਣ ਦੇ। ਇਹ ਗੱਲ ਵੀ ਆਪਣੇ ਹੱਕ ਵਿੱਚ ਜਾਵੇਗੀ।"

"ਜੇ ਉਹਨਾਂ ਦਾ ਇੰਝ ਹੀ ਹੌਸਲਾ ਵਧਦਾ ਗਿਆ ਤਾਂ ਕੱਲ੍ਹ ਨੂੰ ਉਹਨਾਂ ਨੇ ਤਾਂ ਮੈਨੂੰ ਘਰ ਹੀ ਨ੍ਹੀਂ ਵੜਣ ਦੇਣਾ।" ਮੈਂ ਉਸ ਦੇ ਵਿਚਾਰ ਨਾਲ ਅਸਹਿਮਤੀ ਜਤਾਈ।

ਇਸ ਵਿਸ਼ੇ 'ਤੇ ਕਾਫ਼ੀ ਦੇਰ ਸਾਡੀ ਮੱਠੀ ਮੱਠੀ ਬਹਿਸ ਹੁੰਦੀ ਰਹੀ। ਜਦ ਉਸ ਨੂੰ ਲੱਗਾ ਕਿ ਮੈਂ ਉਸ ਦੀ ਗੱਲ ਨਹੀਂ ਮੰਨਾਂਗਾ ਅਤੇ ਆਪਣੀ ਮਰਜ਼ੀ ਕਰਕੇ ਉਲਾਂਭਾ ਜ਼ਰੂਰ ਦੇਵਾਂਗਾ ਤਾਂ ਉਹ ਉੱਠ ਕੇ ਦੂਜੇ ਕਮਰੇ 'ਚ ਗਿਆ ਤੇ ਇੱਕ ਅਖ਼ਬਾਰ ਦਾ ਮੈਗਜ਼ੀਨ ਪੰਨਾ ਚੁੱਕ ਲਿਆਇਆ। ਅਖ਼ਬਾਰ 'ਚ ਛਪੀ ਇੱਕ ਛੋਟੀ ਜਿਹੀ ਕਹਾਣੀ ਉੱਤੇ ਉਂਗਲ ਰੱਖ, ਅਖ਼ਬਾਰ ਮੇਰੇ ਹੱਥਾਂ ਵਿਚ ਫੜਾਉਂਦਾ ਹੋਇਆ ਬੋਲਿਆ, "ਇਸ ਨੂੰ ਇੱਕ ਵਾਰ ਪੜ੍ਹ ਕੇ ਵੇਖ, ਤੇ ਫਿਰ ਮੈਨੂੰ ਦੱਸੀਂ ਕਿ ਮੈਂ ਗ਼ਲਤ ਹਾਂ।"

ਵਾਕਿਆ ਹੀ ਜਿਉਂ-ਜਿਉਂ ਮੈਂ ਉਹ ਕਹਾਣੀ ਨੂੰ ਪੜ੍ਹਦਾ ਗਿਆ ਮੈਨੂੰ ਲੱਗਣ ਲੱਗ ਪਿਆ ਕਿ ਯਾਦਵਿੰਦਰ ਸੱਚ ਹੀ ਆਖ ਰਿਹਾ ਹੈ। ਉਹ ਕਹਾਣੀ ਮੈਨੂੰ ਹੂ-ਬ-ਹੂ ਸ਼ਬਦਾਂ ਵਿੱਚ ਤਾਂ ਯਾਦ ਨਹੀਂ ਪਰ ਉਸ ਦਾ ਸਾਰ-ਅੰਸ਼ ਇਸ ਪ੍ਰਕਾਰ ਸੀ : ਇੱਕ ਦਿਨ ਜਦ ਕੌਟੱਲਿਆ ਆਪਣੇ ਚੇਲਿਆਂ ਨੂੰ ਉਪਦੇਸ਼ ਦੇ ਕੇ ਆਪਣੇ ਆਸ਼ਰਮ ਵਿੱਚ ਜਾਣ ਲਈ ਤੁਰਨ ਹੀ ਲੱਗਿਆ ਤਾਂ ਉਸ ਦੀ ਧੋਤੀ ਇੱਕ ਕੰਡਿਆਲੀ ਝਾੜੀ ਵਿੱਚ ਫਸ ਗਈ। ਉਸ ਨੇ ਬੜੇ ਹੀ ਸਲੀਕੇ ਨਾਲ ਆਪਣੀ ਧੋਤੀ ਨੂੰ ਕੰਡਿਆਂ ਵਿੱਚੋਂ ਕੱਢ ਲਿਆ ਅਤੇ ਆਪਣੇ ਇੱਕ ਚੇਲੇ ਨੂੰ ਹੁਕਮ ਦਿੱਤਾ ਕਿ ਇਸ ਝਾੜੀ ਨੂੰ ਸਵੇਰੇ-ਸ਼ਾਮ ਪਾਣੀ ਪਾਈ ਜਾਵੇ। ਚੇਲੇ ਨੇ ਗੁਰੂ ਦੀ ਆਗਿਆ ਮੰਨੀ ਅਤੇ ਝਾੜੀ ਨੂੰ ਪਾਣੀ ਪਾਉਣਾ ਸ਼ੁਰੂ ਕਰ

ਦਿੱਤਾ। ਤੀਜੇ ਦਿਨ ਜਦ ਕੌਟੱਲਿਆ ਉਪਦੇਸ਼ ਦੇਣ ਲਈ ਆਪਣੇ ਆਸਨ ਕੋਲ ਆਏ ਤਾਂ ਉਹਨਾਂ ਨੇ ਝਾੜੀ ਦੀਆਂ ਜੜ੍ਹਾਂ ਵਿੱਚ ਪਾਣੀ ਨਾਲ ਤਰ ਹੋਈ ਮਿੱਟੀ ਨੂੰ ਵੇਖਿਆ। ਉਸਨੇ ਆਪਣੇ ਸੱਜੇ ਹੱਥ ਨਾਲ ਝਾੜੀ ਨੂੰ ਤਣੇ ਤੋਂ ਫ਼ੜ ਲਿਆ ਅਤੇ ਪੁੱਟ ਕੇ ਪਰ੍ਹਾਂ ਸੁੱਟ ਦਿੱਤਾ। ਉਸਦੇ ਚੇਲੇ ਇਹ ਸਭ ਕੁਝ ਵੇਖ ਰਹੇ ਸਨ। ਇੱਕ ਨੇ ਹੈਰਾਨ ਹੁੰਦਿਆਂ ਪੁੱਛਿਆ ਕਿ ਝਾੜੀ ਨੂੰ ਪੁੱਟਣ ਦਾ ਕੰਮ ਤਾਂ ਉਸੇ ਦਿਨ ਹੀ ਕੀਤਾ ਜਾ ਸਕਦਾ ਸੀ ਤੇ ਇਸ ਕੰਮ ਵਿੱਚ ਦੇਰ ਕਿਉਂ ਲਗਾਈ ਗਈ ਹੈ ?

ਕੌਟੱਲਿਆ ਨੇ ਬੜੀ ਸਹਿਜਤਾ ਨਾਲ ਆਖਿਆ ਕਿ ਉਸ ਦਿਨ ਆਪਾਂ ਇਸ ਨੂੰ ਪਾਣੀ ਨਹੀਂ ਪਾਇਆ ਸੀ ਜਿਸ ਕਾਰਨ ਇਸ ਦੀ ਜੜ੍ਹ ਮਜ਼ਬੂਤ ਸੀ। ਆਪਣੇ ਪਾਏ ਪਾਣੀ ਨਾਲ ਇਸ ਦੀਆਂ ਜੜ੍ਹਾਂ ਪੋਲੀਆਂ ਹੋ ਗਈਆਂ ਅਤੇ ਹੁਣ ਇਸ ਦੀ ਪੂਰੀ ਜੜ੍ਹ ਹੀ ਕੱਢ ਦਿੱਤੀ ਗਈ ਹੈ। ਜੇਕਰ ਉਸ ਦਿਨ ਹੀ ਇਸ ਨੂੰ ਪੁੱਟਣ ਦਾ ਯਤਨ ਕੀਤਾ ਜਾਂਦਾ ਤਾਂ ਇਸ ਨੇ ਆਪਣੀ ਬਹੁਤ ਜ਼ਿਆਦਾ ਸ਼ਕਤੀ ਵਿਅਰਥ ਕਰਵਾਅ ਦੇਣੀ ਸੀ। ਮੇਰੀ ਧੋਤੀ ਵੀ ਪਾਟ ਸਕਦੀ ਸੀ ਅਤੇ ਮੇਰਾ ਹੱਥ ਵੀ ਜ਼ਖ਼ਮੀ ਹੋ ਸਕਦਾ ਸੀ। ਇਸ ਨਾਲ ਮੇਰੀ ਇੱਜ਼ਤ ਜਾਣ ਦੇ ਨਾਲ ਨਾਲ ਮੈਨੂੰ ਸਰੀਰਕ ਅਤੇ ਮਾਨਸਿਕ ਪੀੜ ਵੀ ਉਠਾਉਣੀ ਪੈ ਜਾਣੀ ਸੀ। ਜੇ ਮੈਂ ਇਸ ਝਾੜੀ ਨੂੰ ਸੁੱਕੀ ਮਿੱਟੀ ਵਿੱਚੋਂ ਹੀ ਪੁੱਟਣ ਦਾ ਜਤਨ ਕਰਦਾ ਤਾਂ ਉਸ ਦੀਆਂ ਜੜ੍ਹਾਂ ਜ਼ਮੀਨ ਵਿੱਚੋਂ ਪੂਰੀ ਤਰ੍ਹਾਂ ਨਹੀਂ ਨਿਕਲਣੀਆਂ ਸਨ। ਇੰਨਾ ਨੁਕਸਾਨ ਸਹਿਣ ਦੇ ਬਾਵਜੂਦ ਇਹ ਝਾੜੀ ਫਿਰ ਤੋਂ ਆਪਣੀ ਜੜ੍ਹ ਫੜ ਕੇ ਮਜ਼ਬੂਤੀ ਨਾਲ ਪੈਦਾ ਹੋ ਜਾਣੀ ਸੀ।

ਇਹ ਛੋਟੀ ਜਿਹੀ ਕਹਾਣੀ ਮੈਨੂੰ ਏਨੀ ਜ਼ਿਆਦਾ ਸਿੱਖਿਆਦਾਇਕ ਲੱਗੀ ਕਿ ਮੈਂ ਉਸ 'ਤੇ ਪੂਰਾ ਅਮਲ ਕਰਨ ਦੀ ਠਾਣ ਲਈ। ਇਤਿਹਾਸ ਦਾ ਵਿਦਿਆਰਥੀ ਰਿਹਾ ਹੋਣ ਕਾਰਨ ਮੈਨੂੰ ਕੁਟੱਲਿਆ ਬਾਰੇ ਏਨਾ ਕੁ ਤਾਂ ਪਤਾ ਸੀ ਕਿ ਉਹ ਬਹੁਤ ਹੀ ਹਰਖੀ ਸੀ ਅਤੇ ਉਸ ਨੇ ਆਪਣੀ ਇੱਜ਼ਤ ਬਰਕਰਾਰ ਰੱਖਣ ਖ਼ਾਤਿਰ ਨੰਦ ਵੰਸ਼ ਦਾ ਖਾਤਮਾ ਕਰ ਦਿੱਤਾ ਸੀ।

ਯਾਦਵਿੰਦਰ ਨੇ ਇੱਕ ਹੋਰ ਸਲਾਹ ਦਿੱਤੀ ਕਿ ਆਪਾਂ ਗੱਡੀ ਨੂੰ ਦਰਵਾਜ਼ੇ ਅੱਗੇ ਖੜ੍ਹੀ ਕਰਨ ਦਾ ਉਲਾਂਭਾ ਨਹੀਂ ਦੇਣਾ ਪਰ ਇਸ ਸਭ ਕੁਝ ਦੀ ਮੂਵੀ ਜ਼ਰੂਰ ਬਣਾਈ ਜਾਣੀ ਹੈ।

ਅਗਲ਼ੀ ਸਵੇਰ ਨੂੰ ਜਦ ਮੈਂ ਫਿਰ ਉਸ ਘਰ ਗਿਆ ਤਾਂ ਉਹ ਬੱਸ ਫਿਰ ਉੱਥੇ ਹੀ ਖੜ੍ਹੀ ਸੀ। ਜਦ ਮੈਨੂੰ ਗਲੀ ਵਿੱਚ ਵਿਹਲ ਜਿਹੀ ਲੱਗੀ ਤਾਂ ਮੈਂ ਇਸ ਸਾਰੇ ਦ੍ਰਿਸ਼ ਨੂੰ ਮੋਬਾਈਲ ਵਿੱਚ ਕੈਦ ਕਰ ਲਿਆ।

ਫਿਰ ਤਾਂ ਇਹ ਕਹਾਣੀ ਲਗਭਗ ਹਰ ਰੋਜ਼ ਹੀ ਵਾਪਰਨ ਲੱਗ ਪਈ ਸੀ। ਮੈਨੂੰ ਵਕੀਲ ਨੇ ਸਲਾਹ ਦਿੱਤੀ ਕਿ ਇਹ ਬੱਸ ਜਿੱਥੇ ਕਿਤੇ ਵੀ ਖੜ੍ਹਾਈ

ਜਾਂਦੀ ਹੈ ਉਸ ਦੀਆਂ ਫ਼ੋਟੋਆਂ ਅਤੇ ਫ਼ਿਲਮਾਂ ਜਿੰਨੀਆਂ ਜ਼ਿਆਦਾ ਬਣਾਅ ਸਕਾਂ ਬਣਾਅ ਲੈਣੀਆਂ ਚਾਹੀਦੀਆਂ ਹਨ। ਉਹ ਹੱਸਣ ਵੀ ਲੱਗ ਪਿਆ, "ਵੇਖ ਲਵੀਂ, ਇਸ ਬੱਸ ਨੇ ਹੀ ਇਹਨਾਂ ਦੀ ਬੱਸ ਕਰਵਾਅ ਦੇਣੀ ਹੈ।"

0-0-0

ਹੁਣ ਮੇਰੇ ਹੱਥ ਵਿੱਚ ਏਨੇ ਜ਼ਿਆਦਾ ਸਬੂਤ ਆ ਚੁੱਕੇ ਸਨ ਕਿ ਮੈਂ ਦੂਜੀ ਧਿਰ ਦਾ ਕਾਨੂੰਨੀ ਤੌਰ 'ਤੇ ਇੱਕ ਮਿੰਟ ਵਿੱਚ ਹੀ ਮਲੀਆਮੇਟ ਕਰਕੇ ਰੱਖ ਸਕਦਾ ਸਾਂ ਪਰ ਮੈਂ ਹਰ ਰੋਜ਼ ਇਹ ਹੀ ਸੋਚਦਾ ਰਹਿੰਦਾ ਕਿ ਸ਼ਾਇਦ ਉਹਨਾਂ ਨੂੰ ਅਕਲ ਆ ਜਾਵੇਗੀ ਤੇ ਮੈਂ ਉਹਨਾਂ ਦਾ ਕੋਈ ਵੀ ਨੁਕਸਾਨ ਕੀਤੇ ਬਿਨਾਂ ਹੀ ਇਹ ਲੜਾਈ ਜਿੱਤ ਲਵਾਂਗਾ। ਅਜਿਹਾ ਸੁਭਾਗਾ ਦਿਨ ਆ ਹੀ ਨਹੀਂ ਸੀ ਰਿਹਾ ਤੇ ਮੈਂ ਨਿੱਤ ਦਿਨ ਪੈਂਦੀਆਂ ਤਾਰੀਕਾਂ ਅਤੇ ਹੋ ਰਹੀ ਖੱਜਲ ਖੁਆਰੀ ਤੋਂ ਅੱਕ ਚੁੱਕਾ ਸਾਂ। ਇੱਕ ਦਿਨ ਮੈਂ ਆਪਣੇ ਇੱਕ ਸਾਹਿਤਕ ਦੋਸਤ ਜੋ ਕਿ ਜ਼ਿਲ੍ਹਾ ਪੱਧਰ ਦਾ ਵੱਡਾ ਅਧਿਕਾਰੀ ਹੈ, ਨਾਲ ਸਾਰੀ ਗੱਲ ਸਾਂਝੀ ਕੀਤੀ ਅਤੇ ਏ.ਡੀ.ਸੀ. ਦੇ ਰੀਡਰ ਨੂੰ ਸਿਫ਼ਾਰਿਸ਼ ਕਰਨ ਦੀ ਬੇਨਤੀ ਕੀਤੀ। ਉਹ ਮੇਰੀ ਸਚਾਈ ਤੋਂ ਜਾਣੂੰ ਸੀ ਅਤੇ ਉਸ ਨੇ ਰੀਡਰ ਨੂੰ ਇਹ ਗੱਲ ਕਹਿਣ ਦਾ ਵਾਅਦਾ ਵੀ ਕਰ ਲਿਆ ਸੀ।

ਅਗਲੇ ਹੀ ਦਿਨ ਮੈਨੂੰ ਉਸ ਦਾ ਫ਼ੋਨ ਆ ਗਿਆ ਤੇ ਉਸ ਨੇ ਦੱਸਿਆ ਕਿ ਉਸ ਨੇ ਰੀਡਰ ਨਾਲ ਗੱਲ ਕੀਤੀ ਸੀ। ਰੀਡਰ ਨੇ ਇੱਕ ਗੱਲ ਆਖੀ ਹੈ ਕਿ ਉਹ ਇਸ ਕੇਸ ਸਬੰਧੀ ਤਹਿਸੀਲਦਾਰ ਕੋਲੋਂ ਰੀਪੋਰਟ ਮੰਗਵਾਉਣਗੇ ਅਤੇ ਜਿਸ ਦਿਨ ਉਹ ਆ ਗਈ ਉਸ ਤੋਂ ਅਗਲ਼ੀ ਤਾਰੀਕ ਵਿੱਚ ਹੀ ਇਸ ਕੇਸ ਨੂੰ ਰਫ਼ਾ-ਦਫ਼ਾ ਕਰ ਦਿੱਤਾ ਜਾਵੇਗਾ। ਇੱਕ ਸਚਾਈ ਹੋਰ ਵੀ ਰੀਡਰ ਨੇ ਮੇਰੇ ਉਸ ਦੋਸਤ ਨੂੰ ਦੱਸੀ ਸੀ ਕਿ ਉਸ ਉੱਪਰ ਪੁਲਿਸ ਵਾਲੇ ਬਹੁਤ ਦਬਾਅ ਬਣਾਅ ਰਹੇ ਹਨ ਕਿ ਕੋਈ ਵੀ ਤਰੀਕਾ ਵਰਤ ਕੇ ਮਾਸਟਰ ਨੂੰ ਫਸਾਉਣਾ ਹੀ ਫਸਾਉਣਾ ਹੈ। ਪੁਲਸ ਵਾਲਿਆਂ ਦੇ ਦਬਾਅ ਤੋਂ ਤੰਗ ਆ ਕੇ ਹੀ ਉਹ ਮੂੰਹ-ਮੁਲਾਹਜ਼ਾ ਰੱਖਣ ਦਾ ਮਾਰਾ ਤਾਰੀਕਾਂ ਪਾ ਰਿਹਾ ਸੀ ਤਾਂ ਕਿ ਉਹ ਉਹਨਾਂ ਨੂੰ ਦੱਸ ਸਕੇ ਕਿ ਉਹ ਮੈਨੂੰ ਵੱਧ ਤੋਂ ਵੱਧ ਖ਼ਰਾਬ ਕਰੀ ਜਾ ਰਿਹਾ ਹੈ। ਰੀਡਰ ਨੂੰ ਸਾਰੀ ਸਚਾਈ ਦਾ ਤਾਂ ਪਤਾ ਸੀ ਪਰ ਉਹ ਪੁਲਿਸ ਵਾਲਿਆਂ ਨਾਲ ਵੀ ਵਿਗਾੜਨੀ ਨਹੀਂ ਚਾਹੁੰਦਾ ਸੀ।

ਮੇਰੇ ਲਈ ਇਹ ਇੱਕ ਬੜੀ ਹੀ ਵੱਡੀ ਮਦਦ ਸੀ ਕਿਉਂਕਿ ਮੈਨੂੰ ਇਸ ਮਸਲੇ ਦੀ ਅੜਿੱਚਣ ਅਤੇ ਉਸ ਦੇ ਹੱਲ ਲਈ ਸਹੀ ਰਾਹ ਦਾ ਪਤਾ ਲੱਗ ਗਿਆ ਸੀ। ਜਦ ਇਹ ਗੱਲ ਮੈਂ ਆਪਣੇ ਘਰਦਿਆਂ ਨਾਲ ਸਾਂਝੀ ਕੀਤੀ ਤਾਂ ਸਭ ਨੂੰ ਇਹ ਚਿੰਤਾ ਪੈ ਗਈ ਕਿ ਜੇਕਰ ਦੂਜੀ ਧਿਰ ਨੇ ਤਹਿਸੀਲਦਾਰ ਦੇ ਦਫ਼ਤਰ ਵਿੱਚ ਕੋਈ ਮਿਲੀ-ਭੁਗਤ ਕਰਕੇ ਰਿਪੋਰਟ ਆਪਣੇ ਖ਼ਿਲਾਫ਼ ਲਿਖਵਾਅ

ਲਈ ਤਾਂ ਕੇਸ ਦਰਜ ਹੋਣ ਨੂੰ ਪਲ ਵੀ ਨਹੀਂ ਲੱਗਣਾ।

ਸਾਡੀਆਂ ਸਾਰੀਆਂ ਰਿਸ਼ਤੇਦਾਰੀਆਂ ਅਤੇ ਜਾਣੂੰ ਸੱਜਣ-ਮਿੱਤਰਾਂ ਨੂੰ ਮੇਰੇ 'ਤੇ ਪਈ ਇਸ ਨਵੀਂ ਬਿਪਤਾ ਬਾਰੇ ਪਤਾ ਲੱਗ ਚੁੱਕਾ ਸੀ। ਇੱਕ ਨਜ਼ਦੀਕੀ ਰਿਸ਼ਤੇਦਾਰ ਨੇ ਆਪਣੇ ਮੁਹੱਲੇ ਦੇ ਇੱਕ ਐੱਮ.ਸੀ. ਨਾਲ ਇਸ ਸਬੰਧੀ ਗੱਲ ਕਰਨ ਬਾਰੇ ਵੀ ਆਖ ਦਿੱਤਾ ਸੀ। ਉਸ ਨੇ ਐੱਮ.ਸੀ. ਨੂੰ ਫ਼ੋਨ ਕਰ ਕੇ ਉਸ ਤੋਂ ਗੱਲਬਾਤ ਕਰਨ ਦਾ ਸਮਾਂ ਵੀ ਲੈ ਲਿਆ।

ਮਿਥੇ ਸਮੇਂ 'ਤੇ ਅਸੀਂ ਦੋਵੇਂ ਜਣੇ ਉਸ ਐੱਮ.ਸੀ. ਦੇ ਘਰ ਪੁੱਜ ਗਏ ਅਤੇ ਉਸਨੂੰ ਸਾਰੀ ਕਹਾਣੀ ਦੱਸ ਦਿੱਤੀ। ਜਦ ਐੱਮ.ਸੀ. ਨੂੰ ਸਚਾਈ ਪਤਾ ਲੱਗ ਗਈ ਤਾਂ ਉਸ ਨੇ ਸਾਨੂੰ ਦੱਸਿਆ ਕਿ ਦੂਜੀ ਧਿਰ ਦੇ ਕੁਝ ਬੰਦੇ ਵੀ ਉਸ ਕੋਲ ਆਏ ਸਨ ਅਤੇ ਤੁਹਾਡੇ 'ਤੇ ਗਲੀ ਨੂੰ ਨਜਾਇਜ਼ ਵਲਣ ਦਾ ਇਲਜ਼ਾਮ ਵੀ ਲਾ ਰਹੇ ਸਨ। ਉਹਨਾਂ ਮੁਤਾਬਕ ਮੈਂ ਗਲੀ ਉੱਤੇ ਨਜਾਇਜ਼ ਕਬਜ਼ਾ ਕਰਨ ਹਿੱਤ ਹੀ ਗੁਰਨੇਕ ਖ਼ਿਲਾਫ਼ ਨਗਰ ਨਿਗਮ ਨੂੰ ਗ਼ਲਤ ਸ਼ਿਕਾਇਤ ਕੀਤੀ ਹੋਈ ਹੈ। ਐੱਮ.ਸੀ. ਉਹਨਾਂ ਬੀਬੀਆਂ ਸ਼ਕਲਾਂ ਵਾਲਿਆਂ ਦੀਆਂ ਗੱਲਾਂ ਵਿੱਚ ਆ ਗਿਆ ਸੀ। ਜਿਸ ਕਾਰਨ ਉਸ ਨੇ ਆਪਣਾ ਪ੍ਰਭਾਵ ਵਰਤ ਕੇ ਨਗਰ ਨਿਗਮ ਦੁਆਰਾ ਗੁਰਨੇਕ 'ਤੇ ਕੀਤੀ ਜਾਣ ਵਾਲੀ ਕਾਰਵਾਈ ਰੁਕਵਾਅ ਦਿੱਤੀ ਸੀ। ਉਸ ਨੂੰ ਆਪਣੀ ਕੀਤੀ ਹੋਈ ਗ਼ਲਤ ਮਦਦ ਉੱਪਰ ਅਫ਼ਸੋਸ ਵੀ ਹੋ ਰਿਹਾ ਸੀ। ਹੁਣ ਉਸ ਨੇ ਸਾਨੂੰ ਪੂਰੀ ਮਦਦ ਦੇਣ ਅਤੇ ਨਗਰ ਨਿਗਮ ਦੁਆਰਾ ਗੁਰਨੇਕ ਦੀ ਨਜਾਇਜ਼ ਉਸਾਰੀ ਹਟਵਾਉਣ ਲਈ ਕਾਨੂੰਨੀ ਕਾਰਵਾਈ ਕਰਨ ਦਾ ਭਰੋਸਾ ਵੀ ਦਿੱਤਾ।

ਉਸ ਨੇ ਸਾਡੇ ਬੈਠਿਆਂ ਹੀ ਰਜਿਸਟਰੀ ਕਲਰਕ ਨੂੰ ਫ਼ੋਨ ਕਰਕੇ ਇਸ ਬਾਰੇ ਪੁੱਛਿਆ ਤਾਂ ਉਹ ਇਸ ਮਸਲੇ ਦਾ ਕੋਈ ਵੀ ਸਪੱਸ਼ਟ ਉੱਤਰ ਨਾ ਦੇ ਸਕਿਆ ਅਤੇ ਗੋਲ-ਮੋਲ ਗੱਲ ਹੀ ਕਰਦਾ ਰਿਹਾ। ਆਖਣ ਲੱਗਾ ਕਿ ਇਹ ਤਾਂ ਅਫ਼ਸਰ ਦੇ ਮੂਡ 'ਤੇ ਨਿਰਭਰ ਕਰਦਾ ਹੈ ਕਿ ਉਹ ਕੀ ਰਿਪੋਰਟ ਦੇਵੇਗਾ। ਫਿਰ ਵੀ ਉਸ ਨੇ ਸਾਨੂੰ ਆ ਕੇ ਮਿਲਣ ਲਈ ਆਖ ਦਿੱਤਾ।

ਮੈਂ ਆਪਣੇ ਪਿਤਾ ਜੀ ਨੂੰ ਨਾਲ ਲੈ ਕੇ ਉਸ ਕਲਰਕ ਨੂੰ ਮਿਲ ਲਿਆ। ਸਾਡੀ ਗੱਲ ਸੁਣਦੇ ਹੀ ਉਹ ਸਾਨੂੰ ਡਰਾਉਣ ਲੱਗ ਪਿਆ ਕਿ ਇਹ ਤਾਂ ਬੜਾ ਹੀ ਗੰਭੀਰ ਮਸਲਾ ਹੈ। ਇਸ ਵਿੱਚ ਜ਼ੁਰਮਾਨਾ ਹੋਣਾ ਤਾਂ ਤੈਅ ਹੀ ਹੈ, ਹੋ ਸਕਦਾ ਹੈ ਕਿ ਕੇਸ ਵੀ ਦਰਜ ਹੋ ਜਾਵੇ ਅਤੇ ਇਹ ਦੋਵੇਂ ਸਜ਼ਾਵਾਂ ਇਕੱਠੀਆਂ ਵੀ ਹੋ ਸਕਦੀਆਂ ਹਨ। ਸਾਡੇ ਚਿਹਰਿਆਂ 'ਤੇ ਪ੍ਰੇਸ਼ਾਨੀ ਦੇ ਭਾਵ ਵੇਖ ਉਹ ਕੁਝ ਜ਼ਿਆਦਾ ਹੀ ਖੁਸ਼ ਹੋ ਗਿਆ ਸੀ ਤੇ ਬੋਲਿਆ, "ਬਾਈ ਜੀ, ਜ਼ੁਰਮਾਨਾ ਭਰਨ ਨਾਲੋਂ ਤਾਂ ਕਿਸੇ ਦਾ ਮੂੰਹ ਕਾਲ਼ਾ ਕਰਕੇ ਆਪਣਾ ਕੰਮ ਕੱਢਣ ਵਿੱਚ ਹੀ ਭਲਾਈ ਹੁੰਦੀ ਹੈ। ਨਾਲੇ ਇਹ ਹੈ ਵੀ ਸੌਖ਼ਾ ਰਾਹ।"

"ਜੇ ਕਿਸੇ ਦਾ ਮੂੰਹ ਕਾਲ਼ਾ ਕਰਨਾ ਹੀ ਪਿਆ ਤਾਂ ਅਸੀਂ ਚੱਜ ਨਾਲ ਹੀ ਕਰਾਂਗੇ ਕਿ ਅਗਲਾ ਸਾਰੀ ਉਮਰ ਭੁੱਲ ਹੀ ਨਾ ਸਕੇ।" ਮੇਰੇ ਪਿਤਾ ਜੀ ਨੇ ਉਸ ਨੂੰ ਕਰਾਰਾ ਜਿਹਾ ਜਵਾਬ ਦੇ ਦਿੱਤਾ।

"ਵੀਰ ਜੀ, ਤੁਹਾਡੇ ਸਾਹਬ ਨੇ ਫ਼ੈਸਲੇ ਮੂਡ ਮੁਤਾਬਕ ਕਰਨੇ ਹੁੰਦੇ ਨੇ ਕਿ ਕਾਨੂੰਨ ਮੁਤਾਬਕ ? ਜਦ ਉਸ ਇਲਾਕੇ ਵਿੱਚ ਇਸ ਰਜਿਸਟਰੀ ਤੋਂ ਡੇਢ ਸਾਲ ਬਾਅਦ ਤੱਕ ਹੁਣ ਵੀ ਉਸੇ ਰੇਟ ਮੁਤਾਬਕ ਹੀ ਰਜਿਸਟਰੀਆਂ ਹੋਈ ਜਾ ਰਹੀਆਂ ਹਨ ਤਾਂ ਕੀ ਸਾਹਬ ਨੂੰ ਅਜੇ ਤੱਕ ਪਤਾ ਹੀ ਨਹੀਂ ਲੱਗਾ ਕਿ ਇਹ ਸਭ ਕੁਝ ਗ਼ਲਤ ਹੋਈ ਜਾ ਰਿਹਾ ਹੈ।" ਮੈਂ ਉਸ ਨੂੰ ਪੈ ਨਿਕਲਿਆ ਸਾਂ।

ਉਹ ਥੋੜ੍ਹਾ ਬਚਾਅ ਦੀ ਮੁਦਰਾ ਵਿੱਚ ਆ ਗਿਆ ਸੀ ਤੇ ਝੂਠਾ ਜਿਹਾ ਹੁੰਦਾ ਬੋਲਿਆ, "ਤੁਹਾਡੇ ਕੋਲ ਕੀ ਸਬੂਤ ਹੈ ਕਿ ਉੱਥੇ ਇਸ ਰੇਟ ਵਿੱਚ ਰਜਿਸਟਰੀਆਂ ਹੋ ਰਹੀਆਂ ਹਨ ?"

"ਜੇ ਸਬੂਤ ਨਾ ਵੀ ਹੋਏ ਤਾਂ ਅਸੀਂ ਆਰ.ਟੀ.ਆਈ. ਰਾਹੀਂ ਤੁਹਾਡੇ ਤੋਂ ਹੀ ਪੁੱਛ ਲਵਾਂਗੇ ਤੇ ਤੁਹਾਨੂੰ ਖ਼ੁਦ ਨੂੰ ਹੀ ਲਿਖ ਕੇ ਦੇਣਾ ਪਵੇਗਾ।ਕੇਸ ਲੜਦੇ ਲੜਦੇ ਅੱਧੇ ਵਕੀਲ ਤਾਂ ਅਸੀਂ ਬਣ ਗਏ ਹਾਂ।ਹੁਣ ਦੱਸੋ, ਆਰ.ਟੀ.ਆਈ. ਰਾਹੀਂ ਮੈਂ ਪੁੱਛਾਂ ਕਿ ਮੇਰਾ ਵਕੀਲ ਤੁਹਾਨੂੰ ਨੋਟਿਸ ਦੇ ਕੇ ਪੁੱਛੇ ? ਆਪਣੇ ਦਸਤਖਤਾਂ ਵਾਲੀ ਲਿਖਤ ਨੂੰ ਤਾਂ ਸਬੂਤ ਮੰਨ ਲਵੇਗਾ ਥੋਡਾ ਸਾਹਬ ਕਿ ਉਸ ਨੂੰ ਵੀ ਮੂਡ ਹੋਣ 'ਤੇ ਹੀ ਮੰਨੇਗਾ।" ਮੈਂ ਉਸ ਨੂੰ ਆਪਣੇ ਦਿਮਾਗ਼ ਵਿੱਚ ਚੱਲ ਰਹੀ ਅਸਲੀ ਗੱਲ ਤੋਂ ਜਾਣੂ ਕਰਵਾਅ ਦਿੱਤਾ ਸੀ।

ਸ਼ਾਇਦ ਉਹ ਅੰਦਾਜ਼ਾ ਲਾ ਚੁੱਕਾ ਸੀ ਕਿ ਇਹ ਮੱਛੀ ਉਸਦੇ ਜਾਲ ਵਿਚ ਫਸਣ ਵਾਲੀ ਨਹੀਂ ਹੈ ਤਾਂ ਉਸ ਨੇ ਆਪਣਾ ਪਿੱਛਾ ਛੁਡਵਾਉਣ ਦੀ ਕਰਦਿਆਂ ਕਿਹਾ, "ਕੋਈ ਨ੍ਹੀਂ ਜੀ ਵੇਖ ਲੈਂਦੇ ਆਂ।ਕਾਨੂੰਨ ਕੀ ਕਹਿੰਦਾ ਹੈ ਅਤੇ ਸਾਡਾ ਸਾਹਬ ਕੀ ਆਖਦਾ ਹੈ ?"

ਅਸੀਂ ਆ ਕੇ ਸਾਰੀ ਹੋਈ ਬੀਤੀ ਗੱਲ ਐੱਮ.ਸੀ. ਨੂੰ ਵੀ ਦੱਸ ਦਿੱਤੀ।ਉਹ ਆਖਣ ਲੱਗਾ, "ਇਸ ਬਾਰੇ ਮੈਂ ਹੋਰ ਬੰਦਿਆਂ ਤੋਂ ਵੀ ਪਤਾ ਕੀਤਾ ਸੀ।ਤੁਸੀਂ ਕੰਨ ਵਿਚ ਉਂਗਲ ਪਾ ਕੇ ਸੌਂ ਜਾਓ, ਕੁਝ ਨ੍ਹੀਂ ਹੁੰਦਾ।ਜੇ ਇਹ ਤੁਹਾਡੀ ਡੇਢ ਸਾਲ ਪੁਰਾਣੀ ਰਜਿਸਟਰੀ ਨੂੰ ਆਪ ਹੀ ਗ਼ਲਤ ਦੱਸਣਗੇ ਤਾਂ ਇਸ ਦਾ ਅਰਥ ਇਹ ਹੋਵੇਗਾ ਕਿ ਉਸ ਤੋਂ ਬਾਅਦ ਵਿੱਚ ਹੋਈਆਂ ਸਾਰੀਆਂ ਰਜਿਸਟਰੀਆਂ ਹੀ ਗ਼ਲਤ ਹਨ।ਨਾਲੇ ਤੁਸੀਂ ਸਰਕਾਰ ਦੁਆਰਾ ਤੈਅ ਕੀਤੇ ਗਏ ਰੇਟਾਂ ਮੁਤਾਬਕ ਹੀ ਰਜਿਸਟਰੀ ਕਰਵਾਈ ਹੈ।ਤੁਹਾਨੂੰ ਸਰਕਾਰ ਨੇ ਆਪਣੇ ਦੁਆਰਾ ਤੈਅ ਰੇਟ ਵਿੱਚ ਰਜਿਸਟਰੀ ਕਰਵਾਉਣ ਦੀ ਖੁੱਲ੍ਹ ਦਿੱਤੀ ਸੀ, ਤੁਸੀਂ ਤਾਂ ਨਿਯਮ ਮੁਤਾਬਿਕ ਉਹ ਸਹੂਲਤ ਲਈ ਹੈ, ਮੈਨੂੰ ਨਹੀਂ ਸਮਝ ਲੱਗੀ ਕਿ ਇਸ ਵਿੱਚ ਗ਼ੈਰ-ਕਾਨੂੰਨੀ ਕੀ ਹੋਇਆ ?"

ਉਸ ਦੀਆਂ ਗੱਲਾਂ ਤੋਂ ਸਾਨੂੰ ਹੌਸਲਾ ਜ਼ਰੂਰ ਮਿਲ ਗਿਆ ਸੀ ਕਿ ਇਹ ਮੁਕੱਦਮਾ ਤਾਂ ਦੇਰ-ਸਵੇਰ ਸਾਡੇ ਹੱਕ ਵਿੱਚ ਹੀ ਨਿੱਬੜੇਗਾ। ਕਲਰਕ ਦੁਆਰਾ ਆਪਣੇ ਬੰਦਿਆਂ ਤੋਂ ਰਿਸ਼ਵਤ ਦੀ ਝਾਕ ਰੱਖਣ ਕਾਰਨ ਐੱਮ.ਸੀ. ਬੜਾ ਹੀ ਗੁੱਸੇ ਵਿੱਚ ਸੀ ਤੇ ਸਾਡੇ ਮਨ੍ਹਾਂ ਕਰਨ ਦੇ ਬਾਵਜੂਦ ਵੀ ਉਸ ਨੇ ਉਸ ਨੂੰ ਫ਼ੋਨ ਮਿਲਾਅ ਕੇ ਸਪੀਕਰ ਚਾਲੂ ਕਰ ਲਿਆ :

"ਹੈਲੋ, ਸਰ ਜੀ ਸਤਿ ਸ਼੍ਰੀ ਅਕਾਲ ਜੀ"

"ਸਾਸਰੀ ਕਾਲ ਤਾਂ ਠੀਕ ਹੈ, ਤੂੰ ਮੇਰੇ ਬੰਦਿਆਂ ਤੋਂ ਰਿਸ਼ਵਤ ਦੀ ਝਾਕ ਰੱਖਦਾ ਏਂ, ਓਏ। ਤੈਨੂੰ ਪਤਾ ਨਹੀਂ ਸੀ ਇਹਨਾਂ ਨੂੰ ਮੈਂ ਭੇਜਿਆ ਸੀ। ਤੇਰੀ ਜ਼ੁਰਅਤ ਕਿਵੇਂ ਹੋਈ ਪੈਸਿਆਂ ਦੀ ਗੱਲ ਵੀ ਛੇੜਣ ਦੀ।" ਐਮ.ਸੀ. ਕੜਕ ਕੇ ਬੋਲਿਆ।

"ਨਹੀਂ ਸਰ, ਨਹੀਂ, ਮੈਂ ਤਾਂ, ਮੈਂ ਤਾਂ ਆਖਿਆ ਸੀ ਇਹ ਕੰਮ ਕਿਹੜਾ ਮੈਂ ਆਪ ਕਰਨਾ। ਅਫ਼ਸਰ ਦਾ ਕੀ ਪਤਾ ਹੁੰਦਾ ਜੀ। ਨਹੀਂ ਜੀ, ਉਹੋ ਜਿਹੀ ਕੋਈ ਗੱਲ ਨਹੀਂ ਸੀ।"

"ਜੇ ਨੌਕਰੀ ਕਰਨੀ ਹੈ ਤਾਂ ਨਾ ਹਿਸਾਬ ਨਾਲ ਚੱਲ, ਨਹੀਂ ਕੱਲ੍ਹ ਨੂੰ ਹੀ ਵਿਜੀਲੈਂਸ ਤੋਂ ਚੁਕਵਾਅ ਦਿਆਂਗਾ। ਫੇਰ ਨਾ ਆਖੀਂ ਕਿ ਦੱਸਿਆ ਨ੍ਹੀਂ ਸੀ। ਤੇਰੀ ਜ਼ਮਾਨਤ ਤਾਂ ਦੂਰ ਤੈਨੂੰ ਕਿਸੇ ਨੇ ਜੇਲ੍ਹ ਵਿੱਚ ਮਿਲਣ ਵੀ ਨ੍ਹੀਂ ਆਉਣਾ। ਨਾਲੇ ਤੈਨੂੰ ਮੇਰਾ ਪਤੈ।"

"ਨਹੀਂ ਸਰ, ਤੁਸੀਂ ਗ਼ਲਤ ਸਮਝ ਗਏ। ਗ਼ਲਤੀ ਹੋ ਗਈ ਜੀ। ਹੁਣ ਅੱਗੇ ਤੋਂ ਕੋਈ ਸ਼ਿਕਾਇਤ ਨ੍ਹੀਂ ਆਉਣ ਦਿੰਦਾ ਜੀ। ਸੌਰੀ ਸਰ, ਸੌਰੀ ਜੀ।"

"ਚਲ, ਬੰਦੇ ਦਾ ਪੁੱਤ ਬਣ ਤੇ ਆਵਦੇ ਨਾਲ ਦਿਆਂ ਨੂੰ ਵੀ ਮੇਰਾ ਸੁਨੇਹਾ ਦੇ ਦੇਵੀਂ। ਜੇ ਇਸ ਮਾਮਲੇ ਵਿੱਚ ਕੋਈ ਪੁੱਠੀ ਸਿੱਧੀ ਘਤਿੱਤ ਕੀਤੀ ਤਾਂ ਫਿਰ ਮੈਂ ਵੇਖਾਂਗਾ।" ਆਖ ਕੇ ਐੱਮ.ਸੀ. ਨੇ ਫ਼ੋਨ ਕੱਟ ਦਿੱਤਾ ਸੀ।

ਐੱਮ.ਸੀ. ਦੇ ਘਰ ਵਿੱਚੋਂ ਬਾਹਰ ਨਿਕਲਦਿਆਂ ਮੈਨੂੰ ਇੱਕ ਅਜੀਬ ਜਿਹੀ ਖੁਸ਼ੀ ਮਹਿਸੂਸ ਹੋ ਰਹੀ ਸੀ। ਦਿਮਾਗ਼ ਵਿੱਚ ਇਹ ਵੀ ਆ ਰਿਹਾ ਸੀ ਕਿ ਜੇ ਸਾਡੇ ਦੇਸ਼ ਦੇ ਸਾਰੇ ਸਿਆਸਤਦਾਨ ਇਸ ਬੰਦੇ ਵਾਂਙ ਹੀ ਆਪਣੀ ਜੁੰਮੇਵਾਰੀ ਸਹੀ ਢੰਗ ਨਾਲ ਨਿਭਾਉਣ ਲੱਗ ਪੈਣ ਤਾਂ ਸਾਡੇ ਦੇਸ਼ ਵਿੱਚੋਂ ਰਿਸ਼ਵਤ ਦਾ ਨਾਮੋ-ਨਿਸ਼ਾਨ ਹੀ ਮਿਟ ਜਾਵੇ।

ਅਗਲੀ ਤਾਰੀਕ 'ਤੇ ਮੈਂ ਏ.ਡੀ.ਸੀ ਦੇ ਰੀਡਰ ਤੋਂ ਪਤਾ ਕੀਤਾ ਤਾਂ ਉਸ ਨੇ ਸਾਡੀ ਫਾਈਲ ਵੇਖ ਕੇ ਦੱਸ ਦਿੱਤਾ ਕਿ ਰਿਪੋਰਟ ਤੁਹਾਡੇ ਹੱਕ ਵਿੱਚ ਆ ਚੁੱਕੀ ਹੈ। ਪਰ ਉਸ ਦਿਨ ਸਾਹਬ ਦੇ ਨਾ ਆਉਣ ਕਾਰਨ ਮੈਨੂੰ ਅਗਲੀ ਤਾਰੀਕ ਦੇ ਦਿੱਤੀ ਗਈ ਸੀ।

0-0-0

ਥੋੜ੍ਹੀ ਬਹੁਤੀ ਠੰਢ ਪੈਣੀ ਸ਼ੁਰੂ ਹੋ ਚੁੱਕੀ ਸੀ।ਗੁਰਨੇਕ ਵੀ ਵਿਦੇਸ਼ੋਂ ਵਾਪਸ ਪਰਤ ਆਇਆ ਸੀ।ਅਦਾਲਤ ਵਿੱਚ ਦੂਜੀ ਧਿਰ ਨੇ ਗਵਾਹੀਆਂ ਪੇਸ਼ ਕਰਨੀਆਂ ਸਨ।ਮੈਂ ਹਰ ਤਾਰੀਕ 'ਤੇ ਹਾਜ਼ਰ ਰਹਿੰਦਾ ਸਾਂ ਤਾਂ ਕਿ ਵੇਖ ਸਕਾਂ ਕਿ ਕਿਹੜਾ ਬੰਦਾ ਮੇਰੇ ਉਲਟ ਗਵਾਹੀ ਦੇਣ ਆ ਰਿਹਾ ਹੈ।ਵਕੀਲ ਨੇ ਵੀ ਮੈਨੂੰ ਆਖ ਰੱਖਿਆ ਸੀ ਕਿ ਦੂਜੀ ਧਿਰ ਦੇ ਗਵਾਹਾਂ ਦੇ ਬਿਆਨ ਦਰਜ ਕਰਵਾਉਣ ਵੇਲ਼ੇ ਮੇਰੀ ਮੌਜੂਦਗੀ ਬੜੀ ਹੀ ਜ਼ਰੂਰੀ ਹੈ ਕਿਉਂਕਿ ਮੈਂ ਸਬੰਧਤ ਆਦਮੀ ਦੀ ਪਹਿਚਾਣ ਕਰਕੇ ਉਸ ਤੋਂ ਉਹੋ-ਜਿਹੇ ਪ੍ਰਸ਼ਨ ਪੁੱਛਣ ਵਿੱਚ ਉਸ ਦੀ ਮਦਦ ਕਰ ਸਕਦਾ ਸਾਂ।ਦੂਜਾ ਇਹ ਕਿ ਦੂਜੀ ਧਿਰ ਵਾਲੇ ਕਿਸੇ ਗ਼ਲਤ ਬੰਦੇ ਨੂੰ ਲਿਆ ਕੇ ਗਵਾਹ ਦੇ ਤੌਰ 'ਤੇ ਅਦਾਲਤ ਵਿੱਚ ਭੁਗਤਾਅ ਸਕਦੇ ਹਨ।ਇਸ ਲਈ ਹਰ ਤਾਰੀਕ ਵੇਲੇ ਅਦਾਲਤ ਵਿੱਚ ਮੇਰੀ ਮੌਜੂਦਗੀ ਜ਼ਰੂਰੀ ਸੀ।ਮੈਂ ਇਸ ਨੇਮ ਦਾ ਪੂਰੀ ਤਰ੍ਹਾਂ ਪਾਲਣ ਕਰਦਾ ਵੀ ਰਿਹਾ।ਦੂਜੀ ਧਿਰ ਹਰ ਵਾਰ ਹੀ ਅਗ਼ਲੀ ਤਾਰੀਕ ਦੀ ਬੇਨਤੀ ਕਰ ਦਿੰਦੀ ਸੀ ਅਤੇ ਜੱਜ ਇਸ ਨੂੰ ਮੰਨ ਹੀ ਲੈਂਦੀ ਸੀ।ਹਰ ਵਾਰੀ ਮੈਂ ਬੇਹੱਦ ਨਿਰਾਸ਼ ਹੋ ਕੇ ਘਰ ਨੂੰ ਪਰਤ ਆਉਂਦਾ ਸਾਂ।

ਇਸ ਵਰਤਾਰੇ ਤੋਂ ਅੱਕ ਕੇ ਇੱਕ ਦਿਨ ਮੈਂ ਆਪਣੇ ਹਮਦਰਦ ਪੁਲਿਸ ਵਾਲੇ ਨੂੰ ਫ਼ੋਨ ਮਿਲਾਅ ਲਿਆ ਤੇ ਉਸ ਤੋਂ ਮਿਲਣ ਦਾ ਸਮਾਂ ਮੰਗਿਆ।ਉਸ ਨੇ ਉਸ ਦਿਨ ਸ਼ਾਮ ਨੂੰ ਹੀ ਆਪਣੇ ਇੱਕ ਸੁਰੱਖਿਅਤ ਟਿਕਾਣੇ 'ਤੇ ਮੈਨੂੰ ਸੱਦ ਲਿਆ।ਮੈਂ ਬੱਸ ਵਾਲੀਆਂ ਸਾਰੀਆਂ ਵੀਡੀਓਜ਼ ਅਤੇ ਫ਼ੋਟੋਆਂ ਮੋਬਾਈਲ ਵਿੱਚੋਂ ਉਸ ਨੂੰ ਵਿਖਾਅ ਦਿੱਤੀਆਂ ਸਨ।ਉਹ ਸਾਰਾ ਕੁਝ ਵੇਖ ਏਨਾ ਖੁਸ਼ ਹੋਇਆ ਕਿ ਮੇਰੇ ਸਿਰ ਉੱਤੇ ਪਿਆਰ ਨਾਲ ਹੱਥ ਮਾਰਦਾ ਹੋਇਆ ਬੋਲਿਆ, "ਯਾਰ, ਤੂੰ ਬੜਾ ਹੀ ਅਸਤਰ ਬੰਦਾ ਨਿਕਲਿਆ।ਸਾਡੇ ਨਾਲੋਂ ਵੀ ਤੇਜ਼।ਹੁਣ ਤਾਂ ਤੇਰੇ ਕੋਲ ਦੋ ਪ੍ਰਮਾਣੂ ਬੰਬ ਆ ਗਏ ਨੇ।ਤੇਰੀ ਜਿੱਤ ਪੱਕੀ ਹੈ।"

"ਸਰ, ਥੋਡੇ ਵਾਲੇ ਬੰਬ ਨੂੰ ਵੇਖ ਕੇ ਹੀ ਇਹ ਜੁਗਾੜ ਕੀਤਾ ਹੈ।ਹੁਣ ਦੱਸੋ, ਧਮਾਕਾ ਕਦੋਂ ਕਰਨਾ ਹੈ।" ਮੈਂ ਉਸ ਨੂੰ ਪੁੱਛਿਆ।

"ਅਜੇ ਰੁਕ ਜਾ ਥੋੜ੍ਹਾ ਜਿਹਾ ਸਮਾਂ।ਮੈਂ ਜਪਨਾਮ ਨੂੰ ਗੱਲੀਂ-ਬਾਤੀਂ ਬਥੇਰੀ ਵਾਰ ਸਮਝਾਅ ਚੁੱਕਿਆ ਹਾਂ।ਪਰ ਉਸ ਵਿਚਲਾ ਪੁਲਸੀਆ ਹੰਕਾਰ ਮਰ ਹੀ ਨਹੀਂ ਰਿਹਾ।ਤੂੰ ਇੰਝ ਕਰ ਇੱਕ ਆਰ.ਟੀ.ਆਈ. ਪਾ ਕੇ ਵਿਭਾਗ ਕੋਲੋਂ ਪੁੱਛ ਕਿ ਕੀ ਇਹ ਬੱਸ ਕਿਸੇ ਅਧਿਕਾਰੀ ਦੇ ਹੁਕਮ ਨਾਲ ਉੱਥੇ ਖੜ੍ਹੀ ਕੀਤੀ ਜਾ ਰਹੀ ਹੈ ਜਾਂ ਫਿਰ ਇਹ ਆਪ ਹੀ ਸਰਕਾਰੀ ਮਸ਼ੀਨਰੀ ਨੂੰ ਦੱਬੀ ਫਿਰਦੇ ਨੇ, ਜਿਵੇਂ ਪਿਉ ਦੀ ਖਰੀਦ ਕੇ ਦਿੱਤੀ ਹੋਵੇ।" ਉਸ ਨੇ ਸ਼ਾਂਤ ਮਨ ਨਾਲ ਆਖਿਆ।

"ਅਜਿਹੀ ਆਰ.ਟੀ.ਆਈ. ਪਾਉਣ ਨਾਲ ਤਾਂ ਉਹਨਾਂ ਨੂੰ ਪਤਾ ਲੱਗ

ਜਾਵੇਗਾ ਕਿ ਮੈਂ ਉਹਨਾਂ 'ਤੇ ਇਹ ਕੇਸ ਕਰਨ ਜਾ ਰਿਹਾ ਹਾਂ।" ਮੈਂ ਆਪਣੀ ਸ਼ੰਕਾ ਜ਼ਾਹਿਰ ਕੀਤੀ।

"ਕੋਈ ਨ੍ਹੀਂ, ਲੱਗ ਜਾਣ ਦੇ। ਇਸ ਦੇ ਦੋ ਫਾਇਦੇ ਹੋਣਗੇ। ਪਹਿਲਾ ਤਾਂ ਇਹ ਕਿ ਆਰ.ਟੀ.ਆਈ. ਕੋਈ ਸ਼ਿਕਾਇਤ ਨਹੀਂ ਹੁੰਦੀ ਤੇ ਸ਼ਾਇਦ ਉਹ ਡਰ ਵੀ ਜਾਣਗੇ ਅਤੇ ਤੇਰੇ ਨਾਲ ਸਮਝੌਤਾ ਕਰ ਲੈਣਗੇ। ਇਸ ਤਰ੍ਹਾਂ ਤੇਰਾ ਘਿਓ ਸਿੱਧੀ ਉਂਗਲ਼ੀ ਨਾਲ ਹੀ ਨਿਕਲ ਆਵੇਗਾ। ਆਪਾਂ ਕਿਹੜਾ ਇਹਨਾਂ ਦਾ ਨੁਕਸਾਨ ਕਰਨਾ ਚਾਹੁੰਦੇ ਹਾਂ ਪਰ ਜੇ ਅਗਲੇ ਨਾ ਟਲੇ ਤਾਂ ਫਿਰ ਉਹਨਾਂ ਨੂੰ ਉਵੇਂ ਵੇਖ ਲਵਾਂਗੇ। ਰਾਕੀ ਨੂੰ ਸੈਨਤ, ਗਧੇ ਨੂੰ ਡੰਡਾ। ਦੂਜਾ ਇਹ ਕਿ ਜੇ ਉਹ ਨਾ ਸਮਝੇ ਤਾਂ ਓਨੇ ਚਿਰ ਵਿੱਚ ਤੇਰੇ ਕੋਲ ਉਸ ਬੱਸ ਦੇ ਅਸਲ ਜਗ੍ਹਾ ਉੱਤੇ ਖੜ੍ਹਾਏ ਜਾਣ ਦਾ ਲਿਖਤੀ ਸਰਕਾਰੀ ਸਬੂਤ ਵੀ ਆ ਜਾਵੇਗਾ। ਉਂਝ, ਮੇਰੇ ਖ਼ਿਆਲ ਮੁਤਾਬਕ ਇਹ ਬੱਸ ਹੈੱਡ-ਕੁਆਟਰ ਵਿੱਚ ਹੀ ਖੜ੍ਹਨੀ ਚਾਹੀਦੀ ਹੈ। ਇਸ ਲਈ ਇਹਨਾਂ ਦਾ ਫਸਣਾ ਤਾਂ ਤੈਅ ਹੀ ਤੈਅ ਹੈ।"

"ਕੋਈ ਨ੍ਹੀਂ ਵੀਰ ਜੀ, ਜਿਵੇਂ ਤੁਸੀਂ ਆਖੋਗੇ, ਮੈਂ ਉਵੇਂ ਹੀ ਕਰਾਂਗਾ। ਬੱਸ ਜੀ, ਇਹ ਕੇਸ ਨਿੱਬੜ ਜਾਵੇ ਮੈਂ ਤੁਹਾਨੂੰ ਤਕੜੀ ਜਿਹੀ ਪਾਰਟੀ ਜ਼ਰੂਰ ਕਰਨੀ ਆ।" ਮੈਂ ਉਸ ਅੱਗੇ ਹੱਥ ਜੋੜ ਕੇ ਆਖਿਆ।

"ਨਹੀਂ ਭਰਾਵਾ, ਪਾਰਟੀਆਂ ਤੋਂ ਤਾਂ ਰੋਜ਼ ਖਹਿੜਾ ਛੁਡਾਅ-ਛੁਡਾਅ ਕੇ ਭੱਜਦਾ ਹਾਂ। ਬੱਸ, ਤੇਰਾ ਮਸਲਾ ਹੱਲ ਹੋ ਜਾਵੇ, ਮੇਰੇ ਲਈ ਤਾਂ ਇਹੋ ਹੀ ਵੱਡੀ ਪਾਰਟੀ ਆ। ਯਾਰ, ਸੱਚ ਪੁੱਛੇਂ ਤਾਂ ਮੇਰੇ ਕੋਲੋਂ ਦਫ਼ਤਰਾਂ ਵਿੱਚ ਭਟਕਦੇ ਹੋਏ ਲੋਕ ਵੇਖੇ ਨ੍ਹੀਂ ਜਾਂਦੇ। ਸਾਡੇ ਮਹਿਕਮੇ ਵਿੱਚ ਤਾਂ ਏਨਾ ਗੰਦ ਪਿਆ ਹੋਇਆ ਨਾ ਕਿ ਰਹੇ ਰੱਬ ਦਾ ਨਾਂਅ। ਦੂਜਿਆਂ ਦੇ ਤਾਂ ਮੈਂ ਉਦਾਸੇ ਚਿਹਰੇ ਹੀ ਪੜ੍ਹਦਾ ਹੁੰਦਾ ਸੀ ਪਰ ਤੇਰਾ ਤਾਂ ਮੈਂ ਚਿਹਰੇ ਦੇ ਨਾਲ-ਨਾਲ ਅਖ਼ਬਾਰਾਂ ਵਿੱਚ ਲਿਖਿਆ ਦਰਦ ਵੀ ਪੜ੍ਹ ਲੈਂਦਾ ਹੁੰਦਾ ਹਾਂ। ਕੋਈ ਨ੍ਹੀਂ, ਧੀਰਜ ਰੱਖ ਬੱਲਿਆ, ਭਲੀ ਕਰੂ ਕਰਤਾਰ।" ਉਹ ਪੂਰੀ ਹਮਦਰਦੀ ਨਾਲ ਬੋਲਿਆ।

"ਰੱਬ ਸਭ ਦਾ ਹੀ ਭਲਾ ਕਰੇ ਜੀ, ਮੈਂ ਤਾਂ ਉਹਨਾਂ ਦਾ ਨੁਕਸਾਨ ਨ੍ਹੀਂ ਕਰਨਾ ਚਾਹੁੰਦਾ ਪਰ ਹੁਣ ਤੁਸੀਂ ਤਾਂ ਸਾਰਾ ਕੁਝ ਵੇਖ ਹੀ ਲਿਆ। ਜੇ ਉਹ ਮੇਰਾ ਗਲ ਘੁੱਟਣਗੇ ਤਾਂ ਮੈਂ ਆਨੇ ਤਾਂ ਕੱਢਾਂਗਾ ਹੀ ਕੱਢਾਂਗਾ।" ਮੈਂ ਹੱਸਦੇ ਹੋਏ ਆਖਿਆ।

"ਅੱਤ ਤੇ ਖ਼ੁਦਾ ਦਾ ਵੈਰ ਹੁੰਦੈ। ਇਹ ਇਹਨਾਂ ਦਾ ਕਸੂਰ ਨ੍ਹੀਂ। ਸਿਆਣੇ ਕਹਿੰਦੇ ਹੁੰਦੇ ਨੇ ਨਾ, ਵਿਨਾਸ਼ ਕਾਲੇ, ਵਿਪਰੀਤ ਬੁੱਧੀ। ਬੱਸ ਇਹਨਾਂ ਦਾ ਦਿਮਾਗ਼ ਹੀ ਟਿਕਾਣੇ 'ਤੇ ਨਹੀਂ। ਕੋਈ ਨ੍ਹੀਂ, ਓਨੇ ਦਿਨ ਮੈਂ ਸਮਝਾਉਣ ਦੀ ਕੋਸ਼ਿਸ਼ ਕਰਾਂਗਾ ਤੇ ਤੂੰ ਆਰ.ਟੀ.ਆਈ. ਪਾ ਕੇ ਆਪਣੇ ਕਾਗਜ਼ ਪੂਰੇ ਕਰ ਲੈ।" ਉਸਨੇ ਮੈਨੂੰ ਬੜੇ ਹੀ ਪਿਆਰ ਨਾਲ ਆਖਿਆ।

"ਚੰਗਾ ਸਰ, ਤੁਹਾਡਾ ਬਹੁਤ ਹੀ ਧੰਨਵਾਦ ਫਿਰ ਮਿਲਦੇ ਹਾਂ।" ਆਖ ਕੇ ਮੈਂ ਘਰ ਨੂੰ ਤੁਰ ਪਿਆ ਸਾਂ।

ਘਰ ਆਉਂਦੇ ਸਾਰ ਹੀ ਮੈਂ ਆਰ.ਟੀ.ਆਈ. ਨਾਲ ਸਬੰਧਤ ਸਾਰੇ ਫਾਰਮ ਭਰ ਲਏ ਅਤੇ ਅਗਲੇ ਦਿਨ ਐਸ.ਐਸ.ਪੀ. ਨੂੰ ਰਜਿਸਟਰੀ ਕਰ ਦਿੱਤੀ।ਮੈਨੂੰ ਪਤਾ ਸੀ ਕਿ ਇਹ 'ਪ੍ਰੇਮ-ਪੱਤਰ' ਉਸ ਦਿਨ ਸ਼ਾਮ ਤੱਕ ਹੀ ਪੁਲਿਸ ਦੇ ਹੈੱਡ-ਕੁਆਟਰ ਵਿੱਚ ਪੁੱਜ ਜਾਣਾ ਸੀ।

ਹੁਣ ਮੈਨੂੰ ਇੱਕ ਆਸ ਵੀ ਬੱਝ ਗਈ ਸੀ ਕਿ ਇਸ ਆਰ.ਟੀ.ਆਈ. ਦੇ ਡਰ ਅਤੇ ਹਮਦਰਦ ਪੁਲਸੀਏ ਦੁਆਰਾ ਜਪਨਾਮ ਨੂੰ ਸਮਝਾਉਣ ਦੇ ਨਾਲ ਵਿਰੋਧੀ ਧਿਰ ਪੂਰੀ ਤਰ੍ਹਾਂ ਸਮਝ ਜਾਵੇਗੀ ਅਤੇ ਮੇਰਾ ਮਸਲਾ ਜਲਦੀ ਹੀ ਹੱਲ ਹੋ ਜਾਵੇਗਾ।ਮੈਨੂੰ ਯਕੀਨ ਸੀ ਕਿ ਦੂਜੀ ਧਿਰ ਜ਼ਰੂਰ ਹੀ ਕੋਈ ਨਾ ਕੋਈ ਵਿਚੋਲਾ ਪਾ ਕੇ ਆਖ ਦੇਵੇਗੀ ਕਿ ਸਾਡੇ ਵੱਲੋਂ ਲੜਾਈ ਖ਼ਤਮ ਹੈ, ਇਸ ਲਈ ਆਪਾਂ ਸ਼ਾਂਤੀ ਨਾਲ ਚੰਗੇ ਗੁਆਂਢੀ ਬਣ ਕੇ ਰਹਿਣਾ ਹੈ।ਆਪਾਂ ਇੱਕ ਦੂਜੇ ਦੇ ਵਿਰੁੱਧ ਕੀਤੀਆਂ ਸਾਰੀਆਂ ਸ਼ਿਕਾਇਤਾਂ ਵਾਪਸ ਲੈ ਲੈਂਦੇ ਹਾਂ ਅਤੇ ਅਸੀਂ ਤੁਹਾਡੇ ਬਣਦੇ ਹੱਕ ਵਿੱਚ ਅਸੀਂ ਕੋਈ ਵੀ ਰੋੜਾ ਨਹੀਂ ਅਟਕਾਵਾਂਗੇ।

ਹਫ਼ਤਾ ਦਸ ਦਿਨ ਬੀਤ ਗਏ ਸਨ ਪਰ ਸਾਡੇ ਬੂਹੇ 'ਤੇ ਅਜਿਹੇ ਕਿਸੇ ਵੀ ਬੰਦੇ ਨੇ ਦਸਤਕ ਨਾ ਦਿੱਤੀ।ਮੇਰਾ ਯਕੀਨ ਟੁੱਟਣ ਲੱਗ ਪਿਆ।ਮੈਨੂੰ ਫਿਰ ਉਸ ਹਮਦਰਦ ਪੁਲਿਸ ਵਾਲੇ ਦੀ ਗੱਲ ਯਾਦ ਆ ਜਾਂਦੀ, 'ਵਿਨਾਸ਼ ਕਾਲੇ, ਵਿਪਰੀਤ ਬੁੱਧੀ'।

ਅਦਾਲਤ ਦੀਆਂ ਤਾਰੀਕਾਂ ਆਮ ਵਾਂਙ ਪੈਦੀਆਂ ਰਹੀਆਂ।ਦੂਜੀ ਧਿਰ ਗਵਾਹ ਭੁਗਤਾਉਣ ਦੀ ਬਜਾਇ ਅਗ਼ਲੀ ਤਾਰੀਕ ਲੈ ਲੈਂਦੀ ਸੀ।ਉਹ ਮੇਰੇ ਦੁਆਰਾ ਸੈਸ਼ਨ ਕੋਰਟ ਵਿੱਚ ਪਾਈ ਗਈ ਸਟੇਅ ਰੱਦ ਕਰਨ ਵਾਲੀ ਅਰਜ਼ੀ ਦਾ ਕੋਈ ਜਵਾਬ ਵੀ ਨਹੀਂ ਸੀ ਦੇ ਰਹੀ।ਸੈਸ਼ਨ ਕੋਰਟ ਵਿੱਚ ਤਾਂ ਤਿੰਨ-ਤਿੰਨ ਮਹੀਨੇ ਦੀ ਲੰਮੀ ਤਾਰੀਕ ਮੈਨੂੰ ਅੰਦਰੋਂ-ਬਾਹਰੋਂ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਜਾਂਦੀ ਸੀ।

ਇੱਕ ਦਿਨ ਦੂਜੀ ਧਿਰ ਵੱਲੋਂ ਫਿਰ ਅਗ਼ਲੀ ਤਾਰੀਕ ਲੈ ਲਈ ਗਈ।ਜਦ ਮੈਂ ਸਵੇਰ ਦਾ ਗਿਆ ਸ਼ਾਮ ਨੂੰ ਥੱਕਿਆ-ਟੁੱਟਿਆ ਘਰ ਆਇਆ ਤਾਂ ਮੈਂ ਅੱਕ ਕੇ ਆਪਣੀ ਮਾਂ ਨੂੰ ਆਖ ਹੀ ਦਿੱਤਾ, "ਮਾਂ, ਮੇਰਾ ਤਾਂ ਜੀਅ ਕਰਦਾ ਹੈ ਕਿ ਪੁਲਿਸ ਵਾਲਿਆਂ ਨੂੰ ਸਬਕ ਸਿਖਾਅ ਹੀ ਦੇਈਏ।ਇਹ ਕਿਵੇਂ ਆਪਾਂ ਨੂੰ ਤੰਗ ਕਰਨ ਡਹੇ ਨੇ।ਨਾ ਚੱਜ ਨਾਲ ਕੇਸ ਲੜਦੇ ਨੇ ਤੇ ਨਾ ਹੀ ਖਹਿੜਾ ਛੱਡਦੇ ਨੇ।"

"ਪੁੱਤ, ਜੇ ਆਪਾਂ ਇਹਨਾਂ ਦਾ ਨੁਕਸਾਨ ਕਰਦੇ ਹਾਂ ਤਾਂ ਆਪਣੇ ਤੇ ਇਹਨਾਂ ਵਿੱਚ ਫ਼ਰਕ ਕੀ ਰਹਿ ਜਾਵੇਗਾ।ਮੈਨੂੰ ਪਤਾ ਆ ਕਿ ਜੇ ਮੇਰਾ ਪੁੱਤ

ਭੋਰਾ ਭਰ ਵੀ ਝੂਠਾ ਹੁੰਦਾ ਤਾਂ ਇਹਨਾਂ ਕੁੱਤਿਆਂ ਨੇ ਬੁਰੇ ਦੇ ਬਾਰ ਤੱਕ ਜਾਣਾ ਸੀ। ਇਹਨਾਂ ਨੂੰ ਤਾਂ ਆਪਣੇ ਵਿਰੁੱਧ ਨਹੁੰ ਪਾਉਣ ਜੋਗੀ ਵੀ ਥਾਂ ਨ੍ਹੀਂ ਮਿਲੀ, ਨਹੀਂ ਤਾਂ ਇਹਨਾਂ ਨੇ ਖੂਹ ਪੁੱਟ ਦੇਣਾ ਸੀ। ਅਗਲਾ ਵਾਧਾ ਕਰ ਜਾਵੇ, ਲੱਖ ਵਾਰ ਕਰ ਜਾਏ, ਪਰ ਆਪਾਂ ਨ੍ਹੀਂ ਕਿਸੇ ਦੇ ਬੱਚਿਆਂ ਦੇ ਹੱਥੋਂ ਟੁੱਕ ਖੋਹਣ ਦਾ ਕਾਰਨ ਬਣਨਾ। ਕੋਈ ਨ੍ਹੀਂ ਸਮਾਂ ਪੈ ਕੇ ਇਹਨਾਂ ਦੇ ਸਾਰੇ ਹੰਕਾਰ ਟੁੱਟ ਜਾਣਗੇ ਤੇ ਆਪਣੇ ਪਾਪਾਂ ਕਾਰਨ ਆਪ ਹੀ ਮਰਨਗੇ।" ਮਾਂ ਦੇ ਬੋਲਾਂ ਵਿੱਚ ਮੇਰੇ ਲਈ ਹਮਦਰਦੀ ਅਤੇ ਮੇਰੀ ਮਾਨਸਿਕ ਤਕਲੀਫ਼ ਕਾਰਨ ਦੂਜੀ ਧਿਰ ਦੇ ਪ੍ਰਤੀ ਨਫ਼ਰਤ ਸੀ। ਉਸ ਦੀ ਹਰ ਵਕਤ ਸਭ ਦਾ ਭਲਾ ਮੰਗਣ ਦੀ ਦਿੱਤੀ ਸਿੱਖਿਆ ਹੀ ਮੈਨੂੰ ਸਖ਼ਤ ਕਦਮ ਚੁੱਕਣ ਤੋਂ ਰੋਕ ਰਹੀ ਸੀ।

ਦੋ ਵਾਰ ਯਾਦ ਪੱਤਰ ਪਾਉਣ ਤੋਂ ਬਾਅਦ ਬੱਸ ਵਾਲੀ ਆਰ.ਟੀ.ਆਈ. ਦਾ ਜਵਾਬ ਆ ਗਿਆ ਸੀ ਪਰ ਅਜੇ ਤੱਕ ਪੁਲਿਸ ਵਾਲਿਆਂ ਨੂੰ ਅਕਲ ਨਹੀਂ ਸੀ ਆਈ, ਜਿਸ ਦੀ ਕਿ ਮੈਨੂੰ ਬੜੀ ਹੀ ਬੇ-ਸਬਰੀ ਨਾਲ ਉਡੀਕ ਸੀ। ਸ਼ਾਇਦ ਮੈਂ ਕਿਸੇ ਗ਼ਲਤ ਚੀਜ਼ ਦੀ ਹੀ ਉਡੀਕ ਕਰ ਰਿਹਾ ਸਾਂ।

ਆਰ.ਟੀ.ਆਈ. ਦੇ ਜਵਾਬ ਵਿੱਚ ਸਪੱਸ਼ਟ ਲਿਖਿਆ ਗਿਆ ਸੀ ਕਿ ਇਹ ਬੱਸ ਪੁਲਿਸ ਵਿਭਾਗ ਦੇ ਇੱਕ ਸਕੂਲ 'ਚ ਬੱਚੇ ਛੱਡਣ ਲਈ ਲਗਾਈ ਗਈ ਹੈ ਅਤੇ ਸਕੂਲ ਵਿੱਚ ਛੁੱਟੀ ਵਾਲੇ ਦਿਨ ਇਸ ਨੂੰ ਸਰਕਾਰੀ ਕੰਮਾਂ ਲਈ ਵਰਤਿਆ ਜਾਂਦਾ ਹੈ। ਇਸ ਬੱਸ ਨੂੰ ਕਿਸੇ ਵੀ ਨਿੱਜੀ ਘਰ ਵਿੱਚ ਖੜ੍ਹਾਉਣ ਦਾ ਕੋਈ ਵੀ ਹੁਕਮ, ਕਿਸੇ ਵੀ ਪੁਲਿਸ ਅਧਿਕਾਰੀ ਦੁਆਰਾ ਨਹੀਂ ਕੀਤਾ ਗਿਆ ਹੈ।

ਮੈਂ ਇਸ ਸਭ ਦੀ ਜਾਣਕਾਰੀ ਆਪਣੇ ਹਮਦਰਦ ਪੁਲਿਸ ਵਾਲੇ ਨੂੰ ਫ਼ੋਨ 'ਤੇ ਦੇ ਦਿੱਤੀ ਅਤੇ ਅਗਲ਼ੀ ਆਗਿਆ ਮੰਗੀ। ਉਸਨੇ ਮੈਨੂੰ ਦੋ-ਚਾਰ ਦਿਨ ਹੋਰ ਉਡੀਕ ਕਰਨ ਲਈ ਆਖ ਦਿੱਤਾ ਤਾਂ ਕਿ ਉਹ ਫਿਰ ਜਪਨਾਮ ਨੂੰ ਸਮਝਾਅ ਸਕੇ।

ਤੀਜੇ ਦਿਨ ਉਸ ਦਾ ਹੀ ਫ਼ੋਨ ਆ ਗਿਆ ਤੇ ਆਖਣ ਲੱਗਾ, "ਯਾਰ, ਮੈਂ ਬਥੇਰਾ ਸਮਝਾਅ ਕੇ ਵੇਖ ਲਿਆ ਪਰ ਉਹ ਨ੍ਹੀਂ ਸਮਝਦਾ। ਇਹੀ ਆਖੀ ਜਾਂਦਾ ਕਿ ਮਾਸਟਰ ਮੇਰਾ ਕੀ ਵਿਗਾੜ ਲਵੇਗਾ। ਬੱਸ ਗੰਗਾ ਰਾਮ ਵਾਲੀ ਰਟ ਲਾਈ ਜਾਂਦੈ।"

ਸਾਡੀ ਕਾਫ਼ੀ ਦੇਰ ਗੱਲਬਾਤ ਹੋਈ। ਸਿੱਟਾ ਇਹ ਹੀ ਨਿਕਲਿਆ ਕਿ ਜਦ ਆਰ.ਟੀ.ਆਈ. ਪਾਉਣ ਤੋਂ ਬਾਅਦ ਵੀ ਉਹ ਨਹੀਂ ਸਮਝੇ ਹਨ, ਬੱਸ ਵੀ ਓਵੇਂ ਹੀ ਉੱਥੇ ਹੀ ਖੜ੍ਹਾਈ ਜਾ ਰਹੇ ਹਨ ਤੇ ਕਈ ਵਾਰ ਤਾਂ ਮੇਰੇ ਘਰ ਦੇ ਬੂਹੇ ਅੱਗੇ ਹੀ ਖੜ੍ਹਾਈ ਰੱਖਦੇ ਹਨ, ਇਸ ਦਾ ਮਤਲਬ ਹੈ ਕਿ ਉਹ ਅਜੇ ਵੀ ਪੁਲਸੀਆ ਹੰਕਾਰ ਵਿੱਚ ਹੀ ਹਨ। ਹੁਣ ਉਸ ਨੂੰ ਵੀ ਯਕੀਨ ਹੋ ਗਿਆ

ਕਿ ਇਹ ਬੰਦੇ ਸਮਝਾਉਣ ’ਤੇ ਵੀ ਸਮਝਣ ਵਾਲੇ ਨਹੀਂ ਹਨ। ਇਸ ਲਈ ਹੁਣ ਢਿੱਲ ਨਹੀਂ ਕਰਨੀ ਚਾਹੀਦੀ। ਬੱਸ ਵਾਲਾ ਤੀਰ ਚਲਾਅ ਹੀ ਦਿੱਤਾ ਜਾਣਾ ਚਾਹੀਦਾ ਹੈ।

ਉਸ ਨੇ ਇੱਕ ਹੁਕਮ ਵੀ ਦੇ ਦਿੱਤਾ ਸੀ ਕਿ ਇਹ ਬੱਸ ਵਾਲਾ ਮਾਮਲਾ ਕਿਸੇ ਵੀ ਹਾਲਤ ਵਿੱਚ ਮੀਡੀਆ ਦੀ ਨਜ਼ਰ ਵਿੱਚ ਨਹੀਂ ਆਉਣਾ ਚਾਹੀਦਾ। ਕਿਉਂਕਿ ਉਸ ਨੂੰ ਉਮੀਦ ਸੀ ਕਿ ਹੁਣ ਐਸ.ਐਸ.ਪੀ. ਵੀ ਨਵਾਂ ਆ ਚੁੱਕਾ ਹੈ ਤੇ ਇਸ ਤਰ੍ਹਾਂ ਦੀ ਸ਼ਿਕਾਇਤ ਆਉਣ ਨਾਲ ਨਵਾਂ ਸਾਹਬ ਜ਼ਰੂਰ ਹੀ ਇਸ ਮਸਲੇ ਨੂੰ ਆਪਣੇ ਹੱਥ ਵਿੱਚ ਲੈ ਕੇ ਦੋਵਾਂ ਧਿਰਾਂ ਨੂੰ ਸਮਝਾਅ-ਬੁਝਾਅ ਕੇ ਇਸ ਦਾ ਕੋਈ ਮਾਕੂਲ ਹੱਲ ਕਰ ਦੇਵੇਗਾ। ਇਸ ਤਰ੍ਹਾਂ ਸੱਪ ਵੀ ਮਰ ਜਾਵੇਗਾ ਤੇ ਸੋਟੀ ਵੀ ਬਚੀ ਰਹੇਗੀ।

ਮੈਂ ਅਗਲੇ ਹੀ ਦਿਨ ਆਪਣੀ ਸ਼ਿਕਾਇਤ ਲਿਖ ਕੇ ਐਸ.ਐਸ.ਪੀ. ਨੂੰ ਪਾ ਦਿੱਤੀ ਅਤੇ ਨਾਲ ਹੀ ਸਾਫ਼ ਸ਼ਬਦਾਂ ਵਿੱਚ ਧਮਕੀ ਵੀ ਲਿਖ ਦਿੱਤੀ ਕਿ ਜੇਕਰ ਮੈਨੂੰ ਇਨਸਾਫ਼ ਨਾ ਮਿਲਿਆ ਤਾਂ ਮੈਂ ਸਭ ਫ਼ੋਟੋਆਂ ਅਤੇ ਵੀਡੀਓਜ਼ ਨੂੰ ਪ੍ਰੈਸ ਅਤੇ ਸੋਸ਼ਲ ਮੀਡੀਆ ’ਚ ਵਾਇਰਲ ਕਰਕੇ ਇਸ ਮਸਲੇ ਨੂੰ ਆਮ ਜਨਤਾ ਦੀ ਕਚਹਿਰੀ ਵਿੱਚ ਲੈ ਕੇ ਜਾਣ ਲਈ ਮਜਬੂਰ ਹੋਵਾਂਗਾ। ਜਿਸ ਸਭ ਦੀ ਜ਼ੁੰਮੇਵਾਰੀ ਪੁਲਿਸ ਵਿਭਾਗ ਦੀ ਹੀ ਹੋਵੇਗੀ।

ਹੁਣ ਮੇਰੇ ਲਈ ਆਸ ਦੀ ਕਿਰਨ ਨਵਾਂ ਐਸ.ਐਸ.ਪੀ. ਅਤੇ ਉਸ ਦੁਆਰਾ ਕੀਤੀ ਜਾਣ ਵਾਲੀ ਕਾਰਵਾਈ ਹੀ ਸੀ। ਨਵੇਂ ਸਾਹਬ ਬਾਰੇ ਮੈਂ ਏਨਾ ਕੁ ਤਾਂ ਜ਼ਰੂਰ ਸੁਣ ਰੱਖਿਆ ਸੀ ਕਿ ਉਹ ਪਹਿਲੇ ਸਾਹਬ ਨਾਲੋਂ ਕੁਝ ਕੁ ਚੰਗਾ ਹੈ। ਮੇਰੇ ਲਈ ਉਹ ਤਾਂ ਹੀ ਚੰਗਾ ਸਿੱਧ ਹੋਣਾ ਸੀ ਜੇ ਮੇਰੇ ਇਸ ਮਸਲੇ ਨੂੰ ਹੱਲ ਕਰ ਦਿੰਦਾ।

ਠੰਢ ਅਤੇ ਧੁੰਦ ਆਪਣੇ ਜੋਬਨ ’ਤੇ ਸੀ। ਲੋਕ ਆਪਣੇ ਹੱਥਾਂ ਤੱਕ ਨੂੰ ਗਰਮ ਕੱਪੜਿਆਂ ਵਿੱਚ ਲੁਕਾਅ ਕੇ ਰੱਖਣ ਲਈ ਮਜਬੂਰ ਹੋਏ ਪਏ ਸਨ। ਪਰ ਮੇਰੇ ਇਸ ਨਵੇਂ ‘ਪ੍ਰੇਮ-ਪੱਤਰ’ ਨੇ ਪੁਲਿਸ ਵਿਭਾਗ ਵਿੱਚ ਖ਼ਲਬਲੀ ਮਚਾਅ ਕੇ ਰੱਖ ਦਿੱਤੀ ਸੀ। ਉੱਥੇ ਵਾਪਰਨ ਵਾਲੀ ਇੱਕ-ਇੱਕ ਘਟਨਾ ਦੀ ਜਾਣਕਾਰੀ ਮੈਨੂੰ ਸਮੇਂ-ਸਮੇਂ ’ਤੇ ਮਿਲ ਰਹੀ ਸੀ।

ਸਾਹਬ ਦਾ ਦਿਮਾਗ਼ ਸੱਤਵੇਂ ਅਸਮਾਨ ’ਤੇ ਪੁੱਜ ਚੁੱਕਾ ਸੀ ਤੇ ਉਸ ਨੇ ਆਪਣੇ ਹੀ ਦਫ਼ਤਰ ਵਿੱਚ ਕੰਮ ਕਰ ਰਹੇ ਜਪਨਾਮ ਨੂੰ ਆਪਣੇ ਕਮਰੇ ਵਿਚ ਸੱਦ ਕੇ ਉਸ ਦੀ ਕਾਫ਼ੀ ਝਾੜਝੰਬ ਕਰ ਦਿੱਤੀ। ਬਿੱਜੂ ਦੇ ਸਿਰ ਉੱਤੇ ਪੈਂਦੇ ਗੰਧਾਲਿਆਂ ਵਾਂਙ ਜਪਨਾਮ ਨੂੰ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਇਹ ਸਭ ਕੁਝ ਕੀ ਤੇ ਕਿਉਂ ਹੋ ਰਿਹਾ ਹੈ। ਸਾਹਬ ਬੜੇ ਹੀ ਗੁੱਸੇ ਵਿੱਚ ਉਸ ਨੂੰ ਪੈ ਨਿਕਲਿਆ ਸੀ, “ਤੁਸੀਂ ਮਖੌਲ ਕੀ ਬਣਾਅ ਰੱਖਿਐ ? ਉਹ ਸਰਕਾਰੀ ਬੱਸ

ਆ, ਥੋਡੇ ਪਿਓ ਦੀ ਨਹੀਂ ਕਿ ਜਿੱਥੇ ਮਰਜ਼ੀ ਧੂਹੀ ਫਿਰੋਂ। ਅਹਿ, ਅਗਲੇ ਨੇ ਫ਼ੋਟੋਆਂ ਖਿੱਚ ਕੇ ਭੇਜੀਆਂ। ਹੁਣ ਮੈਂ ਕਰੂੰ ਥੋਨੂੰ ਸਭ ਨੂੰ ਲੋਟ। ਜਾਂਚ ਕਰਵਾਅ ਕੇ ਕਰਦਾ ਹਾਂ ਸਭ ਨੂੰ ਸਸਪੈਂਡ।'' ਸਾਹਬ ਵੱਲੋਂ ਦਿੱਤੀਆਂ ਮਾਵਾਂ ਭੈਣਾਂ ਦੀਆਂ ਸਿੱਧੀਆਂ ਗਾਲ੍ਹਾਂ ਵੀ ਜਪਨਾਮ ਨੂੰ ਮੂੰਹ 'ਤੇ ਹੀ ਸੁਣਨੀਆਂ ਪੈ ਗਈਆਂ ਸਨ।

''ਚੱਲ ਦਫ਼ਾ ਹੋ, ਭੈਣ ਦਾ ਖਸਮ, ਫਿਰ ਬੁਲਾਉਂਦਾ ਹਾਂ ਤੈਨੂੰ। ਬਣਾਉਂਦਾ ਹਾਂ ਤੈਨੂੰ, ਬੱਸ ਦਾ ਮਾਲਕ।'' ਸਾਹਬ ਕੜਕਿਆ।

ਸਾਹਬ ਦੀ ਕੜਕਵੀਂ ਆਵਾਜ਼ ਸੁਣ ਕੇ ਜਪਨਾਮ ਨੇ ਖਿੱਚ ਕੇ ਸਲੂਟ ਮਾਰਿਆ ਤੇ ਅਚਨਚੇਤੀ ਹੀ ਆਪਣੀ ਹੋਈ ਇਸ ਕੁੱਤੇਖਾਣੀ ਤੋਂ ਘਬਰਾਇਆ ਹੋਇਆ, ਉਹ ਆਪਣੇ ਮੂੰਹ ਉੱਤੇ ਆਈਆਂ ਹੋਈਆਂ ਤ੍ਰੇਲੀਆਂ ਨੂੰ ਪੂੰਝਦਾ ਤੇ ਰੋਣਹਾਕਾ ਹੋਇਆ ਹੋਇਆ ਬਾਹਰ ਵੱਲ ਨੂੰ ਭੱਜ ਹੀ ਨਿਕਲਿਆ ਸੀ।

ਮਾਯੂਸ ਜਿਹਾ ਹੋਇਆ ਜਪਨਾਮ ਦਫ਼ਤਰ ਦੇ ਬਾਹਰ ਪਈ ਕੁਰਸੀ ਉੱਤੇ ਨਿਢਾਲ ਹੋ ਕੇ ਡਿੱਗ ਹੀ ਪਿਆ ਸੀ।

ਕਿਸੇ ਨੂੰ ਵੀ ਸਮਝ ਨਹੀਂ ਸੀ ਲੱਗ ਰਹੀ ਕਿ ਜਪਨਾਮ ਤ੍ਰੇਲੀਓ ਤ੍ਰੇਲੀ ਕਿਉਂ ਹੋਇਆ ਪਿਆ ਹੈ। ਉਸ ਦੇ ਇੱਕ ਸਹਿਕਰਮੀ ਨੂੰ ਤਾਂ ਸ਼ੱਕ ਵੀ ਪੈ ਗਈ ਸੀ ਕਿ ਇਹ ਟੀ.ਵੀ. ਉੱਤੇ ਚੱਲਦੀ ਮਸ਼ਹੂਰੀ ਵਾਂਙ ਏਨੀ ਸਰਦੀ ਵਿੱਚ ਵੀ ਗਰਮੀ ਦਾ ਅਹਿਸਾਸ ਕਿਵੇਂ ਲਈ ਜਾ ਰਿਹਾ ਹੈ ? ਉਸ ਨੇ ਟਾਂਚ ਕਰਦਿਆਂ ਕਿਹਾ ਸੀ, ''ਜਪਨਾਮ ! ਅੱਜ ਤਾਂ 'ਲਕਸ ਕੋਜ਼ੀ' ਦੇ ਕੱਛਾ ਬੁਣੈਨ ਪਾਏ ਹੋਏ ਲਗਦੇ ਹਨ।''

ਤੇ ਉਹ ਸ਼ਰਮ ਦਾ ਮਾਰਾ ਕੁਝ ਵੀ ਨਹੀਂ ਸੀ ਬੋਲਿਆ। ਫਿਰ ਕੁਝ ਪਲ ਸੋਚਣ ਤੋਂ ਬਾਅਦ ਉਹ ਸਿੱਧਾ ਹੀ ਐਸ.ਪੀ. ਦੇ ਦਫ਼ਤਰ 'ਚ ਚਲਾ ਗਿਆ।

ਪੰਜ ਕੁ ਮਿੰਟਾਂ ਬਾਅਦ ਐਸ ਪੀ. ਤੇ ਜਪਨਾਮ ਕਮਰੇ ਵਿੱਚੋਂ ਬਾਹਰ ਆ ਗਏ। ਐਸ.ਪੀ. ਵੱਡੇ ਸਾਹਬ ਦੇ ਦਫ਼ਤਰ ਵਿੱਚ ਵੜ ਗਿਆ ਤੇ ਉਹ ਕੁੱਤੇ ਝਾਕ ਲਾਈ ਦਫ਼ਤਰ ਦੇ ਬਾਹਰ ਹੀ ਬੈਠਾ ਰਿਹਾ। ਅੱਧੇ ਕੁ ਘੰਟੇ ਬਾਅਦ ਐਸ.ਪੀ. ਦਫ਼ਤਰ ਵਿੱਚੋਂ ਨਿਕਲਿਆ ਤੇ ਸਿੱਧਾ ਆਪਣੇ ਕਮਰੇ ਵੱਲ ਨੂੰ ਹੋ ਤੁਰਿਆ ਤੇ ਜਪਨਾਮ ਵੀ ਉਸ ਦੇ ਪਿੱਛੇ-ਪਿੱਛੇ ਉਸ ਦੇ ਕਮਰੇ ਵਿੱਚ ਚਲਾ ਗਿਆ।

ਪੰਦਰਾਂ ਵੀਹ ਮਿੰਟ ਤਕ ਉਹਨਾਂ ਦੋਵਾਂ ਨੇ ਇਕੱਲਿਆਂ ਹੀ ਗੱਲਬਾਤ ਕੀਤੀ। ਜਦ ਜਪਨਾਮ ਬਾਹਰ ਆਇਆ ਤਾਂ ਉਹ ਕੁਝ ਟਹਿਕਰੇ ਵਿੱਚ ਸੀ ਪਰ ਅੰਦਰੋਂ ਪੂਰੀ ਤਰ੍ਹਾਂ ਡਰਿਆ ਅਤੇ ਬੁਝਿਆ ਹੋਇਆ ਲਗਦਾ ਸੀ। ਬਾਹਰ ਆਉਂਦੇ ਸਾਰ ਹੀ ਉਸ ਨੇ ਸਭ ਤੋਂ ਪਾਸੇ ਜਾ ਕੇ ਕਈ ਬੰਦਿਆਂ ਨਾਲ ਮੋਬਾਈਲ 'ਤੇ ਲੰਬੀ ਗੱਲਬਾਤ ਕੀਤੀ।

ਜਪਨਾਮ ਸਾਰਾ ਦਿਨ ਆਪਣੀ ਸੀਟ ਉੱਤੇ ਨਹੀਂ ਬੈਠ ਸਕਿਆ ਸੀ। ਉਸ ਦੀ ਜ਼ੁਬਾਨ ਵਿਚਲੀ ਪੁਲਸੀਆ ਤਲਖੀ ਖ਼ਤਮ ਹੋ ਚੁੱਕੀ ਸੀ। ਉਸ ਦੀ ਹਾਲਤ ਪਾਂ ਪਏ ਹੋਏ ਕੁੱਤੇ ਵਰਗੀ ਹੋਈ ਪਈ ਸੀ। ਉਸ ਨੂੰ ਟਿਕਾਅ ਨਹੀਂ ਸੀ ਆ ਰਿਹਾ। ਉਹ ਕਦੇ ਕਿਸੇ ਇੱਕ ਕੋਲ ਅਤੇ ਕਦੇ ਕਿਸੇ ਦੂਜੇ ਮੁਲਾਜ਼ਮ ਕੋਲ ਜਾ ਬਹਿੰਦਾ ਤੇ ਫਿਰ ਉੱਥੋਂ ਕਿਸੇ ਹੋਰ ਪਾਸੇ ਨੂੰ ਚਲਾ ਜਾਂਦਾ। ਦੋ-ਢਾਈ ਘੰਟੇ ਤਾਂ ਉਸਨੇ ਇਹ ਗੱਲ ਕਿਸੇ ਨਾਲ ਵੀ ਸਾਂਝੀ ਵੀ ਨਹੀਂ ਕੀਤੀ ਸੀ ਪਰ ਜਦ ਅੰਦਰੋ-ਅੰਦਰੀ ਦਫ਼ਤਰ ਦੇ ਸਾਰੇ ਕਰਮਚਾਰੀਆਂ ਨੂੰ ਪਤਾ ਲੱਗ ਗਿਆ ਤਾਂ ਉਹ ਉਸ ਕੋਲ ਅਫ਼ਸੋਸ ਜਤਾਉਣ ਲਈ ਆਉਣ ਲੱਗ ਪਏ ਸਨ। ਹੁਣ ਉਹ ਢਿੱਲੇ ਮੂੰਹ ਨਾਲ ਆਪਣੇ ਕੋਲ ਆਏ ਨਵੇਂ ਸਾਥੀ ਨੂੰ ਸਾਰੀ ਕਹਾਣੀ ਮੁੱਢੋਂ ਸੁਣਾਉਣ ਲੱਗ ਪੈਂਦਾ।

ਹਰ ਕੋਈ ਉਸ ਨੂੰ ਆਪਣੀ ਸਮਝ ਮੁਤਾਬਕ ਇਸ ਮਸਲੇ ਨੂੰ ਨਜਿੱਠ ਲੈਣ ਦੀ ਸਲਾਹ ਦੇ ਕੇ ਤੁਰ ਜਾਂਦਾ। ਕੋਈ ਉਸ ਨੂੰ ਆਪਣੀ ਜ਼ਿਦ ਛੱਡਣ ਲਈ ਆਖ ਜਾਂਦਾ ਤੇ ਕੋਈ ਕਹਿ ਜਾਂਦਾ ਕਿ ਇੱਕ ਵਾਰ ਮਿੱਠਾ ਪਿਆਰਾ ਹੋ ਕੇ ਮਸਲਾ ਨਿਬੇੜ ਲੈ, ਬਾਕੀ ਦਾ ਹਿਸਾਬ-ਕਿਤਾਬ ਮਾਸਟਰ ਨਾਲ ਕਿਸੇ ਹੋਰ ਤਰੀਕੇ ਨਾਲ, ਫਿਰ ਕਦੇ ਕਰ ਲਵਾਂਗੇ। ਇੱਕ-ਦੋ ਜਣਿਆਂ ਨੇ ਕਿਹਾ ਸੀ, "ਜਦ ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਨੂੰ ਭੱਜ ਨਿਕਲਦਾ ਏ। ਸ਼ਾਇਦ ਮਾਸਟਰ ਨੂੰ ਪਤਾ ਨ੍ਹੀਂ ਕਿ ਪੁਲਿਸ ਵਾਲਿਆਂ ਦੀ ਦੁਸ਼ਮਣੀ ਬੜੀ ਹੀ ਭੈੜੀ ਹੁੰਦੀ ਹੈ। ਅਜੇ ਉਸ ਨੂੰ ਆਪਣੇ ਵਿਭਾਗ ਦੇ ਹੱਥ ਨ੍ਹੀਂ ਲੱਗੇ ਲਗਦੇ। ਜਦ ਮਾਸਟਰ ਨੂੰ ਪੁਲਸੀਆਂ ਦਾ ਕੁੱਤੀ ਚੀਕਾ ਪਿਆ ਨਾ, ਫਿਰ ਹੱਥ ਲਾ ਲਾ ਕੇ ਵੇਖੇਗਾ, ਕਿ ਇਹ ਕੀ ਹੋ ਗਿਐ।"

ਕੁਝ ਕੁ ਬਹੁਤੇ ਹੀ ਤੱਤੇ ਪੁਲਸੀਏ ਤਾਂ ਸਮੁੱਚੇ ਅਧਿਆਪਕ ਵਰਗ ਨੂੰ ਹੀ ਗਾਲ੍ਹਾਂ ਕੱਢ ਗਏ ਸਨ, "ਜੁਆਕਾਂ ਵਿੱਚ ਰਹਿ-ਰਹਿ ਕੇ ਮਾਸਟਰਾਂ ਦੀ ਮੱਤ ਵੀ ਨਿਆਣਿਆਂ ਵਰਗੀ ਹੀ ਹੋ ਜਾਂਦੀ ਹੈ। ਐਵੇਂ ਮਾੜ੍ਹੀ-ਮਾੜ੍ਹੀ ਗੱਲ ਦੀ ਸ਼ਿਕਾਇਤ ਲਾਈ ਜਾਂਦੇ ਰਹਿੰਦੇ ਆ।"

"ਤੁਸੀਂ ਮਾਸਟਰ ਨੂੰ ਏਨਾ ਕਮਜ਼ੋਰ ਵੀ ਨਾ ਸਮਝੋ। ਉਹਦੇ 'ਚ ਕੋਈ ਦਮ ਖ਼ਮ ਹੈ ਤਾਂ ਹੀ ਅਗਲੇ ਨੇ ਇਸ ਦੀ ਪੇਸ਼ੀ ਸਾਹਬ ਅੱਗੇ ਪੁਆ ਕੇ ਇਸ ਦੀ ਬੇਇੱਜ਼ਤੀ ਕਰਵਾਈ ਹੈ। ਉਹ ਵੀ ਪੜ੍ਹਿਆ ਲਿਖਿਐ। ਉਹਨੂੰ ਕਿਹੜਾ ਪਤਾ ਨਹੀਂ ਬਈ ਸੱਪ ਦੀ ਖੁੱਡ 'ਚ ਹੱਥ ਪਾਉਣ ਲੱਗਾਂ। ਅਗਲੇ ਨੇ ਆਪਣੇ ਆਪ ਨੂੰ ਜੋਹ ਕੇ ਹੀ ਇਹ ਕਦਮ ਚੁੱਕਿਐ। ਕੱਟਾ ਵੀ ਕਿੱਲੇ ਦੇ ਜ਼ੋਰ 'ਤੇ ਹੀ ਤੀਂਘੜਦਾ ਹੁੰਦੈ।" ਉਸ ਦੀ ਮਿਜਾਜ਼ ਪੁਰਸੀ ਕਰਨ ਆਏ ਕਿਸੇ ਸਿਆਣੇ ਪੁਲਸੀਏ ਨੇ ਕਿਹਾ ਸੀ।

ਜਪਨਾਮ ਨਾ ਚਾਹੁੰਦਾ ਹੋਇਆ ਵੀ ਉਹਨਾਂ ਸਭ ਦੀਆਂ ਗੱਲਾਂ ਸੁਣੀ ਜਾ

ਰਿਹਾ ਸੀ। ਉਹ ਕਦੇ ਗੁੱਸੇ ਵਿੱਚ ਤੇ ਕਦੇ ਬਿਲਕੁਲ ਹੀ ਸ਼ਾਂਤ ਜਿਹਾ ਹੋ ਕੇ ਬੈਠ ਜਾਂਦਾ ਸੀ। ਅੰਤ, ਉਸ ਦੀ ਨਿਗ੍ਹਾ ਐਸ.ਪੀ. ਦੇ ਦਫ਼ਤਰ ਵਾਲੇ ਦਰਵਾਜ਼ੇ ਦੇ ਵੱਲ ਹੀ ਟਿਕ ਜਾਂਦੀ ਸੀ। ਉਸ ਨੂੰ ਆਪਣੇ ਉਸ 'ਗਾਡ ਫਾਦਰ' ਤੋਂ ਮਦਦ ਦੀ ਉਮੀਦ ਹੀ ਬਾਕੀ ਰਹਿ ਗਈ ਸੀ।

ਜਦ ਵੀ ਐਸ.ਐਸ.ਪੀ. ਦਫ਼ਤਰ ਵਿਚਲੇ ਘਟਨਾਕ੍ਰਮ ਦਾ ਮੈਨੂੰ ਬੇਸ਼ੱਕ ਸਿੱਧਾ ਪ੍ਰਸਾਰਣ ਤਾਂ ਨਹੀਂ, ਕੁਝ ਦੇਰ ਬਾਅਦ ਹੀ ਪਤਾ ਲੱਗਦਾ ਤਾਂ ਮੈਂ ਉਤਸ਼ਾਹ ਤੇ ਖੁਸ਼ੀ 'ਚ ਆਇਆ ਹੁਬਕਲੀ ਮਾਰ ਉਠਦਾ ਸਾਂ। ਕੋਈ ਨਾ ਕੋਈ ਨਵੀਂ ਗੱਲ ਸੁਣ ਕੇ ਮੈਂ ਇਸ ਸਭ ਦੀ ਜਾਣਕਾਰੀ ਆਪਣੇ ਘਰਦਿਆਂ ਨੂੰ ਦੇ ਦਿੰਦਾ ਤਾਂ ਉਹਨਾਂ ਵਿੱਚ ਜਿਵੇਂ ਜਾਨ ਆਉਣੀ ਸ਼ੁਰੂ ਹੋ ਜਾਂਦੀ ਸੀ। ਆਪਣੇ ਆਪ ਨੂੰ ਇੱਕ ਧੱਕੜ ਪੁਲਸੀਆ ਅਖਵਾਉਣ ਵਾਲੇ ਦਾ ਇਹ ਹਾਲ ਸੁਣ ਕੇ ਸਭ ਨੂੰ ਕੁਝ ਰਾਹਤ ਮਹਿਸੂਸ ਹੋਣ ਲੱਗ ਪਈ ਸੀ। ਸਭ ਨੂੰ ਲੱਗਣ ਲੱਗ ਪਿਆ ਸੀ ਕਿ ਉਹਨਾਂ ਦਾ ਸੇਰ ਤੋਂ ਵੀ ਵੱਧ ਖ਼ੂਨ ਵਧ ਗਿਆ ਹੈ। ਸਾਹਬ ਵੱਲੋਂ ਜਪਨਾਮ ਦੀ ਕੀਤੀ ਗਈ ਬੇਇੱਜ਼ਤੀ ਦਾ ਆਂਢ ਗੁਆਂਢ ਵੀ ਪਤਾ ਲੱਗ ਗਿਆ ਸੀ।

ਸ਼ਾਮ ਨੂੰ ਮੈਂ ਤੇ ਯਾਦਵਿੰਦਰ ਨੇ ਛਿੱਟ ਕੁ ਲਾ ਕੇ, ਠੰਢ ਨੂੰ ਭਜਾਉਣ ਤੇ ਅੱਜ ਮਿਲੀ ਖੁਸ਼ੀ ਮਨਾਉਣ ਦੀ ਸਲਾਹ ਬਣਾਅ ਲਈ। ਦੋ-ਤਿੰਨ ਮੋਟੇ ਜਿਹੇ ਹਾੜੇ ਮੇਰੇ ਉੱਤੇ ਜਲਦੀ ਹੀ ਆਪਣਾ ਅਸਰ ਵਿਖਾਉਣ ਲੱਗ ਪਏ ਸਨ। ਅਜੇ ਕੁਝ ਦਿਨ ਪਹਿਲਾਂ ਹੀ ਗੁਰਮੀਤ ਕੜਿਆਲਵੀ ਦੀ ਕਿਤਾਬ 'ਆਤੂ ਖੋਜੀ' ਵਿੱਚੋਂ ਪੜ੍ਹੀ ਹੋਈ ਕਹਾਣੀ 'ਤਾਰਾ ਚਿੱਬ ਕੱਢ' ਦਾ ਪਾਤਰ 'ਤਾਰਾ' ਮੈਨੂੰ ਵਾਰ-ਵਾਰ ਯਾਦ ਆਉਣ ਲੱਗ ਪਿਆ। ਉਸ ਪਾਤਰ ਨੂੰ ਇੱਕ ਥਾਣੇਦਾਰ ਨੇ ਬੜਾ ਹੀ ਤੰਗ-ਪ੍ਰੇਸ਼ਾਨ ਕਰ ਰੱਖਿਆ ਸੀ ਤੇ ਉਸ 'ਤੇ ਝੂਠਾ ਮੁਕੱਦਮਾ ਵੀ ਦਰਜ ਕਰਵਾਅ ਦਿੱਤਾ ਸੀ। ਪਰ ਉਸ ਨੇ ਪੂਰੀ ਸਿਦਕ ਦਿਲ਼ੀ ਨਾਲ ਬੜੀਆਂ ਹੀ ਕਠਿਨਾਈਆਂ ਵਿੱਚੋਂ ਲੰਘਦੇ ਹੋਏ ਅਦਾਲਤ ਵਿੱਚ ਆਪਣੇ ਆਪ ਨੂੰ ਬੇ-ਕਸੂਰ ਤੇ ਥਾਣੇਦਾਰ ਨੂੰ ਕਸੂਰਵਾਰ ਸਾਬਤ ਕਰ ਦਿੱਤਾ ਸੀ। ਜੱਜ ਨੇ ਥਾਣੇਦਾਰ ਨੂੰ ਦੋ ਸਾਲ ਦੀ ਸਜ਼ਾ ਕਰ ਦਿੱਤੀ ਸੀ। ਫਿਰ ਉਸੇ ਸ਼ਾਮ ਨੂੰ ਉਹ ਥਾਣੇ ਦੇ ਦਰਵਾਜ਼ੇ ਅੱਗੇ ਜਾ ਕੇ ਲਲਕਾਰੇ ਮਾਰਦਾ ਹੈ ਪਰ ਕਿਸੇ ਵੀ ਪੁਲਿਸ ਵਾਲੇ ਵਿੱਚ ਏਨੀ ਹਿੰਮਤ ਨਹੀਂ ਪੈਂਦੀ ਕਿ ਉਹ ਉਸ ਨੂੰ ਹਟਾਅ ਜਾਂ ਰੋਕ ਸਕੇ।

ਜਦ ਮੈਨੂੰ ਵਾਹਵਾ ਸਰੂਰ ਆ ਗਿਆ ਤਾਂ ਮੈਂ ਇੱਕ ਹੀ ਜ਼ਿਦ 'ਤੇ ਅੜ ਗਿਆ ਸਾਂ ਕਿ ਮੈਂ ਵੀ ਅੱਜ ਐਸ.ਪੀ. ਦੇ ਘਰ ਦੇ ਮੂਹਰੇ ਜਾ ਕੇ ਲਲਕਾਰੇ ਮਾਰ ਕੇ ਆਉਣੇ ਹਨ। ਮੇਰੇ ਸ਼ਰਾਬੀ ਹੋਏ ਦੀ ਇਸ ਜ਼ਿਦ ਨੂੰ ਯਾਦਵਿੰਦਰ ਨੇ ਮਸਾਂ ਹੀ ਕਾਬੂ ਕੀਤਾ ਤੇ ਬੜੀ ਮੁਸ਼ਕਲ ਨਾਲ ਮੈਨੂੰ ਸਮਝਾਇਆ ਕਿ ਇਸ ਤਰ੍ਹਾਂ ਦੀ ਹੋਛੀ ਹਰਕਤ ਕਰਨ ਨਾਲ ਆਪਣੇ ਹੱਥ ਵਿੱਚ ਆਇਆ ਹੋਇਆ

ਕੇਸ ਆਪਣੇ 'ਤੇ ਹੀ ਉਲਟਾ ਪੈ ਸਕਦਾ ਹੈ।

ਸ਼ਰਾਬੀ ਬੰਦੇ ਦੀ ਜ਼ਿਦ ਵੀ ਬੱਚੇ ਦੀ ਜ਼ਿਦ ਵਰਗੀ ਹੁੰਦੀ ਹੈ।ਜੇਕਰ ਉਸ ਦਾ ਧਿਆਨ ਕਿਸੇ ਹੋਰ ਪਾਸੇ ਨਾ ਲਾਇਆ ਜਾਵੇ ਤਾਂ ਦੋਵਾਂ ਦੀ ਸੂਈ ਇੱਕ ਜਗ੍ਹਾ ਉੱਤੇ ਹੀ ਅਟਕੀ ਰਹਿੰਦੀ ਹੈ।ਯਾਦਵਿੰਦਰ ਨੇ ਪਤਾ ਨਹੀਂ ਕਿਵੇਂ ਮੇਰਾ ਸਾਰਾ ਧਿਆਨ ਐਸ.ਪੀ. ਦੇ ਘਰ ਵੱਲੋਂ ਮੋੜ ਕੇ ਉਸ ਕਹਾਣੀ ਦੇ ਕਹਾਣੀਕਾਰ ਵੱਲ ਮੋੜ ਦਿੱਤਾ ਸੀ।

ਹੁਣ ਮੇਰੀ ਸੂਈ ਜਲਦ ਤੋਂ ਜਲਦ ਗੁਰਮੀਤ ਕੜਿਆਲਵੀ ਨਾਲ ਗੱਲ ਕਰਨ 'ਤੇ ਅੜ ਗਈ।ਮੈਂ ਉਸ ਦੀ ਕਈ ਸਾਲ ਪਹਿਲਾਂ ਲਿਖੀ ਇਸ ਕਹਾਣੀ ਨੂੰ ਅਚੇਤ ਰੂਪ ਵਿੱਚ ਮੇਰੇ ਜੀਵਨ ਬਾਰੇ ਕੀਤੀ ਗਈ ਭਵਿੱਖਬਾਣੀ ਹੀ ਸਮਝ ਰਿਹਾ ਸਾਂ।ਪਤਾ ਨਹੀਂ ਯਾਦਵਿੰਦਰ ਨੇ ਗੁਰਮੀਤ ਕੜਿਆਲਵੀ ਦਾ ਨੰਬਰ ਕਿਵੇਂ ਅਤੇ ਕਿਸ ਤੋਂ ਲਿਆ ਅਤੇ ਮੇਰੀ ਉਸ ਨਾਲ ਮੇਰੀ ਗੱਲ ਕਰਵਾਅ ਦਿੱਤੀ ਸੀ।

ਮੈਨੂੰ ਕੁਝ ਵੀ ਯਾਦ ਹੀ ਨਹੀਂ ਕਿ ਮੈਂ ਗੁਰਮੀਤ ਨਾਲ ਕੀ-ਕੀ ਗੱਲ ਕੀਤੀ ਸੀ ਪਰ ਉਸ ਨਾਲ ਗੱਲ ਕਰਕੇ ਮੇਰੀ ਖੁਸ਼ੀ ਦੁੱਗਣੀ-ਤਿੱਗਣੀ ਹੋ ਗਈ ਸੀ।

ਇਹ ਤਾਂ ਅਗਲੇ ਦਿਨ ਯਾਦਵਿੰਦਰ ਨੇ ਮੈਨੂੰ ਸਭ ਕੁਝ ਦੱਸਿਆ, "ਮੈਂ ਮਸਾਂ ਤਾਂ ਕੜਿਆਲਵੀ ਦਾ ਨੰਬਰ ਲਿਆ ਸੀ ਤੇ ਤੂੰ ਉਸ ਦਾ ਧੰਨਵਾਦ ਕਰਦਾ ਹੋਇਆ ਉਸਨੂੰ ਮਿਲ ਕੇ ਮੱਥਾ ਟੇਕਣ ਦੇ ਖਹਿੜੇ ਹੀ ਪਿਆ ਰਿਹਾ।ਬੱਸ ਚੰਗੀ ਗੱਲ ਇਹ ਹੀ ਸੀ ਕਿ ਉਹ ਪੜ੍ਹਿਆ-ਲਿਖਿਆ ਤੇ ਸਿਆਣਾ ਬੰਦਾ ਸੀ ਜੀਹਨੇ ਬਾਅਦ ਵਿੱਚ ਮੇਰੀ ਬੇਇੱਜ਼ਤੀ ਨਹੀਂ ਕੀਤੀ।ਕੋਈ ਹੋਰ ਹੁੰਦਾ ਤਾਂ ਉਸ ਨੇ ਝੱਟ ਆਖ ਦੇਣਾ ਸੀ ਕਿ ਤੂੰ ਕਿਹੜੇ ਮੂਰਖ ਸ਼ਰਾਬੀ ਨਾਲ ਮੇਰੀ ਗੱਲ ਕਰਵਾਉਣ ਲੱਗ ਪਿਆ ਏਂ ?"

"ਕੋਈ ਨ੍ਹੀਂ ਯਾਰ, ਉਹ ਵੀ ਲੇਖਕ ਬੰਦਾ ਹੈ।ਉਸ ਨੇ ਤਾਂ ਮੇਰੀ ਇਸ ਗੱਲ 'ਚੋਂ ਵੀ ਕੋਈ ਨਵੀਂ ਕਹਾਣੀ ਲੱਭ ਲੈਣੀ ਹੈ।ਕੁਝ ਨ੍ਹੀਂ ਹੁੰਦਾ।" ਮੈਂ ਉਤਲੇ ਮਨੋਂ ਤਾਂ ਉਸ ਨੂੰ ਧਰਵਾਸਾ ਦੇਈ ਜਾ ਰਿਹਾ ਸਾਂ ਪਰ ਅੰਦਰੋਂ ਮੈਨੂੰ ਸ਼ਰਮ ਵੀ ਮਹਿਸੂਸ ਹੋ ਰਹੀ ਸੀ ਕਿ ਮੈਂ ਇੱਕ ਨਾਮੀ ਕਹਾਣੀਕਾਰ ਨੂੰ ਆਪਣਾ ਕਿਹੋ ਜਿਹਾ ਰੂਪ ਵਿਖਾਅ ਚੁੱਕਾ ਸਾਂ।

ਸਾਡੀ ਗੱਲਬਾਤ ਨੂੰ ਅੱਧ-ਪਚੱਧ ਸੁਣਦਿਆਂ ਅਮਿਤਾ ਨੇ ਇਸ ਸਭ ਬਾਰੇ ਜਾਣਕਾਰੀ ਲੈਣ ਹਿੱਤ ਆਪਣੇ ਕੰਨ ਚੁੱਕ ਲਏ।

ਪਤਾ ਨਹੀਂ, ਇਹ ਖ਼ੂਨ ਦੇ ਰਿਸ਼ਤੇ ਵੀ ਕੀ ਹੁੰਦੇ ਹਨ ਕਿ ਆਪਣਾ ਭਾਂਡਾ ਕੱਚਾ ਹੋਣ 'ਤੇ ਵੀ ਲੋਕ ਉਸ ਨੂੰ ਸਲਾਹੁੰਦੇ ਹੀ ਰਹਿੰਦੇ ਹਨ।ਮੈਨੂੰ ਉਸ ਵੇਲੇ ਤਾਅਨੇ ਅਤੇ ਨਿਹੋਰੇ ਮਾਰਨ ਵਾਲਾ ਮੇਰਾ ਭਰਾ ਉਸੇ ਵਕਤ ਹੀ ਮੇਰੀ ਰਮਜ਼

ਸਮਝ ਗਿਆ ਕਿ ਜੇ ਬੀਤੀ ਰਾਤ ਨੂੰ ਹੋਏ ਸਾਰੇ ਘਟਨਾਕ੍ਰਮ ਬਾਰੇ ਮੇਰੀ ਘਰ ਵਾਲੀ ਨੂੰ ਪਤਾ ਲੱਗ ਗਿਆ ਤਾਂ ਮੇਰੀ ਪਰਿਵਾਰਿਕ ਜ਼ਿੰਦਗੀ ਵਿੱਚ ਕੋਈ ਨਾ ਕੋਈ ਖਲਲ ਜ਼ਰੂਰ ਪੈ ਸਕਦਾ ਹੈ। ਉਸ ਨੇ ਤੁਰੰਤ ਹੀ ਗੱਲ ਬਦਲ ਦਿੱਤੀ ਤੇ ਆਖਣ ਲੱਗਾ, "ਉਂਝ ਯਾਰ, ਗੱਲ ਤੇਰੀ ਵੀ ਸੱਚੀ ਸੀ। ਵਾਕਿਆ ਹੀ ਕੜਿਆਲਵੀ ਨੇ ਤੇਰੇ ਬਾਰੇ ਕਈ ਸਾਲ ਪਹਿਲਾਂ ਹੀ ਭਵਿੱਖਬਾਣੀ ਲਿਖ ਦਿੱਤੀ ਸੀ। ਬੱਸ, ਸਮਾਂ ਤੇ ਸਥਾਨ ਹੀ ਬਦਲੇ ਹਨ। ਬਾਕੀ ਤਾਂ ਸਭ ਕੁਝ ਓਵੇਂ ਹੀ ਹੋਇਆ ਹੈ। ਮੈਂ ਤਾਂ ਸਲਾਮ ਆਖਦਾ ਆਂ ਇਹੋ-ਜਿਹੇ ਲੇਖਕਾਂ ਨੂੰ ਜੋ ਵਕਤ ਤੋਂ ਪਹਿਲਾਂ ਹੀ ਵਾਪਰਨ ਵਾਲੀਆਂ ਘਟਨਾਵਾਂ ਦਾ ਅੰਦਾਜ਼ਾ ਲਾ ਕੇ ਲੋਕਾਂ ਅੱਗੇ ਪੇਸ਼ ਕਰ ਦਿੰਦੇ ਹਨ।"

ਯਾਦਵਿੰਦਰ ਦੀ ਗੱਲ ਸੁਣ ਕੇ, ਬੀਤੀ ਰਾਤ ਨੂੰ ਮੇਰੀ ਪੀਤੀ ਗਈ ਵੱਧ ਦਾਰੂ ਅਤੇ ਮਾਰੀਆਂ ਗਈਆਂ ਬੇਥਵ੍ਹੀਆਂ ਨੂੰ ਸਭ, ਵਿਸ਼ੇਸ਼ ਤੌਰ 'ਤੇ ਅਮਿਤਾ, ਨੇ ਆਈ ਗਈ ਕਰ ਦਿੱਤਾ ਸੀ। ਮੈਂ ਵੀ ਮਨ ਹੀ ਮਨ ਆਪਣੇ ਦੁਆਰਾ ਕੀਤੀ ਗਈ ਇਸ ਅਣਭੋਲ ਗ਼ਲਤੀ ਦਾ ਪਛਤਾਵਾ ਕਰ ਰਿਹਾ ਸਾਂ ਤੇ ਹਾਲਾਤ ਨੂੰ ਹੋਰ ਆਪਣੇ ਹੱਕ ਵਿੱਚ ਬਣਾਉਣ ਲਈ ਹੱਥ ਪੈਰ ਮਾਰਨ ਦਾ ਯਤਨ ਕਰਨ ਲੱਗ ਪਿਆ, "ਭਰਾਵਾ ਲਿਖਦਾ ਤਾਂ ਮੈਂ ਵੀ ਹਾਂ ਪਰ ਮੇਰੇ ਕੋਲੋਂ ਲੋਕਾਂ ਦੀਆਂ ਭਾਵਨਾਵਾਂ ਸਮਝੀਆਂ ਨਹੀਂ ਜਾਂਦੀਆਂ ਤੇ ਨਾ ਹੀ ਕਿਸੇ ਘਟਨਾ ਨੂੰ ਵੇਖ ਕੇ ਉਸ ਦੇ ਭਵਿੱਖ ਦਾ ਅੰਦਾਜ਼ਾ ਲੱਗਦਾ ਹੈ। ਪਰ ਕੜਿਆਲਵੀ ਤਾਂ ਵੱਡਾ ਲੇਖਕ ਹੈ ਜਿਸ ਨੇ ਪੁਲਿਸ ਦੀ ਧੱਕੇਸ਼ਾਹੀ ਅਤੇ ਬਾਅਦ ਵਿੱਚ ਉਸ ਧੱਕੇਸ਼ਾਹੀ ਦੇ ਨਤੀਜੇ ਦਾ ਅੰਦਾਜ਼ਾ ਕਈ ਸਾਲ ਪਹਿਲਾਂ ਹੀ ਲਾ ਲਿਆ ਸੀ। ਇਸ ਕਰਕੇ ਹੀ ਤਾਂ ਉਸ ਦਾ ਨਾਂਅ ਪੰਜਾਬ ਦੇ ਨਾਮੀ ਕਹਾਣੀਕਾਰਾਂ 'ਚ ਆਉਂਦਾ ਹੈ ਤੇ ਕਈ ਹੋਰ ਮੇਰੇ ਵਰਗੇ ਆਪਣੀ ਪਹਿਚਾਣ ਦੱਸਣ ਦੇ ਬਾਵਜੂਦ ਵੀ ਪਹਿਚਾਣੇ ਨ੍ਹੀਂ ਜਾਂਦੇ।"

ਮੇਰੇ ਦੁਆਰਾ ਕੀਤੀ ਸਾਰੀ ਗੱਲ ਨੂੰ ਅਣਸੁਣੀਂ ਕਰਦਾ ਹੋਇਆ ਯਾਦਵਿੰਦਰ ਮੈਨੂੰ ਬਾਹਰ ਲਿਜਾਅ ਕੇ ਮੇਰੇ 'ਤੇ ਟੁੱਟ ਹੀ ਪਿਆ ਸੀ, "ਤੈਨੂੰ ਪਤੈ, ਮੈਂ ਰਾਤ ਨੂੰ ਤੈਨੂੰ ਕਿਵੇਂ ਟਿਕਾਅ ਕੇ ਗਿਆ ਸੀ। ਹੁਣ ਚੱਲ, ਤੂੰ ਕਿਹੜੇ ਐਸ.ਪੀ. ਦੇ ਘਰ ਅੱਗੇ ਲਲਕਾਰੇ ਮਾਰਨੇ ਐਂ। ਸੋਫੀ ਹੁੰਦਾ ਹੋਇਆ ਮਾਰ। ਤੂੰ ਜਿਹੜੀ ਗੱਲ ਗੁਰਮੀਤ ਕੜਿਆਲਵੀ ਨਾਲ ਕਰਨੀ ਆ, ਹੁਣ ਕਰ। ਆਹ ਚੁੱਕ ਨੰਬਰ ਮੈਂ ਮਸਾਂ ਲਿਆ ਸੀ, ਪੰਜਾਹ ਬੰਦਿਆਂ ਨੂੰ ਫ਼ੋਨ ਕਰ ਕਰ ਕੇ।" ਉਹ ਮੇਰੇ ਅੱਗੇ ਆਪਣਾ ਮੋਬਾਈਲ ਕਰ ਕੇ ਬੋਲਦਾ ਹੀ ਗਿਆ ਤੇ ਮੈਂ ਇੱਕ ਅਪਰਾਧੀ ਜਿਹਾ ਬਣ ਕੇ ਸੁਣੀ ਜਾ ਰਿਹਾ ਸਾਂ।

ਮੈਨੂੰ ਪੀਤੀ ਖਾਧੀ ਵਿੱਚ ਕੀਤੀ ਹੋਈ ਆਪਣੀ ਗ਼ਲਤੀ ਦਾ ਅਹਿਸਾਸ ਤਾਂ ਹੋ ਚੁੱਕਾ ਸੀ ਪਰ ਯਾਦਵਿੰਦਰ ਨੂੰ ਅਜੇ ਵੀ ਲੱਗ ਰਿਹਾ ਸੀ ਕਿ ਮੈਂ ਝੂਠ-

ਮੂਠ ਹੀ ਆਪਣੀ ਗ਼ਲਤੀ ਮੰਨ ਰਿਹਾ ਹਾਂ ਅਤੇ ਫਿਰ ਕਿਸੇ ਦਿਨ ਦਾਰੂ ਪੀ ਕੇ ਉਸ ਨੂੰ ਇੰਝ ਹੀ ਖ਼ਰਾਬ ਕਰਾਂਗਾ। ਇਸ ਲਈ ਉਹ ਮੈਨੂੰ ਵਾਰ-ਵਾਰ ਸਿੱਖ-ਮੱਤ ਦੇਈ ਜਾ ਰਿਹਾ ਸੀ।

"ਯਾਰ, ਤੂੰ ਪੀਤੀ ਖਾਧੀ ਵਿੱਚ ਏਨਾ ਖ਼ਰਾਬ ਹੋ ਜਾਵੇਂਗਾ ? ਮੈਨੂੰ ਤਾਂ ਉਮੀਦ ਵੀ ਨ੍ਹੀਂ ਸੀ। ਤੂੰ ਏਨਾ ਹੋਛਾ ਚੱਲਣ ਲੱਗ ਜਾਵੇਂਗਾ ਕਿ ਸਿੱਧਾ ਐਸ.ਪੀ. ਨਾਲ ਹੀ ਪੰਗਾ ਲੈਣ ਲਈ ਤੁਰ ਪਵੇਂਗਾ। ਇਹ ਗੱਲ ਮੇਰੀ ਤਾਂ ਸਮਝੋਂ ਬਾਹਰ ਹੈ। ਉਹ ਐਸ.ਪੀ. ਆ ਐਸ. ਪੀ.। ਜੀਹਨੂੰ ਐਸ.ਐਸ.ਪੀ. ਤੋਂ ਬਿਨਾਂ ਸਾਰਾ ਜ਼ਿਲ੍ਹਾ ਸਲੂਟ ਮਾਰਦਾ ਏ। ਤੂੰ ਉਹਦੇ ਨਾਲ ਸਿੱਧਾ ਪੰਗਾ ਲੈਣ ਨੂੰ ਫਿਰਦਾ ਸੀ। ਯਾਰ ਜਾਂ ਤਾਂ ਪੀਣੀ ਛੱਡ ਦੇ ਜਾਂ ਆਪਣੇ ਭਰਾ ਨੂੰ ਹੀ ਛੱਡ ਦੇ।" ਉਸ ਨੇ ਮੈਨੂੰ ਆਪਣੀ ਆਖ਼ਰੀ ਧਮਕੀ ਵੀ ਦੇ ਦਿੱਤੀ।

"ਨਹੀਂ ਯਾਰ, ਮੈਨੂੰ ਤਾਂ ਖੁਸ਼ੀ ਹੀ ਏਨੀ ਹੋਈ ਜਾਂਦੀ ਸੀ ਕਿ ਆਪਣੇ ਆਪ ਨੂੰ ਘੈਂਟ ਕਹਾਉਂਦੇ ਪੁਲਸੀਏ ਨੂੰ ਮੈਂ ਫਸਾਅ ਹੀ ਲਿਆ ਹੈ। ਹੁਣ ਆਖਣ ਇਹ ਡੀ.ਐਸ.ਪੀ. ਤੇ ਐਸ.ਪੀ. ਕਿ ਮੇਰੇ ਕੋਲ ਸਬੂਤ ਨਹੀਂ ਹਨ। ਮੈਂ ਤਾਂ ਦੱਸਣਾ ਹੀ ਚਾਹੁੰਦਾ ਸੀ ਕਿ ਜੇ ਕਰ ਇੱਕ ਆਮ ਬੰਦਾ ਆਪਣੀ ਆਈ 'ਤੇ ਆ ਜਾਵੇ ਤਾਂ ਉਹ ਕੁਝ ਵੀ ਕਰ ਸਕਦਾ ਹੈ।" ਮੈਨੂੰ ਪਤਾ ਤਾਂ ਸੀ ਕਿ ਮੈਂ ਗ਼ਲਤ ਸਾਂ ਪਰ ਆਪਣੀ ਹਉਂ ਨੂੰ ਪੱਠੇ ਪਾਉਣ ਲਈ ਹੀ ਇਹ ਸਭ ਕੁਝ ਆਖ ਗਿਆ ਸਾਂ।

"ਜੇ ਤੂੰ ਚਾਹੁੰਦਾ ਏਂ ਕਿ ਅੰਤ ਵਿੱਚ ਜਿੱਤ ਤੇਰੀ ਹੀ ਹੋਵੇ ਤਾਂ ਤੈਨੂੰ ਆਪਣੀਆਂ ਹੋਛੀਆਂ ਹਰਕਤਾਂ 'ਤੇ ਕਾਬੂ ਪਾਉਣਾ ਹੀ ਪਵੇਗਾ। ਨਹੀਂ ਤਾਂ ਭਰਾਵਾ, ਆਪਣੇ ਤਾਂ ਹੱਥ ਖੜ੍ਹੇ ਨੇ। ਤੈਨੂੰ ਜੇਲ੍ਹ 'ਚ ਤਾਂ ਨ੍ਹੀਂ, ਤਾਰੀਕ 'ਤੇ ਕਚਹਿਰੀ ਵਿੱਚ ਜ਼ਰੂਰ ਮਿਲਣ ਲਈ ਆ ਜਾਇਆ ਕਰਾਂਗਾ, ਉਹ ਵੀ ਭਰਾ ਹੋਣ ਦੇ ਨਾਤੇ।" ਉਹ ਗੁੱਸੇ ਨਾਲ ਆਖਣ ਲੱਗਾ।

ਮੈਨੂੰ ਵੀ ਲੱਗਣ ਲੱਗ ਪਿਆ ਕਿ ਮੈਂ ਪੀਤੀ ਖਾਧੀ ਵਿੱਚ ਬੜੀ ਹੀ ਵੱਡੀ ਭੁੱਲ ਕਰ ਜਾਣੀ ਸੀ। ਇਸ ਲਈ ਮੈਂ ਉਸ ਨੂੰ ਅੱਗੇ ਤੋਂ ਅਜਿਹੀ ਕੋਈ ਵੀ ਗ਼ਲਤ ਹਰਕਤ ਨਾ ਕਰਨ ਜਾਂ ਹੋਣ ਦਾ ਪੱਕਾ ਵਿਸ਼ਵਾਸ ਦੁਆਇਆ।

ਅਸਲ ਵਿੱਚ ਮੇਰੇ ਖਾਨੇ ਵਿੱਚ ਵੀ ਇਹ ਗੱਲ ਵੜ ਗਈ ਕਿ ਮੈਂ ਅਣਜਾਣਪੁਣੇ ਵਿੱਚ ਹੀ ਅਜਿਹੀ ਗ਼ਲਤੀ ਕਰ ਬੈਠਣੀ ਸੀ ਜਿਸ ਦਾ ਖਮਿਆਜ਼ਾ ਮੈਨੂੰ ਆਪਣਾ ਕੇਸ ਹਾਰ ਕੇ, ਨੌਕਰੀ ਗੁਆ ਕੇ ਅਤੇ ਜੇਲ੍ਹ ਵਿੱਚ ਸਜ਼ਾ ਭੋਗਦਿਆਂ ਭੁਗਤਣਾ ਪੈਣਾ ਸੀ। ਮੈਂ ਆਪਣੀ ਕੀਤੀ ਹੋਈ ਭੁੱਲ ਦੀ ਮੁਆਫ਼ੀ ਮੰਗੀ, "ਭਰਾਵਾ, ਅੱਗੇ ਤੋਂ ਜੇ ਇਹੋ-ਜਿਹੀ ਗ਼ਲਤੀ ਹੋ ਗਈ ਤਾਂ ਭਾਵੇਂ ਤੂੰ ਹਜ਼ਾਰ ਛਿੱਤਰ ਮਾਰ ਲਵੀਂ।" ਇਹ ਕਹਿ ਕੇ ਉਸ ਤੋਂ ਮੈਂ ਆਪਣਾ ਖਹਿੜਾ ਮਸਾਂ ਹੀ ਛੁਡਵਾਇਆ।

ਅਸਲ ਵਿੱਚ ਇਹ ਖਹਿੜਾ ਛੁਡਵਾਉਣ ਵਾਲੀ ਨਹੀਂ ਸਗੋਂ ਬੜੀ ਹੀ ਵੱਡੀ ਸਿੱਖਿਆ ਦੇਣ ਵਾਲੀ ਗੱਲ ਸੀ। ਮੈਂ ਕੁਦਰਤ ਦਾ ਸ਼ੁਕਰ-ਗੁਜ਼ਾਰ ਹੋ ਰਿਹਾ ਸਾਂ ਕਿ ਮੈਂ ਇਸ ਖੁਸ਼ੀ ਦੇ ਦਿਨ ਆਪਣੇ ਸਕੇ ਭਰਾ ਨਾਲ ਬੈਠ ਕੇ ਹੀ ਦਾਰੂ ਪੀਤੀ ਸੀ। ਜੇ ਕਿਤੇ ਕਿਸੇ ਹੋਰ ਚੱਕਵੇਂ ਬੰਦੇ ਨਾਲ ਇਹ ਖੁਸ਼ੀ ਸਾਂਝੀ ਕਰ ਲੈਂਦਾ ਤਾਂ ਇੱਕ ਵੱਡੀ ਘਟਨਾ ਹੀ ਵਾਪਰ ਜਾਣੀ ਸੀ। ਮੈਂ ਤੇ ਉਸ ਚੱਕਵੇਂ ਬੰਦੇ ਨੇ ਜੇਲ੍ਹ ਵਿੱਚ ਬੰਦ ਹੋਣਾ ਸੀ। ਕੁਝ ਵੀ ਸੀ, ਮੈਂ ਅਣਜਾਣੇ 'ਚ ਹੀ ਇੱਕ ਵੱਡਾ ਸਬਕ ਸਿੱਖ ਚੁੱਕਾ ਸਾਂ ਕਿ ਮੈਂ ਵੀ ਪੀ-ਖਾ ਕੇ ਵੱਧ ਸ਼ਰਾਬੀ ਹੋ ਸਕਦਾ ਹਾਂ ਅਤੇ ਅੱਗੇ ਤੋਂ ਮੈਨੂੰ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਣਾ ਪਵੇਗਾ। ਮਨ ਵਿੱਚ ਇਹ ਵੀ ਆਇਆ ਕਿ ਮੈਂ ਅਜੇ ਆਪਣਾ ਇੱਕ ਪੱਤਾ ਹੀ ਸੁੱਟਿਆ ਹੈ ਤੇ ਸ਼ਾਇਦ ਦੂਜੀ ਧਿਰ ਨੇ ਪਤਾ ਨਹੀਂ ਕਿਹੜਾ ਨਵਾਂ ਪੱਤਾ ਸੁੱਟ ਕੇ ਸਾਰੀ ਖੇਡ ਹੀ ਆਪਣੇ ਹੱਕ ਵਿੱਚ ਕਰ ਲੈਣੀ ਹੈ।

ਬੱਸ ਵਾਲੀ ਸ਼ਿਕਾਇਤ ਕਰਨ ਤੋਂ ਬਾਅਦ ਮੈਂ ਅੰਦਰੋਂ ਕੁਝ ਡਰਿਆ ਅਤੇ ਘਬਰਾਇਆ ਹੋਇਆ ਵੀ ਸਾਂ। ਜੇਕਰ ਗੁੱਸੇ 'ਚ ਆ ਕੇ ਕਿਸੇ ਵੱਡੇ ਅਧਿਕਾਰੀ ਨੇ ਖਾਰ ਖਾਂਦੇ ਹੋਏ ਮੇਰੇ ਜਾਂ ਫਿਰ ਪਰਿਵਾਰ ਦੇ ਕਿਸੇ ਜੀਅ 'ਤੇ ਕੋਈ ਝੂਠਾ ਮੁਕੱਦਮਾ ਦਰਜ ਕਰਵਾਅ ਦਿੱਤਾ ਤਾਂ ਕੋਈ ਨਵੀਂ ਮੁਸੀਬਤ ਵੀ ਖੜ੍ਹੀ ਹੋ ਸਕਦੀ ਹੈ। ਫਿਰ ਮਨ ਨੂੰ ਧਰਵਾਸਾ ਮਿਲਦਾ ਕਿ ਜੇ ਮੈਂ ਸੱਚਮੁਚ ਹੀ 'ਮਰਨ-ਕੰਢੇ' ਪੁੱਜ ਗਿਆ ਤਾਂ ਆਪਣੇ ਹਮਦਰਦ ਪੁਲਿਸ ਵਾਲੇ ਤੋਂ ਪੁੱਛ ਕੇ ਦੂਜਾ ਵੱਡਾ 'ਪ੍ਰਮਾਣੂ ਬੰਬ' ਵੀ ਚਲਾਅ ਦੇਵਾਂਗਾ। ਮੈਂ ਮਨ ਹੀ ਮਨ ਵਿੱਚ ਇੱਕ ਪੱਕਾ ਫ਼ੈਸਲਾ ਵੀ ਕਰ ਲਿਆ ਸੀ ਕਿ ਜੇਕਰ ਪੁਲਿਸ ਵਾਲਿਆਂ ਨੇ ਹੁਣ ਕੋਈ ਹੋਰ ਵਧੀਕੀ ਕੀਤੀ ਤਾਂ ਮੈਂ ਇਹਨਾਂ ਨਾਲ ਕੋਈ ਲਿਹਾਜ਼ ਨਹੀਂ ਕਰਨੀ। ਮਰਦਾ ਕੀ ਨਾ ਕਰਦਾ ਕਹਾਵਤ ਵਾਂਙ ਸਭ ਕੁਝ ਕਰ ਹੀ ਦੇਣਾ ਹੈ। ਉਂਝ ਜਪਨਾਮ ਦੀ ਉਸ ਵੀਡੀਓ ਦਾ ਮੈਨੂੰ 'ਬੁੱਕਲ ਦੇ ਹਥਿਆਰ' ਵਰਗਾ ਬੜਾ ਹੀ ਮਾਨਸਿਕ ਆਸਰਾ ਮਿਲਿਆ ਹੋਇਆ ਸੀ। ਜਦ ਕਦੇ ਵੀ ਮੇਰਾ ਦਿਲ ਡੋਲਣ ਲੱਗਦਾ ਤਾਂ ਮੈਂ ਇਸ ਵੀਡੀਓ ਨੂੰ ਸਭ ਤੋਂ ਚੋਰੀ ਵੇਖ ਕੇ ਫਿਰ ਤੋਂ ਹੌਂਸਲੇ ਵਿੱਚ ਆ ਜਾਂਦਾ ਸਾਂ।

## ਵੀਹ

ਮੇਰੀ ਏ.ਡੀ.ਸੀ. ਦਫ਼ਤਰ ਵਿੱਚ ਪੈ ਰਹੀ ਤਾਰੀਕ 'ਤੇ ਤਾਰੀਕ ਨੇ ਮੈਨੂੰ ਬੜਾ ਹੀ ਤੰਗ-ਪ੍ਰੇਸ਼ਾਨ ਕਰ ਰੱਖਿਆ ਸੀ। ਰੀਡਰ ਨੂੰ ਪਤਾ ਨਹੀਂ ਜਪਨਾਮ ਨੇ ਕਿਹੜਾ ਡਰ ਪਾਇਆ ਹੋਇਆ ਸੀ ਜਾਂ ਫਿਰ ਕੁਝ ਸੁੰਘਾਅ ਰੱਖਿਆ ਸੀ ਕਿ

ਉਹ ਭੋਲ਼ਾ ਜਿਹਾ ਮੂੰਹ ਬਣਾਅ ਕੇ ਮੈਨੂੰ ਅਗਲੇ ਹਫ਼ਤੇ ਜਾਂ ਪੰਦਰਾਂ ਦਿਨਾਂ ਦੀ ਤਾਰੀਕ 'ਤੇ ਆਉਣ ਲਈ ਆਖ ਦਿੰਦਾ ਸੀ।ਆਪਣੇ ਵੱਲੋਂ ਸੱਚਾ ਹੋਣ ਦਾ ਮਾਰਾ ਨਾਲ ਹੀ ਆਖ ਦਿੰਦਾ ਸੀ, "ਫ਼ਿਕਰ ਨਾ ਕਰ, ਅਗਲ਼ੀ ਤਾਰੀਕ 'ਤੇ ਤੁਹਾਡਾ ਕੰਮ ਨਿਬੇੜ ਹੀ ਦੇਣਾ ਏ।" ਪਤਾ ਨਹੀਂ ਕਿਵੇਂ ਉਹ ਅਜਿਹੇ ਦਿਨ ਹੀ ਤਾਰੀਕ ਦਿੰਦਾ ਸੀ ਜਿਸ ਦਿਨ ਸਾਹਬ ਨੇ ਜਾਂ ਤਾਂ ਕਿਤੇ ਜਾਣਾ ਹੁੰਦਾ ਸੀ ਜਾਂ ਫਿਰ ਕਿਸੇ ਮੀਟਿੰਗ ਵਿੱਚ ਰੁੱਝਾ ਹੁੰਦਾ ਸੀ।ਜਿਸ ਦਿਨ ਸਾਹਬ ਬੈਠਾ ਵੀ ਹੁੰਦਾ ਸੀ ਤਾਂ ਆਖ ਦਿੰਦਾ ਸੀ, "ਅੱਜ ਤਾਂ ਸਿਰਫ਼ ਫੂਡ ਸੇਫਟੀ ਵਾਲੇ ਕੇਸ ਹੀ ਨਿਬੇੜਨੇ ਹਨ।" ਜਾਂ ਫਿਰ ਬਹਾਨਾ ਲਾ ਦਿੰਦਾ ਸੀ, "ਅੱਜ ਤਾਂ ਸਾਹਬ ਨੇ ਰਿਕਵਰੀ ਵਾਲੇ ਕੇਸ ਹੀ ਸੁਣਨੇ ਨੇ।ਤੁਸੀਂ ਅਗਲੇ ਸ਼ੁੱਕਰਵਾਰ ਆ ਜਾਇਓ।"

ਆਈ ਤਾਰੀਕ ਤੋਂ ਮੈਨੂੰ ਨਵਾਂ ਬਹਾਨਾ ਸੁਣਨ ਨੂੰ ਮਿਲ ਜਾਂਦਾ ਸੀ।ਮੈਂ ਇਸ ਗੱਲੋਂ ਵੀ ਪ੍ਰੇਸ਼ਾਨ ਸਾਂ ਕਿ ਦੂਜੀ ਧਿਰ ਨਾ ਤਾਂ ਅਦਾਲਤ ਵਿੱਚ ਹੀ ਖੁੱਲ੍ਹ ਕੇ ਸਾਹਮਣੇ ਆ ਰਹੀ ਹੈ ਤੇ ਨਾ ਹੀ ਏ.ਡੀ.ਸੀ. ਵਾਲੇ ਮੁਕੱਦਮੇ 'ਚ।ਉਹਨਾਂ ਦਾ ਜਾਂਦਾ ਵੀ ਕੁਝ ਨਹੀਂ ਸੀ ਪਰ ਮੈਂ ਸਕੂਲ ਤੋਂ ਭੱਜਾ-ਭੱਜਾ ਆਉਂਦਾ ਸਾਂ ਕਿ ਇਸ ਵਾਰ ਜ਼ਰੂਰ ਸੁਣਵਾਈ ਹੋਵੇਗੀ।ਪਰ ਹਰ ਵਾਰ ਸਾਰੀ ਦਿਹਾੜੀ ਗਾਲ਼ ਕੇ ਸ਼ਾਮ ਨੂੰ ਨਵੀਂ ਤਾਰੀਕ ਸੁਣ ਕੇ ਹੀ ਘਰ ਮੁੜ ਆਉਂਦਾ ਸਾਂ।ਇਹ ਸਿਲਸਿਲਾ ਹਨੂੰਮਾਨ ਦੀ ਪੂਛ ਵਾਂਙ ਲੰਬਾ ਹੀ ਲੰਬਾ ਹੁੰਦਾ ਜਾ ਰਿਹਾ ਸੀ।

ਇਸ ਦੇ ਨਾਲ ਹੀ ਨਗਰ ਨਿਗਮ ਵਾਲੇ ਵੀ ਮੈਨੂੰ ਕੋਈ ਲੜ-ਸਿਰਾ ਨਹੀਂ ਫੜਾਅ ਰਹੇ ਸਨ।ਉਂਝ ਇੱਕ ਦਿਨ ਮੇਰੀ ਪਾਈ ਹੋਈ ਆਰ.ਟੀ.ਆਈ. ਦਾ ਜਵਾਬ ਉਹਨਾਂ ਭੇਜ ਦਿੱਤਾ ਸੀ।ਇਸ ਵਿੱਚ ਲਿਖਿਆ ਹੋਇਆ ਸੀ ਕਿ ਗੁਰਨੇਕ ਨੇ ਨਗਰ ਨਿਗਮ ਵੱਲੋਂ ਭੇਜੇ ਗਏ ਨੋਟਿਸਾਂ ਦਾ ਕੋਈ ਵੀ ਜਵਾਬ ਨਹੀਂ ਦਿੱਤਾ ਹੈ ਅਤੇ ਅਜੇ ਤੀਕਰ ਉਸ ਉੱਪਰ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਹੈ।

ਮੈਂ ਬੜਾ ਹੀ ਪ੍ਰੇਸ਼ਾਨ ਹੋਇਆ ਕਿ ਜੇ ਉਹ ਸਬੂਤ ਪੇਸ਼ ਨਹੀਂ ਕਰ ਰਿਹਾ ਹੈ ਤਾਂ ਉਸ ਨੂੰ 'ਐਕਸ ਪਾਰਟੀ' ਕਰਾਰ ਦੇ ਕੇ ਇੱਕ ਤਰਫ਼ਾ ਕਾਰਵਾਈ ਕਿਉਂ ਨਹੀਂ ਕੀਤੀ ਜਾ ਰਹੀ ਹੈ।ਬੜੀ ਹੀ ਸੋਚ ਵਿਚਾਰ ਤੋਂ ਬਾਅਦ ਮੈਂ ਸਥਾਨਕ ਸਰਕਾਰਾਂ ਦੇ ਡਾਇਰੈਕਟਰ ਅਤੇ ਡਿਪਟੀ ਡਾਇਰੈਕਟਰ ਨੂੰ ਇਸ ਸਬੰਧੀ ਲਿਖਤੀ ਸ਼ਿਕਾਇਤ ਕਰ ਦਿੱਤੀ।

ਹੁਣ ਮੇਰਾ ਸਵੈ-ਵਿਸ਼ਵਾਸ਼ ਪੂਰੇ ਜ਼ੋਰਾਂ 'ਤੇ ਸੀ ਕਿ ਮੈਂ ਆਪਣੇ ਵਿਰੋਧੀਆਂ ਨੂੰ ਉਹਨਾਂ ਦੁਆਰਾ ਬੁਣੇ ਹੋਏ ਜਾਲ ਵਿੱਚ ਹੀ ਫਸਾਅ ਲਿਆ ਹੈ।ਕਿਉਂਕਿ ਮੇਰੀ ਸੋਚ ਮੁਤਾਬਕ ਦੋਵੇਂ ਪੁਲਸੀਏ ਬੱਸ ਵਾਲੇ ਕੇਸ ਵਿੱਚ ਜਕੜੇ ਜਾ ਚੁੱਕੇ ਸਨ ਅਤੇ ਗੁਰਨੇਕ ਕਈ ਮਹੀਨਿਆਂ ਤੱਕ ਆਪਣੇ ਬਣੇ ਹੋਏ ਮਕਾਨ ਅਤੇ

ਕਬਜ਼ੇ ਵਿੱਚ ਕੀਤੀ ਹੋਈ ਜਗ੍ਹਾ ਦੀ ਰਜਿਸਟਰੀ ਵਿਖਾਉਣ ਤੋਂ ਅਸਮਰਥ ਰਿਹਾ ਸੀ। ਬੇਸ਼ੱਕ, ਨਗਰ ਨਿਗਮ ਦੇ ਦਫ਼ਤਰ ਵਿੱਚ ਤਾਂ ਉਹ ਸਿਫ਼ਾਰਿਸ਼ਾਂ ਪੁਆ ਪੁਆ ਕੇ ਆਪਣੇ 'ਤੇ ਹੋਣ ਵਾਲੀ ਕਾਨੂੰਨੀ ਕਾਰਵਾਈ ਨੂੰ ਅੱਗੇ ਤੇ ਹੋਰ ਅੱਗੇ ਪਾਉਣ ਵਿੱਚ ਕਾਮਯਾਬ ਰਿਹਾ ਸੀ ਪਰ ਜਦ ਨਗਰ ਨਿਗਮ ਦੇ ਉੱਪਰਲੇ ਅਧਿਕਾਰੀ ਨਗਰ ਨਿਗਮ ਦੇ ਸਥਾਨਕ ਅਧਿਕਾਰੀਆਂ ਨੂੰ ਖਿੱਚਣਗੇ ਤਾਂ ਫਿਰ ਉਹ ਕਿਸੇ ਦੀ ਵੀ ਸਿਫ਼ਾਰਿਸ਼ ਨਹੀਂ ਮੰਨ ਸਕਣਗੇ।

0-0-0-0-0

ਮੇਰੀ ਮਾਂ ਹੀ ਮੈਨੂੰ ਲਿਖਣ ਲਈ ਪ੍ਰੇਰਿਤ ਕਰਦੀ ਰਹੀ ਸੀ ਪਰ ਹੁਣ ਕੁਝ ਦੇਰ ਤੋਂ ਮੇਰਾ ਇਹ ਕਾਰਜ ਕੁਝ ਹੌਲ਼ੀ ਹੋ ਗਿਆ ਸੀ। ਇੱਕ ਦਿਨ ਉਹ ਮੈਨੂੰ ਆਖਣ ਲੱਗੀ, "ਪੁੱਤ ! ਕੇਸ ਕੂਸ ਤਾਂ ਚੱਲਦੇ ਹੀ ਰਹਿੰਦੇ ਹੁੰਦੇ ਆ। ਤੂੰ ਆਵਦਾ ਲਿਖਣ ਵੱਲ ਵੀ ਧਿਆਨ ਦੇ। ਰੋਜ਼ ਅਖ਼ਬਾਰ ਵੇਖਦੀ ਹਾਂ, ਉਸ ਵਿੱਚ ਤੇਰਾ ਕਦੇ ਕੁਝ ਛਪਿਆ ਹੀ ਨਹੀਂ ਹੁੰਦਾ।"

"ਮਾਂ, ਵਕਤ ਹੀ ਨ੍ਹੀਂ ਲੱਗਦਾ। ਲਿਖਾਂ ਕਦੋਂ ? ਮੈਨੂੰ ਤਾਂ ਲੱਗਦਾ ਕਿ ਲਿਖਣਾ-ਪੜ੍ਹਣਾ ਵੀ ਵਿਹਲੇ ਬੰਦਿਆਂ ਦਾ ਹੀ ਕੰਮ ਹੈ।" ਮੈਂ ਆਪਣੀ ਸਫ਼ਾਈ ਦਿੱਤੀ।

"ਨਹੀਂ, ਤੇਰੀ ਗੱਲ ਪੂਰੀ ਤਰ੍ਹਾਂ ਗ਼ਲਤ ਹੈ। ਜੇ ਬੰਦੇ ਦਾ ਲਿਖਣ ਦਾ ਮਨ ਹੋਵੇ, ਭਾਵੇਂ ਉਹ ਜਿੰਨਾ ਮਰਜ਼ੀ ਰੁੱਝਿਆ ਹੋਵੇ ਪੜ੍ਹੇ ਲਿਖੇ ਬਿਨਾਂ ਉਸ ਨੂੰ ਨੀਂਦ ਹੀ ਨ੍ਹੀਂ ਆਉਂਦੀ ਹੁੰਦੀ। ਇਹ ਆਖ ਕਿ ਤੇਰੀ ਆਵਦੀ ਨੀਅਤ ਹੀ ਫਿੱਟੀ ਹੋਈ ਹੈ। ਹੱਡ ਹਰਾਮੀ ਹੁੱਜਤਾਂ ਢੇਰ ਵਾਲੀ ਗੱਲ ਐ।" ਮੇਰੀ ਮਾਂ ਨੇ ਸਪਸ਼ਟ ਗੱਲ ਕੀਤੀ।

ਉਸ ਦੀ ਦਲੀਲ ਏਨੀ ਜ਼ਿਆਦਾ ਵਜ਼ਨਦਾਰ ਸੀ ਕਿ ਮੈਂ ਨਿਰੁੱਤਰ ਹੋ ਗਿਆ ਸਾਂ ਤੇ ਕੁਝ ਵੀ ਬੋਲ ਨਹੀਂ ਸਾਂ ਸਕਿਆ। ਮੇਰੀ ਚੁੱਪ ਅਤੇ ਮੇਰੀ ਮਾਨਸਿਕ ਹਾਲਤ ਤੋਂ ਮੇਰੀ ਮਾਂ ਮੇਰੇ ਅੰਦਰ ਦੀ ਭਾਵਨਾ ਸਮਝ ਗਈ ਸੀ ਤੇ ਉਸ ਨੇ ਗੱਲ ਟਾਲਣ ਦੇ ਰੌਂਅ ਵਿੱਚ ਮੈਨੂੰ ਪੁੱਛਿਆ, "ਫੇਰ ਤੂੰ ਓਧਰਲੇ ਘਰੇ ਜਾ ਕੇ ਕੀ ਲਿਖਦਾ ਰਹਿੰਦਾ ਏਂ ? ਮੈਨੂੰ ਵੀ ਦੱਸ।"

"ਸ਼ਿਕਾਇਤਾਂ।" ਮੈਂ ਸਿਰਫ਼ ਇੱਕ ਹੀ ਸ਼ਬਦ ਬੋਲਿਆ ਸੀ ਪਰ ਕੁਝ ਹੀ ਪਲਾਂ ਵਿੱਚ ਉਹ ਮੇਰੀ ਸਾਰੀ ਮਜਬੂਰੀ ਸਮਝ ਗਈ ਸੀ।

"ਚਲ, ਮੈਨੂੰ ਤਾਂ ਇਹੀ ਦੱਸ ਦਿਆ ਕਰ ਕਿ ਤੂੰ ਸ਼ਿਕਾਇਤਾਂ ਵਿੱਚ ਕੀ-ਕੀ ਲਿਖਦਾ ਏਂ। ਤੇਰਾ ਲਿਖਿਆ ਸੁਣ ਕੇ ਘੱਟੋ-ਘੱਟ ਮਨ ਨੂੰ ਤਸੱਲੀ ਤਾਂ ਰਹੂ ਕਿ ਮੇਰਾ ਪੁੱਤ ਲਿਖੀ ਜਾ ਰਿਹਾ ਹੈ। ਉਹਦੀ ਕਲਮ ਤਾਂ ਚੱਲਦੀਓ ਈ ਆ। ਚਾਹੇ ਉਹ ਅਖ਼ਬਾਰਾਂ ਜਾਂ ਰਸਾਲਿਆਂ ਲਈ ਨਹੀਂ ਲਿਖ ਰਿਹਾ, ਆਪਣੇ ਬਚਾਅ ਲਈ ਤਾਂ ਲਿਖ ਹੀ ਰਿਹਾ ਹੈ ਨਾ ?" ਮਾਂ ਨੇ ਗੱਲ ਏਨੇ ਪਿਆਰ ਅਤੇ

ਗੂੜ੍ਹ ਜਜ਼ਬਾਤ ਨਾਲ ਆਖੀ ਕਿ ਮੈਨੂੰ ਕੁਝ ਸੁੱਝ ਹੀ ਨਹੀਂ ਸੀ ਰਿਹਾ ਕਿ ਮੈਂ ਕੀ ਕਰਾਂ ਤੇ ਕੀ ਆਖਾਂ। ਮੇਰੀ ਮਾਨਸਿਕ ਹਾਲਤ ਨੂੰ ਸਮਝਦੇ ਹੋਏ ਉਹ ਬੜੇ ਹੀ ਪਿਆਰ ਨਾਲ ਬੋਲੀ, "ਚੱਲ, ਸ਼ਿਕਾਇਤਾਂ ਹੀ ਸੁਣਾਅ ਦੇ। ਮੇਰੇ ਮਨ ਨੂੰ ਤਸੱਲੀ ਤਾਂ ਹੋ ਜਾਵੇਗੀ ਕਿ ਮੈਂ ਆਪਣੇ ਪੁੱਤ ਦੀ ਇੱਕ ਲਿਖੀ ਹੋਈ ਨਵੀਂ ਲਿਖਤ ਸੁਣ ਲਈ ਹੈ।"

ਮੈਂ ਬੜੇ ਹੀ ਡਰੇ ਜਿਹੇ ਮਨ ਨਾਲ ਪਹਿਲਾਂ ਤਾਂ ਦੋਵਾਂ ਪੁਲਸ ਵਾਲਿਆਂ ਦੀ ਕੀਤੀ ਹੋਈ ਸ਼ਿਕਾਇਤ ਪੜ੍ਹ ਦਿੱਤੀ ਤੇ ਨਾਲ ਹੀ ਗੁਰਨੇਕ ਵਿਰੁੱਧ ਕੀਤੀ ਹੋਈ ਸ਼ਿਕਾਇਤ ਵੀ ਹੂ-ਬ-ਹੂ ਉਸ ਨੂੰ ਸੁਣਾਅ ਦਿੱਤੀ।

ਸ਼ਿਕਾਇਤਾਂ ਨੂੰ ਸੁਣ ਮੇਰੀ ਪੰਜ ਜਮਾਤਾਂ ਪੜ੍ਹੀ ਮਾਂ ਏਨੀ ਜ਼ਿਆਦਾ ਖੁਸ਼ ਹੋਈ ਕਿ ਉਸ ਦੇ ਮੂੰਹ ਵਿੱਚੋਂ ਸਹਿਜ ਸੁਭਾਅ ਹੀ ਨਿਕਲਿਆ, "ਪੁੱਤ, ਹੁਣ ਤਾਂ ਵੱਡੇ ਤੋਂ ਵੱਡੇ ਅਧਿਕਾਰੀਆਂ ਦੀਆਂ ਅੱਖਾਂ ਵੀ ਖੁੱਲ੍ਹ ਜਾਣਗੀਆਂ, ਇਹਨਾਂ ਅਕਲ ਦੇ ਅੰਨ੍ਹਿਆਂ ਦੀਆਂ ਤਾਂ ਖੁੱਲ੍ਹਣੀਆਂ ਹੀ ਖੁੱਲ੍ਹਣੀਆਂ ਨੇ। ਤੈਨੂੰ ਤੇਰੀ ਮਾਂ ਦੀ ਆਸੀਸ ਹੈ ਕਿ ਤੂੰ ਇਸ ਕੇਸ ਵਿੱਚੋਂ ਜੇਤੂ ਹੋ ਕੇ ਨਿਕਲੇਂਗਾ। ਬੰਦਾ ਖੜ੍ਹੇ ਨਾ ਖੜ੍ਹੇ ਰੱਬ ਸੱਚ ਨਾਲ ਜ਼ਰੂਰ ਖੜ੍ਹਦਾ ਹੈ।" ਇਹ ਸ਼ਬਦ ਆਖਦਿਆਂ ਉਸ ਦੇ ਜੋੜੇ ਹੋਏ ਹੱਥ ਆਪਣੇ ਆਪ ਹੀ ਅਸਮਾਨ ਵੱਲ ਨੂੰ ਉਠ ਗਏ ਸਨ।

"ਮਾਂ ਪਹਿਲਾਂ ਤਾਂ ਤੂੰ ਅਜਿਹੀ ਆਸੀਸ ਕਦੇ ਨ੍ਹੀਂ ਦਿੱਤੀ। ਅੱਜ ਜਦ ਮੈਂ ਉਹਨਾਂ ਨੂੰ ਫਸਾਅ ਲਿਆ ਹੈ ਤਾਂ ਤੂੰ ਧੜੀ ਧੜੀ ਦੀਆਂ ਅਸੀਸਾਂ ਦੇਣ ਲੱਗ ਪਈ ਏਂ।" ਮੈਂ ਗੱਲ ਨੂੰ ਜ਼ਰਾ ਕੁ ਹਾਸੇ ਵਿੱਚ ਪਾਉਂਦਿਆਂ ਆਖਿਆ।

"ਪੁੱਤ, ਤੇਰੇ ਨਾਲੋਂ ਜ਼ਿਆਦਾ ਮੈਂ ਤੜਪੀ ਹਾਂ। ਇਹ ਮੈਂ ਜਾਣਦੀ ਆਂ ਜਾਂ ਫਿਰ ਮੇਰਾ ਰੱਬ ਜਾਣਦੈ। ਮੈਂ ਤਾਂ ਪਹਿਲੇ ਦਿਨੋਂ ਹੀ ਆਖੀ ਜਾਂਦੀ ਹਾਂ ਕਿ ਮੇਰੇ ਗਊ ਵਰਗੇ ਪੁੱਤ ਨੂੰ ਤੜਪਾਅ ਕੇ ਇਹਨਾਂ ਨੂੰ ਸ਼ਾਂਤੀ ਨ੍ਹੀਂ ਮਿਲਣੀ। ਉਹ ਕੁੱਤੇ ਪੁਲਸੀਏ ਵੀ ਆਪਣੀ ਕੀਤੀ, ਆਪੇ ਹੀ ਭੁਗਤਣਗੇ। ਮੈਂ ਤਾਂ ਕੱਲ੍ਹ ਵੀ ਆਖਦੀ ਸੀ ਤੇ ਅੱਜ ਵੀ ਆਖੀ ਜਾਂਦੀ ਆਂ ਕਿ ਸੱਚ, ਸੱਚ ਹੀ ਰਹਿੰਦਾ ਏ ਤੇ ਝੂਠ, ਝੂਠ। ਸੱਚ ਜਾਣੀ, ਪੁੱਤ, ਹੁਣ ਤਾਂ ਮੈਨੂੰ ਸੁਪਨੇ ਵਿੱਚ ਵੀ ਇਹ ਵੱਡੇ ਨਾਢੂ ਖਾਂ ਤੇਰੀਆਂ ਮਿੰਨਤਾਂ ਕਰਦੇ ਦਿਸਣ ਲੱਗ ਪਏ ਨੇ।" ਮਾਂ ਨੇ ਬੜੇ ਹੀ ਪਿਆਰ ਨਾਲ ਉੱਤਰ ਦਿੱਤਾ।

"ਮਾਂ ਤੈਨੂੰ ਪਤਾ ਜੁ ਲੱਗ ਗਿਆ ਕਿ ਮੈਂ ਅਜਿਹੀਆਂ ਸ਼ਿਕਾਇਤਾਂ ਕਰਨ ਲੱਗਾ ਹੋਇਆ ਹਾਂ ਤਾਂ ਹੀ ਤੈਨੂੰ ਉਹ ਮਿੰਨਤਾਂ ਕਰਦੇ ਹੋਏ ਦਿਸਣ ਲੱਗ ਪਏ ਨੇ।" ਮੈਂ ਮਾਂ ਨੂੰ ਟਾਂਚ ਜਿਹੀ ਲਾਉਂਦਿਆਂ ਆਖਿਆ।

"ਪੁੱਤ, ਤੂੰ ਹੀ ਦੱਸ, ਤੂੰ ਉਸ ਝਗੜੇ ਤੋਂ ਬਾਅਦ ਕਦੇ ਮੇਰੇ ਨਾਲ ਖੁੱਲ੍ਹ ਕੇ ਕੋਈ ਗੱਲ ਕੀਤੀ ਹੈ ਕਦੇ, ਨਾ ਹੀ ਤੂੰ ਆਵਦੀ ਘਰ ਵਾਲੀ ਨਾਲ ਕਰਦਾ ਏਂ। ਅਸੀਂ ਤਾਂ ਸਗੋਂ ਅੰਦਰੋ ਅੰਦਰੀ ਕੁੜ੍ਹਦੀਆਂ ਹੀ ਰਹਿੰਦੀਆਂ ਹਾਂ ਕਿ

ਤੁਸੀਂ ਦੋਵੇਂ ਭਰਾ ਸਾਨੂੰ ਬਹੁਤਾ ਕੁਝ ਦੱਸਦੇ ਹੀ ਨਹੀਂ। ਮੇਰਾ ਤਾਂ ਮੇਰੇ ਮਨ ਦੀ ਸੋਚ ਮੁਤਾਬਕ ਇੱਕ ਅੰਦਾਜ਼ਾ ਸੀ ਜੋ ਮੈਂ ਤੈਨੂੰ ਦੱਸ ਦਿੱਤਾ। ਬਾਕੀ ਤਾਂ ਤੁਸੀਂ ਹੀ ਜਾਣੋਂ ਜਿਹੜੇ ਨਿੱਤ ਦਫ਼ਤਰਾਂ ਕਚਹਿਰੀਆਂ ਵਿੱਚ ਧੱਕੇ ਖਾਂਦੇ ਫਿਰਦੇ ਹੋ।" ਮਾਂ ਨੇ ਲੰਬੀ ਸਾਰੀ ਹੀਰ ਸੁਣਾਅ ਦਿੱਤੀ।

ਮੈਂ ਮਾਂ ਦੀ ਗੱਲ ਨਾਲ ਸਹਿਮਤ ਹੋ ਗਿਆ ਸਾਂ ਕਿਉਂਕਿ ਮੈਂ ਕਦੇ ਵੀ ਅਜਿਹੀ ਕੋਈ ਗੱਲ ਘਰਦਿਆਂ ਨਾਲ ਸਾਂਝੀ ਨਹੀਂ ਸੀ ਕੀਤੀ। ਇਹ ਤਾਂ ਮੈਂ ਤੇ ਯਾਦਵਿੰਦਰ ਹੀ ਸਾਂ ਜੋ ਆਪਸੀ ਰਾਇ ਮਸ਼ਵਰਾ ਕਰਦੇ ਕਰਦੇ ਇਸ ਕੇਸ ਨੂੰ ਖਿੱਚ-ਧੂਹ ਕੇ ਇੱਥੋਂ ਤੱਕ ਲੈ ਆਏ ਸਾਂ। ਸ਼ਾਇਦ ਸਾਡਾ ਇਹ ਮੰਨਣਾ ਕਿ ਆਦਮੀ ਜਿੰਨਾ ਮਰਜ਼ੀ ਸਿਆਣਾ ਹੋਵੇ ਰਸੋਈ ਅਤੇ ਘਰ ਦੇ ਅੰਦਰੂਨੀ ਮਾਮਲਿਆਂ ਵਿੱਚ ਔਰਤ ਦੀ ਹੀ ਚੱਲਣ ਦਿੱਤੀ ਜਾਣੀ ਚਾਹੀਦੀ ਹੈ ਅਤੇ ਬਾਹਰੀ, ਖਾਸ ਕਰਕੇ ਥਾਣੇ ਕਚਹਿਰੀਆਂ ਦੇ ਮਾਮਲਿਆਂ ਵਿੱਚ ਔਰਤਾਂ ਨੂੰ ਜਿੰਨਾ ਦੂਰ ਰੱਖਿਆ ਜਾਵੇ ਉਹ ਚੰਗਾ ਰਹਿੰਦਾ ਹੈ। ਇਸ ਲਈ ਅਸੀਂ ਉਹਨਾਂ ਦੁਆਰਾ ਪੁੱਛੇ ਗਏ ਸਵਾਲਾਂ ਦਾ ਜਵਾਬ ਜ਼ਿਆਦਾਤਰ ਗੋਲ-ਮੋਲ ਹੀ ਕਰ ਜਾਂਦੇ ਹੁੰਦੇ ਸਾਂ। ਸਾਨੂੰ ਆਪਣੀ ਮਾਂ ਦੀ ਸਿਹਤ ਦੀ ਚਿੰਤਾ ਵੀ ਸੀ ਇਸ ਲਈ ਅਸੀਂ ਕਦੇ ਵੀ ਪੂਰਾ ਸੱਚ ਘਰਦਿਆਂ ਨੂੰ ਨਹੀਂ ਦੱਸਿਆ ਸੀ।

ਮੈਨੂੰ ਅੱਜ ਤੱਕ ਵੀ ਇਸ ਗੱਲ ਦੀ ਸਮਝ ਨਹੀਂ ਲੱਗ ਸਕੀ ਕਿ ਮੇਰੀ ਮਾਂ ਨੂੰ ਅਜਿਹੀਆਂ ਗੱਲਾਂ ਦਾ ਅੰਦਾਜ਼ਾ ਕਿਵੇਂ ਲੱਗ ਗਿਆ ਸੀ ? ਇਸ ਦੇ ਦੋ ਹੀ ਕਾਰਨ ਹੋ ਸਕਦੇ ਸਨ। ਪਹਿਲਾ ਇਹ ਕਿ ਮਾਵਾਂ ਵਿੱਚ ਇੱਕ ਅਦੁੱਤੀ ਸ਼ਕਤੀ ਹੁੰਦੀ ਹੈ, ਜਿਸ ਕਾਰਨ ਹਰ ਮਾਂ ਆਪਣੇ ਬੱਚੇ ਦਾ ਚਿਹਰਾ ਪੜ੍ਹ ਕੇ, ਉਸ ਦੀ ਮਾਨਸਿਕ ਹਾਲਤ ਨੂੰ ਮਹਿਸੂਸ ਕਰ ਸਕਦੀ ਹੈ ਕਿ ਉਹ ਕਿਸ ਤਰ੍ਹਾਂ ਦੀ ਮਨੋਸਥਿੱਤੀ 'ਚੋਂ ਲੰਘ ਰਿਹਾ ਹੈ। ਦੂਜਾ ਇਹ ਕਿ ਮਾਂ ਹਰ ਪਲ ਆਪਣੇ ਬੱਚੇ ਦੀ ਹਰ ਕਾਰਵਾਈ 'ਤੇ ਨਜ਼ਰ ਰੱਖਦੀ ਹੈ ਕਿ ਉਹ ਫਲਾਣਾ ਕੰਮ ਕਰ ਕੇ ਖੁਸ਼ ਹੋ ਰਿਹਾ ਹੈ ਜਾਂ ਫਿਰ ਦੁਖੀ।

ਗੱਲ, ਦੋਵਾਂ 'ਚੋਂ ਕੋਈ ਵੀ ਹੋਵੇ ਪਰ ਮੈਨੂੰ ਆਪਣੀ ਮਾਂ ਦੀ ਆਸੀਸ ਮਿਲ ਚੁੱਕੀ ਸੀ। ਹੁਣ ਮੈਨੂੰ ਆਸ ਦੀ ਇੱਕ ਨਵੀਂ ਕਿਰਨ ਨਜ਼ਰ ਆਉਣ ਲੱਗ ਪਈ ਸੀ। ਉਮੀਦ ਵੀ ਸੀ ਕਿ ਨਵੀਆਂ ਪਾਈਆਂ ਗਈਆਂ ਸ਼ਿਕਾਇਤਾਂ ਨਾਲ ਸਮੁੱਚੀ ਵਿਰੋਧੀ ਧਿਰ ਦਾ ਦਿਮਾਗ਼ ਟਿਕਾਣੇ 'ਤੇ ਆ ਜਾਵੇਗਾ ਤੇ ਜਲਦ ਹੀ ਸਾਡਾ ਇਹ ਝਗੜਾ ਖ਼ਤਮ ਹੋ ਜਾਵੇਗਾ। ਮੈਨੂੰ ਇਸ ਗੱਲ ਦੀ ਤਸੱਲੀ ਵੀ ਹੋ ਰਹੀ ਸੀ ਕਿ ਇਹਨਾਂ ਸ਼ਿਕਾਇਤਾਂ ਨਾਲ ਮੈਂ ਉਹਨਾਂ ਦੀ ਨੌਕਰੀ ਵਾਸਤੇ ਵੀ ਵੱਡਾ ਖ਼ਤਰਾ ਨਹੀਂ ਸੀ ਬਣਨਾ ਅਤੇ ਮੇਰਾ ਮਸਲਾ ਵੀ ਹੱਲ ਹੋ ਜਾਣਾ ਸੀ।

ਜਿਸ ਸੁਨੇਹੇ ਦੀ ਮੈਨੂੰ ਬੜੇ ਹੀ ਚਿਰ ਤੋਂ ਉਡੀਕ ਸੀ, ਉਹ ਮਹੀਨਾ

ਬੀਤਣ ਦੇ ਬਾਵਜੂਦ ਵੀ ਨਾ ਆਇਆ। ਇਹ ਉਹ ਸੁਨੇਹਾ ਸੀ ਕਿ ਕਦੇ ਕੋਈ ਵਿਚੋਲਾ ਆ ਕੇ ਸਾਨੂੰ ਆਖੇਗਾ ਕਿ ਦੂਜੀ ਧਿਰ ਆਪਣੀ ਗ਼ਲਤੀ ਮੰਨ ਰਹੀ ਹੈ ਤੇ ਉਹ ਤੁਹਾਡੇ ਵਿਰੁੱਧ ਕੀਤੀਆਂ ਸਾਰੀਆਂ ਸ਼ਿਕਾਇਤਾਂ ਵਾਪਸ ਲੈਣ ਲਈ ਤਿਆਰ ਹੈ ਤੇ ਤੁਸੀਂ ਵੀ ਆਪਣੀਆਂ ਸਾਰੀਆਂ ਸ਼ਿਕਾਇਤਾਂ ਵਾਪਸ ਲੈ ਲਵੋ। ਆਪਾਂ ਸਭ ਨੇ ਚੰਗੇ ਗੁਆਂਢੀ ਬਣ ਕੇ ਰਹਿਣਾ ਹੈ ਤੇ ਅੱਗੇ ਤੋਂ ਵੀ ਮਿਲਦੇ ਵਰਤਦੇ ਰਹਾਂਗੇ।

ਪਤਾ ਨਹੀਂ ਮੇਰੀ ਕਿਸਮਤ ਹੀ ਮਾੜੀ ਸੀ ਜਾਂ ਫਿਰ ਉਹਨਾਂ ਦੀ ਬੁੱਧੀ ਭ੍ਰਿਸ਼ਟ ਹੋਈ ਹੋਈ ਸੀ ਜੋ ਉਹਨਾਂ ਨੂੰ ਵਿਨਾਸ਼ ਵੱਲ ਲਿਜਾਣ ਦਾ ਕੰਮ ਕਰੀ ਜਾ ਰਹੀ ਸੀ। ਉਹ ਕਿਸੇ ਤਰ੍ਹਾਂ ਵੀ ਸਮਝੌਤੇ ਦੀ ਪੇਸ਼ਕਸ਼ ਲੈ ਕੇ ਆਉਣ ਵਾਸਤੇ ਤਿਆਰ ਨਹੀਂ ਸਨ ਹੋਏ।

ਉਹਨਾਂ ਦਿਨਾਂ ਵਿੱਚ ਜਦ ਵੀ ਸਾਡੇ ਘਰ ਦੇ ਬੂਹੇ ਦੀ ਘੰਟੀ ਖੜਕਦੀ ਤਾਂ ਮੈਨੂੰ ਲੱਗਣ ਲੱਗ ਪੈਂਦਾ ਸੀ ਕਿ ਜ਼ਰੂਰ ਹੀ ਕੋਈ ਨਾ ਕੋਈ ਸਮਝੌਤਾ ਕਰਵਾਉਣ ਵਾਲਾ ਵਿਚੋਲਾ ਆਇਆ ਹੈ। ਮੈਂ ਮਨ ਹੀ ਮਨ ਸ਼ੁਕਰ ਮਨਾਉਣ ਲੱਗ ਪੈਂਦਾ ਕਿ ਇਸ ਬੰਦੇ ਦੇ ਆਉਣ ਨਾਲ ਚਲੋ ਮੈਂ ਕਿਸੇ ਪਰਿਵਾਰ ਦੀ ਰੋਜ਼ੀ-ਰੋਟੀ ਖੁੱਸਣ ਦਾ ਕਾਰਨ ਬਣਨ ਤੋਂ ਬਚ ਗਿਆ ਹਾਂ। ਮੈਂ ਉਤਸ਼ਾਹ ਅਤੇ ਚਾਅ ਨਾਲ ਜਾ ਕੇ ਬੂਹਾ ਖੋਲ੍ਹਦਾ ਸਾਂ। ਪਰ ਜਦ ਸਾਹਮਣੇ ਖੜ੍ਹੇ ਡਾਕੀਏ, ਕੇਬਲ ਜਾਂ ਬਿਜਲੀ ਦਾ ਬਿੱਲ ਲੈਣ ਆਏ ਕਰਮਚਾਰੀ ਜਾਂ ਫਿਰ ਕੂੜਾ ਚੁੱਕਣ ਵਾਲੇ ਨੂੰ ਵੇਖ ਲੈਂਦਾ ਤਾਂ ਮੇਰਾ ਦਿਲ ਟੁੱਟ ਜਾਂਦਾ। ਇੱਕ ਦਿਨ ਜਦ ਬੂਹਾ ਖੜਕਣ 'ਤੇ ਮੈਂ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ 'ਸ਼ਨੀ ਦੇਵਤਾ' ਖੜ੍ਹਾ ਸੀ। ਮੈਂ ਗੁੱਸੇ ਵਿੱਚ ਆ ਕੇ ਉਸ ਨੂੰ ਕੁਝ ਕੰਮ ਕਰ ਕੇ ਖਾ ਲੈਣ ਦੀ ਸਲਾਹ ਦਿੱਤੀ ਤੇ ਬਿਨਾਂ ਕੁਝ ਦਿੱਤਿਆਂ ਹੀ ਉਸਨੂੰ ਖਾਲੀ ਮੋੜ ਦਿੱਤਾ ਸੀ।

ਉਸ ਨੂੰ ਦਰ ਤੋਂ ਖਾਲੀ ਮੋੜ ਦੇਣ ਤੋਂ ਬਾਅਦ ਵੀ ਮੈਨੂੰ ਗੁੱਸਾ ਆ ਰਿਹਾ ਸੀ ਕਿ ਜਿੰਨ੍ਹਾਂ ਬੰਦਿਆਂ, ਬੇਸ਼ੱਕ ਉਹ ਮੇਰੇ ਵਿਰੋਧੀ ਹੀ ਸਨ ਅਤੇ ਮੇਰਾ ਨੁਕਸਾਨ ਵੀ ਕਰ ਰਹੇ ਸਨ, ਦਾ ਮੈਂ ਸ਼ਨੀ ਗ੍ਰਹਿ ਟਾਲਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਉਹ ਲੋਹੇ ਦਾ ਥਣ ਬਣੇ ਹੋਏ ਆਪੋ-ਆਪਣੇ ਘਰਾਂ ਵਿੱਚ ਦੜੇ ਬੈਠੇ ਹਨ ਅਤੇ ਇਹ ਐਵੇਂ ਹੀ ਲੋਕਾਂ ਲਈ ਮੰਨਤਾਂ ਮੰਗੀ ਜਾ ਰਿਹਾ ਹੈ।

ਅੰਧ-ਵਿਸ਼ਵਾਸ਼ ਮੁਤਾਬਕ ਮੇਰੇ 'ਤੇ ਆਇਆ ਸ਼ਨੀ ਗ੍ਰਹਿ ਅਜੇ ਤੱਕ ਵੀ ਟਲਿਆ ਨਹੀਂ ਸੀ ਪਰ ਮੈਨੂੰ ਤਾਂ ਦੂਜੀ ਧਿਰ ਦੀ ਫ਼ਿਕਰ ਵੀ ਵੱਢ-ਵੱਢ ਖਾਈ ਜਾ ਰਿਹਾ ਸੀ ਕਿ ਕਿਤੇ ਉਹਨਾਂ ਦੇ ਸ਼ਨੀ ਗ੍ਰਹਿ ਦੇ ਸਫ਼ਲ ਹੋਣ ਦਾ ਕਾਰਨ ਅਤੇ ਵਜ੍ਹਾ ਮੈਂ ਹੀ ਨਾ ਬਣ ਜਾਵਾਂ ਤੇ ਮੇਰੇ ਕਾਰਨ ਉਹਨਾਂ ਦਾ ਨੁਕਸਾਨ ਹੋ ਜਾਵੇ।

ਮੇਰੇ ਵੱਲੋਂ ਦੁਰਕਾਰਿਆ ਨਜ਼ੂਮੀ ਵੀ ਮੇਰੀਆਂ ਨਜ਼ਰਾਂ ਤੋਂ ਉਹਲੇ ਹੋ ਚੁੱਕਾ

ਸੀ ਪਰ ਮੇਰੇ ਮਨ ਨੂੰ ਏਨੀ ਕੁ ਸਮਝ ਜ਼ਰੂਰ ਸੀ ਕਿ ਜੇ ਮੈਂ ਆਪਣੀ ਕਾਨੂੰਨੀ ਕਾਰਵਾਈ ਕਰਵਾਉਣ 'ਤੇ ਉੱਤਰ ਆਇਆ ਤਾਂ ਦੂਜੀ ਧਿਰ ਨੂੰ ਭੱਜਦੇ ਹੋਏ ਰਾਹ ਨਹੀਂ ਦਿਸਣਾ। ਫਿਰ ਇੱਕ ਅਫ਼ਸੋਸ ਵੀ ਹੁੰਦਾ ਕਿ ਜਦ ਉਹਨਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਮੈਂ ਉਹਨਾਂ ਦਾ ਮਾੜਾ-ਮੋਟਾ ਨਹੀਂ, ਸਗੋਂ ਬਹੁਤ ਵੱਡਾ ਨੁਕਸਾਨ ਕਰ ਸਕਦਾ ਹਾਂ ਤਾਂ ਉਹ ਆਪਣੀ ਗ਼ਲਤੀ ਕਿਉਂ ਨਹੀਂ ਮੰਨ ਰਹੇ ਹਨ ? ਮੇਰੇ ਵੱਲੋਂ ਕੀਤੀ ਕਾਨੂੰਨੀ ਕਾਰਵਾਈ ਨਾਲ ਨੁਕਸਾਨ ਤਾਂ ਵੱਡਿਆਂ ਦਾ ਹੋਣਾ ਸੀ ਪਰ ਭੁਗਤਣਾ ਉਹਨਾਂ ਦੇ ਬੱਚਿਆਂ ਨੂੰ ਪੈਣਾ ਸੀ, ਜਿੰਨ੍ਹਾਂ ਦਾ ਕੋਈ ਦੋਸ਼ ਹੀ ਨਹੀਂ ਸੀ।

ਫਿਰ ਮਨ ਵਿੱਚ ਆਉਂਦਾ ਕਿ ਉਹਨਾਂ ਲਈ ਗ਼ਲਤੀ ਨੂੰ ਮੰਨਣਾ ਤੇ ਆਪਣੇ ਹੰਕਾਰ ਨੂੰ ਮਾਰਨਾ ਅਸੰਭਵ ਹੈ। ਉਹ ਕਿਸੇ ਵੀ ਸਥਿੱਤੀ ਦਾ ਸਾਹਮਣਾ ਕਰਨ ਲਈ ਤਾਂ ਤਿਆਰ ਬੈਠੇ ਨੇ ਪਰ ਝੁਕਣ ਲਈ ਨਹੀਂ। ਹੁਣ ਮੇਰੀ ਸਥਿੱਤੀ ਵੀ ਅਜਿਹੀ ਹੀ ਬਣ ਚੁੱਕੀ ਸੀ ਕਿ ਮੈਂ ਝੁਕ-ਝੁਕ ਕੇ ਅੱਕ ਅਤੇ ਥੱਕ ਚੁੱਕਾ ਸਾਂ ਤੇ ਇਸ ਸਥਿੱਤੀ ਵਿੱਚ ਮੈਂ ਉਹਨਾਂ ਦੀ ਮਿੰਨਤ ਵੀ ਨਹੀਂ ਸਾਂ ਕਰ ਸਕਦਾ ਕਿ ਰਹਿਣ ਦਿਓ, ਬਹੁਤ ਹੋ ਗਿਆ ਹੈ। ਮੈਂ ਮਿੰਨਤ ਕਰਾਂ ਵੀ ਕਿਉਂ ? ਮੇਰਾ ਦੋਸ਼ ਵੀ ਕੀ ਹੈ ? ਮੈਂ ਆਪਣੀ ਥਾਂ 'ਤੇ ਸਹੀ ਹਾਂ। ਗ਼ਲਤ ਉਹ ਹਨ।

ਕਈ ਦਿਨ ਬੀਤ ਜਾਣ ਬਾਅਦ ਮੈਨੂੰ ਲੱਗਾ ਕਿ ਦੂਜੀ ਧਿਰ ਅਜੇ ਵੀ 'ਆ ਬੈਲ ਮੁਝੇ ਮਾਰ' ਵਾਲੀ ਪਾਗ਼ਲਪਨ ਵਾਲੀ ਹਾਲਤ ਵਿੱਚ ਹੀ ਬੈਠੀ ਹੋਈ ਹੈ। ਹੁਣ ਜਦ ਬੈਲ ਹੀ ਉਹਨਾਂ ਨੂੰ ਵਾਰ-ਵਾਰ ਉਠਾਅ ਕੇ ਆਖ ਰਿਹਾ ਸੀ ਕਿ ਉੱਠ ਤਾਂ ਖੜ੍ਹੋ, ਤੁਸੀਂ ਇਸ ਬੈਲ ਨੂੰ ਸਿਰਫ਼ ਗਊ ਦਾ ਜਾਇਆ ਸਮਝ ਕੇ ਹੀ ਪੰਗਾ ਲੈ ਲਿਆ ਸੀ। ਗ਼ਲਤੀ ਮੰਨ ਲਓ ਤੇ ਉਸ ਨੂੰ ਆਪਣੇ ਸਿੰਙ ਵਰਤਣ ਲਈ ਮਜਬੂਰ ਨਾ ਕਰੋ। ਦੂਜੀ ਧਿਰ ਫਿਰ ਵੀ ਆਪਣੇ ਹੰਕਾਰ ਵਿੱਚ ਹੀ ਇਸ ਗਊ ਦੇ ਜਾਏ ਨੂੰ ਲੱਤਾਂ ਮਾਰੀ ਜਾ ਰਹੀ ਸੀ ਤਾਂ ਫਿਰ ਗਊ ਦੇ ਜਾਏ ਦਾ ਹਿੰਸਕ ਹੋ ਜਾਣਾ ਵੀ ਕੋਈ ਅਤਿ-ਕਥਨੀ ਜਾਂ ਜੱਗੋਂ ਤੇਰ੍ਹਵੀਂ ਗੱਲ ਨਹੀਂ ਹੋਣੀ ਸੀ। ਮੈਂ ਬਹੁਤ ਦੇਰ ਇਸ ਤਰ੍ਹਾਂ ਹੀ ਸੋਚਦਾ ਰਹਿੰਦਾ।

ਔਖ ਦਾ ਬੜਾ ਹੀ ਲੰਬਾ ਸਮਾਂ ਹੰਢਾਉਣ ਅਤੇ ਦੂਜੀ ਧਿਰ ਵੱਲੋਂ ਕੋਈ ਠੰਢੀ ਹਵਾ ਦਾ ਬੁੱਲਾ ਨਾ ਆਉਣ ਕਰਕੇ ਮੈਂ ਆਪਣੇ ਹਮਦਰਦ ਪੁਲਿਸ ਵਾਲੇ ਨੂੰ ਫ਼ੋਨ ਮਿਲਾਅ ਲਿਆ ਤੇ ਸਾਰੀ ਸਥਿੱਤੀ ਤੋਂ ਜਾਣੂ ਕਰਵਾਅ ਦਿੱਤਾ। ਉਹ ਮੈਨੂੰ ਅਤੇ ਮੇਰੇ ਕੇਸ ਨੂੰ ਚੰਗੀ ਤਰ੍ਹਾਂ ਸਮਝ ਚੁੱਕਾ ਸੀ। ਉਹ ਬੋਲਿਆ, "ਚੱਲ, ਇੰਝ ਕਰ ਪ੍ਰਮਾਣੂ ਹਥਿਆਰ ਚਲਾਉਣ ਤੋਂ ਪਹਿਲਾਂ ਇੱਕ ਹੋਰ ਫੋਕਾ ਜਿਹਾ ਫਾਇਰ ਕਰ ਕੇ ਵੇਖ ਲੈ। ਸ਼ਾਇਦ ਇਹਨਾਂ ਦੀ ਨੀਂਦ ਟੁੱਟ ਜਾਵੇ। ਤੂੰ ਇੱਕ ਸੌ ਕਿਆਸੀ ਨੰਬਰ 'ਤੇ ਹੀ ਫ਼ੋਨ ਕਰ ਕੇ ਵੇਖ ਹੀ ਲੈ।"

"ਉਹ ਤਾਂ ਮੈਂ ਪਹਿਲਾਂ ਵੀ ਕਿੰਨੀ ਵਾਰ ਕਰ ਚੁੱਕਾ ਹਾਂ। ਸਭ ਉਹਨਾਂ ਦੇ ਹੱਕ ਵਿੱਚ ਹੀ ਭੁਗਤਦੇ ਨੇ, ਭਰਾਵਾ।" ਮੈਂ ਨਿਰਾਸ਼ਾ ਭਰੀ ਆਵਾਜ਼ ਵਿੱਚ ਆਖਿਆ।

"ਕੋਈ ਨ੍ਹੀਂ, ਤੂੰ ਇਸ ਕੇਸ ਵਿੱਚ ਤਾਂ ਪਹਿਲੀ ਵਾਰੀ ਹੀ ਕਰਨਾ ਹੈ ਨਾ, ਵੇਖ ਤਾਂ ਸਹੀ, ਕੀ ਜਵਾਬ ਦਿੰਦੇ ਨੇ। ਬਾਕੀ ਫਿਰ ਵੇਖਾਂਗੇ। ਸ਼ਾਇਦ ਅਕਲ ਆ ਹੀ ਜਾਵੇ।" ਨਾਲ ਦੀ ਨਾਲ ਹੀ ਉਹ ਵਕੀਲਾਂ ਵਾਲੀ ਭਾਸ਼ਾ ਵਿੱਚ ਬੋਲਿਆ, "ਇਹ ਮਾਮਲਾ ਵੱਖਰਾ ਹੈ, ਪਹਿਲਾਂ ਵਾਲੇ ਅਲੱਗ ਸਨ।"

"ਕੋਈ ਨ੍ਹੀਂ ਜੀ, ਮੈਂ ਕੁਝ ਕੁ ਦਿਨ ਹੋਰ ਉਡੀਕ ਕਰ ਲਵਾਂ ਫਿਰ ਇਹ ਫਾਇਰ ਵੀ ਕਰ ਦੇਵਾਂਗਾ।" ਅਸਲ ਵਿੱਚ ਮੈਂ ਕੁਝ ਸਮਾਂ ਲੰਘਾਉਣਾ ਚਾਹੁੰਦਾ ਸਾਂ ਤਾਂ ਕਿ ਸ਼ਾਇਦ ਕੁਝ ਦਿਨਾਂ ਵਿੱਚ ਦੂਜੀ ਧਿਰ ਨੂੰ ਸੂਝ ਆ ਹੀ ਜਾਵੇ।

"ਚੱਲ, ਉਹ ਤਾਂ ਤੇਰੀ ਮਰਜ਼ੀ, ਤੈਨੂੰ ਇਹ ਅੱਕ ਚੱਬਣਾ ਹੀ ਪੈਣਾ ਏ। ਨਹੀਂ ਤਾਂ ਸਾਡਾ ਮਹਿਕਮਾ ਇਹੋ-ਜਿਹਾ ਹੀ ਹੈ ਤੇ ਇਹਨੇ ਤੇਰੀ ਸ਼ਿਕਾਇਤ ਹੀ ਦੱਬੀ ਰੱਖਣੀ ਏ।" ਉਸ ਨੇ ਆਪਣਾ ਤਜ਼ਰਬਾ ਦੱਸਿਆ।

"ਮੈਂ ਦੱਬਣ ਤਾਂ ਨ੍ਹੀਂ ਦਿੰਦਾ। ਇਹਨਾਂ ਨੂੰ ਭਜਾਊਂ ਤਾਂ ਚੰਗੀ ਤਰ੍ਹਾਂ। ਇਹ ਤਾਂ ਦੱਬੇ ਹੋਏ ਮੁਰਦੇ ਵੀ ਕੱਢ ਕੱਢ ਕੇ ਲਿਆਉਣਗੇ। ਮੈ ਤਾਂ ਇੱਕ ਸ਼ਿਕਾਇਤ ਹੀ ਕਰਨੀ ਹੈ।" ਮੈਂ ਹੱਸ ਕੇ ਆਖਿਆ।

"ਉਹ ਤਾਂ ਮੈਨੂੰ ਪਤੈ, ਕਾਮਰੇਡਾ। ਉਂਝ ਇਹਨਾਂ ਨੇ ਪੰਗਾ ਪੁੱਠਾ ਹੀ ਲੈ ਲਿਆ। ਇਹ ਦਹੀਂ ਦੇ ਭੁਲੇਖੇ ਕਪਾਹ ਨੂੰ ਮੂੰਹ ਮਾਰ ਬੈਠੇ ਨੇ।" ਉਸ ਨੇ ਵੀ ਮਜ਼ਾਕ ਵਿੱਚ ਹੀ ਜਵਾਬ ਦਿੱਤਾ।

"ਇਹ ਪਹਿਲਾਂ ਦੇ ਹੀ ਗਿੱਝੇ ਹੋਏ ਸੀ। ਸਾਨੂੰ ਤਾਂ ਹੁਣ ਲੋਕੀਂ ਦੱਸਦੇ ਨੇ ਕਿ ਇਹਨਾਂ ਨੇ ਪਹਿਲੇ ਮਾਲਕ ਨੂੰ ਵੀ ਧੱਕੇ ਨਾਲ ਹੀ ਕੰਧ ਕੱਢਣੋਂ ਰੋਕ ਦਿੱਤਾ ਸੀ ਤੇ ਉਹ ਵਿਚਾਰਾ ਇਸੇ ਹੇਰਵੇ ਵਿੱਚ ਹੀ ਚੱਲ ਵਸਿਆ ਸੀ।" ਮੈਂ ਨਵੀਂ ਜਾਣਕਾਰੀ ਉਸ ਨਾਲ ਸਾਂਝੀ ਕੀਤੀ।

"ਮੈਨੂੰ ਪਤੈ, ਉਹ ਵਿਚਾਰਾ ਗ਼ਰੀਬ ਬੰਦਾ ਸੀ। ਉਸ ਨੂੰ ਇਹਨਾਂ ਨੇ ਦਬਕਾਅ ਲਿਆ ਸੀ। ਉਹ ਇਹਨਾਂ ਤੋਂ ਭੈਅ ਵੀ ਖਾ ਗਿਆ ਸੀ। ਇਹਨਾਂ ਨੇ ਓਹੀ ਫੋਕਾ ਦਬਕਾ ਥੋਡੇ 'ਤੇ ਵੀ ਮਾਰਿਆ ਸੀ ਕਿ ਸ਼ਾਇਦ ਇਹ ਵੀ ਡਰ ਜਾਣਗੇ। ਇੰਝ ਨਹੀਂ ਸੀ ਪਤਾ ਬਈ, ਇਹ ਸਿੰਙ ਨੇ।" ਉਹ ਇਸ ਤਰ੍ਹਾਂ ਬੋਲਿਆ ਜਿਵੇਂ ਉਸ ਨੂੰ ਪਹਿਲੀ ਕਹਾਣੀ ਦਾ ਵੀ ਪਤਾ ਹੋਵੇ।

ਮੈਂ ਉਸ ਦੀ ਗੱਲ ਵਿੱਚੋਂ ਹੀ ਟੋਕ ਦਿੱਤੀ, "ਸਰ, ਥੋਨੂੰ ਪਤਾ ਇਸ ਗੱਲ ਦਾ ?"

"ਓ ਯਾਰ, ਸਾਡਾ ਮਹਿਕਮਾ ਪਤਾ ਕਿਹੜਾ ਹੈ ? ਇਹ ਤਾਂ ਉੱਡੀ

ਜਾਂਦੀ ਚਿੜੀ ਦੇ ਖੰਭ ਗਿਣ ਲੈਂਦਾ ਹੈ।ਜਦ ਕਦੇ ਵੀ ਥੋੜੇ ਕੇਸ ਦੀ ਗੱਲ ਚੱਲਦੀ ਹੈ ਤਾਂ, ਤੇਰੇ ਅਤੇ ਤੇਰੇ ਪਰਿਵਾਰ ਦੇ ਅੱਗੇ-ਪਿੱਛੇ ਬਾਰੇ ਵੀ ਗੱਲ ਹੁੰਦੀ ਹੈ ਤੇ ਦੂਜੀ ਧਿਰ ਦੇ ਬਾਰੇ ਵੀ।ਅਸੀਂ ਕਿਸੇ ਬਾਰੇ ਵੀ ਕਿਸੇ ਨੂੰ ਪੁੱਛਣ ਨ੍ਹੀਂ ਜਾਂਦੇ।ਲੋਕ ਆਪੇ ਹੀ ਆ ਕੇ ਸਾਰਾ ਕੁਝ ਦੱਸ ਜਾਂਦੇ ਹਨ ਕਿ ਫਲਾਣੇ ਕੇਸ ਵਿਚਲੀ ਫਲਾਣੀ ਧਿਰ ਕਿੱਥੇ ਕੁ ਸਟੈਂਡ ਕਰਦੀ ਏ ਦੂਜੀ ਧਿਰ ਕਿੱਥੇ ? ਮੈਨੂੰ ਤਾਂ ਪੋਟਾ-ਪੋਟਾ ਪਤਾ ਤੇਰੇ ਕੇਸ ਦਾ।ਤਾਂ ਹੀ ਮੈਂ ਪ੍ਰਮਾਣੂ ਬੰਬ ਤੈਨੂੰ ਸੌਂਪਿਆ ਸੀ।" ਉਸ ਨੇ ਗੰਭੀਰ ਹੁੰਦੇ ਹੋਏ ਆਖਿਆ।

"ਸਰ, ਫ਼ਿਕਰ ਨਾ ਕਰੋ।ਆਪਾਂ ਪ੍ਰਮਾਣੂ ਸ਼ਕਤੀ ਦਾ ਉਪਯੋਗ ਸ਼ਾਂਤੀ ਸਥਾਪਨਾ ਲਈ ਹੀ ਕਰਾਂਗੇ ਤੇ ਭਾਰਤ ਵਾਂਙ।ਇਸ ਨੂੰ ਪਹਿਲਾਂ ਨਾ ਚਲਾਉਣ ਬਾਰੇ ਵੀ ਵਚਨ-ਬੱਧ ਹਾਂ।ਪਰ ਜੇ ਅਗਲੇ ਨਾ ਹੀ ਟਲ਼ੇ ਤਾਂ ਫੇਰ ਪਿੱਛੇ ਨਹੀਂ ਹਟਾਂਗੇ।" ਮੈਂ ਵੀ ਗੰਭੀਰਤਾ ਨਾਲ ਉੱਤਰ ਦਿੱਤਾ।

"ਉਹਨਾਂ ਦਾ ਪ੍ਰਮਾਣੂ ਬੰਬ ਪਤਾ ਕਿਹੜਾ ਸੀ ?" ਉਸ ਨੇ ਮੈਨੂੰ ਸਵਾਲ ਕੀਤਾ।

"ਨਹੀਂ ਜੀ।" ਮੈਂ ਸੁਭਾਵਕ ਹੀ ਆਖਿਆ।

"ਸੁਣ ਫਿਰ, ਉਹਨਾਂ ਦਾ ਸਭ ਤੋਂ ਵੱਡਾ ਪ੍ਰਮਾਣੂ ਬੰਬ ਸੀ ਕਿ ਤੇਰੇ ਖ਼ਿਲਾਫ਼ ਅਦਾਲਤ ਵਿੱਚ ਕੇਸ ਕਰਕੇ ਤੈਨੂੰ ਦਬਕਾਉਣਾ ਤੇ ਦੂਜਾ ਸੀ ਤੇਰੇ 'ਤੇ ਘੱਟ ਰੇਟ 'ਤੇ ਰਜਿਸਟਰੀ ਕਰਵਾਉਣ ਦੀ ਸ਼ਿਕਾਇਤ ਕਰਨਾ।" ਉਸ ਨੇ ਸਹਿਜਤਾ ਨਾਲ ਦੱਸਿਆ।

"ਸਰ ਕਹਿੰਦਾ ਤਾਂ ਵੱਡਾ ਭਰਾ ਵੀ ਏਵੇਂ ਹੀ ਸੀ ਪਰ ਮੈਂ ਪ੍ਰੇਸ਼ਾਨੀ ਕਾਰਨ ਉਸ ਦੀ ਗੱਲ ਚੱਜ ਨਾਲ ਸੁਣ ਨ੍ਹੀਂ ਸਕਿਆ ਪਰ ਆਪਾਂ ਇਹੋ ਜਿਹੇ ਫੁੱਦੂ ਦਬਕਿਆਂ ਤੋਂ ਡਰਨ ਵਾਲੇ ਨਹੀਂ।ਉਹਨਾਂ ਦਾ ਇੱਕ ਬੰਬ ਤਾਂ ਨਕਾਰਾ ਕਰ ਦਿੱਤੈ, ਦੂਜਾ ਵੀ ਜਲਦੀ ਹੀ ਕਰ ਦੇਵਾਂਗੇ।ਉਹ ਡਰ ਦੇ ਮਾਰੇ ਤਾਰੀਕ ਭੁਗਤਣ ਹੀ ਨ੍ਹੀਂ ਜਾਂਦੇ।ਉੱਥੇ ਵੀ ਇਹਨਾਂ ਨੂੰ ਮੂੰਹ ਦੀ ਹੀ ਖਾਣੀ ਪੈਣੀ ਹੈ।" ਮੈਂ ਦ੍ਰਿੜ ਵਿਸ਼ਵਾਸ ਨਾਲ ਆਖਿਆ।

"ਚਲ, ਠੀਕ ਹੈ ਫਿਰ।ਤੂੰ ਹੁਣ ਸੋਚ ਵਿਚਾਰ ਕਰ ਲਵੀਂ ਪਰ ਤੈਨੂੰ ਉਹ ਫ਼ੋਨ ਕਰਨਾ ਹੀ ਪੈਣਾ ਏ।ਆਪਣੇ ਘਰ ਸਲਾਹ ਮਸ਼ਵਰਾ ਕਰ ਲਵੀਂ।" ਉਸ ਨੇ ਗੱਲ ਨਿਬੇੜਣ ਦੇ ਰੌਂਅ ਵਿੱਚ ਆਖਿਆ।

"ਠੀਕ ਹੈ ਸਰ, ਮੈਂ ਘਰ ਗੱਲ ਕਰਦਾ ਹਾਂ ।ਧੰਨਵਾਦ ਜੀ।ਫਿਰ ਮਿਲਦੇ ਹਾਂ।" ਆਖ ਕੇ ਮੈਂ ਫ਼ੋਨ ਕੱਟ ਦਿੱਤਾ।

ਇਸ ਉਡੀਕ ਦੇ ਲੰਮੇ ਹੁੰਦੇ ਜਾਣ ਤੋਂ ਮੈਂ ਅੱਕ ਤਾਂ ਗਿਆ ਸਾਂ ਪਰ ਫਿਰ ਵੀ ਮੈਂ ਹੌਸਲਾ ਰੱਖਿਆ ਅਤੇ ਕੁਝ ਦਿਨ ਹੋਰ ਲੰਘਾਉਣ ਵਿੱਚ ਹੀ ਭਲਾਈ ਸਮਝੀ।ਇੱਕ ਦਿਨ ਜਦ ਮੈਂ ਸਕੂਲ ਤੋਂ ਵਾਪਸ ਆ ਰਿਹਾ ਤਾਂ ਸ਼ਹਿਰ ਦੇ

ਬਿਲਕੁਲ ਹੀ ਨਾਲ ਲੱਗਦੇ ਇੱਕ ਪਿੰਡ ਦਾ ਜਾਣੂੰ ਸਰਪੰਚ ਮੈਨੂੰ ਮਿਲ ਪਿਆ। ਰਸਮੀ ਜਿਹਾ ਹਾਲ ਚਾਲ ਅਤੇ ਘਰ-ਪਰਿਵਾਰ ਦੀ ਸੁੱਖ-ਸਾਂਦ ਪੁੱਛਣ ਤੋਂ ਬਾਅਦ ਉਸ ਨੇ ਕੇਸ ਵਾਲੀ ਗੱਲ ਛੇੜ ਲਈ ਸੀ।

"ਯਾਰ, ਮੈਨੂੰ ਪਤਾ ਲੱਗਾ ਸੀ ਕਿ ਤੇਰਾ ਗਲੀ ਵਿੱਚ ਕੋਈ ਰੌਲ਼ਾ ਪਿਆ ਹੋਇਆ ਹੈ। ਇੱਕ ਦਿਨ ਉਹ ਮੇਰੇ ਕੋਲ ਆਏ ਸੀ ਤੇ ਸਾਰੀ ਗੱਲ ਦੱਸ ਕੇ ਗਏ ਸੀ। ਤੁਹਾਡਾ ਸਮਝੌਤਾ ਨਾ ਕਰਵਾਅ ਦੇਈਏ ?" ਉਸ ਨੇ ਮੇਰਾ ਮਨ ਪੜ੍ਹਣ ਦਾ ਯਤਨ ਕੀਤਾ।

"ਕੋਈ ਨ੍ਹੀਂ, ਸਰਪੰਚ ਸਾਹਬ ! ਤੁਸੀਂ ਜਿਵੇਂ ਆਖੋਗੇ ਕਰ ਲਵਾਂਗੇ। ਪਰ ਮੇਰੀ ਇੱਕ ਬੇਨਤੀ ਹੈ ਕਿ ਜੇ ਕੋਈ ਰਾਜ਼ੀਨਾਮਾ ਕਰਵਾਉਣਾ ਹੈ ਤਾਂ ਪੰਜ ਤਾਰੀਕ ਤੋਂ ਪਹਿਲਾਂ-ਪਹਿਲਾਂ ਕਰਵਾਅ ਦਿਓ। ਨਹੀਂ ਤਾਂ ਪੰਜ ਨੂੰ ਚੰਡੀਗੜ੍ਹ ਮਨੁੱਖੀ ਅਧਿਕਾਰ ਕਮਿਸ਼ਨ ਦੇ ਅੱਗੇ ਸਾਡੀ ਤਾਰੀਕ ਹੈ। ਜੇ ਮੈਂ ਆਪਣੇ ਸਾਰੇ ਸਬੂਤ ਉੱਥੇ ਪੇਸ਼ ਕਰ ਆਇਆ ਤਾਂ ਫਿਰ ਮਾਮਲਾ ਵਾਪਸ ਲੈਣਾ ਔਖਾ ਹੋ ਜਾਵੇਗਾ।" ਮੈਂ ਸਹੀ ਗੱਲ ਦੱਸ ਦਿੱਤੀ।

"ਠੀਕ ਹੈ, ਮੈਂ ਪਤਾ ਕਰਕੇ ਫ਼ੋਨ ਕਰਾਂਗਾ। ਆਪਾਂ ਕੇਸ ਨੂੰ ਨਿਬੇੜਨਾ ਹੀ ਨਿਬੇੜਣਾ ਹੈ।" ਉਸ ਨੇ ਕਾਹਲ਼ ਨਾਲ ਆਖਿਆ।

"ਠੀਕ ਏ ਸਰਪੰਚ ਸਾਹਬ, ਦੱਸ ਦਿਓ ਮੈਨੂੰ।" ਆਖ ਕੇ ਅਸੀਂ ਆਪੋ-ਆਪਣੇ ਰਾਹ ਪੈ ਗਏ।

ਮੈਂ ਮਨ ਹੀ ਮਨ 181 ਨੰਬਰ 'ਤੇ ਫ਼ੋਨ ਨਾ ਕਰਨ ਦੇ ਆਪਣੇ ਫ਼ੈਸਲੇ 'ਤੇ ਮਾਣ ਵੀ ਕਰ ਰਿਹਾ ਸਾਂ। ਜਦੋਂ ਮੈਂ ਸਰਪੰਚ ਨਾਲ ਹੋਈ ਸਾਰੀ ਗੱਲ ਘਰ ਆ ਕੇ ਦੱਸੀ ਤਾਂ ਸਾਰੇ ਜੀਆਂ ਨੂੰ ਲੱਗਣ ਲੱਗ ਪਿਆ ਕਿ ਹੁਣ ਇਹ ਮਸਲਾ ਮਨੁੱਖੀ ਅਧਿਕਾਰ ਕਮਿਸ਼ਨ ਦੀ ਤਾਰੀਕ ਤੋਂ ਪਹਿਲਾਂ-ਪਹਿਲਾਂ ਹੀ ਨਿੱਬੜ ਜਾਵੇਗਾ। ਉਸ ਤਾਰੀਕ ਵਿੱਚ ਅਜੇ ਦਸ ਕੁ ਦਿਨ ਪਏ ਸਨ ਤੇ ਸਭ ਨੂੰ ਆਸ ਸੀ ਕਿ ਦਸ ਦਿਨ ਤਾਂ ਇਸ ਮਸਲੇ ਦੇ ਨਿਬੇੜੇ ਲਈ ਬਹੁਤ ਜ਼ਿਆਦਾ ਹਨ ਕਿਉਂਕਿ ਆਪਾਂ ਕਿਹੜਾ ਕਿਸੇ ਦਾ ਨੁਕਸਾਨ ਕਰਨਾ ਹੈ। ਜਿਹੜਾ ਸਬਕ ਉਹਨਾਂ ਨੂੰ ਸਿਖਾਉਣਾ ਚਾਹੁੰਦੇ ਸਾਂ ਸ਼ਾਇਦ ਉਹ ਉਹਨਾਂ ਨੂੰ ਮਿਲ ਗਿਆ ਹੈ। ਇਸ ਲਈ ਇਸ ਮਸਲੇ ਨੂੰ ਹੋਰ ਜ਼ਿਆਦਾ ਤੂਲ ਵੀ ਨਹੀਂ ਦੇਣੀ ਚਾਹੀਦੀ।

ਮੈਂ ਦਿਲੋਂ ਚਾਹੁੰਦਾ ਸਾਂ ਕਿ ਮੈਨੂੰ ਚੰਡੀਗੜ੍ਹ ਦਾ ਚੱਕਰ ਨਾ ਹੀ ਮਾਰਨਾ ਪਵੇ। ਉੱਥੇ ਬੱਸ ਵਾਲੀਆਂ ਫ਼ੋਟੋਆਂ ਅਤੇ ਮੂਵੀ ਜਮ੍ਹਾਂ ਕਰਵਾਉਣ ਦਾ ਮਤਲਬ ਨਿਕਲਣਾ ਸੀ ਕਿ ਇਹ ਸਬੂਤ ਹੁਣ ਪੁਲਿਸ ਵਿਭਾਗ ਤੋਂ ਬਾਹਰ ਨਿਕਲ ਕੇ ਕਮਿਸ਼ਨ ਦੇ ਹੱਥਾਂ ਵਿੱਚ ਚਲੇ ਜਾਣੇ ਸਨ। ਪੁਲਿਸ ਵਿਭਾਗ ਤਾਂ ਆਪਣੇ ਕਰਮਚਾਰੀਆਂ ਨੂੰ ਲਗਾਤਾਰ ਬਚਾਅ ਰਿਹਾ ਸੀ ਪਰ ਕਮਿਸ਼ਨ ਨੇ ਤਾਂ ਭੋਰਾ-ਭਰ ਵੀ ਲਿਹਾਜ਼ ਨਹੀਂ ਸੀ ਕਰਨੀ ਤੇ ਦੋਵਾਂ ਪੁਲਿਸ ਵਾਲਿਆਂ ਦੀ ਨੌਕਰੀ ਨੂੰ

ਖ਼ਤਰਾ ਬਣ ਜਾਣਾ ਸੀ। ਮੈਂ ਅਜਿਹਾ ਬਿਲਕੁਲ ਵੀ ਨਹੀਂ ਚਾਹੁੰਦਾ ਸਾਂ ਤੇ ਇਸ ਬਾਰੇ ਮੈਂ ਪਹਿਲਾਂ ਹੀ ਮਲਕੀਤ ਨੂੰ ਸੰਕੇਤ ਦੇ ਚੁੱਕਾ ਸਾਂ।

ਇਹਨਾਂ ਦਿਨਾਂ ਵਿੱਚ ਜਦ ਵੀ ਮੇਰਾ ਫ਼ੋਨ ਵੱਜਦਾ ਤਾਂ ਮਨ ਵਿੱਚ ਆਉਂਦਾ ਕਿ ਜ਼ਰੂਰ ਹੀ ਸਰਪੰਚ ਦਾ ਫ਼ੋਨ ਆ ਗਿਆ ਹੈ। ਜਦ ਮੈਂ ਸਕਰੀਨ ਉੱਤੇ ਕਿਸੇ ਹੋਰ ਬੰਦੇ ਦਾ ਨਾਂ ਪੜ੍ਹ ਲੈਂਦਾ ਤਾਂ ਮਨ ਥੋੜ੍ਹਾ ਜਿਹਾ ਉਦਾਸ ਵੀ ਹੋ ਜਾਂਦਾ। ਫ਼ੋਨ ਵੱਜਣ 'ਤੇ ਜੇ ਸਿਰਫ਼ ਨੰਬਰ ਹੀ ਆਉਂਦਾ ਤਾਂ ਮੈਨੂੰ ਲੱਗਦਾ ਕਿ ਸ਼ਾਇਦ ਸਰਪੰਚ ਨੇ ਕਿਸੇ ਹੋਰ ਨੰਬਰ ਤੋਂ ਫ਼ੋਨ ਕੀਤਾ ਹੋਣਾ ਹੈ ਤੇ ਮੈਂ ਝੱਟ ਦੇਣੇ ਫ਼ੋਨ ਚੁੱਕ ਲੈਂਦਾ ਸਾਂ ਪਰ ਜਦ ਕੋਈ ਹੋਰ ਹੀ ਬੋਲਣ ਲੱਗ ਜਾਂਦਾ ਤਾਂ ਮੈਨੂੰ ਫ਼ੋਨ ਕਰਨ ਵਾਲੇ 'ਤੇ ਖਿਝ ਜਿਹੀ ਚੜ੍ਹ ਜਾਂਦੀ ਸੀ।

0-0-0

ਇੱਕ ਦਿਨ ਟੀ.ਵੀ. ਅੱਗੇ ਬੈਠਾ ਆਮ ਵਾਂਢ ਖਬਰਾਂ ਸੁਣ ਰਿਹਾ ਸਾਂ। ਇੱਕ ਪੰਜਾਬੀ ਚੈਨਲ ਉੱਪਰ ਚੱਲ ਰਹੀ ਖ਼ਬਰ 'ਤੇ ਧਿਆਨ ਪੈਂਦਿਆਂ ਹੀ ਮੇਰੇ ਹੱਥ ਵਿਚਲਾ ਰਿਮੋਟ ਇੱਕ ਵਾਰ ਤਾਂ ਛੁੱਟਣ ਹੀ ਲੱਗਾ ਸੀ। ਇਹ ਖ਼ਬਰ ਅਦਾਲਤ ਦੇ ਹੁਕਮਾਂ ਅਨੁਸਾਰ ਸਾਡੇ ਸ਼ਹਿਰ ਦੇ ਇੱਕ ਮਾਨਸਿਕ ਰੋਗੀ ਪਰਿਵਾਰ ਨੂੰ ਦੋ ਦਹਾਕਿਆਂ ਤੋਂ ਬਾਅਦ ਘਰ 'ਚੋਂ ਬਾਹਰ ਕੱਢਣ ਦੀ ਸੀ। ਇਹ ਉਸੇ ਜੁਝਾਰ ਸਿੰਘ ਦੇ ਪਰਿਵਾਰ ਦੀ ਹੀ ਖ਼ਬਰ ਸੀ, ਜਿਹੜਾ ਮੈਨੂੰ ਉਸ ਦਿਨ ਵਕੀਲ ਕੋਲ ਮਿਲਿਆ ਸੀ। ਟੀ.ਵੀ. 'ਤੇ ਵਾਰ-ਵਾਰ ਉਸ ਪਰਿਵਾਰ ਨਾਲ ਸਬੰਧਤ ਰਿਪੋਰਟਾਂ ਮਸਾਲੇ ਲਾ ਕੇ ਪੇਸ਼ ਕੀਤੀਆਂ ਜਾ ਰਹੀਆਂ ਸਨ। ਕਦੇ ਪਰਿਵਾਰ ਮੁਖੀ ਜੁਝਾਰ ਸਿੰਘ ਨਾਲ ਅਤੇ ਕਦੇ ਉਸ ਦੇ ਵਕੀਲ, ਜੋ ਕਿ ਮੇਰਾ ਵੀ ਵਕੀਲ ਸੀ, ਨਾਲ ਗੱਲਬਾਤ ਵਿਖਾਈ ਜਾ ਰਹੀ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਜਦ ਉਸ ਪਰਿਵਾਰ ਨੂੰ ਜ਼ਬਰਦਸਤੀ ਘਰ ਤੋਂ ਬਾਹਰ ਕੱਢਿਆ ਜਾ ਰਿਹਾ ਸੀ ਤਾਂ ਮਾਨਸਿਕ ਰੂਪ 'ਚ ਬੀਮਾਰ ਔਰਤ ਨੇ ਆਪਣੇ ਬੱਚਿਆਂ ਨੂੰ ਬਚਾਉਣ ਲਈ ਉਸ ਟੀਮ 'ਤੇ ਹਮਲਾ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ ਸੀ। ਏਨੇ ਵਰ੍ਹਿਆਂ ਦੀ ਸਵੈ-ਕੈਦ ਭੋਗਣ ਕਾਰਨ ਉਸ ਦੇ ਹੱਥ ਏਨੇ ਮਜ਼ਬੂਤ ਨਹੀਂ ਰਹਿ ਗਏ ਸਨ ਕਿ ਉਹ ਪੁਲਿਸ ਵਾਲਿਆਂ ਦਾ ਮੁਕਾਬਲਾ ਕਰ ਸਕਦੇ। ਮੈਨੂੰ ਲੱਗਾ ਕਿ ਦੁਨੀਆ ਦੀ ਨਜ਼ਰ ਵਿੱਚ ਭਾਵੇਂ ਉਹ ਪਾਗ਼ਲ ਸੀ ਪਰ ਉਸ ਅੰਦਰਲਾ ਮਾਂ ਦਾ ਦਿਲ ਅਜੇ ਵੀ ਆਪਣੀ ਔਲਾਦ ਲਈ ਹੀ ਧੜਕ ਰਿਹਾ ਸੀ। ਆਪਣੇ ਬੱਚਿਆਂ ਦੀ ਸਲਾਮਤੀ ਖ਼ਾਤਿਰ ਉਸ ਨੇ ਘਰ ਦੀ ਚਾਰ-ਦੀਵਾਰੀ ਨੂੰ ਜੇਲ੍ਹ ਹੀ ਬਣਾਅ ਲਿਆ ਸੀ ਤੇ ਪਤੀ ਨੂੰ ਵੀ ਬਾਹਰ ਕੱਢ ਦਿੱਤਾ ਸੀ। ਅੱਜ ਉਸਦਾ ਅਪਣੇ ਪਰਿਵਾਰ 'ਤੇ ਹਮਲਾ ਹੋਣ ਦਾ ਮਨ ਵਿਚਲਾ ਡਰ ਸੱਚ ਸਾਬਿਤ ਹੋ ਰਿਹਾ ਸੀ। ਸ਼ਾਇਦ ਇਸ ਲਈ ਉਸ ਨੇ ਆਪਣੇ ਬੱਚਿਆਂ ਨੂੰ ਬਚਾਉਣ ਦੀ ਖ਼ਾਤਰ ਪੁਲਿਸ ਦਲ ਉੱਪਰ ਹਮਲਾ ਕਰ ਦਿੱਤਾ ਸੀ।

ਮੈਨੂੰ ਇੱਕ ਪਾਸੇ ਤਾਂ ਖੁਸ਼ੀ ਹੋਈ ਕਿ ਇੱਕ ਪਰਿਵਾਰ ਇਲਾਜ਼ ਕਰਵਾਅ ਕੇ ਆਮ ਜ਼ਿੰਦਗੀ ਬਿਤਾਉਣ ਲੱਗ ਪਵੇਗਾ ਪਰ ਮਨ ਵਿੱਚ ਇੱਕ ਸਵਾਲ ਇਹ ਵੀ ਉੱਠ ਰਿਹਾ ਸੀ ਕਿ ਜਦ ਇਸ ਤਰ੍ਹਾਂ ਦੇ ਪਹਿਲ ਦੇ ਆਧਾਰ 'ਤੇ ਵਿਚਾਰੇ ਜਾਣ ਵਾਲੇ ਕੇਸਾਂ ਵਿੱਚ ਸਾਡੀਆਂ ਅਦਾਲਤਾਂ ਅਤੇ ਪ੍ਰਸ਼ਾਸ਼ਨ ਚਾਰ-ਪੰਜ ਮਹੀਨੇ ਤੱਕ ਦਾ ਸਮਾਂ ਸਹਿਜੇ ਲਾ ਦਿੰਦੀਆਂ ਹਨ ਤਾਂ ਬਾਕੀ ਦੇ ਕੇਸਾਂ ਦਾ ਤਾਂ ਰੱਬ ਹੀ ਰਾਖਾ ਹੈ।ਸ਼ਾਇਦ ਇਹ ਕਾਨੂੰਨ ਸਾਡੇ ਦੇਸ਼ ਵਿੱਚ ਹੀ ਲਾਗੂ ਹੈ ਕਿ 'ਜ਼ਿੰਦਗੀ ਦਾ ਅਧਿਕਾਰ' ਲਾਗੂ ਕਰਵਾਉਣ ਤੱਕ ਬੰਦੇ ਨੂੰ ਮਰਨ ਲਈ ਵੀ ਛੱਡ ਦਿੱਤਾ ਜਾਂਦਾ ਹੈ।ਆਮ ਬੰਦੇ ਦੀ ਸਮਝ ਮੁਤਾਬਕ ਇਹ ਕੇਸ ਸਭ ਤੋਂ ਪਹਿਲਾਂ ਅਤੇ ਤੇਜ਼ੀ ਨਾਲ ਨਿਬੇੜਣਾ ਬਣਦਾ ਸੀ ਪਰ ਅਜਿਹੇ ਗੰਭੀਰਤਾ ਅਤੇ ਪਹਿਲ ਦੀ ਮੰਗ ਕਰਦੇ ਕੇਸ ਵਿੱਚ ਵੀ ਸਰਕਾਰੀ ਤੌਰ 'ਤੇ ਸੋਚ-ਵਿਚਾਰ ਕਰਨ ਵਿੱਚ ਬੜੀ ਦੇਰ ਕਰ ਦਿੱਤੀ ਗਈ ਸੀ।ਬੇਸ਼ੱਕ ਮੈਂ ਖ਼ਬਰਾਂ ਸੁਣ ਰਿਹਾ ਸਾਂ ਪਰ ਮੇਰੇ ਜ਼ਹਿਨ ਵਿੱਚ ਇਹ ਗੱਲ ਵਾਰ ਵਾਰ ਆ ਰਹੀ ਸੀ ਕਿ ਨਿਆਂ ਦੇਣ 'ਚ ਕੀਤੀ ਗਈ ਦੇਰੀ ਨਿਆਂ ਨਾ ਦੇਣ ਦੇ ਤੁੱਲ ਹੁੰਦੀ ਹੈ।"ਈਦ ਪਿੱਛੋਂ ਕੀ ਤੰਬਾ ਫ਼ੂਕਣੈ" ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ ਸੀ।

ਕੁਦਰਤੀ ਅਗਲੇ ਹੀ ਦਿਨ ਤਾਰੀਕ ਹੋਣ ਕਾਰਨ ਮੈਂ ਆਪਣੇ ਵਕੀਲ ਕੋਲ ਗਿਆ।ਮੈਂ ਉਸ ਕੋਲੋਂ ਇਸ ਕੇਸ ਬਾਰੇ ਵਿਸਥਾਰ ਵਿੱਚ ਪੁੱਛਣ ਲੱਗ ਪਿਆ।ਅਸੀਂ ਅਜੇ ਗੱਲਾਂ ਕਰ ਹੀ ਰਹੇ ਸਾਂ ਕਿ ਉਸ ਦਾ ਮੋਬਾਈਲ ਫ਼ੋਨ ਵੱਜ ਉਠਿਆ।ਪਹਿਲਾਂ ਤਾਂ ਉਹ ਠਰ੍ਹੰਮੇ ਨਾਲ ਗੱਲ ਕਰਦਾ ਰਿਹਾ ਤੇ ਬਾਅਦ ਵਿੱਚ ਉਸ ਦੀ ਬੋਲਾਂ 'ਚ ਵਿੱਚ ਕੁਝ ਤਲਖ਼ੀ ਆ ਗਈ , "ਓਦੋਂ ਥੋਡਾ ਪ੍ਰਸ਼ਾਸ਼ਨ ਕਿੱਥੇ ਗਿਆ ਸੀ ਜਦ ਉਹ ਵਿਚਾਰਾ ਦਰ-ਬ-ਦਰ ਧੱਕੇ ਖਾ ਰਿਹਾ ਸੀ।" ਉਹ ਕੁਝ ਰੁਕ ਕੇ ਬੋਲਿਆ, "ਜਦੋਂ ਮੀਡੀਆ ਵਾਲੇ ਆ ਗਏ ਤਾਂ ਮੈਨੂੰ ਬਿਆਨ ਦੇਣਾ ਹੀ ਪੈਣਾ ਸੀ।ਹੁਣ ਬਦਨਾਮੀ ਤਾਂ ਹੋਣੀ ਹੀ ਏ।ਤੁਸੀਂ ਸਹੀ ਢੰਗ ਨਾਲ ਕੰਮ ਕਰਦੇ, ਨਾ ਹੁੰਦੀ।ਚੱਲ, ਜੇ ਤੁਸੀਂ ਨਹੀਂ ਸੀ ਤਾਂ ਤੁਹਾਡੀ ਥਾਂ ਕੋਈ ਹੋਰ ਹੋਵੇਗਾ।ਅਹੁਦਾ ਵੀ ਉਹੀ, ਕੁਰਸੀ ਵੀ ਉਹੀ।" ਫ਼ੋਨ 'ਤੇ ਹੋ ਰਹੀ ਗੱਲਬਾਤ ਦੀ ਮੈਨੂੰ ਪੂਰੀ ਤਰ੍ਹਾਂ ਸਮਝ ਆ ਰਹੀ ਸੀ ਕਿ ਇਹ ਮੁੱਦਾ ਰਾਤ ਵਾਲੀ ਖ਼ਬਰ ਨਾਲ ਹੀ ਸਬੰਧਤ ਹੈ।

ਫ਼ੋਨ ਤੋਂ ਵਿਹਲਾ ਹੋ ਕੇ ਉਸ ਨੇ ਲੰਬਾ ਸਾਰਾ ਹਉਕਾ ਲਿਆ ਤੇ ਫਿਰ ਆਪਣੇ ਆਪ ਨੂੰ ਸ਼ਾਂਤ ਕਰਨ ਦਾ ਜਤਨ ਕਰਨ ਲੱਗ ਪਿਆ।ਮੇਰੇ ਪੁੱਛਣ 'ਤੇ ਉਹ ਫੁੱਟ ਹੀ ਪਿਆ, "ਯਾਰ ਕੀ ਦੱਸਾਂ ? ਕੱਲ੍ਹ ਦੇ ਪੰਜਾਹ ਫ਼ੋਨ ਆ ਗਏ ਨੇ, ਵੱਡੇ-ਵੱਡੇ ਅਫ਼ਸਰਾਂ ਦੇ।ਇੱਕੋ ਹੀ ਗੱਲ ਦਾ ਰੱਟਾ ਲਾਈ ਜਾਂਦੇ ਨੇ।"

"ਕਿਹੜੀ ਗੱਲ ਦਾ ?" ਮੈਂ ਉਤਸੁਕਤਾ ਨਾਲ ਪੁੱਛਿਆ।

"ਮੈਨੂੰ ਇਹੀ ਆਖੀ ਜਾਂਦੇ ਨੇ ਕਿ ਤੁਸੀਂ ਇਸ ਕੇਸ ਨੂੰ ਚੁਰਾਸੀ ਦੇ

ਦੰਗਿਆਂ ਨਾਲ ਜੋੜ ਕੇ ਪੇਸ਼ ਨਾ ਕਰੋ ਤੇ ਉਂਞ ਹੀ ਆਖੋ ਕਿ ਇਹ ਪਰਿਵਾਰ ਘਰੇਲੂ ਕਾਰਨਾਂ ਕਰਕੇ ਪਾਗ਼ਲਪਣ ਦੀ ਹਾਲਤ ਵਿੱਚ ਆ ਗਿਆ ਸੀ। ਦੱਸ ਯਾਰ, ਮੈਂ ਝੂਠ ਕਿਵੇਂ ਬੋਲਾਂ ? ਮੈਨੂੰ ਕਿਹੜਾ ਪਤਾ ਨਹੀਂ ਕਿ ਓਦੋਂ ਕੀ-ਕੀ ਬੀਤਿਆ ਸੀ। " ਅਸ਼ੋਕ ਦੁਖੀ ਮਨ ਨਾਲ ਬੋਲਿਆ।

"ਇਹਨਾਂ ਪ੍ਰਸ਼ਾਸਨ ਵਾਲਿਆਂ ਨੂੰ ਇਸ ਬਿਆਨ ਦੀ ਕੀ ਸਮੱਸਿਆ ਹੈ ?" ਮੈਂ ਕਾਰਨ ਜਾਨਣਾ ਚਾਹਿਆ।

"ਸਮੱਸਿਆ ਇਹ ਹੈ ਕਿ ਇਹਨਾਂ ਦੀ ਇਸ ਮਾਮਲੇ ਵਿੱਚ ਨਾਕਾਮੀ ਸਾਬਤ ਹੁੰਦੀ ਹੈ। ਇਹ ਜਿਸ ਚੰਗੇ ਪ੍ਰਸ਼ਾਸ਼ਨ ਦੀ ਦੁਹਾਈ ਦੇਈ ਜਾ ਰਹੇ ਨੇ ਉਸ ਦੀ ਪੋਲ ਖੁੱਲ੍ਹਦੀ ਏ। ਇਹਨਾਂ ਦੁਆਰਾ ਕੀਤੇ ਜ਼ੁਲਮ ਕਿਵੇਂ ਸਾਲਾਂ ਬੱਧੀ ਲੋਕਾਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੇ ਹਨ, ਉਹ ਸਭ ਜੱਗ ਜ਼ਾਹਿਰ ਹੋਣ ਲੱਗ ਪਏ ਹਨ। ਇਹ ਤਾਂ ਹੀ ਆਪਣੇ ਕਾਲ਼ੇ ਕਾਰਨਾਮਿਆਂ ਉੱਤੋਂ ਪਰਦਾ ਨ੍ਹੀਂ ਉੱਠਣ ਦੇਣਾ ਚਾਹੁੰਦੇ। ਹੁਣ ਇਹ ਅਫ਼ਸਰ ਆਪਣੇ ਤੋਂ ਪਹਿਲਿਆਂ ਦੇ ਬਚਾਅ ਵਿੱਚ ਲੱਗਾ ਹੋਇਆ ਹੈ ਤਾਂ ਜੋ ਕੱਲ੍ਹ ਨੂੰ ਜਿਹੜਾ ਨਵਾਂ ਅਫ਼ਸਰ ਆਵੇ ਤਾਂ ਉਹ ਇਸ ਦੀ ਉਦਾਹਰਨ ਲੈ ਕੇ ਇਸ ਦੇ ਕਾਲ਼ੇ ਕਾਰਨਾਮਿਆਂ ਉੱਤੇ ਵੀ ਪਰਦੇ ਪਾਈ ਜਾਵੇ। ਇਹ ਇਸ ਅਫ਼ਸਰਸ਼ਾਹੀ ਦੀ ਇੱਕ ਗਿਣੀ-ਮਿਣੀ ਸਕੀਮ ਅਤੇ ਗੁਪਤ ਸਮਝੌਤਾ ਹੈ। " ਵਕੀਲ ਕਾਮਰੇਡਾਂ ਦੇ ਭਾਸ਼ਣ ਵਾਂਙ ਆਪਣੀ ਗੱਲ ਨੂੰ ਬੜਾ ਹੀ ਲੰਬਾ ਲੈ ਗਿਆ ਸੀ। ਉਸ ਅੰਦਰਲਾ ਜਾਗਿਆ ਹੋਇਆ ਕਾਮਰੇਡ ਆਪਣੀ ਚਰਮ-ਸੀਮਾ 'ਤੇ ਸੀ।

ਮੈਂ ਉਸ ਦੀਆਂ ਸਾਰੀਆਂ ਗੱਲਾਂ ਸਮਝ ਰਿਹਾ ਸਾਂ ਅਤੇ ਉਸ ਦੀ ਸੁਰ ਨਾਲ ਸੁਰ ਮਿਲਾਉਣ ਕਰ ਕੇ ਉਹ ਹੋਰ ਵੀ ਜ਼ਿਆਦਾ ਜੋਸ਼ ਵਿੱਚ ਆ ਗਿਆ। ਆਪਣੀਆਂ ਗੱਲਾਂ ਵਿੱਚ ਉਸ ਨੇ ਪ੍ਰਸ਼ਾਸ਼ਨ ਦੇ ਕੰਮ-ਕਾਜ ਦੀ ਏਨੀ ਮਾਂ-ਭੈਣ ਇੱਕ ਕੀਤੀ ਕਿ ਮੈਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਇਸ ਨਿਜ਼ਾਮ ਵਿੱਚ ਮੇਰੇ 'ਤੇ ਪਏ ਹੋਏ ਕੇਸ ਦਾ ਹੱਲ ਅਜੇ ਛੇਤੀ ਸੰਭਵ ਨਹੀਂ ਤੇ ਮੈਨੂੰ ਇੱਕ ਲੰਬੀ ਲੜਾਈ ਲਈ ਤਿਆਰ ਰਹਿਣਾ ਚਾਹੀਦਾ ਹੈ। ਉਹ ਗੁੱਸੇ ਦਾ ਮਾਰਾ ਦੋ-ਚਾਰ ਕਰਾਰੀਆਂ ਗਾਲ੍ਹਾਂ ਵੀ ਪ੍ਰਸ਼ਾਸ਼ਨ ਨੂੰ ਕੱਢ ਗਿਆ ਸੀ।

ਅਗਲੇ ਦਿਨ ਜਦ ਮੈਂ ਅਖ਼ਬਾਰਾਂ 'ਤੇ ਸਰਸਰੀ ਜਿਹੀ ਨਜ਼ਰ ਮਾਰ ਰਿਹਾ ਸਾਂ ਤਾਂ ਮੈਨੂੰ ਇੱਕ ਖ਼ਬਰ ਪੜ੍ਹਣ ਨੂੰ ਮਿਲੀ, 'ਮਾਨਸਿਕ ਤੌਰ 'ਤੇ ਰੋਗੀ ਪਰਿਵਾਰ ਦਾ ਮੁਖੀਆ ਸ਼ੱਕ ਦੇ ਘੇਰੇ ਵਿੱਚ। ' ਖ਼ਬਰ ਪੜ੍ਹਦੇ ਸਾਰ ਹੀ ਮੈਂ ਸਮਝ ਗਿਆ ਕਿ ਹੁਣ ਸਰਕਾਰੀ ਅਧਿਕਾਰੀ ਆਪਣੀ ਨਾਕਾਮੀ ਛੁਪਾਉਣ ਲਈ ਉਸ ਵਿਚਾਰੇ ਭਗਤ ਜਿਹੇ ਬੰਦੇ ਨੂੰ ਹੀ ਉਲਝਾਉਣ ਨੂੰ ਫਿਰਦੇ ਹਨ। ਜੇਕਰ ਮੈਂ ਸਰਕਾਰ ਦੇ ਪ੍ਰਬੰਧਕੀ ਕਮਚਾਰੀਆਂ ਦਾ ਅਸਲੀ ਰੂਪ ਨਾ ਵੇਖਿਆ ਹੁੰਦਾ ਤਾਂ ਸ਼ਾਇਦ ਮੈਂ ਵੀ ਆਮ ਲੋਕਾਂ ਦੇ ਵਾਂਙ ਹੀ ਸੋਚਣ ਲੱਗ ਪੈਣਾ ਸੀ ਪਰ ਮੈਂ

ਪ੍ਰਸ਼ਾਸ਼ਨ ਦਾ ਅਸਲੀ ਰੂਪ ਵੇਖ ਚੁੱਕਾ ਸਾਂ। ਇਸ ਲਈ ਮੈਂ ਪਹਿਲੀ ਨਜ਼ਰੇ ਹੀ ਜਾਣ ਗਿਆ ਸਾਂ ਕਿ ਇਹ ਖ਼ਬਰ ਸਬੰਧਤ ਅਧਿਕਾਰੀਆਂ ਦੁਆਰਾ ਜੁਝਾਰ ਸਿੰਘ ਅਤੇ ਉਸ ਦੇ ਪਰਿਵਾਰ ਦੀ ਅਸਲ ਸਚਾਈ ਨੂੰ ਲੋਕਾਂ ਦੇ ਮਨਾਂ ਵਿੱਚ ਸ਼ੱਕੀ ਬਣਾਉਣ ਲਈ ਹੀ ਲਗਵਾਈ ਗਈ ਹੈ।

ਕਈ ਦਿਨਾਂ ਬਾਅਦ ਮੈਂ ਅਖ਼ਬਾਰ ਵਿੱਚ ਇੱਕ ਖ਼ਬਰ ਪੜ੍ਹੀ ਕਿ ਉਸ ਪਰਿਵਾਰ ਦਾ ਮੁਖੀਆ ਦਵਾਈ ਲੈਣ ਗਿਆ ਸੜਕ ਹਾਦਸੇ 'ਚ ਮਾਰਿਆ ਗਿਆ ਹੈ। ਜਿਸ ਬੰਦੇ ਦੇ ਦੁੱਖ ਮੈਂ ਏਨੇ ਨੇੜੇ ਹੋ ਕੇ ਜਾਣੇ ਸੁਣੇ ਸਨ ਉਸ ਦਾ ਇਸ ਦੁਨੀਆ ਤੋਂ ਚਲੇ ਜਾਣਾ ਮੇਰੇ ਲਈ ਇੱਕ ਅਸਹਿ ਸਦਮਾ ਸੀ। ਪਤਾ ਨਹੀਂ, ਇਹ ਸਚਾਈ ਸੀ ਜਾਂ ਫਿਰ ਮੇਰੇ ਮਨ ਦਾ ਵਹਿਮ ਸੀ ਕਿ ਉਸ ਬੰਦੇ ਨੂੰ ਕਿਸੇ ਸਾਜਿਸ਼ ਅਧੀਨ ਹੀ ਮਾਰਿਆ ਗਿਆ ਸੀ। ਸ਼ਾਇਦ ਲੋਕਾਂ ਤੋਂ ਉਲਟ ਇਸ 'ਸਰਕਾਰੀ ਧਿਰ' ਦੇ ਸਿਰ 'ਤੇ ਇੱਕ ਨਵਾਂ ਖ਼ਤਰਾ ਮੰਡਰਾਅ ਰਿਹਾ ਸੀ ਕਿ ਉਹਨਾਂ ਦੇ ਪਾਜ਼ ਹੁਣ ਖੁੱਲਣ ਵਾਲੇ ਹਨ। ਇਸ ਤੋਂ ਪਹਿਲਾਂ ਵੀ ਖ਼ਬਰੇ ਕਿੰਨੇ ਸੱਚੇ ਬੰਦਿਆਂ ਨੂੰ ਇੰਝ ਹੀ ਇਹਨਾਂ 'ਅਣ-ਪਛਾਤੇ ਵਾਹਨਾਂ' ਨਾਲ ਸੜਕਾਂ ਉੱਤੇ  ਬੇਮੌਤ ਮਾਰਿਆ ਜਾ ਚੁੱਕਾ ਹੈ।

ਮੈਂ ਕਈ ਦਿਨ ਉਸ ਬੰਦੇ ਨੂੰ ਕੁਚਲ ਜਾਣ ਵਾਲੇ ਵਾਹਨ ਚਾਲਕ ਦੇ ਫੜੇ ਜਾਣ ਦੀ ਉਮੀਦ ਵਿੱਚ ਅਖ਼ਬਾਰ ਫ਼ਰੋਲਦਾ ਰਿਹਾ ਪਰ ਮੈਨੂੰ ਉਹ ਖ਼ਬਰ ਪੜ੍ਹਣ ਨੂੰ ਨਹੀਂ ਮਿਲੀ ਸੀ।

## ਇੱਕੀ

ਮਨੁੱਖੀ ਅਧਿਕਾਰ ਕਮਿਸ਼ਨ ਦੀ ਤਾਰੀਕ ਆਉਣ ਵਿੱਚ ਦੋ ਦਿਨ ਹੀ ਰਹਿ ਗਏ ਸਨ ਪਰ ਅਜੇ ਤੀਕ ਸਰਪੰਚ ਦਾ ਕੋਈ ਸੁਨੇਹਾ ਨਹੀਂ ਆਇਆ ਸੀ। ਮੈਂ ਦੁਚਿੱਤੀ ਵਿੱਚ ਪਿਆ ਹੋਇਆ ਸਾਂ ਕਿ ਆਪਣੇ ਇਕੱਠੇ ਕੀਤੇ ਹੋਏ ਸਬੂਤਾਂ ਨੂੰ ਕਮਿਸ਼ਨ ਦੇ ਅੱਗੇ ਪੇਸ਼ ਕਰ ਦੇਵਾਂ ਕਿ ਨਾ। ਸਬੂਤਾਂ ਦੇ ਇੱਕ ਨਿਰਪੱਖ ਏਜੰਸੀ ਕੋਲ ਜਾਣ ਦਾ ਅਰਥ ਸੀ ਕਿ ਮੈਂ ਚਾਹ ਕੇ ਆਪਣੀ ਸ਼ਿਕਾਇਤ ਨੂੰ ਵਾਪਸ ਨਹੀਂ ਲੈ ਸਕਣਾ ਸੀ ਤੇ ਪੁਲਿਸ ਵਾਲਿਆਂ 'ਤੇ ਕੇਸ ਵੀ ਦਰਜ ਹੋ ਜਾਣੇ ਸਨ। ਇਹਨਾਂ ਨੂੰ ਕਮਿਸ਼ਨ ਅੱਗੇ ਪੇਸ਼ ਨਾ ਕਰਨ ਦਾ ਮਤਲਬ ਇਹ ਨਿਕਲਣਾ ਸੀ ਕਿ ਮੈਂ ਜਾਣਬੁੱਝ ਕੇ ਹੀ ਝੂਠੀ ਸ਼ਿਕਾਇਤ ਦਰਜ ਕਰਵਾਈ ਹੈ। ਇਸ ਲਈ ਹੀ ਮੈਂ ਕਮਿਸ਼ਨ ਦੇ ਅੱਗੇ ਪੇਸ਼ ਨਹੀਂ ਹੋ ਰਿਹਾ ਹਾਂ।

ਆਪਣੀ ਇਸ ਦੁਚਿੱਤੀ ਨੂੰ ਦੂਰ ਕਰਨ ਲਈ ਮੈਂ ਆਪਣੇ ਵਕੀਲ ਕੋਲ

ਗਿਆ ਅਤੇ ਇਸ ਮਸਲੇ ਵਿੱਚ ਉਸ ਦੀ ਸਲਾਹ ਮੰਗੀ। ਉਸ ਦਾ ਆਖਣਾ ਸੀ ਕਿ ਮੈਨੂੰ ਜ਼ਰੂਰ ਹੀ ਆਪਣਾ ਪੱਖ ਅਤੇ ਸਬੂਤ ਕਮਿਸ਼ਨ ਦੇ ਅੱਗੇ ਰੱਖਣੇ ਚਾਹੀਦੇ ਹਨ। ਉਸ ਦੀਆਂ ਗੱਲਾਂ ਤੋਂ ਇਹ ਤਾਂ ਸਪੱਸ਼ਟ ਸੀ ਕਿ ਉਸ ਨੂੰ ਕਮਿਸ਼ਨ ਕੋਲੋਂ ਪੁਲਿਸ ਵਿਰੁੱਧ ਕਿਸੇ ਕਾਰਵਾਈ ਦਾ ਆਦੇਸ਼ ਕਰ ਦੇਣ ਦੀ ਉਮੀਦ ਤਾਂ ਬੜੀ ਘੱਟ ਹੀ ਹੁੰਦੀ ਹੈ ਪਰ ਮੇਰੇ ਕੋਲ ਸਬੂਤਾਂ ਕਾਰਨ ਇਹ ਮੁਕੱਦਮਾ ਬੜਾ ਹੀ ਮਜ਼ਬੂਤ ਹੈ ਇਸ ਲਈ ਉੱਥੇ ਜਾ ਕੇ ਆਪਣਾ ਪੱਖ ਰੱਖਣਾ ਬਣਦਾ ਹੈ, ਜ਼ਰੂਰੀ ਵੀ ਹੈ। ਇਸ ਨਾਲ ਦੂਜੀ ਧਿਰ 'ਤੇ ਦਬਾਅ ਵੀ ਵਧੇਗਾ। ਉਸ ਨੇ ਮੈਨੂੰ ਕੇਸ ਦੀ ਸੰਖੇਪ ਜਿਹੀ ਰੂਪ-ਰੇਖਾ ਵੀ ਤਿਆਰ ਕਰਕੇ ਦੇ ਦਿੱਤੀ ਤਾਂ ਜੋ ਕੇਸ ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਜਾ ਸਕੇ।

ਘਰ ਆ ਕੇ ਵੀ ਮੈਂ ਇਸ ਉਲਝਣ ਵਿੱਚ ਫਸਿਆ ਰਿਹਾ। ਅੰਤ, ਥੱਕ ਹਾਰ ਕੇ ਮੈਂ ਫਿਰ ਉਸ ਹਮਦਰਦ ਪੁਲਿਸ ਵਾਲੇ ਨੂੰ ਫ਼ੋਨ ਮਿਲਾਅ ਲਿਆ ਅਤੇ ਜਲਦੀ ਮਿਲਣ ਦਾ ਸਮਾਂ ਮੰਗਿਆ।

ਉਸ ਦਿਨ ਵੀ ਸਵੇਰ ਤੋਂ ਲੈ ਕੇ ਸ਼ਾਮ ਤੱਕ ਧੁੰਦ ਏਨੀ ਜ਼ਿਆਦਾ ਪਈ ਸੀ ਕਿ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਦਿਨ ਛਿਪ ਜਾਂ ਚੜ੍ਹ ਰਿਹਾ ਹੈ। ਉਸ ਵੱਲੋਂ ਦਿੱਤੇ ਸਮੇਂ ਅਤੇ ਦੱਸੇ ਸਥਾਨ 'ਤੇ ਪੁੱਜ ਕੇ ਮੈਂ ਉਸ ਨੂੰ ਸਾਰੀ ਸਥਿੱਤੀ ਤੋਂ ਜਾਣੂ ਕਰਵਾਅ ਦਿੱਤਾ। ਮੈਂ ਉਸ ਨੂੰ ਇਹ ਵੀ ਦੱਸ ਦਿਤਾ ਕਿ ਮੈਂ ਨਹੀਂ ਚਾਹੁੰਦਾ ਕਿ ਇਹ ਕੇਸ ਏਨੇ ਵੱਡੇ ਪੱਧਰ 'ਤੇ ਵਧਾਇਆ ਜਾਵੇ ਅਤੇ ਕਿਸੇ ਦਾ ਨੁਕਸਾਨ ਕੀਤਾ ਜਾਵੇ। ਮੇਰੀ ਗੱਲ ਸੁਣ ਕੇ ਉਹ ਉੱਚੀ-ਉੱਚੀ ਹੱਸਣ ਲੱਗਾ ਤੇ ਬੋਲਿਆ, "ਜਾਹ ਉਏ ਯਾਰ ! ਤੂੰ ਬਹੁਤਾ ਹੀ ਭੋਲਾ ਬੰਦੈਂ। ਉਹ ਮਨੁੱਖੀ ਅਧਿਕਾਰ ਕਮਿਸ਼ਨ ਨਹੀਂ, ਸਗੋਂ ਬਿਨਾਂ ਦੰਦਾਂ ਵਾਲਾ ਸ਼ੇਰ ਹੈ। ਪਹਿਲੀ ਗੱਲ ਤਾਂ ਉਸ ਨੇ ਕੁਝ ਕਰਨਾ ਹੀ ਨਹੀਂ ਤੇ ਜੇ ਭੁੱਲ-ਭੁਲੇਖੇ ਕੋਈ ਹੁਕਮ ਕਰ ਵੀ ਦਿੱਤਾ ਤਾਂ ਉਹ ਸਾਡੇ ਮਹਿਕਮੇ ਨੇ ਮੰਨਣਾ ਹੀ ਨਹੀਂ। ਤੂੰ ਡਰ ਨਾ, ਆਪਣਾ ਕੇਸ ਤਸੱਲੀ ਨਾਲ ਪੇਸ਼ ਕਰ ਕੇ ਆ।"

"ਜਦ ਉਸ ਨੇ ਨਾ ਤਾਂ ਕੁਝ ਕਰਨਾ ਹੈ ਤੇ ਨਾ ਹੀ ਉਸ ਤੋਂ ਕੁਝ ਹੋਣਾ ਏ ਤਾਂ ਫਿਰ ਮੈਨੂੰ ਭਕਾਈ ਮਾਰਨ ਦੀ ਕੀ ਲੋੜ ਹੈ ?" ਮੈਂ ਸਿੱਧਾ ਹੀ ਸਵਾਲ ਕੀਤਾ।

"ਜਦ ਤੂੰ ਸ਼ਿਕਾਇਤ ਪਾ ਹੀ ਚੁੱਕਾ ਏਂ ਤਾਂ ਤੈਨੂੰ ਇਸ ਦੀ ਪੈਰਵਾਈ ਵੀ ਕਰਨੀ ਹੀ ਚਾਹੀਦੀ ਹੈ। ਕਿਉਂਕਿ ਤੇਰਾ ਉੱਥੇ ਨਾ ਜਾਣ ਦਾ ਮਤਲਬ ਉਲਟ ਨਿਕਲ ਸਕਦਾ ਹੈ। ਇਹਨਾਂ ਨੇ ਹਰ ਜਗ੍ਹਾ 'ਤੇ ਕਮਿਸ਼ਨ ਵੱਲੋਂ ਖ਼ਾਰਜ ਕੀਤੇ ਗਏ ਕੇਸ ਦੀ ਕਾਪੀ ਲਾ ਕੇ ਬਰੀ ਹੁੰਦੇ ਰਹਿਣਾ ਹੈ। ਜੇ ਤੂੰ ਆਪਣਾ ਪੱਖ ਪੇਸ਼ ਕਰਕੇ ਆਵੇਂਗਾ ਤਾਂ ਘੱਟੋ-ਘੱਟ ਇਹਨਾਂ ਉੱਤੇ ਇੱਕ ਤਲਵਾਰ ਤਾਂ ਲਟਕਦੀ ਹੀ ਰਹੇਗੀ ਕਿ ਮੁਕੱਦਮਾ ਕਮਿਸ਼ਨ ਕੋਲ ਹੈ।" ਉਸ ਨੇ ਪੂਰਾ ਬਲ ਦੇ ਕੇ

ਆਖਿਆ।

"ਆਪਾਂ ਤਾਂ ਇਹਨਾਂ ਦਾ ਨੁਕਸਾਨ ਨ੍ਹੀਂ ਕਰਨਾ ਚਾਹੁੰਦੇ।ਜੇ ਇਹ ਸਬੂਤ ਤੀਜੀ ਧਿਰ ਭਾਵ ਕਮਿਸ਼ਨ ਦੇ ਹੱਥ ਲੱਗ ਗਏ ਤਾਂ ਉਹਨਾਂ ਨੇ ਤਾਂ ਇਨ੍ਹਾਂ ਨੂੰ ਫਸਾਉਣ ਲੱਗੇ ਮਿੰਟ ਹੀ ਮਾਰਨਾ ਏ।" ਮੈਂ ਆਪਣਾ ਡਰ ਜ਼ਾਹਿਰ ਕੀਤਾ।

ਮੇਰੀ ਗੱਲ ਸੁਣ ਕੇ ਉਹ ਫਿਰ ਉੱਚੀ-ਉੱਚੀ ਹੱਸਣ ਲੱਗਾ ਤੇ ਹੱਸਦਾ ਹੋਇਆ ਹੀ ਆਖਣ ਲੱਗਾ, "ਤੂੰ ਕੀ ਸਮਝਦਾ ਏਂ ਕਿ ਉਸ ਜੱਜ ਕੋਲ ਤੇਰਾ ਹੀ ਕੇਸ ਲੱਗਣਾ ਹੈ।ਉਸ ਕੋਲ ਹੋਰ ਕੋਈ ਕੇਸ ਹੀ ਨਹੀਂ।ਉਹਨੇ ਤਾਂ ਜਾਂਦੇ ਸਾਰ ਤੇਰੀ ਲੰਮੀ ਤਾਰੀਕ ਪਾ ਦੇਣੀ ਏ ਤੇ ਫਿਰ ਉਸ ਨੂੰ ਤਾਂ ਯਾਦ ਵੀ ਨਹੀਂ ਰਹਿਣਾ ਕਿ ਉਸ ਕੋਲ ਅਜਿਹਾ ਕੋਈ ਕੇਸ ਵੀ ਆਇਆ ਸੀ।ਜੇ ਏਧਰ ਤੇਰਾ ਸਮਝੌਤਾ ਹੋ ਗਿਆ ਤਾਂ ਤੂੰ ਕੇਸ ਵਾਪਸੀ ਦੀ ਅਰਜ਼ੀ ਦੇ ਦੇਵੀਂ।ਉਹਨਾਂ ਨੇ ਝੱਟ ਦੇਣੇ ਹੀ 'ਮਸਲਾ ਹੱਲ' ਦਾ ਕੁਮੈਂਟ ਦੇ ਕੇ ਤੇਰੀ ਫਾਈਲ ਰਿਕਾਰਡ ਰੂਮ ਵਿੱਚ ਭੇਜ ਦੇਣੀ ਹੈ।ਰਿਕਾਰਡ ਰੂਮ ਦਾ ਮਤਲਬ ਹੈ ਕਬਰ ਵਿੱਚ ਦੱਬ ਦੇਣੀ ਹੈ।ਫਿਰ ਕੀਹਨੇ ਵੇਖਣੇ ਨੇ ਤੇਰੇ ਸਬੂਤ।" ਉਸ ਨੇ ਮੈਨੂੰ ਪੂਰਾ ਹੌਸਲਾ ਦਿੱਤਾ।

ਜਦ ਮੈਂ ਉਸ ਤੋਂ ਜਾਣ ਦੀ ਆਗਿਆ ਮੰਗੀ ਤਾਂ ਆਖਣ ਲੱਗਾ, " ਅੱਜ ਨ੍ਹੀਂ ਜਾਣ ਦੇਣਾ ਤੈਨੂੰ, ਛਿੱਟ ਲਾਈ ਤੋਂ ਬਗੈਰ।"

"ਨਹੀਂ ਜੀ, ਨਹੀਂ, ਮੈਂ ਨ੍ਹੀਂ ਪੀਣੀ।ਮੈਂ ਕੇਸ ਦੀ ਤਿਆਰੀ ਕਰਨੀ ਹੈ।" ਵਾਕਿਆ ਹੀ ਮੈਂ ਪੀਣੀ ਵੀ ਨਹੀਂ ਚਾਹੁੰਦਾ ਸਾਂ।

"ਕੇਸ ਬੜਾ ਤੂੰ ਸੁਪਰੀਮ ਕੋਰਟ 'ਚ ਭੇਜਣਾ ਹੈ ? ਲੰਡੂ ਜਿਹਾ ਕਮਿਸ਼ਨ ਹੀ ਹੈ।" ਉਹ ਅਲਮਾਰੀ ਵਿੱਚੋਂ ਬੋਤਲ ਕੱਢਦਾ ਹੋਇਆ ਬੋਲਿਆ।ਮੈਨੂੰ ਬੈਠ ਜਾਣ ਦਾ ਇਸ਼ਾਰਾ ਕਰ ਕੇ ਆਪ ਦੂਜੇ ਕਮਰੇ ਵਿੱਚ ਗਿਆ ਤੇ ਉੱਥੋਂ ਦੋ ਗਲਾਸ ਅਤੇ ਇੱਕ ਭਾਂਡੇ ਵਿੱਚ ਮੀਟ ਪਾ ਕੇ ਲੈ ਆਇਆ।

"ਸਰ, ਏਨੀ ਖੇਚਲ ਨਾ ਕਰੋ, ਮੈਂ ਤਾਂ ਜਾਣਾ ਹੀ ਹੈ।" ਮੈਂ ਕਿਹਾ ਸੀ।ਮੈਨੂੰ ਝਿਜਕ ਵੀ ਆ ਰਹੀ ਸੀ ਕਿ ਜਿਸ ਬੰਦੇ ਨੇ ਮੇਰੀ ਏਨੀ ਜ਼ਿਆਦਾ ਮੱਦਦ ਕੀਤੀ ਹੈ, ਉਹ ਅੱਜ ਮੇਰੇ ਲਈ ਫਿਰ ਏਨਾ ਕੁਝ ਕਰੀ ਜਾ ਰਿਹਾ ਹੈ।

"ਖੇਚਲ ਨ੍ਹੀਂ ਯਾਰ, ਇਹ ਤਾਂ ਮੈਂ ਹਿਸਾਬ-ਕਿਤਾਬ ਬਰਾਬਰ ਕਰਨ ਲੱਗਾ ਹਾਂ।" ਉਸ ਨੇ ਗਲਾਸਾਂ ਵਿੱਚ ਦਾਰੂ ਪਾਉਂਦੇ ਹੋਏ ਨੇ ਆਖਿਆ।

"ਕਿਹੜਾ ਹਿਸਾਬ-ਕਿਤਾਬ, ਸਰ ?" ਉਸ ਦੇ ਸ਼ਬਦਾਂ ਨੇ ਮੈਨੂੰ ਹੈਰਾਨ ਕਰ ਦਿੱਤਾ ਸੀ ਤੇ ਮੇਰੇ ਮੂੰਹੋਂ ਸਹਿਜ-ਸੁਭਾਅ ਹੀ ਨਿਕਲ ਗਿਆ।

"ਤੂੰ ਮੈਨੂੰ ਪਿਆਈ ਸੀ ਨਾ, ਚੌਂਕ ਵਾਲੇ ਹੋਟਲ ਵਿੱਚ ? ਮੈਂ ਤਾਂ ਉਹ ਹਿਸਾਬ ਬਰਾਬਰ ਕਰਨਾ ਹੈ।" ਉਹ ਮੇਰੀਆਂ ਅੱਖਾਂ ਵਿੱਚ ਸਿੱਧਾ ਝਾਕਦੇ ਹੋਏ ਬੋਲਿਆ।

"ਨਹੀਂ ਸਰ, ਉਹ ਕੋਈ ਕਰਜ਼ਾ ਥੋੜ੍ਹੀ ਸੀ ਜੋ ਮੈਂ ਥੋਡੇ ਸਿਰ ਚੜ੍ਹਾਅ ਦਿੱਤਾ। ਉਹ ਤਾਂ ਇੱਕ ਤਰ੍ਹਾਂ ਦੀ ਖੁਸ਼ੀ ਸੀ ਕਿ ਤੁਸੀਂ ਮੈਨੂੰ ਪ੍ਰਮਾਣੂ ਬੰਬ ਦੇ ਰਹੇ ਹੋ।" ਮੈਂ ਗੱਲ ਨੂੰ ਹਾਸੇ ਵਿੱਚ ਪਾਉਂਦਿਆਂ ਆਖਿਆ।

"ਨਹੀਂ ਯਾਰ, ਮੇਰੇ ਮਨ 'ਤੇ ਤਾਂ ਉਸ ਦਿਨ ਦਾ ਇੱਕ ਬੋਝ ਸੀ ਕਿ ਮੈਂ ਕਿਸੇ ਕੋਲੋਂ ਮੁਫ਼ਤ ਦੀ ਦਾਰੂ ਪੀ ਲਈ ਹੈ। ਮੈਂ ਤਾਂ ਆਪਣੇ ਮਨ ਦਾ ਬੋਝ ਹੀ ਉਤਾਰਨ ਲੱਗਾ ਹਾਂ ਕਿ ਮੈਂ ਸਹੁੰ ਖਾ ਸਕਾਂ ਕਿ ਮੈਂ ਕਿਸੇ ਤੋਂ ਵੀ ਮੁਫ਼ਤ ਦੀ ਦਾਰੂ ਨਹੀਂ ਪੀਤੀ ਤੇ ਜੇ ਕਦੇ ਪੀਣੀ ਪੈ ਵੀ ਗਈ ਹੈ ਤਾਂ ਉਸ ਨੂੰ ਓਨੀ ਪਿਆ ਵੀ ਦਿੱਤੀ ਹੈ।" ਉਹ ਏਨੇ ਦਰਦ ਨਾਲ ਬੋਲਿਆ ਕਿ ਮੈਨੂੰ ਲੱਗਣ ਲੱਗਾ ਕਿ ਮੈਂ ਉਸ ਦਿਨ ਇਸ ਨੂੰ ਦਾਰੂ ਪਿਆ ਕੇ ਇੱਕ ਬਹੁਤ ਹੀ ਵੱਡਾ ਪਾਪ ਕਰ ਲਿਆ ਸੀ।

"ਨਹੀਂ ਸਰ, ਪਲੀਜ਼ ਇਸ ਤਰ੍ਹਾਂ ਨਾ ਆਖੋ। ਇਸ ਤਰ੍ਹਾਂ ਤਾਂ ਮੈਂ ਇੱਕ ਬੇਹੱਦ ਹੀ ਈਮਾਨਦਾਰ ਬੰਦੇ ਦਾ ਈਮਾਨ ਭੰਗ ਕਰਨ ਵਾਲਾ ਦੋਸ਼ੀ ਸਾਬਿਤ ਹੁੰਦਾ ਹਾਂ।" ਮੈਂ ਅਫ਼ਸੋਸ ਜ਼ਾਹਿਰ ਕੀਤਾ।

"ਯਾਰ, ਫ਼ਿਕਰ ਨਾ ਕਰ, ਅੱਜ ਮੈਂ ਤੇਰਾ ਪਿਛਲਾ ਹਿਸਾਬ ਕਿਤਾਬ ਨਿਬੇੜਣਾ ਹੀ ਨਹੀਂ ਸਗੋਂ ਤੇਰੇ 'ਤੇ ਇੱਕ ਕਰਜ਼ਾ ਵੀ ਚਾੜ੍ਹਣਾ ਹੈ, ਓਦੂੰ ਵੱਧ ਪੈੱਗ ਪਿਆ ਕੇ। ਹੁਣ ਤੂੰ ਸੋਚੇਂਗਾ ਕਿ ਵਾਧੂ ਪੈੱਗ ਕਿਸ ਲਈ ? ਇਹ ਤਾਂ ਕਿ ਜਦ ਤੂੰ ਇਸ ਕੇਸ ਨੂੰ ਜਿੱਤ ਕੇ ਮੈਨੂੰ ਪਾਰਟੀ ਕਰੇਂ ਤਾਂ ਮੈਂ ਖੁੱਲ੍ਹ ਕੇ ਪੈੱਗ ਲਾ ਸਕਾਂ ਤੇ ਮੇਰੇ ਮਨ 'ਤੇ ਇਹ ਬੋਝ ਨਾ ਰਹੇ ਕਿ ਮੈਂ ਤੇਰੀ ਦਾਰੂ ਪੀ ਰਿਹਾ ਹਾਂ। ਸਗੋਂ ਮੈਨੂੰ ਇਹ ਹੀ ਲੱਗੇ ਕਿ ਮੈਂ ਤਾਂ ਆਪਣੀ ਉਧਾਰ ਪਿਆਈ ਦਾਰੂ ਹੀ ਵਾਪਸ ਪੀ ਰਿਹਾ ਹਾਂ।" ਉਸ ਨੇ ਏਨਾ ਭਾਵੁਕ ਹੁੰਦੇ ਹੋਏ ਆਖਿਆ ਕਿ ਮੇਰਾ ਦਿਲ ਕਰ ਰਿਹਾ ਸੀ ਕਿ ਦੁਨੀਆ ਦੇ ਸਭ ਤੋਂ ਗੰਦੇ ਵਿਭਾਗ ਦੇ ਸਭ ਤੋਂ ਚੰਗੇ ਅਤੇ ਨੇਕ ਬੰਦੇ ਦੇ ਪੈਰ ਛੂਹ ਲਵਾਂ ਤੇ ਉਹਨਾਂ ਨੂੰ ਵਾਰ-ਵਾਰ ਪ੍ਰਣਾਮ ਕਰਾਂ ਕਿ ਏਨੇ ਵੱਡੇ ਗੰਦ ਦੇ ਛੱਪੜ ਵਿੱਚ ਵੀ ਇੱਕ ਕਮਲ ਦਾ ਫੁੱਲ ਖਿੜਣ ਦੀ ਸਮਰੱਥਾ ਰੱਖਦਾ ਹੈ।

ਅਸੀਂ ਗੱਲਾਂਬਾਤਾਂ ਕਰਦਿਆਂ ਦੋ ਤਿੰਨ ਪੈੱਗ ਚਾੜ੍ਹ ਲਏ। ਕਦੇ ਮੇਰੇ ਕੇਸ ਦੀਆਂ ਗੱਲਾਂ ਤੁਰ ਪੈਂਦੀਆਂ ਸਨ ਤੇ ਕਦੇ ਕਿਸੇ ਹੋਰ ਮਾਮਲੇ ਦੀਆਂ। ਉਹ ਲਗਾਤਾਰ ਮੈਨੂੰ ਹੌਸਲਾ ਵਧਾਉਣ ਵਾਲੇ ਕੇਸਾਂ ਦੀਆਂ ਉਦਾਹਰਨਾਂ ਦੇਈ ਜਾ ਰਿਹਾ ਸੀ ਤੇ ਮੈਂ ਵੀ ਮਾਸ ਦੀ ਬੋਟੀ ਚੂੰਡਦਾ ਇੱਕ ਤੋਂ ਬਾਅਦ ਇੱਕ ਪੈੱਗ ਚਾੜ੍ਹਦਾ ਹੋਇਆ ਪੂਰੀ ਲੋਰ ਵਿੱਚ ਆ ਚੁੱਕਾ ਸਾਂ। ਦਾਰੂ, ਗੱਲਾਂ ਅਤੇ ਮੁਰਗੇ ਦੇ ਮਾਸ ਨੇ ਮੇਰੇ ਅੰਦਰ ਏਨੀ ਗਰਮੀ ਭਰ ਦਿੱਤੀ ਸੀ ਕਿ ਬਾਹਰ ਦੀ ਸਰਦੀ ਅਤੇ ਅੱਤ ਦੀ ਧੁੰਦ ਨੂੰ ਵੀ ਭੁੱਲ ਚੁੱਕਾ ਸਾਂ। ਗੱਲਾਂ ਗੱਲਾਂ ਵਿੱਚ ਉਹ ਮੈਨੂੰ ਕਹਿਣ ਲੱਗਾ, "ਯਾਰ, ਮੈਨੂੰ ਈਮਾਨਦਾਰ ਬੰਦੇ ਏਨੇ ਜ਼ਿਆਦਾ ਪਸੰਦ ਨੇ ਕਿ

ਮੈਂ ਉਹਨਾਂ ਲਈ ਆਪਣੀ ਨੌਕਰੀ ਤਾਂ ਕੀ, ਜਾਨ ਵੀ ਵਾਰ ਸਕਦਾ ਹਾਂ।"

"ਸਰ, ਤੁਹਾਨੂੰ ਕੀ ਪਤਾ, ਸ਼ਾਇਦ ਮੈਂ ਦੁਨੀਆ 'ਚੋਂ ਸਭ ਤੋਂ ਵੱਡਾ ਬੇਈਮਾਨ ਹੋਵਾਂ ?" ਮੈਂ ਹਾਸੇ ਨਾਲ ਅਤੇ ਉਸ ਨੂੰ ਟੋਹਣ ਲਈ ਆਖਿਆ।

"ਯਾਰ, ਦਾਈਆਂ ਤੋਂ ਕਦੇ ਪੇਟ ਲੁਕੇ ਨੇ।ਮੈਂ ਤੈਨੂੰ ਦੱਸਿਆ ਸੀ ਕਿ ਸਾਡਾ ਮਹਿਕਮਾ ਜੇ ਆਈ ਤੇ ਆ ਜਾਵੇ ਤਾਂ ਉਹ ਪਤਾਲ ਵਿੱਚੋਂ ਕੀੜੀ ਵੀ ਲੱਭ ਲਿਆਉਂਦੈ।ਤੈਨੂੰ ਪਹਿਲਾਂ ਵੀ ਕਈ ਵਾਰੀ ਦੱਸਿਐ ਕਿ ਮੈਨੂੰ ਤੇਰੇ ਪਰਿਵਾਰ ਕੀ, ਤੇਰੇ ਆਪਣੇ ਮਹਿਕਮੇ ਵਿਚਲੇ ਕਿਰਦਾਰ ਬਾਰੇ ਵੀ ਪੂਰੀ ਜਾਣਕਾਰੀ ਹੈ।ਜੇ ਤੇਰਾ ਇੱਕ ਵੀ ਨੰਬਰ ਕੱਟਿਆ ਜਾਂਦਾ ਤਾਂ ਆਪਾਂ ਅੱਜ ਇੰਝ 'ਕੱਠੇ ਬਹਿ ਕੇ ਦਾਰੂ ਨ੍ਹੀਂ ਸੀ ਪੀਣੀ।" ਉਹ ਸਰੂਰ ਵਿੱਚ ਆਇਆ ਬੋਲਿਆ।

"ਫਿਰ ਕਿਸ ਨਾਲ ਪੀਣੀ ਸੀ ?" ਮੈਨੂੰ ਪਤਾ ਹੀ ਨਹੀਂ ਲੱਗਾ ਕਿ ਮੈਂ ਦਾਰੂ ਦੇ ਨਸ਼ੇ ਵਿੱਚ ਕਿਵੇਂ ਅਤੇ ਕਿਉਂ ਬੋਲ ਗਿਆ ਸਾਂ।ਮੈਨੂੰ ਇੱਕ ਪਲ ਦੇ ਵਿੱਚ ਹੀ ਆਪਣੀ ਮੂੰਹੋਂ ਨਿਕਲੀ ਇਸ ਗੱਲ 'ਤੇ ਅਫ਼ਸੋਸ ਵੀ ਹੋਇਆ ਤੇ ਅਹਿਸਾਸ ਵੀ ਕਿ ਮੈਨੂੰ ਇਹ ਨਹੀਂ ਸੀ ਆਖਣਾ ਚਾਹੀਦਾ।

ਪਰ ਸ਼ਾਇਦ ਉਹ ਮੇਰੇ ਹੱਥਾਂ ਵਿੱਚੋਂ ਵਾਰ-ਵਾਰ ਛੁੱਟ ਰਹੀ ਮੀਟ ਦੀ ਬੋਟੀ ਨੂੰ ਵੇਖ ਕੇ ਸਮਝ ਗਿਆ ਸੀ ਕਿ ਮੈਂ ਇਹ ਗੱਲ ਜਾਣ ਬੁੱਝ ਕੇ ਨਹੀਂ ਆਖੀ ਹੈ।ਇਸ ਲਈ ਉਹ ਸੰਭਲ ਕੇ ਬੋਲਿਆ, "ਕਿਸੇ ਨਾਲ ਵੀ ਨਹੀਂ।ਮੈਂ ਕਿਸੇ ਐਰੇ ਗ਼ੈਰੇ ਨੱਥੂ ਖੈਰੇ ਨਾਲ ਨਹੀਂ ਪੀਂਦਾ ਹੁੰਦਾ।"

"ਕਿਉਂ ?" ਮੈਂ ਪੁੱਛਿਆ।

"ਕਿਉਂਕਿ ਤੂੰ ਕਾਮਰੇਡ ਦਾ ਮੁੰਡਾ ਏਂ, ਮੇਰੀ ਤਾਂ ਕੀ ਸਾਡੇ ਵਿਭਾਗ ਦੀ ਰਿਪੋਰਟ ਮੁਤਾਬਕ ਵੀ ਪੱਕਾ ਈਮਾਨਦਾਰ ਬੰਦਾ ਹੀ ਹੈਂ।ਬੇਸ਼ੱਕ ਮੈਂ ਤਾਂ ਕੀ, ਇੱਥੇ ਕੋਈ ਵੀ ਪੂਰਾ ਈਮਾਨਦਾਰ ਨਹੀਂ ਹੈ ਪਰ ਜਿਸ ਬੰਦੇ ਨੂੰ ਸਾਡੇ ਵਿਭਾਗ ਦੀ ਹਰ ਰਿਪੋਰਟ ਸੱਚਾ-ਸੁੱਚਾ ਆਖ ਰਹੀ ਹੋਵੇ, ਉਸ ਦਾ ਸਾਥ ਨਾ ਦੇ ਕੇ ਮੈਂ ਪਾਪਾਂ ਦਾ ਭਾਗੀਦਾਰ ਨਹੀਂ ਬਣ ਸਕਦਾ ਸਾਂ।ਇਸ ਲਈ ਹੀ ਮੈਂ ਤੇਰੀ ਮੱਦਦ ਕੀਤੀ ਹੈ, ਪਿਆਰੇ।ਨਹੀਂ ਤਾਂ, ਹਜ਼ਾਰਾਂ ਲੋਕ ਤੁਰੇ ਫਿਰਦੇ ਨੇ ਥਾਣਿਆਂ ਅਤੇ ਸਾਡੇ ਦਫ਼ਤਰ ਵਿੱਚ ਧੱਕੇ ਖਾਂਦੇ ਹੋਏ।" ਉਹ ਉਪਦੇਸ਼ ਦੇਣ ਵਾਂਙ ਛਿੜ ਪਿਆ ਸੀ।ਜਿਸ ਨੂੰ ਮੈਂ ਨਾ ਤਾਂ ਰੋਕ ਸਕਦਾ ਸਾਂ ਤੇ ਨਾ ਹੀ ਰੋਕਣਾ ਚਾਹੁੰਦਾ ਸੀ ਕਿਉਂਕਿ ਉਹ ਮੇਰੀਆਂ ਸਿਫ਼ਤਾਂ ਦੇ ਪੁਲ਼ ਬੰਨ੍ਹੀ ਜਾ ਰਿਹਾ ਸੀ।ਆਪਣੀ ਵਡਿਆਈ ਕਿਸੇ ਨੂੰ ਵੀ ਬੁਰੀ ਨਹੀਂ ਲੱਗਦੀ ਤੇ ਜੇਕਰ ਉਹ ਵਡਿਆਈ ਕੁਝ ਘੁੱਟ ਅੰਦਰ ਗਈ ਤੋਂ ਹੋ ਜਾਵੇ ਤਾਂ ਇਸ ਨੂੰ ਕੋਈ ਵੀ ਬੰਦ ਕਰਵਾਉਣਾ ਨਹੀਂ ਚਾਹੇਗਾ।ਆਪਣੀ ਅਤੇ ਆਪਣੇ ਪਰਿਵਾਰ ਦੀ ਏਨੀ ਪ੍ਰਸ਼ੰਸਾ ਸੁਣ ਕੇ ਮੇਰੇ ਪੀਤੇ ਗਏ ਚਾਰ ਹਾੜ੍ਹਿਆਂ ਦਾ ਨਸ਼ਾ ਦੁੱਗਣਾ ਹੋ ਚੁੱਕਾ ਸੀ।

ਮੇਰਾ ਇੱਕ ਮਨ ਤਾਂ ਕਰ ਰਿਹਾ ਸੀ ਕਿ ਧੁੰਦ ਦੇ ਹੋਰ ਸੰਘਣੀ ਹੋਣ ਪਹਿਲਾਂ ਹੀ ਛੇਤੀ ਤੋਂ ਛੇਤੀ ਘਰ ਪੁੱਜਿਆ ਜਾਵੇ ਪਰ ਆਪਣੀ ਪ੍ਰਸ਼ੰਸ਼ਾ ਸੁਣ ਰਿਹਾ ਮਨ ਅਜੇ ਵੀ ਉੱਥੇ ਹੀ ਬੈਠਾ ਰਹਿਣਾ ਚਾਹ ਰਿਹਾ ਸੀ।ਹੁਣ ਮੈਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਮੈਂ ਉੱਥੇ ਹੀ ਬੈਠਾ ਰਹਾਂ ਜਾਂ ਉੱਠ ਕੇ ਘਰ ਨੂੰ ਚਲਾ ਜਾਵਾਂ।

ਅੰਤ, ਮੈਂ ਮਨ ਵਿੱਚ ਇੱਕ ਤਰਕੀਬ ਸੋਚੀ।ਮੈਂ ਪਿਸ਼ਾਬ ਕਰਕੇ ਆਉਣ ਦਾ ਬਹਾਨਾ ਬਣਾਇਆ।ਜਦ ਮੈਂ ਉੱਠਿਆ ਤਾਂ ਮੇਰੇ ਪੈਰ ਲੜਖੜ੍ਹਾਅ ਰਹੇ ਸਨ।ਮੈਂ ਪਿਸ਼ਾਬ ਕੀਤਾ ਤੇ ਵਾਪਸ ਆ ਕੇ ਬੈਠਣ ਦਾ ਲਾਲਚ ਨਾ ਕੀਤਾ ਤੇ ਖੜ੍ਹੇ-ਖੜ੍ਹੇ ਨੇ ਹੀ ਉਸ ਤੋਂ ਹੋਰ ਨਾ ਬੈਠ ਸਕਣ ਦੀ ਮੁਆਫ਼ੀ ਮੰਗ ਲਈ।

ਮੇਰੇ ਉੱਖੜ ਰਹੇ ਪੈਰਾਂ ਤੋਂ ਉਹ ਵੀ ਮੇਰੀ ਹਾਲਤ ਸਮਝ ਚੁੱਕਾ ਸੀ ਤੇ ਉਸ ਨੇ ਮੈਨੂੰ ਹੋਰ ਬਿਠਾਉਣ ਦੀ ਜ਼ਿਦ ਨਾ ਕੀਤੀ।ਬਾਹਰਲੇ ਬੂਹੇ ਕੋਲ ਆਉਂਦਿਆਂ ਹੀ ਬੋਲਿਆ, "ਅੱਜ ਮੇਰੇ ਨਾਲ ਇੱਕ ਵਾਅਦਾ ਕਰ ਕੇ ਜਾ।"

"ਵਾਅਦਾ ਨਹੀਂ ਵੀਰ ਜੀ, ਤੁਸੀਂ ਹੁਕਮ ਕਰੋ।ਮੈਂ ਤੁਹਾਡਾ ਦੇਣ ਤਾਂ ਜ਼ਿੰਦਗੀ ਭਰ ਨਹੀਂ ਦੇ ਸਕਦਾ।" ਮੇਰੀ ਜ਼ੁਬਾਨ ਤਾਂ ਬੇਸ਼ੱਕ ਥਥਲਾਅ ਰਹੀ ਸੀ ਪਰ ਮੇਰਾ ਤਨ ਤੇ ਮਨ ਉਸਦਾ ਸਾਥ ਦੇਣ ਲਈ ਤਿਆਰ-ਬਰ-ਤਿਆਰ ਖੜ੍ਹਾ ਸੀ।

"ਵਾਅਦਾ ਇਹ ਕਿ ਤੂੰ ਕੇਸ ਜਿੱਤਣ ਤੋਂ ਬਾਅਦ ਸਾਡੇ ਇਸ ਮਹਿਕਮੇ ਦੀ ਹਾਲਤ ਬਾਰੇ ਇੱਕ ਕਿਤਾਬ ਜ਼ਰੂਰ ਲਿਖ, ਜਿਹੜੀ ਇਸ ਮਹਿਕਮੇ ਦੇ ਅੰਦਰਲੇ ਪੂਰੇ ਕੋਹਜ ਨੂੰ ਉਜਾਗਰ ਕਰਦੀ ਹੋਵੇ।ਪੂਰੀ ਸਚਾਈ ਲਿਖਣੀ ਹੈ, ਜਿਹੜੀ ਮੈਂ ਵੇਖਦਾ ਤਾਂ ਹਰ ਰੋਜ਼ ਹਾਂ ਪਰ ਮਜਬੂਰੀ ਵੱਸ ਲਿਖ ਨਹੀਂ ਸਕਦਾ।ਤੇ ਲਿਖਣਾ ਮੇਰੇ ਵਰਗੇ ਬੰਦੇ ਦੇ ਵੱਸ ਦਾ ਰੋਗ ਵੀ ਨਹੀਂ।" ਉਸ ਨੇ ਮੇਰੇ ਵੱਲ ਸਿੱਧਾ ਝਾਕਦਿਆਂ ਤਰਲੇ ਜਿਹੇ ਨਾਲ ਆਖਿਆ।

"ਮੈਂ ਕੇਸ ਜਿੱਤਾਂ ਜਾਂ ਹਾਰਾਂ, ਪਰ ਇਸ ਘਟਨਾਕ੍ਰਮ 'ਤੇ ਨਾਵਲ ਜ਼ਰੂਰ ਲਿਖਾਂਗਾ।ਵੀਰ ਜੀ, ਇਹ ਮੇਰਾ ਤੁਹਾਡੇ ਨਾਲ ਵਾਅਦਾ ਹੈ।" ਮੈਂ ਪੂਰੇ ਵਿਸ਼ਵਾਸ਼ ਨਾਲ ਆਖਦਿਆਂ ਉਸ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ।

"ਕੇਸ ਤਾਂ ਤੂੰ ਹੀ ਜਿੱਤਣਾ ਹੈ, ਲਿਖਾਅ ਲੈ ਮੇਰੇ ਤੋਂ।ਪਰ ਸਾਡੇ ਮਹਿਕਮੇ ਦੀਆਂ ਬੁਰਾਈਆਂ ਤੂੰ ਹੀ ਦੁਨੀਆ ਸਾਹਮਣੇ ਲੈ ਕੇ ਆਉਣੀਆਂ ਨੇ।ਇਹ ਕੰਮ ਮੈਂ ਨ੍ਹੀਂ ਕਰ ਸਕਦਾ।ਸਮਝ ਲੈ ਇਸ ਲਈ ਹੀ ਮੈਂ ਤੇਰੀ ਮਦਦ ਕੀਤੀ ਹੈ।ਹੁਣ ਤੇਰੀ ਜੁੰਮੇਵਾਰੀ ਬਣਦੀ ਹੈ ਕਿ ਤੂੰ ਆਪਣੀ ਪੀੜ ਨੂੰ ਅਧਾਰ ਬਣਾ ਕੇ ਮੇਰੇ ਮਨ ਦੀ ਆਵਾਜ਼ ਨੂੰ ਲੋਕਾਂ ਤੱਕ ਪਹੁੰਚਾਵੇਂ।" ਕਹਿੰਦਿਆਂ ਉਸ ਨੇ ਮੈਨੂੰ ਆਪਣੇ ਨਾਲ ਘੁੱਟ ਲਿਆ।

"ਮੇਰੀ ਭਾਵੇਂ ਜਾਨ ਚਲੀ ਜਾਵੇ।ਮੈਂ ਨਾ ਤਾਂ ਤੁਹਾਡਾ ਅਹਿਸਾਨ ਭੁਲਾਅ

ਸਕਦਾ ਹਾਂ ਤੇ ਨਾ ਹੀ ਤੁਹਾਡਾ ਆਖਾ ਮੋੜ ਸਕਦਾ ਹਾਂ। ਸਮਝ ਲਓ ਕੰਮ ਹੋ ਗਿਆ।" ਮੈਂ ਥਥਲਾਉਂਦਾ ਜਿਹਾ ਬੋਲਿਆ ਸਾਂ ਪਰ ਮੇਰਾ ਅੰਦਰਲਾ ਮਨ ਉਸ ਦੇ ਇਸ ਹੁਕਮ ਦੀ ਸੌ ਫ਼ੀਸਦੀ ਤਾਮੀਲ਼ ਕਰਨ ਲਈ ਓਦੋਂ ਹੀ ਤਿਆਰ ਹੋ ਗਿਆ ਸੀ।

"ਚੰਗਾ, ਹੁਣ ਜੇ ਤੂੰ ਹੋਰ ਲਾਉਣੀ ਹੈ ਤਾਂ ਅੰਦਰ ਆ ਕੇ ਹੋਰ ਲਾ ਲੈ। ਨਹੀਂ ਤਾਂ ਘਰ ਪਹੁੰਚ। ਘਰ ਆਲੀ ਯਾਦ ਕਰਦੀ ਹੋਵੇਗੀ। ਪਰ ਕਮਿਸ਼ਨ ਅੱਗੇ ਆਪਣਾ ਕੇਸ ਜ਼ਰੂਰ ਪੇਸ਼ ਕਰ ਕੇ ਆਵੀਂ। ਇਹ ਵੀ ਮੇਰੀ ਗੱਲ ਯਾਦ ਰੱਖੀਂ।" ਮੇਰਾ ਪਹਿਲਾਂ ਨਾਂਹ ਤੇ ਫਿਰ ਹਾਂ ਵਿੱਚ ਸਿਰ ਹਿੱਲਦਾ ਹੋਇਆ ਵੇਖ ਕੇ ਆਖਣ ਲੱਗਾ "ਘਰ ਪਹੁੰਚ ਕੇ ਫ਼ੋਨ ਜ਼ਰੂਰ ਕਰ ਦੇਵੀਂ।"

ਮੈਂ ਮੋਟਰ ਸਾਈਕਲ ਸਟਾਰਟ ਕੀਤਾ ਤੇ ਘਰ ਵੱਲ ਨੂੰ ਚਾਲੇ ਪਾ ਦਿੱਤੇ। ਸਾਰੇ ਰਾਹ ਮੈਂ ਉਸ ਬੰਦੇ ਅਤੇ ਉਸ ਦੇ ਉੱਚ ਕਿਰਦਾਰ ਬਾਰੇ ਹੀ ਸੋਚਦਾ ਰਿਹਾ। ਹੈਰਾਨ ਵੀ ਹੋ ਰਿਹਾ ਸਾਂ ਕਿ ਏਨੇ ਗੰਦੇ ਅਤੇ ਘਟੀਆ ਵਿਭਾਗ ਵਿੱਚ ਇੱਕ ਐਸਾ ਬੰਦਾ ਵੀ ਬੈਠਾ ਹੈ ਜਿਹੜਾ ਕਿਸੇ ਤੋਂ ਮਜਬੂਰੀ ਵੱਸ ਪੀਤੀ ਹੋਈ ਦੋ ਘੁੱਟ ਦਾਰੂ ਕਾਰਨ ਹੀ ਆਪਣੇ ਆਪ ਨੂੰ ਅਪਰਾਧੀ ਸਮਝੀ ਜਾ ਰਿਹਾ ਹੈ ਤੇ ਦੂਜੇ ਪਾਸੇ ਇਹਨਾਂ ਦੇ ਵੱਡੇ ਤੋਂ ਵੱਡੇ ਅਧਿਕਾਰੀ ਹਨ ਜੋ ਇੱਕ ਨਾ ਫਸਣ ਵਾਲੀ 'ਮੁਰਗ਼ੀ' ਨੂੰ ਭਜਾਅ-ਭਜਾਅ ਕੇ ਮਾਰ ਰਹੇ ਹਨ। ਮੈਂ ਆਪ ਮੁਹਾਰੇ ਹੀ 'ਕੋਈ ਹਰਿਆ ਬੂਟ ਰਹੀਓ ਰੀ, ਕੋਈ ਹਰਿਆ ਬੂਟ ਰਹੀਓ ਰੀ' ਉਚਾਰਦਾ ਆ ਰਿਹਾ ਸਾਂ।

ਮੇਰਾ ਮੋਟਰ-ਸਾਈਕਲ ਇੱਕ ਵੱਡੀ ਸਾਰੀ ਇਮਾਰਤ ਦੇ ਅੱਗੋਂ ਦੀ ਲੰਘ ਰਿਹਾ ਸੀ। ਧੁੰਦ ਕਾਰਨ ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਮੈਂ ਕਿਸ ਜਗ੍ਹਾ ਉੱਤੇ ਹਾਂ। ਬਲਬ ਦੇ ਮੱਧਮ ਜਿਹੇ ਚਾਨਣ ਵਿੱਚ ਜਦ ਮੈਨੂੰ 'ਥਾਣਾ ਸਿਟੀ' ਦਾ ਬੋਰਡ ਨਜ਼ਰ ਆਇਆ ਤਾਂ ਮੈਂ ਮੋਟਰ-ਸਾਈਕਲ ਰੋਕ ਲਿਆ।

ਯਾਦਵਿੰਦਰ ਦੇ ਅੱਗੇ ਲੱਖ ਕਸਮਾਂ ਖਾਣ ਦੇ ਬਾਵਜੂਦ ਵੀ ਮੇਰੇ ਮਨ ਅੰਦਰ ਵਸੇ ਹੋਏ, 'ਤਾਰੇ, ਚਿੱਬ-ਕੱਢ' ਨੇ ਅੰਗੜਾਈ ਭਰ ਲਈ ਸੀ। ਮੈਂ ਜਾਣ ਬੁੱਝ ਕੇ ਥਾਣੇ ਦੇ ਦਰਵਾਜ਼ੇ ਅੱਗੇ ਥੁੱਕਿਆ ਤਾਂ ਕਿ ਮੈਨੂੰ ਕੋਈ ਪੁੱਛਣ ਵਾਲਾ ਆ ਜਾਵੇ। ਮੈਂ ਉਸ ਇਮਾਰਤ ਨੂੰ ਹੀ ਉੱਚੀ-ਉੱਚੀ ਮਾਂ-ਭੈਣ ਦੀਆਂ ਦਸ-ਬਾਰਾਂ ਗਾਲ੍ਹਾਂ ਕੱਢ ਦਿੱਤੀਆਂ। ਅੰਦਰੋਂ ਕੋਈ ਵੀ ਬਾਹਰ ਨਾ ਆਇਆ। ਮੈਨੂੰ ਮਹਿਸੂਸ ਹੋਇਆ ਕਿ ਸ਼ਾਇਦ ਪੁਲਿਸ ਵਾਲਿਆਂ ਨੇ ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਮੈਨੂੰ ਤਾਰੇ ਚਿੱਬਕੱਢ ਵਾਂਙ ਪਹਿਚਾਣ ਲਿਆ ਹੈ ਤੇ ਇਸ ਲਈ ਹੀ ਉਹ ਮੇਰੇ ਨਾਲ ਪੰਗਾ ਲੈਣ ਲਈ ਬਾਹਰ ਨਹੀਂ ਆ ਰਹੇ ਹਨ। ਦਸ-ਪੰਦਰਾਂ ਮਿੰਟ ਉੱਥੇ ਖੜ੍ਹੇ ਰਹਿਣ ਤੋਂ ਬਾਅਦ ਮੈਂ ਮੋਟਰ ਸਾਈਕਲ ਤੋਰ ਲਿਆ ਤੇ ਘਰ ਪੁੱਜ ਗਿਆ।

ਆਪਣੇ ਸੁਰੱਖਿਅਤ ਘਰ ਪੁੱਜਣ ਉਪਰੰਤ ਉਸ ਨੂੰ ਫ਼ੋਨ ਕਰਨ ਤੋਂ ਬਾਅਦ ਮੈਂ ਨੀਂਦ ਦੀ ਆਗੋਸ਼ ਵਿੱਚ ਚਲਾ ਗਿਆ ਸਾਂ।ਆਪਣੀ ਇਸ ਜਿੱਤ ਕਾਰਨ ਮੈਨੂੰ ਪਤਾ ਹੀ ਨਹੀਂ ਲੱਗਾ ਕਿ ਕਦ ਮੈਨੂੰ ਨੀਂਦ ਨੇ ਘੇਰ ਲਿਆ ਸੀ।ਸੁਪਨੇ ਵਿੱਚ ਵੀ ਮੈਂ ਥਾਣੇ ਦੇ ਅੱਗੇ ਜਾ ਕੇ ਪੁਲਿਸ ਵਾਲਿਆਂ ਨੂੰ ਲਲਕਾਰਦਾ ਰਿਹਾ ਸਾਂ।

0–0–0

ਅਗਲ਼ੀ ਸਵੇਰ ਮੈਂ ਜ਼ਰਾ ਕੁ ਆਰਾਮ ਨਾਲ ਉੱਠਿਆ।ਬੇਸ਼ੱਕ ਮੇਰੇ ਮਨ ਵਿੱਚ ਆਪਣੇ ਤਿਆਰ ਕੀਤੇ ਜਾ ਰਹੇ ਕੇਸ ਨੂੰ ਹਰ ਪੱਖ ਤੋਂ ਮੁਕੰਮਲ ਕਰਨ ਦੀ ਕਾਹਲ਼ ਸੀ।ਮੈਂ ਆਪਣੇ ਚਚੇਰੇ ਭਰਾਵਾਂ ਅਮਰਿੰਦਰ ਤੇ ਗੁਰਪਿੰਦਰ ਨੂੰ ਘਰ ਸੱਦ ਲਿਆ।ਅਸੀਂ ਮੁਕੱਦਮੇ ਨਾਲ ਸਬੰਧਤ ਅਰਜ਼ੀ, ਫ਼ੋਟੋਆਂ ਅਤੇ ਸੀ.ਡੀ. ਨੂੰ ਬੜੇ ਹੀ ਧਿਆਨ ਨਾਲ ਤਿਆਰ ਕਰ ਲਿਆ।ਲਿਖਤ ਵਿੱਚ ਪੇਸ਼ ਕਰਨ ਵਾਲੇ ਸਾਰੇ ਤੱਥਾਂ ਨੂੰ ਵੀ ਪੂਰੀ ਤਰ੍ਹਾਂ ਜਾਂਚ ਲਿਆ।ਸ਼ਾਮ ਤੱਕ ਜਦ ਸਾਡੀ ਪੂਰੀ ਤਸੱਲੀ ਹੋ ਗਈ ਕਿ ਹੁਣ ਸਾਡਾ ਕੰਮ ਪੂਰੀ ਤਰ੍ਹਾਂ ਤੇ ਠੀਕ ਢੰਗ ਨਾਲ ਮੁਕੰਮਲ ਹੋ ਚੁੱਕਾ ਹੈ ਤਾਂ ਅਸੀਂ ਇਹਨਾਂ ਸਾਰੇ ਦਸਤਾਵੇਜ਼ਾਂ ਨੂੰ ਇੱਕ ਬੈਗ ਵਿੱਚ ਪਾ ਕੇ ਸਾਂਭ ਦਿੱਤਾ ਅਤੇ ਚੰਡੀਗੜ੍ਹ ਜਾਣ ਦੀ ਤਿਆਰੀ ਵਿੱਚ ਰੁੱਝ ਗਏ।ਅਸੀਂ ਸਵੇਰ ਦੀ ਚਾਰ ਵਜੇ ਵਾਲੀ ਪਹਿਲੀ ਬੱਸ ਵਿੱਚ ਸਵਾਰ ਹੋਣਾ ਸੀ।

ਸਵੇਰੇ ਪੌਣੇ ਚਾਰ ਵਜਦੇ ਨੂੰ ਅਸੀਂ ਬੱਸ ਅੱਡੇ ਵਿੱਚ ਪੁੱਜ ਗਏ।ਸਮਾਂ ਚਾਰ ਤੋਂ ਕਾਫ਼ੀ ਉੱਪਰ ਹੋ ਚੁੱਕਾ ਸੀ।ਉੱਥੇ ਫਿਰਦੇ ਬੰਦਿਆਂ ਤੋਂ ਪਤਾ ਲੱਗਾ ਕਿ ਧੁੰਦ ਕਾਰਨ ਬੱਸਾਂ ਨੂੰ ਦੇਰੀ ਹੋ ਰਹੀ ਹੈ।ਸਾਨੂੰ ਕੁਝ ਫ਼ਿਕਰ ਹੋਣ ਲੱਗ ਪਿਆ।ਅੰਤ, ਸਾਨੂੰ ਇੱਕ ਅਖ਼ਬਾਰਾਂ ਵਾਲੀ ਗੱਡੀ ਦਾ ਪਤਾ ਲੱਗਾ ਤੇ ਅਸੀਂ ਝੱਟ ਦੇਣੇ ਲੁਧਿਆਣੇ ਤੱਕ ਪੁੱਜਣ ਲਈ ਉਸ ਵਿੱਚ ਹੀ ਚੜ੍ਹ ਗਏ।ਧੁੰਦ ਵੀ ਏਨੀ ਸੀ ਕਿ ਹੱਥ ਨੂੰ ਹੱਥ ਨਜ਼ਰ ਨਹੀਂ ਸੀ ਆ ਰਿਹਾ।ਪਰ ਗੱਡੀ ਦਾ ਡਰਾਈਵਰ ਆਪਣੇ ਕੰਮ ਵਿੱਚ ਏਨਾ ਮਾਹਿਰ ਸੀ ਕਿ ਉਹ ਪੂਰੀ ਤੇਜ਼ ਗਤੀ ਨਾਲ ਗੱਡੀ ਨੂੰ ਭਜਾਈ ਜਾ ਰਿਹਾ ਸੀ।ਸਾਰੇ ਰਾਹ ਸਾਨੂੰ ਕਿਤੇ ਵੀ ਨਹੀਂ ਲੱਗਾ ਕਿ ਉਸ ਨੇ ਕਿਸੇ ਜਗ੍ਹਾ ’ਤੇ ਵੀ ਗੱਡੀ ਨੂੰ ਗ਼ਲਤ ਚਲਾਇਆ ਹੈ।

ਲੁਧਿਆਣੇ ਤੋਂ ਚੰਡੀਗੜ੍ਹ ਵਾਲੀ ਸਿੱਧੀ ਬੱਸ ਮਿਲ ਗਈ।ਅਸੀਂ ਠੀਕ ਸਾਢੇ ਨੌਂ ਵਜਦੇ ਨੂੰ ਮਨੁੱਖੀ ਅਧਿਕਾਰ ਕਮਿਸ਼ਨ ਦੇ ਦਫ਼ਤਰ ਅੱਗੇ ਖੜ੍ਹੇ ਸਾਂ।ਪੌੜੀਆਂ ਚੜ੍ਹ ਕੇ ਅਸੀਂ ਇੱਕ ਚੌਕੀਦਾਰ ਤੋਂ ਸਬੰਧਤ ਕਮਰੇ ਬਾਰੇ ਪੁੱਛਿਆ ਅਤੇ ਸਿੱਧਾ ਉਸ ਵਿੱਚ ਚਲੇ ਗਏ।ਮੈਂ ਉੱਥੇ ਬੈਠੇ ਕਲਰਕ ਨੂੰ ਆਪਣੀ ਤਾਰੀਕ ਬਾਰੇ ਦੱਸਿਆ ਅਤੇ ਕਮਿਸ਼ਨ ਦੁਆਰਾ ਭੇਜੇ ਕਾਗਜ਼ ਉਸ ਨੂੰ ਫੜਾਅ ਦਿੱਤੇ।

ਉਸ ਨੇ ਸਾਡੇ ਕੇਸ ਦਾ ਨੰਬਰ ਕੰਪਿਊਟਰ ਵਿੱਚ ਭਰਿਆ ਤੇ ਤੁਰੰਤ ਹੀ ਸਾਨੂੰ ਅਗਲ਼ੀ ਤਾਰੀਕ ਵੀ ਦੇ ਦਿੱਤੀ। ਮੈਂ ਤੇ ਅਮਰਿੰਦਰ ਇੱਕ ਦੂਜੇ ਦੇ ਮੂੰਹ ਵੱਲ ਬੜੀ ਹੀ ਹੈਰਾਨੀ ਨਾਲ ਝਾਕੇ। ਮੇਰੇ ਮਨ ਵਿੱਚ ਇੱਕ ਗੱਲ ਤੁਰੰਤ ਹੀ ਖਟਕੀ, "ਲੈ, ਇੱਥੇ ਵੀ ਤਾਰੀਕਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ।"

ਮੈਂ ਹਿੰਮਤ ਇਕੱਠੀ ਕਰ ਕੇ ਉਸ ਕਲਰਕ ਨੂੰ ਆਖਿਆ, "ਸਰ, ਬੜੀ ਹੀ ਦੂਰੋਂ ਆਏ ਹਾਂ। ਅਸੀਂ ਤਾਂ ਆਪਣਾ ਸਾਰਾ ਕੇਸ ਅਤੇ ਸਬੂਤ ਲੈ ਕੇ ਆਏ ਸੀ। ਪਲੀਜ਼, ਜੇ ਅੱਜ ਵੱਡੇ ਸਰ ਨਾਲ ਸਾਡੀ ਗੱਲ ਕਰਵਾਅ ਦੇਵੋ ਤਾਂ ਕਿ ਸਾਡਾ ਹੋਰ ਗੇੜਾ ਨਾ ਲੱਗੇ। ਅਸੀਂ ਉਹਨਾਂ ਨੂੰ ਮਿਲ ਕੇ ਆਪਣਾ ਪੱਖ ਅਤੇ ਸਾਰਾ ਮਾਮਲਾ ਸਮਝਾਉਣਾ ਚਾਹੁੰਦੇ ਹਾਂ।"

"ਗੱਲ ਇਹ ਹੈ ਕਿ ਤੁਹਾਡਾ ਕੇਸ ਜਿਸ ਜੱਜ ਸਾਹਬ ਦੇ ਲੱਗਾ ਹੋਇਆ ਹੈ ਉਹ ਅੱਜ ਛੁੱਟੀ 'ਤੇ ਹਨ। ਤੁਸੀਂ ਇੰਝ ਕਰੋ ਇਹ ਫਾਈਲ਼ ਮੈਨੂੰ ਜਮ੍ਹਾਂ ਕਰਵਾਅ ਦਿਓ। ਜਦ ਸਾਹਬ ਆਉਣਗੇ ਮੈਂ ਉਹਨਾਂ ਦੇ ਅੱਗੇ ਪੇਸ਼ ਕਰ ਦੇਵਾਂਗਾ।" ਉਸ ਦੇ ਬੋਲਣ ਦਾ ਸਲੀਕਾ ਏਨਾ ਵਧੀਆ ਸੀ ਕਿ ਮੈਂ ਚਾਹ ਕੇ ਉਸ ਨੂੰ ਨਾਂਹ ਨਹੀਂ ਕਰ ਸਕਿਆ ਸਾਂ। ਮੈਂ ਹੱਥ ਵਿੱਚ ਫੜੀ ਫਾਈਲ ਅਤੇ ਸੀ.ਡੀ. ਉਸ ਦੇ ਹਵਾਲੇ ਕਰ ਦਿੱਤੀ।

"ਅੱਗੇ ਤੋਂ ਤੁਸੀਂ ਖ਼ੁਦ ਨਾ ਅਇਆ ਕਰੋ। ਜੇ ਕਰ ਤੁਸੀਂ ਕੋਈ ਹੋਰ ਦਸਤਾਵੇਜ਼ ਭੇਜਣੇ ਹੋਏ ਤਾਂ ਰਜਿਸਟਰੀ ਰਾਹੀਂ ਹੀ ਭੇਜ ਦਿਆ ਜੇ।" ਉਸ ਨੇ ਏਨੇ ਪਿਆਰ ਨਾਲ ਆਖਿਆ ਜਿਵੇਂ ਉਸ ਨੂੰ ਏਨੀ ਠੰਢ ਵਿੱਚ ਸਾਡੇ ਉੱਥੇ ਜਾਣ ਅਤੇ ਬੇਰੰਗ ਵਾਪਿਸ ਮੁੜਨ ਦਾ ਅਫ਼ਸੋਸ ਹੋ ਰਿਹਾ ਸੀ।

ਅਸੀਂ ਉਸ ਦਾ ਧੰਨਵਾਦ ਕਰਕੇ ਬਾਹਰ ਆ ਗਏ। ਪੌੜੀਆਂ ਉਤਰਦੇ ਸਮੇਂ ਅਮਰਿੰਦਰ ਨੇ ਆਪਣੇ ਮਨ ਦੀ ਸ਼ੰਕਾ ਜ਼ਾਹਿਰ ਕੀਤੀ, "ਯਾਰ, ਇਹਦਾ ਕੀ ਪਤਾ, ਆਪਣੀ ਫਾਈਲ਼ ਪੇਸ਼ ਕਰੇਗਾ ਵੀ, ਕਿ ਨਹੀਂ ? ਆਪਾਂ ਸਾਰੇ ਸਬੂਤ ਬਿਨਾਂ ਕੋਈ ਰਸੀਦ ਪ੍ਰਾਪਤ ਕੀਤੇ ਹੀ ਇਸ ਨੂੰ ਫੜਾਅ ਦਿੱਤੇ ਨੇ।"

ਇੱਕ ਵਾਰ ਤਾਂ ਮੇਰੇ ਮਨ ਨੂੰ ਵੀ ਇਹ ਚਿੰਤਾ ਹੋ ਗਈ ਤੇ ਮੈਂ ਕੁਝ ਪਲ ਚੁੱਪ ਹੋ ਗਿਆ ਸਾਂ। ਫਿਰ ਮੈਂ ਆਪਣੀ ਸਮਝ ਅਤੇ ਸੋਚ ਮੁਤਾਬਕ ਉਸ ਨੂੰ ਜਵਾਬ ਦਿੱਤਾ, "ਨਹੀਂ ਯਾਰ, ਇਹਨੂੰ ਕੀ ਮਿਲਣਾ ਹੈ ਆਪਣੀ ਫਾਈਲ ਦੱਬ ਕੇ, ਨਾਲੇ ਜੇ ਇਹ ਇੰਝ ਕਰਨ ਲੱਗ ਪਏ ਤਾਂ ਇਹਨਾਂ 'ਤੇ ਯਕੀਨ ਕੌਣ ਕਰੇਗਾ ? ਇਹਨਾਂ ਦੀਆਂ ਨੌਕਰੀਆਂ ਵੀ ਤਾਂ ਹੀ ਸਲਾਮਤ ਨੇ ਜੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ। ਇਹ ਤਾਂ ਚਾਹੁੰਦੇ ਹੋਣਗੇ ਕਿ ਕਿਸੇ ਨਾ ਕਿਸੇ ਤਰ੍ਹਾਂ ਇਹ ਮਾਮਲੇ ਉਪਜਦੇ ਰਹਿਣ, ਲੋਕ ਸਾਡੇ ਕੋਲ ਆਉਣ ਤੇ ਇਹਨਾਂ ਦੀਆਂ ਨੌਕਰੀਆਂ ਬਚੀਆਂ ਰਹਿਣ।"

"ਚਲੋ, ਇੱਕ ਗੱਲ ਤਾਂ ਠੀਕ ਹੋ ਗਈ ਕਿ ਆਪਾਂ ਆਪਣੇ ਦਸਤਾਵੇਜ਼ਾਂ ਵਾਲੀ ਸੂਚੀ ਵਿੱਚ ਸਭ ਕੁਝ ਦਰਜ ਕੀਤਾ ਹੋਇਆ ਹੈ। ਕਲਰਕ ਜਦ ਵੀ ਇਹ ਫਾਈਲ ਜੱਜ ਅੱਗੇ ਪੇਸ਼ ਕਰੇਗਾ ਤਾਂ ਉਹ ਸੂਚੀ ਅਨੁਸਾਰ ਉਹਨਾਂ ਦਸਤਾਵੇਜ਼ਾਂ ਦੀ ਮੰਗ ਕਰੇਗਾ।" ਅਮਰਿੰਦਰ ਨੇ ਕੁਝ ਸੋਚ ਕੇ ਆਖਿਆ।

ਉਸ ਦੀ ਇਸ ਗੱਲ ਨਾਲ ਮੈਨੂੰ ਹੌਸਲਾ ਹੋ ਗਿਆ। ਇੱਕ ਚਾਹ ਵਾਲੀ ਦੁਕਾਨ 'ਤੇ ਬੈਠ ਕੇ ਅਸੀਂ ਘਰੋਂ ਲਿਆਂਦੇ ਪਰੌਂਠੇ ਖਾਧੇ ਅਤੇ ਘਰ ਵੱਲ ਨੂੰ ਵਾਪਸੀ ਕਰ ਦਿੱਤੀ। ਆਪਣੇ ਘਰਦਿਆਂ ਨੂੰ ਹੌਸਲਾ ਦੇਣ ਲਈ ਮੈਂ ਫ਼ੋਨ 'ਤੇ ਬੜੇ ਹੀ ਝੂਠ ਮਾਰੇ, "ਬਈ, ਕਮਿਸ਼ਨ ਵਾਲੇ ਸਾਡੇ ਨਾਲ ਬੜੇ ਹੀ ਵਧੀਆ ਢੰਗ ਨਾਲ ਪੇਸ਼ ਆਏ। ਜਦ ਉਹਨਾਂ ਨੇ ਸਾਡੇ ਪੇਸ਼ ਕੀਤੇ ਹੋਏ ਸਬੂਤ ਵੇਖੇ ਤਾਂ ਉਹਨਾਂ ਕਿਹਾ ਕਿ ਤੁਸੀਂ ਫ਼ਿਕਰ ਨਾ ਕਰੋ। ਤੱਕਲੇ ਵਾਂਙ ਸਿੱਧੇ ਕਰ ਕੇ ਵਿਖਾਵਾਂਗੇ, ਇਹੋ ਜਿਹੇ ਪੁਲਸੀਆਂ ਨੂੰ। ਬੇਫ਼ਿਕਰ ਹੋ ਜਾਓ, ਇਹ ਤਾਂ ਅੱਖ 'ਚ ਪਾਏ ਨ੍ਹੀਂ ਰੜਕਣੇ, ਵੇਖੀ ਜਾਇਓ। ਇਹਨਾਂ ਦੀ ਕੀ ਹਾਲਤ ਹੁੰਦੀ ਹੈ।"

ਮੈਂ ਨਹੀਂ ਚਾਹੁੰਦਾ ਸਾਂ ਕਿ ਮੇਰੇ ਘਰ ਦੇ ਮੇਰੇ ਕੇਸ ਪ੍ਰਤੀ ਹੋਰ ਚਿੰਤਤ ਹੋਣ। ਮੈਂ ਉਹਨਾਂ ਦੀ ਆਸ ਦੀ ਕਿਰਨ ਜਗਾਈ ਹੀ ਰੱਖਣਾ ਚਾਹੁੰਦਾ ਸਾਂ ਕਿਉਂਕਿ ਮੈਂ ਇੱਕ ਕਿਤਾਬ ਵਿੱਚ ਨਹਿੰਗ ਸਿੰਘਾਂ ਦੇ ਕਿਰਦਾਰ ਅਤੇ ਉਹਨਾਂ ਦੀ ਯੁੱਧ ਕਲਾ ਬਾਰੇ ਪੜ੍ਹ ਚੁੱਕਾ ਸਾਂ ਕਿ ਉਹ ਮਾੜੀਆਂ ਅਤੇ ਵਿਰੋਧੀ ਹਾਲਤਾਂ ਵਿੱਚ ਵੀ ਢਿੱਲੀ ਗੱਲ ਨਹੀਂ ਕਰਦੇ। ਉਹ ਆਪਣੀ ਫ਼ੌਜ ਨੂੰ ਹੌਸਲਾ ਦੇਣ ਲਈ ਵਿਰੋਧੀ ਧਿਰ ਨੂੰ ਕੀੜੇ-ਮਕੌੜੇ ਅਤੇ ਆਪਣੀ ਥੋੜ੍ਹੀ ਜਿਹੀ ਤਾਕਤ ਨੂੰ ਵਧਾਅ ਚੜ੍ਹਾਅ ਕੇ ਪੇਸ਼ ਕਰ ਦਿੰਦੇ ਸਨ। ਬਹੁਤੀਆਂ ਲੜਾਈਆਂ ਤਾਂ ਉਹਨਾਂ ਨੇ ਆਪਣੇ ਹੌਸਲੇ ਅਤੇ ਸਿਦਕ ਦੇ ਸਿਰ 'ਤੇ ਹੀ ਜਿੱਤੀਆਂ ਸਨ। ਇਸ ਲਈ ਮੈਂ ਅਮਰਿੰਦਰ ਨੂੰ ਸਾਰੀ ਗੱਲ ਸਮਝਾਅ ਦਿੱਤੀ ਕਿ ਘਰ ਜਾ ਕੇ ਕੋਈ ਵੀ ਅਜਿਹੀ ਢਿੱਲੀ ਗੱਲ ਨਹੀਂ ਕਰਨੀ ਜਿਸ ਨਾਲ ਇਹ ਲੱਗੇ ਕਿ ਆਪਣਾ ਕੇਸ ਕਿਸੇ ਨੇ ਵੀ ਨਹੀਂ ਸੁਣਿਆ।

ਮੇਰੇ ਲੱਖ ਚਾਹੁਣ ਅਤੇ ਟਾਲਣ ਦੇ ਬਾਵਜੂਦ ਵੀ ਮੇਰਾ ਚੰਡੀਗੜ੍ਹ ਦਾ ਗੇੜਾ ਲੱਗ ਚੁੱਕਾ ਸੀ। ਮੈਂ ਆਪਣੇ ਮਨ ਹੀ ਮਨ 'ਚ ਫ਼ੈਸਲਾ ਕਰ ਲਿਆ ਕਿ ਜਦ ਮੇਰੀ ਏਨੀ ਭਕਾਈ ਹੋ ਹੀ ਚੁੱਕੀ ਹੈ ਤਾਂ ਹੁਣ 181 ਨੰਬਰ 'ਤੇ ਫ਼ੋਨ ਕਰਕੇ, ਲਗਦੇ ਹੱਥ ਦੂਜੀ ਧਿਰ ਨੂੰ ਵੀ ਸਬਕ ਸਿਖਾਅ ਹੀ ਦੇਣਾ ਚਾਹੀਦਾ ਹੈ। ਮੈਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਤਿਆਰ ਕਰ ਰਿਹਾ ਸਾਂ ਕਿ ਫਿਰ ਮਨ ਵਿੱਚ ਆਉਣ ਲੱਗ ਪਿਆ ਕਿ ਚਲੋ, ਆਪਣੀ ਤਾਂ ਜਿਹੜੀ ਭੱਜ-ਨੱਠ ਅਤੇ ਕੁੱਤੇ ਭਕਾਈ ਹੋਣੀ ਸੀ ਉਹ ਤਾਂ ਹੁਣ ਹੋ ਹੀ ਗਈ ਹੈ ਪਰ ਤੈਨੂੰ ਉਹਨਾਂ ਦੀ ਨੌਕਰੀ ਨੂੰ ਖ਼ਤਰੇ ਵਿੱਚ ਨਹੀਂ ਪਾਉਣਾ ਚਾਹੀਦਾ। ਮੈਂ ਕਿਸ ਕਿਸ ਤਰ੍ਹਾਂ ਸੋਚ ਰਿਹਾ ਸਾਂ ? ਚਾਹ ਕੇ ਵੀ ਮੈਂ ਆਪਣੇ ਅੰਦਰੋਂ ਆਦਮੀਅਤ ਨੂੰ ਮਾਰ ਨਹੀਂ

ਸਾਂ ਸਕਿਆ।

## ਬਾਈ

ਆਦਲਤ ਅਤੇ ਏ.ਡੀ.ਸੀ. ਦੀਆਂ ਤਾਰੀਕਾਂ ਅਜੇ ਵੀ ਪਈ ਜਾ ਰਹੀਆਂ ਸਨ। ਹਰ ਵਾਰ ਮੈਂ ਅਤੇ ਮੇਰਾ ਵਕੀਲ ਇਕੱਲੇ ਹੀ ਜੱਜ ਸਾਹਮਣੇ ਪੇਸ਼ ਹੁੰਦੇ ਸਾਂ ਤੇ ਦੂਜੀ ਧਿਰ ਦਾ ਮੁਣਸ਼ੀ ਹੀ ਆ ਕੇ ਅਗਲ਼ੀ ਤਾਰੀਕ ਦੀ ਬੇਨਤੀ ਕਰ ਦਿੰਦਾ ਸੀ। ਜੱਜ ਅਗਲ਼ੀ ਤਾਰੀਕ ਪਾ ਦਿੰਦੀ ਸੀ। ਦੂਜੇ ਪਾਸੇ ਏ.ਡੀ.ਸੀ. ਦਾ ਰੀਡਰ ਕੋਈ ਨਾ ਕੋਈ ਨਵਾਂ ਬਹਾਨਾ ਘੜ ਕੇ ਬੜੇ ਪਿਆਰ ਨਾਲ ਪਹਿਲਾਂ ਵਾਂਙ ਹੀ ਮਿੱਠੀ ਗੋਲੀ ਦੇ ਕੇ ਤੋਰ ਦਿੰਦਾ, "ਬੱਸ, ਅਗਲ਼ੀ ਤਾਰੀਕ 'ਤੇ ਤੇਰੇ ਵਾਲਾ ਕੰਡਾ ਕੱਢ ਹੀ ਦੇਣਾ ਹੈ।"

ਰੀਡਰ ਨੂੰ ਪਾਈਆਂ ਗਈਆਂ ਸਿਫ਼ਾਰਿਸ਼ਾਂ ਨਾਲ ਵੀ ਮਸਲਾ ਹੱਲ ਨਹੀਂ ਸੀ ਹੋ ਰਿਹਾ। ਉਹ ਮੇਰੇ ਹਰ ਸਿਫ਼ਾਰਸ਼ੀਏ ਨੂੰ 'ਹਾਂਅ ਜੀ, ਹੂੰਅ ਜੀ' ਆਖ ਕੇ ਟਾਲ ਦਿੰਦਾ ਸੀ। ਉਹ 'ਆਖਾ ਮੋੜਣਾ ਨ੍ਹੀਂ ਡੱਕਾ ਤੋੜਣਾ ਨਹੀਂ' ਵਾਲੀ ਕਹਾਵਤ ਨੂੰ ਸੱਚ ਕਰ ਰਿਹਾ ਸੀ। ਫਿਰ ਸਾਨੂੰ ਇਹ ਵੀ ਲੱਗਣ ਲੱਗਦਾ ਕਿ ਇਸ ਨੂੰ ਜ਼ਰੂਰ ਹੀ ਪੁਲਿਸ ਵਾਲਿਆਂ ਨੇ ਡਰਾਇਆ ਹੋਣਾ ਹੈ। ਇਹ ਤਾਂ ਨਿੱਤ ਦੇ ਚੋਰ ਹੁੰਦੇ ਨੇ। ਇਹਨਾਂ ਨੇ ਆਪਣੇ ਰਾਖੇ ਕੁੱਤਿਆਂ ਨਾਲ ਵਿਗਾੜ ਕੇ ਕੀ ਲੈਣਾ ਹੈ ?

ਮੌਸਮ ਵਿੱਚ ਪਹਿਲਾਂ ਵਾਲੀ ਠੰਢਕ ਖ਼ਤਮ ਹੁੰਦੀ ਜਾ ਰਹੀ ਸੀ ਤੇ ਗਰਮੀ ਨੇ ਕੁਦਰਤ ਦੇ ਦੁਆਰ 'ਤੇ ਆਪਣੀ ਦਸਤਕ ਦੇਣੀ ਸ਼ੁਰੂ ਕਰ ਦਿੱਤੀ ਸੀ। ਮੈਂ ਇੱਕ ਹੌਸਲੇ ਵਿੱਚ ਤਾਂ ਸਾਂ ਕਿ ਜੇ ਦੂਜੀ ਧਿਰ ਕੋਲ ਮੇਰੇ ਵਿਰੁੱਧ ਹੋਰ ਕੁਝ ਕਰਨ ਨੂੰ ਹੁੰਦਾ ਤਾਂ ਉਹਨਾਂ ਨੇ ਹੁਣ ਤੱਕ ਉਹ ਸਭ ਕੁਝ ਕਰ ਹੀ ਦੇਣਾ ਸੀ। ਸ਼ਾਇਦ ਹੁਣ ਉਹਨਾਂ ਦੀ ਹਥਿਆਰ ਸੁੱਟਣ ਦੀ ਨੌਬਤ ਆ ਚੁੱਕੀ ਸੀ।

ਦੂਜੀ ਧਿਰ ਆਪਣੇ ਗਵਾਹ ਅਤੇ ਸਬੂਤ ਪੇਸ਼ ਕਰਨ ਵਾਲੀਆਂ ਸਾਰੀਆਂ ਬਣਦੀਆਂ ਤਾਰੀਕਾਂ ਲੈ ਚੁੱਕੀ ਸੀ। ਮੈਨੂੰ ਉਮੀਦ ਸੀ ਕਿ ਅਗਲ਼ੀ ਤਾਰੀਕ 'ਤੇ ਮੇਰੇ ਕੇਸ ਵਿੱਚ ਕੋਈ ਨਾ ਕੋਈ ਫ਼ੈਸਾਲਕੁੰਨ ਮੋੜ ਜ਼ਰੂਰ ਹੀ ਆਵੇਗਾ।

ਮਿਥੀ ਤਾਰੀਕ ਵਾਲੇ ਦਿਨ ਮੈਂ ਅਤੇ ਮੇਰਾ ਵਕੀਲ ਪੂਰੀ ਤਿਆਰੀ ਨਾਲ ਅਦਾਲਤ ਵਿੱਚ ਪੁੱਜ ਗਏ। ਦੂਜੀ ਧਿਰ ਵੱਲੋਂ ਫਿਰ ਵਕੀਲ ਦੀ ਜਗ੍ਹਾ ਮੁਣਸ਼ੀ ਹੀ ਆ ਹਾਜ਼ਰ ਹੋਇਆ ਸੀ ਤੇ ਉਸ ਨੇ ਅਗਲ਼ੀ ਤਾਰੀਕ ਦੀ ਮੰਗ ਕਰ ਦਿੱਤੀ। ਮੇਰੇ ਵਕੀਲ ਨੇ ਇਸ ਦਾ ਡਟਵਾਂ ਵਿਰੋਧ ਕੀਤਾ ਅਤੇ ਹੋਰ ਤਾਰੀਕ ਨਾ ਪਾਉਣ ਬਾਰੇ ਆਖਣ ਲੱਗ ਪਿਆ। ਜੱਜ ਵੀ ਇੱਕਦਮ ਸੋਚਾਂ ਵਿੱਚ ਪੈ

ਗਈ ਸੀ। ਮੇਰੇ ਵਕੀਲ ਨੇ ਜੱਜ ਨੂੰ ਦੱਸਿਆ ਕਿ ਇਹ ਕੇਸ ਜਾਣਬੁੱਝ ਕੇ ਸਾਨੂੰ ਖ਼ਰਾਬ ਕਰਨ ਲਈ ਹੀ ਕੀਤਾ ਗਿਆ ਹੈ। ਕੇਸ ਵਿੱਚ ਬਿਲਕੁਲ ਵੀ ਸਚਾਈ ਨਹੀਂ ਹੈ ਅਤੇ ਇਸ ਲਈ ਗਵਾਹੀ ਦਾ ਹੋਰ ਮੌਕਾ ਨਹੀਂ ਦਿੱਤਾ ਜਾਣਾ ਚਾਹੀਦਾ।

ਜੱਜ ਕੁਝ ਕੁ ਦੇਰ ਤੱਕ ਸੋਚ ਵਿੱਚ ਪਈ ਰਹੀ ਤੇ ਅੰਤ, ਉਸ ਨੇ ਆਖ ਦਿੱਤਾ, "ਦੋਵੇਂ ਧਿਰਾਂ ਹੀ ਕੇਸ ਨੂੰ ਅੱਗੇ ਵਧਾਉਣ ਤੋਂ ਅਸਮਰੱਥ ਰਹੀਆਂ ਹਨ ਇਸ ਲਈ ਦੋਵਾਂ ਧਿਰਾਂ ਨੂੰ ਤਿੰਨ-ਤਿੰਨ ਸੌ ਰੁਪਏ ਜ਼ੁਰਮਾਨਾ ਲਗਾਇਆ ਜਾਂਦਾ ਹੈ ਅਤੇ ਗਵਾਹੀਆਂ ਲਈ ਅਗ਼ਲੀ ਤਾਰੀਕ ਆਖ਼ਰੀ ਤਾਰੀਕ ਹੋਵੇਗੀ।"

ਹੁਕਮ ਸੁਣ ਕੇ ਅਸੀਂ ਜੱਜ ਦੇ ਕਮਰੇ ਵਿੱਚੋਂ ਬਾਹਰ ਆ ਗਏ। ਮੇਰੇ ਦਿਲ ਵਿੱਚ ਗੁੱਸੇ ਦਾ ਲਾਵਾ ਫੁੱਟ ਪਿਆ ਸੀ ਕਿ ਜਦ ਕਾਨੂੰਨੀ ਤੌਰ 'ਤੇ ਸਾਡੀ ਗਵਾਹੀਆਂ ਪੇਸ਼ ਕਰਨ ਦੀ ਵਾਰੀ ਆਈ ਹੀ ਨਹੀਂ ਹੈ ਤਾਂ ਅਸੀਂ ਆਪਣੇ ਗਵਾਹਾਂ ਨੂੰ ਅਦਾਲਤ ਵਿੱਚ ਲਿਆ ਕੇ ਪ੍ਰੇਸ਼ਾਨ ਕਿਉਂ ਕਰੀਏ ? ਜਦ ਸਾਡੀ ਗਵਾਹੀ ਦੀ ਵਾਰੀ ਆਵੇਗੀ ਅਸੀਂ ਪੇਸ਼ ਕਰ ਦੇਵਾਂਗੇ ਪਰ ਜੱਜ ਨੇ ਸਾਡੇ 'ਤੇ ਵੀ ਕੇਸ ਨੂੰ ਅੱਗੇ ਨਾ ਵਧਾਉਣ ਦਾ ਇਲਜ਼ਾਮ ਮੜ੍ਹ ਦਿੱਤਾ ਸੀ। ਅਜਿਹਾ ਕਿਉਂ ? ਜਦ ਮੈਂ ਹਰ ਤਾਰੀਕ 'ਤੇ ਹਾਜ਼ਰ ਹੋ ਸਕਦਾ ਹਾਂ ਤਾਂ ਮੈਂ ਆਪਣੇ ਗਵਾਹ ਵੀ ਭੁਗਤਾਅ ਸਕਦਾ ਸਾਂ। ਅਸਲ ਵਿੱਚ ਦੋਸ਼ੀ ਤਾਂ ਦੂਜੀ ਧਿਰ ਸੀ ਜਿਹੜੀ ਕਿ ਕਦੇ ਵੀ ਕਿਸੇ ਵੀ ਤਾਰੀਕ 'ਤੇ ਹਾਜ਼ਰ ਨਹੀਂ ਹੋਈ ਸੀ। ਉਹਨਾਂ ਦੀ ਵਾਰ-ਵਾਰ ਬੇਨਤੀ 'ਤੇ ਹੀ ਜੱਜ ਤਾਰੀਕ 'ਤੇ ਤਾਰੀਕ ਪਾਈ ਜਾ ਰਹੀ ਸੀ। ਬੇਸ਼ੱਕ ਇਹ ਰਕਮ ਬਹੁਤ ਨਿਗੂਣੀ ਸੀ ਪਰ ਮੈਨੂੰ ਆਪਣੇ 'ਤੇ ਲੱਗੇ ਹੋਏ ਇਸ ਜ਼ੁਰਮਾਨੇ ਦਾ ਬੜਾ ਹੀ ਦੁੱਖ ਹੋ ਰਿਹਾ ਸੀ ਅਤੇ ਜੱਜ 'ਤੇ ਗੁੱਸਾ ਵੀ ਆ ਰਿਹਾ ਸੀ। ਮੇਰੇ ਮਨ ਨੂੰ ਲੱਗਣ ਲੱਗ ਪਿਆ ਸੀ ਕਿ ਵਾਕਿਆ ਹੀ ਜੱਜ ਬੜੀ ਅਹਿਮਕ ਹੈ ਜਿਹੜਾ ਉਸ ਨੂੰ ਹਰ ਤਾਰੀਕ 'ਤੇ ਹਾਜ਼ਰ ਹੋਇਆ ਬੰਦਾ ਦਿਸਿਆ ਤੱਕ ਨਹੀਂ ਸੀ। ਉਸ ਨੇ ਮੈਨੂੰ ਵੀ ਦੂਜੀ ਧਿਰ ਦੇ ਬਰਾਬਰ ਦਾ ਦੋਸ਼ੀ ਕਰਾਰ ਦੇ ਦਿੱਤਾ ਹੈ।

ਮੈਂ ਆਪਣਾ ਇਹ ਸਾਰਾ ਗੁੱਸਾ ਵਕੀਲ ਨਾਲ ਵੀ ਸਾਂਝਾ ਕੀਤਾ। ਉਹ ਵੀ ਜੱਜ ਦੇ ਇਸ ਫ਼ੈਸਲੇ ਨਾਲ ਅਸਹਿਮਤ ਹੀ ਸੀ। ਫਿਰ ਮੈਨੂੰ ਹੌਸਲਾ ਦੇਣ ਦੀ ਖ਼ਾਤਿਰ ਆਖਣ ਲੱਗਾ, "ਤੈਨੂੰ ਪਤਾ ਹੀ ਹੈ ਕਿ ਵਿਰੋਧੀ ਧਿਰ ਦਾ ਵਕੀਲ ਬਾਰ ਐਸੋਸੀਏਸ਼ਨ ਦਾ ਪ੍ਰਮੁੱਖ ਅਹੁਦੇਦਾਰ ਹੈ। ਸ਼ਾਇਦ ਜੱਜ ਨੇ ਉਸ ਦੇ ਨਾਰਾਜ਼ ਹੋ ਜਾਣ ਦੇ ਡਰ ਕਰਕੇ ਹੀ ਦੋਵਾਂ ਧਿਰਾਂ ਨੂੰ ਜ਼ੁਰਮਾਨਾ ਠੋਕ ਦਿੱਤਾ ਹੈ। ਜੱਜ ਤਾਂ ਉਸ ਦੀ ਇਕੱਲੀ ਪਾਰਟੀ ਨੂੰ ਹੀ ਜ਼ੁਰਮਾਨਾ ਕਰਨਾ ਚਾਹੁੰਦੀ ਹੋਵੇਗੀ ਪਰ ਉਸਨੂੰ ਆਪਣੇ ਵਿਰੁੱਧ ਹੋਈ ਹੜਤਾਲ ਚੇਤੇ ਆ ਗਈ ਹੋਣੀ ਹੈ। ਇਸ ਲਈ ਉਸ ਨੇ ਬਾਰ ਦੇ ਅਹੁਦੇਦਾਰ ਨੂੰ ਖੁਸ਼ ਰੱਖਣ ਲਈ ਆਪਾਂ ਨੂੰ

ਵੀ ਬਰਾਬਰ ਦੇ ਭਾਗੀਦਾਰ ਬਣਾਅ ਕੇ ਜ਼ੁਰਮਾਨਾ ਕਰ ਦਿੱਤਾ ਹੈ।"

ਵਕੀਲ ਨੇ ਆਪਣੇ ਜਾਣੇ ਤਾਂ ਇਹ ਗੱਲ ਮੈਨੂੰ ਹੌਸਲਾ ਦੇਣ ਅਤੇ ਮੇਰਾ ਮਨ ਖੜ੍ਹਾਉਣ ਦੇ ਲਈ ਆਖੀ ਸੀ ਪਰ ਮੇਰਾ ਮੈਂ ਆਪੇ ਵਿੱਚ ਨਹੀਂ ਰਿਹਾ ਸਾਂ।

ਮੇਰੇ ਦਿਮਾਗ਼ ਵਿੱਚ ਆਉਣ ਲੱਗ ਪਿਆ ਕਿ ਜੇ ਇਹ ਜੱਜ ਇਸੇ ਤਰ੍ਹਾਂ ਹੀ ਬਾਰ ਦੇ ਵੱਡੇ ਅਹੁਦੇਦਾਰ ਤੋਂ ਡਰ ਡਰ ਕੇ ਫ਼ੈਸਲੇ ਦਿੰਦੀ ਰਹੀ ਤਾਂ ਉਸ ਨੇ ਆਪਣੀ ਕੁਰਸੀ ਬਚਾਉਣ ਦੀ ਖ਼ਾਤਿਰ ਇੱਕ ਦਿਨ ਮੇਰੇ ਖ਼ਿਲਾਫ਼ ਵੀ ਫ਼ੈਸਲਾ ਸੁਣਾਅ ਦੇਣਾ ਹੈ। ਜੇ ਵਿਰੋਧੀ ਧਿਰ ਖਾਸ ਕਰਕੇ ਪੁਲਿਸ ਵਾਲਿਆਂ ਕੋਲ ਅਦਾਲਤ ਦੇ ਇਸ ਫ਼ੈਸਲੇ ਦੀ ਗਿੱਦੜਸਿੰਙੀ ਆ ਗਈ ਤਾਂ ਉਹਨਾਂ ਨੇ ਮੇਰਾ ਤਾਂ ਕੀ ਸਾਡੇ ਸਾਰੇ ਪਰਿਵਾਰ ਦਾ ਹੀ ਜਿਉਣਾ ਦੁੱਭਰ ਕਰ ਕੇ ਰੱਖ ਦੇਣਾ ਹੈ। ਇਸ ਤਰ੍ਹਾਂ ਦੇ ਕਈ ਮਾਮਲੇ ਉੱਤੋੜਿੱਤੀ ਮੇਰੇ ਜ਼ਹਿਨ ਵਿੱਚ ਘੁੰਮ ਗਏ।

ਮੈਂ ਸਟੇਅ ਵਾਲੇ ਕੇਸ ਨੂੰ ਸੈਸ਼ਨ ਜੱਜ ਦੀ ਅਦਾਲਤ ਵਿੱਚ ਚੁਣੌਤੀ ਦੇ ਕੇ ਵੇਖ ਚੁੱਕਾ ਸਾਂ ਕਿ ਉੱਥੇ ਇਹੋ ਜਿਹੇ ਕੇਸਾਂ ਦੀਆਂ ਬੜੀਆਂ ਹੀ ਲੰਮੀਆਂ ਤਾਰੀਕਾਂ ਪੈਂਦੀਆਂ ਹਨ। ਇਸ ਲਈ ਜੇ ਇਸ ਜੱਜ ਨੇ ਦਬਾਅ ਵਿੱਚ ਆ ਕੇ ਮੇਰੇ ਵਿਰੁੱਧ ਫ਼ੈਸਲਾ ਸੁਣਾਅ ਦਿੱਤਾ ਤਾਂ ਫਿਰ ਮੇਰਾ ਅਦਾਲਤਾਂ ਵਿੱਚ ਜਾਣ ਦਾ ਸਮਾਂ ਆਪਣੇ ਆਪ ਹੀ ਚਾਰ ਪੰਜ ਸਾਲ ਤੋਂ ਸੱਤ ਅੱਠ ਸਾਲ ਤੱਕ ਵਧ ਜਾਣਾ ਸੀ। ਮੈਨੂੰ ਅਦਾਲਤ ਦੁਆਰਾ ਕੀਤਾ ਹੋਇਆ ਇਹ ਤਿੰਨ ਸੌ ਰੁਪਏ ਦਾ ਨਿਹੱਕਾ ਜ਼ੁਰਮਾਨਾ ਆਪਣੇ ਕੇਸ 'ਤੇ ਖ਼ਰਚ ਕੀਤੇ ਜਾ ਰਹੇ ਹੋਰ ਹਜ਼ਾਰਾਂ ਰੁਪਈਆਂ ਤੋਂ ਵੀ ਵੱਧ ਚੁਭਣ ਲੱਗ ਪਿਆ ਸੀ।

ਘਰ ਆ ਕੇ ਮੈਂ ਸਭ ਨੂੰ ਇਹ ਹੀ ਦੱਸਿਆ ਕਿ ਦੂਜੀ ਧਿਰ ਦੇ ਵਾਰ-ਵਾਰ ਤਾਰੀਕਾਂ ਮੰਗਣ ਕਾਰਨ ਗੁਰਨੇਕ ਨੂੰ ਜ਼ੁਰਮਾਨਾ ਹੋ ਗਿਆ ਹੈ। ਮੈਂ ਆਪਣੇ ਆਪ ਨੂੰ ਜ਼ੁਰਮਾਨਾ ਹੋਣ ਦੀ ਗੱਲ ਕਿਸੇ ਨੂੰ ਦੱਸਣੀ ਤਾਂ ਕੀ ਇਸ ਦੀ ਭਾਫ ਵੀ ਨਹੀਂ ਸੀ ਨਿਕਲਣ ਦਿੱਤੀ। ਇੱਥੋਂ ਤੱਕ ਕਿ ਮੈਂ ਯਾਦਵਿੰਦਰ ਨੂੰ ਵੀ ਭਿਣਕ ਨਹੀਂ ਲੱਗਣ ਦਿੱਤੀ ਸੀ। ਸ਼ਾਇਦ ਇਹ ਮੇਰੀ ਗ਼ਲਤੀ ਹੀ ਸੀ ਕਿ ਜਿਸ ਬੰਦੇ ਨੇ ਮੇਰੇ ਕੇਸ ਦਾ ਇੱਕ ਇੱਕ ਸ਼ਬਦ ਆਪਣੇ ਹੱਥੀਂ ਲਿਖ ਕੇ ਇਸ ਮਾਮਲੇ ਨੂੰ ਸੰਜੀਵਨੀ ਬੂਟੀ ਦੇ ਦੇ ਕੇ ਜਿਉਂਦੀ ਹਾਲਤ ਵਿੱਚ ਕੀਤਾ ਸੀ, ਮੈਂ ਉਸ ਤੋਂ ਵੀ ਲੁਕੋਅ ਰੱਖ ਲਿਆ ਸੀ। ਪਰ ਆਪਣੀ ਜਾਚੇ, ਉਸ ਵੇਲੇ ਇਸ ਨੂੰ ਗੁਪਤ ਰੱਖਣਾ ਮੈਂ ਬਹੁਤ ਹੀ ਅਹਿਮ ਸਮਝਦਾ ਸਾਂ ਤਾਂ ਕਿ ਕਿਸੇ ਵੀ ਜੀਅ ਦਾ ਮਨੋਬਲ ਨਾ ਡੋਲ ਸਕੇ।

ਆਪਣੀ ਇਸ ਨਵੀਂ ਹਾਰ ਦੇ .ਗਮ ਵਿੱਚ ਸ਼ਾਮ ਨੂੰ ਮੈਂ ਬੋਤਲ ਕੱਢ ਲਈ। ਅੱਜ ਇਸ ਦੀਆਂ ਘੁੱਟਾਂ ਮੈਨੂੰ ਸਕੂਨ ਦੇਣ ਦੀ ਬਜਾਇ ਸਗੋਂ ਮੇਰੀ ਬੇਚੈਨੀ ਵਧਾਅ ਰਹੀਆਂ ਸਨ। ਆਪਣਾ ਹੱਕ ਵਿੱਚ ਜਾ ਰਿਹਾ ਮੁਕੱਦਮਾ ਬਾਰ

ਐਸੋਸੀਏਸ਼ਨ ਦੇ ਇੱਕ ਵੱਡੇ ਅਹੁਦੇਦਾਰ ਕਰਕੇ ਹੀ ਹਾਰ ਜਾਣ ਦਾ ਡਰ ਮੈਨੂੰ ਵੱਢ-ਵੱਢ ਕੇ ਖਾਣ ਲੱਗ ਪਿਆ।

ਸੌ ਸਿਆਣਾ ਇੱਕੋ ਮੱਤ ਦਾ ਖ਼ਿਆਲ ਵੀ ਮੈਨੂੰ ਆਪਣੀ ਕੀਤੀ ਹੋਈ ਅਣ-ਗਹਿਲੀ ਕਾਰਨ ਸੋਚਣ ਲਈ ਮਜਬੂਰ ਕਰ ਰਿਹਾ ਸੀ।ਮੈਨੂੰ ਹਰ ਇੱਕ ਹਮਦਰਦ ਬੰਦੇ ਨੇ ਇਹ ਸਲਾਹ ਦਿੱਤੀ ਸੀ ਕਿ ਤੂੰ ਆਪਣਾ ਬੱਸ ਵਾਲਾ ਕੇਸ ਅੱਗੇ ਵਧਾਈ ਚੱਲ ਪਰ ਮੈਂ 'ਕਿਸੇ ਦਾ ਨੁਕਸਾਨ ਨਾ ਹੋ ਜਾਏ' ਵਾਲੀ ਨੀਤੀ 'ਤੇ ਹੀ ਚੱਲਦਾ ਆ ਰਿਹਾ ਸਾਂ।ਅੱਜ ਮੈਨੂੰ ਆਪਣੀ ਇਸ ਨਰਮ-ਗੋਸ਼ਾ ਨੀਤੀ 'ਤੇ ਬੜਾ ਹੀ ਗੁੱਸਾ ਆ ਰਿਹਾ ਸੀ।ਮੇਰੇ ਮਨ ਦੀ ਹਾਲਤ ਅਜਿਹੀ ਹੋ ਗਈ ਸੀ ਕਿ ਜੇ ਸੱਚ ਬੋਲਾਂ, ਮਾਂ ਮਾਰੇ ਜੁੱਤਾ, ਝੂਠ ਕਹਾਂ ਪਿਉ ਆਖੇ ਕੁੱਤਾ।

ਲਾਲ ਪਰੀ ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ ਸੀ।ਮੈਂ ਆਪਣੇ ਸਾਰੇ ਕਾਗਜ਼ ਪੱਤਰ ਫ਼ਰੋਲ ਕੇ ਬੱਸ ਵਾਲੇ ਕੇਸ ਨਾਲ ਸਬੰਧਤ ਸਾਰੀਆਂ ਤਾਰੀਕਾਂ ਇੱਕ ਕਾਗਜ਼ ਉੱਤੇ ਲਿਖ ਲਈਆਂ।ਆਪਣੀ ਪੀਤੀ ਖਾਧੀ ਵਿੱਚ ਕੁਝ ਗ਼ਲਤ ਨਾ ਹੋ ਜਾਵੇ ਇਸ ਬਾਬਤ ਵੀ ਦੋ ਮਿੰਟ ਅੱਖਾਂ ਮੀਚ ਕੇ ਦੁਬਾਰਾ ਵੀ ਸੋਚ ਲਿਆ।ਜਦ ਮੈਨੂੰ ਮਹਿਸੂਸ ਹੋਣ ਲੱਗਾ ਕਿ ਸਿਆਣਿਆਂ ਦੇ ਆਖੇ ਲੱਗਣ ਵਿੱਚ ਮੈਂ ਬੜੀ ਹੀ ਦੇਰ ਕਰ ਦਿੱਤੀ ਹੈ ਅਤੇ ਹੁਣ ਜ਼ਰਾ ਕੁ ਕਾਹਲ਼ੀ ਕਰ ਕੇ ਇਸ ਦੇਰ ਦੀ ਪ੍ਰਤੀ-ਪੂਰਤੀ ਕਰ ਲੈਣੀ ਚਾਹੀਦੀ ਹੈ ਤਾਂ ਮੇਰੀਆਂ ਉਂਗਲਾਂ ਨੇ ਆਪਣੇ ਆਪ ਹੀ 181 ਨੰਬਰ ਡਾਇਲ ਕਰ ਦਿੱਤਾ।

ਉਪਰੇਟਰ ਨੇ ਬੜੇ ਹੀ ਪਿਆਰ ਅਤੇ ਸਤਿਕਾਰ ਨਾਲ ਫ਼ੋਨ ਕਰਨ ਲਈ ਧੰਨਵਾਦ ਕੀਤਾ ਅਤੇ ਆਪਣੀ ਤਕਲੀਫ਼ ਦੱਸਣ ਲਈ ਆਖਿਆ।ਮੈਂ ਦੋਵਾਂ ਪੁਲਿਸ ਵਾਲਿਆਂ ਦੁਆਰਾ ਮੇਰੇ ਮਕਾਨ ਅੱਗੇ ਸਰਕਾਰੀ ਬੱਸ ਖੜ੍ਹੀ ਕਰਨ ਦੀ ਸ਼ਿਕਾਇਤ ਬਾਰੇ ਸਭ ਕੁਝ ਦੱਸ ਦਿੱਤਾ।

ਆਪਣੀ ਭਾਸ਼ਾ ਤੋਂ ਉਪਰੇਟਰ ਮੈਨੂੰ ਬੜਾ ਹੀ ਤੇਜ਼ ਤਰਾਰ ਲੱਗਿਆ ਸੀ।ਉਹ ਆਖਣ ਲੱਗਾ, "ਤੁਸੀਂ ਐਸ.ਐਸ.ਪੀ. ਨੂੰ ਸ਼ਿਕਾਇਤ ਕਰਨੀ ਸੀ।"

"ਉਹ ਤਾਂ ਸੱਤ ਮਹੀਨੇ ਪਹਿਲਾਂ ਹੀ ਕਰ ਦਿੱਤੀ ਸੀ ਪਰ ਕਾਰਵਾਈ ਨਹੀਂ ਹੋਈ।" ਮੈਂ ਦਲੀਲ ਨਾਲ ਆਖਿਆ।

"ਚਲੋ, ਹੁਣ ਤਾਂ ਬੱਸ ਖੜ੍ਹਾਉਣੋਂ ਹਟ ਗਏ ਹਨ ਕਿ ਅਜੇ ਵੀ ਖੜ੍ਹਾਉਂਦੇ ਨੇ ?" ਉਸ ਨੇ ਨਵਾਂ ਪੱਤਾ ਸੁੱਟਿਆ।

"ਨਹੀਂ ਜੀ, ਹੁਣ ਤਾਂ ਨ੍ਹੀਂ ਖੜ੍ਹਾਉਂਦੇ।ਹਟੇ ਵੀ ਸ਼ਿਕਾਇਤ ਕਰਨ ਤੋਂ ਬਾਅਦ ਹੀ ਹਨ ਪਰ ਉਹਨਾਂ 'ਤੇ ਕੋਈ ਵੀ ਕਾਰਵਾਈ ਨਹੀਂ ਹੋਈ ਹੈ।" ਮੈਂ ਗੱਲ ਸਪਸ਼ਟ ਕਰਦਿਆਂ ਆਖਿਆ।

"ਹੁਣ ਜਦ ਬੱਸ ਤੁਹਾਡੇ ਬੂਹੇ ਅੱਗੇ ਖੜ੍ਹ ਹੀ ਨਹੀਂ ਰਹੀ ਤਾਂ ਫਿਰ ਅਸੀਂ

ਕਿਸ ਚੀਜ਼ ਦੀ ਕਾਰਵਾਈ ਕਰੀਏ ?" ਉਸ ਨੇ ਮੈਨੂੰ ਪ੍ਰਸ਼ਨ ਕੀਤਾ।

"ਜਦ ਮੈਂ ਛੇ-ਸੱਤ ਮਹੀਨੇ ਪਹਿਲਾਂ ਹੀ ਤੁਹਾਡੇ ਵਿਭਾਗ ਨੂੰ ਇਸ ਸਭ ਬਾਰੇ ਜਾਣਕਾਰੀ ਦੇ ਚੁੱਕਾ ਸਾਂ ਤੇ ਕੋਈ ਵੀ ਕਾਰਵਾਈ ਨਹੀਂ ਹੋਈ ਸੀ।ਹੁਣ ਜਦ ਤਿੰਨ ਮਹੀਨੇ ਪਹਿਲਾਂ ਜ਼ਿਲ੍ਹਾ ਮੁਖੀ ਨੂੰ ਪੱਤਰ ਪਾਇਆ ਤਾਂ ਜਾ ਕੇ ਉਹ ਹਟੇ ਹਨ।ਉਹਨਾਂ ਵਿਰੁੱਧ ਸਰਕਾਰੀ ਮਸ਼ੀਨਰੀ ਦੀ ਦੁਰ-ਵਰਤੋਂ ਦੀ ਧਾਰਾ ਲਾ ਕੇ ਕੇਸ ਦਰਜ ਕਰੋ।" ਮੈਂ ਹਮਲਾਵਰ ਰੁਖ ਵਿੱਚ ਆ ਕੇ ਆਖਿਆ।

"ਤਿੰਨ ਮਹੀਨੇ ਪਹਿਲਾਂ ਕੀਤੇ ਇਸ ਅਪਰਾਧ ਦਾ ਕੇਸ ਅਸੀਂ ਅੱਜ ਕਿਵੇਂ ਦਰਜ ਕਰ ਸਕਦੇ ਹਾਂ ?" ਉਪਰੇਟਰ ਨੇ ਨਵੀਂ ਚਾਲ ਚੱਲੀ।

"ਸਰ, ਇਸ ਦਾ ਮਤਲਬ ਤਾਂ ਇਹ ਹੋਇਆ ਕਿ ਜੇ ਮੈਂ ਤਿੰਨ ਮਹੀਨੇ ਪਹਿਲਾਂ ਕੋਈ ਕਤਲ ਕੀਤਾ ਹੋਵੇ ਤਾਂ ਉਸ ਦਾ ਮੁਕੱਦਮਾ ਹੁਣ ਮੇਰੇ 'ਤੇ ਦਰਜ ਨਹੀਂ ਹੋ ਸਕਦਾ।ਜੇ ਕੋਈ ਮੌਕੇ 'ਤੇ ਹੀ ਫੜਿਆ ਜਾਂਦਾ ਹੈ, ਉਹ ਹੀ ਦੋਸ਼ੀ ਹੁੰਦਾ ਹੈ ਤੇ ਉਸ ਤੋਂ ਕੁਝ ਸਮਾਂ ਬਾਅਦ ਉਹ ਬਰੀ ਹੋ ਜਾਂਦਾ ਹੈ।" ਮੈਂ ਨਸੀਹਤ ਦੇਣ ਦੇ ਅੰਦਾਜ਼ ਵਿੱਚ ਆਖਿਆ।

"ਇਹਦਾ ਕੀ ਸਬੂਤ ਹੈ ਕਿ ਉਹ ਤੁਹਾਡੇ ਦਰਵਾਜ਼ੇ ਅੱਗੇ ਬੱਸ ਖੜ੍ਹਾਉਂਦੇ ਸਨ ?" ਉਸ ਨੇ ਆਪਣੇ ਵੱਲੋਂ ਨਵਾਂ ਦਾਅ ਖੇਡਿਆ।

"ਸਰ, ਮੈਂ ਸਾਰੀਆਂ ਤਸਵੀਰਾਂ ਪੁਲਿਸ ਮੁਖੀ ਨੂੰ ਭੇਜੀਆਂ ਹੋਈਆਂ ਨੇ ਅਤੇ ਉਹਨਾਂ ਦੀ ਵੀਡੀਓ ਵੀ ਮੇਰੇ ਕੋਲ ਹੈ।ਤੁਸੀਂ ਜਦ ਆਖੋਗੇ, ਮੈਂ ਪੇਸ਼ ਕਰ ਦੇਵਾਂਗਾ।" ਮੈਂ ਪੂਰੇ ਵਿਸ਼ਵਾਸ਼ ਨਾਲ ਆਖਿਆ।

ਮੇਰੀਆਂ ਦਲੇਰੀ ਭਰੀਆਂ ਠੋਸ ਗੱਲਾਂ ਤੋਂ ਉਹ ਡੋਲ ਗਿਆ ਤੇ ਬਚਾਅ ਵਿੱਚ ਆਖਣ ਲੱਗਾ, "ਸਰ, ਇਹ ਮਾਮਲਾ ਗੰਭੀਰ ਹੈ।ਮੈਂ ਇਸ ਬਾਰੇ ਆਪਣੇ ਉੱਚ ਅਧਿਕਾਰੀਆਂ ਨਾਲ ਗੱਲ ਕਰਨ ਤੋਂ ਬਾਅਦ ਹੀ ਕੁਝ ਆਖ ਸਕਦਾ ਹਾਂ ਇਸ ਲਈ ਕ੍ਰਿਪਾ ਕਰਕੇ ਤੁਸੀਂ ਲਾਈਨ 'ਤੇ ਰਹੋ, ਮੈਂ ਗੱਲ ਕਰਦਾ ਹਾਂ।" ਆਖ ਕੇ ਉਸ ਨੇ ਫ਼ੋਨ ਹੋਲਡ 'ਤੇ ਲਾ ਦਿੱਤਾ।

ਦੋ-ਤਿੰਨ ਮਿੰਟ ਬਾਅਦ ਹੀ ਮੈਂ ਉਕਤਾਅ ਗਿਆ ਸਾਂ ਤੇ ਆਪਣੇ ਇੱਕ ਹੱਥ ਨਾਲ ਗਲਾਸੀ ਵਿੱਚ ਕਾਫ਼ੀ ਸਾਰੀ ਦਾਰੂ ਪਾ ਕੇ ਥੋੜ੍ਹਾ ਜਿਹਾ ਪਾਣੀ ਵੀ ਪਾ ਲਿਆ।ਕੁਝ ਕੁ ਪਲਾਂ ਬਾਅਦ ਮੈਂ ਇੱਕ ਅੱਧੀ ਘੁੱਟ ਭਰ ਲੈਂਦਾ ਸਾਂ ਤੇ ਫਿਰ ਦੂਸਰੇ ਪਾਸਿਓਂ ਆਉਣ ਵਾਲੀ ਆਵਾਜ਼ ਦੀ ਉਡੀਕ ਕਰਨ ਲੱਗ ਪੈਂਦਾ।ਸੱਤ-ਅੱਠ ਮਿੰਟ ਬਿਨਾਂ ਕੋਈ ਗੱਲ ਕੀਤੇ ਅਤੇ ਕਿਸੇ ਦੇ ਬੋਲਣ ਦੀ ਉਡੀਕ ਵਿੱਚ ਫ਼ੋਨ ਨੂੰ ਕੰਨ ਨਾਲ ਲਾਈ ਰੱਖਣਾ ਮੇਰੇ ਲਈ ਬੜਾ ਹੀ ਔਖਾ ਹੋਇਆ ਪਿਆ ਸੀ।

ਮੇਰੀ ਭਰੀ ਹੋਈ ਗਲਾਸੀ ਥੱਲੇ ਲੱਗਣ ਹੀ ਵਾਲੀ ਸੀ ਕਿ ਉਪਰੇਟਰ ਦੀ ਆਵਾਜ਼ ਆਉਣੀ ਸ਼ੁਰੂ ਹੋ ਗਈ।ਉਸ ਨੇ ਮੈਨੂੰ ਸਾਫ਼ ਜਵਾਬ ਦੇ ਦਿੱਤਾ ਕਿ

ਜਦ ਹੁਣ ਤੁਹਾਡੇ ਦਰਵਾਜ਼ੇ ਅੱਗੇ ਬੱਸ ਖੜ੍ਹ ਹੀ ਨਹੀਂ ਰਹੀ ਤਾਂ ਮਸਲਾ ਖ਼ਤਮ ਹੈ। ਉਸ ਦਾ ਜਵਾਬ ਸੁਣਦੇ ਹੀ ਮੈਨੂੰ ਦਾਰੂ ਦੇ ਨਸ਼ੇ ਦੇ ਨਾਲ ਗੁੱਸਾ ਵੀ ਚੜ੍ਹ ਗਿਆ।

ਮੈਂ ਉਸ ਦੇ ਗਲ ਹੀ ਪੈ ਗਿਆ, "ਯਾਰ, ਇਹਦਾ ਮਤਲਬ ਹੈ ਕਿ ਤਿੰਨ ਮਹੀਨੇ ਪਹਿਲਾਂ ਕੀਤਾ ਅਪਰਾਧ, ਅਪਰਾਧ ਨਹੀਂ ਹੈ। ਤੁਸੀਂ ਆਮ ਲੋਕਾਂ ਨੂੰ ਤਾਂ ਦਸ-ਦਸ ਸਾਲ ਪਹਿਲਾਂ ਕੀਤੀ ਹੋਈ ਚੋਰੀ ਦੇ ਕੇਸ ਵਿੱਚ ਲਿਆ ਕੇ ਵੀ ਪੁੱਠੇ ਟੰਗ ਲੈਂਦੇ ਹੋ। ਆਪਣੇ ਵਿਭਾਗ ਦੇ ਦੋ ਮੁਲਾਜ਼ਮਾਂ ਨੂੰ ਬਚਾਉਣ ਦੀ ਖ਼ਾਤਿਰ ਆਖੀ ਜਾਂਦੇ ਹੋ ਕਿ ਹੁਣ ਤਾਂ ਤੁਹਾਡੇ ਦਰਵਾਜ਼ੇ ਮੂਹਰੇ ਬੱਸ ਨਹੀਂ ਖੜ੍ਹ ਰਹੀ।"

"ਨਹੀਂ ਸਰ, ਮੇਰਾ ਮਤਲਬ ਇਹ ਹੈ ਕਿ ਜਦ ਤੁਹਾਡਾ ਮਸਲਾ ਹੱਲ ਹੋ ਗਿਆ ਹੈ ਤੇ ਬੱਸ ਤੁਹਾਡੇ ਬੂਹੇ ਅੱਗੇ ਖੜ੍ਹਣੋਂ ਬੰਦ ਹੋ ਗਈ ਹੈ ਤਾਂ ਹੁਣ ਤੁਹਾਨੂੰ ਕੀ ਸਮੱਸਿਆ ਹੈ ?" ਉਹ ਬਚਾਅ ਦੀ ਮੁਦਰਾ ਵਿੱਚ ਆ ਕੇ ਆਖਣ ਲੱਗਾ।

"ਸਮੱਸਿਆ ਹੈ, ਬੜੀ ਵੱਡੀ ਸਮੱਸਿਆ ਹੈ ਕਿ ਸਰਕਾਰੀ ਬੱਸ ਨੂੰ ਨਿੱਜੀ ਤੌਰ 'ਤੇ ਵਰਤਣ ਅਤੇ ਮੈਨੂੰ ਤੰਗ ਪ੍ਰੇਸ਼ਾਨ ਕਰਨ ਵਾਲਿਆਂ ਵਿਰੁੱਧ ਤੁਹਾਡਾ ਵਿਭਾਗ ਕਾਰਵਾਈ ਨਹੀਂ ਕਰ ਰਿਹਾ ਹੈ। ਜਦ ਮੈਂ ਛੇ-ਸੱਤ ਮਹੀਨੇ ਪਹਿਲਾਂ ਸ਼ਿਕਾਇਤ ਕੀਤੀ ਸੀ ਤਾਂ ਉਸ 'ਤੇ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ ਤੇ ਤੁਸੀਂ ਮੇਰਾ ਭਾਵ ਮਹਿਕਮਾ ਹੁਣ ਵੀ ਮੁੱਕਰ ਰਿਹਾ ਹੈ। ਕੱਲ੍ਹ ਨੂੰ ਉਹ ਮੇਰਾ ਕਤਲ ਕਰ ਦੇਣਗੇ ਤੇ ਤੁਸੀਂ ਤਿੰਨ ਮਹੀਨੇ ਤੱਕ ਸੁੱਤੇ ਰਹੋਗੇ ਤੇ ਫਿਰ ਆਖੋਗੇ ਕਿ ਉਹ ਹੁਣ ਤਾਂ ਕਤਲ ਨਹੀਂ ਕਰ ਰਿਹਾ ਹੈ। ਇਹਦਾ ਮਤਲਬ ਦੇਸ਼ ਵਿੱਚ ਦੋ ਕਾਨੂੰਨ ਹੋ ਗਏ, ਪੁਲਿਸ ਵਾਲਿਆਂ ਲਈ ਵੱਖਰਾ ਤੇ ਆਮ ਲੋਕਾਂ ਲਈ ਹੋਰ।" ਮੈਂ ਪੂਰੇ ਗੁੱਸੇ ਵਿੱਚ ਆ ਕੇ ਆਖਿਆ।

"ਨਹੀਂ ਸਰ, ਜਦ ਐਸ.ਐਸ.ਪੀ. ਸਾਹਬ ਨੇ ਤੁਹਾਡੀ ਸਮੱਸਿਆ ਹੱਲ ਕਰ ਦਿੱਤੀ ਹੈ ਤਾਂ ਫਿਰ ਤੁਹਾਡਾ ਸਾਨੂੰ ਸ਼ਿਕਾਇਤ ਕਰਨਾ ਬਣਦਾ ਹੀ ਨਹੀਂ ਸੀ।" ਉਹ ਆਪਣਾ ਬਚਾਅ ਕਰਨ ਦੇ ਹਿਸਾਬ ਨਾਲ ਆਖ ਰਿਹਾ ਸੀ ਕਿ ਕਿਤੇ ਉਸ ਦੇ ਹੱਥੋਂ ਉਸ ਦੇ ਆਪਣੇ ਮਹਿਕਮੇ ਵਾਲੇ 'ਭਾਈਜਾਨ' ਦਾ ਨੁਕਸਾਨ ਹੀ ਨਾ ਹੋ ਜਾਵੇ। ਮੈਂ ਉਸ ਨੂੰ ਬਿਨਾਂ ਵੇਖੇ ਉਸ ਦੇ ਮਨ ਦੀ ਹਾਲਤ ਨੂੰ ਮਹਿਸੂਸ ਕਰ ਰਿਹਾ ਸਾਂ, ਕਿ ਸਹੁਰਿਆ ! ਤੇਰਾ ਨਾਂ ਤਾਂ ਆਉਂਦੈ, ਪਰ ਲੈਣਾ ਨਹੀਂ।

ਉਸ ਦੀ ਬਚਾਅ ਵਾਲੀ ਸਥਿੱਤੀ ਨੂੰ ਭਾਂਪਦਿਆਂ ਮੈਂ ਉਸਨੂੰ ਫਿਰ ਪੈ ਨਿਕਲਿਆ, "ਤੁਸੀਂ ਸਿੱਧੇ ਸਬਦਾਂ ਵਿੱਚ ਹੀ ਆਖ ਦਿਓ ਕਿ ਅਸੀਂ ਆਪਣੇ ਵਿਭਾਗ ਦੇ ਕਰਮਚਾਰੀਆਂ ਵਿਰੁੱਧ ਸ਼ਿਕਾਇਤ ਦਰਜ ਨਹੀਂ ਕਰ ਸਕਦੇ। ਗੱਲ

ਮੁੱਕੀ।ਐਵੇਂ ਕਿਉਂ ਲੋਕਾਂ ਨੂੰ ਮੂਰਖ ਬਣਾਈ ਜਾਂਦੇ ਓ ਕਿ ਇੱਕ ਸੌ ਕਿਆਸੀ ਨੰਬਰ 'ਤੇ ਤੁਹਾਡੀ ਹਰ ਸਮੱਸਿਆ ਦਾ ਹੱਲ ਹੋਵੇਗਾ।ਤੁਸੀਂ ਇਹ ਵੀ ਆਖ ਦਿਆ ਕਰੋ ਕਿ ਇੱਥੇ ਕਤਲ ਤੱਕ ਕਰ ਚੁੱਕੇ ਪੁਲਸੀਆਂ ਵਿਰੁੱਧ ਸ਼ਿਕਾਇਤ ਦਰਜ ਨਹੀਂ ਹੋਵੇਗੀ।ਘੱਟੋ-ਘੱਟ ਤੁਹਾਡੇ ਆਪਣੇ ਮੁਲਾਜ਼ਮਾਂ ਦਾ ਵਿਸ਼ਵਾਸ਼ ਹੀ ਇਸ ਹੈਲਪ ਲਾਈਨ 'ਤੇ ਬਣਿਆ ਰਹੇ।ਆਮ ਜਨਤਾ ਤਾਂ ਜਾਵੇ ਢੱਠੇ ਖੂਹ ਵਿੱਚ।" ਮੈਂ ਬੋਲਦਿਆਂ ਏਨਾ ਜ਼ਿਆਦਾ ਹਮਲਾਵਰ ਹੋ ਗਿਆ ਸਾਂ ਕਿ ਉਪਰੇਟਰ ਨੂੰ ਕੋਈ ਗੱਲ ਅਹੁੜ ਨਹੀਂ ਸੀ ਰਹੀ।

"ਨਹੀਂ ਸਰ, ਇਹ ਹੈਲਪ ਲਾਈਨ ਤੁਹਾਡੀ ਸਹੂਲਤ ਲਈ ਹੀ ਹੈ।ਅਸੀਂ ਤੁਹਾਡੀ ਹਰ ਸਮੱਸਿਆ ਦੇ ਹੱਲ ਲਈ ਹੀ ਬੈਠੇ ਹਾਂ।ਮੇਰਾ ਕਹਿਣ ਦਾ ਮਤਲਬ ਸੀ ਕਿ ਜਦ ਹੁਣ ਪੁਲਿਸ ਬੱਸ ਥੋਡੇ ਦਰਵਾਜ਼ੇ ਅੱਗੇ ਖੜ੍ਹਣੋਂ ਹਟ ਗਈ ਹੈ ਤਾਂ ਤੁਸੀਂ ਅਰਾਮ ਨਾਲ ਸੌਂਵੋ।ਉਹ ਤੁਹਾਨੂੰ ਕੁਝ ਵੀ ਨਹੀਂ ਆਖਣਗੇ।" ਉਹ ਬੜੇ ਹੀ ਪਿਆਰ ਨਾਲ ਬੋਲਿਆ ਕਿ ਜਿਵੇਂ ਮੈਂ ਉਸ ਦੀ ਗੱਲ ਉਦੋਂ ਹੀ ਮੰਨ ਜਾਵਾਂਗਾ।

"ਠੀਕ ਹੈ ਸਰ, ਤੁਸੀਂ ਮੈਨੂੰ ਆਪਣੇ ਤੌਰ 'ਤੇ ਲਿਖਤੀ ਰੂਪ ਵਿੱਚ ਭੇਜ ਦੇਵੋ ਕਿ ਉਹ ਮੈਨੂੰ ਅਤੇ ਮੇਰੇ ਪਰਿਵਾਰ ਦੇ ਕਿਸੇ ਵੀ ਜੀਅ ਨੂੰ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਪਹੁੰਚਾਉਣਗੇ ਤੇ ਜੇ ਅਜਿਹਾ ਹੁੰਦਾ ਹੈ ਤਾਂ ਪੁਲਿਸ ਮਹਿਕਮਾ ਇਸ ਲਈ ਪੂਰਨ ਰੂਪ ਵਿੱਚ ਜੁੰਮੇਵਾਰ ਹੋਵੇਗਾ।ਤੁਹਾਡੀ ਇਹ ਲਿਖਤ ਮਿਲਦੇ ਸਾਰ ਹੀ ਮੈਂ ਆਪਣੀਆਂ ਸਾਰੀਆਂ ਸ਼ਿਕਾਇਤਾਂ ਵਾਪਸ ਲੈ ਲਵਾਂਗਾ।" ਮੈਂ ਨਵਾਂ ਪੱਤਾ ਸੁੱਟਿਆ।

"ਸਰ, ਤੁਸੀਂ ਪੜ੍ਹੇ ਲਿਖੇ ਹੋ, ਸਿਆਣੇ ਹੋ।ਅਸੀਂ ਇਸ ਤਰ੍ਹਾਂ ਦੀ ਲਿਖਤੀ ਜੁੰਮੇਵਾਰੀ ਕਿੰਝ ਲੈ ਸਕਦੇ ਹਾਂ ? ਕੱਲ੍ਹ ਨੂੰ ਉਹ ਤੁਹਾਨੂੰ ਕੋਈ ਨੁਕਸਾਨ ਪਹੁੰਚਾਅ ਜਾਣ ਤਾਂ ਤੁਸੀਂ ਸਾਨੂੰ ਫੜਣ ਨੂੰ ਭੱਜੋਗੇ।" ਉਹ ਪੂਰੀ ਤਰ੍ਹਾਂ ਆਪਣਾ ਬਚਾਅ ਕਰਨ ਲੱਗ ਪਿਆ ਸੀ।

"ਸਰ, ਜਦ ਤੁਸੀਂ ਆਪਣੇ ਮਹਿਕਮੇ ਦੇ ਕਰਮਚਾਰੀਆਂ ਦੀ ਜੁੰਮੇਵਾਰੀ ਨਹੀਂ ਚੁੱਕ ਸਕਦੇ ਤਾਂ ਮੈਂ ਉਹਨਾਂ 'ਤੇ ਕਿਵੇਂ ਯਕੀਨ ਕਰਾਂ ਕਿ ਉਹ ਭਵਿੱਖ ਵਿੱਚ ਮੈਨੂੰ ਨੁਕਸਾਨ ਨਹੀਂ ਪਹੁੰਚਾਉਣਗੇ।ਜਦ ਮੇਰੀ ਸ਼ਿਕਾਇਤ ਕਾਰਨ ਉਹਨਾਂ ਦੀ ਬੱਸ ਉੱਥੇ ਖੜ੍ਹਨੋਂ ਹਟ ਗਈ ਹੈ ਤਾਂ ਉਹਨਾਂ ਦੇ ਭਾਅ ਦਾ ਤਾਂ ਮੈਂ ਉਹਨਾਂ ਦਾ ਪੱਕਾ ਦੁਸ਼ਮਣ ਹਾਂ।ਜੇ ਇਸ ਕੇਸ ਵਿੱਚ ਉਹਨਾਂ ਨੂੰ ਸਜ਼ਾ ਨਾ ਮਿਲੀ ਤਾਂ ਬਦਲਾਖੋਰੀ ਵਜੋਂ ਉਹ ਹੋਰ ਵੀ ਵੱਡਾ ਅਪਰਾਧ ਕਰਨਗੇ।ਇਸ ਲਈ ਤੁਸੀਂ ਮੇਰੀ ਸ਼ਿਕਾਇਤ ਦਰਜ ਕਰੋ।" ਮੈਂ ਉਸ ਨੂੰ ਪਹਿਲੀ ਗੱਲ ਸਮਝਾਉਣ ਵਾਂਙ ਤੇ ਪਿਛਲੀ ਗੱਲ ਹੁਕਮ ਦੇਣ ਵਾਂਙ ਆਖੀ।

ਮੇਰੀਆਂ ਸੱਚੀਆਂ ਗੱਲਾਂ ਤੋਂ ਉਪਰੇਟਰ ਯਰਕ ਗਿਆ ਸੀ ਤੇ ਉਹ

ਆਪਣੀ ਮਹਿਕਮਾਨਾ ਭਾਸ਼ਾ ਵਿੱਚ ਬੋਲਣ ਲੱਗ ਪਿਆ, "ਸਰ, ਮਲਕੀਤ ਸਿੰਘ ਜਪਨਾਮ ਸਿੰਘ ਤੁਹਾਡੇ ਦਰਵਾਜ਼ੇ ਅੱਗੇ ਸਰਕਾਰੀ ਬੱਸ ਖੜ੍ਹਾਉਂਦੇ ਹਨ। ਤੁਹਾਨੂੰ ਤੰਗ-ਪ੍ਰੇਸ਼ਾਨ ਕਰਦੇ ਹਨ। ਜ਼ਿਲ੍ਹਾ ਮੁਖੀ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ।"

"ਹਾਂ ਜੀ।" ਮੈਂ ਆਖਿਆ।

ਉਸ ਨੇ ਕੁਝ ਹੋਰ ਸਵਾਲ ਵੀ ਕੀਤੇ ਜਿਨ੍ਹਾਂ ਦੇ ਮੈਂ ਮਾਕੂਲ ਉੱਤਰ ਦੇ ਦਿੱਤੇ। ਅੰਤ, ਬੜੀ ਹੀ ਮੁਸ਼ਕਿਲ ਨਾਲ ਬੋਲਿਆ, "ਤੁਹਾਡੀ ਸ਼ਿਕਾਇਤ ਦਰਜ ਕਰ ਦਿੱਤੀ ਗਈ ਹੈ ਤੇ ਤੁਹਾਡੀ ਸ਼ਿਕਾਇਤ ਦਾ ਨੰਬਰ ਨੋਟ ਕਰ ਲਵੋ।"। ਉਹ ਨੰਬਰ ਬੋਲਣ ਲੱਗ ਪਿਆ। ਜਦ ਮੈਂ ਨੰਬਰ ਲਿਖ ਲਿਆ ਤਾਂ ਉਹ ਬੜੇ ਹੀ ਨਰਮ ਰਉਂ ਵਿੱਚ ਬੋਲਿਆ, "ਪੁਲਿਸ ਹੈਲਪ ਲਾਈਨ ਨੰਬਰ ਉੱਤੇ ਕਾਲ ਕਰਨ ਲਈ ਆਪ ਜੀ ਦਾ ਬਹੁਤ-ਬਹੁਤ ਧੰਨਵਾਦ।"

ਫ਼ੋਨ ਕੱਟਿਆ ਜਾ ਚੁੱਕਾ ਸੀ। ਮੈਂ ਕਰੜਾ ਰਿਹਾ ਸਾਂ ਅਤੇ ਸ਼ਿਕਾਇਤ ਦਰਜ ਕਰਵਾਅ ਕੇ ਹੀ ਉਸ ਉਪਰੇਟਰ ਦਾ ਖਹਿੜਾ ਛੱਡਿਆ ਸੀ। ਮੈਨੂੰ ਇਸ ਗੱਲ ਦੀ ਖੁਸ਼ੀ ਹੋਈ ਸੀ। ਪਰ ਮੈਨੂੰ ਇਸ ਹੈਲਪ ਲਾਈਨ ਨੰਬਰ ਦੀ ਅਸਲੀਅਤ ਅਤੇ ਪੁਲਿਸ ਦੇ ਵੱਡੇ ਅਧਿਕਾਰੀਆਂ ਦੀ ਮਾਨਸਿਕ ਬਣਤਰ ਦੀ ਵੀ ਸਮਝ ਲੱਗ ਗਈ ਸੀ। ਉਹਨਾਂ ਲਈ ਪੁਲਿਸ ਮੁਲਾਜ਼ਮਾਂ ਦੁਆਰਾ ਕੀਤਾ ਗਿਆ ਲੱਖਾਂ ਰੁਪਏ ਦੀ ਸਰਕਾਰੀ ਬੱਸ ਨੂੰ ਵੇਸਵਾਵਾਂ ਵਾਂਙ ਵਰਤਣ ਦਾ ਇੱਕ ਵੱਡਾ ਅਪਰਾਧ ਵੀ ਮੁਆਫ਼ ਕਰਨ ਯੋਗ ਹੁੰਦਾ ਹੈ ਪਰ ਇੱਕ ਆਮ ਬੰਦੇ ਦੁਆਰਾ ਕਿਸੇ ਦੂਜੇ ਨਾਲ ਕੀਤੀ ਗਈ ਕੁਝ ਰੁਪਈਆਂ ਦੀ ਠੱਗੀ ਜਾਂ ਫਿਰ ਕਿਸੇ ਅਮਲੀ ਦੁਆਰਾ ਕਿਸੇ ਦਾ ਪੰਜ-ਚਾਰ ਸੌ ਦੀ ਕੀਮਤ ਦਾ ਖੋਹਿਆ ਹੋਇਆ ਮੋਬਾਈਲ ਬੜਾ ਹੀ ਵੱਡਾ ਅਤੇ ਸੰਗੀਨ ਜ਼ੁਰਮ ਲਗਦਾ ਹੁੰਦਾ ਹੈ। ਇਸੇ ਕਰਕੇ ਹੀ ਛੋਟੇ ਚੋਰਾਂ ਨੂੰ ਫੜ ਕੇ ਇਸ ਵਿਭਾਗ ਦੇ ਸਾਰੇ ਕਰਮਚਾਰੀ ਅਖ਼ਬਾਰਾਂ ਵਿੱਚ ਖ਼ਬਰਾਂ ਲਗਵਾਅ ਕੇ ਆਪਣੀ ਪਿੱਠ ਆਪ ਹੀ ਥਾਪੜਦੇ ਰਹਿੰਦੇ ਹਨ ਤੇ ਲੱਖਾਂ ਦੀ ਕੀਮਤ ਵਾਲੀ ਬੱਸ ਦੀ ਦੁਰਵਰਤੋਂ ਦਾ ਐਸ.ਐਸ.ਪੀ. ਅਤੇ ਪੁਲਿਸ ਹੈਲਪ ਲਾਈਨ ਦੇ ਵੱਡੇ ਅਫ਼ਸਰਾਂ ਨੂੰ ਪਤਾ ਲੱਗ ਜਾਣ ਦੇ ਬਾਵਜੂਦ ਵੀ ਉਹ ਆਪਣੀ ਜੁਬਾਨ ਖੋਲ੍ਹਣੀ ਤਾਂ ਦੂਰ, ਸ਼ਿਕਾਇਤ ਕਰਤਾ ਦੀ ਆਵਾਜ਼ ਨੂੰ ਦਬਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾਈ ਜਾ ਰਹੇ ਹਨ।

ਮੈਂ ਇਸ ਸਭ ਦੀ ਜਾਣਕਾਰੀ ਉਸੇ ਵੇਲੇ ਹੀ ਆਪਣੇ ਹਮਦਰਦ ਪੁਲੀਸ ਵਾਲੇ ਨੂੰ ਦੇ ਦਿੱਤੀ। ਉਹ ਗੰਭੀਰ ਜਿਹਾ ਹੋ ਕੇ ਆਖਣ ਲੱਗਾ, "ਤੂੰ ਤਾਂ ਦੇਰ ਹੀ ਬੜੀ ਕਰ ਦਿੱਤੀ ਹੈ। ਹੁਣ ਤੱਕ ਤਾਂ ਤੇਰਾ ਮਸਲਾ ਨਿੱਬੜ ਜਾਣਾ ਚਾਹੀਦਾ ਸੀ। ਪਰ ਇਹ ਬਹੁਤ ਹੀ ਲਮਕ ਗਿਆ ਏ ।"

"ਸਰ, ਹੁਣ ਦੱਸੋ, ਮੈਂ ਤਾਂ ਨ੍ਹੀਂ, ਉਹਨਾਂ ਦੇ ਘਰ ਜਾ ਕੇ ਆਖਣਾ ਕਿ ਮੇਰੇ ਨਾਲ ਸਮਝੌਤਾ ਕਰ ਲਓ। ਪਹਿਲ ਤਾਂ ਉਹਨਾਂ ਨੂੰ ਹੀ ਕਰਨੀ ਬਣਦੀ ਹੈ। ਮੈਂ ਤਾਂ ਇੱਕ ਵਾਰ ਪਹਿਲਾਂ ਹੀ ਮਲਕੀਤ ਨੂੰ ਬੁਲਾਅ ਕੇ ਆਖ ਦਿੱਤਾ ਸੀ ਕਿ ਮੇਰੇ ਹੱਥੋਂ ਆਪਣਾ ਨੁਕਸਾਨ ਨਾ ਕਰਵਾਓ।" ਮੈਂ ਆਪਣੇ ਵੱਲੋਂ ਸਥਿੱਤੀ ਸਪੱਸ਼ਟ ਕੀਤੀ।

"ਯਾਰ, ਹੁਣ ਕੀ ਕਰ ਸਕਦੇ ਹਾਂ, ਜਦ ਅਸੀਂ ਸਮਝਾਅ-ਸਮਝਾਅ ਕੇ ਥੱਕ ਚੁੱਕੇ ਹਾਂ ਪਰ ਉਹ ਸਮਝਦਾ ਹੀ ਨਹੀਂ। ਜਦੋਂ ਕਿਸੇ ਦੇ ਮਾੜੇ ਦਿਨ ਆਏ ਹੁੰਦੇ ਨੇ ਉਹ ਇੰਝ ਹੀ ਕਰਦਾ ਹੁੰਦਾ ਹੈ। ਗਿੱਦੜ ਦੇ ਜੱਟ ਦੀ ਥੰਮ੍ਹੀਂ ਨਾਲ ਖਹਿਣ ਵਾਲੀ ਗੱਲ ਵਾਂਙੂੰ।" ਉਹ ਮਜ਼ਾਕ ਜਿਹੇ ਵਿੱਚ ਆਖਣ ਲੱਗਾ।

"ਹੁਣ ਮੇਰੇ ਲਈ ਕੀ ਹੁਕਮ ਹੈ ? ਮੈਂ ਕੀ ਕਰਾਂ ??" ਮੈਂ ਦੁਹਰਾਅ ਕੇ ਪੱਛਿਆ।

"ਤੂੰ ਫ਼ੋਨ ਕਰ ਦਿੱਤਾ ਹੈ, ਹੁਣ ਚੁੱਪ ਕਰ ਜਾ, ਕੁਝ ਦਿਨ। ਵੇਖਦੇ ਹਾਂ ਕਿ ਇਹ ਕੀ ਕਰਦੇ ਨੇ ? ਯਾਦ ਰੱਖ, ਸਬਰ ਦਾ ਫ਼ਲ ਹਮੇਸ਼ਾਂ ਮਿੱਠਾ ਹੁੰਦਾ ਹੈ।" ਉਸ ਨੇ ਸਲਾਹ ਦਿੱਤੀ।

ਫ਼ੋਨ ਕੱਟਣ ਤੋਂ ਬਾਅਦ ਮੈਨੂੰ ਵੀ ਲੱਗਣ ਲੱਗ ਪਿਆ ਕਿ ਵਾਕਿਆ ਹੀ ਉਹਨਾਂ ਦੇ ਬੁਰੇ ਦਿਨ ਸ਼ੁਰੂ ਹੋ ਚੁੱਕੇ ਹਨ। ਮੇਰੇ ਲੱਖ ਚਾਹੁਣ ਦੇ ਬਾਵਜੂਦ ਵੀ ਜੇ ਉਹ ਨਾ ਸਮਝੇ ਤਾਂ ਉਹਨਾਂ ਦਾ ਨੁਕਸਾਨ ਸ਼ਾਇਦ ਮੇਰੇ ਹੱਥੋਂ ਹੀ ਹੋਣਾ ਹੈ। ਅਜਿਹੀ ਸਥਿਤੀ ਵਿੱਚ ਮੈਂ ਕੀ ਕਰ ਸਕਦਾ ਸਾਂ ? ਆਪਣੀ ਚਮੜੀ ਬਚਾਉਣ ਲਈ ਮੈਨੂੰ ਨਾ ਚਾਹੁੰਦੇ ਹੋਏ ਵੀ ਹਮਲਾਵਰ ਹੋਣ ਲਈ ਮਜਬੂਰ ਕੀਤਾ ਜਾ ਰਿਹਾ ਸੀ। ਜੇਕਰ ਇਹੀ ਸ਼ਿਕਾਇਤਾਂ ਝਗੜੇ ਦੇ ਮੁੱਢਲੇ ਦਿਨਾਂ ਵਿੱਚ ਕੀਤੀਆਂ ਜਾਂਦੀਆਂ ਤਾਂ ਸ਼ਾਇਦ ਅਸੀਂ ਗੁੱਸੇ ਵਿੱਚ ਆ ਕੇ ਇਹ ਸਭ ਕੁਝ ਮੀਡੀਆ ਵਿੱਚ ਵੀ ਲੈ ਜਾਣਾ ਸੀ ਪਰ ਹੁਣ ਕਿਉਂਕਿ ਇਸ ਲੜਾਈ ਨੇ ਕਾਨੂੰਨੀ ਰਾਹ ਅਖਤਿਆਰ ਕਰ ਲਿਆ ਹੈ, ਇਸ ਲਈ ਮੈਂ ਹਰ ਕਦਮ ਸੋਚ ਸਮਝ ਕੇ ਹੀ ਚੁੱਕ ਰਿਹਾ ਸੀ। ਬਿਨਾਂ ਵਜ੍ਹਾ ਉਹਨਾਂ ਦਾ ਨੁਕਸਾਨ ਨਾ ਕਰਨ ਦਾ ਮੇਰਾ ਹਮਦਰਦ ਪੁਲਸੀਏ ਨਾਲ ਵਾਅਦਾ ਵੀ ਸੀ।

0-0-0

ਇਸ ਘਟਨਾ ਤੋਂ ਤੀਜੇ ਚੌਥੇ ਦਿਨ ਜਦ ਮੈਂ ਸਕੂਲੋਂ ਵਾਪਸ ਪਰਤਿਆ ਤਾਂ ਮੈਨੂੰ ਘਰ ਦਾ ਮਾਹੌਲ ਪਹਿਲਾਂ ਨਾਲੋਂ ਵੀ ਵਧੇਰੇ ਗ਼ਮਗ਼ੀਨ ਲੱਗਾ। ਘਰ ਦੇ ਵਾਤਾਵਰਨ ਤੋਂ ਹੀ ਮੈਂ ਭਾਂਪ ਗਿਆ ਸੀ ਕਿ ਜ਼ਰੂਰ ਹੀ ਕੋਈ ਨਾ ਕੋਈ ਬੁਰੀ ਖ਼ਬਰ ਮੇਰੀ ਉਡੀਕ ਕਰ ਰਹੀ ਹੈ ਪਰ ਫਿਰ ਵੀ ਮੈਂ ਆਪਣੇ ਆਪ ਨੂੰ ਸੰਭਾਲ ਲਿਆ ਸੀ।

ਘਰ ਅੰਦਰ ਵੜਦੇ ਸਾਰ ਹੀ ਮੈਂ ਆਪਣੀਆਂ ਦੋਵਾਂ ਬੇਟੀਆਂ ਨੂੰ ਉਹਨਾਂ

ਦੇ ਪਿਆਰ ਨਾਲ ਆਪਣੇ ਰੱਖੇ ਹੋਏ ਨਾਮ ਲੈ ਕੇ ਉੱਚੀ-ਉੱਚੀ ਪੁਕਾਰਨਾ ਸ਼ੁਰੂ ਕਰ ਦਿੱਤਾ, "ਓਏ, ਕਿੱਥੇ ਆ ਮੇਰਾ ਸ਼ੀਸ਼ਾ ਪਾਲਾ ਤੇ ਨੰਨ੍ਹੂੰ ਪਾਲਾ। ਅੱਜ ਮੈਨੂੰ ਗੇਟ 'ਤੇ ਲੈਣ ਹੀ ਨ੍ਹੀਂ ਆਏ। ਸੌਂ ਤਾਂ ਨਹੀਂ ਗਏ ਕਿਤੇ ?"

ਮੇਰੇ ਤੋਂ ਬਿਨਾਂ ਸਾਰਾ ਟੱਬਰ ਇੱਕ ਕਮਰੇ ਵਿੱਚ 'ਕੱਠਾ ਹੋਇਆ ਬੈਠਾ ਸੀ। ਮੇਰੀ ਇਸ ਗੱਲ ਵੱਲ ਕਿਸੇ ਨੇ ਵੀ ਕੋਈ ਖਾਸ ਤਵੱਜੋ ਨਾ ਦਿੱਤੀ। ਇਹਨਾਂ ਕੁਝ ਕੁ ਪਲਾਂ ਵਿੱਚ ਹੀ ਮੈਂ ਸਭ ਜੀਆਂ ਦੀ ਅੰਦਰਲੀ ਗੱਲ ਨੂੰ ਸਮਝ ਗਿਆ ਸਾਂ। ਸਾਰੇ ਘਰ ਵਿੱਚ ਇੱਕ ਸੁੰਨ ਜਿਹੀ ਪਸਰੀ ਹੋਈ ਸੀ। ਮੈਨੂੰ ਵੇਖਦੇ ਸਾਰ ਹੀ ਮੇਰੀਆਂ ਦੋਵੇਂ ਬੇਟੀਆਂ ਰੋਂਦੀਆਂ ਹੋਈਆਂ ਮੇਰੀਆਂ ਲੱਤਾਂ ਨੂੰ ਚਿੰਬੜ ਗਈਆਂ ਤੇ ਬਾਕੀ ਸਾਰੇ ਜਣੇ ਮੇਰੇ ਵੱਲ ਸਵਾਲੀਆ ਨਿਗਾਹਾਂ ਨਾਲ ਵੇਖਣ ਲੱਗ ਪਏ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਇਹ ਸਭ ਕੁਝ ਕੀ ਤੇ ਕਿਉਂ ਹੋ ਰਿਹਾ ਹੈ ?

ਆਪਣੇ ਘਰਦਿਆਂ ਦੀਆਂ ਦੀਆਂ ਨਜ਼ਰਾਂ ਤੋਂ ਪਲ ਭਰ ਵਿੱਚ ਹੀ ਮੈਂ ਅੰਦਾਜ਼ਾ ਲਾ ਲਿਆ ਸੀ ਕਿ ਜ਼ਰੂਰ ਹੀ ਕੁਝ ਏਨਾ ਭਿਆਨਕ ਵਾਪਰ ਚੁੱਕਾ ਹੈ ਕਿ ਇਸ ਦਾ ਅਸਰ ਪਰਿਵਾਰ ਦੇ ਜੀਆਂ ਦੇ ਨਾਲ ਨਾਲ ਬੱਚੀਆਂ ਦੇ ਮਨ 'ਤੇ ਵੀ ਪੈ ਗਿਆ ਹੈ। ਮੈਂ ਹਿੰਮਤ ਇਕੱਠੀ ਕਰ ਕੇ ਛੋਟੀ ਬੱਚੀ ਨੰਨ੍ਹੂ ਨੂੰ ਆਪਣੀਆਂ ਬਾਹਾਂ ਵਿੱਚ ਲੈਂਦਿਆਂ ਪੁੱਛ ਹੀ ਲਿਆ, "ਕੀ ਗੱਲ ਹੋ ਗਈ ਮੇਰੇ ਸ਼ੀਸ਼ਾ ਪਾਲਾ ਤੇ ਨੰਨ੍ਹੂੰ ਪਾਲਾ ਵੀ ਰੋਈ ਜਾਂਦੇ ਨੇ ? ਮੈਂ ਤਾਂ ਅਜੇ ਜਿਊਂਦਾ ਹਾਂ, ਪੁੱਤਰੋ।" ਮੇਰੇ ਮਨ ਵਿੱਚ ਇਹ ਗੱਲ ਸੀ ਕਿ ਮੈਂ ਆਪਣੇ ਜਿਉਂਦੇ ਜੀਅ ਦੋਨਾਂ ਬੇਟੀਆਂ ਨੂੰ ਰੋਣ ਨਹੀਂ ਦੇਵਾਂਗਾ।

"ਕੋਈ ਸੁੱਖ ਦੇ ਬੋਲ ਬੋਲ। ਹਰ ਵੇਲ਼ੇ ਭਕਾਈ ਹੀ ਕਰੀ ਜਾਂਦਾ ਏਂ।" ਮਾਂ ਨੇ ਮੈਨੂੰ ਟੋਕਦਿਆਂ ਆਖਿਆ।

"ਕੋਈ ਗੱਲ ਵੀ ਦੱਸੋ। ਐਵੇਂ ਹੀ ਇਹਨਾਂ ਜੁਆਕੜੀਆਂ ਨੂੰ ਰੁਆਈ ਜਾਂਦੇ ਓ।" ਮੈਂ ਖਿਝ ਕੇ ਆਖਿਆ।

"ਅਹੁ ਚਿੱਠੀ ਪੜ੍ਹ ਲੈ। ਅਸੀਂ ਤਾਂ ਓਸੇ ਫ਼ਿਕਰ ਵਿੱਚ ਹੀ ਮਰੇ ਪਏ ਹਾਂ।" ਮਾਂ ਮੇਰੇ ਤੋਂ ਚੋਰੀ ਅੱਖਾਂ ਪੂੰਝਦੀ ਹੋਈ ਬੋਲੀ।

ਮੈਂ ਝੱਟ ਦੇਣੇ ਉਹ ਚਿੱਠੀ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ। ਚਿੱਠੀ ਅੰਗਰੇਜ਼ੀ ਵਿੱਚ ਅਤੇ ਕਾਨੂੰਨੀ ਭਾਸ਼ਾ ਵਿੱਚ ਲਿਖੀ ਹੋਈ ਸੀ। ਭਾਵੇਂ ਕਿ ਪਹਿਲੀ ਪੜ੍ਹਤ ਵਿੱਚ ਮੈਂ ਇਸ ਵਿਚਲੇ ਪੂਰੇ ਭਾਵ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਸਾਂ ਸਕਿਆ ਪਰ ਮੈਨੂੰ ਇਸ ਦੇ ਭਾਵ ਅਰਥ ਤਕਰੀਬਨ ਪਤਾ ਲੱਗ ਰਹੇ ਸਨ। ਇਹ ਚਿੱਠੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਪਾਈ ਗਈ ਸੀ। ਇਸ ਚਿੱਠੀ ਦਾ ਮੁੱਖ ਮਕਸਦ ਮੈਨੂੰ ਕੇਵਲ ਸੂਚਨਾ ਦੇਣੀ ਹੀ ਸੀ ਕਿ ਮੇਰੇ ਦੁਆਰਾ ਕੀਤਾ ਗਿਆ ਕੇਸ ਐਸ.ਐਸ.ਪੀ. ਦੀ ਰਿਪੋਰਟ ਕਾਰਨ ਝੂਠਾ ਪਾਇਆ ਗਿਆ ਹੈ,

ਇਸ ਲਈ ਇਸ ਕੇਸ ਨੂੰ ਖ਼ਾਰਜ ਕਰ ਦਿੱਤਾ ਗਿਆ ਹੈ।

ਚਿੱਠੀ ਨੂੰ ਪੜ੍ਹਦਿਆਂ ਹੀ ਮੈਂ ਸਮਝ ਚੁੱਕਾ ਸਾਂ ਕਿ ਘਰ ਵਿੱਚ ਏਨੀ ਉਦਾਸੀ ਕਿਉਂ ਸੀ। ਇਕਦਮ ਤਾਂ ਮੇਰੇ ਚਿਹਰੇ 'ਤੇ ਵੀ ਉਦਾਸੀ ਅਤੇ ਫ਼ਿਕਰ ਵੇਖ ਕੇ ਸਭ ਘਬਰਾਅ ਹੀ ਗਏ ਸਨ। ਪਰ ਪਤਾ ਨਹੀਂ ਮੈਂ ਕਿਵੇਂ ਨਾ ਕਿਵੇਂ ਆਪਣੇ ਆਪ ਨੂੰ ਸੰਭਾਲ ਲਿਆ ਸੀ ਤੇ ਮੇਰੇ ਮੂੰਹੋਂ ਸਹਿਜ-ਸੁਭਾਅ ਹੀ ਨਿਕਲਿਆ, "ਮੈਨੂੰ ਤਾਂ ਇਹ ਪਹਿਲਾਂ ਹੀ ਪਤਾ ਸੀ। ਤੁਸੀਂ ਐਵੇਂ ਫ਼ਿਕਰ ਕਰੀ ਜਾਂਦੇ ਓ। ਆਪਣਾ ਬੱਸ ਵਾਲਾ ਕੇਸ ਬੜਾ ਹੀ ਮਜ਼ਬੂਤ ਹੈ। ਤੁਸੀਂ ਵੇਖਦੇ ਚੱਲਿਓ, ਮੈਂ ਜਿਉਂਦੇ ਜੀਅ ਹਾਰ ਨ੍ਹੀਂ ਮੰਨਦਾ।" ਪਤਾ ਨਹੀਂ ਮੈਂ ਕਿੰਨੀਆਂ ਹੀ ਹੋਰ ਅਜਿਹੀਆਂ ਗੱਲਾਂ ਕੀਤੀਆਂ ਕਿ ਸਭ ਦਾ ਹੌਸਲਾ ਬੱਝ ਜਾਵੇ।

ਘਰਦਿਆਂ ਨੂੰ ਤਾਂ ਮੈਂ ਧਰਵਾਸਾ ਦੇ ਦਿੱਤਾ ਸੀ ਪਰ ਆਪ ਅੰਦਰੋਂ ਬੇਹੱਦ ਡਰ ਗਿਆ ਸਾਂ। ਡਰ ਦੇ ਨਾਲ ਗੁੱਸੇ ਦਾ ਭਾਵ ਵੀ ਮੇਰੇ ਮਨ 'ਚ ਉਪਜ ਰਿਹਾ ਸੀ। ਭਾਵੇਂ ਕਿ ਮੈਂ ਇਹ ਵੀ ਨਹੀਂ ਚਾਹੁੰਦਾ ਸੀ ਕਿ ਮੇਰੇ ਕਾਰਨ ਦੋਵਾਂ ਪੁਲਿਸ ਵਾਲਿਆਂ ਦੀ ਨੌਕਰੀ ਨੂੰ ਕੋਈ ਖ਼ਤਰਾ ਬਣੇ ਪਰ ਮੈਂ ਉਹਨਾਂ ਦੇ ਸਿਰ ਉੱਤੇ ਇੱਕ ਤਲਵਾਰ ਜ਼ਰੂਰ ਲਟਕਦੀ ਰੱਖਣੀ ਚਾਹੁੰਦਾ ਸਾਂ। ਇਸ ਕੇਸ ਨੂੰ ਬਿਨਾਂ ਵਜ੍ਹਾ ਰੱਦ ਕਰ ਦਿੱਤੇ ਜਾਣ ਕਾਰਨ ਹੁਣ ਉਹਨਾਂ ਦੇ ਹੌਸਲੇ ਪਹਿਲਾਂ ਨਾਲੋਂ ਵੀ ਵਧ ਜਾਣੇ ਸਨ। ਸੋਚ ਰਿਹਾ ਸਾਂ ਕਿ ਮੇਰਾ ਇੱਕ ਹੋਰ ਤੀਰ ਵੀ ਨਕਾਰਾ ਚਲਾ ਗਿਆ ਹੈ।

ਘਰਦਿਆਂ ਤੋਂ ਚੋਰੀ ਮੈਂ ਆਪਣੇ ਹਮਦਰਦ ਪੁਲਿਸ ਵਾਲੇ ਤੋਂ ਸਮਾਂ ਲੈ ਕੇ ਉਸਨੂੰ ਜਾ ਮਿਲਿਆ ਅਤੇ ਸਾਰੀ ਕਹਾਣੀ ਉਸ ਨੂੰ ਸੁਣਾਅ ਦਿੱਤੀ। ਕੇਸ ਦੇ ਇੱਕੋ ਦਮ ਹੀ ਰੱਦ ਕਰ ਦਿੱਤੇ ਜਾਣ ਕਾਰਨ ਉਹ ਵੀ ਕੁਝ ਉਦਾਸ ਹੋ ਗਿਆ। ਫਿਰ ਸੋਚ ਕੇ ਬੋਲਿਆ, "ਮੈਨੂੰ ਤਾਂ ਲੱਗਦਾ ਹੈ ਕਿ ਜ਼ਰੂਰ ਐਸ.ਪੀ. ਨੇ ਆਪਣੀ ਘਰ ਵਾਲੀ ਜੱਜ ਦਾ ਪ੍ਰਭਾਵ ਵਰਤ ਕੇ ਕੇਸ ਨੂੰ ਰੱਦ ਕਰਵਾਇਐ। ਕੀ ਖ਼ਿਆਲ ਐ ?"

"ਉੱਥੇ ਵੀ ਸਿਫ਼ਾਰਸ਼ਾਂ ਚੱਲਦੀਆਂ ਨੇ ?" ਮੈਂ ਹੈਰਾਨੀ ਨਾਲ ਪੁੱਛਿਆ।

"ਇੱਥੇ ਸਭ ਕੁਝ ਚੱਲਦੈ, ਵੀਰਿਆ। ਤੂੰ ਕਿਹੜੀ ਦੁਨੀਆ ਵਿਚ ਤੁਰਿਆ ਫਿਰਦਾ ਏਂ ?" ਉਸ ਨੇ ਲੰਬਾ ਸਾਰਾ ਹਉਕਾ ਲੈ ਕੇ ਆਖਿਆ।

"ਇਹ ਐਸ.ਪੀ. ਮੇਰੇ ਬੜਾ ਮਗਰ ਪਿਆ ਹੋਇਐ। ਆਏਂ, ਇਹਦੇ ਘਰ ਵਾਲੀ ਸਿਫ਼ਾਰਿਸ਼ ਕਰ ਦਿੰਦੀ ਹੋਵੇਗੀ ?" ਮੈਂ ਹੈਰਾਨੀ ਨਾਲ ਪੁੱਛਿਆ।

"ਇਹ ਵੱਡੇ ਅਫ਼ਸਰ ਕੰਨਾਂ ਦੇ ਬੜੇ ਕੱਚੇ ਹੁੰਦੇ ਨੇ। ਨਾਲੇ ਜਪਨਾਮ ਤਾਂ ਉਹਦੇ ਗੋਡੇ-ਮੁੱਢ ਹੀ ਬੈਠਾ ਰਹਿੰਦਾ ਹੈ। ਤੇਰੇ ਵਿਰੁੱਧ ਕੰਨ ਭਰੀ ਜਾਂਦਾ ਰਹਿੰਦਾ ਹੋਣੈ। ਸਾਹਬ ਨੂੰ ਆਪਣੇ ਚਮਚੇ 'ਤੇ ਤਰਸ ਆ ਗਿਆ ਹੋਣੈ ਤੇ ਉਸ ਨੇ ਕਮਿਸ਼ਨ ਦੇ ਜੱਜ ਨੂੰ ਫ਼ੋਨ ਕਰਵਾਅ ਦਿੱਤਾ ਹੋਣੈ।" ਉਹ ਕਿਆਫ਼ਾ

ਲਾਉਂਦਾ ਹੋਇਆ ਬੋਲਿਆ।

"ਫੇਰ ਏਹੋ ਜਿਹੇ ਕਮਿਸ਼ਨ ਬਣਾਉਣ ਦਾ ਕੀ ਫ਼ਾਇਦਾ ਜੀਹਨੇ ਮੰਨਣੀ ਤਾਂ ਫਿਰ ਵੀ ਪੁਲਿਸ ਮਹਿਕਮੇ ਦੀ ਹੀ ਹੈ ?" ਮੈਂ ਖਿਝ ਕੇ ਆਖਿਆ।

"ਕਮਿਸ਼ਨ ਵਾਲਿਆਂ ਨੂੰ ਪਤਾ ਹੈ ਕਿ ਸਾਡੇ ਕੇਸਾਂ ਦਾ ਬਣਨਾ ਤਾਂ ਕੁਝ ਨਹੀਂ ਹੁੰਦਾ। ਇਸ ਕਰਕੇ ਉਹ ਵੱਡੇ ਅਫ਼ਸਰਾਂ ਨੂੰ ਖੁਸ਼ ਕਰੀ ਰੱਖਦੇ ਨੇ। ਇਸ ਤਰ੍ਹਾਂ ਉਹਨਾਂ ਦੀ ਚੱਲਦੀ ਵੀ ਰਹਿ ਜਾਂਦੀ ਏ ਤੇ ਪੁਲਿਸ ਨੂੰ ਆਪਣੇ ਕੀਤੇ ਹੋਏ ਕੁਕਰਮਾਂ ਦੀ ਸਜ਼ਾ ਭੁਗਤਣ ਦੀ ਥਾਂ ਕਲੀਨ ਚਿੱਟ ਮਿਲ ਜਾਂਦੀ ਹੈ। ਜੇ ਕੋਈ ਕੇਸ ਨੂੰ ਅੱਗੇ ਵਧਾਉਂਦਾ ਹੈ ਤਾਂ ਉਹ ਕਮਿਸ਼ਨ ਤੋਂ ਮਿਲੀ ਇਸ ਗਿੱਦੜ ਪਰਚੀ ਨੂੰ ਪੇਸ਼ ਕਰ ਕੇ ਪੁਲਿਸ ਵਾਲੇ ਆਪਣੇ-ਆਪ ਨੂੰ ਨਿਰਦੋਸ਼ ਸਿੱਧ ਕਰ ਦਿੰਦੇ ਨੇ।" ਉਸ ਨੇ ਪੂਰੇ ਵਿਸ਼ਵਾਸ਼ ਨਾਲ ਆਖਿਆ।

"ਕਮਿਸ਼ਨ ਅਜਿਹੇ ਕੇਸਾਂ ਦੀ ਜਾਂਚ ਆਪ ਕਿਉਂ ਨਹੀਂ ਕਰਦਾ ? ਜਦ ਇਸ ਨੇ ਪੁਲਿਸ ਦੀ ਜਾਂਚ ਦੇ ਅਧਾਰ 'ਤੇ ਹੀ ਫ਼ੈਸਲਾ ਦੇਣਾ ਹੈ ਤਾਂ ਫਿਰ ਆਮ ਲੋਕਾਂ ਨੂੰ ਉੱਥੇ ਧੱਕੇ ਕਿਉਂ ਖਵਾਏ ਜਾਂਦੇ ਨੇ ? ਸਿੱਧਾ ਹੀ ਆਖ ਦੇਣ ਕਿ ਜੇ ਤੁਹਾਡੇ ਨਾਲ ਹੋਏ ਧੱਕੇ ਵਿਰੁੱਧ ਪੁਲਿਸ ਦੀ ਜਾਂਚ ਰਿਪੋਰਟ ਤੁਹਾਡੇ ਹੱਕ ਵਿਚ ਨਹੀਂ ਹੈ ਤਾਂ ਸਾਡੇ ਕੋਲ ਆਉਣ ਦੀ ਲੋੜ ਨਹੀਂ। ਜਦ ਸਰਕਾਰਾਂ ਨੂੰ ਵੀ ਪੂਰੀ ਤਰ੍ਹਾਂ ਪਤਾ ਲੱਗ ਗਿਆ ਹੈ ਕਿ ਅਜਿਹੇ ਮਾਮਲਿਆਂ 'ਚ ਕਮਿਸ਼ਨ ਕੁਝ ਵੀ ਕਰਨ ਜੋਗਾ ਨਹੀਂ ਹੈ। ਇਸ ਚਿੱਟੇ ਹਾਥੀ ਨੂੰ ਮਗਰੋਂ ਕਿਉਂ ਨਹੀਂ ਲਾਹ ਦਿੰਦੀਆਂ ?" ਮੈਂ ਖਿਝ ਕੇ ਆਖਦਿਆਂ ਆਪਣਾ ਗੁੱਸਾ ਜ਼ਾਹਰ ਕੀਤਾ।

"ਬੰਦ ਕਿਉਂ ਕਰਨਗੇ ? ਅੰਤਰ-ਰਾਸ਼ਟਰੀ ਪੱਧਰ ਤੋਂ ਮਿਲਦੇ ਗੱਫ਼ੇ ਬੰਦ ਹੋ ਜਾਣਗੇ। ਇਹਨਾਂ ਨੂੰ ਕੀ ਪ੍ਰਵਾਹ ਹੈ ਲੋਕ ਰੁਲੀ ਜਾਂਦੇ ਆ ਤਾਂ ਰੁਲਦੇ ਰਹਿਣ। ਇਹਨਾਂ ਦੇ ਆਪਣੇ ਕੰਮ ਹੁੰਦੇ ਰਹਿੰਦੇ ਨੇ ਤੇ ਅਹੁਦਿਆਂ ਦੇ ਨਾਲ ਨਾਲ ਗਰਾਂਟਾਂ ਵੀ ਛਕਣ ਨੂੰ ਮਿਲ ਜਾਂਦੀਆਂ ਨੇ।" ਉਸ ਨੇ ਮੇਰੀ ਜਾਣਕਾਰੀ ਵਧਾਉਣ ਖ਼ਾਤਰ ਦੱਸਿਆ।

"ਚਲੋ ਜੀ, ਆਪਣਾ ਕਮਿਸ਼ਨ ਵਾਲਾ ਇਹ ਬੰਬ ਤਾਂ ਫੁੱਦੂ ਪਟਾਕਾ ਹੀ ਨਿਕਲ ਗਿਆ। ਹੁਣ ਆਪਾਂ ਨੂੰ ਕੀ ਕਰਨਾ ਚਾਹੀਦਾ ਏ ?" ਮੈਂ ਉਦਾਸੀ ਨਾਲ ਪੁੱਛਿਆ।

"ਕੋਈ ਨਾ, ਤੂੰ ਨਿਰਾਸ਼ ਨਾ ਹੋ। ਤੈਨੂੰ ਪ੍ਰਮਾਣੂ ਬੰਬ ਤਾਂ ਦਿੱਤਾ ਹੀ ਹੋਇਐ। ਚਲਾਵਾਂਗੇ ਵੀ, ਪਰ ਸਮਾਂ ਆਉਣ ਦੇ 'ਕੇਰਾਂ। ਕਾਹਲ਼ਾ ਨਾ ਪੈ। ਜ਼ੁਲਮ ਨੂੰ ਅਜੇ ਆਪਣਾ ਹੋਰ ਰੂਪ ਵੀ ਵਿਖਾਅ ਹੀ ਲੈਣ ਦੇ। ਵੇਖਦੇ ਹਾਂ, ਅਜੇ ਹੋਰ ਕੀ ਕੁਝ ਕਰਦੇ ਨੇ ? ਤੂੰ ਕੁਝ ਕੁ ਦਿਨ ਹੋਰ ਉਡੀਕ। ਫਿਰ ਆਪਾਂ ਸੋਚ ਵਿਚਾਰ ਕਰ ਲਵਾਂਗੇ ਕਿ ਅੱਗੇ ਕੀ ਕਰਨਾ ਹੈ।" ਉਸ ਨੇ ਮੈਨੂੰ ਹੌਸਲਾ ਦਿੰਦੇ

ਹੋਏ ਆਖਿਆ।

ਉਸ ਨਾਲ ਹੋਰ ਵਾਹਵਾ ਦੇਰ ਗੱਲਾਂ ਕਰ ਕੇ ਮੈਂ ਵਾਪਸ ਘਰ ਆ ਗਿਆ ਸਾਂ।

0–0–0–0

ਅਦਾਲਤ ਦੀ ਅਗ਼ਲੀ ਤਾਰੀਕ ਵੀ ਆ ਗਈ ਸੀ।ਮੇਰੇ ਲਈ ਇਹ ਦਿਨ ਫ਼ੈਸਲਾਕੁੰਨ ਦਿਨ ਸੀ ਕਿਉਂਕਿ ਅਦਾਲਤ ਦੇ ਹੁਕਮ ਅਨੁਸਾਰ ਦੂਜੀ ਧਿਰ ਨੂੰ ਇਸ ਤਾਰੀਕ ’ਤੇ ਆਪਣੇ ਗਵਾਹ ਪੇਸ਼ ਕਰਨੇ ਹੀ ਪੈਣੇ ਸਨ।

ਜਦ ਮੈਂ ਵਕੀਲ ਦੇ ਚੈਂਬਰ ਵਿੱਚ ਪੁੱਜਾ ਤਾਂ ਉਹ ਮੈਨੂੰ ਜਾਂਦੇ ਨੂੰ ਹੀ ਕੁਝ ਕਾਗਜ਼ ਫੜਾਉਂਦਾ ਹੋਇਆ ਬੋਲਿਆ, “ਦੋ ਗਵਾਹ ਆਉਣੇ ਨੇ ਅੱਜ, ਗਵਾਹੀ ਦੇਣ ਵਾਸਤੇ, ਉਹਨਾਂ ਦੇ ਨਾਂ ਅਤੇ ਪਤੇ ਪੜ੍ਹ ਲੈ।”

ਇੱਕੋ ਦਮ ਮੇਰੇ ਸਿਰ ’ਤੇ ਪਹਾੜ ਟੁੱਟ ਪਿਆ ਸੀ ਕਿਉਂਕਿ ਮੈਨੂੰ ਉਮੀਦ ਸੀ ਕਿ ਕੋਈ ਵੀ ਗਵਾਹ ਤਾਂ ਆਉਣਾ ਹੀ ਨਹੀਂ ਹੈ।ਇਸ ਲਈ ਸ਼ਾਇਦ ਗੁਰਨੇਕ ਝਗੜਾ ਅੱਗੇ ਨਾ ਵਧਾਉਣ ਬਾਰੇ ਸੋਚ ਕੇ ਕੇਸ ਵਾਪਸ ਲੈਣ ਲਈ ਆਖ ਦੇਵੇਗਾ।ਦੋ ਗਵਾਹਾਂ ਦਾ ਆਉਣਾ ਮੇਰੇ ਲਈ ਇੱਕ ਬੜਾ ਵੱਡਾ ਝਟਕਾ ਸੀ।ਜਦ ਮੈਂ ਕੰਬਦੇ ਹੱਥਾਂ ਨਾਲ ਕਾਗਜ਼ ’ਤੋਂ ਦੋਵੇਂ ਨਾਂ ਪੜ੍ਹੇ ਤਾਂ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਦੋਵੇਂ ਬੰਦੇ ਕੌਣ ਹਨ ? ਮੈਂ ਕਾਫ਼ੀ ਦੇਰ ਸ਼ਸ਼ੋਪੰਜ਼ ਵਿੱਚ ਪਿਆ ਰਿਹਾ।ਇੱਕ ਗਵਾਹ ਤਾਂ ਨਕਸ਼ਾ ਨਵੀਸ ਹੀ ਸੀ।ਇਸ ਦੀ ਗਵਾਹੀ ਦੀ ਕੋਈ ਜ਼ਿਆਦਾ ਮਹੱਤਤਾ ਨਹੀਂ ਸੀ ਪਰ ਦੂਜਾ ਜੋ ਸਾਡੇ ਮੁਹੱਲੇ ਦਾ ਹੀ ਵਸਨੀਕ ਸੀ, ਮੈਨੂੰ ਉਸ ਬਾਰੇ ਕੁਝ ਵੀ ਸਮਝ ਨਹੀਂ ਸੀ ਲੱਗ ਰਹੀ ਕਿ ਉਹ ਕੌਣ ਹੈ ?

ਕਾਫ਼ੀ ਦੇਰ ਦਿਮਾਗ਼ੀ ਘੋੜੇ ਦੁੜਾਉਣ ਤੋਂ ਬਾਅਦ ਮੈਂ ਆਪਣੇ ਪਿਤਾ ਜੀ ਨੂੰ ਫ਼ੋਨ ਕਰ ਕੇ ਸਬੰਧਤ ਆਦਮੀ ਬਾਰੇ ਦੱਸਿਆ ਤਾਂ ਉਹ ਵੀ ਉਸ ਬੰਦੇ ਬਾਰੇ ਅਣਜਾਣ ਹੀ ਸਨ।ਫਿਰ ਸਲਾਹ ਹੋਈ ਕਿ ਮੁਹੱਲੇ ਦੇ ਹੀ ਇੱਕ ‘ਤੁਰਦੇ–ਫਿਰਦੇ’ ਬੰਦੇ ਨੂੰ ਪੁੱਛਿਆ ਜਾਵੇ।ਜਦ ਮੈਂ ਉਸ ਨੂੰ ਫ਼ੋਨ ਕੀਤਾ ਤਾਂ ਉਸ ਨੇ ਗਵਾਹ ਦਾ ਨਾਂ ਪਤਾ ਸੁਣਦੇ ਸਾਰ ਹੀ ਉਸ ਬਾਰੇ ਅਤੇ ਉਸ ਦੇ ਘਰ ਦੀਆਂ ਸਾਰੀਆਂ ਨਿਸ਼ਾਨੀਆਂ ਵੀ ਦੱਸ ਦਿੱਤੀਆਂ ਅਤੇ ਇਹ ਵੀ ਦੱਸ ਦਿੱਤਾ ਕਿ ਇਹ ਬੰਦਾ ਆਪਣੇ ਮੁਹੱਲੇ ਦੇ ਐੱਮ.ਸੀ. ਦਾ ਖ਼ਾਸ ਬੰਦਾ ਹੈ।

ਮੈਂ ਐੱਮ.ਸੀ. ਨੂੰ ਫ਼ੋਨ ਮਿਲਾਅ ਲਿਆ ਤੇ ਉਲਾਂਭਾ ਦਿੱਤਾ ਕਿ ਤੁਹਾਡੇ ਫਲਾਂ ਬੰਦੇ ਨੇ ਸਾਡੇ ਵਿਰੁੱਧ ਗਵਾਹੀ ਦੇਣ ਆਉਣਾ ਹੈ।ਉਸ ਨੇ ਮੈਨੂੰ ਵਿਸ਼ਵਾਸ਼ ਦੁਆਇਆ ਕਿ ਉਹ ਉਸ ਨਾਲ ਹੁਣੇ ਹੀ ਗੱਲ ਕਰ ਲੈਂਦਾ ਹੈ ਅਤੇ ਉਹ ਤੁਹਾਡੇ ਵਿਰੁੱਧ ਕਿਸੇ ਵੀ ਕੀਮਤ ’ਤੇ ਗਵਾਹੀ ਨਹੀਂ ਦੇਵੇਗਾ।

ਗਵਾਹ ਦੁਪਹਿਰ ਦੇ ਖਾਣੇ ਦੀ ਛੁੱਟੀ ਤੋਂ ਬਾਅਦ ’ਚ ਭੁਗਤਾਏ ਜਾਣੇ

ਸਨ। ਮੈਂ ਓਨਾ ਚਿਰ ਸੋਚਾਂ ਵਿੱਚ ਪਿਆ ਹੋਇਆ ਚੈਂਬਰ ਵਿੱਚ ਹੀ ਬੈਠਾ ਰਿਹਾ ਤੇ ਵਕੀਲ ਨੂੰ ਗਵਾਹੀ ਸਬੰਧੀ ਨਿੱਕੇ-ਨਿੱਕੇ ਸਵਾਲ ਪੁੱਛਦਾ ਰਿਹਾ। ਕਰੀਬ ਅੱਧੇ ਕੁ ਘੰਟੇ ਬਾਅਦ ਚੈਂਬਰ ਦੇ ਦਰਵਾਜ਼ੇ ਸਾਹਮਣੇ ਇੱਕ ਬੰਦਾ ਆ ਕੇ ਖੜ੍ਹ ਗਿਆ ਤੇ ਉਸ ਨੇ ਮੈਨੂੰ ਬਾਹਰ ਆਉਣ ਦਾ ਇਸ਼ਾਰਾ ਕੀਤਾ।

ਮੈਂ ਉਸ ਨੂੰ ਇੱਕ-ਦੋ ਵਾਰ ਵੇਖਿਆ ਤਾਂ ਜ਼ਰੂਰ ਸੀ ਪਰ ਮੈਨੂੰ ਉਸ ਦੀ ਪੂਰੀ ਪਹਿਚਾਣ ਨਹੀਂ ਸੀ। ਮੈਂ ਬਾਹਰ ਨੂੰ ਹੋ ਤੁਰਿਆ।

ਬਾਹਰ ਆਉਂਦੇ ਹੀ ਉਸ ਨੇ ਮੈਨੂੰ ਦੱਸਿਆ ਕਿ ਉਹ ਹੀ ਗਵਾਹ ਦੇ ਰੂਪ ਵਿੱਚ ਗਵਾਹੀ ਦੇਣ ਆਇਆ ਹੈ। ਉਹ ਮੇਰੇ ਕੋਲੋਂ ਸਾਰੀ ਕਹਾਣੀ ਪੁੱਛਣ ਲੱਗ ਪਿਆ। ਮੈਂ ਉਸ ਨੂੰ ਦੱਸ ਦਿੱਤਾ ਕਿ ਗੁਰਨੇਕ ਨੇ ਤਾਂ ਆਪ ਗਲੀ ਦੀ ਜਗ੍ਹਾ ਨੱਪੀ ਹੋਈ ਹੈ ਤੇ ਮੇਰੀ ਜਾਇਜ਼ ਬਣਦੀ ਜਗ੍ਹਾ ਉੱਪਰ ਵੀ ਮੁਕੱਦਮਾ ਕਰੀ ਬੈਠਾ ਹੈ। ਇਹ ਨਗਰ ਨਿਗਮ ਵਿੱਚ ਵੀ ਆਪਣੀ ਰਜਿਸਟਰੀ ਪੇਸ਼ ਨਹੀਂ ਕਰ ਰਿਹਾ ਹੈ। ਮੈਂ ਉਸ ਨੂੰ ਇਹ ਵੀ ਦੱਸ ਦਿੱਤਾ ਕਿ ਉਹ ਗ਼ਲਤ ਬੰਦੇ ਦੇ ਹੱਕ ਵਿੱਚ ਗਵਾਹੀ ਦੇਣ ਆਇਆ ਹੈ, ਇਨਸਾਫ਼ ਲਈ ਨਹੀਂ। ਕੁਝ ਕੁ ਮਿੰਟਾਂ ਵਿੱਚ ਹੀ ਉਹ ਸਾਰੀ ਕਹਾਣੀ ਸਮਝ ਗਿਆ ਤੇ ਗੁੱਸੇ ਨਾਲ ਬੋਲਿਆ, "ਯਾਰ, ਮੈਨੂੰ ਤਾਂ ਅੱਜ ਪਤਾ ਲੱਗਾ ਕਿ ਇਹ ਗਲੀ ਉੱਤੇ ਕਬਜ਼ਾ ਕਰੀ ਬੈਠਾ ਹੈ ਤੇ ਮੈਨੂੰ ਝੂਠ ਬੋਲ ਕੇ ਹੀ ਲੈ ਆਇਆ ਹੈ ਕਿ ਤੁਸੀਂ ਗਲੀ ਉੱਤੇ ਨਜਾਇਜ਼ ਕਬਜ਼ਾ ਕਰਨ ਨੂੰ ਫਿਰਦੇ ਹੋ।"

"ਭਰਾਵਾ, ਮੈਂ ਤੈਨੂੰ ਗਵਾਹੀ ਦੇਣ ਤੋਂ ਨ੍ਹੀਂ ਰੋਕਦਾ। ਤੂੰ ਜੋ ਮਰਜ਼ੀ ਆਖ ਦੇਵੀਂ, ਇਹ ਤੇਰੀ ਮਰਜ਼ੀ ਹੈ। ਮੈਂ ਤਾਂ ਤੈਨੂੰ ਸਚਾਈ ਹੀ ਦੱਸਣੀ ਸੀ ਕਿ ਤੂੰ ਗ਼ਲਤ ਬੰਦੇ ਦੇ ਹੱਕ ਵਿੱਚ ਆਇਆ ਏਂ। ਤੇਰੀ ਗਵਾਹੀ ਨਾਲ ਮੇਰੇ ਦਸਤਾਵੇਜ਼ ਤਾਂ ਝੂਠੇ ਨ੍ਹੀਂ ਪੈਣ ਲੱਗੇ ਪਰ ਮੈਨੂੰ ਇਹਨਾਂ ਤਿੰਨਾਂ ਦਾ ਨੁਕਸਾਨ ਕਰਨਾ ਪੈ ਹੀ ਜਾਣਾ ਏ।" ਜਦ ਮੈਂ ਉਸ ਨੂੰ ਮੋਬਾਈਲ 'ਚੋਂ ਬੱਸ ਵਾਲੀਆਂ ਫ਼ੋਟੋਆਂ ਤੇ ਮੂਵੀਆਂ ਵਿਖਾਈਆਂ ਤਾਂ ਉਸ ਦੀਆਂ ਅੱਖਾਂ ਟੱਡੀਆਂ ਹੀ ਰਹਿ ਗਈਆਂ।

"ਸੱਚੀਂ ਯਾਰ, ਮੈਨੂੰ ਨ੍ਹੀਂ ਸੀ ਪਤਾ ਤੁਹਾਡੀ ਗੱਲ ਏਨੀ ਜ਼ਿਆਦਾ ਵਧੀ ਪਈ ਹੈ ? ਕੋਈ ਨ੍ਹੀਂ, ਮੈਂ ਕੋਈ ਹੱਲ ਲੱਭਣ ਦੀ ਕੋਸ਼ਿਸ਼ ਕਰਦਾ ਆਂ।" ਉਸ ਨੇ ਮੇਰੇ ਮੋਢੇ ਉੱਤੇ ਹੱਥ ਰੱਖ ਕੇ ਹੌਸਲਾ ਦਿੱਤਾ।

"ਵੀਰ, ਜੇ ਮੈਂ ਇਹਨਾਂ ਦਾ ਨੁਕਸਾਨ ਕਰਨਾ ਹੁੰਦਾ ਤਾਂ ਮੈਂ ਬੜਾ ਚਿਰ ਪਹਿਲਾਂ ਕਰ ਸਕਦਾ ਸੀ ਤੇ ਅੱਜ ਵੀ ਹੁਣੇ ਹੀ ਕਰ ਸਕਦਾ ਹਾਂ। ਮੈਂ ਤਾਂ ਆਪਣੇ ਯੂਨੀਅਨ ਵਾਲੇ ਬੰਦੇ ਬੁਲਾਅ ਕੇ ਇੱਕ ਪ੍ਰੈਸ-ਕਾਨਫਰੰਸ ਹੀ ਕਰਨੀ ਏ। ਪੱਤਰਕਾਰਾਂ ਨੂੰ ਫ਼ੋਟੋਆਂ ਤੇ ਸੀ.ਡੀ. ਵੰਡ ਕੇ ਕੱਲ੍ਹ ਦੇ ਅਖ਼ਬਾਰਾਂ ਵਿੱਚ ਇਹਨਾਂ ਦਾ ਗੁੱਡਾ ਬੰਨ੍ਹ ਦਿਆਂਗਾ ਅਤੇ ਪੁਲਿਸ ਵਿਭਾਗ ਦਾ ਜਲੂਸ ਕੱਢ ਕੇ ਰੱਖ ਦੇਵਾਂਗਾ। ਮੈਂ ਤਾਂ ਅਜੇ ਤੀਕਰ ਇਹਨਾਂ ਦੀ ਭਲਾਈ ਸੋਚਦੇ ਹੋਏ ਨੇ

ਆਪਣੇ ਆਪ 'ਤੇ ਕਾਬੂ ਰੱਖਿਆ ਹੋਇਆ ਹੈ। ਨਹੀਂ ਤਾਂ ਇਹ ਕਿਹੜੇ ਬਾਗ਼ ਦੀ ਮੂਲੀ ਨੇ ?" ਮੈਂ ਆਪਣੇ ਦਿਲ ਦੀ ਗੱਲ ਦੱਸ ਦਿੱਤੀ।

"ਆਪਾਂ ਗਲੀ ਵਿੱਚ 'ਕੱਠੇ ਰਹਿਣਾ ਏ। ਆਪਾਂ ਨ੍ਹੀਂ ਕਰਨਾ ਇਹੋ ਜਿਹਾ ਕੰਮ। ਕੋਈ ਨਾ, ਮੈਂ ਕੋਈ ਚਾਰਾ ਕਰਦਾ ਹਾਂ।" ਉਹ ਮੈਨੂੰ ਸਮਝਾਉਣ ਦੇ ਤਰੀਕੇ ਨਾਲ ਆਖਣ ਲੱਗਾ।

"ਭਰਾਵਾ, ਮੁਹੱਲਾਦਾਰੀ ਤੇ ਮੂੰਹ ਮੁਲ੍ਹਾਜ਼ਾ ਹੀ ਮੈਨੂੰ ਮਾਰੀ ਜਾਂਦਾ ਏ। ਤਾਂ ਹੀ ਤਾਂ ਮੈਂ ਵੱਡਾ ਕਦਮ ਨ੍ਹੀਂ ਚੁੱਕ ਰਿਹਾ। ਨਹੀਂ ਤਾਂ ਹੁਣ ਤੱਕ ਇਹ ਵਾਹੇ-ਬੀਜੇ ਵੀ ਨ੍ਹੀਂ ਸੀ ਥਿਆਉਣੇ।" ਮੈਂ ਆਖਿਆ।

"ਕੋਈ ਨ੍ਹੀਂ, ਮੈਨੂੰ ਇੱਕ ਯਤਨ ਕਰ ਲੈਣ ਦਿਓ। ਨਹੀਂ ਤਾਂ ਤੁਸੀਂ ਜਾਣਿਓ ਤੇ ਤੁਹਾਡਾ ਕੰਮ।" ਆਖ ਕੇ ਉਹ ਚਲਾ ਗਿਆ।

ਬਾਅਦ ਦੁਪਹਿਰ ਮੈਂ ਤੇ ਮੇਰਾ ਵਕੀਲ ਅਦਾਲਤ ਦੇ ਕਮਰੇ ਵਿੱਚ ਚਲੇ ਗਏ। ਨਕਸ਼ਾ-ਨਵੀਸ ਨੇ ਆਪਣੀ ਗਵਾਹੀ ਦੇ ਦਿੱਤੀ ਅਤੇ ਆਪਣੇ ਬਿਆਨ ਲਿਖਵਾਅ ਦਿੱਤੇ। ਮੇਰੇ ਵਕੀਲ ਨੇ ਉਸ ਨੂੰ ਕੁਝ ਰਸਮੀ ਜਿਹੇ ਸਵਾਲ ਕੀਤੇ, ਜਿੰਨ੍ਹਾਂ ਦਾ ਉਸ ਨੇ ਉੱਤਰ ਦੇ ਦਿੱਤਾ। ਉਸ ਤੋਂ ਬਾਅਦ ਦੂਜੇ ਗਵਾਹ ਦੀ ਵਾਰੀ ਸੀ। ਜੱਜ ਨੇ ਉਸਨੂੰ ਉਸਦਾ ਦਾ ਨਾਮ ਅਤੇ ਪਤਾ ਪੁੱਛਿਆ ਜੋ ਉਸ ਨੇ ਦੱਸ ਦਿੱਤਾ। ਫਿਰ ਜੱਜ ਨੇ ਪੁੱਛਿਆ, "ਕੀ ਤੁਸੀਂ ਗਵਾਹੀ ਦੇਣ ਲਈ ਤਿਆਰ ਹੋ ?"

ਉਹ ਝੱਟ ਦੇਣੇ ਬੋਲਿਆ, "ਮੈਡਮ ਜੀ, ਮੈਂ ਨਹੀਂ ਚਾਹੁੰਦਾ ਕਿ ਮਸਲਾ ਹੋਰ ਅੱਗੇ ਵਧੇ। ਇਸ ਲਈ ਮੈਂ ਦੋਵਾਂ ਧਿਰਾਂ ਵਿਚਕਾਰ ਕੋਈ ਸਮਝੌਤਾ ਕਰਵਾਉਣ ਲਈ ਇੱਕ ਮੌਕਾ ਚਾਹੁੰਦਾ ਹਾਂ।"

"ਕੀ ਤੁਹਾਨੂੰ ਲੱਗਦੈ ਹੈ ਕਿ ਦੋਵੇਂ ਧਿਰਾਂ ਤੁਹਾਡੀ ਗੱਲ ਮੰਨ ਜਾਣਗੀਆਂ ?" ਜੱਜ ਨੇ ਸ਼ੰਕਾ ਜ਼ਾਹਿਰ ਕੀਤੀ।

"ਮੈਂ ਆਪਣੇ ਵੱਲੋਂ ਪੂਰੀ ਵਾਹ ਲਾਵਾਂਗਾ ਜੀ। ਜੇ ਗੱਲ ਨਾ ਬਣੀ ਤਾਂ ਮੈਂ ਆਪਣੀ ਸਮਝ ਮੁਤਾਬਕ ਆਪਣੀ ਗਵਾਹੀ ਦੇ ਦੇਵਾਂਗਾ।" ਉਸ ਨੇ ਪੂਰੇ ਵਿਸ਼ਵਾਸ ਨਾਲ ਆਖਿਆ।

"ਚਲੋ ਠੀਕ ਹੈ, ਮੈਂ ਇੱਕ ਵਾਰ ਕੇਸ ਨੂੰ ਫਿਰ ਮੇਡੀਏਸ਼ਨ ਵਿੱਚ ਭੇਜ ਦਿੰਦੀ ਹਾਂ। ਤੁਸੀਂ ਆਪਣੇ ਤੌਰ 'ਤੇ ਵੀ ਕੋਸ਼ਿਸ਼ ਕਰ ਲਵੋ ਤੇ ਜੇ ਕੋਈ ਕਾਨੂੰਨੀ ਅੜਚਣ ਹੋਈ ਤਾਂ ਮੇਡੀਏਸ਼ਨ ਦੇ ਇੰਚਾਰਜ ਨਾਲ ਸਲਾਹ-ਮਸ਼ਵਰਾ ਵੀ ਕਰ ਲੈਣਾ।" ਆਖ ਕੇ ਜੱਜ ਨੇ ਕੇਸ ਨੂੰ ਫਿਰ ਮੇਡੀਏਸ਼ਨ ਵਿਭਾਗ ਦੇ ਹਵਾਲੇ ਕਰ ਦਿੱਤਾ।

ਜਦ ਅਸੀਂ ਬਾਹਰ ਆਏ ਤਾਂ ਨਕਸ਼ਾ-ਨਵੀਸ ਗੁਰਨੇਕ ਨੂੰ ਘੇਰ ਕੇ ਖੜ੍ਹ ਗਿਆ ਤੇ ਗਵਾਹੀ ਦੇਣ ਦੇ ਬਦਲੇ ਪੈਸੇ ਮੰਗਣ ਲੱਗ ਪਿਆ। ਗੁਰਨੇਕ ਉਸ ਨੂੰ

ਇੱਕ ਥਮਲੇ ਦੀ ਓਟ ਵਿਚ ਲੈ ਗਿਆ ਤਾਂ ਜੋ ਮੇਰੇ ਤੋਂ ਓਹਲਾ ਰੱਖ ਸਕੇ। ਗੁਰਨੇਕ ਨੇ ਉਸ ਨੂੰ ਆਪਣੇ ਬਟੂਏ ਵਿੱਚੋਂ ਕੱਢ ਕੇ ਕੁਝ ਫੜਾਇਆ। ਨਕਸ਼ਾ-ਨਵੀਸ ਦੁਆਰਾ ਨੋਟ ਨੂੰ ਦੋਵਾਂ ਹੱਥਾਂ ਨਾਲ ਉੱਪਰ ਵੱਲ ਨੂੰ ਚੁੱਕ ਕੇ ਵੇਖਣ ਅਤੇ ਪਰਖਣ ਕਾਰਨ ਮੈਨੂੰ ਪਤਾ ਲੱਗ ਗਿਆ ਕਿ ਨਕਸ਼ਾ-ਨਵੀਸ ਪੰਜ ਸੌ ਰੁਪਏ ਬਦਲੇ ਗਵਾਹੀ ਦੇ ਕੇ ਗਿਆ ਸੀ।

ਗਵਾਹ ਬਣ ਕੇ ਆਇਆ ਦੂਜਾ ਆਦਮੀ ਮੇਰੇ ਨਾਲ ਸਲਾਹ ਕਰਨ ਲੱਗ ਪਿਆ ਕਿ ਸਮਝੌਤੇ ਲਈ ਕਿਹੜਾ ਸਥਾਨ ਅਤੇ ਕਿਹੜਾ ਸਮਾਂ ਮਿਥਿਆ ਜਾਵੇ। ਸਾਡੀ ਅਗਲ਼ੀ ਬੈਠਕ ਦਾ ਸਮਾਂ ਅਤੇ ਸਥਾਨ ਨਿਸ਼ਚਿਤ ਤਾਂ ਨਾ ਹੋ ਸਕਿਆ ਪਰ ਇਹ ਸਲਾਹ ਬਣ ਗਈ ਕਿ ਆਪਾਂ ਫ਼ੋਨ ’ਤੇ ਸੰਪਰਕ ਕਰਕੇ ਸਮਾਂ ਤੈਅ ਕਰ ਲਵਾਂਗੇ। ਉਹ ਮੇਰੇ ਕੋਲੋਂ ਮੇਰਾ ਫ਼ੋਨ ਨੰਬਰ ਵੀ ਲੈ ਗਿਆ ਸੀ।

ਹੁਣ ਮੈਨੂੰ ਨਵੇਂ ਸਿਰੇ ਤੋਂ ਆਸ ਬੱਝ ਗਈ ਸੀ ਕਿ ਸ਼ਾਇਦ ਇਸ ਮਸਲੇ ਦਾ ਹੱਲ ਜਲਦੀ ਹੋ ਜਾਵੇਗਾ। ਮੈਨੂੰ ਲੱਗ ਰਿਹਾ ਸੀ ਕਿ ਪੰਜ-ਸੱਤ ਦਿਨਾਂ ਦੇ ਵਿੱਚ-ਵਿੱਚ ਹੀ ਮੇਰਾ ਇਸ ਝੰਜਟ ਤੋਂ ਛੁਟਕਾਰਾ ਹੋ ਜਾਵੇਗਾ। ਹੁਣ ਮੈਂ ਕਿਸੇ ਨਵੇਂ ਸੁਨੇਹੇ ਦੀ ਉਡੀਕ ਕਰਨ ਲੱਗ ਪਿਆ ਸਾਂ।

ਉਡੀਕਦਿਆਂ ਉਡੀਕਦਿਆਂ ਕਈ ਦਿਨ ਲੰਘ ਗਏ ਸਨ ਪਰ ਮੈਨੂੰ ਅਜਿਹਾ ਕੋਈ ਵੀ ਸੁਨੇਹਾ ਨਾ ਆਇਆ। ਪੰਚਾਇਤੀ ਤੌਰ ’ਤੇ ਇਹ ਮਸਲਾ ਨਿੱਬੜਣ ਦੀ ਆਸ ਵੀ ਖ਼ਤਮ ਹੁੰਦੀ ਜਾ ਰਹੀ ਸੀ। ਅਦਾਲਤ ਦੁਆਰਾ ਦਿੱਤੀ ਗਈ ਮੇਡੀਏਸ਼ਨ ਵਾਲੀ ਤਾਰੀਕ ਨੇੜੇ ਆ ਰਹੀ ਸੀ। ਸਾਨੂੰ ਸਾਰੇ ਪਰਿਵਾਰ ਨੂੰ ਲੱਗਣ ਲੱਗਾ ਕਿ ਸ਼ਾਇਦ ਦੂਜੀ ਧਿਰ ਮੁਹੱਲੇ ਵਿੱਚ ਆਪਣੀ ਬੇਇੱਜ਼ਤੀ ਹੋ ਜਾਣ ਦੇ ਡਰ ਕਾਰਨ ਹੀ ਇਕੱਠ ਵਿੱਚ ਆਉਣ ਤੋਂ ਘਬਰਾਅ ਰਹੀ ਹੈ। ਸ਼ਾਇਦ ਉਹ ਮੇਡੀਏਸ਼ਨ ਵਿਭਾਗ ਵਿੱਚ ਜਾ ਕੇ ਹੀ ਸਮਝੌਤਾ ਕਰਨਗੇ ਤਾਂ ਜੋ ਲੋਕਾਂ ਨੂੰ ਆਖ ਸਕਣ ਕਿ ਅਦਾਲਤ ਨੇ ਹੀ ਫ਼ੈਸਲਾ ਕਰ ਦਿੱਤਾ ਹੈ। ਇਸ ਤਰ੍ਹਾਂ ਉਹ ਮੁਹੱਲੇ ਵਿੱਚ ਹੋਣ ਵਾਲੀ ਕੁੱਤੇਖਾਣੀ ਤੋਂ ਵੀ ਬਚੇ ਰਹਿਣਗੇ ਤੇ ਦੂਜਾ ਉਹਨਾਂ ਦੁਆਰਾ ਗ਼ਲਤੀ ਮੰਨਣ ਦਾ ਵੀ ਕਿਸੇ ਨੂੰ ਪਤਾ ਨਹੀਂ ਲੱਗੇਗਾ।

## ਤੇਈ

ਇੱਕ ਦਿਨ ਪੁਲਿਸ ਵਿਭਾਗ ਦਾ ਇੱਕ ਹਰਕਾਰਾ ਲਿਖਤੀ ਸੰਦੇਸ਼ ਲੈ ਕੇ ਆ ਗਿਆ ਕਿ ਤੁਸੀਂ ਕੱਲ੍ਹ ਨੂੰ ਆਪਣੀ ਕੀਤੀ ਹੋਈ ਸ਼ਿਕਾਇਤ ਦੇ ਸਬੰਧ ਵਿੱਚ ਡੀ.ਐਸ.ਪੀ. ਕੋਲ ਆਪਣੇ ਪੱਖ ਦੇ ਸਬੂਤ ਅਤੇ ਗਵਾਹ ਲੈ ਕੇ ਪੇਸ਼

ਹੋਵੋ। 'ਸਤ ਬਚਨ ਜੀ' ਆਖ ਕੇ ਮੈਂ ਉਸ ਦੇ ਕਾਗਜ਼ 'ਤੇ ਦਸਤਖਤ ਕਰ ਦਿੱਤੇ।

ਸ਼ਾਮ ਤੀਕਰ ਮੈਂ ਆਪਣੇ ਦੁਆਰਾ ਪੇਸ਼ ਕੀਤੇ ਜਾਣ ਵਾਲੇ ਸਾਰੇ ਸਬੂਤ ਥਾਂ ਸਿਰ ਕਰ ਲਏ ਸਨ।

ਅਗਲੇ ਦਿਨ ਮੈਂ ਤੇ ਯਾਦਵਿੰਦਰ ਦੱਸੇ ਗਏ ਸਮੇਂ 'ਤੇ ਡੀ.ਐਸ.ਪੀ. ਦੇ ਦਫ਼ਤਰ ਵਿੱਚ ਪਹੁੰਚ ਗਏ ਅਤੇ ਮੈਂ ਰੀਡਰ ਨੂੰ ਆਪਣੇ ਆਉਣ ਬਾਰੇ ਸੂਚਿਤ ਕਰ ਦਿੱਤਾ। ਉਸ ਦੇ ਆਖੇ ਮੁਤਾਬਿਕ ਅਸੀਂ ਬਾਹਰ ਵਰਾਂਡੇ ਵਿੱਚ ਬੈਠ ਕੇ ਅਧਿਕਾਰੀ ਦੀ ਉਡੀਕ ਕਰਨੀ ਸ਼ੁਰੂ ਕਰ ਦਿੱਤੀ।

ਉੱਥੇ ਬੈਠੇ ਸਭ ਲੋਕਾਂ ਨੂੰ ਆਵਾਜ਼ ਵੱਜ ਚੁੱਕੀ ਸੀ ਪਰ ਅਸੀਂ ਉਵੇਂ ਹੀ ਬੈਠੇ ਸਾਂ। ਸਾਨੂੰ ਇਕੱਲਿਆਂ ਨੂੰ ਵੇਖ ਕੇ ਦਰਵਾਜ਼ੇ ਵਿੱਚ ਖੜ੍ਹੇ ਸਿਪਾਹੀ ਨੇ ਸਾਨੂੰ ਅੰਦਰ ਜਾਣ ਦਾ ਇਸ਼ਾਰਾ ਕਰ ਦਿੱਤਾ। ਅਸੀਂ ਦਫ਼ਤਰ ਦੇ ਬੂਹੇ ਕੋਲ ਪੁੱਜੇ ਹੀ ਸਾਂ ਕਿ ਰੀਡਰ ਕਾਹਲ਼ੇ ਕਦਮੀਂ ਆਇਆ ਅਤੇ ਬੋਲਿਆ, "ਅਜੇ ਇਹਨਾਂ ਦੇ ਮਿਲਣ ਦਾ ਸਮਾਂ ਨਹੀਂ ਹੋਇਆ। ਤੂੰ ਐਵੇਂ ਈ ਅੰਦਰ ਭੇਜੀ ਜਾਨੈਂ।" ਉਹ ਸਿਪਾਹੀ ਨੂੰ ਟੁੱਟ ਕੇ ਪੈ ਗਿਆ।

ਅਸੀਂ ਉਸ ਦੀ ਗੱਲ ਅਣਸੁਣੀ ਕਰ ਕੇ ਅੰਦਰ ਵੜ ਗਏ। ਰੀਡਰ ਦੀ ਸਾਨੂੰ ਅੰਦਰ ਆਉਣ ਤੋਂ ਰੋਕਣ ਦੀ ਜ਼ੁਅਰਤ ਨਾ ਪਈ। ਸਾਨੂੰ ਵੇਖ ਕੇ ਡੀ.ਐਸ.ਪੀ. ਨੇ ਕਾਹਲ਼ੀ ਨਾਲ ਪੁੱਛਿਆ, "ਹਾਂਅ ਬਈ, ਤੁਹਾਡਾ ਕੀ ਮਸਲਾ ਹੈ ਬਈ ?"

ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਯਾਦਵਿੰਦਰ ਬੋਲ ਪਿਆ, "ਸਰ, ਤੁਹਾਡੇ ਦੋ ਕਰਮਚਾਰੀ ਬੜੀ ਦੇਰ ਤੋਂ ਸਾਨੂੰ ਤੰਗ-ਪ੍ਰੇਸ਼ਾਨ ਕਰੀ ਜਾ ਰਹੇ ਨੇ। ਅਸੀਂ ਕਈ ਵਾਰ ਤੁਹਾਡੇ ਵਿਭਾਗ ਨੂੰ ਸ਼ਿਕਾਇਤਾਂ ਵੀ ਕੀਤੀਆਂ ਨੇ ਪਰ ਕਿਤੇ ਵੀ ਸਾਡੀ ਸੁਣਵਾਈ ਨਹੀਂ ਹੋ ਰਹੀ ਹੈ। ਇਸੇ ਲਈ ਇੱਕ ਸੌ ਕਿਆਸੀ ਨੰਬਰ 'ਤੇ ਫ਼ੋਨ ਕੀਤਾ ਸੀ।" ਏਨਾ ਆਖਦੇ ਹੀ ਉਸ ਨੇ ਗੇਟ ਵਿੱਚ ਖੜ੍ਹੀ ਬੱਸ ਦੀਆਂ ਤਸਵੀਰਾਂ ਉਸ ਦੇ ਅੱਗੇ ਰੱਖ ਦਿੱਤੀਆਂ।

"ਤੁਸੀਂ ਕੰਮ ਕੀ ਕਰਦੇ ਹੋ ?" ਡੀ.ਐਸ.ਪੀ. ਨੇ ਤਸਵੀਰਾਂ 'ਤੇ ਨਿਗ੍ਹਾ ਮਾਰਦੇ ਮਾਰਦੇ ਹੀ ਪੁੱਛਿਆ।

"ਦੋਵੇਂ ਹੀ ਸਰਕਾਰੀ ਸਕੂਲ ਮਾਸਟਰ ਹਾਂ ਜੀ।" ਯਾਦਵਿੰਦਰ ਨੇ ਸੰਖੇਪ ਜਿਹਾ ਉੱਤਰ ਦਿੱਤਾ।

ਫ਼ੋਟੋਆਂ ਨੂੰ ਧਿਆਨ ਨਾਲ ਵੇਖਣ ਤੋਂ ਬਾਅਦ ਉਸ ਨੇ ਤਸਵੀਰਾਂ ਨਾਲ ਸਬੰਧਤ ਬਹੁਤ ਸਾਰੀਆਂ ਗੱਲਾਂ ਹੋਰ ਪੁੱਛੀਆਂ, ਜਿੰਨ੍ਹਾਂ ਦੇ ਮਾਕੂਲ ਜਵਾਬ ਅਸੀਂ ਨਾਲੋ ਨਾਲ ਹੀ ਦਿੰਦੇ ਗਏ। ਕੁਝ ਦੇਰ ਬਾਅਦ ਉਸ ਨੇ ਘੰਟੀ ਮਾਰੀ ਤੇ ਰੀਡਰ ਝੱਟ ਦੇਣੇ ਹਾਜ਼ਰ ਹੋ ਗਿਆ। ਡੀ.ਐਸ.ਪੀ. ਬੜੇ ਹੀ ਗੁੱਸੇ ਵਿੱਚ

ਰੀਡਰ ਨੂੰ ਆਖਣ ਲੱਗ ਪਿਆ, "ਉਏ ਗੱਲ ਸੁਣ ਮੇਰੀ, ਬੁਲਾਅ ਇਹਨਾਂ ਦੋਵਾਂ ਸ੍ਹਾਬਾਂ ਨੂੰ ਤੇ ਮੇਰੇ ਸਾਹਮਣੇ ਪੇਸ਼ ਕਰ। ਇਹਨਾਂ ਨੇ ਕੀ ਗੰਦ ਪਾ ਰੱਖਿਆ ਏ। ਮਹਿਕਮੇ ਦੀ ਬਦਨਾਮੀ ਕਰਵਾਈ ਜਾਂਦੇ ਨੇ। ਨਾਲੇ ਹੁਣੇ ਹੀ ਮੁਲਾਜ਼ਮ ਭੇਜ ਤੇ ਆਂਢ-ਗੁਆਂਢ ਦੇ ਬਿਆਨ ਵੀ ਲੈ ਕੇ ਆਓ। ਪਤਾ ਕਰੋ ਸਚਾਈ ਕੀ ਏ ?"

"ਸਰ, ਮੁਹੱਲੇ ਵਿੱਚ ਇਹਨਾਂ ਦੀ ਏਨੀ ਦਹਿਸ਼ਤ ਹੈ ਕਿ ਇਹਨਾਂ ਵਿਰੁੱਧ ਕਿਸੇ ਨੇ ਵੀ ਬਿਆਨ ਨਹੀਂ ਦੇਣੇ।" ਮੈਂ ਉਸ ਦੀ ਗੱਲ ਵਿੱਚੋਂ ਹੀ ਟੋਕ ਦਿੱਤੀ।

"ਮੁਹੱਲੇ ਵਾਲੇ ਬਿਆਨ ਨਹੀਂ ਦੇਣਗੇ ਤਾਂ ਕੋਈ ਨ੍ਹੀਂ, ਤੁਸੀਂ ਤਾਂ ਦੇਵੋਗੇ ਆਪਣੇ ਬਿਆਨ ਕਿ ਨਹੀਂ ?" ਡੀ.ਐਸ.ਪੀ. ਮੈਨੂੰ ਸੰਬੋਧਤ ਹੁੰਦਾ ਹੋਇਆ ਬੋਲਿਆ।

"ਸਰ, ਬਿਆਨ ਕੀ ਅਸੀਂ ਤਾਂ ਸਾਰੇ ਸਬੂਤ ਲੈ ਕੇ ਆਏ ਹਾਂ। ਧੱਕੇ ਖਾਂਦਿਆਂ ਨੂੰ ਸਾਲ ਹੋ ਗਿਐ। ਸਾਡੀ ਤਾਂ ਕਿਧਰੇ ਵੀ ਸੁਣਵਾਈ ਨਹੀਂ ਹੋਈ। ਇਸੇ ਕਰਕੇ ਹੀ ਉਹ ਬੱਸ ਨੂੰ ਨਿੱਤ ਸਾਡੇ ਦਰਵਾਜ਼ੇ ਅੱਗੇ ਆ ਲਾਉਂਦੇ ਸੀ ਕਿ ਇਹ ਸਰਕਾਰੀ ਡਿਊਟੀ 'ਤੇ ਆ, ਇਹਨੂੰ ਕੋਈ ਨਹੀਂ ਰੋਕ ਸਕਦਾ।" ਮੈਂ ਬੇਨਤੀ ਕਰਨ ਦੇ ਅੰਦਾਜ਼ ਵਿੱਚ ਆਖਿਆ।

ਮੇਰੀ ਹਾਲਤ ਵੇਖ ਕੇ ਉਹ ਗੁੱਸੇ ਨਾਲ ਬੋਲਿਆ, "ਯਾਰ ਤੂੰ ਗੱਲ ਕੀ ਕਰਦਾ ਏਂ। ਮੈਂ ਕਿਸੇ ਵੀ ਜਗ੍ਹਾ ਰੇਡ ਮਾਰਨ ਵੀ ਜਾਵਾਂ ਤਾਂ ਮੈਂ ਡਿਊਟੀ 'ਤੇ ਹੁੰਦੇ ਹੋਏ ਵੀ ਆਪਣੀ ਔਹ ਜਿਪਸੀ ਥੋਡੇ ਬੂਹੇ ਅੱਗੇ ਨ੍ਹੀਂ ਖੜ੍ਹੀ ਕਰ ਸਕਦਾ। ਇਹ ਤਾਂ ਫਿਰ ਵੀ ਸਕੂਲ ਵਾਲੀ ਬੱਸ ਆ। ਕਮਾਲ ਦੀ ਗੱਲ ਐ।"

ਸ਼ਿਕਾਇਤ ਨਾਲ ਸਬੰਧਤ ਕੁਝ ਹੋਰ ਗੱਲਾਂ ਦੱਸਣ ਤੋਂ ਬਾਅਦ ਅਸੀਂ ਦਫ਼ਤਰ ਵਿੱਚੋਂ ਬਾਹਰ ਆ ਗਏ। ਇਸ ਨਵੇਂ ਡੀ.ਐਸ.ਪੀ. ਦੀ ਗਰਮੀ ਅਤੇ ਸਾਡੇ ਪ੍ਰਤੀ ਪੈਦਾ ਹੋਈ ਹਮਦਰਦੀ ਵੇਖ ਕੇ ਸਾਨੂੰ ਭਾਸਣ ਲੱਗ ਪਿਆ ਸੀ ਕਿ ਇਹ ਅਧਿਕਾਰੀ ਜ਼ਰੂਰ ਹੀ ਹੱਕ ਸੱਚ ਦੀ ਰਿਪੋਰਟ ਦੇਣ ਦੀ ਧਮਕੀ ਦੇ ਕੇ ਦੂਜੀ ਧਿਰ ਨੂੰ ਸਾਡੇ ਨਾਲ ਸਮਝੌਤਾ ਕਰਨ ਲਈ ਮਜਬੂਰ ਕਰ ਦੇਵੇਗਾ।

ਉਸ ਸ਼ਾਮ ਨੂੰ ਹੀ ਇੱਕ ਹੋਰ ਹਰਕਾਰਾ ਆਇਆ ਅਤੇ ਐਸ.ਐਸ.ਪੀ. ਨੂੰ ਮੇਰੇ ਦੁਆਰਾ ਕੀਤੀ ਗਈ ਬੱਸ ਦੀ ਦੁਰਵਰਤੋਂ ਸਬੰਧੀ ਕੇਸ ਦੇ ਸਬੰਧ ਵਿੱਚ ਥਾਣਾ ਮੁਖੀ ਦੇ ਅੱਗੇ ਪੇਸ਼ ਹੋਣ ਦਾ ਲਿਖਤੀ ਸੁਨੇਹਾ ਦੇ ਗਿਆ। ਇਹ ਬੁਲਾਵਾ ਐਸ.ਐਸ.ਪੀ. ਨੂੰ ਕਈ ਮਹੀਨੇ ਪਹਿਲਾਂ ਕੀਤੀ ਹੋਈ ਬੱਸ ਸਬੰਧੀ ਸ਼ਿਕਾਇਤ ਬਾਰੇ ਸੀ। ਅਸੀਂ ਸਮਝ ਗਏ ਕਿ 181 ਨੰਬਰ 'ਤੇ ਫ਼ੋਨ ਕਰਨ ਕਰਕੇ ਉਸ ਜਾਣਬੁੱਝ ਕੇ ਦੱਬੀ ਹੋਈ ਸ਼ਿਕਾਇਤ ਵਾਲੀ ਅਰਜ਼ੀ ਨੂੰ ਹੁਣ ਕਿਤੇ ਜਾ ਕੇ ਹਵਾ ਲੁਆਈ ਗਈ ਹੈ।

"ਕੋਈ ਨ੍ਹੀਂ, ਓਥੇ ਵੀ ਪੇਸ਼ ਹੋ ਜਾਵਾਂਗੇ।" ਮੈਂ ਉਸ ਦੇ ਕਾਗਜ਼ ਉੱਤੇ ਦਸਤਖਤ ਕਰਦੇ ਹੋਏ ਬੇਦਿਲ਼ੀ ਜਿਹੀ ਨਾਲ ਆਖਿਆ।

ਅਗਲੇ ਦਿਨ ਅਸੀਂ ਦੋਵੇਂ ਜਣੇ ਥਾਣੇ 'ਚ, ਸਬ-ਇੰਸਪੈਕਟਰ ਦੇ ਅੱਗੇ ਜਾ ਹਾਜ਼ਰ ਹੋਏ।ਉਸ ਨੇ ਬੜਾ ਹੀ ਭੋ਼ਲਾ ਜਿਹਾ ਬਣਦਿਆਂ ਬੜੇ ਹੀ ਪਿਆਰ ਨਾਲ ਸਾਡੀ ਸਾਰੀ ਗੱਲ ਸੁਣੀ।ਗੱਲ ਸੁਣ ਕੇ ਆਖਣ ਲੱਗਾ, "ਜੇ ਉਹ ਤੁਹਾਡੇ ਦਰਵਾਜ਼ੇ ਅੱਗੇ ਬੱਸ ਨਾ ਖੜ੍ਹਾਉਣ ਬਾਰੇ ਗਾਰੰਟੀ ਦੇ ਦੇਣ ਤਾਂ ਫਿਰ ਤਾਂ ਤੁਹਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ਨਾ।"

"ਸਰ, ਜਿੰਨਾ ਚਿਰ ਸਾਡੇ ਕੋਲ ਉਹ ਮਕਾਨ ਹੈ, ਓਨਾ ਚਿਰ ਅਸੀਂ ਤਾਂ ਸਾਹਮਣੇ ਘਰ ਵਿੱਚ ਵੀ ਬੱਸ ਨ੍ਹੀਂ ਖੜ੍ਹਣ ਦੇਣੀ।ਕੱਲ੍ਹ ਨੂੰ ਲਾਗ ਬੁੱਕ ਵਿੱਚ ਲਿਖ ਕੇ ਆ ਜਾਵੇਗਾ ਤੇ ਸਾਨੂੰ ਦਰੜ ਕੇ ਆਖ ਦੇਵੇਗਾ ਕਿ ਇਹ ਸਰਕਾਰੀ ਕੰਮ ਵਿੱਚ ਵਿਘਨ ਪਾ ਰਹੇ ਸੀ।ਇਸ ਲਈ ਥੱਲੇ ਦਿੱਤੇ ਨੇ।ਸਾਲ ਹੋ ਚੱਲਿਆ ਹੈ, ਸਾਡੀ ਤਾਂ ਪਹਿਲਾਂ ਹੀ ਕੋਈ ਸੁਣਵਾਈ ਨਹੀਂ ਹੋਈ, ਫੇਰ ਕਦੋਂ ਹੋਣੀ ਏ ?" ਯਾਦਵਿੰਦਰ ਨੇ ਉਸ ਦੀ ਗੱਲ ਦਾ ਜਵਾਬ ਏਨੇ ਵਧੀਆ ਢੰਗ ਨਾਲ ਦਿੱਤਾ ਕਿ ਉਸ ਨੂੰ ਵੀ ਲੱਗਣ ਲੱਗ ਪਿਆ ਸੀ ਕਿ ਉਸ ਨੇ ਸਹੀ ਬੰਦਿਆਂ ਤੋਂ ਗ਼ਲਤ ਪ੍ਰਸ਼ਨ ਪੁੱਛ ਲਿਆ ਹੈ।

"ਨਹੀਂ, ਨਹੀਂ ਮੇਰੇ ਕਹਿਣ ਦਾ ਮਤਲਬ ਤਾਂ ਇਹ ਸੀ ਕਿ ਜੇ ਦੋਵਾਂ ਧਿਰਾਂ ਦਾ ਰਾਜ਼ੀਨਾਮਾ ਕਰਵਾਅ ਦੇਈਏ ਤਾਂ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ ?" ਉਹ ਆਪਣੇ ਬਚਾਅ ਵਿੱਚ ਆਖਣ ਲੱਗਾ।

"ਧਿਰਾਂ ਹੋਰ ਕਿਹੜੀਆਂ ਨੇ ? ਅਸੀਂ ਆਂ ਤੇ ਦੂਜੇ ਪਾਸੇ ਦੋਵੇਂ ਪੁਲਿਸੀਏ ਤੇ ਇੱਕ ਨਜਾਇਜ਼ ਕਬਜ਼ਾ ਧਾਰਕ ਗੁਰਨੇਕ ਹੈ।ਗੁਰਨੇਕ ਵੀ ਇਹਨਾਂ ਦੇ ਸਿਰ 'ਤੇ ਹੀ ਚਾਂਭਲਿਆ ਫਿਰਦੈ।ਨਹੀਂ ਓਦ੍ਹੇ ਵਿੱਚ ਹੈ ਕੀ ? ਜੇ ਹਾਥੀ ਮਾਰ ਦੇਈਏ, ਜੂਆਂ ਤਾਂ ਆਪ ਹੀ ਮਰ ਜਾਣੀਆਂ ਨੇ।" ਮੈਂ ਉਸ ਦੇ ਸਮਝੌਤੇ ਵਾਲੇ ਪੱਖ ਦਾ ਸਮਰਥਨ ਕਰਦੇ ਹੋਏ ਆਖਿਆ।

"ਚਲੋ, ਮੈਂ ਉਹਨਾਂ ਨੂੰ ਪੁੱਛ ਕੇ ਵੇਖ ਲਵਾਂਗਾ।ਕੀ ਪਤਾ ਅਗਲੇ ਮੰਨਣ ਵੀ ਜਾਂ ਨਾ।ਕੀ ਪਤਾ ਉਹ ਬਿਆਨ ਦੇਣ ਆਏ ਤੁਹਾਡੇ ਵਿਰੁੱਧ ਕੋਈ ਹੋਰ ਹੀ ਸੱਪ ਕੱਢ ਮਾਰਨ ? ਮੈਂ ਤਾਂ ਚਾਹੁੰਦਾਂ ਕਿ ਇਹ ਮਸਲਾ ਅੱਗੇ ਨਾ ਵਧੇ।ਤੁਸੀਂ ਆਪਣੇ ਬਿਆਨ ਮੁਣਸ਼ੀ ਨੂੰ ਲਿਖਵਾਅ ਜਾਓ।" ਉਸ ਦੇ ਬੋਲਣ ਦੇ ਲਹਿਜ਼ੇ ਤੋਂ ਸਾਨੂੰ ਜ਼ਰਾ ਵੀ ਅੰਦਾਜ਼ਾ ਨਹੀਂ ਲੱਗਾ ਕਿ ਉਹ ਸਾਨੂੰ ਕੇਸ ਨੂੰ ਨਿਬੇੜਣ ਦੀ ਸਲਾਹ ਦੇ ਰਿਹਾ ਜਾਂ ਫਿਰ ਇਸ ਨੂੰ ਨਾ ਨਿਬੇੜ ਸਕਣ ਦੀ ਹਾਲਤ ਵਿੱਚ ਦੂਜੀ ਧਿਰ ਵੱਲੋਂ ਕੋਈ ਹੋਰ ਕੇਸ ਦਰਜ ਕਰਵਾਅ ਦੇਣ ਦੀ ਧਮਕੀ ਦੇ ਰਿਹਾ ਹੈ।

ਅਸੀਂ ਆਪਣੇ ਸਾਰੇ ਦਸਤਾਵੇਜ਼ ਅਤੇ ਸਬੂਤ ਲਿਖਤੀ ਰੂਪ ਵਿੱਚ

ਮੁਣਸ਼ੀ ਨੂੰ ਜਮ੍ਹਾਂ ਕਰਵਾਅ ਦਿੱਤੇ ਅਤੇ ਥਾਣੇ ਤੋਂ ਬਾਹਰ ਆ ਗਏ। ਸਾਡੀ ਦੋਵਾਂ ਦੀ ਸੋਚ ਉਸ ਜਾਂਚ ਅਧਿਕਾਰੀ ਨਾਲ ਹੋਈ ਗੱਲਬਾਤ ਅਤੇ ਉਸ ਦੁਆਰਾ ਬੋਲੇ ਗਏ ਸ਼ਬਦਾਂ ਨੂੰ ਸਮਝਣ ਅਤੇ ਵੱਖ-ਵੱਖ ਅਰਥਾਂ 'ਤੇ ਹੀ ਕੇਂਦਰਿਤ ਰਹੀ। ਸਾਡੇ ਲਈ ਇੱਕ ਮੱਕਾਰ ਅਧਿਕਾਰੀ ਦੇ ਬੋਲਾਂ ਦਾ ਅੰਦਾਜ਼ਾ ਲਾਉਣਾ ਔਖਾ ਹੋ ਰਿਹਾ ਸੀ।

0-0-0-0

ਲਗਭਗ ਇੱਕ ਸਾਲ ਦੀ ਇਸ ਭੱਜ ਦੌੜ ਨੇ ਮੈਨੂੰ ਬੜੇ ਹੀ ਸਬਕ ਸਿਖਾਅ ਦਿੱਤੇ ਸਨ। ਮੈਂ ਸੋਚਦਾ ਰਹਿੰਦਾ, ਇਹਨਾਂ ਅਦਾਲਤਾਂ ਅਤੇ ਸਰਕਾਰੀ ਦਫ਼ਤਰਾਂ ਵਿੱਚ ਰੁਲਦੇ ਮਸਲੇ, ਆਮ ਬੰਦਾ ਤਾਂ ਚੁਟਕੀ ਵਿੱਚ ਹੱਲ ਕਰ ਸਕਦਾ ਹੈ ਪਰ ਇਹ ਕਾਨੂੰਨੀ ਪ੍ਰਕਿਰਿਆਵਾਂ ਮਸਲੇ ਨੂੰ ਏਨਾ ਪੇਚੀਦਾ ਅਤੇ ਲੰਬਾ ਬਣਾਅ ਦਿੰਦੀਆਂ ਹਨ ਕਿ ਕਈ ਮਸਲੇ ਤਾਂ ਆਪਣੀ ਮੂਲ ਸਮੱਸਿਆ ਤੋਂ ਭਟਕ ਕੇ ਕੋਈ ਹੋਰ ਹੀ ਸ਼ਕਲ ਅਖਤਿਆਰ ਕਰ ਲੈਂਦੇ ਹਨ।

ਪੰਚਾਇਤੀ ਤੌਰ 'ਤੇ ਇਸ ਮਸਲੇ ਨੂੰ ਨਿਬੇੜਣ ਲਈ ਕੋਈ ਵੀ ਇਕੱਠ ਨਾ ਹੋਇਆ ਪਰ ਮੇਡੀਏਸ਼ਨ ਵਾਲੀ ਤਾਰੀਕ ਆ ਗਈ ਸੀ। ਮੈਂ ਤੇ ਯਾਦਵਿੰਦਰ ਮੇਡੀਏਸ਼ਨ ਵਿਭਾਗ ਵਿੱਚ ਪੁੱਜ ਗਏ। ਕੁਝ ਦੇਰ ਬਾਅਦ ਗੁਰਨੇਕ ਵੀ ਆ ਗਿਆ। ਸਾਡੇ ਕੇਸ ਵਿੱਚ ਅਦਾਲਤ ਦੁਆਰਾ ਨਿਯੁਕਤ ਗਿਆ ਵਿਚੋਲਾ ਵਕੀਲ ਵੀ ਆ ਬੈਠਾ। ਉਸਨੇ ਪਹਿਲਾਂ ਸਾਡੇ ਕੋਲੋਂ ਕੇਸ ਦਾ ਵਿਸਥਾਰ ਪੁੱਛਿਆ। ਅਸੀਂ ਸਾਰੀ ਗੱਲ ਦੱਸ ਦਿੱਤੀ। ਫਿਰ ਉਸ ਨੇ ਗੁਰਨੇਕ ਨੂੰ ਬੁਲਾਅ ਕੇ ਉਸ ਤੋਂ ਕੇਸ ਦੀ ਸਾਰੀ ਜਾਣਕਾਰੀ ਹਾਸਲ ਕੀਤੀ। ਫਿਰ ਦੋਵਾਂ ਧਿਰਾਂ ਨੂੰ ਸੱਦ ਕੇ ਫਿਰ ਆਪਣਾ ਫ਼ੈਸਲਾ ਸੁਣਾਅ ਦਿੱਤਾ ਕਿ ਪੇਸ਼ ਕੀਤੇ ਸਬੂਤਾਂ ਅਤੇ ਦੋਵੇਂ ਧਿਰਾਂ ਦੇ ਬਿਆਨਾਂ ਦੀ ਰੌਸ਼ਨੀ ਵਿੱਚ ਤਾਂ ਇਹ ਕੇਸ ਮੁਦਾਇਲਾ ਦੇ ਹੱਕ ਵਿੱਚ ਜਾਣਾ ਬਣਦਾ ਹੈ। ਇਸ ਲਈ ਇਸ ਨੂੰ ਜ਼ਿਆਦਾ ਲਮਕਾਉਣਾ ਦੋਵਾਂ ਧਿਰਾਂ ਲਈ ਨੁਕਸਾਨਦੇਹ ਸਾਬਤ ਹੋ ਸਕਦਾ ਹੈ। ਇਹ ਕੇਵਲ ਵਕਤ ਅਤੇ ਧਨ ਦੀ ਬਰਬਾਦੀ ਹੈ, ਹੋਰ ਕੁਝ ਨਹੀਂ।

ਮੇਡੀਏਸ਼ਨ ਵਾਲਾ ਵਕੀਲ ਚਾਹੁੰਦਾ ਸੀ ਕਿ ਅਸੀਂ ਦੋਵੇਂ ਧਿਰਾਂ ਫਿਰ ਤੋਂ ਕੇਸ ਬਾਰੇ ਸੋਚੀਏ ਅਤੇ ਵੀਚਾਰੀਏ। ਉਹ ਇਸ ਵਾਸਤੇ ਹੋਰ ਸਮਾਂ ਦੇਣਾ ਚਾਹੁੰਦਾ ਸੀ। ਜਦ ਮੈਨੂੰ ਲੱਗਾ ਕਿ ਵਕੀਲ ਦਾ ਇਰਾਦਾ ਹੋਰ ਤਾਰੀਕ ਪਾਉਣ ਦਾ ਹੈ ਤਾਂ ਮੈਂ ਬੋਲ ਪਿਆ, "ਸਰ, ਮੈਂ ਆਪਣਾ ਹੱਕ ਲਏ ਤੋਂ ਬਿਨਾਂ ਸਮਝੌਤਾ ਬਿਲਕੁਲ ਨਹੀਂ ਕਰਨਾ ਹੈ। ਤੁਹਾਡੇ ਵਾਲਾ ਫ਼ੈਸਲਾ ਤਾਂ ਪਹਿਲਾਂ ਵੀ ਮੇਡੀਏਸ਼ਨ ਵਿਚਲੇ ਵਕੀਲ ਸਾਬ੍ਹ ਇਸ ਅੰਕਲ ਨੂੰ ਸੁਣਾਅ ਗਏ ਸੀ। ਇਸ ਗੱਲ ਨੂੰ ਪੂਰਾ ਸਾਲ ਹੋਣ ਵਾਲਾ ਹੈ। ਇਹਨਾਂ ਨੇ ਸੋਚ ਲਿਆ ਹੀ ਲਿਆ ਹੋਵੇਗਾ। ਹੁਣ ਤਾਂ ਇਹਨਾਂ ਨੇ ਦੱਸਣਾ ਹੈ। ਇਹ ਸਾਹਮਣੇ ਬੈਠੇ ਨੇ, ਦੱਸ ਦੇਣ

ਕਿ ਕੇਸ ਅੱਗੇ ਵਧਾਉਣਾ ਹੈ ਜਾਂ ਫਿਰ ਨਿਬੇੜਣਾ ਹੈ ? ਮੇਰਾ ਸਹੀ ਹੱਕ ਮਿਲ ਜਾਵੇ, ਮੈਂ ਹੁਣੇ ਹੀ ਮਸਲਾ ਨਿਬੇੜਣ ਵਾਸਤੇ ਤਿਆਰ ਹਾਂ।"

"ਮੈਂ ਤਾਂ ਜੀ, ਕੇਸ ਨੂੰ ਨਿਬੇੜ ਕੇ ਹੀ ਰਾਜ਼ੀ ਹਾਂ।ਮੈਨੂੰ ਤਾਂ ਇਹਨਾਂ 'ਤੇ ਤਰਸ ਆਉਂਦਾ ਹੈ ਕਿ ਵਿਚਾਰੇ ਛੁੱਟੀਆਂ ਲੈ ਲੈ ਕੇ ਆਉਂਦੇ ਨੇ।ਮੈਂ ਤਾਂ ਘਰ ਵਿਹਲਾ ਹੀ ਹੁੰਦਾ ਹਾਂ।ਮੈਨੂੰ ਤਾਂ ਕੋਈ ਫ਼ਰਕ ਨ੍ਹੀਂ ਪੈਂਦਾ।ਪਰ ਇਹ ਹੀ ਨ੍ਹੀਂ ਮੰਨਦੇ।" ਗੁਰਨੇਕ ਨੇ ਆਪਣੇ ਵਿਹਲੇ ਹੋਣ ਅਤੇ ਸਾਡੀਆਂ ਛੁੱਟੀਆਂ ਲੈਣ ਵਾਲੀ ਗੱਲ ਨੂੰ ਇਸ ਤਰ੍ਹਾਂ ਖਚਰੇਪਣ ਨਾਲ ਪੇਸ਼ ਕੀਤਾ ਕਿ ਜਿਵੇਂ ਉਸ ਨੂੰ ਇਸ ਕੇਸ ਦੀ ਭੋਰਾ ਭਰ ਵੀ ਪ੍ਰਵਾਹ ਨਹੀਂ ਹੈ ਤੇ ਉਹ ਇਸ ਮਾਮਲੇ ਨੂੰ ਲਮਕਾਅ ਕੇ ਹੀ ਰਾਜ਼ੀ ਸੀ।ਮੈਨੂੰ ਉਸ ਦੀ ਇਸ ਗੱਲ 'ਤੇ ਖਿਝ ਆ ਗਈ ਤੇ ਯਾਦਵਿੰਦਰ ਨੂੰ ਗੁੱਸਾ ਚੜ੍ਹ ਗਿਆ।ਉਹ ਭੜਕ ਹੀ ਪਿਆ, "ਅੰਕਲ, ਜਦ ਕਿਸੇ ਨੂੰ ਅਕਲ ਸਿਖਾਉਣੀ ਹੋਵੇ ਤਾਂ ਛੁੱਟੀਆਂ-ਛੱਟੀਆਂ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ।ਤੂੰ ਸਚਾਈ 'ਤੇ ਆ ਕਿ ਤੂੰ ਵੱਧ ਥਾਂ ਵਲਿਆ ਹੋਇਆ ਕਿ ਨਹੀਂ ? ਅੱਗੋਂ ਸਗੋਂ ਤੂੰ ਸਾਡੇ ਨਾਲ ਚਲਾਕੀਆਂ ਕਰੀ ਜਾਨਾ ਏਂ।ਇੱਕ ਚੋਰ, ਦੂਜਾ ਚਤੁਰ।ਤੇਰੇ ਦਿਮਾਗ਼ 'ਚ ਕੋਈ ਹੋਰ ਗੱਲ ਹੋਵੇਗੀ।ਤੇਰੇ ਵਰਗੇ ਨੂੰ ਪੜ੍ਹਨੇ ਪਾਉਣ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ।ਜਿਵੇਂ ਅਸੀਂ ਬਿਆਲ਼ੀ ਡਿਗਰੀ ਤਾਪਮਾਨ ਵਿੱਚ ਧੁੱਪੇ ਸੜਦੇ ਫਿਰਦੇ ਆਂ ਨਾ, ਤੈਨੂੰ ਏ.ਸੀ. ਚੋਂ ਕੱਢ ਕੇ ਸੜਕਾਂ 'ਤੇ ਨਾ ਰੋਲ਼ਿਆ ਤਾਂ ਸਾਨੂੰ ਵੀ ਆਪਣੇ ਪਿਓ ਦੇ ਪੁੱਤ ਨਾ ਸਮਝੀਂ।"

ਯਾਦਵਿੰਦਰ ਦੀ ਗੱਲ ਸੁਣ ਕੇ ਉਹ ਘਬਰਾਅ ਹੀ ਗਿਆ ਸੀ ਤੇ ਘਬਰਾਹਟ ਵਿੱਚ ਬੋਲਿਆ, "ਤੁਸੀਂ ਮੇਰੇ ਖ਼ਿਲਾਫ਼ ਝੂਠੀਆਂ ਸ਼ਿਕਾਇਤਾਂ ਪਾਈ ਜਾਂਦੇ ਹੋ ਤੇ ਮੈਂ ਜਵਾਬ ਦੇਈ ਜਾਂਦਾ ਹਾਂ।ਜਾਓ ਲਾ ਲਵੋ ਜ਼ੋਰ, ਤੇ ਛੁਡਵਾਅ ਲਓ ਜਗ੍ਹਾ।"।

"ਤੂੰ ਅੱਜ ਤੱਕ ਜਵਾਬ ਤਾਂ ਕੋਈ ਦਿੱਤਾ ਨ੍ਹੀਂ।ਮੇਰੇ ਕੋਲ ਨਿਗਮ ਦੀਆਂ ਆਰ.ਟੀ.ਆਈ.'ਜ਼ ਪਈਆਂ ਨੇ।ਜੇ ਸੱਚਾ ਏਂ ਤਾਂ ਕੱਢ ਰਜਿਸਟਰੀ ਤੇ ਮਿਣਵਾਅ ਆਵਦੀ ਜਗ੍ਹਾ।ਜੇ ਅਸੀਂ ਝੂਠੇ ਹੋਏ ਤਾਂ ਮੂਤ ਨਾਲ ਦਾਹੜੀ ਮਨਵਾਉਣ ਲਈ ਵੀ ਤਿਆਰ ਹਾਂ।" ਮੈਂ ਤੈਸ਼ ਵਿੱਚ ਆ ਕੇ ਆਖਿਆ।

ਸਾਡੀਆਂ ਤਲਖ਼ੀ ਵਾਲੀਆਂ ਗੱਲਾਂ ਸੁਣ ਕੇ ਵਕੀਲ ਵੀ ਕੁਝ ਘਬਰਾਅ ਗਿਆ ਤੇ ਉਸ ਨੇ ਦੋਵਾਂ ਧਿਰਾਂ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਤੇ ਫਿਰ ਬੋਲਿਆ, "ਓਏ, ਆਪਾਂ ਏਥੇ ਦੂਰੀਆਂ ਮਿਟਾਉਣ ਆਏ ਹਾਂ, ਵਧਾਉਣ ਨ੍ਹੀਂ।ਜੇ ਮੇਰੇ 'ਤੇ ਵਿਸ਼ਵਾਸ਼ ਰੱਖੋਗੇ ਤਾਂ ਮੈਂ ਤੁਹਾਡੀਆਂ ਸਾਰੀਆਂ ਗ਼ਲਤ ਫ਼ਹਿਮੀਆਂ ਦੂਰ ਕਰ ਦੇਵਾਂਗਾ।"

"ਸਾਨੂੰ ਤੁਹਾਡੇ 'ਤੇ ਪੂਰਾ ਵਿਸ਼ਵਾਸ ਹੈ ਜੀ ਪਰ ਸਾਨੂੰ ਆਪਣੇ ਹੱਕ ਤੋਂ

ਘੱਟ ਕੁਝ ਵੀ ਮਨਜ਼ੂਰ ਨਹੀਂ।ਬਾਕੀ ਫ਼ੈਸਲਾ ਇਸ ਅੰਕਲ ਦੇ ਹੱਥ ਹੈ।" ਯਾਦਵਿੰਦਰ ਨੇ ਆਪਣਾ ਫ਼ੈਸਲਾ ਸੁਣਾਅ ਦਿੱਤਾ।ਅਸੀਂ ਦੋਵੇਂ ਚੁੱਪ ਕਰਕੇ ਬੈਠ ਗਏ ਤੇ ਉਹਨਾਂ ਦੋਵਾਂ ਦੇ ਫ਼ੈਸਲੇ ਦੀ ਉਡੀਕ ਕਰਨ ਲੱਗ ਪਏ।

ਹੁਣ ਫਿਰ ਵਕੀਲ ਗੁਰਨੇਕ ਨੂੰ ਆਪਣੀ ਜ਼ਿਦ ਛੱਡਣ ਲਈ ਸਮਝਾਉਣ ਲੱਗ ਪਿਆ ਪਰ ਉਹ ਟੱਸ ਤੋਂ ਮੱਸ ਨਹੀਂ ਸੀ ਹੋ ਰਿਹਾ।ਵਕੀਲ ਦੇ ਬੜਾ ਜ਼ਿਆਦਾ ਸਮਝਾਉਣ ਤੋਂ ਬਾਅਦ ਸ਼ਰਮੋ-ਸ਼ਰਮੀ ਗੁਰਨੇਕ ਆਖਣ ਲੱਗਾ, "ਮੈਂ ਹੁਣ ਤਾਂ ਕੋਈ ਵੀ ਸਮਝੌਤਾ ਨਹੀਂ ਕਰ ਸਕਦਾ।ਅਸੀਂ ਗਲੀ ਵਿੱਚ ਕੁਝ ਸਿਆਣੇ ਬੰਦਿਆਂ ਦਾ ਇਕੱਠ ਕਰਕੇ ਇਸ ਮਸਲੇ ਨੂੰ ਹੱਲ ਕਰਨ ਬਾਰੇ ਸੋਚ ਲਵਾਂਗੇ।"

"ਚਲੋ, ਠੀਕ ਹੈ।ਮੈਂ ਤੁਹਾਨੂੰ ਇੱਕ ਹਫ਼ਤੇ ਦਾ ਸਮਾਂ ਦੇ ਦਿੰਦਾ ਹਾਂ।ਜੇ ਉੱਥੇ ਨਿੱਬੜ ਗਿਆ ਤਾਂ ਠੀਕ ਹੈ ਨਹੀਂ ਅਗਲੇ ਮੰਗਲਵਾਰ ਫਿਰ ਮੇਰੇ ਕੋਲ ਆ ਜਾਇਓ।" ਵਕੀਲ ਨੇ ਆਪਣਾ ਫ਼ੈਸਲਾ ਸੁਣਾਅ ਦਿੱਤਾ ਸੀ।

"ਸਰ, ਪਹਿਲੀ ਤਾਰੀਕ ਤੋਂ ਤਾਂ ਕੋਰਟ ਵਿੱਚ ਛੁੱਟੀਆਂ ਹੋ ਜਾਣੀਆਂ ਨੇ।ਫਿਰ ਤਾਂ ਮਸਲਾ ਛੁੱਟੀਆਂ ਤੋਂ ਬਾਅਦ 'ਤੇ ਹੀ ਜਾਵੇਗਾ ਤੇ ਤਾਰੀਕ ਵੀ ਬਾਅਦ 'ਚ ਹੀ ਪੁਆਉਣੀ ਪਵੇਗੀ।" ਮੈਂ ਵਕੀਲ ਨੂੰ ਸੁਚੇਤ ਕਰਨਾ ਚਾਹਿਆ।

"ਕੋਈ ਨ੍ਹੀਂ, ਮੈਂ ਆਪੇ ਜੱਜ ਸਾਹਬ ਨਾਲ ਗੱਲ ਕਰਕੇ ਤੁਹਾਡੀ ਤਾਰੀਕ ਪੁਆ ਦੇਵਾਂਗਾ।ਤੁਸੀਂ ਫ਼ਿਕਰ ਨਾ ਕਰੋ।ਰਹੀ ਗੱਲ ਕੋਰਟ 'ਚ ਛੁੱਟੀਆਂ ਦੀ, ਬੱਸ ਤੁਸੀਂ ਮਿਥੇ ਵੇਲ਼ੇ 'ਤੇ ਆ ਜਾਣਾ।ਬਾਕੀ ਮੈਂ ਵੇਖ ਲਵਾਂਗਾ।ਉਂਝ, ਮੈਂ ਵੀ ਗੁਰਨੇਕ ਸਿੰਘ ਦੇ ਕੇਸ ਲੜਣ ਵਾਂਙ ਵਿਹਲਾ ਹੀ ਹੁੰਦਾ ਹਾਂ।ਇਸ ਲਈ ਇਹਨਾਂ ਵਾਂਙੂੰ ਇੱਥੇ ਆ ਕੇ ਬੈਠ ਜਾਂਦਾ ਹਾਂ।" ਵਕੀਲ ਨੇ ਗੱਲ ਦਾ ਪਹਿਲਾ ਅੱਧ ਗੰਭੀਰਤਾ ਨਾਲ ਕਿਹਾ ਤੇ ਬਾਕੀ ਹਸਾਅ ਕੇ ਸਾਡਾ ਮੂਡ ਠੀਕ ਕਰਨ ਲਈ।

ਕੋਰਟ ਤੋਂ ਬਾਹਰ ਆਉਂਦੇ ਵਕਤ ਯਾਦਵਿੰਦਰ ਨੇ ਮੈਨੂੰ ਗੰਭੀਰ ਹੁੰਦੇ ਹੋਏ ਆਖਿਆ, "ਮੈਨੂੰ ਨ੍ਹੀਂ ਲੱਗਦਾ ਕਿ ਗੁਰਨੇਕਾ ਆਪਣੇ ਨਾਲ ਕੋਈ ਸਮਝੌਤਾ ਕਰਨਾ ਚਾਹੁੰਦੈ।ਉਹਨੂੰ ਤਾਂ ਇਹ ਹੀ ਲੱਗਦਾ ਕਿ ਮੈਂ ਇਹਨਾਂ ਨੂੰ ਖ਼ਰਾਬ ਹੀ ਕਰੀ ਚੱਲਾਂ।ਆਪਾਂ ਨੂੰ ਧੱਕੇ ਖਾਂਦੇ ਹੋਏ ਸਾਲ ਹੋ ਗਿਐ ।ਇਹ ਆਪਾਂ ਨੂੰ ਅਜੇ ਹੋਰ ਵੀ ਖ਼ਰਾਬ ਕਰੇਗਾ।"

"ਹਾਂ, ਉਹਦੀਆਂ ਗੱਲਾਂ ਤੋਂ ਲੱਗਿਆ ਤਾਂ ਮੈਨੂੰ ਵੀ ਇਹੋ ਈ ਏ, ਪਰ ਹੁਣ ਕੀਤਾ ਵੀ ਕੀ ਜਾ ਸਕਦਾ ਏ।ਆਵਦਾ ਨੁਕਸਾਨ ਹੀ ਕਰਵਾਏਗਾ।" ਮੈਂ ਦ੍ਰਿੜਤਾ ਨਾਲ ਜਵਾਬ ਦਿੱਤਾ।

"ਗੱਲ ਸੁਣ, ਇਹ ਲੱਤਾਂ ਦਾ ਭੂਤ ਹੈ, ਗੱਲਾਂ ਨਾਲ ਨ੍ਹੀਂ ਮੰਨਣਾ।ਆਪਾਂ

ਇਹਦੇ ਨਜਾਇਜ਼ ਕਬਜ਼ੇ ਦੀ ਸ਼ਿਕਾਇਤ ਉੱਪਰ ਤੱਕ ਕਰ ਹੀ ਦੇਈਏ, ਫੇਰ ਭੱਜੇਗਾ।" ਉਸ ਨੇ ਕੁਝ ਸੋਚ ਕੇ ਆਖਿਆ।

"ਕਰਨੀ ਤਾਂ ਇਹਦੀ ਵੀ ਪੈਣੀ ਹੈ ਤੇ ਨਗਰ ਨਿਗਮ ਦੀ ਵੀ ਕਿ ਉਹ ਇਸ 'ਤੇ ਕੋਈ ਕਾਰਵਾਈ ਨਹੀਂ ਕਰ ਰਹੇ। ਜੇ ਈ.ਓ. ਬਰਾੜ ਨਾ ਬਦਲਦਾ ਤਾਂ ਉਹਨੇ ਆਪਣਾ ਸਾਰਾ ਮਸਲਾ ਦੋ ਦਿਨਾਂ ਵਿੱਚ ਹੀ ਹੱਲ ਕਰਵਾਅ ਦੇਣਾ ਸੀ। ਚੱਲ, ਹੁਣ ਸੋਚ ਕਿ ਸ਼ਿਕਾਇਤ ਇਹੋ ਜਿਹੀ ਹੋਵੇ, ਜਿਸ ਤੋਂ ਮੌਕੇ ਦਾ ਅਧਿਕਾਰੀ ਭੱਜ ਨਾ ਸਕੇ।" ਮੈਂ ਯਾਦਵਿੰਦਰ ਨੂੰ ਆਖਿਆ।

"ਘਰ ਚੱਲ, ਸ਼ਿਕਾਇਤ ਤਾਂ ਹੋਈ ਲੈ ਤੇ ਇਹਨੂੰ ਕੁਤੀੜ ਨੂੰ ਪਦੀੜਾਂ ਵੇਖੀਂ ਕਿਵੇਂ ਪੈਂਦੀਆਂ। ਇਹ ਆਪਾਂ ਨੂੰ ਮਜਬੂਰ ਹੀ ਏਨਾ ਕਰੀ ਜਾਂਦੈ ਕਿ ਇਹਦਾ ਟਿਕਾਊ ਹੱਲ ਕਰਨਾ ਹੀ ਪੈਣੈ।" ਯਾਦਵਿੰਦਰ ਨੇ ਹਉਕਾ ਲੈ ਕੇ ਆਖਿਆ।

ਘਰ ਪੁੱਜਦੇ ਸਾਰ ਹੀ ਅਸੀਂ ਗੁਰਨੇਕ ਦੀਆਂ ਨਗਰ ਨਿਗਮ ਨੂੰ ਕੀਤੀਆਂ ਸਾਰੀਆਂ ਸ਼ਿਕਾਇਤਾਂ ਅਤੇ ਸਮੇਂ ਸਮੇਂ 'ਤੇ ਨਗਰ ਨਿਗਮ ਨੂੰ ਪਾਈਆਂ ਗਈਆਂ ਤੇ ਪ੍ਰਾਪਤ ਹੋਈਆਂ ਆਰ.ਟੀ.ਆਈ. ਦੀਆਂ ਕਾਪੀਆਂ ਨੂੰ ਲੜੀਬੱਧ ਕਰ ਲਿਆ। ਸਾਨੂੰ ਇੱਕ ਆਰ.ਟੀ.ਆਈ. ਦਾ ਜਵਾਬ, ਜਿਹੜਾ ਕਿ ਕੁਝ ਦਿਨ ਪਹਿਲਾਂ ਹੀ ਪ੍ਰਾਪਤ ਹੋਇਆ ਸੀ, ਉਹ ਸਾਡੇ ਕੇਸ ਲਈ ਬੜਾ ਹੀ ਲਾਹੇਵੰਦਾ ਭਾਸਿਆ।

ਇਸ ਵਿੱਚ ਨਗਰ ਨਿਗਮ ਨੇ ਮੰਨਿਆ ਸੀ ਕਿ ਗੁਰਨੇਕ ਸਿੰਘ ਨੂੰ ਕਈ ਵਾਰ ਨੋਟਿਸ ਜਾਰੀ ਕੀਤੇ ਗਏ ਹਨ ਪਰ ਉਸ ਨੇ ਇਹਨਾਂ ਦਾ ਕੋਈ ਵੀ ਜਵਾਬ ਨਹੀਂ ਦਿੱਤਾ ਹੈ। ਦੂਜੇ ਪੈਰ੍ਹੇ ਵਿੱਚ ਦੱਸਿਆ ਗਿਆ ਸੀ ਕਿ ਉਸ ਉੱਪਰ ਕੋਈ ਵੀ ਕਾਨੂੰਨੀ ਕਾਰਵਾਈ ਇਸ ਲਈ ਨਹੀਂ ਕੀਤੀ ਜਾ ਸਕੀ ਕਿਉਂਕਿ ਨਗਰ ਨਿਗਮ ਕੋਲ ਗੁਰਨੇਕ ਸਿੰਘ ਦੁਆਰਾ ਪਾਸ ਕਰਵਾਏ ਗਏ ਨਕਸ਼ੇ, ਸੀਵਰੇਜ ਅਤੇ ਪਾਣੀ ਦਾ ਕੁਨੈਕਸ਼ਨ ਲੈਣ ਦਾ ਕੋਈ ਵੀ ਰਿਕਾਰਡ ਮੌਜੂਦ ਨਹੀਂ ਹੈ।

ਹੁਣ ਸਾਡੇ ਕੋਲ ਸਰਕਾਰੀ ਤੌਰ 'ਤੇ ਪੱਕਾ ਸਬੂਤ ਹੱਥ ਆ ਚੁੱਕਾ ਸੀ। ਜਿਸ ਵਿੱਚ ਗੁਰਨੇਕ, ਸਾਲ ਬੀਤ ਜਾਣ ਦੇ ਬਾਵਜੂਦ ਵੀ ਆਪਣੀ ਰਜਿਸਟਰਡ ਡੀਡ ਨਗਰ ਨਿਗਮ ਕੋਲ ਜਾਣਬੁੱਝ ਕੇ ਪੇਸ਼ ਨਹੀਂ ਕਰ ਰਿਹਾ ਸੀ। ਦੂਜਾ ਇਹ ਕਿ ਜਦ ਉਸ ਦੇ ਮਕਾਨ ਵਿੱਚ ਸੀਵਰੇਜ ਅਤੇ ਪਾਣੀ ਦਾ ਕੁਨੈਕਸ਼ਨ ਦਿੱਤਾ ਗਿਆ ਹੈ ਤੇ ਉਸ ਦੇ ਮਕਾਨ ਦੇ ਨਕਸ਼ੇ ਨੂੰ ਵੀ ਨਿਗਮ ਦੁਆਰਾ ਪਾਸ ਕੀਤਾ ਗਿਆ ਹੈ ਤਾਂ ਰਿਕਾਰਡ ਮੌਜੂਦ ਨਾ ਹੋਣ ਬਾਰੇ ਗ਼ਲਤ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਵੀ ਵੱਡੀ ਗੱਲ ਇਹ ਕਿ ਜਦ ਸਰਕਾਰ ਨੇ ਹਰ ਇੱਕ ਨੂੰ ਪ੍ਰਾਪਰਟੀ ਟੈਕਸ ਭਰਨਾ ਜ਼ਰੂਰੀ ਕੀਤਾ ਹੋਇਆ ਹੈ, ਜਿਸ

ਨੂੰ ਜਮ੍ਹਾਂ ਕਰਵਾਉਣ ਵੇਲ਼ੇ ਇੱਕ ਫਾਰਮ ਦੇ ਨਾਲ-ਨਾਲ ਮਕਾਨ ਦੀ ਰਜਿਸਟਰੀ ਦੀ ਕਾਪੀ ਵੀ ਨੱਥੀ ਕਰਵਾਈ ਜਾਂਦੀ ਹੈ। ਇਸ ਦਾ ਮਤਲਬ ਹੈ ਕਿ ਨਗਰ ਨਿਗਮ ਝੂਠੀ ਜਾਣਕਾਰੀ ਦੇ ਰਿਹਾ ਜਾਂ ਫਿਰ ਗੁਰਨੇਕ ਆਪਣਾ ਪ੍ਰਾਪਰਟੀ ਟੈਕਸ ਹੀ ਜਮ੍ਹਾਂ ਨਹੀਂ ਕਰਵਾਅ ਰਿਹਾ ਹੈ। ਜੇਕਰ ਉਹ ਇਹ ਟੈਕਸ ਜਮ੍ਹਾਂ ਕਰਵਾਅ ਰਿਹਾ ਹੈ ਤਾਂ ਨਗਰ ਨਿਗਮ ਦੇ ਕਰਮਚਾਰੀ ਮਿਲੀ-ਭੁਗਤ ਨਾਲ ਉਸ ਦਾ ਰਿਕਾਰਡ ਦੇਣ ਤੋਂ ਆਨਾਕਾਨੀ ਕਰ ਰਹੇ ਹਨ। ਅਸੀਂ ਉਪਰੋਕਤ ਸਾਰੇ ਤੱਥਾਂ ਨੂੰ ਤਰਤੀਬ ਵਿੱਚ ਲਿਖ ਕੇ ਆਪਣੀ ਸ਼ਿਕਾਇਤ ਤਿਆਰ ਕਰ ਕੇ ਰੱਖ ਲਈ। ਇਹ ਵੀ ਫ਼ੈਸਲਾ ਕਰ ਲਿਆ ਕਿ ਕੇਵਲ ਇੱਕ ਹਫ਼ਤੇ ਤੱਕ ਇੰਤਜ਼ਾਰ ਕਰਨਾ ਹੈ। ਜੇਕਰ ਇਹਨਾਂ ਸੱਤਾਂ ਦਿਨਾਂ ਵਿੱਚ ਕੁਝ ਨਹੀਂ ਹੁੰਦਾ ਤਾਂ ਇਸ ਸ਼ਿਕਾਇਤ ਨੂੰ ਸਬੰਧਤ ਵਿਭਾਗ ਨੂੰ ਭੇਜ ਦੇਣਾ ਹੈ।

ਦੋ-ਤਿੰਨ ਦਿਨ ਲੰਘ ਚੁੱਕੇ ਸਨ। ਹੁਣ ਤਾਂ ਸਭ ਨੂੰ ਇਸ ਤਰ੍ਹਾਂ ਦੇ ਲਾਰਿਆਂ ਨਾਲ ਮਨ ਪ੍ਰਚਾਉਣ ਦੀ ਆਦਤ ਪੈ ਗਈ ਸੀ। ਸਾਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਜਦ ਦੂਜੀ ਧਿਰ ਦੇ ਸਭ ਬੰਦਿਆਂ ਨੂੰ ਪਤਾ ਹੈ ਕਿ ਉਹਨਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਸਕਦਾ ਹੈ ਤਾਂ ਉਹ ਆਪਣੀ ਗ਼ਲਤੀ ਕਿਉਂ ਨਹੀਂ ਮੰਨ ਰਹੇ ? ਉਹ ਅੜੀ ਕਿਉਂ ਕਰ ਰਹੇ ਹਨ ? ਝੂਠੇ ਹੋਣ ਕਾਰਨ ਸ਼ਾਇਦ ਉਹਨਾਂ ਦਾ ਅੰਦਰਲਾ ਹੀਣ ਭਾਵ ਏਨਾ ਜ਼ਿਆਦਾ ਭਾਰੂ ਹੋਇਆ ਹੋਇਆ ਸੀ ਕਿ ਉਹਨਾਂ ਨੂੰ ਸਾਡਾ ਸਾਹਮਣਾ ਕਰਨਾ ਔਖਾ ਲੱਗ ਰਿਹਾ ਸੀ।

ਪਹਿਲੀ ਜੂਨ ਨੂੰ ਸਕੂਲਾਂ ਅਤੇ ਅਦਾਲਤਾਂ ਵਿੱਚ ਛੁੱਟੀਆਂ ਹੋ ਚੁੱਕੀਆਂ ਸਨ। ਪਿਛਲੇ ਸਾਲ ਵਾਂਗ ਇਸ ਵਾਰ ਵੀ ਆਪਣੇ ਸਾਥੀਆਂ ਨਾਲ ਬਾਹਰ ਘੁੰਮਣ ਫਿਰਨ ਦਾ ਕੋਈ ਵੀ ਪ੍ਰੋਗ੍ਰਾਮ ਨਾ ਬਣ ਸਕਿਆ। ਮੈਂ ਇਸ ਬਣ ਰਹੇ ਪ੍ਰੋਗ੍ਰਾਮ ਨੂੰ ਖ਼ੁਦ ਹੀ ਬਹਾਨਾ ਬਣਾਅ ਕੇ ਟਾਲ ਦਿੱਤਾ ਸੀ। ਆਪਣੇ ਇਸ ਹੋ ਰਹੇ ਸਮਝੌਤੇ ਦੀ ਮੈਂ ਕਿਸੇ ਕੋਲ ਵੀ ਭਾਫ਼ ਤੱਕ ਨਹੀਂ ਨਿਕਲਣ ਦਿੱਤੀ ਸੀ।

ਛੁੱਟੀਆਂ ਹੋਣ ਸਦਕਾ ਮੇਰੇ ਮਨ ਵਿੱਚੋਂ ਵਾਰ-ਵਾਰ ਛੁੱਟੀਆਂ ਲੈਣ ਦੀ ਚਿੰਤਾ ਇੱਕ ਮਹੀਨੇ ਲਈ ਟਲ ਗਈ ਸੀ।

ਮੇਡੀਏਸ਼ਨ ਦੀ ਅਗਲ਼ੀ ਤਾਰੀਕ ਵੀ ਆ ਗਈ ਸੀ। ਅਸੀਂ ਫਿਰ ਜਾ ਹਾਜ਼ਰ ਹੋਏ। ਵਕੀਲ ਨੇ ਸਾਨੂੰ ਸਵਾਲ ਕੀਤਾ, "ਕਿਉਂ ਕੁਝ ਨਿੱਬੜਿਆ ?"

"ਨਹੀਂ ਸਰ। 'ਕੱਠ ਹੀ ਨਹੀਂ ਹੋਇਆ।" ਮੈਂ ਆਖਿਆ।

"ਨਹੀਂ ਜੀ, ਅਸੀਂ ਐੱਮ.ਸੀ. ਨਾਲ ਸੰਪਰਕ ਕੀਤਾ ਸੀ ਪਰ ਉਹ ਵਿਹਲਾ ਨ੍ਹੀਂ ਸੀ। ਇਸ ਲਈ ਸਾਨੂੰ ਇੱਕ ਹਫ਼ਤੇ ਦਾ ਸਮਾਂ ਹੋਰ ਦੇ ਦਿਓ।" ਗੁਰਨੇਕ ਨੇ ਆਪਣੇ ਵੱਲੋਂ ਸਫ਼ਾਈ ਦਿੱਤੀ।

"ਤੁਸੀਂ ਦੱਸੋ, ਕੇਸ ਵਾਪਸ ਲੈਣਾ ਹੈ ਕਿ ਨਹੀਂ ਆਪਾਂ ਗੱਲ ਨਿਬੇੜੀਏ।" ਵਕੀਲ ਨੇ ਗੁਰਨੇਕ ਨੂੰ ਸਿੱਧਾ ਸਵਾਲ ਕੀਤਾ।

"ਨਹੀਂ ਜੀ, ਮੈਂ 'ਕੱਲਾ ਕੁਝ ਵੀ ਨਹੀਂ ਆਖ ਸਕਦਾ। ਅਸੀਂ ਉੱਥੇ ਹੀ ਸਾਰੀ ਗੱਲ ਕਰਾਂਗੇ। ਬੱਸ ਇੱਕ ਹਫ਼ਤੇ ਦਾ ਸਮਾਂ ਹੋਰ ਦੇ ਦਿਓ।" ਗੁਰਨੇਕ ਦੀਆਂ ਗੱਲਾਂ 'ਚੋਂ ਚਲਾਕੀ ਝਲਕ ਰਹੀ ਸੀ।

"ਯਾਰ! ਤੂੰ ਹਫ਼ਤਾ ਛੱਡ, ਮੇਰੇ ਕੋਲੋਂ ਪੰਦਰਾਂ ਦਿਨ ਦਾ ਸਮਾਂ ਲੈ ਜਾ। ਤੁਸੀਂ ਆਹ ਮੰਗਲਵਾਰ ਛੱਡ ਕੇ ਅਗਲੇ ਮੰਗਲ ਨੂੰ ਆਇਓ। ਵਕੀਲ ਨੇ ਪੰਦਰਾਂ ਦਿਨਾਂ ਦੀ ਤਾਰੀਕ ਪਾ ਕੇ ਸਾਨੂੰ ਤੋਰ ਦਿੱਤਾ ਸੀ।

ਬਾਹਰ ਆ ਕੇ ਮੈਂ ਐੱਮ.ਸੀ. ਨੂੰ ਫ਼ੋਨ ਕਰ ਕੇ ਪੁੱਛਿਆ ਕਿ ਕੀ ਦੂਜੀ ਧਿਰ ਨੇ ਤੁਹਾਡੇ ਨਾਲ ਕੋਈ ਸੰਪਰਕ ਕੀਤਾ ਸੀ। ਉਸ ਨੇ ਦੱਸਿਆ ਕਿ ਉਸ ਨਾਲ ਇਸ ਮਾਮਲੇ ਵਿੱਚ ਕਿਸੇ ਨੇ ਵੀ ਸੰਪਰਕ ਨਹੀਂ ਕੀਤਾ ਸੀ ਤੇ ਪਿਛਲਾ ਸਾਰਾ ਹਫ਼ਤਾ ਉਹ ਕਿਤੇ ਬਾਹਰ ਵੀ ਨਹੀਂ ਗਿਆ।

ਸਾਨੂੰ ਗੁਰਨੇਕ ਦੀ ਇਸ ਨਵੀਂ ਚੁਸਤੀ ਵਾਲੇ ਦਾਅ 'ਤੇ ਬੜਾ ਹੀ ਗੁੱਸਾ ਆਇਆ। ਘਰ ਪੁੱਜਦੇ ਸਾਰ ਹੀ ਅਸੀਂ ਪਹਿਲਾਂ ਹੀ ਲਿਖੀ ਪਈ ਸ਼ਿਕਾਇਤ ਨੂੰ ਸੂਬੇ ਦੇ ਉਪ ਮੁੱਖ ਮੰਤਰੀ ਦੀ ਆਮ ਜਨਤਾ ਦੇ ਦਰਬਾਰ ਵਾਲੇ ਈ-ਮੇਲ ਐਂਡਰੈਸ 'ਤੇ ਮੇਲ ਕਰ ਦਿੱਤਾ।

## ਚੌਵੀ

ਉਹਨਾਂ ਦਿਨਾਂ ਵਿੱਚ ਹੀ ਮੈਂ ਆਪਣੀ 181 ਨੰਬਰ 'ਤੇ ਕੀਤੀ ਹੋਈ ਬੱਸ ਵਾਲੀ ਸ਼ਿਕਾਇਤ ਦਾ ਉੱਤਰ ਪਤਾ ਲੈਣ ਲਈ ਮੈਂ ਇਸੇ ਨੰਬਰ 'ਤੇ ਦੁਬਾਰਾ ਫ਼ੋਨ ਮਿਲਾਅ ਲਿਆ। ਮੈਂ ਉਪਰੇਟਰ ਨੂੰ ਆਪਣੀ ਸ਼ਿਕਾਇਤ ਦਾ ਨੰਬਰ ਦੱਸਿਆ ਤਾਂ ਉਸ ਨੇ ਆਖਿਆ ਕਿ ਅਜੇ ਤੱਕ ਐਸ.ਐਸ.ਪੀ. ਦਫ਼ਤਰ ਤੋਂ ਕੋਈ ਵੀ ਰਿਪੋਰਟ ਨਹੀਂ ਪਹੁੰਚੀ। ਮੈਂ ਗੁੱਸੇ ਨਾਲ ਆਖਿਆ ਜਦ ਪੰਦਰਾਂ ਦਿਨ ਤੋਂ ਵੱਧ ਦਾ ਸਮਾਂ ਲੰਘ ਚੁੱਕਾ ਹੈ ਤਾਂ ਨਿਯਮਾਂ ਮੁਤਾਬਕ ਰਿਪੋਰਟ ਭੇਜਣੀ ਬਣਦੀ ਸੀ ਤਾਂ ਉਹ ਆਖਣ ਲੱਗਾ, "ਸਰ, ਇਹ ਕੇਸ ਬੜਾ ਪੁਰਾਣਾ ਹੈ ਅਤੇ ਅਜਿਹੇ ਕੇਸਾਂ ਦੀ ਜਾਂਚ ਲਈ ਵਧੇਰੇ ਸਮਾਂ ਚਾਹੀਦਾ ਹੁੰਦਾ ਹੈ ਇਸ ਲਈ ਤੁਸੀਂ ਇੱਕ ਮਹੀਨੇ ਤੱਕ ਦਾ ਇੰਤਜ਼ਾਰ ਕਰੋ।" ਇਹ ਕਹਿੰਦਿਆਂ ਉਸ ਨੇ ਮੇਰੀ ਕੋਈ ਹੋਰ ਗੱਲ ਸੁਣੇ ਬਿਨਾਂ ਹੀ ਫ਼ੋਨ ਕੱਟ ਦਿੱਤਾ ਸੀ।

ਉਸ ਨਾਲ ਕਰਨ ਵਾਲੀਆਂ ਕੋਰੀਆਂ ਕਰਾਰੀਆਂ ਗੱਲਾਂ ਮੇਰੇ ਦਿਲ ਵਿੱਚ ਹੀ ਰਹਿ ਗਈਆਂ ਸਨ ਪਰ ਹੁਣ ਕੀ ਕੀਤਾ ਜਾ ਸਕਦਾ ਸੀ। ਮੈਂ ਸੋਚ ਰਿਹਾ ਸਾਂ ਕਿ ਜਿਹੜੀ ਪੁਲਿਸ ਫ਼ੋਟੋਆਂ ਅਤੇ ਮੂਵੀ ਵਰਗੇ ਪੁਖਤਾ ਸਬੂਤ ਵੇਖ ਕੇ ਵੀ ਪੰਦਰਾਂ ਦਿਨਾਂ ਵਿੱਚ ਕਿਸੇ ਸਿੱਟੇ 'ਤੇ ਨਹੀਂ ਪੁੱਜ ਸਕੀ, ਉਸ ਨੇ ਇੱਕ ਮਹੀਨੇ

ਵਿੱਚ ਕਿਹੜਾ ਨਵਾਂ ਮਾਅਰਕਾ ਮਾਰ ਦੇਣਾ ਹੈ। ਫਿਰ ਦਿਮਾਗ਼ ਵਿੱਚ ਆਉਣ ਲੱਗਾ ਕਿ ਐਵੇਂ ਨਾ ਸੋਚ, ਇਹ ਪੁਲਿਸ ਮਹਿਕਮਾ ਹੈ। ਇਸ ਦਾ ਇੱਕੋ-ਇੱਕ ਮਕਸਦ ਸਿਰਫ਼ ਦੂਜਿਆਂ ਦੇ ਅਪਰਾਧ ਫੜਣੇ, ਸਹੀ ਨੂੰ ਗ਼ਲਤ ਠਹਿਰਾਉਣਾ ਅਤੇ ਆਪਣੇ ਕਰਮਚਾਰੀਆਂ ਦੇ ਵੱਡੇ ਤੋਂ ਵੱਡੇ ਅਪਰਾਧ 'ਤੇ ਪਰਦਾ ਪਾਉਣਾ ਹੀ ਹੈ। ਇਸ ਲਈ ਇਹਨਾਂ ਤੋਂ ਇਨਸਾਫ਼ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਕਿੰਨੀ ਸ਼ਰਮ ਦੀ ਗੱਲ ਹੈ ਕਿ ਇਹ ਮਹਿਕਮਾ ਆਮ ਲੋਕਾਂ ਦੇ ਵਿਰੁੱਧ ਇੱਕ ਧਿਰ ਬਣ ਕੇ ਵਿੱਚਰ ਰਿਹਾ ਹੈ।

ਕਰਦਿਆਂ ਕਰਾਉਂਦਿਆਂ ਕੁਝ ਦਿਨ ਹੋਰ ਲੰਘ ਗਏ। ਇੱਕ ਦਿਨ ਅਚਾਨਕ ਮੇਰੇ ਫ਼ੋਨ ਦੀ ਘੰਟੀ ਵੱਜੀ ਤੇ ਜਦ ਮੈਂ ਪੁਲਿਸ ਵਿਭਾਗ ਦਾ ਨੰਬਰ ਸਕਰੀਨ ਉੱਤੇ ਵੇਖਿਆ ਤਾਂ ਮੈਂ ਚੁਕੰਨਾ ਹੋ ਗਿਆ। ਉਪਰੇਟਰ ਨੇ ਮੇਰਾ ਨਾਮ ਅਤੇ ਪਤਾ ਪੁੱਛ ਕੇ ਮੇਰੇ ਦੁਆਰਾ ਕੀਤੀ ਗਈ ਸ਼ਿਕਾਇਤ ਦਾ ਵੇਰਵਾ ਸੰਖੇਪ ਵਿੱਚ ਦੱਸਿਆ। ਜਦ ਉਸ ਨੂੰ ਤਸੱਲੀ ਹੋ ਗਈ ਕਿ ਫ਼ੋਨ ਉੱਪਰ ਅਸਲ ਸ਼ਿਕਾਇਤ ਕਰਤਾ ਹੀ ਗੱਲ ਕਰ ਰਿਹਾ ਹੈ ਤਾਂ ਉਸ ਨੇ ਐਸ.ਐਸ.ਪੀ. ਦਫ਼ਤਰ ਦੁਆਰਾ ਭੇਜੀ ਗਈ ਰਿਪੋਰਟ ਪੜ੍ਹਣੀ ਸ਼ੁਰੂ ਕਰ ਦਿੱਤੀ, "ਸਰ, ਸਾਨੂੰ ਆਈ ਰਿਪੋਰਟ ਮੁਤਾਬਕ ਪੁਲਿਸ ਬੱਸ ਦੀ ਗ਼ਲਤ ਵਰਤੋਂ ਨਹੀਂ ਹੋਈ ਹੈ। ਮਲਕੀਤ ਸਿੰਘ ਇਸ ਸਰਕਾਰੀ ਬੱਸ ਨੂੰ ਸਕੂਲੀ ਬੱਚਿਆਂ ਨੂੰ ਸਕੂਲ ਲੈ ਜਾਣ ਅਤੇ ਵਾਪਿਸ ਲਿਆਉਣ ਲਈ ਡਰਾਈਵਰ ਵਜੋਂ ਸੇਵਾ ਨਿਭਾਉਂਦਾ ਸੀ ਅਤੇ ਉਹ ਇਸ ਗਲੀ ਵਿੱਚੋਂ ਬੱਚਿਆਂ ਨੂੰ ਚੁੱਕਣ ਵਾਸਤੇ ਇਹ ਬੱਸ ਲੈ ਕੇ ਆਉਂਦਾ ਸੀ, ਜਿਸ ਕਾਰਨ ਇਹ ਬੱਸ ਉਸ ਨੂੰ ਏਥੇ ਖੜ੍ਹਾਉਣੀ ਪੈਂਦੀ ਸੀ। ਜਪਨਾਮ ਸਿੰਘ ਦਾ ਇਸ ਬੱਸ ਨਾਲ ਕੋਈ ਵੀ ਵਾਹ-ਵਾਸਤਾ ਨਹੀਂ ਹੈ। ਫਿਰ ਵੀ ਮਸਲੇ ਦੀ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਮਲਕੀਤ ਸਿੰਘ ਵਿਰੁੱਧ ਵਿਭਾਗੀ ਜਾਂਚ ਦੇ ਆਦੇਸ਼ ਦੇ ਦਿੱਤੇ ਗਏ ਹਨ। ਕੀ ਤੁਸੀਂ ਇਸ ਰਿਪੋਰਟ ਨਾਲ ਸਹਿਮਤ ਹੋ ?" ਆਖ਼ਰੀ ਗੱਲ ਕਹਿੰਦਿਆਂ ਉਸ ਦੇ ਬੋਲਾਂ 'ਚੋਂ ਡਰ ਝਲਕ ਰਿਹਾ ਸੀ।

"ਨਹੀਂ ਜੀ, ਮੈਂ ਅਜੇ ਕੁਝ ਨਹੀਂ ਆਖ ਸਕਦਾ। ਮੈਂ ਆਪਣੇ ਵਕੀਲ ਨਾਲ ਗੱਲ ਕਰਕੇ ਦੱਸਾਂਗਾ।" ਮੈਂ ਗੁੱਸੇ ਜਿਹੇ ਨਾਲ ਬੋਲਿਆ।

"ਸਰ, ਤੁਸੀਂ ਜਿਸ ਕਿਸੇ ਨਾਲ ਮਰਜ਼ੀ ਸਲਾਹ ਕਰਿਓ ਅਸੀਂ ਤੁਹਾਨੂੰ ਰੋਕਦੇ ਨਹੀਂ ਪਰ ਮੈਂ ਪੁੱਛ ਰਿਹਾ ਹਾਂ ਕਿ ਕੀ ਤੁਸੀਂ ਇਸ ਨਾਲ ਸਹਿਮਤ ਹੋ ?" ਉਸ ਨੇ ਫਿਰ ਬਚਾਅ ਨਾਲ ਪੁੱਛਿਆ।

"ਨਹੀਂ ਜੀ, ਮੈਂ ਬਿਲਕੁਲ ਵੀ ਸਹਿਮਤ ਨਹੀਂ ਹਾਂ। ਇਹ ਆਪਣੇ ਕਰਮਚਾਰੀਆਂ ਨੂੰ ਬਚਾਉਣ ਲਈ ਇੱਕ ਤਰਫ਼ਾ ਜਾਂਚ ਕੀਤੀ ਗਈ ਹੈ।" ਮੈਂ ਗੁੱਸੇ ਨਾਲ ਆਖਿਆ।

"ਜੇ ਤੁਸੀਂ ਸਹਿਮਤ ਨਹੀਂ ਹੋ ਤਾਂ ਤੁਸੀਂ ਐਸ.ਐਸ.ਪੀ. ਸਾਹਿਬ ਨੂੰ

ਆਪਣੀ ਸ਼ਿਕਾਇਤ ਕਰੋ। ਸਾਡੇ ਵੱਲੋਂ ਤੁਹਾਡੀ ਇਹ ਸ਼ਿਕਾਇਤ ਬੰਦ ਕਰ ਦਿੱਤੀ ਗਈ ਹੈ। ਪੁਲਿਸ ਹੈਲਪ ਲਾਈਨ ਨਾਲ ਗੱਲ ਕਰਨ ਲਈ ਆਪ ਜੀ ਦਾ ਧੰਨਵਾਦ।" ਆਖ ਕੇ ਉਸ ਨੇ ਫ਼ੋਨ ਕੱਟਣ ਦੀ ਕੀਤੀ।

ਇੱਕ ਵਾਰ ਤਾਂ ਮੈਂ ਫਿਰ ਚਿੰਤਾ ਵਿੱਚ ਪੈ ਗਿਆ ਕਿ ਪੁਲਿਸ ਵਿਭਾਗ ਨੇ ਇਹ ਕਿਹੋ-ਜਿਹੀ ਜਾਂਚ ਕੀਤੀ ਗਈ ਹੈ ? ਸੱਚ ਦਾ ਝੂਠ ਬਣਾਇਆ ਪਿਆ ਹੈ। ਪਰ ਫਿਰ ਕਾਫ਼ੀ ਦੇਰ ਸੋਚ-ਵਿਚਾਰ ਕੇ ਮੈਂ ਆਪਣੇ ਹਮਦਰਦ ਪੁਲਿਸ ਵਾਲੇ ਨੂੰ ਫ਼ੋਨ ਮਿਲਾਅ ਕੇ ਇਸ ਸਭ ਬਾਰੇ ਦੱਸ ਦਿੱਤਾ। ਉਹ ਹੱਸ ਕੇ ਆਖਣ ਲੱਗਾ, "ਚਲ, ਕੋਈ ਨ੍ਹੀਂ, ਫ਼ਿਕਰ ਨਾ ਕਰ। ਵਿਭਾਗੀ ਜਾਂਚ ਤਾਂ ਕਰਵਾਉਣਗੇ ਹੀ। ਤੂੰ ਸ਼ੁਕਰ ਕਰ ਕਿ ਖੁਸਰਿਆਂ ਦੇ ਘਰ ਲੇਲਾ ਤਾਂ ਜੰਮਿਆ। ਆਪਾਂ ਕੁਝ ਕੁ ਦਿਨਾਂ ਵਿੱਚ ਉਸ ਦੀ ਰਿਪੋਰਟ ਵੀ ਆਰ.ਟੀ.ਆਈ. ਰਾਹੀਂ ਮੰਗ ਲਵਾਂਗੇ। ਮੈਨੂੰ ਲੱਗਦਾ ਓਦੋਂ ਤੱਕ ਤੇਰਾ ਮਸਲਾ ਉਂਝ ਹੀ ਹੱਲ ਹੋ ਜਾਣਾ ਹੈ। ਜੇ ਨਾ ਹੋਇਆ ਤਾਂ ਮੀਡੀਆ ਤਾਂ ਕਿਤੇ ਗਿਆ ਹੀ ਨਹੀਂ।"

ਹੁਣ ਮੇਰੇ ਲਈ ਇੱਕ ਹੀ ਤਸੱਲੀ ਦੀ ਗੱਲ ਸੀ ਕਿ ਦੂਜੀ ਧਿਰ ਦੇ ਸਿਰ 'ਤੇ ਵਿਭਾਗੀ ਜਾਂਚ ਦੀ ਤਲਵਾਰ ਅਜੇ ਵੀ ਲਟਕ ਰਹੀ ਸੀ। ਇਸ ਨਾਲ ਮੈਨੂੰ ਵੀ ਸਮਾਂ ਮਿਲ ਜਾਣਾ ਸੀ ਤੇ ਜੇ ਉਹ ਨਾ ਸੁਧਰਦੇ ਤਾਂ ਮੈਂ ਉਹਨਾਂ ਉੱਤੇ ਨਵਾਂ ਵਾਰ ਵੀ ਕਰ ਸਕਦਾ ਸਾਂ।

ਕਈ ਦਿਨ ਲੰਘ ਚੁੱਕੇ ਸਨ ਪਰ ਦੂਜੀ ਧਿਰ ਵੱਲੋਂ ਕਿਸੇ ਨੂੰ ਵੀ ਸਮਝੌਤੇ ਲਈ ਨਹੀਂ ਭੇਜਿਆ ਗਿਆ ਸੀ। ਇੱਕ ਦਿਨ ਸਿਖਰ-ਦੁਪਹਿਰ ਸਾਡੇ ਘਰ ਦੀ ਘੰਟੀ ਵੱਜੀ। ਮੇਰੇ ਦਿਮਾਗ਼ ਵਿੱਚ ਆਇਆ ਕਿ ਇਸ ਵੇਲ਼ੇ ਤਾਂ ਜ਼ਰੂਰ ਡਾਕੀਆ ਜਾਂ ਫਿਰ ਕਿਸੇ ਸਰਕਾਰੀ ਦਫ਼ਤਰ ਦਾ ਹਰਕਾਰਾ ਹੀ ਆਇਆ ਹੋਵੇਗਾ। ਜਦ ਮੈਂ ਬੂਹਾ ਖੋਲ੍ਹਿਆ ਤਾਂ ਸਾਹਮਣੇ ਖੜ੍ਹੇ ਇੱਕ ਅਣਜਾਣ ਬੰਦੇ ਅਤੇ ਔਰਤ ਨੂੰ ਵੇਖ ਕੇ ਜ਼ਰਾ ਕੁ ਹੈਰਾਨ ਹੋ ਗਿਆ। ਜਦ ਉਹਨਾਂ ਨੇ ਆਪਣੀ ਜਾਣ-ਪਹਿਚਾਣ ਕਰਵਾਈ ਤਾਂ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਔਰਤ ਤਾਂ ਮਲਕੀਤ ਪੁਲਸੀਏ ਦੀ ਘਰ ਵਾਲੀ ਅਤੇ ਆਦਮੀ ਉਹਨਾਂ ਦਾ ਕੋਈ ਨਜ਼ਦੀਕੀ ਸੀ। ਮੈਂ ਇਹਨਾਂ ਦੋਵਾਂ ਨੂੰ ਪਹਿਲੀ ਵਾਰ ਹੀ ਵੇਖਿਆ ਸੀ। ਮੈਂ ਉਹਨਾਂ ਨੂੰ ਅੰਦਰ ਆ ਜਾਣ ਲਈ ਆਖਿਆ।

ਉਹਨਾਂ ਦੀ ਆਮਦ ਕਾਰਨ ਘਰ ਦੇ ਸਾਰੇ ਜੀਅ ਡਰਾਇੰਗ ਰੂਮ ਵਿੱਚ ਆ ਇਕੱਠੇ ਹੋਏ। ਰਸਮੀ ਗੱਲਾਂ ਤੋਂ ਬਾਅਦ ਚੱਲ ਰਹੇ ਝਗੜੇ ਬਾਰੇ ਗੱਲਬਾਤ ਸ਼ੁਰੂ ਹੋ ਗਈ। ਉਹਨਾਂ ਦੇ ਮੁਤਾਬਕ ਇਸ ਚੱਲ ਰਹੇ ਝਗੜੇ ਕਾਰਨ ਉਹ ਬੜੀ ਹੀ ਜ਼ਿਆਦਾ ਮਾਨਸਿਕ ਪੀੜ ਵਿੱਚੋਂ ਗੁਜ਼ਰ ਰਹੇ ਹਨ ਅਤੇ ਇਸ ਲਈ ਉਹਨਾਂ ਨੇ ਸ਼ਾਂਤੀ ਲਈ ਪਹਿਲ ਕੀਤੀ ਸੀ। ਅਸੀਂ ਵੀ ਸਾਰੀ ਸਥਿੱਤੀ ਸ਼ਪੱਸ਼ਟ ਕੀਤੀ ਕਿ ਪਹਿਲ ਤਾਂ ਅਸੀਂ ਮਲਕੀਤ ਨਾਲ ਗੱਲ ਕਰਕੇ ਹੀ ਕਰ

ਦਿੱਤੀ ਸੀ ਜਿਸ ਨੂੰ ਅੱਠ-ਨੌਂ ਮਹੀਨੇ ਬੀਤ ਚੁੱਕੇ ਹਨ। ਜੇ ਉਹ ਓਦੋਂ ਹੀ ਸਮਝ ਜਾਂਦੇ ਤਾਂ ਗੱਲ ਏਥੋਂ ਤੱਕ ਵਧਣੀ ਹੀ ਨਹੀਂ ਸੀ।

ਉਹਨਾਂ ਦੀ ਗੱਲਬਾਤ ਦਾ ਕੇਂਦਰ ਬਿੰਦੂ ਕੇਵਲ ਇਹ ਹੀ ਸੀ ਕਿ ਅਸੀਂ ਬੱਸ ਵਾਲਾ ਕੇਸ ਵਾਪਸ ਲੈ ਲਈਏ ਅਤੇ ਗੁਰਨੇਕ ਵਾਲੇ ਕੇਸ ਦਾ ਨਿਪਟਾਰਾ ਅਦਾਲਤ ਦੇ ਫ਼ੈਸਲੇ 'ਤੇ ਛੱਡ ਦੇਈਏ। ਇਹ ਗੱਲ ਸਾਨੂੰ ਬਿਲਕੁਲ ਵੀ ਮਨਜ਼ੂਰ ਨਹੀਂ ਸੀ ਕਿਉਂਕਿ ਅਸੀਂ ਸਾਰੇ ਕੇਸਾਂ ਦਾ ਨਿਪਟਾਰਾ ਇਕੱਠਾ ਹੀ ਕਰਨਾ ਚਾਹੁੰਦੇ ਸੀ। ਮੇਰੇ ਵਿਰੁੱਧ ਕੀਤੇ ਗਏ ਸਾਰੇ ਕੇਸ ਉਹਨਾਂ ਦੇ ਸਾਂਝੇ ਗੁੱਟ ਦੁਆਰਾ ਹੀ ਕੀਤੇ ਗਏ ਸਨ। ਇਸ ਲਈ ਮੈਂ ਆਪਣੇ ਤਕੜੇ ਪੱਖ ਦਾ ਸਮਝੌਤਾ ਕਰ ਕੇ ਇਕੱਲਾ ਹੀ ਸੱਤ-ਅੱਠ ਸਾਲ ਤੱਕ ਲੰਮੇ ਚੱਲਣ ਵਾਲੇ ਕੇਸ ਦੀਆਂ ਦੀਆਂ ਤਾਰੀਕਾਂ ਭੁਗਤਣ ਦੇ ਹੱਕ ਵਿੱਚ ਨਹੀਂ ਸਾਂ। ਨਾਲੇ ਸਾਨੂੰ ਗ਼ਰਜ਼ ਵੀ ਕੀ ਸੀ ਕਿ ਅਸੀਂ ਅਜਿਹਾ ਸਮਝੌਤਾ ਕਰਦੇ। ਉਹਨਾਂ ਮੁਤਾਬਕ ਜਦ ਇਹ ਬੱਸ ਪਿਛਲੇ ਛੇ-ਸੱਤ ਸਾਲਾਂ ਤੋਂ ਉੱਥੇ ਖੜ੍ਹ ਰਹੀ ਸੀ ਤੇ ਕਿਸੇ ਨੂੰ ਵੀ ਤਕਲੀਫ਼ ਨਹੀਂ ਸੀ ਤਾਂ ਅਸੀਂ ਇਸ ਦਾ ਵਿਰੋਧ ਜਾਣਬੁੱਝ ਕੇ ਹੀ ਕਰ ਰਹੇ ਸਾਂ। ਅਸੀਂ ਉਹਨਾਂ ਨੂੰ ਦੱਸ ਦਿੱਤਾ ਕਿ ਜਦ ਸਾਡੇ ਵਿਰੁੱਧ ਮੁਕੱਦਮਾ-ਦਰ-ਮੁਕੱਦਮਾ ਕੀਤਾ ਗਿਆ ਹੈ ਤਾਂ ਅਸੀਂ ਨਾ-ਚਾਹੁੰਦੇ ਹੋਏ ਹੀ ਇਹ ਸਭ ਕੁਝ ਕਰਨ ਖ਼ਾਤਰ ਮਜਬੂਰ ਹੋਏ ਹਾਂ। ਕਾਫ਼ੀ ਸਮਾਂ ਗੱਲਬਾਤ ਚਲਦੀ ਰਹੀ। ਅੰਤ ਸਿੱਟਾ ਇਹ ਨਿਕਲਿਆ ਕਿ ਉਹ ਗੁਰਨੇਕ ਨੂੰ ਝੂਠਾ ਕੇਸ ਵਾਪਸ ਕਰਨ ਲਈ ਮਨਾਉਣਗੇ।

ਮੇਰੀ ਹੈਰਾਨੀ ਦੀ ਹੱਦ ਓਦੋਂ ਜਵਾਬ ਦੇ ਗਈ ਸੀ ਜਦ ਅਮਰਿੰਦਰ ਤੇ ਯਾਦਵਿੰਦਰ ਜੋ ਕਿ ਸੰਯੋਗਵਸ ਉਸ ਦਿਨ ਘਰ ਹੀ ਸਨ, ਨੇ ਇਸ ਸਭ ਦੀ ਵੀਡੀਓ ਵੀ ਬਣਾਅ ਲਈ। ਹੁਣ ਰਾਜ਼ੀਨਾਮਾ ਨਾ ਹੋਣ ਦੀ ਸੂਰਤ ਅਤੇ ਬੱਸ ਵਾਲਾ ਕੇਸ ਅੱਗੇ ਵਧਾਉਣ ਦੀ ਹਾਲਤ ਵਿੱਚ ਸਾਡੇ ਕੋਲ ਇਸ ਬੱਸ ਨੂੰ ਛੇ-ਸੱਤ ਸਾਲਾਂ ਤੋਂ ਉੱਥੇ ਖੜ੍ਹੀ ਕਰਨ ਦਾ ਇਕਬਾਲੀਆ ਬਿਆਨ ਵੀ ਮੂਵੀ ਦੇ ਰੂਪ ਵਿੱਚ ਸਾਡੇ ਹੱਥੀਂ ਲੱਗ ਚੁੱਕਾ ਸੀ। ਕਿਤੇ ਵੀ ਪੇਸ਼ ਕਰਨ ਵਾਸਤੇ ਇਹ ਇੱਕ ਬਹੁਤ ਹੀ ਵੱਡਾ ਅਤੇ ਪੁਖਤਾ ਸਬੂਤ ਸੀ।

ਘਰ ਦੇ ਸਾਰੇ ਇਸ ਗੱਲ 'ਤੇ ਇਕਮਤ ਸਨ ਕਿ ਜਦ ਉਹ ਨੀਵੇਂ ਹੋ ਕੇ ਆਪਣੇ ਘਰ ਆ ਗਏ ਹਨ ਤਾਂ ਉਹਨਾਂ 'ਤੇ ਬੱਸ ਵਾਲੇ ਕੇਸ ਵਿੱਚ ਹੋਰ ਕਾਰਵਾਈ ਨਾ ਕੀਤੀ ਜਾਵੇ। ਕਿਸੇ ਦਾ ਆਪ ਚੱਲ ਕੇ, ਉਹ ਵੀ ਔਰਤ, ਘਰ ਸਮਝੌਤਾ ਕਰਨ ਆਉਣ ਦਾ ਮਤਲਬ ਹੀ ਇਹ ਹੁੰਦਾ ਹੈ ਕਿ ਉਹਨਾਂ ਦੇ ਹੱਥ ਖੜ੍ਹੇ ਹਨ। ਇਸ ਲਈ ਹਥਿਆਰ ਸੁੱਟ ਚੁੱਕੇ ਬੰਦੇ ਉੱਤੇ ਵਾਰ ਕਰਨ ਵਿੱਚ ਸਾਡੀ ਬਹਾਦਰੀ ਨਹੀਂ ਸਗੋਂ ਮੱਕਾਰੀ ਤੇ ਕਮਜ਼ੋਰੀ ਸਾਬਤ ਹੋਣੀ ਸੀ। ਇਹ ਗੱਲ ਸਾਡੀਆਂ ਨੈਤਿਕ ਕਦਰਾਂ ਕੀਮਤਾਂ ਵਿੱਚ ਸ਼ਾਮਿਲ ਹੈ।

ਭਾਵੇਂ ਕਿ ਮੈਂ ਮਲਕੀਤ ਨੂੰ ਬਹੁਤ ਦੇਰ ਪਹਿਲਾਂ ਨੈਤਿਕ ਕਦਰਾਂ ਕੀਮਤਾਂ ਅਤੇ ਚੰਗੇ ਗੁਆਂਢੀਆਂ ਵਾਂਢੂੰ ਰਹਿਣ ਬਾਰੇ ਕਹਿ ਅਤੇ ਇਸ ਗੱਲ ਦੀ ਅਹਿਮੀਅਤ ਵੀ ਸਮਝਾਅ ਚੁੱਕਾ ਸਾਂ ਪਰ ਉਸ 'ਤੇ ਇਸ ਗੱਲ ਦਾ ਕੋਈ ਅਸਰ ਨਹੀਂ ਹੋਇਆ ਸੀ ਤੇ ਉਹਨਾਂ ਨੇ ਰਲ਼ ਕੇ ਮੇਰੇ ਉੱਤੇ ਵਾਰ ਕਰਨੇ ਬੰਦ ਨਹੀਂ ਕੀਤੇ ਸਨ। ਉਹਨਾਂ ਦੇ ਸਾਡੇ ਘਰ ਹੀਣੇ ਹੋ ਕੇ ਆਉਣ ਨਾਲ ਅਸੀਂ ਉਹਨਾਂ ਵੱਲੋਂ ਬਿਨਾਂ ਵਜ੍ਹਾ ਕੀਤੇ ਸਭ ਕੁਝ ਨੂੰ ਭੁਲਾਅ ਦੇਣ ਅਤੇ ਇਸ ਉੱਤੇ ਮਿੱਟੀ ਪਾਉਣ ਦੀ ਸੋਚ ਲਈ ਸੀ। ਹੁਣ ਦੂਜੀ ਧਿਰ 'ਚੋਂ ਨਜਾਇਜ਼ ਕਬਜ਼ਾ ਧਾਰੀ ਗੁਰਨੇਕ ਦਾ ਆਪਣੀ ਅੜੀ ਛੱਡਣਾ ਹੀ ਬਾਕੀ ਰਹਿ ਗਿਆ ਸੀ। ਜਿਹੜਾ ਕਿ ਉਹਨਾਂ ਦੇ ਦੱਸਣ ਮੁਤਾਬਕ ਅਜੇ ਤੱਕ ਵੀ ਗਧਿਆਂ ਵਾਲੀ ਮੈਂ ਨਾ ਮਾਨੂੰ ਵਾਲੀ ਅੜੀ 'ਤੇ ਹੀ ਅੜਿਆ ਹੋਇਆ ਹੀ ਜਾਪ ਰਿਹਾ ਸੀ।

ਅਗਲੇ ਦਿਨੀਂ ਅਸੀਂ ਮਹਿਸੂਸ ਕੀਤਾ ਕਿ ਦੂਜੀ ਧਿਰ ਵਿੱਚ ਕੁਝ ਵਧੇਰੇ ਹਿਲਜੁਲ ਹੋਣੀ ਸ਼ੁਰੂ ਹੋ ਗਈ ਸੀ। ਉਹਨਾਂ ਨੇ ਐੱਮ.ਸੀ. ਸੁਰਜੀਤ ਸਿੰਘ ਤੱਕ ਪਹੁੰਚ ਕਰਕੇ ਇਸ ਮਸਲੇ ਨੂੰ ਹੱਲ ਕਰਨ ਲਈ ਉਸਦੀ ਮਦਦ ਵੀ ਮੰਗੀ। ਐੱਮ.ਸੀ. ਨੇ ਸਾਡੇ ਗੱਲ ਕਰਕੇ ਬੈਠਕ ਦਾ ਸਮਾਂ ਦੇ ਦਿੱਤਾ।

ਸਾਨੂੰ ਪਤਾ ਲੱਗਾ ਕਿ ਦੂਜੀ ਧਿਰ ਆਪਣੇ ਪਾਛੂਆਂ ਨੂੰ ਵੱਡੀ ਗਿਣਤੀ ਵਿੱਚ ਇਕੱਠਾ ਕਰ ਰਹੀ ਹੈ। ਇਸ ਲਈ ਅਸੀਂ ਵੀ ਆਪਣੇ ਹੱਕ ਵਿੱਚ ਡਟਣ ਵਾਲੇ ਅਤੇ ਸਾਰੀਆਂ ਜਥੇਬੰਦੀਆਂ ਦੇ ਆਗੂਆਂ ਨੂੰ ਹੋਣ ਵਾਲੇ ਇਸ ਇਕੱਠ ਬਾਰੇ ਜਾਣਕਾਰੀ ਦੇ ਕੇ ਪਹੁੰਚਣ ਲਈ ਆਖ ਦਿੱਤਾ ਸੀ।

ਮਿਥੇ ਦਿਨ ਐੱਮ.ਸੀ. ਸੁਰਜੀਤ ਸਿੰਘ ਦੇ ਘਰ ਦੋਵਾਂ ਧਿਰਾਂ ਦਾ ਵਾਹਵਾ ਹੀ ਇਕੱਠ ਹੋ ਗਿਆ ਸੀ। ਉਹ ਵੀ ਏਨੇ ਬੰਦਿਆਂ ਨੂੰ ਵੇਖ ਕੇ ਘਬਰਾਅ ਗਿਆ। ਗੱਲਬਾਤ ਸਧਾਰਨ ਜਿਹੀਆਂ ਗੱਲਾਂ ਤੋਂ ਚੱਲ ਕੇ ਬਹਿਸਬਾਜ਼ੀ ਤੋਂ ਵੀ ਅੱਗੇ ਨਿਕਲ ਕੇ ਤੂੰ-ਤੂੰ, ਮੈਂ-ਮੈਂ ਤੀਕਰ ਪੁੱਜ ਗਈ। ਉਹਨਾਂ ਦਾ ਇੱਕ ਪਾਛੂ ਜ਼ਿਆਦਾ ਹੀ ਤੱਤਾ ਹੋਇਆ ਬੋਲਣ ਲੱਗ ਪਿਆ, "ਇਹਨਾਂ ਨੇ ਸ਼ਰ੍ਹੇਆਮ ਗੁੰਡਾਗਰਦੀ ਕੀਤੀ ਸੀ। ਗੁਰਨੇਕ ਸਿੰਘ ਨੂੰ ਮੇਰੇ ਸਾਹਮਣੇ ਇਹਨਾਂ ਦੋਵਾਂ ਭਰਾਵਾਂ ਨੇ ਬੜਾ ਕੁੱਟਿਆ ਸੀ। ਅਸੀਂ ਨ੍ਹੀਂ ਸਹਿਣੀ ਇਹਨਾਂ ਦੀ ਗੁੰਡਾ-ਗਰਦੀ। ਕੱਲ੍ਹ ਦੀ ਭੁਤਨੀ ਸਿਵਿਆਂ 'ਚ ਅੱਧ।" ਉਹ ਹੋਰ ਵੀ ਉੱਚੀ-ਉੱਚੀ ਬੋਲਣ ਲੱਗ ਪਿਆ ਸੀ। ਮੈਨੂੰ ਉਸ 'ਤੇ ਏਨਾ ਜ਼ਿਆਦਾ ਗੁੱਸਾ ਆਇਆ ਕਿ ਮੈਂ ਉਸ ਨੂੰ ਟੁੱਟ ਕੇ ਹੀ ਪੈ ਗਿਆ ਸਾਂ, "ਸਾਡੀ ਪਿੱਠ ਪਿੱਛੇ ਇੱਟਾਂ ਚੁੱਕਣ ਤੇ ਗਾਲ੍ਹਾਂ ਕੱਢਣ, ਤੇਰਾ ਮੁੰਡਾ ਹੀ ਆਉਂਦਾ ਹੁੰਦਾ ਸੀ ਨਾ ? ਉਹਨੂੰ ਆਖ, ਜੇ ਇੱਕ ਪਿਓ ਦਾ ਏਂ ਤਾਂ ਹੁਣ ਆਵੇ, ਸਾਡੇ ਸਾਹਮਣੇ ਆ ਕੇ ਕਰੇ ਗੁੰਡਾਗਰਦੀ। ਫੇਰ ਦੱਸਾਂਗੇ ਉਹਨੂੰ ਕਿ ਕਿਵੇਂ ਕਿਸੇ ਦੇ ਘਰ ਅੱਗੇ ਆ ਕੇ ਲਲਕਾਰੇ ਮਾਰੀ ਦੇ ਨੇ ?" ਮੇਰੀ ਗੱਲ ਸੁਣ ਕੇ ਉਸ ਦੀ ਜਿਵੇਂ ਬੜੀ ਵੱਡੀ

ਚੋਰੀ ਫੜੀ ਗਈ ਸੀ। ਉਹ ਉਸੇ ਵੇਲ਼ੇ ਹੀ ਬਰਫ 'ਚ ਲੱਗ ਗਿਆ। ਭਰੀ ਪੰਚਾਇਤ ਵਿੱਚ ਉਸ ਨੂੰ ਕੋਈ ਵੀ ਗੱਲ ਨਹੀਂ ਸੀ ਆ ਰਹੀ।

ਉਸ ਨੂੰ ਚੁੱਪ ਹੋਇਆ ਵੇਖ ਕੇ ਮੈਂ ਫਿਰ ਕਿਹਾ, "ਚੱਲ ਆ, ਤੁਰ ਮੇਰੇ ਨਾਲ, ਚੱਲ ਉਸੇ ਥਾਂ 'ਤੇ। ਲਿਆ ਆਪਣੇ ਵੱਡੇ ਬਦਮਾਸ਼ ਨੂੰ। ਵਿਖਾਈਏ ਪੰਜੀ ਦਾ ਭੌਣ। ਸਾਡੀ ਸ਼ਰਾਫ਼ਤ ਨੂੰ ਕਮਜ਼ੋਰੀ ਹੀ ਸਮਝੀ ਜਾਂਦੇ ਐ ਉਏ। ਲਿਆ ਅਮਲੀ, ਜਿਹੜੇ ਤੂੰ ਸਾਡੇ ਗ਼ਲ ਪੁਆਉਣ ਨੂੰ ਫਿਰਦੈਂ। ਇੱਕ ਵਾਰ ਤੈਨੂੰ ਵੀ ਵੇਖ ਹੀ ਲਈਏ। ਨਸ਼ੇ ਹੀ ਵੇਚਦੈਂ, ਹੋਰ ਤੇਰੇ ਹਲ਼ ਨ੍ਹੀਂ ਵਗਦੇ ਜਿਹੜਾ ਆਕੜ ਆਕੜ ਕੇ ਬੋਲੀ ਜਾਂਦੈਂ। ਲਿਆ ਆਵਦੇ ਜਵਾਈ ਪੁਲਸੀਏ, ਜਿਨ੍ਹਾਂ ਦੇ ਸਿਰ 'ਤੇ ਚਾਂਭਲਿਆਂ ਫਿਰਦੈਂ।" ਇਹ ਗੱਲ ਮੈਂ ਸਾਰੇ ਹਾਜ਼ਰ ਬੰਦਿਆਂ ਨੂੰ ਸੰਬੋਧਿਤ ਹੋ ਕੇ ਪੂਰਾ ਲੋਹਾ ਲਾਖ਼ਾ ਹੁੰਦੇ ਹੋਏ ਨੇ ਆਖੀ।

"ਕਰਨੀਆਂ ਬਲੈਕਾਂ ਤੇ ਪੰਗੇ ਕਾਮਰੇਡਾਂ ਨਾਲ। ਇਹ ਹੀ ਤੁਹਾਨੂੰ ਸ਼ਰੀਫ਼ ਟੱਕਰੇ ਐ, ਕਿਸੇ ਮੇਰੇ ਵਰਗੇ ਨਾਲ ਸਿੱਧਾ ਪਾਲ਼ਾ ਪਿਆ ਹੁੰਦਾ ਤਾਂ ਘੁੱਗੀ ਘੈਂ ਕਰ ਕੇ ਰੱਖ ਦੇਣੀ ਸੀ। ਸਮਾਜ 'ਚ ਰਹਿਣ ਦਾ ਵੱਲ ਸਿੱਖੋ ਪਹਿਲਾਂ।" ਦਰਸ਼ਨ ਸਿੰਘ ਤੂਰ ਨੇ ਤੈਸ਼ ਵਿੱਚ ਆ ਕੇ ਕਿਹਾ। ਇਹਨਾਂ ਗੱਲਾਂ ਨੂੰ ਸੁਣ ਕੇ ਉਹ ਬਲੈਕੀਆ ਤਾਂ ਮੂਤ ਦੀ ਝੱਗ ਵਾਂਗ ਬੈਠ ਗਿਆ ਸੀ।

ਦੂਜੀ ਧਿਰ ਦਾ ਇੱਕ ਬੰਦਾ ਧੀਮੀ ਆਵਾਜ਼ ਵਿੱਚ ਬੋਲਿਆ, "ਜੀ, ਕਾਗਜ਼ਾਂ ਮੁਤਾਬਕ ਜਗ੍ਹਾ ਤਾਂ ਤੁਹਾਡੀ ਹੀ ਹੈ। ਵੇਖ ਲਓ, ਕਿਵੇਂ ਕਰਨਾ ਹੈ ?" ਉਸ ਦੇ ਬੋਲ ਸੁਣ ਕੇ ਯਾਦਵਿੰਦਰ ਨੇ ਦੋਵੇਂ ਹੱਥ ਜੋੜ ਕੇ ਨਿਮਰਤਾ ਨਾਲ ਉੱਤਰ ਦਿੱਤਾ, "ਸ਼ੁਕਰ ਹੈ ਅੱਜ ਤੁਹਾਡੀ ਧਿਰ ਨੇ ਪਹਿਲੀ ਵਾਰ ਆਪਣੇ ਮੂੰਹੋ ਸੱਚੇ ਬਚਨ-ਬਿਲਾਸ ਕੀਤੇ ਹਨ। ਮਨ ਬੜਾ ਖੁਸ਼ ਹੋਇਐ।"

ਦੂਜੀ ਧਿਰ ਇਸ ਗੱਲ 'ਤੇ ਹੀ ਅੜੀ ਹੋਈ ਸੀ ਕਿ ਉਸ ਜਗ੍ਹਾ ਉੱਤੇ ਕੰਧ ਹੋਣ ਨਾਲ ਗਲੀ ਤੰਗ ਹੋ ਜਾਣੀ ਹੈ ਤੇ ਇਸ ਨਾਲ ਸਭ ਨੂੰ ਤਕਲੀਫ਼ ਹੋਵੇਗੀ। ਅਸੀਂ ਇਸ ਗੱਲ 'ਤੇ ਪੱਕੇ ਸਾਂ ਕਿ ਜਦ ਗੁਰਨੇਕ ਨਜਾਇਜ਼ ਕਬਜ਼ਾ ਕਰੀ ਬੈਠਾ ਹੈ ਤੇ ਉਹਦੇ ਦਰਵਾਜ਼ੇ ਚੋਂ ਹੀ ਗਲੀ ਭੀੜੀ ਹੈ ਜਦ ਕਿ ਸਾਡੀ ਜਗ੍ਹਾ ਸਾਨੂੰ ਮਿਲਣ ਉਪਰੰਤ ਵੀ ਵੀਹ ਫੁੱਟ ਤੋਂ ਵੱਧ ਗਲੀ ਫਿਰ ਵੀ ਬਚ ਰਹੀ ਹੈ ਤਾਂ ਇਸ ਵਿੱਚ ਕਿਸੇ ਦੇ ਤੰਗ-ਪ੍ਰੇਸ਼ਾਨ ਹੋਣ ਦੀ ਕੋਈ ਵਜ੍ਹਾ ਨਹੀਂ ਬਣਦੀ।

"ਤੁਸੀਂ ਵਾਰ-ਵਾਰ ਆਖ ਰਹੇ ਹੋ ਨਾ ਕਿ ਮੈਂ ਗਲੀ ਨੱਪੀ ਹੋਈ ਹੈ ਤੇ ਰਜਿਸਟਰੀ ਵੀ ਮੰਗੀ ਜਾਂਦੇ ਹੋ। ਜਾਓ ਲਾ ਲਵੋ ਜ਼ੋਰ, ਮੈਂ ਨ੍ਹੀਂ ਰਜਿਸਟਰੀ ਵਿਖਾਉਂਦਾ ਤੇ ਜੇ ਹਿੰਮਤ ਹੈ ਤਾਂ ਕਬਜ਼ਾ ਛੁਡਵਾਅ ਕੇ ਵੇਖ ਲਓ। ਮੇਰੀਆਂ ਤਾਂ ਦੋ ਮੰਜ਼ਿਲਾਂ ਬਣਾਈਆਂ ਪਈਆਂ ਨੇ।" ਗੁਰਨੇਕ ਪੂਰੇ ਰੋਅਬ ਵਿੱਚ ਅਤੇ ਹੰਕਾਰ ਨਾਲ ਬੋਲਿਆ।

"ਤੂੰ ? ਤੂੰ ਗੱਲ ਕਰਦਾ ਏਂ ਸਾਡੇ ਨਾਲ, ਵੱਡਿਆ ਚੋਰਾ। ਅਸੀਂ ਅਜੇ ਤੇਰੇ ਵੱਲ ਤਾਂ ਅਜੇ ਹੋਏ ਈ ਨ੍ਹੀਂ। ਜਿਸ ਦਿਨ ਤੈਨੂੰ ਵੀ ਸਿੱਧੇ ਹੋ ਗਏ, ਤੂੰ ਤਾਂ ਸੁਪਨੇ ਵਿੱਚ ਉੱਠ-ਉੱਠ ਕੇ ਆਪਣੀ ਰਜਿਸਟਰੀ ਦੀਆਂ ਦੂਹਰੀਆਂ ਦੂਹਰੀਆਂ ਕਾਪੀਆਂ ਸਾਨੂੰ ਵਿਖਾਉਂਦਾ ਫਿਰੇਂਗਾ। ਪੁਆੜੇ ਦੀਏ ਜੜ੍ਹੇ। ਤੈਨੂੰ ਵੀ ਵੇਖਦੇ ਆਂ। ਅਸੀਂ ਸਮਾਜ ਵਿੱਚ ਚੰਗੀ ਤਰ੍ਹਾਂ ਰਹਿਣ ਖ਼ਾਤਰ ਚਾਹੁੰਦੇ ਹਾਂ ਕਿ ਸਮਝੌਤਾ ਵਧੀਆ ਚੀਜ਼ ਹੁੰਦੀ ਹੈ ਪਰ ਤੂੰ ਇਸ ਗੱਲ ਨੂੰ ਸਮਝ ਹੀ ਨਹੀਂ ਰਿਹਾ। ਜਦ ਅਸੀਂ ਤੇਰੇ ਇਸ ਕਬਜ਼ੇ ਵਾਲੇ ਥਾਂ ਸਬੰਧੀ ਇੱਕ ਬ੍ਰਹਮ ਅਸਤਰ ਚਲਾ ਦਿੱਤਾ ਤਾਂ ਤੁਹਾਡੀਆਂ ਤਿੰਨ ਪੀੜ੍ਹੀਆਂ ਵੀ ਵਾਹੀਆਂ ਬੀਜੀਆਂ ਹਰੀਆਂ ਨ੍ਹੀਂ ਹੋਣੀਆਂ। ਇਹਨਾਂ ਦੀ ਬੋਲਤੀ ਤਾਂ ਬੰਦ ਕਰ ਦਿੱਤੀ ਹੈ, ਤੇਰੇ ਵਿਰੁੱਧ ਵੀ ਬਹੁਤ ਕੁਝ ਹੈ, ਸਾਡੇ ਕੋਲ। ਜੇ ਚਾਹੁੰਦੈਂ ਤਾਂ ਇਸ ਭਰੀ ਸਭਾ 'ਚ ਸਾਰੇ ਸਬੂਤ ਪੇਸ਼ ਕਰੀਏ ?" ਯਾਦਵਿੰਦਰ ਜਪਨਾਮ ਹੁਰਾਂ ਵੱਲ ਇਸ਼ਾਰਾ ਕਰ ਕੇ, ਉਸ ਨੂੰ ਚਾਰੇ ਚੁੱਕ ਕੇ ਪੈ ਨਿਕਲਿਆ। ਮੈਂ ਉਸ ਦਾ ਗੋਡਾ ਨੱਪ ਦਿੱਤਾ ਤਾਂ ਕਿ ਉਹ 'ਬ੍ਰਹਮ ਅਸਤਰ' ਵਾਲੀ ਗੱਲ ਦਾ ਭੇਤ ਅਜੇ ਬਣਿਆ ਹੀ ਰਹਿਣ ਦੇਵੇ। ਮੇਰੀ ਨਜ਼ਰ ਗੁਰਨੇਕ ਦੇ ਚਿਹਰੇ 'ਤੇ ਪਈ ਤਾਂ ਮੈਂ ਉਸ ਦਾ ਚਿਹਰਾ ਪਹਿਲੀ ਵਾਰ ਪੀਲਾ ਪੈਂਦਾ ਵੇਖਿਆ।

"ਅਜੇ ਤਾਂ ਅਸੀਂ ਕਿਸੇ ਦੇ ਬਚਨ ਦੇ ਬੱਧੇ ਹੋਏ ਆਂ, ਨਹੀਂ ਤਾਂ ਸਬੂਤ ਤਾਂ ਮੇਰੀ ਜੇਬ ਵਿੱਚ ਹੈ। ਤੁਸੀਂ ਤਾਂ ਸਾਡੇ ਇੱਕ ਝਟਕੇ ਦੀ ਮਾਰ ਨ੍ਹੀਂ। ਵੱਡੇ ਬਣੇ ਫਿਰਦੇ ਓ ਬਦਮਾਸ਼, ਖਾਕੀ ਕੁੱਤਿਆਂ ਦੇ ਸਿਰ 'ਤੇ ਹੀ।" ਮੈਂ ਆਪਣੀ ਜੇਬ 'ਚੋਂ ਆਪਣਾ ਮੋਬਾਈਲ ਕੱਢ ਕੇ ਵਿਖਾਉਂਦਿਆਂ ਕਿਹਾ।

ਜਿਵੇਂ ਕਹਿੰਦੇ ਹਨ ਕਿ ਚੋਰ ਨੂੰ ਆਪਣਾ ਪਾਲ਼ਾ ਮਾਰ ਜਾਂਦਾ ਹੈ। ਇਸੇ ਤਰ੍ਹਾਂ ਉਹ ਯਾਦਵਿੰਦਰ ਤੇ ਮੇਰੀ ਕੋਰੀ ਕਰਾਰੀ ਗੱਲ ਸੁਣ ਕੇ ਗੁਰਨੇਕ ਗੁੰਮ-ਸੁੰਮ ਹੀ ਹੋ ਗਿਆ। ਉਸ ਨੂੰ ਪਤਾ ਹੀ ਨਾ ਲੱਗਾ ਕਿ ਡੂੰਮਣੇ ਦੇ ਛੱਤੇ ਉੱਤੇ ਰੋੜਾ ਮਾਰ ਕੇ ਉਹ ਕਿੱਧਰ ਨੂੰ ਭੱਜੇ।

ਇਸ ਰੌਲ਼ੇ-ਰੱਪੇ ਵਿੱਚ ਹੀ ਸਾਰੀ ਗੱਲਬਾਤ ਨੂੰ ਧਿਆਨ ਨਾਲ ਸੁਣ ਰਹੇ ਬਲਵੰਤ ਮਖੂ ਨੇ ਸਭ ਨੂੰ ਚੁੱਪ ਕਰਵਾਅ ਕੇ, ਆਪਣੇ ਵੱਲੋਂ ਇੱਕ ਸੁਝਾਅ ਪੇਸ਼ ਕੀਤਾ, "ਵੇਖੋ ਜੀ, ਅਸੀਂ ਇਸ ਕੇਸ ਨਾਲ ਪਹਿਲੇ ਦਿਨੋਂ ਹੀ ਜੁੜੇ ਹੋਏ ਹਾਂ ਤੇ ਸਾਨੂੰ ਇਸ ਕੇਸ ਦਾ ਇੱਕ-ਇੱਕ ਪਹਿਲੂ ਪਤਾ ਹੈ। ਦੋਵਾਂ ਧਿਰਾਂ ਦੀ ਗੱਲਬਾਤ ਸੁਣਨ ਤੋਂ ਬਾਅਦ ਮੇਰੇ ਦਿਮਾਗ਼ ਵਿੱਚ ਇਸ ਸਮੱਸਿਆ ਦਾ ਇੱਕ ਹੱਲ ਉਪਜ ਰਿਹਾ ਹੈ ਜੇ ਆਖੋ ਤਾਂ ਦੱਸਾਂ ?" ਜਦ ਸਭ ਨੇ ਉਸ ਨੂੰ ਸਹਿਮਤੀ ਦੇ ਦਿੱਤੀ ਤੇ ਉਹਨਾਂ ਨੇ ਬੋਲਣਾ ਸ਼ੁਰੂ ਕਰ ਦਿੱਤਾ,

"ਵੇਖੋ ਜੀ, ਗੱਲ ਬੜੀ ਵਧ ਚੁੱਕੀ ਹੈ। ਸਰਕਾਰੀ ਰਿਕਾਰਡ ਮੁਤਾਬਕ ਵੀ, ਇਹ ਜਗ੍ਹਾ ਇਸ ਮੁੰਡੇ ਦੀ ਹੀ ਬਣਦੀ ਹੈ ਤੇ ਇਹ ਇਸ ਨੂੰ ਵਰਤਦੇ ਵੀ

ਆ ਰਹੇ ਨੇ। ਗਲੀ ਦੇ ਕੁਝ ਬੰਦਿਆਂ ਨੂੰ ਇਸ ਥਾਂ ਉੱਤੇ ਕੰਧ ਕਰਨ ਵਿੱਚ ਇਤਰਾਜ਼ ਹੈ। ਚਲੋ, ਆਪਾਂ ਇਸ ਇਤਰਾਜ਼ ਨੂੰ ਕੁਝ ਦੇਰ ਲਈ ਠੀਕ ਵੀ ਮੰਨ ਲੈਂਦੇ ਹਾਂ। ਹੁਣ ਇਹਨਾਂ ਦੀ ਗੱਲ ਕਰਦੇ ਹਾਂ ਕਿ ਇਹਨਾਂ ਨੂੰ ਗੁਰਨੇਕ ਦੀ ਨਜਾਇਜ਼ ਉਸਾਰੀ 'ਤੇ ਇਤਰਾਜ਼ ਹੈ ਜੋ ਕਿ ਬਿਲਕੁਲ ਜਾਇਜ਼ ਵੀ ਹੈ। ਗੁਰਨੇਕ ਸਾਹਮਣੇ ਬੈਠਾ ਹੈ ਤੇ ਇਸ ਕੋਲ ਆਪਣੀ ਮਾਲਕੀ ਨੂੰ ਦਰਸਾਉਂਦਾ ਹੋਇਆ ਕੋਈ ਵੀ ਸਬੂਤ ਨਹੀਂ ਹੈ।" ਇਹ ਗੱਲ ਸੁਣ ਕੇ ਗੁਰਨੇਕ ਦੀ ਨੀਵੀਂ ਪੈ ਗਈ ਤੇ ਉਸ ਤੋਂ ਕੁਝ ਵੀ ਬੋਲਿਆ ਨਾ ਗਿਆ।

"ਦੋਵਾਂ ਧਿਰਾਂ ਨੂੰ ਸੰਤੁਸ਼ਟ ਕਰਨ ਦਾ ਇੱਕੋ ਇੱਕ ਹੱਲ ਇਹ ਹੀ ਹੈ ਕਿ ਇਹ ਧਿਰ ਆਪਣੀ ਖਰੀਦੀ ਹੋਈ ਜਗ੍ਹਾ 'ਤੇ ਵੀ ਕੰਧ ਨਹੀਂ ਕਰੇਗੀ ਅਤੇ ਗੁਰਨੇਕ ਨੇ ਜਿੰਨੀ ਜਗ੍ਹਾ ਵੱਧ ਵਲ਼ੀ ਹੋਈ ਹੈ, ਉਹ ਉੱਥੋਂ ਆਪਣਾ ਕਬਜ਼ਾ ਛੱਡ ਦੇਵੇ। ਉਸ ਦੀ ਢਾਹ-ਢੁਆਹੀ 'ਤੇ ਜੋ ਵੀ ਖ਼ਰਚਾ ਹੋਵੇਗਾ, ਉਹ ਇਹ ਮੁੰਡਾ ਦੇ ਦੇਵੇਗਾ। ਜੇ ਇਹ ਨਹੀਂ ਦੇਵੇਗਾ ਤਾਂ ਅਸੀਂ ਜਥੇਬੰਦੀ ਦੇ ਤੌਰ 'ਤੇ 'ਕੱਠਾ ਕਰਕੇ ਗੁਰਨੇਕ ਨੂੰ ਦੇ ਦੇਵਾਂਗੇ।"

"ਸਾਨੂੰ ਮਨਜ਼ੂਰ ਹੈ। ਖਰਚਾ ਯੂਨੀਅਨ ਨਹੀਂ ਮੈਂ ਕਰਾਂਗਾ।" ਮੇਰੇ ਪਿਤਾ ਜੀ ਨੇ ਛਾਤੀ ਉੱਤੇ ਹੱਥ ਮਾਰ ਕੇ ਆਖਿਆ।

ਇਹ ਗੱਲ ਸੁਣ ਕੇ ਦੂਜੀ ਧਿਰ ਨੂੰ ਤਾਂ ਹੱਥਾਂ ਪੈਰਾਂ ਦੀ ਹੀ ਪੈ ਗਈ। ਉਹ ਇਸ ਤਜ਼ਵੀਜ਼ ਦਾ ਵਿਰੋਧ ਕਰਨ ਲੱਗ ਪਏ।

ਬਲਵੰਤ ਮਖੂ ਨੇ ਉਹਨਾਂ ਨੂੰ ਚੁੱਪ ਕਰਵਾਇਆ ਉਹਨਾਂ ਦੀ ਹਿਮਾਇਤ ਵਿੱਚ ਆਏ ਬੰਦਿਆਂ ਨੂੰ ਸੰਬੋਧਿਤ ਹੋਇਆ, "ਹੁਣ ਤੁਹਾਨੂੰ ਵੀ ਪਤਾ ਲੱਗ ਗਿਆ ਹੈ ਕਿ ਤੁਸੀਂ ਗ਼ਲਤ ਬੰਦੇ ਦੀ ਮਦਦ ਕਰਨ ਆਏ ਹੋ। ਇਸ ਲਈ ਆਪਣੀ ਫੋਕੀ ਹਿੰਡ ਛੱਡ ਦੇਵੋ। ਜੇ ਤੁਸੀਂ ਨਜਾਇਜ਼ ਕਬਜ਼ਾ ਢੁਆ ਨਹੀਂ ਸਕਦੇ ਤਾਂ ਤੁਸੀਂ ਜਾਇਜ਼ ਨੂੰ ਰੋਕਣ ਵਾਲੇ ਵੀ ਕੌਣ ਹੁੰਦੇ ਹੋ ? ਜੇ ਤੁਸੀਂ ਅੱਜ ਝਗੜੇ ਨੂੰ ਹੁਣੇ ਨਿਬੇੜਦੇ ਹੋ ਤਾਂ ਮੈਂ ਆਪਣੇ ਤੌਰ 'ਤੇ ਇੱਕ ਫੁੱਟ ਜਗ੍ਹਾ ਇਹਨਾਂ ਤੋਂ ਛੁਡਵਾਅ ਦੇਵਾਂਗਾ। ਏਨਾ ਕੁ ਮਾਣ ਮੈਨੂੰ ਇਹਨਾਂ ਤੇ ਹੈ। ਇਹ ਮੇਰੀ ਗੱਲ ਮੋੜਨਗੇ ਨਹੀਂ।"

ਮੈਂ ਅੰਕਲ ਦੀ ਇਸ ਮਾਣ ਵਾਲੀ ਗੱਲ 'ਤੇ ਫੁੱਲ ਚੜ੍ਹਾਉਣ ਹਿੱਤ ਉਸ ਦੀ ਤਾਈਦ ਕਰ ਦਿੱਤੀ। ਦੂਜੀ ਧਿਰ ਨੂੰ ਕੋਈ ਵੀ ਤਰਕ ਸੰਗਤ ਗੱਲ ਨਹੀਂ ਸੁੱਝ ਰਹੀ ਸੀ ਤੇ ਉਹ ਤਾਂ ਸਿਰਫ਼ ਹੋ ਹੱਲਾ ਕਰਕੇ ਹੀ ਸਾਨੂੰ ਦਬਾਉਣਾ ਤੇ ਦਬਕਾਉਣਾ ਚਾਹੁੰਦੇ ਸਨ। ਪਰ ਉਹ ਸਾਡੀਆਂ ਸੱਚ ਭਰੀਆਂ ਦਲੀਲਾਂ ਅੱਗੇ ਆਪਣੇ ਮਨਸੂਬੇ ਵਿੱਚ ਸਫ਼ਲ ਨਹੀਂ ਸਨ ਹੋ ਰਹੇ।

ਘੰਟਾ ਭਰ ਘੈਂਸ-ਘੈਂਸ ਹੁੰਦੀ ਰਹੀ ਤੇ ਗੱਲ ਫਿਰ ਰੌਲ਼ੇ ਵਿੱਚ ਹੀ ਪੈ ਚੁੱਕੀ ਸੀ। ਜ਼ਿਆਦਾ ਵਧਾਣ ਵਧਦਾ ਵੇਖ ਕੇ ਐਮ.ਸੀ. ਸੁਰਜੀਤ ਸਿੰਘ ਨੇ ਆਖਿਆ

ਕਿ ਮੈਨੂੰ ਇਸ ਮਾਮਲੇ ਨੂੰ ਪੂਰੀ ਤਰ੍ਹਾਂ ਘੋਖਣ ਅਤੇ ਫ਼ੈਸਲਾ ਕਰਨ ਲਈ ਕੁਝ ਸਮਾਂ ਚਾਹੀਦਾ ਹੈ। ਮੈਂ ਦੋਵਾਂ ਧਿਰਾਂ ਨਾਲ ਉਹਨਾਂ ਦੇ ਘਰ ਜਾ ਕੇ ਗੱਲ ਕਰਾਂਗਾ। ਕ੍ਰਿਪਾ ਕਰਕੇ ਮੈਨੂੰ ਇੱਕ ਦੋ ਦਿਨ ਦਾ ਸਮਾਂ ਦੇ ਦਿਓ। ਮੈਂ ਆਪੇ ਮਸਲਾ ਹੱਲ ਕਰਵਾਅ ਦਿਆਂਗਾ। ਹੁਣ ਇਸ ਤਰ੍ਹਾਂ ਇਕੱਠ ਨਹੀਂ ਕਰਨਾ। ਸਿਰਫ਼ ਦੋਵੇਂ ਮੁੱਖ ਪਰਿਵਾਰਾਂ ਨਾਲ ਹੀ ਗੱਲਬਾਤ ਕੀਤੀ ਜਾਵੇਗੀ। ਇਸ ਲਈ ਹੋਰ ਕਿਸੇ ਨੂੰ ਵੀ ਇਤਰਾਜ਼ ਨਹੀਂ ਹੋਣਾ ਚਾਹੀਦਾ।

ਸਭ ਇਸ ਰਾਇ ਨਾਲ ਰਾਜ਼ੀ ਹੋ ਗਏ ਤੇ ਉੱਠ ਕੇ ਉਸ ਦੇ ਘਰ ਤੋਂ ਬਾਹਰ ਆ ਗਏ। ਕੁਝ ਸਮਾਂ ਦੋਵੇਂ ਧਿਰਾਂ ਗਲੀ ਵਿੱਚ ਟੋਲੀਆਂ ਬਣਾਅ ਕੇ ਆਪਣੀ ਅਗ਼ਲੀ ਰਣਨੀਤੀ ਤੈਅ ਕਰਨ ਵਿੱਚ ਲੱਗੀਆਂ ਰਹੀਆਂ। ਅਸੀਂ ਸਭ ਨੂੰ ਘਰ ਆ ਕੇ ਰੋਟੀ ਪਾਣੀ ਛਕਣ ਅਤੇ ਪੈੱਗ ਲਾਉਣ ਦੀ ਸੁਲ੍ਹਾ ਮਾਰੀ ਪਰ ਸਾਰਿਆਂ ਨੇ ਹੀ ਧੰਨਵਾਦੀ ਨਾਂਹ ਕਰ ਦਿੱਤੀ ਅਤੇ ਕੁਝ ਦੇਰ ਬਾਅਦ ਸਭ ਆਪੋ-ਆਪਣੇ ਘਰਾਂ ਨੂੰ ਤੁਰ ਪਏ।

ਘਰ ਆ ਕੇ ਵੀ ਅਸੀਂ ਇਸ ਸਾਰੀ ਹੋਈ ਗੱਲਬਾਤ ਦੇ ਅਰਥ ਕੱਢਦੇ ਰਹੇ। ਸਾਨੂੰ ਇੱਕ ਤਸੱਲੀ ਤਾਂ ਇਹ ਹੋਈ ਕਿ ਦੂਜੀ ਧਿਰ ਕੋਲ ਕੋਈ ਵੀ ਤਰਕ ਨਹੀਂ ਸੀ ਤੇ ਉਹਨਾਂ ਦੇ ਨਾਲ ਆਏ ਮੁਹੱਲੇ ਦੇ ਸਭ ਬੰਦਿਆਂ ਨੂੰ ਸਚਾਈ ਦਾ ਪਤਾ ਸੀ ਅਤੇ ਇਹ ਗਿਆਨ ਹੋਣ ਦੇ ਬਾਵਜੂਦ ਵੀ ਉਹ ਕੇਵਲ ਮੂੰਹ-ਮੁਲ੍ਹਾਜ਼ੇ ਕਾਰਨ ਹੀ ਉਹਨਾਂ ਨਾਲ ਆਏ ਸਨ। ਇਸ ਗੱਲ ਦਾ ਪੱਕਾ ਯਕੀਨ ਸਾਨੂੰ ਉਦੋਂ ਹੋ ਗਿਆ ਜਦ ਉਹਨਾਂ ਨਾਲ ਤੁਰਨ ਵਾਲਿਆਂ ਵਿੱਚੋਂ ਕਈਆਂ ਨੇ ਸਾਨੂੰ ਫ਼ੋਨ ਕਰ ਕੇ ਇਸ ਗੱਲ ਦਾ ਅਫ਼ਸੋਸ ਜ਼ਾਹਿਰ ਕੀਤਾ ਸੀ ਕਿ ਉਹ ਤਾਂ ਉਹਨਾਂ ਨੂੰ ਧੱਕੇ ਨਾਲ ਹੀ ਉੱਥੇ ਲੈ ਕੇ ਗਏ ਸਨ। ਸਾਨੂੰ ਪਹਿਲਾਂ ਵੀ ਪਤਾ ਸੀ ਪਰ ਅੱਜ ਤਾਂ ਸਾਰੀ ਸਚਾਈ ਦਾ ਹੀ ਪਤਾ ਲੱਗ ਗਿਆ ਸੀ। ਇੱਕ ਦੋ ਨੂੰ ਤਾਂ ਐਸ.ਐਸ.ਪੀ. ਦਫ਼ਤਰ ਵਿੱਚ ਕੋਈ ਦਫ਼ਤਰੀ ਕੰਮ ਕਾਰ ਸੀ, ਜਿਸ ਕਰਕੇ ਉਹ ਜਪਨਾਮ ਦੇ ਆਖੇ ਹੀ ਗਏ ਸਨ। ਉਹ ਅੱਗੇ ਤੋਂ ਉਹਨਾਂ ਦੇ ਨਾਲ ਨਾ ਤੁਰਨ ਦੀ ਗੱਲ ਵੀ ਆਖ ਰਹੇ ਸਨ। ਇਹਨਾਂ ਗੱਲਾਂ ਨੇ ਵੀ ਸਾਨੂੰ ਕੁਝ ਤਸੱਲੀ ਦਿੱਤੀ।

ਉਹਨਾਂ ਦੀਆਂ ਗੱਲਾਂ ਵਿੱਚੋਂ ਇਹ ਝਲਕ ਵੀ ਸਪੱਸ਼ਟ ਵਿਖਾਈ ਦੇ ਰਹੀ ਸੀ ਕਿ ਹੁਣ ਦੋਵੇਂ ਪੁਲਿਸ ਵਾਲੇ ਤਾਂ ਮਾਮਲੇ ਨੂੰ ਜਿਵੇਂ ਕਿਵੇਂ ਕਰਕੇ ਨਿਬੇੜਨਾ ਚਾਹੁੰਦੇ ਸਨ। ਉਹਨਾਂ ਦੀ ਹਾਲਤ ਤਾਂ 'ਖਿਸਿਆਣੀ ਬਿੱਲੀ ਖੰਭਾ ਨੋਚੇ' ਵਾਲੀ ਹੋਈ ਪਈ ਸੀ। ਪਰ ਗੁਰਨੇਕ ਦੀ ਧੌਣ ਵਿੱਚ ਅਜੇ ਵੀ ਕਿੱਲਾ ਅੜਿਆ ਹੋਇਆ ਸੀ। ਉਸ ਦੀ ਇੱਕ ਗੱਲ 'ਜਦ ਅਦਾਲਤ ਨੇ ਸਟੇਅ ਦਿੱਤਾ ਹੋਇਐ, ਆਪਾਂ ਕੇਸ ਨੂੰ ਚੱਲਣ ਦੇਈਏ। ਜੋ ਫ਼ੈਸਲਾ ਅਦਾਲਤ ਕਰੇਗੀ ਵੇਖ ਲਵਾਂਗੇ' ਸਾਨੂੰ ਬੜੀ ਹੀ ਚੁਭ ਰਹੀ ਸੀ। ਇਸ ਗੱਲ ਵਿੱਚੋਂ ਉਸ ਦੇ

ਅੰਦਰਲਾ ਹੰਕਾਰ ਸਾਫ਼ ਝਲਕ ਰਿਹਾ ਸੀ।

ਜਦ ਕਿਸੇ ਵਿੱਚ ਏਨੀ ਜ਼ਿਆਦਾ ਆਕੜ ਆ ਜਾਵੇ ਤਾਂ ਉਸ ਦਾ ਕੀਤਾ ਵੀ ਕੀ ਜਾ ਸਕਦਾ ਸੀ।ਹੁਣ ਅਸੀਂ ਉਸ ਦੀ ਸ਼ਿਕਾਇਤ ਸੂਬੇ ਦੀ ਸਭ ਤੋਂ ਵੱਡੀ ਅਥਾਰਟੀ ਨੂੰ ਕਰ ਚੁੱਕੇ ਸਾਂ।ਸ਼ਾਇਦ ਇਸ ਦਾ ਵੀ ਉਸ ਉੱਪਰ ਕੋਈ ਵੀ ਅਸਰ ਨਹੀਂ ਸੀ ਹੋਇਆ।ਅਜਿਹੀ ਸਥਿੱਤੀ ਵਿੱਚ ਅਸੀਂ ਵੀ ਲਾਚਾਰ ਹੋਏ ਪਏ ਸਾਂ?

ਇੱਕ ਦਿਨ ਪਾਰਕ ਵਿੱਚ ਸੈਰ ਕਰਦਿਆਂ ਮੈਨੂੰ ਸੁਰਜੀਤ ਸਿੰਘ ਮਿਲ ਪਿਆ।ਰਸਮੀ ਜਿਹੀਆਂ ਗੱਲਾਂ ਤੋਂ ਬਾਅਦ ਉਹ ਦੱਸਣ ਲੱਗ ਪਿਆ, "ਮੈਂ ਗੁਰਨੇਕ ਨਾਲ ਗੱਲ ਕੀਤੀ ਸੀ ਪਰ ਉਹ ਤੁਹਾਡੀ ਸਾਰੀ ਜਗ੍ਹਾ ਗਲੀ ਵਿੱਚ ਛੁਡਵਾਉਣ ਲਈ ਬਜ਼ਿਦ ਹੈ।ਇਸ ਲਈ ਹੀ ਮੈਂ ਦੁਬਾਰਾ ਤੁਹਾਡੇ ਕੋਲ ਨਹੀਂ ਆਇਆ।ਉਸ ਦੀ ਸੂਈ ਤਾਂ ਇੱਕੋ ਗੱਲ 'ਤੇ ਹੀ ਅੜੀ ਹੋਈ ਹੈ ਕਿ ਅਦਾਲਤ ਜੋ ਵੀ ਫ਼ੈਸਲਾ ਕਰ ਦੇਵੇਗੀ ਉਹ ਮੈਨੂੰ ਮਨਜ਼ੂਰ ਹੋਵੇਗਾ ਪਰ ਇਸ ਤਰ੍ਹਾਂ ਉਹਨਾਂ ਨੂੰ ਜਗ੍ਹਾ ਵਲਣ ਨਹੀਂ ਦੇਵਾਂਗਾ।

"ਤੁਸੀਂ, ਉਸ ਨੂੰ ਇਹ ਨ੍ਹੀਂ ਪੁੱਛਿਆ ਕਿ ਤੇਰੀ ਵੀ ਅੱਧੀ ਗਲੀ ਨੱਪੀ ਹੋਈ ਆ।" ਮੈਂ ਸ਼ਿਕਵੇ ਨਾਲ ਆਖਿਆ।

"ਮੈਂ ਤਾਂ ਆਖਿਆ ਸੀ ਪਰ ਉਹ ਆਖਣ ਲੱਗਾ ਕਿ ਜੇ ਕਿਸੇ ਵਿੱਚ ਹਿੰਮਤ ਹੈ ਤਾਂ ਮੇਰੇ ਤੋਂ ਛੁਡਵਾਅ ਲਵੇ।ਹੁਣ ਦੱਸੋ, ਮੈਂ ਕੀ ਕਰ ਸਕਦਾ ਹਾਂ।ਇਸ ਲਈ ਮੈਂ ਆਇਆ ਨਹੀਂ।" ਉਸ ਨੇ ਆਪਣੇ ਨਾ ਆਉਣ ਦੀ ਸਫ਼ਾਈ ਦਿੱਤੀ।

"ਚਲੋ ਜੀ, ਠੀਕ ਹੈ।ਅਸੀਂ ਮੁਕੱਦਮਾ ਲੜ ਲਵਾਂਗੇ, ਕੋਈ ਗੱਲ ਨਹੀਂ ਪਰ ਉਸ ਨੂੰ ਮੇਰਾ ਸੁਨੇਹਾ ਜ਼ਰੂਰ ਦੇ ਦਿਓ ਕਿ ਸਾਡੀ ਕੀਤੀ ਗਈ ਕਾਨੂੰਨੀ ਕਾਰਵਾਈ ਤੋਂ ਭੱਜੇ ਨਾ।ਸਾਹਮਣੇ ਹੋ ਕੇ ਲੜੇ, ਫੇਰ ਹੀ ਨਜ਼ਾਰਾ ਆਵੇਗਾ।" ਮੈਂ ਖਿਝ ਕੇ ਆਖਿਆ।

"ਨਹੀਂ ਛੋਟੇ ਵੀਰ, ਆਪਾਂ ਗੱਲ ਵਧਾਉਣੀ ਨਹੀਂ।ਮਸਲਾ ਹੱਲ ਹੀ ਕਰਨਾ ਹੈ।ਮੈਂ ਇੱਕ ਵਾਰ ਫਿਰ ਗੁਰਨੇਕ ਨੂੰ ਸਮਝਾਅ ਕੇ ਵੇਖਾਂਗਾ।"

ਸ਼ਾਇਦ ਉਹ ਮੇਰੀ ਦਿੱਤੀ ਹੋਈ ਧਮਕੀ ਨੂੰ ਸਮਝ ਗਿਆ ਸੀ ਤੇ ਮੁਹੱਲੇ ਦਾ ਐਮ. ਸੀ. ਹੋਣ ਕਰ ਕੇ ਮਸਲੇ ਨੂੰ ਜਲਦੀ ਤੇ ਸਹੀ ਢੰਗ ਨਾਲ ਨਿਬੇੜਨਾ ਚਾਹੁੰਦਾ ਸੀ।

ਮੈਂ ਕਿਹੜਾ ਇਸ ਮਸਲੇ ਨੂੰ ਵਧਾਅ ਕੇ ਰਾਜ਼ੀ ਸਾਂ।ਮੈਨੂੰ ਪਤਾ ਸੀ ਕਿ ਜੇ ਇਸ ਮਸਲੇ ਦਾ ਹੋਰ ਜ਼ਿਆਦਾ ਖਿਲਾਰਾ ਪੈ ਗਿਆ ਤਾਂ ਦੋਵਾਂ ਪੁਲਿਸ ਵਾਲਿਆਂ ਦੀ ਨੌਕਰੀ ਤਾਂ ਜਾਣੀ ਹੀ ਜਾਣੀ ਹੈ ਤੇ ਨਾਲ ਦੀ ਨਾਲ ਉਹਨਾਂ ਨੂੰ ਜੇਲ੍ਹ ਵੀ ਪੱਕੀ ਹੋ ਜਾਣੀ ਸੀ।ਗੁਰਨੇਕ ਦਾ ਘਰ ਤੁਰੰਤ ਢਹਿਣਾ ਤਾਂ ਬੇਸ਼ੱਕ

ਅਜੇ ਪੱਕਾ ਨਹੀਂ ਸੀ ਪਰ ਕੁਝ ਦੇਰ ਦੀ ਕਾਨੂੰਨੀ ਲੜਾਈ ਤੋਂ ਬਾਅਦ ਇਹ ਢਹਿਣਾ ਹੀ ਢਹਿਣਾ ਸੀ।

ਮੈਂ ਆਪਣੀ ਸੋਚ ਮੁਤਾਬਕ ਹੀ ਸੋਚ ਰਿਹਾ ਸਾਂ ਕਿ ਇਹਨਾਂ ਦੁਸ਼ਟਾਂ ਦਾ ਅੰਤ ਮੇਰੇ ਹੱਥੋਂ ਨਾ ਹੋਵੇ ਤੇ ਇਹ ਆਪਣੇ ਕੁਕਰਮਾਂ ਦੇ ਬੋਝ ਹੇਠ ਆਪ ਹੀ ਦਬ ਜਾਣ।

ਸ਼ਾਇਦ ਇਹ ਧਾਰਨਾ ਅਸਲੀ ਕਾਮਰੇਡਾਂ ਵਾਲੀ ਨਹੀਂ ਸੀ। ਜ਼ੁਲਮ ਦਾ ਨਾਸ਼ ਕਰਨ ਲਈ ਬੰਦੇ ਨੂੰ ਹਥਿਆਰ ਉਠਾਉਣੇ ਹੀ ਪੈਂਦੇ ਹਨ। ਮੈਂ ਇਤਿਹਾਸ ਦਾ ਵਿਦਿਆਰਥੀ ਅਤੇ ਅਧਿਆਪਕ ਹੋਣ ਦੇ ਨਾਤੇ ਪਿੱਛੇ ਵੱਲ ਨਜ਼ਰ ਮਾਰੀ। ਇਕਦਮ ਮੇਰੀਆਂ ਨਜ਼ਰਾਂ ਸਾਹਵੇਂ ਬਹੁਤ ਕੁਝ ਘੁੰਮ ਗਿਆ। ਮੈਂ ਸੋਚ ਰਿਹਾ ਸਾਂ ਕਿ ਗੁਰੂ ਨਾਨਕ ਦੇਵ ਜੀ ਨੂੰ ਬਾਬਰ ਅਤੇ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਨਾਲ ਟੱਕਰ ਕਿਉਂ ਲੈਣੀ ਪਈ ? ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸਾਰੀ ਉਮਰ ਜ਼ੁਲਮ ਦੇ ਵਿਰੁੱਧ ਲੜਾਈ ਲੜਦਿਆਂ ਹੀ ਲੰਘ ਗਈ। ਗੁਰੂ ਗੋਬਿੰਦ ਸਿੰਘ ਜੀ ਦਾ ਸੰਘਰਸ਼ਮਈ ਜੀਵਨ ਵੀ ਮੇਰੀ ਸੋਚ 'ਤੇ ਭਾਰੂ ਹੋ ਜਾਂਦਾ ਸੀ। ਮੈਂ ਸੋਚ ਰਿਹਾ ਸਾਂ ਕਿ ਉਹਨਾਂ ਨੂੰ ਆਪਣਾ ਸਾਰਾ ਸਰਬੰਸ ਅਤੇ ਪਿਆਰੇ ਸਿੱਖ ਵਾਰਨ ਦੀ ਕੀ ਲੋੜ ਸੀ ? ਉਹਨਾਂ ਵੱਲੋਂ, ਇਹ ਹਕੂਮਤੀ ਧਿਰ ਦੁਆਰਾ ਕੀਤੇ ਜਾ ਰਹੇ ਜ਼ੁਲਮਾਂ ਦੇ ਵਿਰੁੱਧ ਤਲਵਾਰ ਚੁੱਕਣ ਵਾਲਾ ਕਰਮ ਹੀ ਸੀ। ਬੰਦਾ ਸਿੰਘ ਬਹਾਦਰ ਨੂੰ ਮੌਜ਼ ਮਸਤੀ ਵਾਲੀ ਸਾਧਗੀਰੀ ਛੱਡ ਕੇ ਅਜਿਹੀਆਂ ਮੁਸੀਬਤਾਂ ਵਿੱਚ ਪੈਣ ਦੀ ਕੀ ਲੋੜ ਸੀ ? ਸੋਚਦਿਆਂ ਸੋਚਦਿਆਂ ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ, ਭਗਤ ਸਿੰਘ, ਰਾਜਗੁਰੂ, ਸੁਖਦੇਵ, ਸੁਭਾਸ਼ ਚੰਦਰ ਬੋਸ ਤੇ ਜੁਝਾਰੂ ਧਿਰ ਨਾਲ ਜੁੜੇ ਹੋਏ ਹੋਰ ਸ਼ਹੀਦ ਚੇਤੇ ਆਉਂਦੇ ਰਹਿੰਦੇ।

ਲੰਬੇ ਚਿਤਵਨ ਤੋਂ ਬਾਅਦ ਮੈਨੂੰ ਆਪਣੇ ਆਪ 'ਤੇ ਬਹੁਤ ਗੁੱਸਾ ਆ ਰਿਹਾ ਸੀ ਕਿ ਮੈਂ ਇੱਕ ਜੁਝਾਰੂ ਪਰਿਵਾਰ ਦੇ ਵਿੱਚ ਪੈਦਾ ਹੋ ਕੇ ਵੀ ਦੁਸ਼ਟਾਂ ਦਾ ਪਹਿਲੇ ਹੱਲੇ ਹੀ ਨਾਸ਼ ਕਰਨ ਦੀ ਬਜਾਇ ਗਾਂਧੀਵਾਦੀ ਸਿਧਾਂਤਾਂ 'ਤੇ ਚਲਦਾ ਹੋਇਆ, ਜਿਵੇਂ ਉਸ ਨੇ ਕਿਸੇ ਵੱਲੋਂ ਚਪੇੜ ਮਾਰਨ 'ਤੇ ਆਪਣੀ ਦੂਜੀ ਗੱਲ੍ਹ ਵੀ ਉਸ ਦੇ ਅੱਗੇ ਕਰ ਦਿੱਤੀ ਸੀ, ਵਾਂਙ ਉਹਨਾਂ ਨਾਲ ਬਹੁਤ ਹੀ ਨਰਮੀ ਨਾਲ ਪੇਸ਼ ਆ ਰਿਹਾ ਸਾਂ ਅਤੇ ਉਹਨਾਂ ਨੂੰ ਵਾਰ-ਵਾਰ ਸੁਧਰਨ ਦਾ ਮੌਕਾ ਦੇਈ ਜਾ ਰਿਹਾ ਸਾਂ।

ਮੇਰੀ ਮਾਨਸਿਕ ਹਾਲਤ ਬੜੀ ਹੀ ਅਜੀਬੋ-ਗ਼ਰੀਬ ਬਣ ਚੁੱਕੀ ਸੀ ਕਿਉਂਕਿ ਜੁਝਾਰਵਾਦੀ ਸਿਧਾਂਤਾਂ ਮੁਤਾਬਕ ਤਾਂ ਮੈਂ ਦੂਜੀ ਧਿਰ ਦਾ ਅੰਤ ਕੁਝ ਹੀ ਪਲਾਂ ਵਿੱਚ ਕਰ ਸਕਦਾ ਸਾਂ ਪਰ ਆਪਣੀ ਅਖੌਤੀ ਸੋਚ ਕਾਰਨ ਅਜੇ ਵੀ ਦੂਜੀ ਧਿਰ ਨੂੰ ਸੁਧਰ ਜਾਣ ਦਾ ਮੌਕੇ 'ਤੇ ਮੌਕਾ ਦੇਈ ਜਾ ਰਿਹਾ ਸਾਂ। ਮੇਰੀ

ਸਮਝ 'ਚ ਨਹੀਂ ਸੀ ਆ ਰਿਹਾ ਕਿ ਜਿੰਨ੍ਹਾਂ ਬੰਦਿਆਂ ਨੇ ਮੈਨੂੰ ਆਤਮ ਹੱਤਿਆ ਕਰ ਲੈਣ ਦੀ ਨੌਬਤ ਤੀਕਰ ਪਹੁੰਚਾਅ ਦਿੱਤਾ ਸੀ, ਅੱਜ ਤੱਕ ਮੈਂ ਲਗਾਤਾਰ 'ਉਹਨਾਂ ਦਾ ਕੋਈ ਨੁਕਸਾਨ ਨਾ ਹੋ ਜਾਏ' ਬਾਬਤ ਹੀ ਸੋਚ ਰਿਹਾ ਸਾਂ। ਇਹ ਕਿਸ ਤਰ੍ਹਾਂ ਦੀ ਸੋਚ ਸੀ ? ਉਹ ਮੈਨੂੰ ਬੇਵਜ੍ਹਾ ਮੁਕੱਦਮਿਆਂ 'ਚ ਉਲਝਾਅ ਕੇ, ਤੰਗ ਪ੍ਰੇਸ਼ਾਨ ਕਰ ਰਹੇ ਸਨ ਅਤੇ ਮੈਂ ਉਹਨਾਂ ਦਾ ਭਲਾ ਲੋੜ ਰਿਹਾ ਸਾਂ।

ਇਹਨਾਂ ਸਭ ਘਟਨਾਵਾਂ ਤੋਂ ਬਾਅਦ ਮੈਂ ਆਪਣੇ ਆਪ ਨੂੰ ਕਾਮਰੇਡ ਨਾ ਸਮਝ ਕੇ ਇੱਕ ਗਾਂਧੀਵਾਦੀ ਸਮਝਣਾ ਜ਼ਰੂਰ ਸ਼ੁਰੂ ਕਰ ਦਿੱਤਾ ਸੀ। ਜੇ ਮੈਂ ਪੱਕਾ ਜੁਝਾਰਵਾਦੀ ਹੁੰਦਾ ਤਾਂ ਮੈਂ ਪਹਿਲੇ ਦਿਨੋਂ ਹੀ ਦੂਜੀ ਧਿਰ ਦੀਆਂ ਨਾਸਾਂ ਭੰਨ ਦੇਣੀਆਂ ਸਨ ਤੇ ਇਹ ਮਸਲਾ ਏਨਾ ਵਧਣਾ ਹੀ ਨਹੀਂ ਸੀ ਪਰ ਕਿਉਂਕਿ ਮਨ ਦਾ ਬਹੁਤਾ ਨਰਮ ਹੋਣ ਕਰ ਕੇ ਵਿਰੋਧੀ ਧਿਰ ਦੇ ਹੌਂਸਲੇ ਵਧਦੇ ਹੀ ਗਏ ਸਨ। ਮੈਂ ਆਪਣੀ ਕੁਝ ਜਗ੍ਹਾ ਲਈ ਕਿਸੇ ਦਾ ਵੀ ਨੁਕਸਾਨ ਨਾ ਕਰਨ ਦੀ ਨੀਤੀ 'ਤੇ ਹੀ ਅੜਿਆ ਰਿਹਾ ਸਾਂ। ਸ਼ਾਇਦ ਇਸ ਕਰ ਕੇ ਸਾਰੇ ਪਰਿਵਾਰ ਨੂੰ ਇਹ ਸਭ ਦੁੱਖ ਭੋਗਣ ਲਈ ਮਜਬੂਰ ਹੋਣਾ ਪਿਆ ਸੀ। ਹੁਣ ਮੈਨੂੰ ਅਫ਼ਸੋਸ ਵੀ ਹੋ ਰਿਹਾ ਸੀ ਕਿ ਮੈਂ ਅਜਿਹਾ ਕਿਉਂ ਹਾਂ ? ਪਰ ਕੁਦਰਤ ਦੁਆਰਾ, ਮੈਨੂੰ ਅਜਿਹਾ ਸੁਭਾਅ ਹੀ ਬਖਸ਼ਿਆ ਗਿਆ ਸੀ ਤੇ ਇਸ ਵਿੱਚ ਕੋਈ ਵੀ ਕੁਝ ਵੀ ਨਹੀਂ ਸੀ ਕਰ ਸਕਦਾ।

ਮੈਨੂੰ ਆਪਣਾ ਉਹ ਸੁਭਾਅ ਵੀ ਚੇਤੇ ਆਉਣ ਲੱਗ ਪੈਂਦਾ ਜਦ ਸ਼ਹਿਰ ਦੇ ਇੱਕ ਅਮੀਰ ਅਤੇ ਚੰਗੀ ਸਿਆਸੀ ਪਹੁੰਚ ਵਾਲੇ ਜ਼ਿਮੀਂਦਾਰ ਨੇ ਮੇਰੇ ਵੱਡੇ ਭਰਾ ਯਾਦਵਿੰਦਰ ਦੇ ਘਰ ਵਾਲੀ ਗਲੀ ਵਿੱਚੋਂ ਜੇ.ਸੀ.ਬੀ. ਮਸ਼ੀਨ ਲਾ ਕੇ ਅੱਧੀ ਗਲੀ ਰੋਕਣੀ ਸ਼ੁਰੂ ਕਰ ਦਿੱਤੀ ਸੀ। ਦੋ-ਤਿੰਨ ਦਿਨ ਤੱਕ ਉਹ ਹਰ ਦਰਵਾਜ਼ੇ ਦੇ ਅੱਗੋਂ ਮਿੱਟੀ ਪੁੱਟ ਕੇ ਆਪਣੇ ਖੇਤ ਵੱਲ ਖਿਲਾਰ ਲੈਂਦਾ ਸੀ ਤੇ ਗਲੀ 'ਤੇ ਕਬਜ਼ਾ ਕਰਦਾ ਜਾ ਰਿਹਾ ਸੀ। ਜਦ ਉਹ ਹਰ ਰੋਜ਼ ਅੱਗੇ ਦੀ ਅੱਗੇ ਵਧਦਾ ਮੇਰੇ ਭਰਾ ਦੇ ਦਰਵਾਜ਼ੇ ਤੱਕ ਹੀ ਪੁੱਜ ਗਿਆ ਤਾਂ ਮੇਰਾ ਅਤੇ ਯਾਦਵਿੰਦਰ ਦਾ ਖ਼ੂਨ ਖ਼ੌਲ ਉੱਠਿਆ ਸੀ। ਅਸੀਂ ਦੋਵਾਂ ਨੇ ਹੀ ਉਸ ਨੂੰ ਜਾ ਲਲਕਾਰਿਆ ਸੀ। ਸਾਡੀ ਲਲਕਾਰ ਸੁਣ ਕੇ ਮੁਹੱਲੇ ਦੇ ਲੋਕ ਵੀ ਇਕੱਠੇ ਹੋ ਗਏ ਸਨ ਅਤੇ ਅਸੀਂ ਉਸ ਨੂੰ ਘੇਰ ਲਿਆ ਸੀ। ਇਹ ਲੜਾਈ ਹਥਿਆਰਾਂ ਤੱਕ ਵੀ ਪੁੱਜ ਗਈ ਸੀ ਤੇ ਅਸੀਂ ਉਸ ਨੂੰ ਏਨਾ ਜ਼ਿਆਦਾ ਭਜਾਇਆ ਸੀ ਕਿ ਉਸ ਨੂੰ ਆਪਣੇ ਖੇਤ ਵਿੱਚੋਂ ਨਿਕਲਣ ਲਈ ਪੁਲਿਸ ਦਾ ਸਹਾਰਾ ਲੈਣਾ ਪਿਆ ਸੀ।

ਜੇ ਅਸੀਂ ਉਸ ਜਗ੍ਹਾ 'ਤੇ ਗ਼ਲਤ ਹੁੰਦੇ ਤਾਂ ਉਸ ਚਲਦੇ ਪੁਰਜ਼ੇ 'ਵੱਡੇ ਆਦਮੀ' ਨੇ ਸਾਡਾ ਦੋਵਾਂ ਭਰਾਵਾਂ 'ਤੇ ਅਜਿਹੇ ਮੁਕੱਦਮੇ ਚਲਵਾਅ ਦੇਣੇ ਸਨ

ਕਿ ਅਸੀਂ ਸਾਰੀ ਜ਼ਿੰਦਗੀ ਵੀ ਉਹਨਾਂ ਤੋਂ ਖਹਿੜਾ ਨਹੀਂ ਸੀ ਛੁਡਵਾਅ ਸਕਣਾ। ਅਸੀਂ ਗਲੀ ਵਾਲੀ ਥਾਂ 'ਤੇ ਨਜਾਇਜ਼ ਕਬਜ਼ਾ ਕਰਨ ਨਹੀਂ ਸੀ ਦਿੱਤਾ ਅਤੇ ਉਸ ਦੁਆਰਾ ਨੱਪੀ ਹੋਈ ਗਲੀ ਦਾ ਕਬਜ਼ਾ ਵੀ ਉਸ ਤੋਂ ਛੁਡਵਾਅ ਕੇ ਉਸ ਤੋਂ ਹੀ ਭਰਤੀ ਪਵਾਈ ਸੀ।

ਦੂਜੀ ਘਟਨਾ ਵੀ ਯਾਦ ਆ ਰਹੀ ਸੀ ਕਿ ਜਦ ਸਾਡੇ ਸਾਂਝੇ ਪਰਿਵਾਰ ਵਿੱਚ ਜੀਅ ਵਧ ਰਹੇ ਸਨ ਤੇ ਘਰ ਦੀ ਜਗ੍ਹਾ ਘਟ ਰਹੀ ਮਹਿਸੂਸ ਹੋਣੀ ਸ਼ੁਰੂ ਹੋ ਗਈ ਸੀ ਤਾਂ ਉਹਨਾਂ ਹੀ ਦਿਨਾਂ ਵਿੱਚ ਸਾਡੇ ਜੱਦੀ ਘਰ ਦੇ ਨਾਲ ਪਈ ਦਸ-ਬਾਰਾਂ ਮਰਲੇ ਬੱਚਤ ਦੀ ਜਗ੍ਹਾ 'ਤੇ ਪਰਲੇ ਪਾਸੇ ਵਾਲੇ ਗੁਆਂਢੀ ਦੀ ਨਿਗ੍ਹਾ ਆ ਪਈ ਸੀ। ਇਹ ਜਗ੍ਹਾ ਦੋਵਾਂ ਘਰਾਂ ਨੂੰ ਹੀ ਲੱਗਦੀ ਸੀ। ਇਸ ਲਈ ਇਸ ਦੇ ਦੋਵੇਂ ਹੀ ਦਾਅਵੇਦਾਰ ਬਣ ਸਕਦੇ ਸਨ। ਇੱਕ ਸ਼ਾਮ ਪਰਲੇ ਘਰ ਦਾ ਮਾਲਕ ਸਾਡੇ ਘਰ ਆਇਆ ਅਤੇ ਵਿਚਕਾਰ ਵਾਲੀ ਜਗ੍ਹਾ ਨੂੰ ਅੱਧੋ-ਅੱਧ ਕਰ ਕੇ ਵਲ਼ ਲੈਣ ਲਈ ਆਖਣ ਲੱਗ ਪਿਆ ਸੀ। ਸ਼ਾਇਦ ਉਹ ਸਾਡਾ ਮੂੰਹ ਸੁੰਘਣ ਹੀ ਆਇਆ ਸੀ। ਅਸੀਂ ਉਸ ਨੂੰ ਕੋਰਾ ਜਵਾਬ ਦੇ ਦਿੱਤਾ ਸੀ ਕਿ ਅਸੀਂ ਆਪਣੀ ਹੱਕ-ਸੱਚ ਦੀ ਕਮਾਈ ਖਾਣ ਵਾਲੇ ਬੰਦੇ ਹਾਂ ਤੇ ਇਹੋ ਜਿਹੀ ਜਗ੍ਹਾ ਉੱਤੇ ਥੁੱਕਦੇ ਵੀ ਨਹੀਂ। ਫਿਰ ਉਹ ਮਿੰਨਤ ਜਿਹੀ ਹੀ ਕਰਨ ਲੱਗ ਪਿਆ ਕਿ ਜੇ ਤੁਸੀਂ ਇਤਰਾਜ਼ ਨਾ ਕਰੋ ਤਾਂ ਕੀ ਉਹ ਇਸ ਜਗ੍ਹਾ ਨੂੰ ਵਲ਼ ਲਵੇ ?

ਸਾਡਾ ਇਹ ਹੀ ਜਵਾਬ ਸੀ ਕਿ ਸਾਨੂੰ ਸਾਡੇ ਘਰ ਤੋਂ ਬਾਹਰ ਹੋ ਰਹੀ ਕਿਸੇ ਵੀ ਗਤੀਵਿਧੀ ਬਾਰੇ ਕੋਈ ਚਸਕਾ ਨਹੀਂ ਹੈ। ਅਸੀਂ ਆਪਣੇ ਕੰਮ ਨਾਲ ਹੀ ਵਾਸਤਾ ਰੱਖਦੇ ਹਾਂ। ਜੇ ਉਸ ਵਿੱਚ ਸਾਡਾ ਕੋਈ ਨੁਕਸਾਨ ਨਹੀਂ ਤਾਂ ਉਹ ਭਾਵੇਂ ਆਪਣੇ ਜ਼ੋਰ 'ਤੇ ਕੁਝ ਵੀ ਕਰਨ ਲਈ ਆਜ਼ਾਦ ਹੈ। ਸਾਡੇ ਇਸ ਨਾ-ਇਤਰਾਜ਼ਗੀ ਦਾ ਫ਼ਾਇਦਾ ਉਠਾਉਂਦੇ ਹੋਏ ਉਸ ਨੇ ਅਗਲੇ ਦਿਨ ਹੀ ਸਾਰੀ ਜਗ੍ਹਾ ਉੱਤੇ ਕਬਜ਼ਾ ਕਰ ਲਿਆ ਸੀ ਤੇ ਕਿਸੇ ਵੀ ਗਲੀ ਜਾਂ ਮੁਹੱਲੇ ਵਾਲੇ ਨੇ ਇਸ 'ਕਬਜ਼ੇ' 'ਤੇ ਇਤਰਾਜ਼ ਨਹੀਂ ਸੀ ਕੀਤਾ।

ਮੈਨੂੰ ਅੱਜ ਤੱਕ ਵੀ ਅਫ਼ਸੋਸ ਹੈ ਕਿ ਅਸੀਂ ਉਸ ਦੇ ਵਿਰੁੱਧ ਪੈਂਤੜਾ ਕਿਉਂ ਨਾ ਲਿਆ ? ਸ਼ਾਇਦ ਇਹ ਆਮ ਤੌਰ 'ਤੇ ਮਨੁੱਖੀ ਮਾਨਸਿਕਤਾ ਦਾ ਹੀ ਹਿੱਸਾ ਹੈ ਕਿ ਉਹ ਸੋਚ ਲੈਂਦਾ ਹੈ, 'ਸਾਨੂੰ ਕੀ' ਜਾਂ 'ਆਪਾਂ ਕੀ ਲੈਣੈ'। ਸ਼ਾਇਦ ਇਸ ਕਰਕੇ ਹੀ ਅਸੀਂ ਵੀ ਚੁੱਪ ਹੋ ਗਏ ਸਾਂ। ਜਦ ਆਪਣੇ ਉੱਤੇ ਬਣਦੀ ਹੈ ਜਾਂ ਕੋਈ ਨਿੱਜੀ ਨੁਕਸਾਨ ਹੋਣ ਵਾਲੀ ਗੱਲ ਹੁੰਦੀ ਹੈ ਤਾਂ ਹੀ ਉਹ ਹਥਿਆਰ ਉਠਾਉਂਦਾ ਹੈ ਤੇ ਇਸ ਲਈ ਆਪਣਾ ਨੁਕਸਾਨ ਹੁੰਦਾ ਵੇਖ ਕੇ ਅਸੀਂ ਉਸ ਜ਼ਿਮੀਂਦਾਰ 'ਤੇ ਟੁੱਟ ਪਏ ਸਾਂ।

ਮੇਰੇ ਲਈ ਸੁਖਦ ਅਹਿਸਾਸ ਵਾਲੀ ਗੱਲ ਇਹ ਹੀ ਹੈ ਕਿ ਉਸ

ਧੜੱਲੇਦਾਰ ਜ਼ਿਮੀਂਦਾਰ ਦੇ ਅੱਗੇ ਮੁਹੱਲੇ ਦਾ ਕੋਈ ਵੀ ਬੰਦਾ ਨਹੀਂ ਸੀ ਬੋਲਿਆ ਭਾਵੇਂ ਕਿ ਉਸ ਜ਼ੋਰਾਵਰ ਨੇ ਗਲੀ ਨੂੰ ਅੱਧੀ ਕਰ ਦਿੱਤਾ ਸੀ ਪਰ ਜਦ ਉਹ ਸਾਡੇ ਦਰਵਾਜ਼ੇ ਮੂਹਰੇ ਆਇਆ ਸੀ ਤਾਂ ਅਸੀਂ ਉਸ ਨੂੰ ਖ਼ੂਬ ਭਜਾਇਆ ਸੀ। ਮੈਂ ਸੋਚ ਰਿਹਾ ਸਾਂ ਕਿ ਅੱਜ ਦੇ ਸਾਡੇ ਵਰਗੇ ਕਾਮਰੇਡ ਏਨੇ ਜ਼ਿਆਦਾ ਮਤਲਬੀ ਹੋ ਕਿਉਂ ਹੋ ਗਏ ਹਨ ਕਿ ਉਹ ਲੋਕਾਂ ਲਈ ਲੜਨਾ ਮਰਨਾ ਭੁੱਲ ਚੁੱਕੇ ਹਨ ? ਪਰ ਇੱਕ ਆਸ ਦੀ ਕਿਰਨ ਇਹ ਵੀ ਸੀ ਕਿ ਚਲੋ, ਕਾਮਰੇਡ ਆਪਣੇ ਅਧਿਕਾਰਾਂ ਦੇ ਪ੍ਰਤੀ ਤਾਂ ਸੁਚੇਤ ਅਤੇ ਲੜਨ-ਮਰਨ ਲਈ ਤਿਆਰ ਬਰ ਤਿਆਰ ਹਨ। ਜੇ ਕਿਸੇ ਨੂੰ ਆਪਣੇ ਬੂਹੇ ਦੇ ਅਗ਼ਲੀ ਗਲੀ ਦੇ ਅੱਧੇ ਰਹਿ ਜਾਣ ਉੱਤੇ ਕੋਈ ਇਤਰਾਜ਼ ਨਹੀਂ ਤਾਂ ਕਾਮਰੇਡਾਂ ਦਾ ਕੀ ਢਿੱਡ ਦੁਖਦਾ ਕਿ ਉਹ ਬੇਗਾਨੀ ਅੱਗ ਵਿੱਚ ਆਪਣੇ ਹੱਥ ਲੂੰਹਦੇ ਫਿਰਨ। ਜਦ ਲੋਕਾਂ ਦੀ ਜ਼ਮੀਰ ਹੀ ਮਰ ਚੁੱਕੀ ਹੈ ਤਾਂ ਕਾਮਰੇਡ ਆਪਣਾ ਜਲੂਸ ਕਢਵਾਅ ਕੇ ਆਪਣਾ ਮੌਜੂ ਕਿਉਂ ਉਡਵਾਉਣ ? ਸ਼ਾਇਦ ਮਤਲਬੀ ਦੁਨੀਆ ਦੇ ਰੰਗ ਵੇਖ ਕੇ ਬੇ-ਮਤਲਬੇ ਕਾਮਰੇਡ ਵੀ ਹੁਣ ਸਿਆਣੇ ਬਣ ਕੇ ਆਪਣੀ ਇੱਜ਼ਤ ਬਚਾਉਣ ਵਿੱਚ ਹੀ ਆਪਣੀ ਭਲਾਈ ਸਮਝਣ ਲੱਗ ਪਏ ਹਨ। ਪਰ ਤਸੱਲੀ ਦੇਣ ਵਾਲੀ ਇੱਕ ਗੱਲ ਜ਼ਰੂਰ ਸੀ ਕਿ ਉਹ ਘੱਟੋ-ਘੱਟ ਆਪਣੇ ਹੱਕਾਂ ਵਾਸਤੇ ਤਾਂ ਲੜ ਹੀ ਰਹੇ ਹਨ। ਜਦ ਮਤਲਬੀ ਲੋਕ ਆਪਣੇ ਮਤਲਬ ਵੇ.ਲੇ ਉਹਨਾਂ ਨੂੰ ਵਰਤ ਕੇ, ਵੋਟਾਂ ਵੇ.ਲੇ ਫਿਰ ਰਾਜਨੀਤਿਕ ਲੋਕਾਂ ਦੀ ਝੋਲੀ ਵਿੱਚ ਜਾ ਪੈਂਦੇ ਹਨ ਤਾਂ ਉਹ ਇਹਨਾਂ ਖੁਦ-ਗਰਜ਼ ਲੋਕਾਂ ਲਈ ਆਪਣੀ ਇੱਜ਼ਤ ਦਾਅ 'ਤੇ ਕਿਉਂ ਲਾਉਣ ?

ਤੀਜੀ ਘਟਨਾ ਇਹ ਸੀ ਕਿ ਕਾਨੂੰਨੀ ਅਤੇ ਇਖਲਾਕੀ ਤੌਰ 'ਤੇ ਵੀ ਅਸੀਂ ਉਸ ਜਗ੍ਹਾ ਦੇ ਮਾਲਕ ਸਾਂ ਪਰ ਸਾਨੂੰ ਆਪਣੀ ਹੀ ਜਗ੍ਹਾ ਉੱਤੇ ਕਬਜ਼ਾ ਕਰਨ ਵਿੱਚ ਉਹ ਬੰਦਾ ਅੜਚਣ ਬਣ ਰਿਹਾ ਸੀ ਜਿਸ ਨੇ ਅੱਧੀ ਤੋਂ ਵੱਧ ਗਲੀ ਆਪ ਰੋਕ ਰੱਖੀ ਸੀ।

ਹੁਣ ਮੇਰੀ ਮਾਨਸਿਕ ਸਥਿੱਤੀ ਅਜਿਹੀ ਬਣ ਚੁੱਕੀ ਸੀ ਕਿ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਜਿਨ੍ਹਾਂ ਬੰਦਿਆਂ ਨੇ ਜ਼ੋਰਾਵਰਾਂ ਨੂੰ ਗਲੀ ਉੱਤੇ ਕਬਜ਼ਾ ਨਹੀਂ ਕਰਨ ਦਿੱਤਾ, ਹਿੱਸਾ ਦਿੱਤੇ ਜਾਣ 'ਤੇ ਵੀ ਸ਼ਾਮਲਾਟ 'ਤੇ ਕਬਜ਼ਾ ਨਹੀਂ ਕੀਤਾ ਪਰ ਅੱਜ ਆਪਣੀ ਜਗ੍ਹਾ 'ਤੇ ਆਪਣਾ ਹੱਕ ਮਾਲਕੀ ਜਤਾਉਣ ਲਈ ਸੰਘਰਸ਼ ਕਰ ਰਹੇ ਹਨ, ਉਹ ਕੀ ਹਨ ? ਮੈਂ ਇਹ ਸੋਚ ਸੋਚ ਕੇ ਪ੍ਰੇਸ਼ਾਨ ਹੋ ਰਿਹਾ ਸਾਂ ਕਿ ਅਸੀਂ ਸਹੀ ਹਾਂ ਕਿ ਗ਼ਲਤ ? ਸਹੀ ਇਸ ਲਈ ਕਿ ਸਾਡੇ ਪਰਿਵਾਰ ਨੇ ਮੁਫ਼ਤ ਵਿੱਚ ਮਿਲਦੀ ਜਗ੍ਹਾ ਨੂੰ ਠੋਕਰ ਮਾਰ ਦਿੱਤੀ ਸੀ ਅਤੇ ਹੈਂਕੜਬਾਜ਼ ਵੱਡੀ ਧਿਰ ਨੂੰ ਗਲੀ ਉੱਤੇ ਕਬਜ਼ਾ ਨਹੀਂ ਸੀ ਕਰਨ ਦਿੱਤਾ। ਗ਼ਲਤ ਇਸ ਲਈ ਸਾਂ ਕਿ ਮੇਰੀ ਵਿਰੋਧੀ ਧਿਰ ਨੇ ਆਪਣਾ ਨਜਾਇਜ਼ ਕਬਜ਼ਾ

ਛੁਪਾਅ ਕੇ ਇਹ ਪ੍ਰਚਾਰ ਕੀਤਾ ਹੋਇਆ ਸੀ ਕਿ ਮੈਂ ਗਲੀ ਉੱਤੇ ਨਜਾਇਜ਼ ਕਬਜ਼ਾ ਕਰਨਾ ਚਾਹੁੰਦਾ ਹਾਂ। ਉਹਨਾਂ ਇਸ ਦੀ ਰਿਪੋਰਟ ਪੁਲੀਸ ਅਤੇ ਕਾਨੂੰਨ ਨੂੰ ਵੀ ਕੀਤੀ ਹੋਈ ਸੀ। ਜਾਂਚ ਪੜਤਾਲ ਦੌਰਾਨ ਖ਼ੁਦ ਅਜਿਹੇ ਨਜਾਇਜ਼ ਕਬਜਿਆਂ ਅਤੇ ਕਈ ਹੋਰ ਸੰਗੀਨ ਜ਼ੁਰਮਾਂ ਦੇ ਦੋਸ਼ 'ਚ ਘਿਰੇ ਹੋਏ ਪੁਲੀਸ ਅਧਿਕਾਰੀ ਇਸ ਉੱਪਰ ਕਾਨੂੰਨੀ ਮੋਹਰ ਲਗਾਅ ਰਹੇ ਸਨ।

ਸ਼ਾਇਦ ਹੁਣ ਸਾਡੇ ਅੰਦਰਲਾ ਕਾਮਰੇਡ ਪੂਰੀ ਤਰ੍ਹਾਂ ਜਾਗ ਪਿਆ ਸੀ। ਕਿਉਂਕਿ ਇਸ ਪੂਰੀ ਜਗ੍ਹਾ ਨੂੰ ਛੱਡ ਦੇਣ ਦੇ ਐਲਾਨ ਤੋਂ ਬਾਅਦ ਵੀ ਸਾਡੇ ਨਾਲ ਵਧੀਕੀ 'ਤੇ ਵਧੀਕੀ ਹੋ ਰਹੀ ਸੀ। ਪਿਆਰ ਨਾਲ ਤਾਂ ਇੱਕ ਸਧਾਰਨ ਬੰਦਾ ਕੀ ਇੱਕ ਕਾਮਰੇਡ ਵੀ ਆਪਣੀ ਜਾਨ ਤੱਕ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ ਪਰ ਧੱਕੇ ਅਤੇ ਜ਼ੋਰ ਨਾਲ ਤਾਂ ਕਿਸੇ ਨੂੰ ਵੀ ਇੱਕ ਇੰਚ ਛੱਡਣਾ ਵੀ ਮੁਸ਼ਕਲ ਹੋ ਜਾਂਦਾ ਹੈ। ਉੱਤੋਂ ਜੇ ਉਸ ਬੰਦੇ ਵਿੱਚ ਥੋੜ੍ਹਾ-ਬਹੁਤਾ ਵੀ ਜੁਝਾਰਵਾਦੀ ਮਾਦਾ ਹੋਵੇ ਤਾਂ ਉਸ ਲਈ ਤਾਂ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਵੀ ਹੋ ਜਾਂਦਾ ਹੈ। ਕਿਉਂਕਿ ਉਹ ਜੁਝਾਰੂ ਧਿਰ ਦਾ ਨੁਮਾਇੰਦਾ ਹੋਣ ਕਾਰਨ ਹੋ ਰਹੇ ਜਬਰ, ਜ਼ੁਲਮ, ਧੱਕੇ, ਰਿਸ਼ਵਤਖੋਰੀ ਆਦਿ ਬਾਰੇ ਸੋਚਦਾ, ਵਿਚਾਰਦਾ, ਲਿਖਦਾ, ਆਵਾਜ਼ ਉਠਾਉਂਦਾ ਅਤੇ ਘੋਲ ਲੜਦਾ ਰਹਿੰਦਾ ਹੈ।

ਮੈਂ ਅਜਿਹੀਆਂ ਸੋਚਾਂ ਸੋਚਦੇ-ਸੋਚਦੇ ਦਿਨਾਂ ਨੂੰ ਲੰਘਾਅ ਰਿਹਾ ਸਾਂ। ਆਪਣੀਆਂ ਸੋਚਾਂ ਵਿੱਚ ਉਲਝਿਆ ਕਦੇ ਕਦੇ ਮੈਂ ਆਪਣੇ-ਆਪ ਨੂੰ ਅਪਰਾਧੀ ਸਮਝਣ ਲੱਗ ਜਾਂਦਾ ਸਾਂ ਅਤੇ ਕਦੇ ਨਾਇਕ। ਕਈ ਵਾਰ ਮੈਨੂੰ ਲੱਗਣ ਲੱਗ ਜਾਂਦਾ ਕਿ ਜੇ ਇਹਨਾਂ ਜੰਮਦੀਆਂ ਸੂਲਾਂ ਦੇ ਮੂੰਹ ਪਹਿਲਾਂ ਹੀ ਭੰਨ ਦਿੱਤੇ ਜਾਂਦੇ ਤਾਂ ਇਹ ਦਿਨ ਨਾ ਹੀ ਵੇਖਣੇ ਪੈਂਦੇ। ਫਿਰ ਉਸੇ ਵਕਤ ਹੀ ਖ਼ਿਆਲ ਆਉਣ ਲੱਗ ਪੈਂਦਾ ਕਿ ਜੇ ਮੈਂ ਆਪਣੀ ਕਾਮਰੇਡੀ ਸੋਚ ਦਾ ਮੁਜ਼ਾਹਰਾ ਕਰਦਾ ਪੁਲਿਸ ਵਾਲਿਆਂ ਨਾਲ ਹੱਥੋਪਾਈ ਜਾਂ ਮਾਰ-ਕੁਟਾਈ ਵਰਗਾ ਪੰਗਾ ਲੈ ਲੈਂਦਾ ਤਾਂ ਅੱਜ ਤੱਕ ਜੇਲ੍ਹ ਦੀ ਹਵਾ ਹੀ ਖਾਂਦਾ ਹੋਣਾ ਸੀ। ਦਿਲ ਸ਼ੁਕਰ ਮਨਾਉਂਦਾ ਸੀ ਕਿ ਤੂੰ ਇਸ ਗੰਦ ਦੇ ਛਿੱਟਿਆਂ ਤੋਂ ਤਾਂ ਬਚ ਹੀ ਗਿਆ ਹੈਂ। ਆਪਣੇ ਆਪ ਨੂੰ ਨਾਇਕ ਓਦੋਂ ਸਮਝ ਲੈਂਦਾ ਸਾਂ ਜਦ ਮੈਂ ਉਹਨਾਂ ਦੋਵਾਂ ਪੁਲਿਸ-ਵਾਲਿਆਂ, ਇੰਸਪੈਕਟਰ, ਡੀ.ਐਸ.ਪੀ., ਦੇ ਨਾਲ ਨਾਲ ਐਸ.ਪੀ. ਦੀ ਮਾਨਸਿਕ ਹਾਲਤ ਮੇਰੇ ਸਾਹਵੇਂ ਆਉਣ ਲੱਗ ਪੈਂਦੀ ਸੀ। ਆਪਣੇ ਮੋਹਰਿਆਂ ਨੂੰ ਫਸਦਾ ਵੇਖ ਕੇ ਉਹ ਕਿੰਨਾ ਛਟ-ਪਟਾਉਂਦੇ ਹੋਣਗੇ ?

# ਪੰਝੀ

ਮੇਡੀਏਸ਼ਨ ਦੀ ਅਗ਼ਲੀ ਤਾਰੀਕ ਵਾਲੇ ਦਿਨ ਮੈਂ ਤੇ ਯਾਦਵਿੰਦਰ ਵਕੀਲ ਦੁਆਰਾ ਦਿੱਤੇ ਗਏ ਸਮੇਂ ਮੁਤਾਬਕ ਮੇਡੀਏਸ਼ਨ ਵਿਭਾਗ ਵਿੱਚ ਪੁੱਜ ਗਏ ਸਾਂ। ਗੁਰਨੇਕ ਵੀ ਪੁੱਜ ਚੁੱਕਾ ਸੀ। ਜੱਜ ਬਣੇ ਵਕੀਲ ਨੇ ਬੜੇ ਹੀ ਪਿਆਰ ਅਤੇ ਆਪਣੇਪਣ ਨਾਲ ਗੱਲ ਸ਼ੁਰੂ ਕੀਤੀ। ਸਰਸਰੀ ਗੱਲਾਂ ਤੋਂ ਬਾਅਦ ਉਸ ਨੇ ਅੱਜ ਮਸਲੇ ਦਾ ਕੋਈ ਨਾ ਕੋਈ ਹੱਲ ਕੱਢ ਦੇਣ ਬਾਰੇ ਆਖਿਆ। ਗੁਰਨੇਕ, ਸਾਡੇ ਵੱਲੋਂ ਪੂਰੀ ਜਗ੍ਹਾ ਛੱਡ ਦੇਣ ’ਤੇ ਹੀ ਅੜਿਆ ਹੋਇਆ ਸੀ। ਇਹ ਸਾਨੂੰ ਬਿਲਕੁੱਲ ਵੀ ਮਨਜ਼ੂਰ ਨਹੀਂ ਸੀ। ਫਿਰ ਆਖਣ ਲੱਗਾ ਕਿ ਅੱਧੀ ਜਗ੍ਹਾ ਛੱਡ ਦੇਣ ਤਾਂ ਮੈਂ ਸਮਝੌਤਾ ਕਰ ਸਕਦਾ ਹਾਂ। ਸਾਨੂੰ ਉਸ ਦੀਆਂ ਚਤੁਰਾਈਆਂ ’ਤੇ ਗੁੱਸਾ ਆ ਰਿਹਾ ਸੀ। ਯਾਦਵਿੰਦਰ ਗੁਰਨੇਕ ਨੂੰ ਪੈ ਨਿਕਲਿਆ, “ਅੰਕਲ, ਤੂੰ ਸਾਨੂੰ ਸਟੇਅ ਦਾ ਡਰਾਵਾ ਦੇ ਕੇ ਕੇਸ ਦੇ ਲੰਮਾ ਚੱਲਣ ਬਾਰੇ ਹੀ ਆਖ ਰਿਹਾ ਏਂ ਨਾ। ਚੱਲ ਲੈਣ ਦੇ, ਅਸੀਂ ਲੜ ਲਵਾਂਗੇ। ਕੋਈ ਗੱਲ ਨਹੀਂ। ਜਦੋਂ ਅਸੀਂ ਫ਼ਾਨਾ ਠੋਕਿਆ, ਫੇਰ ਸਾਡੇ ਕੋਲ ਸਮਝੌਤੇ ਲਈ ਨਾ ਆਵੀਂ। ਸਾਨੂੰ ਸਾਡੀ ਜਗ੍ਹਾ ਮਿਲੇ ਜਾਂ ਨਾ, ਤੇਰੀਆਂ ਦੋਵੇਂ ਮੰਜ਼ਿਲਾਂ ਜ਼ਰੂਰ ਢੁਹਾਅ ਕੇ ਹਟਾਂਗੇ। ਅੱਜ ਤੋਂ ਬਾਅਦ ਅਸੀਂ ਇਸ ਮੇਡੀਏਸ਼ਨ ਵਾਲੀ ਤਾਰੀਕ ਵਿੱਚ ਵੀ ਨਹੀਂ ਆਉਣਾ।”

ਵਕੀਲ ਉਸ ਨੂੰ ਠੰਢਾ ਜਿਹਾ ਕਰਦਾ ਹੋਇਆ ਆਖਣ ਲੱਗਾ, “ਨਹੀਂ, ਆਪਾਂ ਇਸ ਤਰ੍ਹਾਂ ਨਹੀਂ ਕਰਨਾ। ਆਪਾਂ ਮਸਲਾ ਨਿਬੇੜ ਹੀ ਦੇਣਾ ਹੈ। ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਇੱਕ ਫੁੱਟ ਜਗ੍ਹਾ ਛੱਡਣ ਲਈ ਤਿਆਰ ਹੋ ਗਏ ਸੀ।”

“ਹਾਂ ਜੀ, ਉਹ ਤਾਂ ਮੇਰੇ ਅੰਕਲ ਨੇ ਉਸੇ ਦਿਨ ਮਸਲਾ ਨਿਬੇੜਣ ਖ਼ਾਤਰ ਆਖਿਆ ਸੀ ਪਰ ਮਸਲਾ ਅਜੇ ਵੀ ਓਡਾ ਕੋਡਾ ਹੀ ਹੈ। ਹੁਣ ਅਸੀਂ ਪੂਰੀ ਜਗ੍ਹਾ ਹੀ ਲਵਾਂਗੇ, ਲਵਾਂਗੇ ਕੀ, ਉਹ ਹੈ ਹੀ ਸਾਡੀ। ਜੇ ਮੇਰੇ ਤੋਂ ਜਗ੍ਹਾ ਛੁਡਵਾਉਣੀ ਹੈ ਤਾਂ ਇਹ ਵੀ ਓਨੀ ਜਗ੍ਹਾ ਛੱਡ ਦੇਵੇ, ਮੈਂ ਤਿਆਰ ਹਾਂ।” ਮੈਂ ਆਪਣੀ ਦਲੀਲ ਦਿੱਤੀ।

ਗੁਰਨੇਕ ਨੂੰ ਇਹ ਗੱਲ ਮਨਜ਼ੂਰ ਨਹੀਂ ਸੀ। ਵਕੀਲ ਸਾਡੇ ਦੁਆਰਾ ਪੇਸ਼ ਕੀਤੇ ਹੋਏ ਨਕਸ਼ੇ ਉੱਤੇ ਲਕੀਰਾਂ ਜਿਹੀਆਂ ਵਾਹੁਣ ਲੱਗ ਪਿਆ ਤੇ ਕੁਝ ਸੋਚਣ ਲੱਗ ਪਿਆ ਸੀ। ਕਾਫ਼ੀ ਸਮਾਂ ਸੋਚ ਵਿਚਾਰ ਕਰਨ ਤੋਂ ਬਾਅਦ ਆਖਣ ਲੱਗਾ, “ਵੇਖੋ ਜੀ, ਮੈਂ ਆਪਣੇ ਵੱਲੋਂ ਇੱਕ ਹੱਲ ਸੋਚਿਆ ਹੈ। ਜੇ ਤੁਹਾਨੂੰ ਮਨਜ਼ੂਰ ਹੈ ਤਾਂ ਵੇਖ ਲਓ। ਨਹੀਂ ਆਪਣਾ ਮੁਕੱਦਮਾ ਲੜੀ ਚੱਲਿਓ।” ਫਿਰ ਮੇਰੇ ਵੱਲ ਮੂੰਹ ਘੁਮਾ ਕੇ ਆਖਣ ਲੱਗਾ, “ਵੇਖੋ ਪੁੱਤ, ਤੁਸੀਂ ਇੱਕ ਫੁੱਟ ਜਗ੍ਹਾ ਆਪਣੇ ਅੰਕਲ ਦੇ ਆਖੇ ’ਤੇ ਛੱਡ ਦਿੱਤੀ ਸੀ। ਜੇ ਤੁਸੀਂ ਗੁਰਨੇਕ ਦੇ ਘਰ ਵੱਲੋਂ ਢਾਈ ਫੁੱਟ ਜਗ੍ਹਾ ਛੱਡ ਦੇਵੋਂ ਅਤੇ ਦੂਜੇ ਪਾਸੇ ਤੋਂ ਛੇ ਇੰਚ ਛੱਡ ਦੇਵੋਂ ਤਾਂ ਤੁਹਾਡੀ ਛੱਡੀ ਗਈ ਜਗ੍ਹਾ ਔਸਤ ਡੇਢ ਫੁੱਟ ਬਣਦੀ ਹੈ। ਤੁਸੀਂ ਉਹ ਛੱਡ

ਦਿਓ, ਤੇ ਇਹ ਕੇਸ ਵਾਪਸ ਲੈ ਲੈਣਗੇ।"

ਮੈਂ ਇੱਕਦਮ ਹਾਮੀ ਭਰ ਦਿੱਤੀ। ਮੈਨੂੰ ਪਤਾ ਸੀ ਕਿ ਗੁਰਨੇਕ ਨੇ ਮੰਨਣਾ ਤਾਂ ਹੈ ਨਹੀਂ, ਇਸ ਲਈ ਮੈਂ ਵਕੀਲ ਵੱਲੋਂ ਝੂਠਾ ਕਿਉਂ ਪਵਾਂ। ਗੁਰਨੇਕ ਸੋਚਾਂ ਵਿੱਚ ਪੈ ਗਿਆ ਤੇ ਫਿਰ ਆਨਾਕਾਨੀ ਕਰਨ ਲੱਗਾ।

"ਸਰ, ਇਹ ਜਗ੍ਹਾ ਮੈਂ ਸਿਰਫ਼ ਇਸ ਲਈ ਹੀ ਛੱਡਾਂਗਾ ਜੇ ਅੱਜ ਹੀ ਇਸ ਕੇਸ ਦਾ ਨਿਪਟਾਰਾ ਹੁੰਦਾ ਹੈ। ਨਹੀਂ ਤਾਂ ਅੱਜ ਤੋਂ ਬਾਅਦ ਮੇਰਾ ਇਸ ਦੇ ਨਾਲ ਕੋਈ ਵੀ ਸਮਝੌਤਾ ਨਹੀਂ ਹੈ ਤੇ ਨਾ ਹੀ ਅਸੀਂ ਕਿਸੇ ਵਿਚੋਲਗੀ ਵਿੱਚ ਪੈਣਾ ਹੈ। ਫਿਰ ਤਾਂ ਮੈਂ ਕੇਸ ਹੀ ਲੜਾਂਗਾ।" ਮੈਂ ਆਪਣਾ ਫ਼ੈਸਲਾ ਸੁਣਾਅ ਦਿੱਤਾ ਸੀ।

ਗੁਰਨੇਕ ਨੂੰ ਨਾ ਮੰਨਦਾ ਵੇਖ ਕੇ ਵਕੀਲ ਉਸ ਨੂੰ ਉਠਾਅ ਕੇ ਕਮਰੇ ਤੋਂ ਬਾਹਰ ਲੈ ਗਿਆ ਤੇ ਬਾਹਰ ਜਾ ਕੇ ਕੁਝ ਸਮਝਾਉਣ ਲੱਗ ਪਿਆ। ਦਸ ਕੁ ਮਿੰਟਾਂ ਬਾਅਦ ਉਹ ਦੋਵੇਂ ਜਣੇ ਅੰਦਰ ਆ ਗਏ। ਵਕੀਲ ਨੇ ਮੈਨੂੰ ਵਧਾਈਆਂ ਦਿੱਤੀਆਂ ਕਿ ਤੁਹਾਡਾ ਕੇਸ ਹੱਲ ਹੋ ਗਿਆ ਹੈ। ਉਸ ਨੇ ਫਿਰ ਜਗ੍ਹਾ ਦੀ ਮਿਣਤੀ ਵਾਲੀਆਂ ਸ਼ਰਤਾਂ ਸਾਨੂੰ ਪੜ੍ਹ ਕੇ ਸੁਣਾਅ ਦਿੱਤੀਆਂ।

ਸਾਨੂੰ ਇਹ ਹੀ ਖੁਸ਼ੀ ਸੀ ਕਿ ਚਲੋ ਕੁਝ ਇੰਚ ਜਗ੍ਹਾ ਛੱਡ ਕੇ ਸਾਡਾ ਇਸ ਨਿੱਤ ਦੇ ਕੁੱਤ ਖਾਨੇ ਤੋਂ ਖਹਿੜਾ ਛੁੱਟ ਜਾਣਾ ਸੀ। ਇਹ ਜਗ੍ਹਾ ਰਹਿਣੀ ਤਾਂ ਸਾਡੇ ਦਰਵਾਜ਼ੇ ਦੇ ਅੱਗੇ ਹੀ ਸੀ ਤੇ ਇਸ 'ਤੇ ਕੋਈ ਵੀ ਦਾਅਵਾ ਨਹੀਂ ਸੀ ਕਰ ਸਕਦਾ। ਇਸ ਲਈ ਸਾਡੇ ਲਈ ਇਹ ਵੱਡੀ ਜਿੱਤ ਹੀ ਸੀ।

ਵਕੀਲ ਨੇ ਕੰਪਿਊਟਰ ਉਪਰੇਟਰ ਨੂੰ ਸਾਰਾ ਸਮਝੌਤਾ ਬੋਲ ਕੇ ਲਿਖਵਾਉਣਾ ਸ਼ੁਰੂ ਕਰ ਦਿੱਤਾ। ਏਨੇ ਨੂੰ ਗੁਰਨੇਕ ਬੋਲ ਪਿਆ, "ਇਹਨਾਂ ਨੇ ਮੇਰੇ ਵਿਰੁੱਧ ਨਗਰ ਨਿਗਮ ਦੇ ਦਫ਼ਤਰ ਸ਼ਿਕਾਇਤਾਂ ਕੀਤੀਆਂ ਹੋਈਆਂ ਨੇ, ਉਹ ਵੀ ਵਾਪਸ ਕਰਵਾਓ।"

ਵਕੀਲ ਨੇ ਸਮਝੌਤੇ ਵਿੱਚ ਇੱਕ ਸ਼ਰਤ ਪੁਆ ਦਿੱਤੀ ਕਿ ਦੋਵਾਂ ਧਿਰਾਂ ਵੱਲੋਂ ਕੀਤੀਆਂ ਗਈਆਂ ਸ਼ਿਕਾਇਤਾਂ ਇਸ ਸਮਝੌਤੇ ਤੋਂ ਬਾਅਦ ਖ਼ਤਮ ਸਮਝੀਆਂ ਜਾਣਗੀਆਂ। ਸਾਡੇ ਦੋਵਾਂ ਦੇ ਦਸਤਖਤ ਵੀ ਕਰਵਾਅ ਲਏ ਗਏ।

ਜਦ ਮੈਂ ਇਸ ਸਮਝੌਤੇ ਦੀ ਕਾਪੀ ਮੰਗੀ ਤਾਂ ਵਕੀਲ ਆਖਣ ਲੱਗਾ, "ਇਸ ਸਮਝੌਤੇ ਦੀ ਕਾਪੀ ਤੁਹਾਨੂੰ ਅਗ਼ਲੀ ਤਾਰੀਕ 'ਤੇ ਜੱਜ ਸਾਬ੍ਹ ਦੇ ਦਸਤਖਤ ਹੋਣ ਤੋਂ ਬਾਅਦ ਹੀ ਮਿਲ ਸਕਦੀ ਹੈ। ਇਹ ਸਮਝੌਤਾ ਕਾਨੂੰਨੀ ਤੌਰ 'ਤੇ ਲਾਗੂ ਵੀ ਉਸ ਤਾਰੀਕ ਤੋਂ ਬਾਅਦ ਹੀ ਹੋਵੇਗਾ। ਉਂਝ ਜੇ ਤੁਹਾਡੀ ਆਪਸੀ ਸਹਿਮਤੀ ਹੋਵੇ ਤਾਂ ਤੁਸੀਂ ਕੰਧ ਕਰ ਲਵੋ। ਕਿਉਂ ਗੁਰਨੇਕ ਸਿੰਘ ਜੀ, ਕਰ ਲੈਣ ਦੇਈਏ ਕੰਧ, ਤੁਹਾਡੇ ਭਤੀਜਿਆਂ ਨੂੰ ? ਛੁੱਟੀਆਂ ਦਾ ਫਾਇਦਾ ਉਠਾਅ ਲੈਣਗੇ, ਅੱਗੇ ਹੀ ਤੁਸੀਂ ਬਹੁਤ ਖ਼ਰਾਬ ਕਰ ਚੁੱਕੇ ਹੋ।"

"ਨਹੀਂ ਜੀ, ਆਪਾਂ ਸਾਰਾ ਕੁਝ ਕਾਨੂੰਨ ਦੇ ਹਿਸਾਬ ਨਾਲ ਹੀ ਚੱਲਣ ਦੇਈਏ। ਕੋਈ ਨ੍ਹੀਂ ਅਗਲ਼ੀ ਤਾਰੀਕ ਤੱਕ ਦਾ ਇੰਤਜ਼ਾਰ ਕਰ ਲੈਂਦੇ ਆਂ।" ਉਹ ਖ਼ਚਰਾ ਜਿਹਾ ਮੁਸਕੁਰਾਉਂਦਾ ਹੋਇਆ ਇਸ ਹਿਸਾਬ ਨਾਲ ਬੋਲਿਆ ਕਿ ਅਸੀਂ ਦੋਵਾਂ ਨੇ ਉਸ ਦੇ ਚਿਹਰੇ 'ਤੋਂ ਪੜ੍ਹ ਲਿਆ ਸੀ ਕਿ ਉਸ ਦੇ ਮਨ ਵਿੱਚ ਹੈ ਕਿ ਮੈਂ ਜਿੰਨਾਂ ਚਿਰ ਰੋਕ ਸਕਦਾ ਹਾਂ ਤੇ ਇਹਨਾਂ ਨੂੰ ਖ਼ਰਾਬ ਕਰ ਸਕਦਾ ਹਾਂ ਓਨਾ ਚਿਰ ਤਾਂ ਕਰਾਂਗਾ ਹੀ।

ਸਾਡੇ ਲਈ ਸਮਝੌਤਾ ਹੋਣ ਦੀ ਖੁਸ਼ੀ ਤਾਂ ਸੀ ਪਰ ਅਗਲ਼ੀ ਤਾਰੀਕ ਆਉਣ ਵਿੱਚ ਅਜੇ ਮਹੀਨੇ ਦੇ ਕਰੀਬ ਸਮਾਂ ਪਿਆ ਸੀ।

ਅਸੀਂ ਆਪਣੇ ਵਕੀਲ ਨੂੰ ਪੁੱਛਿਆ ਕਿ ਕੀ ਇਸ ਸਮਝੌਤੇ ਤੋਂ ਗੁਰਨੇਕ ਮੁੱਕਰ ਸਕਦਾ ਹੈ ਕਿ ਨਹੀਂ। ਉਸ ਨੇ ਦੱਸਿਆ ਕਿ ਜੱਜ ਦੇ ਦਸਤਖਤ ਹੋਣ ਤੋਂ ਪਹਿਲਾਂ ਤੱਕ, ਦੋਵੇਂ ਧਿਰਾਂ, ਜਦ ਵੀ ਮਰਜ਼ੀ ਮੁੱਕਰ ਸਕਦੀਆਂ ਹਨ।

ਅਸੀਂ ਤਾਂ ਕਿਉਂ ਮੁੱਕਰਨਾ ਸੀ ਪਰ ਸਾਨੂੰ ਦੂਜੀ ਧਿਰ ਦਾ ਕੋਈ ਵੀ ਇਤਬਾਰ ਨਹੀਂ ਸੀ ਕਿਉਂਕਿ ਰੰਡੀ ਤਾਂ ਰੰਡੇਪਾ ਕੱਟ ਲੈਂਦੀ ਹੈ ਪਰ ਛੜੇ ਨਹੀਂ ਕੱਟਣ ਦਿੰਦੇ। ਅਜੇ ਕੀ ਪਤਾ ਸੀ ਕਿ ਕਿਸ ਘੜੰਮ ਚੌਧਰੀ ਨੇ ਗੁਰਨੇਕ ਨੂੰ ਕਿਹੜੀ ਉਂਗਲ ਦੇ ਦੇਣੀ ਸੀ ਤੇ ਉਸ ਨੇ ਮੁੱਕਰ ਜਾਣਾ ਸੀ। ਅਜਿਹੇ ਚੱਕਵੇਂ ਬੰਦੇ ਉੱਤੇ ਸਾਨੂੰ ਖ਼ੁਦ ਨੂੰ ਵੀ ਇਤਬਾਰ ਨਹੀਂ ਸੀ।

ਇੱਕ ਦਿਨ ਮੈਨੂੰ ਆਪਣਾ ਇਹ ਵਹਿਮ ਸੱਚਾ ਹੁੰਦਾ ਵੀ ਜਾਪਣ ਲੱਗ ਪਿਆ ਸੀ। ਮੈਂ ਮੋਟਰ-ਸਾਈਕਲ ਉੱਤੇ ਆਪਣੇ ਇਸ ਘਰ ਵੱਲ ਆ ਰਿਹਾ ਸਾਂ ਤਾਂ ਗੁਰਨੇਕ ਆਪਣੇ ਦਰਵਾਜ਼ੇ ਦੇ ਬਾਹਰ ਹੀ ਖੜ੍ਹਾ ਸੀ। ਉਸ ਨੇ ਮੈਨੂੰ ਦੂਰੋਂ ਹੀ ਵੇਖ ਲਿਆ ਸੀ। ਨੇੜੇ ਆ ਕੇ ਮੈਂ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਈ ਪਰ ਉਸ ਨੇ ਮੂੰਹ ਦੂਜੇ ਪਾਸੇ ਕਰ ਲਿਆ ਅਤੇ ਇਸ ਤਰ੍ਹਾਂ ਦਾ ਵਿਹਾਰ ਕੀਤਾ, ਜਿਵੇਂ ਉਸ ਨੇ ਮੈਨੂੰ ਵੇਖਿਆ ਹੀ ਨਾ ਹੋਵੇ। ਮੈਂ ਸਮਝ ਗਿਆ ਕਿ ਇਸ ਦੇ ਮਨ ਵਿੱਚ ਅਜੇ ਵੀ ਕੋਈ ਖੋਟ ਹੈ। ਇਸ ਲਈ ਮੈਂ ਫ਼ੈਸਲਾ ਕਰ ਲਿਆ ਕਿ ਮੈਂ ਹੁਣ ਇਸ ਦੁਸ਼ਟ ਨੂੰ ਕਦੇ ਵੀ ਬੁਲਾਉਣਾ ਨਹੀਂ ਹੈ।

ਮੈਨੂੰ ਇਹ ਵੀ ਫ਼ਿਕਰ ਪਿਆ ਹੋਇਆ ਸੀ ਕਿ ਹੁਣ ਮੈਨੂੰ ਹੋਰ ਛੁੱਟੀਆਂ ਵੀ ਲੈਣੀਆਂ ਪੈਣਗੀਆਂ। ਮਨ ਹੀ ਮਨ ਗੁਰਨੇਕ 'ਤੇ ਗੁੱਸਾ ਵੀ ਆ ਰਿਹਾ ਸੀ ਕਿ ਜਦ ਲਿਖਤੀ ਰੂਪ ਵਿੱਚ ਸਮਝੌਤਾ ਹੋ ਗਿਆ ਹੈ ਤਾਂ ਉਸ ਨੇ ਆਪਣੇ ਮਨ ਵਿਚਲਾ ਕੂੜਾ ਅਜੇ ਵੀ ਕੱਢਿਆ ਨਹੀਂ ਹੈ। ਮੈਂ ਵਾਰ-ਵਾਰ ਮਨ ਹੀ ਮਨ ਇਹ ਗਿਣਤੀ-ਮਿਣਤੀ ਕਰਦਾ ਕਿ ਢਾਈ ਫੁੱਟ ਕਿੰਨੇ ਕੁ ਹੁੰਦੇ ਨੇ ਕੰਧ ਕਿੱਥੇ ਕੁ ਆਵੇਗੀ ? ਕਦੇ ਕਦੇ ਮੈਨੂੰ ਇਹ ਜਗ੍ਹਾ ਬਹੁਤ ਹੀ ਜ਼ਿਆਦਾ ਲੱਗਣ ਲੱਗ ਜਾਂਦੀ ਅਤੇ ਕਦੇ ਮਾਨਸਿਕ ਸ਼ਾਂਤੀ ਦੇ ਸਾਹਮਣੇ ਬੜੀ ਹੀ ਮਾਮੂਲੀ ਜਿਹੀ ਲੱਗਣ ਲੱਗ ਪੈਂਦੀ ਸੀ। ਫਿਰ ਇਹ ਸੋਚ ਕੇ ਚੁੱਪ ਹੋ ਜਾਂਦਾ ਕਿ ਟਕੇ ਦੀ ਹਾਂਡੀ

ਗਈ, ਕੁੱਤੇ ਦੀ ਜਾਤ ਪਛਾਣੀ ਗਈ। ਇਹ ਗੱਲ ਮੈਨੂੰ ਜ਼ਰਾ ਕੁ ਤਸੱਲੀ ਦੇ ਜਾਂਦੀ ਸੀ। ਖੈਰ, ਸਮਝੌਤਾ ਹੋਣ ਦੇ ਨਾਲ ਮੈਂ ਆਪਣੇ ਲਿਖਣ-ਪੜ੍ਹਣ ਵਾਲੇ ਕਾਰਜਾਂ ਨੂੰ ਦੁਬਾਰਾ ਤੋਂ ਸ਼ੁਰੂ ਕਰ ਦਿੱਤਾ ਸੀ।

0-0-0

ਦਿਨ ਬੀਤਦੇ ਗਏ। ਗਰਮੀ ਦੀਆਂ ਛੁੱਟੀਆਂ ਖ਼ਤਮ ਹੋ ਗਈਆਂ ਸਨ ਤੇ ਮੈਂ ਆਮ ਵਾਂਙ ਸਕੂਲ ਜਾਣਾ ਸ਼ੁਰੂ ਕਰ ਦਿੱਤਾ ਸੀ। ਮੈਂ ਕਿਸੇ ਕੋਲ ਵੀ ਇਸ ਸਮਝੌਤੇ ਬਾਰੇ ਭਾਫ਼ ਨਹੀਂ ਸੀ ਨਿਕਲਣ ਦਿੱਤੀ ਕਿਉਂਕਿ ਗੁਰਨੇਕ ਦੀ ਖਸਲਤ ਅਨੁਸਾਰ ਅਜੇ ਇਸ ਸਮਝੌਤੇ ਦੇ ਪੱਕਾ ਹੋਣ ਦਾ ਘਰ ਦੇ ਕਿਸੇ ਜੀਅ ਨੂੰ ਵੀ ਭਰੋਸਾ ਨਹੀਂ ਸੀ। ਹੁਣ ਜੇ ਕੋਈ ਭੁੱਲ ਭੁਲੇਖੇ ਮੈਨੂੰ ਪੁੱਛਦਾ ਵੀ ਤਾਂ ਮੈਂ 'ਬੱਸ ਜਲਦੀ ਹੀ ਫ਼ੈਸਲਾ ਹੋਣ ਵਾਲਾ ਹੈ' ਆਖ ਕੇ ਗੱਲ ਨੂੰ ਟਾਲ਼ ਦਿੰਦਾ ਸਾਂ। ਹੁਣ ਇਹ ਮਸਲਾ ਠੰਢਾ ਵੀ ਪੈ ਚੁੱਕਾ ਸੀ ਇਸ ਲਈ ਬਹੁਤ ਘੱਟ ਸਾਥੀ ਹੀ ਇਸ ਬਾਰੇ ਕੋਈ ਗੱਲ ਛੇੜਦੇ ਸਨ।

ਅਦਾਲਤ ਦੁਆਰਾ ਮਿਥੀ ਗਈ ਤਾਰੀਕ ਵਾਲੇ ਦਿਨ ਮੈਂ ਫਿਰ ਅਦਾਲਤ ਵਿੱਚ ਚਲਾ ਗਿਆ। ਸਾਡੀ ਵਾਰੀ ਆਉਣ 'ਤੇ ਮੈਂ ਅਤੇ ਮੇਰਾ ਵਕੀਲ ਅਦਾਲਤ ਵਿੱਚ ਜੱਜ ਦੇ ਸਾਹਮਣੇ ਜਾ ਪੇਸ਼ ਹੋਏ। ਅਸੀਂ ਉਸ ਨੂੰ ਦੱਸ ਦਿੱਤਾ ਕਿ ਸਮਝੌਤਾ ਹੋ ਚੁੱਕਾ ਹੈ। ਸਮਝੌਤੇ ਬਾਰੇ ਸੁਣ ਕੇ, ਉਹ ਬੜੀ ਹੀ ਖੁਸ਼ ਹੋਈ। ਉਸਨੇ ਸਾਨੂੰ ਦੂਜੀ ਧਿਰ ਦੇ ਆਉਣ ਦਾ ਇੰਤਜ਼ਾਰ ਕਰਨ ਲਈ ਆਖ ਦਿੱਤਾ। ਦੂਜੀ ਧਿਰ ਵੱਲੋਂ ਮੁਣਸ਼ੀ ਅਤੇ ਗੁਰਨੇਕ ਆ ਗਏ ਤੇ ਉਹਨਾਂ ਨੇ ਵੀ ਸਮਝੌਤੇ ਦੀ ਪ੍ਰੋੜਤਾ ਕਰ ਦਿੱਤੀ ਸੀ। ਜੱਜ ਨੇ ਕੁਝ ਸਮਾਂ ਸੋਚ ਕੇ ਆਖ ਦਿੱਤਾ ਕਿ ਇਸ 'ਤੇ ਲਿਖਤੀ ਫ਼ੈਸਲਾ ਅਗਲ਼ੀ ਲੋਕ ਅਦਾਲਤ ਵਿੱਚ ਦਿੱਤਾ ਜਾਵੇਗਾ। ਗੁਰਨੇਕ ਬੜਾ ਹੀ ਖੁਸ਼ ਹੋਇਆ ਤੇ ਮੈਨੂੰ ਸੁਣਾਅ ਕੇ ਮੁਣਸ਼ੀ ਨੂੰ ਆਖਣ ਲੱਗਾ, "ਕੋਈ ਨ੍ਹੀਂ ਜੀ, ਮੈਂ ਲੋਕ ਅਦਾਲਤ ਵਿੱਚ ਵੀ ਆ ਜਾਵਾਂਗਾ। ਮੈਂ ਤਾਂ ਘਰੇ ਵਿਹਲਾ ਹੀ ਹੁੰਦਾ ਹਾਂ, ਨਾਲੇ ਮੌਜ਼ ਮੇਲਾ ਹੋ ਜਾਵੇਗਾ।"

ਜੱਜ ਨੇ ਅਗਲ਼ੀ ਤਾਰੀਕ ਪਾ ਦਿੱਤੀ ਸੀ। ਅਗਲ਼ੀ ਤਾਰੀਕ ਪੈਣ ਬਾਰੇ ਸੋਚ ਕੇ ਮੇਰਾ ਅੰਦਰਲਾ ਬਾਹਰ ਨੂੰ ਆਉਣ ਲੱਗ ਪਿਆ ਸੀ। ਉਹ ਜੱਜ ਸੀ, ਇਸ ਲਈ ਮੈਂ ਉਸ ਨੂੰ ਕੀ ਆਖ ਸਕਦਾ ਸਾਂ। ਮੈਂ ਬੜੀ ਹੀ ਉਦਾਸੀ ਨਾਲ ਅਦਾਲਤ ਵਿੱਚੋਂ ਬਾਹਰ ਆ ਗਿਆ ਸਾਂ। ਮੈਂ ਵਕੀਲ ਨੂੰ ਇਸ ਸਭ ਦਾ ਕਾਰਨ ਪੁੱਛਿਆ ਤਾਂ ਉਹ ਆਖਣ ਲੱਗਾ, "ਇਹਨਾਂ ਦੀ ਆਪਣੀ ਮਜਬੂਰੀ ਹੁੰਦੀ ਹੈ। ਇਹਨਾਂ ਨੂੰ ਉੱਪਰੋਂ ਕੋਟਾ ਪੂਰਾ ਕਰਨ ਦੇ ਹੁਕਮ ਮਿਲੇ ਹੁੰਦੇ ਨੇ ਕਿ ਲੋਕ ਅਦਾਲਤਾਂ ਵਿੱਚ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰੋ। ਲੋਕਾਂ ਵਿੱਚ ਹੰਕਾਰ ਹੀ ਏਨਾ ਵਧਿਆ ਪਿਆ ਹੈ ਕਿ ਉਹ ਜਲਦੀ ਸਮਝੌਤਾ ਕਰਦੇ ਹੀ ਨਹੀਂ। ਜੇ ਕੋਈ ਭੁੱਲਿਆ ਭਟਕਿਆ ਕਰ ਵੀ ਲੈਂਦਾ ਹੈ ਤਾਂ ਉਸ ਨੂੰ ਸਾਡਾ ਭਾਈਚਾਰਾ

ਮੁਕਰਾਅ ਦਿੰਦਾ ਹੈ। ਇਸ ਲਈ ਜੱਜ ਅਜਿਹੇ ਕੇਸਾਂ ਨੂੰ ਲੋਕ ਅਦਾਲਤ ਤੱਕ ਟਾਲ਼ ਕੇ ਆਪਣੇ ਕੋਟੇ ਨੂੰ ਪੂਰਾ ਕਰਨ ਦਾ ਯਤਨ ਕਰਦੇ ਰਹਿੰਦੇ ਹਨ।"

"ਇਹ ਬੜਾ ਇਨਸਾਫ਼ ਹੋਇਆ ਕਿ ਕੀਤੇ ਹੋਏ ਫ਼ੈਸਲੇ ਨੂੰ ਵੀ ਲਮਕਾਈ ਜਾਓ। ਜੱਜਾਂ ਨੂੰ ਲੋਕਾਂ ਦੀਆਂ ਭਾਵਨਾਵਾਂ ਦਾ ਨ੍ਹੀਂ ਪਤਾ ਲੱਗਦਾ ਕਿ ਆਮ ਲੋਕ ਇਹਨਾਂ ਥਾਣਿਆਂ ਕਚਹਿਰੀਆਂ ਤੋਂ ਕਿਵੇਂ ਖਹਿੜਾ ਛੁਡਵਾਉਣਾ ਚਾਹੁੰਦੇ ਨੇ?" ਮੈਂ ਖਿਝ ਕੇ ਆਖਿਆ।

"ਭਾਈ ਉਹ ਜੱਜ ਏ। ਆਪਾਂ ਉਸ ਨੂੰ ਕੀ ਆਖ ਸਕਦੇ ਹਾਂ। ਇੱਥੇ ਸਭ ਹੀ ਮਜਬੂਰ ਨੇ। ਇਹ ਵੀ ਉਸ ਦੀ ਮਜਬੂਰੀ ਹੀ ਸੀ।" ਵਕੀਲ ਸਫ਼ਾਈ ਦੇਣ ਵਾਲਿਆਂ ਵਾਂਙ ਬੋਲਿਆ।

ਮੈਂ ਫਿਰ ਖਾਲੀ ਹੱਥ ਹੀ ਘਰ ਨੂੰ ਵਾਪਸ ਮੁੜ ਰਿਹਾ ਸਾਂ। ਘਰ ਵਿੱਚ ਸਭ ਨੂੰ ਉਮੀਦ ਸੀ ਕਿ ਅੱਜ ਸਾਡੇ ਗਲ ਪਿਆ ਹੋਇਆ ਮਰਿਆ ਸੱਪ ਲਹਿ ਜਾਣਾ ਹੈ ਅਤੇ ਹਰ ਵਾਰ ਦੀ ਤਰ੍ਹਾਂ ਸਾਰੇ ਜਣੇ ਮੇਰੇ ਘਰ ਆਉਣ ਦੀ ਉਡੀਕ ਵਿੱਚ ਬੈਠੇ ਸਨ। ਜਦ ਮੈਂ ਉਹਨਾਂ ਨੂੰ ਇੱਕ ਹੋਰ ਤਾਰੀਕ ਪੈਣ ਬਾਰੇ ਦੱਸਿਆ ਤਾਂ ਹਰੇਕ ਦੇ ਚਿਹਰੇ 'ਤੇ ਉਦਾਸੀ ਛਾ ਗਈ। ਆਸ ਟੁੱਟ ਜਾਣ ਕਾਰਨ ਇਸ ਦਾ ਛਾਅ ਜਾਣਾ ਲਾਜ਼ਮੀ ਹੀ ਸੀ। ਅਗਲ਼ੀ ਤਾਰੀਕ ਪੱਚੀ ਦਿਨ ਬਾਅਦ ਦੀ ਪਾਈ ਗਈ ਸੀ। ਹੁਣ ਸਾਨੂੰ ਨਾ-ਚਾਹੁੰਦੇ ਹੋਏ ਵੀ ਇਹਨਾਂ ਪੱਚੀ ਦਿਨਾਂ ਨੂੰ ਲੰਘਾਉਣਾ ਪੈਣਾ ਸੀ।

ਕੇਸ ਦੇ ਹੱਲ ਹੋ ਜਾਣ ਦੇ ਬਾਵਜੂਦ ਵੀ ਇਸ ਦਾ ਹੋਰ ਲਮਕ ਜਾਣਾ ਅਤੇ ਗੁਰਨੇਕ ਦੀ ਆਖੀ ਗਈ 'ਮੇਲੇ ਗੇਲੇ' ਵਾਲੀ ਗੱਲ ਮੇਰੇ ਮਨ ਨੂੰ ਵਾਰ-ਵਾਰ ਤੰਗ-ਪ੍ਰੇਸ਼ਾਨ ਕਰ ਰਹੀ ਸੀ। ਮਨ ਵਿੱਚ ਇਹ ਡਰ ਵੀ ਸੀ ਕਿ ਇਸ ਦਾ ਕੀ ਪਤਾ ਲੋਕ ਅਦਾਲਤ ਵਾਲੇ ਦਿਨ ਆ ਕੇ ਫਿਰ ਮੁੱਕਰ ਜਾਵੇ। ਮੈਨੂੰ ਜੱਜ 'ਤੇ ਬੜਾ ਹੀ ਗੁੱਸਾ ਚੜ੍ਹ ਰਿਹਾ ਸੀ, ਜਿਸ ਨੇ ਲੋਕ ਅਦਾਲਤ ਵਿੱਚ ਹੱਲ ਕੀਤੇ ਹੋਏ ਕੇਸਾਂ ਦੀ ਗਿਣਤੀ ਵਧਾਉਣ ਦੀ ਖ਼ਾਤਿਰ ਹੀ ਮੇਰੇ ਕੇਸ ਨੂੰ ਹੋਰ ਲਮਕਾਅ ਦਿੱਤਾ ਸੀ। ਮੇਰਾ ਅਦਾਲਤਾਂ ਵਿਚ ਬਣਿਆ ਹੋਇਆ ਥੋੜ੍ਹਾ-ਬਹੁਤਾ ਵਿਸ਼ਵਾਸ ਵੀ ਖ਼ਤਮ ਹੁੰਦਾ ਜਾ ਸੀ। ਮੇਰੇ ਲਈ ਤਸੱਲੀ ਦੀ ਸਿਰਫ਼ ਇੱਕੋ ਹੀ ਗੱਲ ਸੀ ਇਹ ਲੋਕ ਅਦਾਲਤ ਈਦ ਦੀ ਛੁੱਟੀ ਵਾਲੇ ਦਿਨ ਲੱਗਣੀ ਸੀ। ਸਰਕਾਰੀ ਛੁੱਟੀ ਹੋਣ ਕਰਕੇ ਮੇਰੀ ਅਚਨਚੇਤ ਛੁੱਟੀ ਬਚ ਜਾਣੀ ਸੀ।

ਕਰਦੇ ਕਰਾਉਂਦੇ ਈਦ ਵਾਲਾ ਦਿਨ ਆਉਣ 'ਤੇ ਮੈਂ ਕਚਹਿਰੀ ਵਿੱਚ ਪੁੱਜ ਗਿਆ। ਉੱਥੇ ਸੁੰਨਸਾਨ ਸੀ। ਮੈਨੂੰ ਸਮਝਣ ਵਿੱਚ ਦੇਰ ਨਾ ਲੱਗੀ ਕਿ ਅੱਜ ਸਰਕਾਰੀ ਛੁੱਟੀ ਹੋਣ ਕਾਰਨ ਸਿਰਫ਼ ਲੋਕ ਅਦਾਲਤ ਵਿੱਚ ਲੱਗੇ ਕੇਸਾਂ ਵਾਲਿਆਂ ਨੇ ਹੀ ਆਉਣਾ ਸੀ। ਇਸ ਲਈ ਇੱਥੇ ਟਾਵਾਂ ਟਾਵਾਂ ਬੰਦਾ ਹੀ ਵਿਖਾਈ ਦੇ ਰਿਹਾ ਹੈ। ਮੈਂ ਕਚਹਿਰੀ ਦੇ ਕੰਪਲੈਕਸ ਅੰਦਰ ਵੜ ਕੇ ਗੇੜਾ

ਕੱਢਿਆ। ਸਾਰੇ ਹੀ ਕਮਰੇ ਬੰਦ ਪਏ ਸਨ। ਫਿਰ ਮੈਂ ਆਪਣੇ ਵਕੀਲ ਦੇ ਚੈਂਬਰ ਅੱਗੇ ਪੁੱਜ ਗਿਆ। ਉਹ ਵੀ ਬੰਦ ਹੀ ਪਿਆ ਸੀ। ਦਰਵਾਜ਼ੇ ਦੇ ਕੁੰਡੇ ਨਾਲ ਲਮਕਦੇ ਹੋਏ ਜਿੰਦਰੇ ਨੇ ਹੀ ਮੇਰਾ ਸਵਾਗਤ ਕੀਤਾ।

ਪੰਜ ਦਸ ਮਿੰਟ ਉਡੀਕ ਕਰਨ ਤੋਂ ਬਾਅਦ ਮੈਂ ਆਪਣੇ ਵਕੀਲ ਨੂੰ ਫ਼ੋਨ ਮਿਲਾਅ ਲਿਆ ਅਤੇ ਉਸ ਨੂੰ ਅਦਾਲਤ ਵਿੱਚ ਨਾ ਆਉਣ ਦਾ ਕਾਰਨ ਪੁੱਛਿਆ। ਉਸਦੇ ਜਵਾਬ ਨਾਲ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਸੀ। ਕਿਉਂਕਿ ਈਦ ਦੇ ਕਾਰਨ ਲੋਕ ਅਦਾਲਤ ਵੀ ਮੁਲਤਵੀ ਕਰ ਦਿੱਤੀ ਗਈ ਸੀ ਅਤੇ ਇਹ ਸਾਰੇ ਕੇਸ ਅਗ਼ਲੀ ਲੋਕ ਅਦਾਲਤ ਵਿੱਚ ਹੀ ਵਿਚਾਰੇ ਜਾਣੇ ਸਨ। ਉਸ ਨੇ ਮੈਨੂੰ ਇਹ ਵੀ ਦੱਸਿਆ ਕਿ ਅਗ਼ਲੀ ਲੋਕ ਅਦਾਲਤ ਲੱਗਣ ਦੀ ਕੋਈ ਵੀ ਪੱਕੀ ਤਾਰੀਕ ਨਿਸ਼ਚਿਤ ਨਹੀਂ ਕੀਤੀ ਗਈ ਹੈ। ਸੋ, ਇਸ ਕੇਸ ਦੀ ਅਗ਼ਲੀ ਸੁਣਵਾਈ ਬਾਰੇ ਭਲਕੇ ਹੀ ਪਤਾ ਲੱਗ ਸਕਣਾ ਸੀ। ਹੁਣ ਫਿਰ ਮੈਨੂੰ ਜੱਜ 'ਤੇ ਰਹਿ ਰਹਿ ਕੇ ਗੁੱਸਾ ਆ ਰਿਹਾ ਸੀ, ਜਿਸ ਨੇ ਮੇਰੇ ਕੇਸ ਨੂੰ ਆਪਣੇ ਲਾਲਚ ਵੱਸ ਹੀ ਘੁੰਮਣਘੇਰੀ 'ਚ ਪਾ ਦਿੱਤਾ ਸੀ।

ਮੈਂ ਜਿੰਨਾ ਕੁ ਲੋਕ ਅਦਾਲਤਾਂ ਬਾਰੇ ਪੜ੍ਹਿਆ ਸੀ ਅਤੇ ਆਪਣੇ ਵਿਦਿਆਰਥੀਆਂ ਨੂੰ ਵੀ ਪੜ੍ਹਾਅ ਰਿਹਾ ਹਾਂ ਉਸ ਮੁਤਾਬਕ ਇਹਨਾਂ ਲੋਕ ਅਦਾਲਤਾਂ ਦਾ ਮੁੱਖ ਮਕਸਦ ਆਮ ਲੋਕਾਂ ਨੂੰ ਛੇਤੀ ਤੋਂ ਛੇਤੀ ਨਿਆਂ ਦੁਆਉਣਾ ਹੀ ਹੁੰਦਾ ਹੈ। ਜਿਸ ਤਰ੍ਹਾਂ ਦੀ ਲੋਕ ਅਦਾਲਤ ਦਾ ਮੈਂ ਨਾ ਚਾਹੁੰਦੇ ਹੋਏ ਵੀ ਸਾਹਮਣਾ ਕਰਨ ਲਈ ਮਜਬੂਰ ਸਾਂ, ਉਹੋ ਜਿਹੀਆਂ ਲੋਕ ਅਦਾਲਤਾਂ 'ਚੋਂ ਛੇਤੀ ਨਿਆਂ ਮਿਲਣ ਦੀ ਸਿੱਖਿਆ ਹੁਣ ਮੈਂ ਆਪਣੇ ਵਿਦਿਆਰਥੀਆਂ ਨੂੰ ਕਿਵੇਂ ਦੇ ਸਕਾਂਗਾ ? ਇਹ ਗੱਲ ਮੇਰੀ ਸੋਚ 'ਤੇ ਭਾਰੂ ਹੋਈ ਜਾ ਰਹੀ ਸੀ।

ਮੈਂ ਜੋ ਕੁਝ ਵੀ ਪੜ੍ਹਿਆ ਸੀ ਜਾਂ ਅੱਜ ਪੜ੍ਹਾਅ ਰਿਹਾ ਸਾਂ ਅਸਲ ਜ਼ਿੰਦਗੀ ਵਿੱਚ ਉਸ ਤੋਂ ਬਿਲਕੁਲ ਹੀ ਉਲਟ ਵਾਪਰ ਰਿਹਾ ਸੀ। ਮਨ ਵਿੱਚ ਕਈ ਸਵਾਲ ਉਪਜਣੇ ਸੁਭਾਵਕ ਹੀ ਸਨ ਕਿ ਇਹ ਕਿਹੋ-ਜਿਹੀਆਂ ਲੋਕ ਅਦਾਲਤਾਂ ਹਨ, ਜਿਹੜੀਆਂ ਕਈ ਸਾਲਾਂ ਬਾਅਦ ਮਸਾਂ ਨਿੱਬੜੇ ਹੋਏ ਕੇਸਾਂ ਨੂੰ ਹੋਰ ਵੀ ਲਮਕਾਉਣ ਦਾ ਕਾਰਕ ਹੀ ਬਣ ਰਹੀਆਂ ਹਨ ? ਅਦਾਲਤਾਂ ਦੇ ਪ੍ਰਬੰਧਕਾਂ ਨੂੰ ਕਿਹੜਾ ਨਹੀਂ ਪਤਾ ਹੋਣਾ ਕਿ ਲੋਕ ਅਦਾਲਤ ਲਾਉਣ ਵਾਲੇ ਦਿਨ ਈਦ ਦੀ ਛੁੱਟੀ ਹੈ ? ਉਹ ਅਜਿਹੇ ਮਹੱਤਵਪੂਰਨ ਦਿਨ ਨਿਰਧਾਰਿਤ ਕਰਨ ਤੋਂ ਪਹਿਲਾਂ ਹੀ ਇਸ ਦੇ ਸਾਰੇ ਪਹਿਲੂਆਂ ਬਾਰੇ ਵਿਚਾਰ ਕਿਉਂ ਨਹੀਂ ਕਰਦੇ ? ਇੱਕ ਦਿਨ ਪਹਿਲਾਂ ਹੀ ਇਸ ਤਰ੍ਹਾਂ ਦੀ ਛੁੱਟੀ ਦਾ ਐਲਾਨ ਕਰ ਦੇਣ ਨਾਲ ਮੇਰੇ ਸਮੇਤ ਪਤਾ ਨਹੀਂ ਦੇਸ਼ ਦੇ ਕਿੰਨੇ ਕੁ ਲੋਕਾਂ ਦੀ ਖੱਜਲ-ਖੁਆਰੀ ਹੋਈ ਹੋਵੇਗੀ ? ਕਿੰਨੇ ਲੋਕਾਂ ਨੇ ਆਪਣਾ ਜ਼ਰੂਰੀ ਕੰਮ ਛੱਡਿਆ ਹੋਵੇਗਾ ? ਇਸ ਦਾ ਤਾਂ ਅੰਦਾਜ਼ਾ ਹੀ ਨਹੀਂ ਲਾਇਆ ਜਾ ਸਕਦਾ। ਮੈਂ ਤਾਂ

ਚਲੋ ਅਦਾਲਤ ਤੋਂ ਕੇਵਲ ਦੋ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਹੀ ਬੈਠਾ ਸਾਂ ਪਰ ਜਿਹਨਾਂ ਲੋਕਾਂ ਨੇ ਦੇਸ਼ ਦੀਆਂ ਵੱਖ-ਵੱਖ ਅਦਾਲਤਾਂ ਵਿਚ ਸੈਂਕੜੇ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਪਹੁੰਚਣਾ ਸੀ ਅਤੇ ਖਾਲੀ ਹੱਥ ਹੀ ਵਾਪਸ ਪਰਤ ਆਉਣਾ ਸੀ, ਉਹਨਾਂ ਦੀ ਮਾਨਸਿਕ ਦਸ਼ਾ ਦਾ ਅੰਦਾਜ਼ਾ ਲਾਉਣਾ ਔਖਾ ਹੀ ਨਹੀਂ ਸਗੋਂ ਅਸੰਭਵ ਹੀ ਹੈ। ਇਹ ਨਿਆਂਇਕ ਢਾਂਚਾ ਕਿਸ ਤਰ੍ਹਾਂ ਦਾ ਹੈ ?

ਮੈਨੂੰ ਆਪਣੇ ਵਕੀਲ 'ਤੇ ਵੀ ਗੁੱਸਾ ਆ ਰਿਹਾ ਸੀ। ਜੇ ਛੁੱਟੀ ਦਾ ਐਲਾਨ ਹੋ ਹੀ ਗਿਆ ਸੀ ਤਾਂ ਘੱਟੋ-ਘੱਟ ਉਸ ਦਾ ਮੈਨੂੰ ਸੂਚਿਤ ਕਰਨਾ ਤਾਂ ਬਣਦਾ ਹੀ ਸੀ। ਪਰ ਹੁਣ ਕੀਤਾ ਵੀ ਕੀ ਜਾ ਸਕਦਾ ਸੀ ? ਮੈਂ ਆਪਣੇ ਦੇਸ਼ ਦੇ ਨਿਆਂ ਪ੍ਰਬੰਧ 'ਤੇ ਝੂਰਦਾ ਹੋਇਆ ਘਰ ਨੂੰ ਵਾਪਸ ਪਰਤ ਆਇਆ। ਮੈਨੂੰ ਉਡੀਕ ਰਹੇ ਘਰਦਿਆਂ ਦੀ ਉਮੀਦ 'ਤੇ, ਪਹਿਲਾਂ ਵਾਂਙ, ਇੱਕ ਵਾਰ ਫਿਰ ਪਾਣੀ ਫਿਰ ਗਿਆ।

ਅਗਲੇ ਦਿਨ ਦੁਪਹਿਰੋਂ ਬਾਅਦ ਮੈਂ ਵਕੀਲ ਨੂੰ ਫ਼ੋਨ ਕੀਤਾ ਅਤੇ ਅਗਾਂਹ ਵਾਲੀ ਤਾਰੀਕ ਬਾਰੇ ਪੁੱਛਿਆ। ਲੋਕ ਅਦਾਲਤ ਦੀ ਮਿਤੀ ਤਾਂ ਨਿਰਧਾਰਿਤ ਨਹੀਂ ਕੀਤੀ ਗਈ ਸੀ ਪਰ ਸਾਡੀ ਅਗਲ਼ੀ ਤਾਰੀਕ ਡੇਢ ਮਹੀਨੇ ਦੇ ਵਕਫ਼ੇ ਬਾਅਦ ਦੀ ਪਾਈ ਗਈ ਸੀ। ਇਸ ਨਾਲ ਮੇਰੇ ਨਾਲ ਮੇਰੇ ਘਰ ਦੇ ਵੀ ਥੋੜ੍ਹੀ ਨਿਰਾਸ਼ਾ ਦੇ ਆਲਮ ਵਿੱਚ ਚਲੇ ਗਏ ਸਨ। ਪਰ ਮੇਰੀ ਮਾਂ ਨੇ ਆਖਿਆ ਸੀ, "ਕੋਈ ਗੱਲ ਨਹੀਂ, ਥੋੜ੍ਹੇ ਜਿਹੇ ਦਿਨਾਂ ਬਾਅਦ ਹੀ ਡੇਢ ਮਹੀਨਾ ਹੋ ਜਾਣੈ। ਜਿੱਥੇ ਅੱਗੇ ਸਾਲ ਸਵਾ ਸਾਲ ਲੰਘ ਗਿਐ, ਇਹ ਡੇਢ ਮਹੀਨਾ ਵੀ ਲੰਘ ਜਾਣੈ।"

ਦਿਨ ਆਪਣੀ ਚਾਲੇ ਲੰਘ ਰਹੇ ਸਨ। ਇੱਕ ਦਿਨ ਮੁਹੱਲੇ ਦਾ ਹੀ, ਸਾਡਾ ਇੱਕ ਪੱਖੀ ਸੱਜਣ ਮੇਰੇ ਕੋਲੋਂ ਕੇਸ ਦਾ ਸਾਰ-ਵਿਸਥਾਰ ਪੁੱਛਣ ਲੱਗ ਪਿਆ। ਉਸ ਦਾ ਵਿਚਾਰ ਸੀ ਕਿ ਜਦ ਸਮਝੌਤਾ ਹੋ ਹੀ ਗਿਆ ਹੈ ਤਾਂ ਕੰਧ ਕਰ ਕੇ ਸਾਰਾ ਮਸਲਾ ਨਿਬੇੜ ਹੀ ਦੇਣਾ ਚਾਹੀਦਾ ਹੈ। ਉਸ ਨੇ ਗੁਰਨੇਕ ਨਾਲ ਗੱਲਬਾਤ ਕਰਨ ਬਾਰੇ ਆਖਿਆ, ਜਿਸ ਨੂੰ ਮੈਂ ਵੀ ਸਹਿਮਤੀ ਦੇ ਦਿੱਤੀ।

ਤੀਜੇ ਕੁ ਦਿਨ ਉਹ ਮੈਨੂੰ ਫਿਰ ਮਿਲ ਪਿਆ ਤੇ ਉਸ ਨੇ ਮੈਨੂੰ ਦੱਸਿਆ, "ਮੈਂ ਗੁਰਨੇਕ ਨਾਲ ਸਾਰੀ ਗੱਲ ਕੀਤੀ ਸੀ ਪਰ ਉਹ ਅਦਾਲਤ ਦੇ ਲਿਖਤੀ ਫ਼ੈਸਲੇ ਤੋਂ ਪਹਿਲਾਂ ਕੁਝ ਵੀ ਮੰਨਣ ਲਈ ਤਿਆਰ ਨਹੀਂ ਹੈ।" ਫਿਰ ਆਖਣ ਲੱਗਾ, "ਮੈਂ ਤਾਂ ਉਸ ਨੂੰ ਇਹ ਵੀ ਆਖ ਦਿੱਤਾ ਸੀ ਕਿ ਤੂੰ ਉਹਨਾਂ ਨੂੰ ਗ਼ਲਤ ਸਮਝ ਕੇ, ਸਹੀ ਬੰਦਿਆਂ ਨਾਲ ਪੰਗਾ ਲੈ ਬੈਠਾ ਏਂ, ਉਹ ਇੱਕਵੀਂ ਸਦੀ ਦੇ ਪੜ੍ਹੇ ਲਿਖੇ ਬੰਦੇ ਨੇ। ਤੇਰੇ ਤੋਂ ਪੈਸੇ ਪੱਖੋਂ ਤੋਂ ਤਾਂ ਕੀ ਬੰਦਿਆਂ ਦੇ ਪੱਖੋਂ ਵੀ ਘੱਟ ਨਹੀਂ ਹਨ। ਜੇ ਤੇਰੇ ਨਾਲ ਚਾਰ ਤੁਰਦੇ ਆ ਤਾਂ ਉਹਨਾਂ ਨਾਲ ਚਾਲ਼ੀ ਹੁੰਦੇ ਨੇ। ਨਾਲੇ ਤੂੰ ਹੈ ਵੀ ਗ਼ਲਤ। ਜੇ ਮੇਰੀ ਗੱਲ ਝੂਠ ਏ ਤਾਂ ਤੂੰ ਪਰਤਿਆ ਕੇ ਵੇਖ

ਲੈ। ਭਾਈ, ਬਾਕੀ ਤੂੰ ਤਾਂ ਉਹਨਾਂ ਬਾਰੇ ਜ਼ਿਆਦਾ ਹੀ ਜਾਣ ਗਿਆ ਹੋਵੇਂਗਾ।"

ਆਪਣੀ ਕੀਤੀ ਗਈ ਗੱਲ ਨਾਲ ਮੇਰੀ ਹਾਂ ਮਿਲਦੀ ਵੇਖ ਕੇ ਫਿਰ ਆਖਣ ਲੱਗਾ, "ਮੈਂ ਉਹਨੂੰ ਦੱਸ ਦਿੱਤਾ ਸੀ ਕਿ ਉਹ ਸਿੱਧਿਆਂ ਨਾਲ ਸਿੱਧੇ ਨੇ ਤੇ ਟੇਢਿਆਂ ਨਾਲ ਟੇਢੇ। ਉਹਨਾਂ ਦਾ ਪਿੰਡ ਵੀ ਕੋਈ ਜ਼ਿਆਦਾ ਦੂਰ ਨਹੀਂ। ਜੇਕਰ ਮੇਰਾ ਯਕੀਨ ਨਹੀਂ ਤਾਂ ਤੈਨੂੰ ਉੱਥੇ ਲੈ ਚੱਲਾਂਗਾ। ਤੂੰ ਸਮਝਦਾ ਏਂ ਕਿ ਉਹ ਮੈਦਾਨ ਛੱਡ ਕੇ ਭੱਜ ਜਾਣਗੇ ਪਰ ਮੇਰੀ ਹੁਣ ਤੱਕ ਦੀ ਜਾਣਕਾਰੀ ਮੁਤਾਬਕ ਉਹਨਾਂ ਦੀ ਗਿਣਤੀ ਡਟ ਕੇ ਲੜਣ ਵਾਲਿਆਂ ਵਿੱਚ ਹੀ ਹੁੰਦੀ ਹੈ। ਉਹ ਤਾਂ ਅੱਤਵਾਦ ਦੇ ਦਿਨਾਂ ਵਿੱਚ ਨਹੀਂ ਸੀ ਡੋਲੇ। ਤੂੰ ਕੀ ਸਮਝਦੈਂ ਉਹਨਾਂ ਨੂੰ ?"

"ਨਹੀਂ ਵੀਰ ਜੀ, ਜੇ ਅਸੀਂ ਏਨੇ ਖ਼ਤਰਨਾਕ ਹੁੰਦੇ ਤਾਂ ਇਹਨੇ ਸਾਡੇ ਨਾਲ ਪੰਗਾ ਹੀ ਨ੍ਹੀਂ ਸੀ ਲੈਣਾ। ਅਸੀਂ ਤਾਂ ਰੱਬ ਦੀਆਂ ਦਿੱਤੀਆਂ ਖਾਣ ਵਾਲੇ ਹਾਂ। ਕੰਮ ਕਰਦੇ ਹਾਂ ਤੇ ਰੋਟੀ ਖਾਂਦੇ ਹਾਂ। ਕਦੇ ਕਿਸੇ ਦਾ ਬੁਰਾ ਨਹੀਂ ਕੀਤਾ।" ਮੈਂ ਉਸ ਦੀ ਗੱਲ ਟੋਕ ਦਿੱਤੀ।

"ਮੈਂ ਤਾਂ ਉਸ ਨੂੰ ਆਖ ਦਿੱਤਾ ਕਿ ਤੂੰ ਕਿਸੇ ਨੂੰ ਡਰਾਅ-ਧਮਕਾ ਕੇ, ਦਬਾਅ ਦੇਣ ਵਾਲੇ ਆਪਣੇ ਪੱਚੀ ਸਾਲ ਪੁਰਾਣੇ ਫਾਰਮੂਲੇ ਛੱਡ ਦੇ। ਇਹ ਤਾਂ ਐਵੇਂ ਅਣਜਾਣ ਲੋਕਾਂ ਨੂੰ ਡਰਾਉਣ ਵਾਸਤੇ ਫੁੱਦੂ ਪਟਾਕੇ ਹੁੰਦੇ ਨੇ, ਹੁਣ ਨਹੀਂ ਇਹਨਾਂ ਨੇ ਕੰਮ ਕਰਨਾ। ਪਹਿਲਾਂ ਵਾਲੀਆਂ ਗੱਲਾਂ ਗਈਆਂ ਹੁਣ।" ਉਹ ਆਪਣੀ ਗੱਲ ਆਖ ਗਿਆ ਸੀ।

ਤੇ ਫਿਰ ਉਹ ਮੈਨੂੰ ਕੁਝ ਦਿਨ ਹੋਰ ਉਡੀਕ ਕਰ ਲੈਣ ਦੀ ਸਲਾਹ ਅਤੇ ਹੌਸਲਾ ਦੇ ਕੇ ਚਲਾ ਗਿਆ। ਮੈਂ ਸਮਝ ਗਿਆ ਕਿ ਗੁਰਨੇਕ ਇਸ ਮਸਲੇ ਨੂੰ ਵੱਧ ਤੋਂ ਵੱਧ ਸਮਾਂ ਲਮਕਾਉਣਾ ਹੀ ਚਾਹੁੰਦਾ ਹੈ। 'ਚਲੋ ਉਸ ਦੀ ਮਰਜ਼ੀ' ਆਖ ਕੇ ਮੈਂ ਸਬਰ ਦਾ ਘੁੱਟ ਭਰ ਲਿਆ।

ਦਿਨ ਲੰਘਦੇ ਜਾ ਰਹੇ ਸਨ। ਇੱਕ ਦਿਨ ਮੈਨੂੰ ਨਗਰ ਨਿਗਮ ਦੇ ਇੱਕ ਜੇ.ਈ. ਦਾ ਫ਼ੋਨ ਆ ਗਿਆ ਅਤੇ ਉਸ ਨੇ ਮੇਰੇ ਦੁਆਰਾ ਗੁਰਨੇਕ ਦੇ ਖ਼ਿਲਾਫ਼ ਕੀਤੀ ਹੋਈ ਸ਼ਿਕਾਇਤ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀ। ਮੈਂ ਉਸ ਨੂੰ ਸਭ ਕੁਝ ਸੱਚ-ਸੱਚ ਦੱਸ ਦਿੱਤਾ। ਗੱਲੀਂਬਾਤੀਂ ਉਹ ਮੇਰੇ 'ਤੇ ਦਬਾਅ ਪਾਉਣ ਲੱਗ ਪਿਆ ਕਿ ਜਦ ਤੁਹਾਡਾ ਸਮਝੌਤਾ ਹੋ ਹੀ ਗਿਆ ਹੈ ਤਾਂ ਇਹ ਸ਼ਿਕਾਇਤ ਵਾਪਸ ਲੈ ਲਵੋ। ਮੈਂ ਸਾਫ਼ ਇਨਕਾਰ ਕਰ ਕੇ ਉਸ ਨੂੰ ਆਖ ਦਿੱਤਾ ਕਿ ਜਿੰਨਾ ਚਿਰ ਅਦਾਲਤ ਦੇ ਫ਼ੈਸਲੇ ਦੀ ਕਾਪੀ ਮੈਨੂੰ ਨਹੀਂ ਮਿਲ ਜਾਂਦੀ, ਮੈਂ ਓਨਾ ਚਿਰ ਸ਼ਿਕਾਇਤ ਵਾਪਿਸ ਲੈਣ ਵਾਸਤੇ ਕੁਝ ਵੀ ਲਿਖ ਕੇ ਨਹੀਂ ਦੇਵਾਂਗਾ। ਮੈਂ ਉਸ ਨੂੰ ਇਹ ਵੀ ਦੱਸ ਦਿੱਤਾ ਕਿ ਜਦ ਗੁਰਨੇਕ ਅਦਾਲਤ ਦੇ ਫ਼ੈਸਲੇ ਤੋਂ ਪਹਿਲਾਂ ਕੁਝ ਵੀ ਕਰਨ ਨੂੰ ਤਿਆਰ ਨਹੀਂ ਹੈ ਤਾਂ ਮੈਂ ਆਪਣੀ ਸ਼ਿਕਾਇਤ ਵਾਪਸ

ਕਿਉਂ ਲਵਾਂ ?

ਮੈਨੂੰ ਵੀ ਖ਼ਤਰਾ ਸੀ ਕਿ ਮੇਰੀ ਸ਼ਿਕਾਇਤ ਵਾਪਸ ਹੋਣ ਦੀ ਸੂਰਤ ਵਿੱਚ ਗੁਰਨੇਕ ਅਗ਼ਲੀ ਤਾਰੀਕ 'ਤੇ ਮੇਡੀਏਸ਼ਨ ਵਾਲੇ ਸਮਝੌਤੇ ਤੋਂ ਮੁੱਕਰ ਸਕਦਾ ਹੈ। ਮੇਰਾ ਉਸ ਤੋਂ ਪੂਰੀ ਤਰ੍ਹਾਂ ਵਿਸ਼ਵਾਸ਼ ਉੱਠ ਚੁੱਕਾ ਸੀ। ਜਿਹੜਾ ਬੰਦਾ ਆਪ ਪੂਰੀ ਤਰ੍ਹਾਂ ਗ਼ਲਤ ਹੁੰਦੇ ਹੋਏ ਵੀ ਮੈਨੂੰ ਸਵਾ ਸਾਲ ਦੇ ਕਰੀਬ ਥਾਣਿਆਂ-ਕਚਹਿਰੀਆਂ ਵਿੱਚ ਘੜੀਸ ਸਕਦਾ ਹੈ ਤਾਂ ਇਹੋ ਜਿਹੇ ਘਤਿੱਤੀ ਬੰਦੇ 'ਤੇ ਵਿਸ਼ਵਾਸ਼ ਕਰਨਾ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਦੇ ਬਰਾਬਰ ਹੀ ਸੀ।

ਇਸ ਗੱਲ ਨੂੰ ਅਜੇ ਦੋ ਕੁ ਦਿਨ ਹੀ ਹੋਏ ਸਨ ਕਿ ਮੈਨੂੰ ਆਪਣੇ ਘਰ ਵੱਲ ਜਾਂਦਿਆਂ ਗੁਰਨੇਕ ਦਿਸ ਪਿਆ। ਮੈਂ ਪਹਿਲਾਂ ਸੋਚੇ ਮੁਤਾਬਿਕ ਉਸ ਦੇ ਕੋਲੋਂ ਲੰਘਣ ਵੇਲ਼ੇ ਉਸ ਨਾਲ ਅੱਖ ਹੀ ਨਾ ਮਿਲਾਈ ਪਰ ਮੇਰੀ ਚੋਰ ਅੱਖ ਉਸ ਵਿੱਚ ਹੀ ਸੀ। ਮੈਨੂੰ ਵੇਖ ਉਸ ਨੇ ਦੋਵੇਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਉਣੀ ਚਾਹੀ ਪਰ ਮੇਰੇ ਵੱਲੋਂ ਅਣਗੌਲਿਆ ਕਰਨ ਕਾਰਨ ਉਸ ਦੇ ਕੰਬਦੇ ਹੋਏ ਹੱਥ ਆਪਣੀ ਛਾਤੀ ਕੋਲੋਂ ਬਿਨਾਂ ਜੁੜਿਆਂ ਹੀ, ਆਪਣੇ ਆਪ ਵਾਪਸ ਹੇਠਾਂ ਹੋ ਗਏ। ਉਸ ਨੂੰ ਤੁਰਨ ਵਿੱਚ ਵੀ ਤਕਲੀਫ਼ ਹੋ ਰਹੀ ਸੀ। ਉਹ ਕੰਧ ਨੂੰ ਹੱਥ ਪਾ ਕੇ ਚੱਲ ਰਿਹਾ ਸੀ। ਮੇਰੇ ਲਈ ਉਸ ਦੀ ਇਹ ਹਾਲਤ ਅਣਕਿਆਸੀ ਹੀ ਸੀ। ਸਦਾ ਹੀ ਖ਼ਚਰੀ ਹਾਸੀ ਹੱਸਦਾ ਰਹਿਣ ਵਾਲਾ ਢੁੱਚਰੀ ਅਤੇ ਮੁਹੱਲੇ 'ਤੇ ਰੋਅਬ ਰੱਖ ਕੇ ਅੱਧੀ ਤੋਂ ਵੱਧ ਗਲੀ ਨੂੰ ਨੱਪੀ ਬੈਠੇ ਇੱਕ ਸ਼ਾਤਿਰ ਬੰਦੇ ਨੂੰ ਆਪਣੇ ਪੈਰਾਂ ਉੱਤੇ ਖੜ੍ਹਾ ਹੋਣਾ ਵੀ ਔਖ਼ਾ ਲੱਗ ਰਿਹਾ ਸੀ।

ਮੈਂ ਸਮਝਿਆ ਕਿ ਜ਼ਰੂਰ ਇਹ ਬੀਮਾਰ ਹੋ ਗਿਆ ਹੋਵੇਗਾ। ਸ਼ਾਇਦ ਇਸ ਲਈ ਹੀ ਇਸ ਦੀ ਇਹ ਹਾਲਤ ਹੋ ਗਈ ਹੈ। ਮੇਰਾ ਇਹ ਵਹਿਮ ਉਸ ਸ਼ਾਮ ਨੂੰ ਹੀ ਟੁੱਟ ਗਿਆ ਸੀ ਜਦ ਅੰਕਲ ਸੋਹਣ ਸਿੰਘ ਅਤੇ ਹੀਰਾ ਸਿੰਘ ਸਾਡੇ ਘਰ ਅਚਨਚੇਤ ਹੀ ਮਿਲਣ ਲਈ ਆ ਗਏ। ਸੋਹਣ ਸਿੰਘ ਨਗਰ ਨਿਗਮ ਦੇ ਕਰਮਚਾਰੀ ਹੋਣ ਕਾਰਨ ਉਹਨਾਂ ਨੂੰ ਪਤਾ ਲੱਗ ਗਿਆ ਸੀ ਕਿ ਮੇਰੀ ਉਪ ਮੁੱਖ ਮੰਤਰੀ ਨੂੰ ਕੀਤੀ ਹੋਈ ਸ਼ਿਕਾਇਤ ਵਿਜੀਲੈਂਸ ਵਿਭਾਗ ਨੂੰ ਸੌਂਪ ਦਿੱਤੀ ਗਈ ਹੈ ਅਤੇ ਵਿਜੀਲੈਂਸ ਨੇ ਇਸ ਸਬੰਧੀ ਆਪਣੀ ਪੜਤਾਲ ਵੀ ਸ਼ੁਰੂ ਕਰ ਦਿੱਤੀ ਹੈ।

ਪੜਤਾਲ ਸ਼ੁਰੂ ਹੋਣ ਕਾਰਨ ਇਸ ਕੇਸ ਨਾਲ ਸਬੰਧਤ ਨਗਰ ਨਿਗਮ ਦੇ ਸਭ ਕਰਮਚਾਰੀਆਂ ਦੀ ਰਾਤਾਂ ਦੀ ਨੀਂਦ ਹਰਾਮ ਹੋਈ ਪਈ ਹੈ। ਇਸ ਲਈ ਉਹਨਾਂ ਨੇ ਆਪਣੇ ਆਪ ਨੂੰ ਕਾਰਵਾਈ ਤੋਂ ਬਚਾਉਣ ਹਿੱਤ ਗੁਰਨੇਕ ਨੂੰ ਆਪਣਾ ਨਜਾਇਜ਼ ਕਬਜ਼ਾ ਦਸ ਦਿਨਾਂ ਦੇ ਵਿੱਚ-ਵਿੱਚ ਹਟਾਅ ਲੈਣ ਦਾ ਸਖ਼ਤ ਨੋਟਿਸ ਜਾਰੀ ਕਰ ਦਿੱਤਾ ਹੈ। ਗੁਰਨੇਕ ਵੀ ਬਹੁਤ ਜ਼ਿਆਦਾ ਡਰ

ਗਿਆ ਹੈ ਅਤੇ ਕਮਿਸ਼ਨਰ ਕੋਲ ਵੱਖ-ਵੱਖ ਰਾਜਨੀਤਿਕ ਬੰਦਿਆਂ ਦੀਆਂ ਸਿਫ਼ਾਰਸ਼ਾਂ ਪੁਆ ਰਿਹਾ ਹੈ।ਕਮਿਸ਼ਨਰ ਆਈ.ਏ.ਐਸ. ਅਧਿਕਾਰੀ ਹੋਣ ਅਤੇ ਸ਼ਿਕਾਇਤ ਉੱਪ ਮੁੱਖ ਮੰਤਰੀ ਦੇ ਦਫ਼ਤਰੋਂ ਨੰਬਰ ਲੱਗ ਕੇ ਆਉਣ ਕਾਰਨ ਕਿਸੇ ਦੀ ਵੀ ਸਿਫ਼ਾਰਿਸ਼ ਨਹੀਂ ਮੰਨ ਰਿਹਾ ਹੈ।ਇਹ ਤਾਂ ਫਿਰ ਵੀ ਵਿਜੀਲੈਂਸ ਦੀ ਜਾਂਚ ਹੈ।ਇਸ ਵਿੱਚ ਤਾਂ ਉਸ ਨੇ ਕਿਸੇ ਦੀ ਮੰਨਣੀ ਹੀ ਕੀ ਹੈ ?

ਮੈਨੂੰ ਸਮਝਣ ਵਿਚ ਜ਼ਰਾ ਵੀ ਦੇਰ ਨਾ ਲੱਗੀ ਕਿ ਗੁਰਨੇਕ ਦੇ ਹੱਥ ਉਦੋਂ ਕਿਉਂ ਕੰਬ ਰਹੇ ਸਨ ਅਤੇ ਉਹ ਤੁਰਨ ਲੱਗਾ ਕੰਧ ਦਾ ਸਹਾਰਾ ਕਿਉਂ ਲੈ ਰਿਹਾ ਸੀ ? ਹੁਣ ਮੈਂ ਕੀ ਕਰ ਸਕਦਾ ਸਾਂ ਜਦ ਉਹ ਆਪ ਹੀ ਇਸ ਮਸਲੇ ਨੂੰ ਲਮਕਾਉਣਾ ਚਾਹੁੰਦਾ ਸੀ ਤੇ ਮਸਲਾ ਲਮਕੀ ਜਾ ਰਿਹਾ ਸੀ।ਉਹ ਕੰਬਲ ਨੂੰ ਫੜਨਾ ਚਾਹੁੰਦਾ ਸੀ ਪਰ ਹੁਣ ਕੰਬਲ ਨੇ ਉਸ ਨੂੰ ਫੜ ਲਿਆ ਸੀ ਤੇ ਉਹ ਚਾਹ ਕੇ ਵੀ ਕੰਬਲ ਤੋਂ ਆਪਣਾ ਖਹਿੜਾ ਨਹੀਂ ਛੁਡਵਾਅ ਸਕਦਾ ਸੀ।ਇਹ ਸਭ ਕੁਝ ਉਸ ਦਾ ਹੀ ਬੀਜਿਆ ਹੋਇਆ ਸੀ ਜਿਹੜਾ ਉਸ ਨੂੰ ਵੱਢਣਾ ਪੈ ਰਿਹਾ ਸੀ।

ਅਗਲੇ ਦਿਨ ਹੀ ਯਾਦਵਿੰਦਰ ਨੇ ਨਗਰ ਨਿਗਮ ਵਾਲੇ ਆਪਣੇ ਸੀ.ਆਈ.ਡੀ. ਦਲ ਨੂੰ ਚੌਕਸ ਕਰ ਦਿੱਤਾ।ਸ਼ਾਮ ਨੂੰ ਹੀ ਸਾਨੂੰ ਪਤਾ ਲੱਗ ਗਿਆ ਕਿ ਗੁਰਨੇਕ ਕਿਸੇ ਸਥਾਨਿਕ ਰਾਜਨੀਤਿਕ ਬੰਦੇ ਨੂੰ ਲੈ ਕੇ ਕਮਿਸ਼ਨਰ ਨੂੰ ਮਿਲਿਆ ਸੀ ਤੇ ਉਸ ਨੂੰ ਆਖਣ ਲੱਗ ਪਿਆ ਸੀ ਕਿ ਸਾਡਾ ਸਮਝੌਤਾ ਹੋ ਗਿਆ ਹੈ ਇਸ ਲਈ ਕੇਸ ਨੂੰ ਰਫ਼ਾ-ਦਫ਼ਾ ਕਰ ਦਿਓ।ਕਮਿਸ਼ਨਰ ਉਸ ਦੀ ਗੱਲ ਸੁਣ ਕੇ ਭੜਕ ਹੀ ਉੱਠਿਆ ਸੀ, "ਤੈਨੂੰ ਨੋਟਿਸ ਵਿੱਚ ਦਸ ਦਿਨ ਦਿੱਤੇ ਸੀ।ਤਿੰਨ ਬੀਤ ਗਏ ਨੇ ਤੇ ਸੱਤ ਰਹਿ ਗਏ ਨੇ।ਸਾਡੇ ਲਈ ਦਸ ਦਿਨ ਦਾ ਮਤਲਬ ਦਸ ਹੈ।ਜੇ ਦਸ ਤੋਂ ਇੱਕ ਦਿਨ ਪਹਿਲਾਂ ਤਕ ਸਮਝੌਤੇ ਦੀ ਕਾਪੀ ਮੇਰੇ ਇਸ ਟੇਬਲ ਉੱਤੇ ਨਾ ਆਈ ਤਾਂ ਆਪਣੇ ਚੁਬਾਰੇ 'ਚੋਂ ਸਮਾਨ ਬਾਹਰ ਕੱਢ ਲਵੀਂ।ਫਿਰ ਆਖੇਂਗਾ ਕਿ ਨਾਲੇ ਮਕਾਨ ਢਾਹ ਗਏ ਤੇ ਨਾਲੇ ਸਮਾਨ ਵੀ ਖ਼ਰਾਬ ਕਰ ਗਏ।ਸ਼ਾਇਦ ਤੈਨੂੰ ਸਾਡੇ ਮਹਿਕਮੇ ਦੇ ਕੰਮ ਕਰਨ ਦੇ ਤਰੀਕੇ ਬਾਰੇ ਅਜੇ ਪਤਾ ਨਹੀਂ।ਬੁਲਡੋਜ਼ਰ ਦੇ ਕਿਰਾਏ ਵਾਸਤੇ ਪੈਸੇ ਵੀ ਤਿਆਰ ਰੱਖੀਂ।ਉਹ ਵੀ ਤੈਨੂੰ ਹੀ ਪੈਣੈਂ ਆ।"

ਕਮਿਸ਼ਨਰ ਦੀ ਗੱਲ ਸੁਣਦਿਆਂ ਗੁਰਨੇਕ ਤੇ ਉਸ ਦਾ ਸਿਫ਼ਾਰਸ਼ੀ ਆਗੂ ਤਾਂ ਜਾਣੋ ਗੁੰਮ-ਸੁੰਮ ਹੀ ਹੋ ਗਏ ਸਨ।ਦਫ਼ਤਰ ਵਿੱਚੋਂ ਲੜਖੜਾਉਂਦੇ ਹੋਏ ਬਾਹਰ ਨਿਕਲਦਿਆਂ ਗੁਰਨੇਕ ਤ੍ਰੇਲੀਓ-ਤ੍ਰੇਲੀ ਹੋਇਆ ਪਿਆ ਸੀ ਤੇ ਆਪਣੀ ਸਿਫ਼ਾਰਿਸ਼ ਨਾ ਚੱਲਣ ਕਾਰਨ ਉਹ ਆਗੂ ਵੀ ਡਾਢਾ ਨਿਰਾਸ਼ ਵਿਖਾਈ ਦੇ ਰਿਹਾ ਸੀ।

# ਛੱਬੀ

ਘਰ ਆ ਕੇ ਇਹ ਸਾਰੀ ਗੱਲ ਮੈਂ ਆਪਣੇ ਹਮਦਰਦ ਪੁਲਿਸ ਵਾਲੇ ਨੂੰ ਫ਼ੋਨ 'ਤੇ ਦੱਸੀ ਤਾਂ ਉਹ ਬੜਾ ਹੀ ਖੁਸ਼ ਹੋਇਆ ਤੇ ਆਖਣ ਲੱਗਾ, "ਅੱਜ ਦੇ ਰਾਵਣਾਂ ਨਾਲ ਏਨੇ ਯੁੱਧ ਲੜਣੇ ਬੜੇ ਔਖੇ ਨੇ, ਪਰ ਮੈਨੂੰ ਪੱਕਾ ਵਿਸ਼ਵਾਸ਼ ਸੀ ਕਿ ਤੂੰ ਜ਼ਰੂਰ ਜਿੱਤੇਂਗਾ ਹੀ ਜਿੱਤੇਂਗਾ।ਚੱਲ, ਸ਼ੁਕਰ ਆ ਆਪਾਂ ਨੂੰ ਜਪਨਾਪ ਦੇ ਵਿਰੁੱਧ ਆਪਣਾ ਐਟਮ ਬੰਬ ਵੀ ਨਹੀਂ ਚਲਾਉਣਾ ਪਿਆ।"

"ਬੰਬ ਤਾਂ ਜੀ, ਗੁਰਨੇਕ ਨੇ ਆਪਣੇ ਆਪ 'ਤੇ ਹੀ ਚਲਵਾਅ ਲਿਆ ਹੈ।ਉਹਨਾਂ ਨੇ ਤਾਂ ਇਸ ਤੋਂ ਹੀ ਡਰ ਜਾਣਾ ਹੈ।" ਮੈਂ ਆਖਿਆ।

"ਹੁਣ ਜਦੋਂ ਪੁੱਤ ਮੇਰੇ ਨੂੰ ਆਪਣੀਆਂ ਦੋਵੇਂ ਮੰਜ਼ਿਲਾਂ ਢਹਿੰਦੀਆਂ ਦਿਸਣ ਲੱਗੀਆਂ ਹੋਣੀਆਂ, ਉਹਦਾ ਤਾਂ ਮੂਤ ਬੰਦ ਹੋਇਆ ਪਿਆ ਹੋਣੈ ? ਚੱਲ ਕੋਈ ਨਾ, ਕੁਝ ਦੇਰ ਤਾਂ ਲੱਗ ਗਈ ਪਰ ਉਹਨੂੰ ਸਬਕ ਤਾਂ ਮਿਲ ਹੀ ਗਿਆ ਕਿ ਕਿਸੇ ਅੱਗੇ ਖੂਹ ਪੁੱਟਾਂਗੇ ਤਾਂ ਆਪਣੇ ਮੂਹਰੇ ਵੀ ਖਾਤਾ ਤਿਆਰ ਹੀ ਹੁੰਦਾ ਹੈ।" ਉਹ ਹੱਸਦਾ ਹੋਇਆ ਜੇਤੂ ਅੰਦਾਜ਼ ਵਿੱਚ ਆਖਣ ਲੱਗਾ।

"ਸਰ, ਇਹ ਆਪ ਤਾਂ ਸ਼ੀਸ਼ੇ ਦੇ ਮਕਾਨ ਵਿੱਚ ਬੈਠਾ ਸੀ ਤੇ ਦੂਜਿਆਂ ਦੇ ਘਰਾਂ ਉੱਤੇ ਰੋੜੇ ਮਾਰਨ ਲੱਗ ਪਿਆ।ਇਹਦੇ ਵੀ ਤਾਂ ਵੱਜਣੇ ਹੀ ਸਨ।" ਮੈਂ ਵੀ ਹੱਸ ਕੇ ਆਖਿਆ।

"ਅਗਲੀ ਤਾਰੀਕ 'ਚ ਕਿੰਨੇ ਕੁ ਦਿਨ ਰਹਿੰਦੇ ਨੇ ?" ਉਸ ਨੇ ਜਾਣਕਾਰੀ ਹਿੱਤ ਪੁੱਛਿਆ।

"ਅਜੇ ਤਾਂ ਸਤਾਰਾਂ ਦਿਨ ਪਏ ਹਨ।ਓਦਣ ਵੀ ਕੀ ਪਤਾ ਫ਼ੈਸਲਾ ਹੋਵੇ ਕਿ ਨਾ।" ਮੈਂ ਪਿਛਲਾ ਤਜਰਬਾ ਸਾਂਝਾ ਕਰਦਿਆਂ ਆਖਿਆ।

" ਫੇਰ ਤਾਂ ਅਜੇ ਬੜੇ ਦਿਨ ਪਏ ਨੇ।ਮੇਰੇ ਵੀ ਤੱਤ ਕੱਢੇ ਹੋਏ ਨੇ।ਅਜੇ ਇਹਦੀ ਹਾਲਤ ਵੇਖੀਂ ਕੀ ਹੁੰਦੀ ਏ।ਇਹ ਤਾਂ ਆਪ ਜੱਜ ਦੇ ਘਰੇ ਜਾ ਜਾ ਕੇ ਆਖੇਗਾ ਕਿ ਜੀ ਮੇਰੀ ਲੋਕ ਅਦਾਲਤ ਤੁਸੀਂ ਹੁਣੇ ਹੀ ਲਾ ਲਵੋ ਤੇ ਮੇਰੇ ਹੀ ਕੀਤੇ ਹੋਏ ਕੇਸ ਤੋਂ ਮੇਰਾ ਖਹਿੜਾ ਛੁਡਵਾਅ ਦਿਓ।" ਆਖ ਕੇ ਉਹ ਏਨਾ ਉੱਚੀ ਹੱਸਿਆ ਕਿ ਮੈਨੂੰ ਵੀ ਹਾਸਾ ਆ ਗਿਆ।ਫਿਰ ਆਖਣ ਲੱਗਾ, "ਚੰਗਾ ਫਿਰ ਜਿਉਂਦਾ ਵਸਦਾ ਰਹਿ, ਅੱਜ ਮੈਂ ਤੇਰੇ ਨਾਮ ਦਾ ਪੈੱਗ ਲਾ ਕੇ ਸੌਂਵਾਂਗਾ।ਐਟਮ ਬੰਬ ਨਾ ਚਲਾਉਣ ਦੇ ਵਾਅਦੇ ਵਾਂਙ, ਕਿਤਾਬ ਲਿਖਣ ਵਾਲਾ ਵਾਅਦਾ ਯਾਦ ਰੱਖੀਂ।"

"ਓਹ ਤਾਂ ਜੀ ਮੇਰੇ ਦਿਲ ਉੱਤੇ ਉਸ ਦਿਨ ਹੀ ਉੱਕਰਿਆ ਗਿਆ ਸੀ, ਜਦੋਂ ਤੁਸੀਂ ਇਸ ਦਾ ਨਾਂਅ ਲਿਆ ਸੀ।ਹੁਣ ਤਾਂ ਸਾਰੀ ਖੇਡ ਹੀ ਆਪਣੇ ਪੱਖ

ਵਿੱਚ ਹੈ। ਤੁਸੀਂ ਫ਼ਿਕਰ ਨਾ ਕਰੋ। ਦਿਮਾਗ਼ ਵਿੱਚ ਤਾਂ ਉਹ ਸ਼ੁਰੂ ਹੋਇਆ ਹੀ ਪਿਆ ਹੈ ਪਰ ਮੈਂ ਕਿਸੇ ਕ੍ਰਾਂਤੀਕਾਰੀ ਇਤਿਹਾਸਿਕ ਦਿਵਸ ਵਾਲੇ ਦਿਨ ਹੀ ਇਸ ਨੂੰ ਸ਼ੁਰੂ ਕਰਾਂਗਾ। ਹੋ ਸਕਦੈ, ਮੈਂ ਇਸ ਨੂੰ ਕੁਝ ਦਿਨਾਂ ਬਾਅਦ ਆ ਰਹੇ ਭਗਤ ਸਿੰਘ ਦੇ ਜਨਮ ਦਿਨ 'ਤੇ ਹੀ ਸ਼ੁਰੂ ਕਰ ਲਵਾਂ।" ਮੈਂ ਉਸ ਨੂੰ ਪੂਰਨ ਤਸੱਲੀ ਦਿਵਾਅ ਦਿੱਤੀ।

ਮੈਨੂੰ ਉਸ ਨਾਲ ਗੱਲ ਕਰਕੇ ਤਸੱਲੀ ਅਤੇ ਹੌਸਲਾ ਵੀ ਮਿਲਿਆ। ਸਾਨੂੰ ਸਭ ਨੂੰ ਇਹ ਖੁਸ਼ੀ ਵੀ ਸੀ ਕਿ ਅਸੀਂ ਦੋ-ਢਾਈ ਮਹੀਨੇ ਪਹਿਲਾਂ ਹੋ ਚੁੱਕੇ ਫ਼ੈਸਲੇ ਨੂੰ ਲਾਗੂ ਕਰਵਾਉਣ ਲਈ ਗੁਰਨੇਕ ਨੂੰ ਆਖਿਆ ਤੱਕ ਵੀ ਨਹੀਂ ਸੀ ਅਤੇ ਸਬਰ ਤੋਂ ਹੀ ਕੰਮ ਲਿਆ ਸੀ। ਇਸ ਗੱਲ ਦੀ ਖੁਸ਼ੀ ਵੀ ਹੋ ਰਹੀ ਸੀ ਕਿ ਜੇ ਗੁਰਨੇਕ ਆਪਣਾ ਹੰਕਾਰ ਉਸੇ ਦਿਨ ਹੀ ਛੱਡ ਦਿੰਦਾ ਤਾਂ ਉਸ ਦੀ ਇਸ ਹਉਂ ਨੇ ਜ਼ਖ਼ਮੀ ਹਾਲਤ ਵਿਚ ਹੀ ਰਹਿ ਜਾਣਾ ਸੀ ਤੇ ਉਹ ਸਾਡੇ ਉੱਤੇ ਕਦੇ ਵੀ ਜ਼ਖਮੀ ਸੱਪ ਵਾਂਙ ਵਾਰ ਕਰ ਸਕਦਾ ਸੀ। ਵਿਜੀਲੈਂਸ ਦੀ ਜਾਂਚ ਸ਼ੁਰੂ ਹੋਣ ਨਾਲ ਉਸ ਦੀ ਸਾਰੀ ਆਕੜ ਭੱਜ ਗਈ ਸੀ ਅਤੇ ਹੰਕਾਰ ਮੂਧੇ ਮੂੰਹ ਡਿੱਗ ਪਿਆ ਸੀ। ਸਿਆਣਿਆਂ ਦੀ ਬਣਾਈ ਕਹਾਵਤ 'ਹੰਕਾਰਿਆ ਸੋ ਮਾਰਿਆ' ਸੱਚੀ ਹੁੰਦੀ ਅਸੀਂ ਆਪਣੀਆਂ ਅੱਖਾਂ ਨਾਲ ਵੇਖ ਰਹੇ ਸਾਂ।

ਅਦਾਲਤ ਦੀ ਅਗ਼ਲੀ ਤਾਰੀਕ ਵਿੱਚ ਅਜੇ ਬਾਰਾਂ ਦਿਨ ਬਾਕੀ ਸਨ ਕਿ ਦੁਪਹਿਰ ਵੇਲ਼ੇ ਘਰ ਦੀ ਘੰਟੀ ਵੱਜੀ। ਜਦ ਮੈਂ ਬੂਹਾ ਖੋਲਿਆ ਤਾਂ ਮੇਰੇ ਸਾਹਮਣੇ ਗੁਰਨੇਕ ਸਾਡੇ ਮੁਹੱਲੇ ਦੇ ਐੱਮ.ਸੀ. ਸੁਰਜੀਤ ਸਿੰਘ ਨੂੰ ਲੈ ਕੇ ਖੜ੍ਹਾ ਹੋਇਆ ਸੀ। ਮੈਂ ਤਾਂ ਗੁਰਨੇਕ ਨੂੰ ਆਪਣੇ ਦਰਵਾਜ਼ੇ ਅੱਗੇ ਖੜ੍ਹਾ ਵੇਖ ਕੇ ਹੈਰਾਨ ਹੀ ਰਹਿ ਗਿਆ ਸਾਂ। ਮੇਰੇ ਕੀ ਸਾਡੇ ਸਾਰੇ ਟੱਬਰ ਲਈ ਇਹ ਬੜੇ ਵੱਡੇ ਅਚੰਭੇ ਵਾਲੀ ਗੱਲ ਸੀ।

ਐੱਮ.ਸੀ. ਨੇ ਗੱਲਬਾਤ ਸ਼ੁਰੂ ਕੀਤੀ ਅਤੇ ਉਹ ਮੇਡੀਏਸ਼ਨ ਵਿੱਚ ਹੋਏ ਸਮਝੌਤੇ ਮੁਤਾਬਕ ਕੰਧ ਕਰਨ ਲਈ ਆਖਣ ਲੱਗ ਪਿਆ। ਮੈਂ ਵੀ ਜਾਣਬੁੱਝ ਕੇ ਅਣਜਾਣ ਜਿਹਾ ਬਣ ਗਿਆ ਅਤੇ ਆਖਿਆ, "ਹੁਣ ਤਾਂ ਦਸ ਕੁ ਦਿਨ ਰਹਿ ਗਏ ਨੇ ਆਪਾਂ ਕਾਹਲ਼ੀ ਕਰ ਕੇ ਕਾਹਤੋਂ ਅਦਾਲਤ ਦੀ ਅਵੱਗਿਆ ਕਰਨੀ ਹੈ। ਐਵੇਂ ਕਿਸੇ ਨੇ ਸ਼ਿਕਾਇਤ ਕਰ ਦਿੱਤੀ ਕਿ ਸਟੇਅ ਹੋਣ ਦੇ ਬਾਵਜੂਦ ਵੀ ਇਹਨਾਂ ਨੇ ਕੰਧ ਕੱਢ ਲਈ ਹੈ ਤਾਂ ਸਾਨੂੰ ਕੋਈ ਚੱਕਰ ਵੀ ਪੈ ਸਕਦਾ ਹੈ। ਆਪਾਂ ਹੁਣ ਕੁਝ ਦਿਨ ਹੋਰ ਉਡੀਕ ਕਰ ਲੈਂਦੇ ਹਾਂ।" ਅਸਲ ਵਿੱਚ ਗੁਰਨੇਕ ਦਾ ਅਸਲੀ ਰੂਪ ਵੇਖ ਕੇ ਮੈਂ ਚੰਗੀ ਤਰ੍ਹਾਂ ਸਮਝ ਚੁੱਕਾ ਸਾਂ ਕਿ ਸੱਜਣ ਤਾਂ ਅੱਖਾਂ ਵਿੱਚ ਵੀ ਸਮਾਅ ਜਾਂਦੇ ਹਨ ਪਰ ਵੈਰੀ ਵਿਹੜੇ ਵਿੱਚ ਵੀ ਨਹੀਂ ਸਮਾਉਂਦਾ।

ਜਦ ਐੱਮ.ਸੀ. ਨੂੰ ਲੱਗਾ ਕਿ ਅਸੀਂ ਆਪਣੀ ਜਗ੍ਹਾ ਵਲਣ ਪ੍ਰਤੀ

ਬਿਲਕੁਲ ਹੀ ਲਾ-ਪ੍ਰਵਾਹ ਹਾਂ ਤਾਂ ਉਸ ਨੇ ਸਾਨੂੰ ਵਿਜੀਲੈਂਸ ਦੀ ਜਾਂਚ ਵਾਲੀ ਅਤੇ ਕਮਿਸ਼ਨਰ ਦੇ ਸਿਫ਼ਾਰਿਸ਼ ਨਾ ਮੰਨਣ ਵਾਲੀ ਸਾਰੀ ਗੱਲ ਦੱਸ ਦਿੱਤੀ ਅਤੇ ਆਖਣ ਲੱਗਾ, "ਜਦ ਸਮਝੌਤਾ ਹੋ ਹੀ ਚੁੱਕਾ ਹੈ ਤਾਂ ਉਸ ਨੂੰ ਲਾਗੂ ਵੀ ਕਰ ਲੈਣਾ ਚਾਹੀਦਾ ਹੈ।"

"ਐੱਮ.ਸੀ. ਸਾਹਿਬ ! ਤੁਹਾਡੀ ਗੱਲ ਮੰਨਦੇ ਹਾਂ। ਇਸ ਗੁਰਨੇਕ ਨੂੰ ਪੁੱਛੋ, ਜਿਹੜਾ ਕਹਿੰਦਾ ਸੀ ਕਿ ਫ਼ੈਸਲਾ ਹੋਣ ਤੋਂ ਪਹਿਲਾਂ ਮੈਨੂੰ ਕੁਝ ਵੀ ਮਨਜ਼ੂਰ ਨਹੀਂ। ਅਸੀਂ ਤਾਂ ਇਸ ਦੀ ਗੱਲ 'ਤੇ ਹੀ ਫੁੱਲ ਚੜ੍ਹਾਉਂਦੇ ਹਾਂ।" ਮੇਰੇ ਪਿਤਾ ਜੀ ਨੇ ਅਖ਼ੀਰਲੇ ਵਾਕ 'ਤੇ ਵੱਧ ਬਲ ਦੇ ਕੇ ਗੁਰਨੇਕ ਨੂੰ ਟਾਂਚ ਕੀਤੀ।

ਗੱਲੀਂਬਾਤੀਂ ਅਸੀਂ ਅਦਾਲਤ ਦੇ ਸਟੇਅ ਵਾਲੀ ਗੱਲ ਫਿਰ ਦੁਹਰਾਅ ਦਿੱਤੀ। ਗੁਰਨੇਕ ਦੀ ਤਰਫ਼ੋਂ ਐਮ.ਸੀ. ਬੀਤੇ ਵਿੱਚ ਕੀਤੀਆਂ ਗਈਆਂ ਸਾਰੀਆਂ ਗ਼ਲਤੀਆਂ ਦੀ ਮੁਆਫ਼ੀ ਉਸ ਦੀ ਜਗ੍ਹਾ 'ਤੇ ਆਪ ਮੰਗਣ ਲੱਗ ਪਿਆ। ਸਾਰੀ ਗੱਲਬਾਤ ਐੱਮ.ਸੀ. ਹੀ ਕਰ ਰਿਹਾ ਸੀ। ਗੁਰਨੇਕ ਤਾਂ ਚੁੱਪ-ਚਾਪ ਨੀਵੀਂ ਪਾਈ ਬੈਠਾ ਰਿਹਾ ਸੀ। ਉਸ ਨੇ ਤਾਂ ਆਪਣੇ ਕੰਬਦੇ ਹੱਥਾਂ ਨਾਲ ਚਾਹ ਮਸਾਂ ਪੀਤੀ ਸੀ। ਟ੍ਰੇਅ ਵਿੱਚੋਂ ਚਾਹ ਦਾ ਕੱਪ ਚੁੱਕਣ ਵੇਲ਼ੇ ਉਸ ਦਾ ਹੱਥ ਕੰਬ ਗਿਆ ਤੇ ਥੋੜ੍ਹੀ ਜਿਹੀ ਚਾਹ ਡੁੱਲ੍ਹ ਵੀ ਗਈ ਸੀ। ਗੁਰਨੇਕ ਦੀ ਤਰਸਯੋਗ ਹਾਲਤ ਵੇਖ ਕੇ ਸਾਡੇ ਸਾਰੇ ਘਰਦਿਆਂ ਦੀ ਪੂਰੀ ਤਸੱਲੀ ਹੋ ਚੁੱਕੀ ਸੀ, ਜਿਹੜੀ ਕਿ ਉਹਨਾਂ ਦੇ ਚਿਹਰਿਆਂ ਤੋਂ ਝਲਕਾਂ ਮਾਰ ਰਹੀ ਸੀ।

ਸਾਨੂੰ ਨਾ ਮੰਨਦਾ ਵੇਖ ਕੇ ਗੁਰਨੇਕ ਨੇ ਤਾਂ ਇੱਥੋਂ ਤੱਕ ਵੀ ਆਖ ਦਿੱਤਾ, "ਤੁਸੀਂ ਭਾਵੇਂ ਸੂਈ ਦੇ ਨੱਕੇ ਜਿੰਨੀ ਵੀ ਜਗ੍ਹਾ ਨਾ ਛੱਡਿਓ ਪਰ ਮੇਰਾ ਖਹਿੜਾ ਛੱਡ ਦਿਓ।" ਉਹ ਇਹ ਸ਼ਬਦ ਮਸਾਂ ਹੀ ਥਥਲਾਉਂਦਾ ਹੋਇਆ ਬੋਲ ਸਕਿਆ ਸੀ। ਉਸੇ ਵਕਤ ਹੀ ਮੈਨੂੰ ਆਪਣੇ 'ਕ੍ਰਿਸ਼ਨ' ਦੁਆਰਾ ਆਖੇ ਗਏ ਬੋਲ ਇਕਦਮ ਯਾਦ ਆ ਗਏ।

ਸਾਨੂੰ ਇਹ ਵੀ ਚੰਗਾ ਨਹੀਂ ਸੀ ਲੱਗ ਰਿਹਾ ਕਿ ਸਾਊ ਜਿਹਾ ਐਮ.ਸੀ. ਕਿਸੇ ਹੋਰ ਦੁਆਰਾ ਕੀਤੀਆਂ ਗਈਆਂ ਗ਼ਲਤੀਆਂ ਦੀ ਮੁਆਫ਼ੀ ਆਪ ਮੰਗੇ। ਉਸ ਦੀ ਨਿਮਰਤਾ ਅਤੇ ਫ਼ਰਾਖ਼ ਦਿਲੀ ਵੇਖ ਕੇ ਸਾਡਾ ਸਾਰਾ ਪਰਿਵਾਰ ਉਸ ਦੇ ਮੋਹ ਅਤੇ ਅਪਣੱਤ ਭਰੇ ਬੋਲਾਂ ਤੋਂ ਪ੍ਰਭਾਵਿਤ ਹੋ ਗਿਆ ਸੀ। ਐਮ.ਸੀ. ਦੁਆਰਾ ਧਾਰਮਿਕ ਗਿਆਨ ਵਿੱਚੋਂ ਬੋਲੇ ਜਾ ਰਹੇ ਸ਼ਬਦਾਂ ਨੇ ਸਾਨੂੰ ਵੀ ਪਹਿਲਾਂ ਹੀ ਪਿਘਲ ਕੇ ਮੋਮ ਹੋ ਚੁੱਕਿਆਂ ਨੂੰ ਫਿਰ ਤੋਂ ਯਾਦ ਕਰਵਾਅ ਦਿੱਤਾ ਕਿ ਦਇਆ ਦੇ ਬਰਾਬਰ ਹੋਰ ਕੋਈ ਵੀ ਧਰਮ ਨਹੀਂ ਹੈ।

ਸ਼ਾਇਦ ਇਸੇ ਕਰਕੇ ਹੀ ਮੇਰੇ ਪਿਤਾ ਜੀ ਨੇ ਸਭ ਜੀਆਂ ਨਾਲ ਰਾਇ ਮਸ਼ਵਰਾ ਕਰਨ ਤੋਂ ਬਿਨਾਂ ਹੀ ਉਹਨਾਂ ਨੂੰ ਪੂਰਾ ਯਕੀਨ ਦੁਆ ਦਿੱਤਾ ਕਿ

ਅਸੀਂ ਇਸ ਸ਼ਿਕਾਇਤ ਬਾਬਤ ਕੋਈ ਵੀ ਕਾਰਵਾਈ ਨਹੀਂ ਕਰਾਂਗੇ। ਉਹਨਾਂ ਨੂੰ ਇੱਥੋਂ ਤੱਕ ਵੀ ਆਖ ਦਿੱਤਾ ਕਿ ਅਦਾਲਤ ਵਾਲੇ ਫ਼ੈਸਲੇ ਦੀ ਕਾਪੀ ਤਾਂ ਤਾਰੀਕ ਵਾਲੇ ਦਿਨ ਹੀ ਮਿਲੇਗੀ ਪਰ ਨਗਰ ਨਿਗਮ ਵਾਲੀ ਕਾਰਵਾਈ ਨੂੰ ਰੁਕਵਾਉਣ ਲਈ ਜਿਹੜਾ ਵੀ ਕੁਝ ਲਿਖਵਾਉਣਾ ਚਾਹੁੰਦੇ ਹਨ, ਉਹ ਟਾਈਪ ਕਰਵਾਅ ਕੇ ਲੈ ਆਉਣ ਅਸੀਂ ਉਸ ਉੱਤੇ ਦਸਤਖਤ ਕਰ ਦੇਵਾਂਗੇ। ਉਹਨਾਂ ਨੂੰ ਇਹ ਵੀ ਯਕੀਨ ਦੁਆ ਦਿੱਤਾ ਕਿ ਅਸੀਂ ਆਪਣੀ ਜ਼ੁਬਾਨ ਮੁਤਾਬਕ ਛੱਡੀ ਹੋਈ ਜਗ੍ਹਾ ਨੂੰ ਛੱਡਾਂਗੇ ਹੀ ਛੱਡਾਂਗੇ। ਉਹਨਾਂ ਨੂੰ ਵੀ ਪੂਰਾ ਯਕੀਨ ਹੋ ਗਿਆ ਕਿ ਅਸੀਂ ਨਾ ਤਾਂ ਅਦਾਲਤ ਵਾਲੇ ਸਮਝੌਤੇ ਤੋਂ ਭੱਜਾਂਗੇ ਅਤੇ ਨਾ ਹੀ ਨਗਰ ਨਿਗਮ ਅਤੇ ਵਿਜੀਲੈਂਸ ਵਾਲੀ ਕਾਰਵਾਈ ਨੂੰ ਅੱਗੇ ਵਧਾਉਣ ਵਿੱਚ ਜ਼ੋਰ ਲਾਵਾਂਗੇ। ਇਹ ਸੁਣ ਕੇ ਗੁਰਨੇਕ ਦੇ ਕੰਬਦੇ ਹੋਏ ਹੱਥ, ਮੇਰੇ ਪਿਤਾ ਜੀ ਦੇ ਸਾਹਮਣੇ ਆਪ ਮੁਹਾਰੇ ਹੀ ਜੁੜ ਗਏ। ਉਹ ਤਸੱਲੀ ਦੇ ਨਾਲ ਖੁਸ਼ ਹੁੰਦੇ ਹੋਏ ਵਾਪਸ ਮੁੜ ਗਏ। ਉਂਝ, ਗੁਰਨੇਕ ਦੀ ਹਾਲਤ ਵੇਖਣਯੋਗ ਸੀ। ਉਸ ਦੇ ਉਦਾਸੀ ਮਾਰੇ ਚਿਹਰੇ ’ਤੇ ਜ਼ਰਾ ਕੁ ਮੁਸਕਾਣ ਵੀ ਆ ਗਈ ਸੀ। ਸ਼ਾਇਦ ਉਹ ਸੋਚ ਰਿਹਾ ਸੀ, ‘ਕੁੜੀ ਜੰਮੀਂ, ਹੱਡ ਛੁੱਟੇ’।

ਉਹਨਾਂ ਦੇ ਆਉਣ ਨਾਲ ਦੋਵਾਂ ਧਿਰਾਂ ਨੂੰ ਪੂਰਨ ਤਸੱਲੀ ਮਿਲ ਗਈ ਸੀ। ਸਾਡੇ ਲਈ ਨੈਤਿਕ ਤੌਰ ’ਤੇ ਇਹ ਇੱਕ ਵੱਡੀ ਜਿੱਤ ਸੀ ਕਿ ਸਾਡਾ ਵਿਰੋਧੀ ਗੋਡਿਆਂ ਪਰਨੇ ਨੀਵਾਂ ਹੋ ਕੇ, ਚੱਲ ਕੇ ਸਾਡੇ ਘਰ ਆਇਆ ਸੀ। ਹੁਣ ਉਸ ਉੱਤੇ ਵਾਰ ਕਰਨ ਦੀ ਨਾ ਤਾਂ ਸਾਡੀ ਕੋਈ ਮਨਸ਼ਾ ਸੀ ਤੇ ਅਸੂਲੀ ਤੌਰ ’ਤੇ ਵੀ ਇਹ ਚੰਗਾ ਵਰਤਾਰਾ ਨਹੀਂ ਸੀ। ਦੂਜੀ ਧਿਰ ਨੂੰ ਗ਼ਲਤੀ ਦਾ ਅਹਿਸਾਸ ਕਰਵਾਉਣਾ ਹੀ ਸਾਡਾ ਮਕਸਦ ਸੀ ਜੋ ਕਿ ਪੂਰਾ ਹੋ ਗਿਆ ਸੀ, ਬੇਸ਼ੱਕ ਇਸ ਵਾਸਤੇ ਸਾਨੂੰ ਕਈ ਤਰ੍ਹਾਂ ਦੇ ਤਣਾਵਾਂ ’ਚੋਂ ਲੰਘਣਾ ਪਿਆ ਸੀ।

ਇਸ ਸਮਝੌਤੇ ਨੂੰ ਕਾਨੂੰਨੀ ਰੂਪ ਮਿਲਣ ਵਿੱਚ ਅਜੇ ਕੁਝ ਦਿਨ ਲੱਗਣੇ ਸਨ। ਬਾਕੀ ਰਹਿੰਦੇ ਦਿਨ ਬੀਤ ਜਾਣ ਦਾ ਅੰਦਰੋ-ਅੰਦਰੀ ਤਾਂ ਸਾਨੂੰ ਸਭ ਨੂੰ ਬੇਸਬਰੀ ਨਾਲ ਉਡੀਕ ਸੀ ਪਰ ਹਰ ਕੋਈ ਸਹਿਜ-ਮਤ ਹੀ ਵਿਖਾਅ ਰਿਹਾ ਸੀ। ਜਦ ਸਵਾ ਸਾਲ ਤੋਂ ਉੱਪਰ ਦਾ ਸਮਾਂ ਲੰਘਾਅ ਲਿਆ ਸੀ ਤਾਂ ਇਹ ਕੁਝ ਕੁ ਦਿਨ ਵੀ ਆਪਣੀ ਤੋਰੇ ਲੰਘ ਹੀ ਜਾਣੇ ਸਨ।

ਮਿਥੀ ਹੋਈ ਤਾਰੀਕ ਵੀ ਆ ਪੁੱਜੀ। ਮੈਂ ਫਿਰ ਅਦਾਲਤ ਵਿੱਚ ਸਾਂ। ਮੇਰੀ ਹੈਰਾਨੀ ਦੀ ਹੱਦ ਉਦੋਂ ਜਵਾਬ ਦੇ ਗਈ ਜਦ ਸਾਡੀ ਵਾਰੀ ਆਉਣ ’ਤੇ ਦੂਜੀ ਧਿਰ ਦੇ ਮੁਣਸ਼ੀ ਨੇ ਆ ਕੇ ਆਖ ਦਿੱਤਾ, “ਗੁਰਨੇਕ ਸਿੰਘ ਆਪਣੇ ਕਿਸੇ ਰਿਸ਼ਤੇਦਾਰ ਦੀ ਮੌਤ ਹੋਣ ਕਾਰਨ ਅਦਾਲਤ ਵਿੱਚ ਹਾਜ਼ਰ ਨਹੀਂ ਹੋ ਸਕਦਾ। ਇਸ ਲਈ ਅਗ਼ਲੀ ਤਾਰੀਕ ਦੇ ਦਿੱਤੀ ਜਾਵੇ।” ਜੱਜ ਵੀ ਹੈਰਾਨ

ਅਤੇ ਪ੍ਰੇਸ਼ਾਨ ਹੋ ਗਈ।

ਉੱਥੇ ਚੱਲ ਰਹੀ ਗੱਲਬਾਤ ਤੋਂ ਮੈਨੂੰ ਲੱਗਾ ਕਿ ਜੱਜ ਅਤੇ ਮੁਣਸ਼ੀ ਦੋਵੇਂ ਹੀ ਚਾਹੁੰਦੇ ਸਨ ਕਿ ਕੇਸ ਨੂੰ ਵਾਪਸ ਲੈਣ ਵੇਲ਼ੇ ਸਬੰਧਤ ਬੰਦੇ ਦਾ ਮੌਕੇ 'ਤੇ ਹਾਜ਼ਰ ਹੋਣਾ ਲਾਜ਼ਮੀ ਹੈ। ਜੱਜ ਮੇਜ਼ ਉੱਤੋਂ ਕਾਗਜ਼ ਚੁੱਕ ਕੇ ਧਿਆਨ ਨਾਲ ਉਸ ਵੱਲ ਵੇਖਣ ਲੱਗ ਪਈ। ਫਿਰ ਕੁਝ ਸੋਚ ਕੇ ਬੋਲੀ, "ਗੁਰਨੇਕ ਸਿੰਘ ਭਲਕੇ ਆ ਸਕਦਾ ਹੈ ?"

"ਹਾਂ ਜੀ, ਪੱਕਾ ਆ ਜਾਵੇਗਾ।" ਮੁਣਸ਼ੀ ਬੋਲਿਆ।

"ਚਲੋ, ਫਿਰ ਉਸ ਨੂੰ ਕੱਲ੍ਹ ਨੂੰ ਹੀ ਸੱਦ ਲਵੋ, ਉਸ ਤੋਂ ਐਫ਼ੀਡੈਵਿਟ ਮੇਰੇ ਸਾਹਮਣੇ ਸਾਈਨ ਕਰਵਾਉਣਾ ਹੈ।" ਜੱਜ ਨੇ ਅਗ਼ਲੀ ਤਾਰੀਕ ਦਿੰਦੇ ਹੋਏ ਆਖਿਆ। ਉਸ ਦੇ ਬੋਲਾਂ ਤੋਂ ਲੱਗਦਾ ਸੀ ਕਿ ਉਹ ਵੀ ਅੱਕ ਚੁੱਕੀ ਸੀ।

ਇੰਨੀ ਨੇੜੇ ਦੀ ਤਾਰੀਕ ਮੇਰੇ ਇਸ ਕੇਸ ਵਿੱਚ ਪਹਿਲੀ ਵਾਰ ਪਈ ਸੀ। ਮੈਂ ਸ਼ੁਕਰ ਵੀ ਕੀਤਾ ਕਿ ਜੱਜ ਦਾ ਕੀ ਸੀ ਭਾਵੇਂ ਮਹੀਨੇ ਦੀ ਤਾਰੀਕ ਪਾ ਦਿੰਦੀ।

ਅਗਲੇ ਦਿਨ ਦੀ ਸੁਭਾਗੀ ਸਵੇਰ ਦੀ ਉਡੀਕ ਮੇਰੇ ਲਈ ਲੰਬੀ ਹੀ ਹੁੰਦੀ ਜਾ ਰਹੀ ਸੀ। ਉਸ ਰਾਤ ਵੀ ਮੈਂ ਸੌਂ ਹੀ ਨਹੀਂ ਸਾਂ ਸਕਿਆ। ਮਨ ਵਿੱਚ ਵਾਰ ਵਾਰ ਇਹੋ ਆਈ ਜਾ ਰਿਹਾ ਸੀ ਕਿ ਜਿਹੜਾ ਕੇਸ ਜ਼ਿਲ੍ਹਾ ਪੁਲਿਸ ਮੁਖੀ ਤਾਂ ਕੀ, ਇੱਕ ਮਾਮੂਲੀ ਜਿਹੇ ਥਾਣੇਦਾਰ ਦੀ ਘੁਰਕੀ ਨਾਲ ਹੀ ਸੁਲਝ ਸਕਦਾ ਸੀ, ਉਸ ਲਈ ਮੈਨੂੰ ਕਿੰਨੀ ਦੇਰ ਥਾਣਿਆਂ, ਕਚਹਿਰੀਆਂ ਅਤੇ ਹੋਰ ਦਫ਼ਤਰਾਂ ਵਿੱਚ ਰੁਲਣਾ ਪਿਆ ? ਕਿੰਨਾ ਸੰਘਰਸ਼ ਕਰਨਾ ਪਿਆ ? ਕਿੰਨਾ ਧਨ ਅਤੇ ਸਮਾਂ ਬਰਬਾਦ ਕਰਨਾ ਪਿਆ ? ਇਹ ਕਿਹੋ ਜਿਹਾ ਪੁਲਿਸ ਪ੍ਰਬੰਧ ਹੈ, ਜਿਹੜਾ ਆਪਣੇ ਕਰਮਚਾਰੀਆਂ ਦੇ ਸ਼ਰ੍ਹੇਆਮ ਗ਼ਲਤ ਹੋਣ ਦੇ ਬਾਵਜੂਦ ਹੀ ਉਹਨਾਂ ਨੂੰ ਘੂਰ ਤੱਕ ਵੀ ਨਹੀਂ ਸਕਦਾ ਅਤੇ ਪੀੜਤ ਧਿਰ ਨੂੰ ਵੱਖ ਵੱਖ ਕੇਸਾਂ ਵਿੱਚ ਉਲਝਾਅ ਕੇ ਆਪਣੇ ਕੀਤੇ ਜ਼ੁਲਮਾਂ ਅਤੇ ਅਪਰਾਧਾਂ ਨੂੰ ਲੁਕਾਉਣ ਦੇ ਜਤਨ ਵਿੱਚ ਰਹਿੰਦਾ ਹੈ।

ਏਨੇ ਸਮੇਂ ਵਿੱਚ ਤਾਇਨਾਤ ਰਹੇ ਤਿੰਨ ਜ਼ਿਲ੍ਹਾ ਪੁਲਿਸ ਮੁਖੀਆਂ ਦੇ ਚਿਹਰੇ ਵੀ ਧੁੰਦਲੇ ਧੁੰਦਲੇ ਅੱਖਾਂ ਸਾਹਵੇਂ ਆ ਕੇ ਲੰਘਦੇ ਰਹੇ। ਤਿੰਨਾਂ ਨੂੰ ਹੀ ਇਸ ਕੇਸ ਦਾ ਊੜੇ ਤੋਂ ਲੈ ਕੇ ੜਾੜੇ ਤੱਕ ਦਾ ਗਿਆਨ ਸੀ ਪਰ ਇਹਨਾਂ ਸਭ ਦੀ ਖਸਲਤ ਇੱਕੋ ਜਿਹੀ ਹੀ ਰਹੀ ਕਿ ਉਹ ਆਪਣੇ ਛੋਟੇ ਤੋਂ ਛੋਟੇ ਮੁਲਾਜ਼ਮ ਨੂੰ ਝਿੜਕਣਾ ਤਾਂ ਦੂਰ, ਗ਼ਲਤ ਆਖਣ ਤੱਕ ਦੀ ਹਿੰਮਤ ਵੀ ਨਹੀਂ ਸਨ ਕਰ ਸਕੇ। ਇੱਕ ਐਸ.ਪੀ. ਦੁਆਰਾ ਸ਼ਰ੍ਹੇਆਮ ਆਪਣੇ ਗ਼ਲਤ ਮੁਲਾਜ਼ਮਾਂ ਦੀ ਮਦਦ ਕਰਨੀ ਸ਼ਰਮਨਾਕ ਤਾਂ ਹੈ ਹੀ ਸੀ ਪਰ ਉਸ ਦੇ ਨਾਲ-ਨਾਲ ਚਾਰ-ਪੰਜ ਡੀ.ਐਸ.ਪੀ., ਜੋ ਇਸ ਸਮੇਂ ਦੌਰਾਨ ਤਾਇਨਾਤ ਰਹੇ, ਵੀ ਆਪਣੇ

ਮਹਿਕਮੇ ਦੇ ਇੱਕ ਹੌਲਦਾਰ ਨੂੰ ਗ਼ਲਤ ਆਖਣ ਦੀ ਜ਼ੁਰਅਤ ਨਾ ਕਰ ਸਕੇ। ਇਹਨਾਂ ਸਭ ਨੂੰ ਤਾਂ ਆਪਣੇ ਆਪ ਨੂੰ ਵੱਜਣ ਵਾਲੇ ਸਲੂਟਾਂ ਦਾ ਹੀ ਫ਼ਿਕਰ ਸੀ। ਉਹਨਾਂ ਦੀ ਇਸ ਗ਼ਲਤੀ ਜਾਂ 'ਸਿਆਣਪ' ਕਾਰਨ ਹੀ ਮੈਨੂੰ ਡੇਢ ਸੌ ਤੋਂ ਵੱਧ ਆਰ.ਟੀ.ਆਈ'ਜ਼ ਪਾਉਣੀਆਂ ਪਈਆਂ। ਅਦਾਲਤ ਅਤੇ ਥਾਣਿਆਂ ਵਿੱਚ ਦਰਜਨਾਂ ਤਾਰੀਕਾਂ ਭੁਗਤਣੀਆਂ ਪਈਆਂ। ਨਗਰ ਨਿਗਮ ਵਿੱਚ ਦਰਜ਼ਨਾਂ ਸ਼ਿਕਾਇਤਾਂ ਦਰਜ ਕਰਵਾਉਣੀਆਂ ਪਈਆਂ ਅਤੇ ਕੇਵਲ ਏ.ਡੀ.ਸੀ. ਦੇ ਦਫ਼ਤਰ ਵਿੱਚ ਹੀ ਸੈਂਕੜੇ ਗੇੜੇ ਮਾਰਨੇ ਪਏ।

ਅਦਾਲਤ ਅਤੇ ਲੋਕ ਅਦਾਲਤ ਦਾ ਅਸਲੀ ਰੂਪ ਵੀ ਮੇਰੀਆਂ ਅੱਖਾਂ ਦੇ ਸਾਹਮਣੇ ਘੁੰਮਣ ਲੱਗ ਪਿਆ। ਇੱਥੇ ਬਿਨਾਂ ਕਿਸੇ ਵੀ ਸਬੂਤ ਦੇ ਕਿਸੇ 'ਤੇ ਵੀ ਕੇਸ ਕਰਕੇ ਉਸ ਨੂੰ ਉਲਝਾਇਆ ਜਾ ਸਕਦਾ ਹੈ। ਜੱਜ ਵੀ ਬਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੇ ਡਰ ਅੱਗੇ ਹੀ ਝੁਕਣ ਲਈ ਮਜਬੂਰ ਹੋ ਜਾਂਦੇ ਹਨ। ਅਦਾਲਤਾਂ ਵਿੱਚ ਆਮ ਬੰਦਾ ਕਿਸ ਤਰ੍ਹਾਂ ਇੱਕ ਘਸਿਆਰਾ ਜਿਹਾ ਬਣ ਕੇ ਜਾਂਦਾ ਹੈ, ਕਿ ਤਰ੍ਹਾਂ ਤਰ੍ਹਾਂ ਦੇ ਬੰਦਿਆਂ ਦੀਆਂ ਮਿੰਨਤਾਂ ਕਰਦਿਆਂ, ਉਸ ਦੀ ਆਪਣੀ ਹਸਤੀ ਹੀ ਗ਼ਇਬ ਹੋ ਜਾਂਦੀ ਹੈ।

ਫਿਰ ਮੇਰੇ ਦਿਮਾਗ਼ ਵਿੱਚ 1984 ਵਿੱਚ ਹੋਏ ਦੰਗਿਆਂ ਦੇ ਦੋਸ਼ੀਆਂ ਨੂੰ ਮਿਲਣ ਵਾਲੀ ਸਜ਼ਾ ਵਿੱਚ ਹੋ ਰਹੀ ਦੇਰ ਬਾਰੇ ਸਾਰੇ ਖ਼ਿਆਲ ਘੁੰਮਣ ਲੱਗ ਪਏ ਤਾਂ ਮਹਿਸੂਸ ਹੋਇਆ ਕਿ ਇਸ ਦੇਰੀ ਵਿੱਚ ਅੜਚਣ ਬਣਨ ਵਾਲਾ ਸਿਰਫ਼ ਧਰਮ ਹੀ ਨਹੀਂ, ਸਗੋਂ ਸਾਡਾ ਸਮੁੱਚਾ ਪ੍ਰਸ਼ਾਸ਼ਨ, ਰਾਜਨੀਤਕ ਢਾਂਚਾ ਅਤੇ ਕਾਨੂੰਨ ਵੀ ਬਰਾਬਰ ਦਾ ਜੁੰਮੇਵਾਰ ਹੈ। ਇੱਥੇ ਕਿਸੇ ਵੀ ਕੇਸ ਨੂੰ ਕਾਨੂੰਨੀ ਘੁਣਤਰਾਂ ਕਾਰਨ ਬੰਦਿਆਂ ਦੀਆਂ ਉਮਰਾਂ ਤੋਂ ਵੀ ਵਧੇਰੇ ਵਰ੍ਹਿਆਂ ਤੀਕਰ ਲਮਕਾਇਆ ਜਾ ਸਕਦਾ ਹੈ।

ਉੱਸਲ ਵੱਟੇ ਲੈਂਦੇ ਦੇ ਇਹ ਹੀ ਦਿਮਾਗ਼ ਵਿੱਚ ਆ ਰਿਹਾ ਸੀ ਕਿ ਇਹ ਕਿਹੋ ਜਿਹਾ ਜੰਗਾਲਿਆ ਹੋਇਆ ਪ੍ਰਸ਼ਾਸ਼ਨ ਹੈ ਕਿ ਇੱਕ ਆਮ ਬੰਦਾ ਇਸ ਉੱਤੇ ਰੇਗਮਾਰ ਘਸਾਈ ਹੀ ਜਾ ਰਿਹਾ ਹੈ ਪਰ ਜੰਗਾਲ ਉਤਰ ਹੀ ਨਹੀਂ ਰਿਹਾ ਹੈ। ਬੇਸ਼ੱਕ ਇਸ ਦੀਆਂ ਪੇਪੜੀਆਂ ਉੱਧੜਦੀਆਂ ਜਾ ਰਹੀਆਂ ਹਨ ਪਰ ਇਹਨਾਂ ਨੂੰ ਉਧੇੜਣ ਵਿਚ ਆਮ ਬੰਦੇ ਨੂੰ ਏਨਾ ਜ਼ਿਆਦਾ ਤੰਗ-ਪ੍ਰੇਸ਼ਾਨ ਹੋਣਾ ਅਤੇ ਸਿਦਕ ਦਿਲ਼ੀ ਨਾਲ ਲੰਬਾ ਅਤੇ ਸਿਰੜੀ ਸੰਘਰਸ਼ ਕਰਨਾ ਪੈਂਦਾ ਹੈ ਕਿ ਕਈ ਵਾਰ ਤਾਂ ਉਹ ਮਰਨ ਕੰਢੇ 'ਤੇ ਵੀ ਪੁੱਜ ਜਾਂਦਾ ਹੈ। ਉਸ ਨੂੰ ਇਨਸਾਫ਼ ਦਾ ਮੂੰਹ ਵਿਖਾਉਣ ਦੀ ਥਾਂ ਤਾਰੀਕ ਤੋਂ ਬਾਅਦ ਤਾਰੀਕ ਪਾ ਕੇ ਇਨਸਾਫ਼ ਨੂੰ ਮ੍ਰਿਗ ਤ੍ਰਿਸ਼ਨਾ ਹੀ ਬਣਾਅ ਦਿੱਤਾ ਜਾਂਦਾ ਹੈ। ਇਹ ਕਿਹੋ ਜਿਹੀ ਚੁਸਤੀ ਫ਼ੁਰਤੀ ਅਤੇ ਪਾਰਦਰਸ਼ਤਾ ਹੈ ਕਿ ਇੱਕ ਦਿਨ ਵਿੱਚ ਨਿੱਬੜਣ ਵਾਲੇ ਇਸ ਮਸਲੇ ਲਈ ਏਨਾ ਸਮਾਂ ਲੱਗ ਜਾਂਦਾ ਹੈ ?

ਦਿਮਾਗ਼ ਵਿੱਚ ਆਉਣ ਲੱਗਾ ਕਿ ਸਾਡੀ ਅਫ਼ਸਰਸ਼ਾਹੀ ਨੂੰ ਸੁਮੱਤ ਕਦੋਂ ਆਵੇਗੀ ਤੇ ਉਸਨੂੰ ਕਦੋਂ ਪਤਾ ਲੱਗੇਗਾ ਕਿ ਉਹਨਾਂ ਦੇ ਅਜਿਹੇ ਕੁਕਰਮਾਂ ਅਤੇ ਲਾਪ੍ਰਵਾਹੀਆਂ ਕਾਰਨ ਇੱਕ ਆਮ ਬੰਦਾ ਇਨਸਾਫ਼ ਦੀ ਉਡੀਕ ਛੱਡ ਕੇ ਮੌਤ ਨੂੰ ਹੀ ਨੇੜੇ ਦਾ ਅਤੇ ਸਦੀਵੀ ਸਾਥੀ ਸਮਝਣ ਲੱਗ ਜਾਂਦਾ ਹੈ ? ਉਸ ਦਾ ਕਿੰਨਾ ਆਰਥਿਕ, ਮਾਨਸਿਕ, ਨੈਤਿਕ, ਪਰਿਵਾਰਕ, ਬੌਧਿਕ ਅਤੇ ਸਮਾਜਿਕ ਨੁਕਸਾਨ ਹੁੰਦਾ ਹੈ, ਇਸ ਦਾ ਤਾਂ ਅੰਦਾਜ਼ਾ ਲਾਇਆ ਹੀ ਨਹੀਂ ਜਾ ਸਕਦਾ।

ਪਿਛਲਛਾਤ ਮਾਰਦਿਆਂ ਮੇਰੇ ਦਿਲ ਵਿੱਚ ਪੱਕਾ ਵਿਸ਼ਵਾਸ਼ ਬਣ ਗਿਆ ਕਿ ਇਹ ਵਿਵਸਥਾ ਏਨੀ ਜ਼ਿਆਦਾ ਜੰਗਾਲੀ ਜਾ ਚੁੱਕੀ ਹੈ ਕਿ ਇਸ ਦੇ ਕੰਨ ਖੋਲ੍ਹਣ ਲਈ ਇਸ ਉੱਤੇ ਜਿੰਨੇ ਮਰਜ਼ੀ ਹਥੌੜੇ ਮਾਰ ਲਏ ਜਾਣ ਪਰ ਇਸ ਦੇ ਕੰਨ ਖੁੱਲ੍ਹ ਹੀ ਨਹੀਂ ਸਕਦੇ। ਇਸ ਦਾ ਸਿਰਫ਼ ਇੱਕ ਹੀ ਇਲਾਜ਼ ਰਹਿ ਗਿਆ ਜਾਪਦਾ ਹੈ ਕਿ ਇਸ ਵਿਵਸਥਾ ਨੂੰ ਸੁਧਾਰਨ ਲਈ ਟੱਕਰਾਂ ਮਾਰਨ ਦੀ ਬਜਾਇ ਇਸ ਨੂੰ ਬਦਲ ਦੇਣਾ ਚਾਹੀਦਾ ਹੈ। ਜੇਕਰ ਇਸ ਨੂੰ ਜਲਦੀ ਨਾ ਬਦਲਿਆ ਗਿਆ ਤਾਂ ਪਤਾ ਨਹੀਂ ਹੋਰ ਕਿੰਨੇ ਕੁ ਮਜ਼ਲੂਮ ਮੇਰੇ ਵਾਂਙ ਥਾਣਿਆਂ-ਕਚਹਿਰੀਆਂ ਅਤੇ ਇਹਨਾਂ ਦਫ਼ਤਰਾਂ ਵਿੱਚ ਧੱਕੇ ਤਾਂ ਖਾਣ ਲਈ ਮਜਬੂਰ ਤਾਂ ਹਨ ਹੀ ਅਤੇ ਪਤਾ ਨਹੀਂ ਅਜੇ ਕਿੰਨਾ ਹੋਰ ਲੰਮਾ ਸਮਾਂ ਯਭਕਦੇ ਰਹਿਣਗੇ ਤੇ ਕਈ ਤਾਂ ਇਸ ਤਰ੍ਹਾਂ ਦੀ ਨਰਕ ਭਰੀ ਜ਼ਿੰਦਗੀ ਤੋਂ ਤੰਗ ਆ ਕੇ ਆਪਣੇ ਹੱਥੀਂ ਹੀ ਆਪਣੀ ਜ਼ਿੰਦਗੀ ਦਾ ਅੰਤ ਕਰਨ ਲਈ ਮਜਬੂਰ ਹੋ ਜਾਣਗੇ। ਇਹ ਸਭ ਕੁਝ ਸੋਚਦਾ ਸੋਚਦਾ, ਮੈਂ ਅੱਧ ਸੁੱਤਾ ਹੀ ਸੁਰਜੀਤ ਪਾਤਰ ਦਾ ਸ਼ਿਅਰ:

'ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫ਼ੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ,
ਆਖੋ ਇਹਨਾਂ ਨੂੰ ਉਜੜੇ ਘਰੀਂ ਜਾਣ ਹੁਣ,
ਇਹ ਕਦੋਂ ਤੀਕ ਏਥੇ ਖੜ੍ਹੇ ਰਹਿਣਗੇ'

ਗਾਉਂਦਾ ਹੋਇਆ ਪਤਾ ਨਹੀਂ ਮੈਂ ਕਦੋਂ ਨੀਂਦ ਦੀ ਗੋਦ ਵਿੱਚ ਚਲਾ ਗਿਆ। ਉਸ ਰਾਤ ਮੈਂ ਕਈ ਮਹੀਨਿਆਂ ਬਾਅਦ ਗੂੜ੍ਹੀ ਨੀਂਦ ਸੁੱਤਾ ਸਾਂ। ਮੈਨੂੰ ਉੱਠਣ ਵਿੱਚ ਕਾਫ਼ੀ ਦੇਰ ਹੋ ਗਈ।


ਅਗਲੇ ਦਿਨ ਮੈਂ ਜਦ ਆਪਣੇ ਵਕੀਲ ਦੇ ਚੈਂਬਰ ਵਿੱਚ ਵੜਿਆ ਹੀ ਸਾਂ ਤਾਂ ਉਸ ਨੇ ਹੱਸਦੇ ਹੋਏ ਮੈਨੂੰ ਮੁਬਾਰਕਾਂ ਦਿੱਤੀਆਂ ਅਤੇ ਦੱਸਿਆ ਕਿ ਦੂਜੀ ਧਿਰ ਤਾਂ ਸਵੇਰੇ ਸੁਵੱਖਤੇ ਹੀ ਆ ਕੇ ਐਫ਼ੀਡੈਵਿਟ ਦੇ ਗਈ ਸੀ ਤੇ ਜੱਜ ਨੇ ਮੈਨੂੰ ਸੱਦ ਕੇ ਕੇਸ ਦੇ ਡਿਸਮਿਸ ਹੋਣ ਦੀ ਸੂਚਨਾ ਦੇ ਦਿੱਤੀ ਹੈ।

ਮੈਨੂੰ ਖੁਸ਼ੀ ਦੇ ਨਾਲ ਹੈਰਾਨੀ ਹੋ ਰਹੀ ਸੀ ਅੱਜ ਹੀ ਮੈਂ ਅਦਾਲਤ ਵਿੱਚ ਅੱਧਾ ਕੁ ਘੰਟਾ ਦੇਰੀ ਨਾਲ ਪਹੁੰਚਿਆ ਸਾਂ ਅਤੇ ਅੱਜ ਹੀ ਮੇਰੀ ਗ਼ੈਰ-ਹਾਜ਼ਰੀ

ਵਿੱਚ ਮੇਰੇ ਕੇਸ ਦਾ ਫ਼ੈਸਲਾ ਮੇਰੇ ਹੱਕ ਵਿੱਚ ਹੋ ਗਿਆ ਹੈ।

ਵਕੀਲ ਤੋਂ ਚੋਰੀ ਮੈਂ ਆਪਣੀਆਂ ਅੱਖਾਂ ਵਿਚ ਆਏ ਹੰਝੂ ਪੂੰਝ ਲਏ ਅਤੇ ਮਨ ਹੀ ਮਨ ਉਹਨਾਂ ਸਭ ਲੋਕਾਂ ਦਾ ਧੰਨਵਾਦੀ ਹੋਣ ਲੱਗ ਪਿਆ ਜਿਨ੍ਹਾਂ ਨੇ ਮੇਰੇ ਇਸ ਮੁਕੱਦਮੇ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਮੇਰੀ ਮਦਦ ਕੀਤੀ ਸੀ। ਇਸ ਕੇਸ ਨੇ ਤਾਂ ਮੈਨੂੰ ਮੌਤ ਦੇ ਕੰਢੇ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਸੀ ਪਰ ਇਨਸਾਫ਼ ਪਸੰਦ ਲੋਕਾਂ ਅਤੇ ਜਥੇਬੰਦੀਆਂ ਦੇ ਮੇਰੇ ਨਾਲ ਡਟ ਕੇ ਖੜ੍ਹਣ ਕਾਰਨ ਹੀ ਇਹ ਸੰਭਵ ਹੋ ਸਕਿਆ ਸੀ ਕਿ ਮੇਰੀਆਂ ਅੱਖਾਂ ਨਵੇਂ ਸੁਪਨੇ ਵੇਖਣ ਦੇ ਯੋਗ ਹੋ ਗਈਆਂ ਸਨ। ਨਹੀਂ ਤਾਂ, ਭਾਰਤੀ ਨਿਆਂ-ਪ੍ਰਣਾਲੀ 'ਚ ਇਹ ਕਿੱਥੇ ਸੰਭਵ ਹੈ ?

0-0-0-0




*Jknovel20160129,pmd*